ਆਤਮ ਮਾਰਗ ਪ੍ਰਕਾਸ਼ਨ

1

# ਅਬਿਨਾਸ਼ੀ ਜੋਤ



ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ

# ਅਵਿਨਾਸ਼ੀ ਜੋਤ

## ਭਾਗ - 1

-: ਕਰਤਾ :-

ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

- ਪ੍ਰਕਾਸ਼ਕ -
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ
ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ)
ਸੰਪਰਕ ਨੰ: 98146-12900, ਦਫਤਰ-94172-14391, 79

# ਪ੍ਰਾਕੱਥਨ

***ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥***
***ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥***
***ਪੰਨਾ - 679***

ਆਤਮ-ਰੰਗ ਵਿਚ ਕੀਤੇ ਪ੍ਰਵਚਨਾਂ ਨੂੰ ਕੋਈ ਮਰ-ਜੀਉੜਾ ਹੀ ਮਾਣ ਸਕਦਾ ਹੈ। ਇਕ ਬੰਨੇ ਅਸੀਂ ਜੀਵ ਹਾਂ ਜਿਨ੍ਹਾਂ ਨੂੰ ਜਨਮ ਜਨਮ ਦੀ ਮੈਲ ਲੱਗੀ ਹੋਈ ਹੈ, ਅਸਲ ਆਪੇ ਦੀ ਕੋਈ ਸੂਝ ਬੂਝ ਹੀ ਨਹੀਂ, ਅੰਦਰ ਅਨ੍ਹੇਰਾ ਹੀ ਅਨ੍ਹੇਰਾ ਹੈ, ਮੈਲਾਂ ਨਾਲ ਮਨ ਕਰੂਪ ਹੋਇਆ ਪਿਆ ਹੈ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥ ਪੰਨਾ - 651***

ਦੂਜੇ ਬੰਨੇ ਉਹ ਮਹਾਂਪੁਰਸ਼ ਹਨ ਜਿਨ੍ਹਾਂ ਪਾਸ ਕਈ ਜਨਮਾਂ ਦੀ ਕਮਾਈ ਹੈ, ਜਿਨ੍ਹਾਂ ਨੇ ਕਈ ਜਨਮ ਘਾਲਣਾ ਘਾਲੀ ਹੈ, ਜਿਨ੍ਹਾਂ ਨੂੰ ਸਤਿਗੁਰੂ ਦੀ ਨਦਰ ਬਖਸ਼ ਪ੍ਰਾਪਤ ਹੋਈ ਹੈ, ਜਿਨ੍ਹਾਂ ਨਾਮ ਜਪਿਆ ਹੈ, ਘਾਲਨਾ ਘਾਲੀ, ਨਾਮ ਦਾ ਰੰਗ ਮਾਣਿਆ ਹੈ, ਨਾਮ ਅੰਮ੍ਰਿਤ ਨਾਲ ਸ਼ਰਸ਼ਾਰ ਹੋਏ ਹਨ ਅਤੇ ਜਿਨ੍ਹਾਂ ਦੀ ਬਰਕਤ ਨਾਲ ਲੱਖਾਂ ਜੀਵਾਂ ਦਾ ਉਧਾਰ ਹੋ ਰਿਹਾ ਹੈ -

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥***
***ਪੰਨਾ - 8***

ਐਸੇ ਮਹਾਂਪੁਰਸ਼ ਹਰੀ ਦਾ ਰੂਪ ਹੀ ਹੋ ਜਾਇਆ ਕਰਦੇ ਹਨ, ਉਨ੍ਹਾਂ ਦਾ ਜੀਵਨ ਨਿਜ-ਤਵ ਲਈ ਨਹੀਂ, ਸੰਸਾਰ ਦੀ ਕਲਿਆਣ ਹਿਤ ਸਮਰਪਣ ਹੁੰਦਾ ਹੈ। ਉਨ੍ਹਾਂ ਦੇ ਬਚਨਾਂ ਵਿਚ ਉਹ ਸ਼ਕਤੀ ਹੁੰਦੀ ਹੈ ਜੋ ਧੁਰ ਅੰਦਰ ਨੂੰ ਪਹੁੰਚਦੀ ਹੈ, ਸੁੱਤਿਆਂ ਨੂੰ ਜਗਾਂਦੀ ਹੈ, ਮਾਇਆ ਦੀ ਅਵੇਸਲੀ ਨੀਂਦ ਵਿਚ ਮਗਨ ਮਸਤ ਸੰਸਾਰ ਨੂੰ ਹਲੂਣਾ ਦਿੰਦੀ ਹੈ ਕਿ ਇਹ ਜਨਮ ਨਿਰਮੋਲਕ ਹੀਰਾ ਹੈ, ਇਸ ਨੂੰ ਕੌਡੀਆਂ ਦੇ ਭਾਅ ਬਰਬਾਦ ਨਾ ਕਰ। ਗੁਰੂ ਦੀ ਸ਼ਰਨ ਵਿਚ ਆ, ਗੁਰੂ ਦੇ ਲੜ ਲਗ, ਗੁਰੂ ਦੇ ਸ਼ਬਦ ਦੀ ਕਮਾਈ ਕਰ, ਸੁਰਤਿ-ਸ਼ਬਦ ਦਾ ਅਭਿਆਸ ਕਰ, ਆਪਣੇ ਆਪ ਦੀ ਪਛਾਣ ਕਰ, ਆਪਣੇ ਆਪ ਨੂੰ ਸਰੀਰ ਹੀ ਨਾ ਸਮਝ, ਤੂੰ ਤਾਂ ਜੋਤਿ-ਸਰੂਪ ਹੈਂ, ਆਪਣਾ ਮੂਲ ਪਛਾਣ।

ਗੁਰੂ ਦੇ ਅਜਿਹੇ ਪਰਮਾਰਥੀ ਗਿਆਨ ਦੀ ਸੋਝੀ ਬਖਸ਼ਿਸ਼ ਕਰਨ ਲਈ ਹੀ ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ (ਸੰਤ ਵਰਿਆਮ ਸਿੰਘ ਜੀ) ਨੇ ਸਾਰਾ ਜੀਵਨ ਅਰਪਨ ਕੀਤਾ ਹੈ। ਪਿਛਲੇ 20 ਵਰ੍ਹਿਆਂ ਤੋਂ ਪੰਜਾਬ, ਯੂ.ਪੀ. ਵਿਦੇਸ਼ਾਂ ਵਿਚ ਥਾਂ ਪਰ ਥਾਂ ਦੀਵਾਨ ਸਜਦੇ ਆ ਰਹੇ ਹਨ। ਦੀਵਾਨਾਂ ਵਿਚ ਗੁਰਬਾਣੀ ਦਾ ਕੀਰਤਨ ਹੁੰਦਾ ਹੈ ਅਤੇ ਗੁਰਬਾਣੀ ਦੇ ਗੁੱਝੇ ਭੇਤਾਂ ਨੂੰ ਬੜੀ ਸਰਲ ਬੋਲੀ ਵਿਚ, ਕਈ ਉਦਾਹਰਣਾਂ ਰਾਹੀਂ ਅਤੇ ਕਈ ਪ੍ਰਸੰਗਾਂ ਦੀ ਸਹਾਇਤਾ ਰਾਹੀਂ ਸਮਝਾਇਆ ਜਾਂਦਾ ਹੈ। ਗੁਰੂ ਦੀ ਬਖਸ਼ਿਸ਼ ਨਾਲ ਹੁਣ ਕੁਝ ਸਮੇਂ ਤੋਂ ਇਨ੍ਹਾਂ ਅਮੋਲਕ ਬਚਨਾਂ ਨੂੰ ਸਾਂਭਿਆ ਜਾ ਰਿਹਾ ਹੈ। ਆਡੀਓ, ਵੀਡੀਓ ਕੈਸਟਾਂ ਰਾਹੀਂ ਅਤੇ ਉਪਰੰਤ ਪੁਸਤਕਾਂ ਰਾਹੀਂ। 'ਆਤਮ ਮਾਰਗ' ਮੈਗਜ਼ੀਨ ਵਿਚ ਵੀ ਕਈ ਮਜ਼ਮੂਨ ਲੜੀਵਾਰ ਛਪਦੇ ਆ ਰਹੇ ਹਨ ਪਰ ਕਈ ਵਾਰੀ ਇਕੋ ਮਜ਼ਮੂਨ ਦੀ ਸੰਪੂਰਨਤਾ 10-12 ਮਹੀਨਿਆਂ ਵਿਚ ਸੰਪੰਨ ਹੁੰਦੀ ਹੈ। ਇਸ ਤਰ੍ਹਾਂ ਪਾਠਕਾਂ ਨੂੰ ਲੜੀ ਜੋੜਨ ਵਿਚ ਮੁਸ਼ਕਲ ਪੇਸ਼ ਆਉਂਦੀ ਹੈ। ਪਾਠਕਾਂ ਦੀ ਸੁਖੈਨਤਾ ਨੂੰ ਧਿਆਨ ਵਿਚ ਰਖਦਿਆਂ ਇਕੋ ਮਜ਼ਮੂਨ ਉਪਰ ਹੋਏ ਪ੍ਰਵਚਨ ਅਤੇ ਛਪੇ ਹੋਏ ਲੇਖਾਂ ਨੂੰ ਪੁਸਤਕ ਰੂਪ ਵਿਚ ਇਕੱਠਾ ਕੀਤਾ ਜਾ ਰਿਹਾ ਹੈ। ਹਥਲੀ ਪੁਸਤਕ 'ਅਬਿਨਾਸ਼ੀ ਜੋਤ' ਵੀ ਐਸਾ ਹੀ ਉਪਰਾਲਾ ਹੈ। ਮਹਾਂਪੁਰਸ਼ਾਂ ਨੇ ਇਕੋ ਵਿਸ਼ੇ ਨੂੰ 14 ਦੀਵਾਨਾਂ ਵਿਚ ਸੰਪੰਨ ਕੀਤਾ ਹੈ ਜਿਸ ਦੇ ਪਹਿਲੇ ਸੱਤ ਦੀਵਾਨ ਇਸ ਪੁਸਤਕ ਵਿਚ ਸ਼ਾਮਲ ਕੀਤੇ ਗਏ ਹਨ।

ਇਨ੍ਹਾਂ ਦੀਵਾਨਾਂ ਦਾ ਵਿਸ਼ਾ ਬਹੁਤ ਗੰਭੀਰ ਅਤੇ ਮਹਾਨ ਹੈ। ਪ੍ਰਸੰਗ ਇਹ ਹੈ ਕਿ ਕਿਵੇਂ ਭਾਈ

ਲਹਿਣਾ ਜੀ (ਗੁਰੂ ਅੰਗਦ ਸਾਹਿਬ) ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਆਏ। ਉਹ ਕਿਹੜੀ ਖਿੱਚ ਸੀ ਜਿਸ ਨੇ ਭਾਈ ਲਹਿਣਾ ਜੀ ਨੂੰ ਪਿਛਲੇ ਕਈ ਜਨਮਾਂ ਦੇ ਦੇਵੀ-ਪੂਜਨ ਸੰਸਕਾਰਾਂ ਤੋਂ ਮੁਕਤ ਕੀਤਾ ਅਤੇ ਆਪ ਜੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨਾਲ ਜਾ ਜੁੜੇ? ਦੂਜਾ ਇਸ ਤਬਦੀਲੀ ਦਾ ਪ੍ਰੇਰਨਾ ਸਰੋਤ ਕੌਣ ਸੀ ਅਤੇ ਉਸ ਦੇ ਅੰਦਰ ਉਹ ਕਿਹੜੀ ਸ਼ਕਤੀ ਸੀ ਜਿਸ ਨੇ ਭਾਈ ਲਹਿਣਾ ਜੀ ਦੇ ਪੁਰਾਣੇ ਸੰਸਕਾਰਾਂ ਦੇ ਸੰਗਲ ਢਿੱਲੇ ਕਰ ਦਿਤੇ ਤੇ ਆਪ ਗੁਰੂ ਨਾਨਕ ਦੇਵ ਦੇ ਚਰਨਾਂ ਨਾਲ ਜਾ ਜੁੜੇ। ਤੀਜੀ ਮਹੱਤਵਪੂਰਨ ਗੱਲ ਇਹ ਹੈ ਕਿ ਭਾਈ ਲਹਿਣਾ ਜੀ ਦੇ ਅੰਦਰ ਉਹ ਕੀ ਭਾਵਨਾ ਸੀ, ਕੈਸਾ ਸਮਰਪਨ ਸੀ ਜਿਸ ਨਾਲ ਆਪ ਜੀ ਦਾ ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਸਰੂਪ ਵਿਚ ਰੂਪ-ਪਰੀਵਰਤਨ ਹੋ ਗਿਆ? ਉਹ ਕਿਹੜੀ ਵਿਸ਼ੇਸ਼ ਘਾਲਣਾ ਸੀ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੇ ਮਕਬੂਲ ਹੋਏ ਸਾਰੇ ਪੁਰਾਤਨ ਗੁਰਸਿੱਖਾਂ ਤੋਂ ਵੀ ਵੱਧ ਜਾਣਿਆ ਤੇ ਆਪਣਾ ਰੂਪ-ਸਰੂਪ ਹੀ ਬਖਸ਼ਿਸ਼ ਕਰ ਦਿਤਾ।

ਇਨ੍ਹਾਂ ਦੀਵਾਨਾਂ ਵਿਚ ਮਹਾਂਪੁਰਸ਼ਾਂ ਨੇ ਇਹੋ ਪ੍ਰਸ਼ਨ ਜਗਿਆਸੂਆਂ ਦੇ ਸਾਮ੍ਹਣੇ ਰੱਖਿਆ ਹੈ। ਆਪ ਲਿਖਦੇ ਹਨ-

ਗੁਰੂ ਅੰਗਦ ਸਾਹਿਬ ਨੇ ਉਹ ਕਿਹੜੀ ਸੇਵਾ ਗੁਰੂ ਨਾਨਕ ਪਾਤਸ਼ਾਹ ਦੀ ਕੀਤੀ ਜਿਸ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਰੀਝ ਗਏ ਕਿਉਂਕਿ ਸੇਵਾ ਕਰਨ ਵਾਲੇ ਤਾਂ ਬਾਬਾ ਬੁੱਢਾ ਜੀ ਵੀ ਸੀ ਜੋ ਬਚਪਨ ਤੋਂ ਗੁਰੂ ਜੀ ਦੇ ਨਾਲ ਸਨ, ਭਾਈ ਬਾਲਾ ਜੀ ਸੀ, ਭਾਈ ਸਧਾਰਨ ਵੀ ਸੀ, ਭਾਈ ਮਨਸੁਖ ਵੀ ਸੀ, ਭਾਈ ਕਮਲੀਆ ਵੀ ਸੀ, ਭਾਈ ਭਗੀਰਥ ਵੀ ਸੀ ਤੇ ਹੋਰ ਵੀ ਬੇਅੰਤ ਗੁਰਸਿੱਖ ਸਨ ਜਿਹੜੇ ਬਚਪਨ ਤੋਂ ਹੀ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਮੋਦੀਖਾਨੇ ਦੇ ਵੇਲੇ ਤੋਂ ਲੱਗੇ ਹੋਏ ਸਨ। ਉਹ ਕਿਉਂ ਨਾ ਆ ਸਕੇ ਅੱਗੇ ਤੇ ਗੁਰੂ ਅੰਗਦ ਸਾਹਿਬ ਸਿਰਫ ਤਿੰਨ ਸਾਲ ਸੇਵਾ ਕਰਕੇ ਕਿਸ ਤਰ੍ਹਾਂ ਪ੍ਰਵਾਨ ਹੋ ਗਏ?"

ਭਾਈ ਲਹਿਣਾ ਜੀ ਪਿਤਾ-ਪੁਰਖੀ ਤੋਂ ਦੇਵੀ ਭਗਤ ਸਨ ਅਤੇ ਦੇਵੀ ਭਗਤਾਂ ਦਾ ਸੰਗ ਲੈ ਕੇ ਜਵਾਲਾਮੁਖੀ ਜਾਇਆ ਕਰਦੇ ਸਨ। ਇਕ ਵਾਰ ਸਬੱਬ ਨਾਲ ਆਪ ਜੀ ਦਾ ਸੰਪਰਕ ਭਾਈ ਜੋਧਾ ਜੀ ਨਾਲ ਹੋਇਆ ਜੋ ਗੁਰੂ ਨਾਨਕ ਦੇਵ ਜੀ ਦੇ ਅੰਨਿਨ ਸਿੱਖ ਸਨ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਕੰਠ ਹੀ ਨਹੀਂ ਸੀ ਸਗੋਂ ਬਾਣੀ ਦੇ ਅਰਥ ਬੋਧ ਅਤੇ ਡੂੰਘੇ ਭਾਵ ਵੀ ਜਾਣਦੇ ਸਨ। ਇਕ ਦਿਨ ਅੰਮ੍ਰਿਤ ਵੇਲੇ ਭਾਈ ਜੋਧਾ ਜੀ ਬੜੀ ਮਿੱਠੀ ਸੁਰੀਲੀ ਆਵਾਜ਼ ਵਿਚ ਅਤੇ ਬੜੇ ਸਹਿਜ ਤੇ ਪਿਆਰ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਦਾ ਪਾਠ ਉਚਾਰਨ ਕਰ ਰਹੇ ਸੀ, ਉਪਰੰਤ ਆਪ ਜੀ ਨੇ ਆਸਾ ਜੀ ਦੀ ਵਾਰ ਦਾ ਉਚਾਰਨ ਕੀਤਾ। ਨੇੜੇ ਬੈਠੇ ਬਾਣੀ ਸੁਣਦੇ ਭਾਈ ਲਹਿਣਾ ਜੀ ਨੂੰ ਬਾਣੀ ਨੇ ਕੀਲ ਲਿਆ, ਅੰਦਰ ਚੋਟ ਲੱਗੀ, ਸੀਨੇ ਨੇ ਖਿੱਚ ਖਾਧੀ, ਬਾਣੀ ਨੇ ਐਸਾ ਬਾਣ ਮਾਰਿਆ ਕਿ ਸੁਧ ਬੁਧ ਵਿਸਰ ਗਈ ਅਤੇ ਅੰਦਰ ਗੁਰੂ ਨਾਨਕ ਦੇਵ ਦੇ ਦਰਸ਼ਨਾਂ ਦੀ ਤੜਫ ਲਗ ਗਈ। ਭਾਈ ਜੋਧਾ ਜੀ ਨੇ ਬੜੇ ਪਿਆਰ ਤੇ ਵਿਸਥਾਰ ਨਾਲ ਭਾਈ ਲਹਿਣਾ ਜੀ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਅਕੱਥ ਕਥਾਵਾਂ ਦੱਸੀਆਂ ਤੇ ਆਪ ਜੀ ਅੰਤਰ-ਤ੍ਰਿਪਤੀ ਹਿਤ ਗੁਰੂ ਦਰਸ਼ਨਾਂ ਲਈ ਤੁਰ ਪਏ। ਇਹ ਸਾਰਾ ਪ੍ਰਸੰਗ ਬੜੇ ਅਨੂਠੇ ਢੰਗ ਨਾਲ ਇਨ੍ਹਾਂ ਪ੍ਰਵਚਨਾਂ ਵਿਚ ਵਿਦਮਾਨ ਹੋਇਆ ਹੈ। ਇਨ੍ਹਾਂ ਪ੍ਰਵਚਨਾਂ ਦਾ ਕਮਾਲ ਇਹ ਹੈ ਕਿ ਭਾਈ ਲਹਿਣਾ ਜੀ ਦੀਆਂ ਸਭ ਪੁੱਛਾਂ ਸਾਡੇ ਸਾਰੇ ਜਗਿਆਸੂਆਂ ਦੀਆਂ ਪੁੱਛਾਂ ਹੀ ਹਨ, ਉਨ੍ਹਾਂ ਦੇ ਸ਼ੰਕੇ ਸਾਡੇ ਸ਼ੰਕੇ ਹਨ, ਭਾਈ ਜੋਧਾ ਜੀ ਵਲੋਂ ਇਨ੍ਹਾਂ ਸ਼ੰਕਿਆਂ ਦਾ ਸਮਾਧਾਨ ਮਹਾਂਪੁਰਸ਼ਾਂ ਦੀ ਰਸਨਾ ਰਾਹੀਂ, ਪ੍ਰਵਚਨਾਂ ਰਾਹੀਂ ਤੇ ਹੁਣ ਲਿਖਤੀ ਰੂਪ ਵਿਚ ਕਮਾਲ ਦੇ ਢੰਗ ਨਾਲ ਹੋਇਆ ਹੈ ਜੋ ਹਰ ਜਗਿਆਸੂ ਦੀ ਪੂਰਨ ਤ੍ਰਿਪਤੀ ਕਰਦਾ ਹੈ ਤੇ ਅੰਦਰ ਗੁਰੂ ਦਰਸ਼ਨਾਂ ਦੀ ਤੜਪ ਪੈਦਾ ਕਰਦਾ ਹੈ, ਇਹੋ ਇਸ ਲਿਖਤ ਦੀ ਵਡਿਆਈ ਹੈ।

ਇਹ ਪ੍ਰਵਚਨ ਕੇਵਲ ਇਕ ਕਥਾ ਜਾਂ ਪ੍ਰਸੰਗ ਹੀ ਨਹੀਂ ਸਗੋਂ ਇਸ ਕਥਾ ਜਾਂ ਪ੍ਰਸੰਗ ਰਾਹੀਂ ਗੁਰਮਤਿ ਦੇ ਮਹਾਨ ਸਿਧਾਂਤਾਂ ਦੀ ਭਰਪੂਰ ਵਿਆਖਿਆ ਹੋਈ ਹੈ। ਉਦਾਹਰਣਾਂ ਵਜੋਂ 'ਮਾਇਆ' ਸ਼ਬਦ ਦਾ ਗੁਰਬਾਣੀ ਵਿਚ ਬਾਰ-ਬਾਰ ਜ਼ਿਕਰ ਆਇਆ ਹੈ। ਮਾਇਆ ਕੀ ਹੈ? ਮਾਇਆ ਕਿਵੇਂ ਵਾਪਰਦੀ ਹੈ? ਤਿੰਨਾਂ ਲੋਕਾਂ ਦੀ ਪਿਆਰੀ ਮਾਇਆ ਦੁਨੀਆਂ ਨੂੰ ਅਤੇ ਵੱਡੇ ਵੱਡੇ ਦੇਵੀ ਦੇਵਤਿਆਂ ਨੂੰ ਕਿਵੇਂ ਛਲਦੀ ਹੈ? ਗੁਰੂ ਪਿਆਰੇ

ਭਗਤ ਜਨ ਇਸ ਨੂੰ ਕਿਵੇਂ ਨਿਅੰਤਰਣ ਵਿਚ ਰਖਦੇ ਹਨ?

***ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ॥***
***ਪੰਨਾ - 476***

ਅਨੇਕਾਂ ਪ੍ਰਸੰਗਾਂ ਰਾਹੀਂ ਅਤੇ ਗੁਰਬਾਣੀ ਦੇ ਪ੍ਰਮਾਣਾਂ ਰਾਹੀਂ ਇਸ ਦੀ ਭਰਪੂਰ ਵਿਆਖਿਆ ਹੋਈ ਹੈ।

ਇਸ ਤਰ੍ਹਾਂ ਨਾਮ ਕਿਵੇਂ ਅਮੋਲਕ ਵਸਤੂ ਹੈ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***

***ਪੰਨਾ - 81***

ਨਾਮ-ਅਭਿਆਸ-ਅਨੁਭਵ ਰਾਹੀਂ ਕਿਵੇਂ ਰਿਧੀਆਂ ਸਿੱਧੀਆਂ ਵੀ ਪਿਛੇ ਤੁਰੀਆਂ ਫਿਰਦੀਆਂ ਹਨ -

***ਨਵਨਿਧੀ ਅਠਾਰਹ ਸਿਧੀ ਪਿਛੈ ਲਗੀਆ***
***ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥***

***ਪੰਨਾ - 649***

ਅਤੇ ਨਾਮ ਅਭਿਆਸ ਦਾ ਸੰਜਮ ਕੀ ਹੈ? ਇਸ ਮਹਾਨ ਵਿਸ਼ੇ ਨੂੰ ਖੋਲ੍ਹ ਕੇ ਸਪਸ਼ਟ ਕੀਤਾ ਹੈ। ਆਮ ਲੋਕਾਂ ਦੀ ਸ਼ਿਕਾਇਤ ਹੁੰਦੀ ਹੈ ਕਿ ਬਾਣੀ ਪੜ੍ਹਨ ਸਮੇਂ, ਨਾਮ ਸਿਮਰਨ ਸਮੇਂ 'ਮਨ ਨਹੀਂ ਟਿਕਦਾ' ਆਪ ਜੀ ਨੇ ਮਨ ਨਾ ਟਿਕਣ ਦੇ ਕਾਰਨ ਦੱਸ ਕੇ ਇਸ ਦਾ ਗੁਰਬਾਣੀ ਅਨੁਸਾਰ ਸਮਾਧਾਨ ਵੀ ਦੱਸਿਆ ਹੈ। "ਮਨ ਨੂੰ ਟਿਕਾਉਣ ਵਾਸਤੇ ਪਹਿਲਾਂ ਨਾਮ ਦਾ ਜਾਪ ਹੁੰਦਾ ਹੈ। ਮੈਲ ਦੂਰ ਕਰਨ ਵਾਸਤੇ ਵਾਹਿਗੁਰੂ ਮੰਤਰ ਪੰਜ ਪਿਆਰਿਆਂ ਨੇ ਦਿਤਾ ਹੈ.....ਫੇਰ ਸੁਆਸ ਦੇ ਨਾਲ ਨਾਮ ਜਪੋ, ਜੀਭ ਬੰਦ ਹੋ ਜਾਂਦੀ ਹੈ ਆਪ ਹੀ -ਬਹੁਤ ਜਪਣ ਨਾਲ, ਲੱਖਾਂ ਵਾਰੀ ਜਪਣ ਨਾਲ, ਕਰੋੜਾਂ ਵਾਰੀ ਜਪਣ ਨਾਲ। 'ਮਨ ਦੇ ਵਸਾਉਣ ਲਈ ਪਹਿਲਾਂ ਸਰੀਰਕ ਇਸ਼ਨਾਨ ਕਰਨਾ ਪੈਂਦਾ ਹੈ, ਮਨ ਸੁੱਚਾ ਕਰਨਾ ਪੈਂਦਾ ਹੈ, ਬੁੱਧੀ ਸੁੱਚੀ ਕਰਨੀ ਪੈਂਦੀ ਹੈ, ਫੇਰ ਜਾ ਕੇ ਨਾਮ ਮਨ ਵਿਚ ਵਸਦਾ ਹੈ।" ਇਸ ਤਰ੍ਹਾਂ ਮਨੁੱਖ ਉਪਰ ਕਰਮਾਂ ਅਤੇ ਪ੍ਰਤੀਕਰਮਾਂ ਦਾ ਕੀ ਪ੍ਰਭਾਵ ਪੈਂਦਾ ਹੈ 'ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ' ਦੇ ਪ੍ਰਸੰਗ ਵਿਚ ਆਪ ਜੀ ਸਾਨੂੰ ਉਤਸ਼ਾਹ ਬਖਸ਼ਦੇ ਲਿਖਦੇ ਹਨ, 'ਬੀਜ ਲੈ ਜਿਹੜਾ ਕੁਝ ਬੀਜਣਾ ਹੈ, ਓਹੀ ਮਿਲਣਾ ਹੈ, ਬਿਨਾਂ ਬੀਜੇ ਨਹੀਂ ਮਿਲਣਾ, ਚੰਗੇ ਕੰਮ ਬੀਜ ਲੈ, ਚੰਗਾ ਮਿਲ ਜਾਏਗਾ। ਮਾੜੇ ਕੰਮ ਬੀਜ ਲੈ, ਮਾੜਾ ਮਿਲ ਜਾਏਗਾ, ਦਾਨ-ਪੁੰਨ ਕਰ ਲੈ, ਲੱਖਾਂ ਗੁਣਾਂ ਹੋ ਕੇ ਮਿਲ ਜਾਏਗਾ। ਇਸ ਦੀ ਵਿਆਖਿਆ ਇਤਿਹਾਸ ਅਤੇ ਮਿਥਿਹਾਸ ਦੇ ਅਨੇਕ ਪ੍ਰਸੰਗਾਂ ਰਾਹੀਂ ਕੀਤੀ ਹੈ ਜਿਸ ਨਾਲ ਮਨੁੱਖ ਅੰਦਰ ਚੰਗੇ ਕਰਮ ਕਰਨ ਲਈ ਦ੍ਰਿੜ੍ਹਤਾ ਆਉਂਦੀ ਹੈ।

ਗੁਰਬਾਣੀ ਵਿਚ ਹਉਮੈ ਦਾ ਬਹੁਤ ਜ਼ਿਕਰ ਆਇਆ ਹੈ। ਮਨੁੱਖ ਅਤੇ ਰੱਬ ਦੇ ਮਿਲਾਪ ਵਿਚ 'ਹਉਮੈ' ਦੀ ਕੰਧ ਖੜ੍ਹੀ ਹੈ। ਜੇ 'ਹਉਮੈ' ਦੂਰ ਹੋ ਜਾਵੇ, ਤਾਂ ਹੀ ਨਾਮ ਅੰਦਰ ਵਸਦਾ ਹੈ। ਹਉਮੈ ਕੀ ਹੈ? ਆਮ ਵਿਆਖਿਆਕਾਰ ਇਸ ਨੂੰ 'ਅਹੰਕਾਰ' ਹੀ ਮੰਨ ਲੈਂਦੇ ਹਨ। ਮਹਾਂਪੁਰਸ਼ਾਂ ਨੇ ਇਸ ਦੀ ਸਹੀ ਵਿਆਖਿਆ ਕਰਦਿਆਂ ਦੱਸਿਆ ਹੈ ਕਿ 'ਹਉਮੈ' ਦ੍ਵੈਤ ਭਾਵ ਹੈ। **'ਹਉਮੈ' ਵਿਚ ਆਹ ਸੰਸਾਰ ਦਿਸਦਾ ਹੈ, ਜਦੋਂ ਹਉਮੈ ਹਟ ਜਾਵੇ, ਫੇਰ ਇਹ ਰੱਬ ਦਿਸਣ ਲਗ ਜਾਂਦਾ ਹੈ।** ਕੇਵਲ 'ਹਉਮੈ' ਦੀ ਸੋਝੀ ਨਾਲ ਹੀ ਸਾਰੀ ਖੇਡ ਸਮਝ ਆ ਜਾਂਦੀ ਹੈ। ਮਹਾਂਪੁਰਸ਼ਾਂ ਨੇ ਇਸ ਲਿਖਤ ਰਾਹੀਂ ਇਹ ਸੋਝੀ ਬਖਸ਼ੀ ਹੈ, ਲੇਖ ਪੜ੍ਹਦਿਆਂ ਪੜ੍ਹਦਿਆਂ 'ਭੋਲਿਆ ਹਉਮੈ ਸੁਰਤਿ ਵਿਸਾਰਿ' ਦੀ ਡੂੰਘਾਈ ਵਿਚ ਜਾ ਕੇ ਸੁਰਤਿ ਵਿਚੋਂ 'ਹਉਮੈ' ਨੂੰ ਹੂੰਝ ਕੇ ਬਾਹਰ ਸੁੱਟ ਦੇਣ ਦਾ ਸੰਕਲਪ ਬੱਝਦਾ ਹੈ। ਪੈਂਡਾ ਲੰਮਾ ਹੈ, ਪਰ ਸੋਝੀ ਹੋ ਜਾਣੀ ਵੀ ਵੱਡੀ ਪ੍ਰਾਪਤੀ ਹੈ। 'ਹਉਮੈ ਬੂਝੈ ਤਾ ਦਰ ਸੂਝੈ।"

ਇਨ੍ਹਾਂ ਪ੍ਰਵਚਨਾਂ ਦਾ ਮਨ ਤੇ ਡੂੰਘਾ ਪ੍ਰਭਾਵ ਪੈਂਦਾ ਹੈ, ਮਨ ਵਿਚ ਦ੍ਰਿੜ੍ਹਤਾ ਆਉਂਦੀ ਹੈ, ਨਾਮ ਸਿਮਰਨ ਦੀ ਝਲਕ ਮਿਲਦੀ ਹੈ, ਹਉਮੈ ਤੋਂ, ਮਾਇਆ ਤੋਂ ਮੁਕਤ ਹੋਣ ਦਾ ਰਾਹ ਦਿਸਦਾ ਹੈ, ਗੁਰੂ ਚਰਨਾਂ ਨਾਲ ਜੁੜਨ ਲਈ ਅੰਦਰੋਂ ਉਮਾਹ ਪੈਦਾ ਹੁੰਦਾ ਹੈ। ਇਨ੍ਹਾਂ ਲਿਖਤਾਂ ਰਾਹੀਂ, ਮਹਾਂਪੁਰਸ਼ਾਂ ਦੇ ਪ੍ਰਵਚਨਾਂ ਰਾਹੀਂ

ਮਹਾਂਪੁਰਸ਼ਾਂ ਦੀ ਸੰਗਤ ਮਿਲਦੀ ਹੈ, ਜਿਸ ਦਾ ਫਲ ਕਥਨ ਤੋਂ ਬਾਹਰ ਹੈ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥ ਪੰਨਾ – 546***

ਸਤਿਗੁਰੂ ਮਹਾਂਪੁਰਸ਼ਾਂ ਨੂੰ ਲੰਮੀ ਅਰੋਗ ਆਯੂ ਬਖਸ਼ਸ਼ ਕਰਨ, ਸਾਡੀ ਸਭ ਦੀ ਅਰਦਾਸ ਹੈ, ਤਾਕਿ ਮਨੁੱਖ ਮਾਤਰ ਦੀ ਹੋਰ ਵਧੇਰੇ ਸੇਵਾ ਕਰਦੇ ਰਹਿਣ। ਆਸ ਹੈ, ਪੁਸਤਕ ਪੜ੍ਹ ਕੇ, ਪ੍ਰਵਚਨਾਂ ਵਿਚ ਮੁਗਧ ਹੋ ਕੇ ਆਪ ਜੀ ਪਾਠਕਾਂ ਅੰਦਰੋਂ ਵੀ ਸੁਭਾਵਕ ਹੀ ਐਸੀ ਅਰਦਾਸ ਨਿਕਲੇ ਜੀ। ਭੁੱਲਾਂ ਲਈ ਖਿਮਾਂ। ਮਹਾਂਪੁਰਸ਼ਾਂ ਨੇ ਕੁਝ ਬਚਨ ਲਿਖਣ ਦੀ ਆਗਿਆ ਕੀਤੀ ਹੈ, ਇਹ ਉਨ੍ਹਾਂ ਦੀ ਵਡਿਆਈ ਹੈ। ਉਨ੍ਹਾਂ ਦਾ ਬਹੁਤ ਰਿਣੀ ਹਾਂ।

***ਡਾ. ਜਗਜੀਤ ਸਿੰਘ***
***ਮੁੱਖ ਸੰਪਾਦਕ***
***ਆਤਮ ਮਾਰਗ***

# ਦੋ ਸ਼ਬਦ

ਜਦੋਂ ਤੋਂ ਸੰਸਾਰ ਦੀ ਰਚਨਾ ਹੋਈ ਹੈ ਇਥੇ ਆਉਣ ਵਾਲੇ ਜੀਵ ਕੁਝ ਨਾ ਕੁਝ ਕਰਤੱਵ ਕਰਦੇ ਹੀ ਰਹਿੰਦੇ ਹਨ ਜਿਨ੍ਹਾਂ ਦਾ ਫਲ ਭੋਗਣ ਲਈ ਲੰਮਾ ਸਫਰ ਸ਼ੁਰੂ ਹੋ ਜਾਂਦਾ ਹੈ, ਫੇਰ ਕਰਮ ਹੁੰਦੇ ਹਨ ਫੇਰ ਸਫਰ। ਇਸ ਤਰ੍ਹਾਂ ਹੁੰਦੇ ਹੁੰਦੇ ਅਸੀਂ ਨਹੀਂ ਜਾਣ ਸਕਦੇ ਕਿ ਅਸੀਂ ਕਿੰਨਾ ਸਫਰ ਤਹਿ ਕਰ ਲਿਆ ਹੈ, ਸਿਰਫ ਇਕ ਜਨਮ ਵਿਚ ਹੀ ਚੰਗੇ ਮੰਦੇ, ਪਿਆਰੇ-ਕੁਪਿਆਰੇ, ਸਾਂਝ ਪਾਉਣ ਵਾਲੇ ਅਤੇ ਬੇਰੁਖੀ ਵਾਲੇ ਜੋ ਵੀ ਕਰਮ ਕਰਦੇ ਹਾਂ ਉਸ ਦੀ ਵੀ ਪੂਰੀ ਤਰ੍ਹਾਂ ਯਾਦ ਨਹੀਂ ਰਿਹਾ ਕਰਦੀ। ਸੰਸਾਰ ਵਿਚ ਕਰਮ ਬਹੁਤ ਸ਼ਕਤੀਸ਼ਾਲ ਹੋਣ ਕਰਕੇ ਕੀਤੇ ਕਰਮ ਭੋਗਣੇ ਹੀ ਪੈਂਦੇ ਹਨ ਜੀਵ ਦੇ ਵਸ ਵਿਚ ਨਹੀਂ ਕਿ ਇਨ੍ਹਾਂ ਕਰਮਾਂ ਤੋਂ ਛੁਟਕਾਰਾ ਪਾ ਲਵੇ ਪਰ ਇਸ ਸੰਸਾਰ ਵਿਚ ਇਕ ਉਹ ਵੀ ਮਹਾਨ ਹਸਤੀਆਂ ਜੋ ਸਮੇਂ ਦੀ ਲੋੜ ਅਨੁਸਾਰ ਸਮੇਂ-ਸਮੇਂ ਸੰਸਾਰ ਦੇ ਨਾਟ ਮੰਚ ਉਪਰ ਆ ਜਾਂਦੀਆਂ ਹਨ ਜਿਨ੍ਹਾਂ ਨੂੰ ਸੰਸਾਰ ਦੇ ਮਹਾਨ ਰਚੇਤਾ ਏਕੰਕਾਰ ਜੀ ਨੇ ਕੁਝ ਮਿਸ਼ਨ ਦੇ ਕੇ ਭੇਜਿਆ ਹੁੰਦਾ ਹੈ। ਉਨ੍ਹਾਂ ਉਪਰ ਕਰਮ ਦੇ ਕੋਈ ਫਲ ਲਾਗੂ ਨਹੀਂ ਹੁੰਦੇ। ਉਨ੍ਹਾਂ ਦੀ ਅਵਸਥਾ ਹੋਰ ਹੈ, ਉਹ ਸੰਸਾਰ ਵਿਚ ਆਉਂਦੇ ਹਨ ਅਤੇ ਸੰਸਾਰੀ ਜੀਵਾਂ ਦੇ ਬੰਧਨ ਕਟਦੇ ਹਨ ਅਤੇ ਜਦੋਂ ਸੱਦਾ ਆ ਜਾਂਦਾ ਹੈ ਉਸ ਵੇਲੇ ਆਪਣੇ ਨਿਜ ਧਾਮ ਨੂੰ ਪਰਤ ਜਾਇਆ ਕਰਦੇ ਹਨ।

***ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥***
***ਪੰਨਾ - 1239***

ਬਾਕੀ ਸਾਰਾ ਸੰਸਾਰ ਰੰਗ ਮੰਚ ਹੈ ਜਿਥੇ ਕਰਮਾਂ ਦੇ ਅਧੀਨ ਨਾਟਕ ਹੋ ਰਹੇ ਹਨ। ਸੰਸਾਰ ਦੀਆਂ ਕਥਾ ਕਹਾਣੀਆਂ ਦੁਖ ਸੁਖ ਦੇ ਅਧੀਨ ਹੋਣ ਕਰਕੇ ਖੁਸ਼ੀ ਗਮੀ ਪੈਦਾ ਕਰਦੀਆਂ ਹਨ ਅਤੇ ਰਾਗ ਤੇ ਦ੍ਵੈਸ਼ ਮਨ ਵਿਚ ਪੈਦਾ ਕਰਕੇ ਅਗਿਆਨ ਦੇ ਅੰਧਕਾਰ ਵਿਚੋਂ ਨਿਕਲਣ ਨਹੀਂ ਦਿੰਦੀਆਂ। ਕਈ ਵਾਰੀ ਐਸਾ ਹੁੰਦਾ ਹੈ ਕਿ ਪ੍ਰਮੇਸ਼ਰ ਨੂੰ ਨਾ ਭਾਉਣ ਵਾਲੀਆਂ ਕਥਾਵਾਂ ਅੱਖਰ ਚੰਗਾ ਮੰਦਾ ਲਿਖ ਕੇ ਵੀ ਜੀਵ ਉਪਰ ਪ੍ਰਭਾਵ ਪਾਉਂਦੀਆਂ ਹਨ ਪਰ ਜੋ ਪ੍ਰਮੇਸ਼ਰ ਨੇ ਆਪ ਭੇਜੇ ਹਨ ਉਹ ਭਾਏ ਹੋਏ ਹੁੰਦੇ ਹਨ ਅਤੇ ਉਨ੍ਹਾਂ ਦੀ ਕਥਾ ਸੰਸਾਰਕ ਕਥਾਵਾਂ ਨਾਲੋਂ ਬਿਲਕੁਲ ਨਿਆਰੀ ਹੁੰਦੀ ਹੈ, ਉਹ ਜਨਮ ਮਰਨ ਦੇ ਚੱਕਰ ਵਿਚ ਨਹੀਂ ਆਉਂਦੇ ਸਗਮਾਂ ਪੂਰਾਂ ਤੇ ਪੂਰ ਸੰਸਾਰ ਦੇ ਉਨ੍ਹਾਂ ਦੇ ਬਚਨਾਂ ਨੂੰ ਕਮਾ ਕੇ ਆਪਣੀ ਕਲਿਆਣ ਪ੍ਰਾਪਤ ਕਰਦੇ ਹਨ।

ਗੁਰੂ ਨਾਨਕ ਪਾਤਸ਼ਾਹ ਸੰਸਾਰ ਮੰਚ ਤੇ ਪ੍ਰਗਟ ਹੋਏ। ਆਪ ਨੇ ਇਕ ਬਹੁਤ ਅਤਿ ਮੁਸ਼ਕਲ ਸਿਧਾਂਤ ਜਿਸ ਨੂੰ ਨਾਮ ਸਿਧਾਂਤ ਕਿਹਾ ਜਾਂਦਾ ਸੀ ਪਰ ਇਸ ਸਿਧਾਂਤ ਦੀ ਪ੍ਰਾਪਤੀ ਪੂਰਨ ਸਤਿਗੁਰੂ ਤੋਂ ਬਗੈਰ ਪ੍ਰਾਪਤ ਨਹੀਂ ਹੋਇਆ ਕਰਦੀ ਪਰ ਜਦੋਂ ਕੋਈ ਪੂਰਨ ਸਤਿਗੁਰੂ ਦੇ ਚਰਨਾਂ ਵਿਚ ਪੂਰਾ ਜਗਿਆਸੂ ਆ ਜਾਂਦਾ ਹੈ ਤਾਂ ਉਹ ਇਸ ਦਾ ਭਾਈਵਾਲ ਬਣ ਜਾਇਆ ਕਰਦਾ ਹੈ। ਆਮ ਦੁਨੀਆਂ ਨੂੰ ਨਾ ਹੀ ਤਾਂ ਨਾਮ ਦਾ ਪਤਾ ਹੈ, ਨਾ ਨਾਮ ਪ੍ਰਾਪਤੀ ਦਾ ਪਤਾ ਹੈ ਉਹ ਤਾਂ ਕੇਵਲ ਕਿਸੇ ਖਾਸ ਸ਼ਬਦ ਨੂੰ ਬਾਰ-ਬਾਰ ਰਟਣ ਵਿਚ ਹੀ ਨਾਮ ਦੀ ਪ੍ਰਾਪਤੀ ਸਮਝਦੇ ਹਨ। ਇਹ ਅੰਧਕਾਰ ਕਿਸੇ ਪੂਰਨ ਮਹਾਂਪੁਰਸ਼ ਦੀ ਅਣਹੋਂਦ ਹੋਣ ਕਰਕੇ ਮਨ ਨੂੰ ਘੇਰੀ ਰਖਦਾ ਹੈ, ਜੇ ਕੋਈ ਇਸ ਸਰੀਰ ਰੂਪੀ ਘਰ ਵਿਚ ਵਾਹਿਗੁਰੂ ਦੇ ਘਰ ਨੂੰ ਦਿਖਾਉਣ ਵਾਲਾ ਮਿਲ ਜਾਵੇ ਤਾਂ ਉਹ ਇਸ ਅੰਧਕਾਰ ਨੂੰ ਦੂਰ ਕਰ ਦਿੰਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਸਾਧੂ, ਸੰਤਾਂ, ਰਿਸ਼ੀਆਂ-ਮੁਨੀਆਂ, ਸਿੱਧਾਂ, ਸਾਧਕਾਂ, ਪੀਰਾਂ 'ਚ ਜਾ ਕੇ ਸਪਸ਼ਟ ਕੀਤਾ ਕਿ ਕਲਜੁਗ ਵਿਚ ਕੇਵਲ ਨਾਮ ਸੁਖਾਲਾ ਹੈ ਜਿਸ ਦੇ ਬਾਰੇ ਭਾਈ ਗੁਰਦਾਸ ਜੀ ਆਪਣੀ ਰਚਨਾ ਵਿਚ ਫੁਰਮਾਨ ਕਰਦੇ ਹਨ -

***ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਆਪਣਾ ਪੰਥੁ ਨਿਰਾਲਾ।***
***ਕਲਿਜੁਗਿ ਨਾਨਕ ਨਾਮੁ ਸੁਖਾਲਾ॥*** ***ਭਾਈ ਗੁਰਦਾਸ ਜੀ,***
***ਵਾਰ 1/31***

ਆਪ ਜੀ ਨੇ ਇਸ ਸੰਦੇਸ਼ ਨੂੰ ਚਾਰੇ ਕੁੰਟਾਂ ਵਿਚ ਜਿਥੋਂ ਤਕ ਵੀ ਧਰਤੀ ਸੀ ਅਤੇ ਇਸ ਤੋਂ ਵੀ ਉਪਰ ਮੁਕਤ ਆਤਮਾਵਾਂ ਜੋ ਨਿਰੰਕਾਰ ਦੇ ਦਰ ਉਪਰ ਕਿਸੇ ਨਾ ਕਿਸੇ ਹੋਂਦ ਰਾਹੀਂ ਮੌਜੂਦ ਹਨ ਉਨ੍ਹਾਂ ਨੂੰ ਵੀ ਨਾਮ ਦਾ ਪ੍ਰਕਾਸ਼ ਵੰਡਿਆ। ਗੁਰੂ ਨਾਨਕ ਪਾਤਸ਼ਾਹ ਜੀ ਦੇ ਜ਼ਿੰਮੇ ਇਕ ਬਹੁਤ ਵੱਡਾ ਸਿਧਾਂਤ ਲੱਗਿਆ ਜਿਸ ਦੀ ਵਿਆਖਿਆ ਨਾ ਹੋਣ ਕਰਕੇ ਮਨਾਂ ਵਿਚ ਧੁੰਦ ਛਾ ਗਈ। ਪ੍ਰਕਾਸ਼ ਦੀ ਕੋਈ ਹੋਂਦ ਨਜ਼ਰ ਨਾ ਆਈ ਅਤੇ ਐਉਂ ਲੱਗਿਆ ਜਿਵੇਂ ਅਮਰ ਸਿਧਾਂਤ ਸਹੀ ਹੁੰਦੇ ਹਨ। ਗੁਰੂ ਨਾਨਕ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਕਿ ਵਾਹਿਗੁਰੂ ਜੀ ਆਪ ਹੀ ਹਨ ਇਥੇ ਨਾ ਕੋਈ ਪ੍ਰਕ੍ਰਿਤੀ ਹੈ, ਨਾ ਮਾਇਆ ਹੈ, ਨਾ ਕੋਈ ਛਾਇਆ ਹੈ, ਨਾ ਕੋਈ ਗੋਰਖਨਾਥ ਹੈ, ਨਾ ਮਛੰਦਰ ਹੈ, ਨਹਾ ਕੋਈ ਬ੍ਰਹਮਾ ਹੈ, ਨਾ ਵਿਸ਼ਨੂੰ ਹੈ, ਨਾ ਸ਼ਿਵ ਜੀ ਹੈ, ਨਾ ਕੋਈ ਦੇਵੀ ਹੈ। ਉਹ ਆਪੇ ਹੀ ਆਪ ਹਨ।

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ।।***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।।***
***ਪੰਨਾ - 1291***

ਆਪ ਨੇ ਛੋਟੀ ਆਯੂ ਵਿਚ ਹੀ ਪਾਧਾ ਜੀ ਨੂੰ ਓਅੰਕਾਰ ਦੀ ਪਛਾਣ ਕਰਾਉਂਦੇ ਰਹੇ ਕਿ ਪਾਧਾ ਜੀ, ਓਅੰਕਾਰ ਨੂੰ ਪਛਾਣੋ, ਉਸ ਦੀ ਮੁਹਾਰਨੀ ਰਟਣ ਦਾ ਕੋਈ ਫਾਇਦਾ ਨਹੀਂ ਉਸ ਨੂੰ ਜਾਣੋ, ਉਹ ਸਭਨਾਂ ਦੇ ਅੰਦਰ ਪਰੀਪੂਰਨ ਹੈ ਤੇਰੇ ਅੰਦਰ ਵੀ ਹੈ, ਤੇਰੇ ਸ੍ਵਾਸਾਂ ਵਿਚ ਵੀ ਓਹੀ ਹੈ, ਅੱਖਾਂ ਨਾਲ ਦੇਖਦਾ ਹੈਂ ਤਿਸ ਦੀ ਹੀ ਜੋਤੀ ਹੈ, ਕੰਨਾਂ ਰਾਹੀਂ ਸੁਣਦਾ ਹੈਂ ਸਰਵਣ ਸ਼ਕਤੀ ਵੀ ਓਹੀ ਹੈ, ਹੱਥਾਂ ਪੈਰਾਂ ਨਾਲ ਕੰਮ ਕਰਦਾ ਹੈਂ ਇਸ ਕ੍ਰਿਆਸ਼ੀਲ ਸ਼ਕਤੀ ਵਿਚ ਵੀ ਉਹ ਆਪ ਹੀ ਸਮਾਏ ਹਨ। ਪਾਧੇ ਨੂੰ ਅਜੀਬ ਲੱਗਿਆ ਕਿਉਂਕਿ ਉਨ੍ਹਾਂ ਦਾ ਮਤ ਸੀ ਕਿ ਵਾਹਿਗੁਰੂ ਜੀ ਕੁਝ ਨਹੀਂ ਕਰਦੇ ਹਨ। ਉਹ ਪ੍ਰਕ੍ਰਿਤੀ ਨੂੰ, ਮਾਇਆ ਨੂੰ ਸੱਤਾ ਦੇ ਕੇ ਕੰਮ ਕਰਾ ਰਹੇ ਹਨ। ਹਾਲਾਂਕਿ ਇਹ ਦੋਨੋਂ ਬੇਅੰਤ ਸ਼ੰਕੇ ਪੈਂਦਾ ਕਰਦੇ ਹਨ ਅਤੇ ਕਿਸੇ ਜੀਵ ਦੇ ਤਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਆਪ ਜੀ ਨੇ ਸਤਿ ਸਿਧਾਂਤ ਨੂੰ ਸੰਸਾਰ ਵਿਚ ਪ੍ਰਗਟ ਕਰਨ ਲਈ ਚਾਰ ਵੱਡੀਆਂ ਉਦਾਸੀਆਂ ਰਾਹੀਂ ਸਤਿ ਦਾ ਸੰਦੇਸ਼ ਦਿਤਾ ਅਤੇ ਆਖਰੀ ਉਮਰ ਵਿਚ ਸੰਗਤ ਤਿਆਰ ਕਰਨ ਲਈ ਆਪ ਕਰਤਾਰਪੁਰ ਨਿਵਾਸ ਰਖਦੇ ਹਨ। ਸੰਗਤਾਂ ਆਪ ਦੇ ਪਾਸ ਮਿੱਥੇ ਦਿਨਾਂ ਉਪਰ ਜਾਇਆ ਕਰਦੀਆਂ ਸਨ ਅਤੇ ਆਪਣੀ ਆਤਮਕ ਭੁੱਖ ਨਵਿਰਤ ਕਰਾਉਂਦੀਆਂ ਸਨ। ਉਨ੍ਹਾਂ ਹੀ ਦਿਨਾਂ ਵਿਚ ਭਾਈ ਲਹਿਣਾ ਜੀ ਸੰਘਰ ਪਿੰਡ ਵਿਚ ਨਿਵਾਸ ਰੱਖਿਆ ਕਰਦੇ ਸਨ। ਪੰਜਾਬ ਵਿਚ ਉਸ ਸਮੇਂ ਦੋ ਲਹਿਰਾਂ ਜਬਰਦਸਤ ਕੰਮ ਕਰ ਰਹੀਆਂ ਸਨ। ਇਕਨਾਂ ਨੂੰ ਤਾਂ ਸਰਵਰੀਏ ਆਖਿਆ ਜਾਂਦਾ ਸੀ ਦੂਸਰੇ ਉਹ ਪੁਰਸ਼ਾਂ ਦਾ ਸੰਗ੍ਰਹਿ ਸੀ ਜੋ ਨਿਰੰਕਾਰ ਨੂੰ ਛੱਡ ਕੇ ਆਨ-ਦੇਵਾਂ ਨੂੰ ਪੂਜਦੇ ਸਨ। ਉਹ ਆਮ ਤੌਰ ਤੇ ਦੇਵੀਆਂ ਦੇ ਭਵਨਾਂ ਉਪਰ ਜਾ ਕੇ ਗੀਤ ਗਾਂਦੇ ਰਹਿੰਦੇ ਸਨ ਅਤੇ ਸਾਲ ਦੇ ਸਾਲ ਬਹੁਤ ਇਕੱਠ ਕਰਕੇ ਜਿਸ ਨੂੰ ਸੰਗ ਆਖਦੇ ਸਨ, ਇਨ੍ਹਾਂ ਭਵਨਾਂ ਉਪਰ ਆਇਆ ਕਰਦੇ ਸਨ। ਗੁਰੂ ਨਾਨਕ ਪਾਤਸ਼ਾਹ ਦੇ ਸਤਿ ਸਿਧਾਂਤ ਨੂੰ ਅਜੇ ਤਕ ਜਥੇ ਬੰਦਕ ਰੂਪ ਨਹੀਂ ਮਿਲਿਆ ਸੀ ਟਾਂਵੇਂ-ਟਾਂਵੇਂ ਗੁਰਸਿੱਖ ਪੰਜਾਬ ਵਿਚੋਂ ਬਾਹਰ ਰਹਿ ਕੇ ਥੋੜ੍ਹਾ ਬਹੁਤ ਪ੍ਰਚਾਰ ਕਰਿਆ ਕਰਦੇ ਸਨ। ਉਹਦੇ ਵਿਚ ਭਾਈ ਜੋਧ ਜੀ ਭਾਈ ਲਹਿਣਾ ਜੀ ਦੇ ਨਗਰ ਵਿਚ ਹੀ ਰਹਿੰਦੇ ਸਨ ਜੋ ਪ੍ਰਵਾਨ ਰੂਹ ਸੀ, ਅਟੁੱਟ ਵਿਸ਼ਵਾਸ਼ ਵਾਲਾ ਪ੍ਰੇਮੀ ਸੀ, ਭਾਈ ਲਹਿਣਾ ਜੀ ਨੇ ਭਾਈ ਜੋਧ ਦੇ ਰਾਹੀਂ ਗੁਰੂ ਨਾਨਕ ਦਾ ਨਾਮ ਸੁਣਿਆ ਜਿਉਂ ਜਿਉਂ ਭਾਈ ਜੋਧ ਬਾਣੀ ਦੇ ਸਿਧਾਂਤ ਇਨ੍ਹਾਂ ਨਾਲ ਸਾਂਝੇ ਕਰਨ ਲੱਗਿਆ ਭਾਈ ਲਹਿਣਾ ਜੀ ਉਪਰ ਅਜੀਬ ਕਿਸਮ ਦਾ ਰੰਗ ਚੜ੍ਹ ਗਿਆ। ਉਸ ਵੇਲੇ ਆਪ ਜੀ ਦੇ ਮਨ ਵਿਚ ਆਇਆ ਕਿ ਮੈਂ ਅਜਿਹੀ ਮਹਾਨ ਹਸਤੀ ਦੇ ਦਰਸ਼ਨ ਜ਼ਰੂਰ ਕਰਨੇ ਹਨ। ਜਦੋਂ ਮੈਂ ਸੰਗ ਲੈ ਕੇ ਜਾਵਾਂਗਾ ਤਾਂ ਕਰਤਾਰਪੁਰ ਠਹਿਰਾਂਗਾ ਅਤੇ ਆਪ ਦੇ ਦਰਸ਼ਨ ਕਰਕੇ ਆਪਣੀ ਮਾਨਸਿਕ ਤ੍ਰਿਪਤੀ ਕਰਨ ਦਾ ਯਤਨ ਕਰਾਂਗਾ। ਇਸ ਪ੍ਰੇਰਨਾ ਦਾ ਸਦਕਾ ਭਾਈ ਲਹਿਣਾ ਜੀ ਜਿਸ ਸਮੇਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਪਾਸ

ਪਹੁੰਚਦੇ ਹਨ, ਦਰਸ਼ਨ ਕਰਦੇ ਹਨ ਉਸ ਵੇਲੇ ਇਕ ਦਮ ਗੁਰੂ ਨਾਨਕ ਪਿਆਰ ਵਿਚ ਲੀਨ ਹੋ ਗਏ ਉਨ੍ਹਾਂ ਨੇ ਜੋ ਗੁਰਸਿੱਖੀ ਲਈ ਘਾਲ ਕਮਾਈ ਕੀਤੀ ਉਸ ਨੇ ਸਮੂੰਹ ਵਿਚੋਂ ਸ਼੍ਰੋਮਣੀ ਦੀ ਪਦਵੀ ਆਪ ਨੂੰ ਪ੍ਰਦਾਨ ਕੀਤੀ। ਇਸ ਪੁਸਤਕ ਵਿਚ ਬਹੁਤ ਹੀ ਵਿਉਂਤ ਬੰਦ ਜੁਗਤ ਨਾਲ ਉਹ ਸਾਰੀਆਂ ਕਥਾਵਾਂ, ਘਟਨਾਵਾਂ ਲਿਖੀਆਂ ਹਨ ਜਿਨ੍ਹਾਂ ਕਰਕੇ ਭਾਈ ਲਹਿਣਾ ਜੀ ਗੁਰੂ ਅੰਗਦ ਦੇ ਰੂਪ ਵਿਚ ਪ੍ਰਗਟ ਹੋਏ ਹਨ ਅਤੇ ਦੁਨੀਆਂ ਦੇ ਤਾਰਕ ਬਣੇ। ਇਹ ਪੁਸਤਕ, ਪੁਸਤਕ ਵਾਂਗੂੰ ਨਹੀਂ ਲਿਖੀ ਗਈ ਇਹ ਤਾਂ ਹਜ਼ਾਰਾਂ ਪ੍ਰੇਮੀਆਂ ਵਿਚ ਤਿੰਨ-ਤਿੰਨ ਘੰਟੇ ਦੇ ਲੱਗੇ 14 ਦੀਵਾਨਾਂ ਵਿਚ, ਉਨ੍ਹਾਂ ਦੀ ਅਵਸਥਾ ਦੇ ਮੁਤਾਬਿਕ ਜੋ ਵਿਆਖਿਆ ਕੀਤੀ ਉਸ ਦੀ ਨਿਮੂਣੀ ਜਿਹੀ ਝਲਕ ਹੈ। ਆਪ ਦੇ ਕਰ ਕਮਲਾਂ ਵਿਚ ਇਸ ਪੁਸਤਕ ਦਾ ਪਹਿਲਾ ਹਿੱਸਾ ਪਹੁੰਚ ਰਿਹਾ ਹੈ ਅਤੇ ਦੂਸਰਾ ਹਿੱਸਾ ਵੀ ਬਹੁਤ ਜਲਦ ਹੀ ਛਾਪਿਆ ਜਾਵੇਗਾ। ਮੇਰਾ ਤਾਂ ਇਹ ਨਿਸ਼ਚਾ ਹੈ ਕਿ ਜੇਕਰ ਕੋਈ ਗੁਰਸਿੱਖ ਗੁਰੂ ਅੰਗਦ ਸਾਹਿਬ ਦੇ ਜੀਵਨ ਬਾਰੇ ਜਾਣ ਜਾਵੇ ਤਾਂ ਉਸ ਨੂੰ ਗੁਰਸਿੱਖੀ ਕਮਾਉਣ ਦੀ ਪੂਰੀ ਪੂਰੀ ਸੋਝੀ ਹੋ ਜਾਵੇਗੀ।

***ਵਰਿਆਮ ਸਿੰਘ***
***ਬਾਨੀ, ਮੁਖੀ ਤੇ ਚੇਅਰਮੈਨ***
***ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ।***

ਸਥਾਨ - ਮੋਹਾਲੀ, ਮਿਤੀ - 3-6-90, ਵੀਡੀਓ ਕੈਸਟ ਨੰ: 131

ਸਥਾਨ - ਰਤਵਾੜਾ ਸਾਹਿਬ, ਮਿਤੀ - 27-5-90, ਵੀਡੀਓ ਕੈਸਟ ਨੰ: 130

ਰਤਵਾੜਾ ਸਾਹਿਬ
13 ਸਤੰਬਰ, 2001

# ①

ਸ਼ਾਨ ..........................................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥* ਪੰਨਾ - 256

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥* ਪੰਨਾ - 289

*ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥*
*ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥*

*ਧਾਰਨਾ - ਆਇਓ ਸ਼ਰਨ ਤੁਹਾਰੀ,*
*ਸਤਿਗੁਰੂ ਆਇਓ ਸ਼ਰਨ ਤੁਹਾਰੀ -2, 2.*
*ਸਤਿਗੁਰ ਆਇਓ ਸ਼ਰਨ ਤੁਹਾਰੀ -2, 2.*
*ਆਇਓ ਸ਼ਰਨ ਤੁਹਾਰੀ....... -2, 2.*

*ਸਤਿਗੁਰ ਆਇਓ ਸਰਣਿ ਤੁਹਾਰੀ॥*
*ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥*
*ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥*
*ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ॥*
*ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥*
*ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ॥* ਪੰਨਾ - 713

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ -2, 2.*
*ਤਿਨ ਕੀ ਕਥਾ ਨਿਰਾਰੀ ਰੇ -2, 2.*
*ਹਰਿ ਕੇ ਸੇਵਕ ਜੋ ਹਰਿ ਭਾਏ........-2.*

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥* ਪੰਨਾ - 855

ਜੋ ਵਾਹਿਗੁਰੂ ਨੂੰ ਭਾਅ ਗਏ, ਉਨ੍ਹਾਂ ਦੀਆਂ ਕਥਾਵਾਂ ਤੇ ਸਾਡੇ ਲੋਕਾਂ ਦੀਆਂ ਕਥਾਵਾਂ ਰਲਿਆ ਨਹੀਂ ਕਰਦੀਆਂ। ਸਾਡਾ ਰੁਖ ਸੰਸਾਰ ਵੱਲ ਹੈ, ਅਸੀਂ ਕਾਲ ਦੇ ਪਟੇ ਦੇ ਉਤੇ ਲਿਖੇ ਹੋਏ ਹਾਂ; ਉਨ੍ਹਾਂ ਦਾ ਰੁਖ ਅਕਾਲ ਵੱਲ ਹੈ, ਜਿਸ ਥਾਂ ਤੇ ਨਾ ਕੋਈ ਮੌਤ, ਨਾ ਦੁਖ, ਨਾ ਕੋਈ ਤਕਲੀਫ ਪਹੁੰਚ ਸਕਿਆ ਕਰਦੀ ਹੈ।

ਦੁਖੀ ਹੋਇਆ ਸੰਸਾਰ ਤ੍ਰਿਸ਼ਨਾ ਦੀ ਅੱਗ ਵਿਚ ਜਲ-ਬਲ ਰਿਹਾ ਹੈ, ਵੈਰ-ਵਿਰੋਧ ਦੀ ਅੱਗ ਵਿਚ ਜਲ ਰਿਹਾ ਹੈ, ਥੋੜ੍ਹੀ ਜਿਹੀ ਦੇਰ ਵਾਸਤੇ ਵੀ ਸ਼ਾਂਤੀ ਨਹੀਂ ਆ ਰਹੀ। ਜਦੋਂ ਅਸੀਂ ਵਾਹਿਗੁਰੂ ਦੇ ਪਿਆਰਿਆਂ

ਦੀਆਂ ਕਥਾਵਾਂ ਮਨ ਚਿਤ ਲਾ ਕੇ ਸ੍ਵਣ ਕਰਾਂਗੇ ਤਾਂ ਸਾਡੇ ਵਾਸਤੇ ਵੀ ਰਸਤਾ ਖੁਲ੍ਹ ਜਾਇਆ ਕਰਦਾ ਹੈ। ਪਤਾ ਨਹੀਂ ਵਾਹਿਗੁਰੂ ਜੀ ਨੇ ਕਿਸ-ਕਿਸ ਨੂੰ ਭੇਜਿਆ ਹੈ ਤੇ ਉਸ ਨੇ ਕਦੋਂ ਜਾਗਣਾ ਹੈ ਤੇ ਕਦੋਂ ਉਸ ਨੇ ਬਹੁਤ ਵੱਡਾ ਬਣ ਕੇ ਵੱਡੀ-ਭਾਰੀ ਜ਼ਿੰਮੇਵਾਰੀ ਸਾਂਭਣੀ ਹੈ, ਕੋਈ ਨਹੀਂ ਕਹਿ ਸਕਦਾ ਕਿਉਂਕਿ ਅਕਾਲ-ਪੁਰਖ ਦੀ ਨੇਤ ਐਸੀ ਹੈ। ਜਿੰਨੇ ਵੀ ਵੱਡੇ-ਵੱਡੇ ਮਹਾਂਪੁਰਸ਼ ਹੋਏ ਨੇ, ਭਾਵੇਂ ਉਨ੍ਹਾਂ ਨੇ ਪਹਿਲਾਂ ਹੀ ਕਮਾਈਆਂ ਕੀਤੀਆਂ ਹੋਈਆਂ ਸੀ - ਪਿਛਲੇ ਜਨਮਾਂ ਦੇ ਅੰਦਰ, ਪਰ ਜਦੋਂ ਤਕ ਜਾਗ ਨਹੀਂ ਲਗਿਆ, ਕੋਈ ਪੂਰਨ ਪੁਰਸ਼ ਨਹੀਂ ਮਿਲਿਆ, ਓਨੀ ਦੇਰ ਤੱਕ ਉਹ ਦੁੱਧ ਦਾ ਦੁੱਧ ਬਣੇ ਰਹੇ ਤੇ ਜਿਸ ਵਕਤ ਜਾਗ ਲਗਿਆ ਫੇਰ ਦਹੀਂ ਬਣ ਕੇ ਮੱਖਣ ਤੇ ਘਿਓ ਦੇ ਰੂਪ ਵਿਚ ਪ੍ਗਟ ਹੋਏ। ਇਸੇ ਤਰ੍ਹਾਂ ਦੇ ਨਾਲ ਇਸ ਸੰਸਾਰ ਦੇ ਅੰਦਰ, ਇਸ ਪ੍ਰਾਕ੍ਰਿਤੀ ਦੇ ਅੰਦਰ ਛੋਟੀਆਂ ਰੂਹਾਂ ਵੀ ਆਉਂਦੀਆਂ ਹਨ, ਵੱਡੀਆਂ ਵੀ ਆਉਂਦੀਆਂ ਹਨ। ਵੱਡੀਆਂ ਨੂੰ ਕਿੰਨੀ ਦੇਰ ਤੱਕ ਮਹਾਰਾਜ ਗੁਪਤ ਰਖਦੇ ਨੇ, ਕਦੋਂ ਉਨ੍ਹਾਂ ਨੂੰ ਮਿਲਾਪ ਕਰਾਉਂਦੇ ਨੇ, ਇਹ ਸਾਰਾ, ਜਿੰਨਾ ਵੀ ਪ੍ਰੋਗਰਾਮ ਹੈ ਅਕਾਲ-ਪੁਰਖ ਦੇ ਹੱਥ ਹੈ, ਮਨੁੱਖ ਦੇ ਹੱਥ ਵਿਚ ਕੁਝ ਵੀ ਨਹੀਂ। ਸੋ ਇਸ ਤਰ੍ਹਾਂ -

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥ ਪੰਨਾ - 855***

ਉਨ੍ਹਾਂ ਦੀਆਂ ਨਿਆਰੀਆਂ ਕਥਾਵਾਂ ਹੋਇਆ ਕਰਦੀਆਂ ਹਨ।

ਗੁਰੂ ਅੰਗਦ ਸਾਹਿਬ ਮਹਾਰਾਜ, ਜਦੋਂ ਆਪ ਨੇ ਗੁਰਿਆਈ ਪ੍ਰਾਪਤ ਨਹੀਂ ਸੀ ਕੀਤੀ, ਉਸ ਵੇਲੇ ਨੂੰ ਸੁਣ ਕੇ ਹੈਰਾਨ ਹੋਈਦਾ ਹੈ ਕਿ ਆਪ ਕਿਸ ਅਵਸਥਾ ਵਿਚ ਸਨ। ਉਸ ਵੇਲੇ ਕੋਈ ਵੀ ਅੰਦਾਜ਼ਾ ਨਹੀਂ ਸੀ ਲਾ ਸਕਦਾ ਕਿ ਕੋਈ ਦਿਨ ਆਵੇਗਾ ਜਿਸ ਵਕਤ ਇਹ ਅਕਾਲ ਪੁਰਖ ਦਾ ਰੂਪ ਹੋ ਕੇ ਸਾਰੇ ਖੰਡਾਂ-ਬ੍ਰਹਿਮੰਡਾਂ ਦੇ ਮਾਲਕ ਬਣ ਜਾਣਗੇ। ਆਪ ਜੀ ਦਾ ਜਨਮ ਸੰਨ 1504 ਜਾਂ ਸੰਮਤ ਕਹੀਏ ਤਾਂ 1561, ਉਸ ਵੇਲੇ ਮੱਤੇ ਦੀ ਸਰਾਂ ਜੋ ਫਰੀਦਕੋਟ ਤੋਂ ਕੁਝ ਦੂਰ ਫਾਸਲੇ ਤੇ ਹੈ, ਉਸ ਪਿੰਡ ਦੇ ਅੰਦਰ ਹੋਇਆ। ਆਪ ਦੇ ਪਿਤਾ ਭਾਈ ਫੇਰੂ ਜੀ ਦਾ ਪਿਛੋਕੜ ਗੁਜਰਾਤ ਦਾ ਸੀ ਤੇ ਆਪ ਜੀ ਦੇ ਤਿੰਨ ਭਰਾ ਸਨ। ਇਹ ਆਪਣੇ ਪਿਤਾ ਪਾਸ ਮੰਗੋਵਾਲ ਰਹਿੰਦੇ ਸਨ ਪਰ ਭਾਈ ਫੇਰੂ ਮੱਲ ਨੂੰ ਉਨ੍ਹਾਂ ਦੇ ਨਾਨਕੇ ਮਤੇ ਦੀ ਸਰਾਏਂ ਲੈ ਗਏ। ਉਥੇ ਹੀ ਉਨ੍ਹਾਂ ਦੀ ਸ਼ਾਦੀ ਬੀਬੀ ਸਭਰਾਈ ਨਾਲ ਕਰ ਦਿਤੀ। ਭਾਈ ਫੇਰੂ ਮੱਲ ਫਾਰਸੀ ਜਾਨਣ ਵਾਲਾ ਹੁਸ਼ਿਆਰ ਮੁਨਸ਼ੀ ਅਤੇ ਲੇਖੇ ਪੱਤੇ ਦਾ ਪੂਰੀ ਤਰ੍ਹਾਂ ਮਾਹਰ ਸੀ। ਮੱਤੇ ਦੀ ਸਰਾਂ ਵਾਲਾ ਚੌਧਰੀ ਤਖਤ ਮੱਲ ਮੰਨਿਆ ਪ੍ਰਮੰਨਿਆ ਚੌਧਰੀ ਸੀ। ਉਸ ਨੇ ਫੇਰੂ ਮੱਲ ਨੂੰ ਆਪਣਾ ਕਾਰਦਾਰ ਬਣਾ ਲਿਆ। ਤਖਤ ਮੱਲ ਇਲਾਕੇ ਦਾ ਚੌਧਰੀ ਸੀ। ਇਕ ਵਾਰੀ ਭਾਈ ਫੇਰੂ ਜੀ ਤੋਂ ਲੇਖੇ ਪੱਤੇ ਵਿਚ ਕੁਝ ਗਲਤੀ ਹੋ ਗਈ ਉਸ ਵੇਲੇ ਉਨ੍ਹਾਂ ਨੇ ਉਸ ਨੂੰ ਭੋਰੇ ਵਿਚ ਬੰਦ ਕਰ ਦਿਤਾ। ਭਾਈ ਲਹਿਣਾ ਜੀ ਉਨ੍ਹਾਂ ਹੀ ਦਿਨਾਂ ਵਿਚ ਖਡੂਰ ਸਾਹਿਬ ਗਏ ਜਿਥੇ ਤਖਤ ਮੱਲ ਦੀ ਬੇਟੀ ਵਿਆਹੀ ਹੋਈ ਸੀ। ਉਸਨੂੰ ਸਾਰੀ ਵਾਰਤਾ ਦੱਸੀ। ਚੌਧਰੀ ਤਖਤ ਮੱਲ ਦੇ ਘਰੋਂ ਜੋ ਬੀਬੀ ਸੀ ਉਸ ਨੂੰ ਆਪ ਭੂਆ ਜੀ ਕਿਹਾ ਕਰਦੇ ਸਨ ਕਿਉਂਕਿ ਬਚਪਨ ਵਿਚ ਉਨ੍ਹਾਂ ਦੇ ਪੇਕੇ ਘਰ ਹੀ ਆਪ ਪਲੇ ਸਨ। ਦੁਬਾਰਾ ਹਿਸਾਬ ਕਿਤਾਬ ਦਾ ਹੁਕਮ ਹੋ ਗਿਆ ਅਤੇ ਜਦੋਂ ਹਿਸਾਬ ਕੀਤਾ, ਉਸ ਵੇਲੇ ਗਲਤੀ ਫੜੀ ਗਈ। ਭਾਵੇਂ ਚੌਧਰੀ ਨੇ ਆਪ ਦਾ ਬਹੁਤ ਸਤਿਕਾਰ ਕੀਤਾ ਪਰ ਆਪ ਦਾ ਮਨ ਪਿਛਲੇ ਵਰਤਾਰੇ ਤੋਂ ਉਚਾਟ ਹੋ ਗਿਆ। ਆਪ ਨੇ ਭਾਈ ਲਹਿਣਾ ਜੀ (ਗੁਰੂ ਅੰਗਦ ਸਾਹਿਬ) ਦੇ ਸਹੁਰਾ ਪਿੰਡ ਸੰਘਰ ਵਿਚ ਛੋਟਾ ਮੋਟਾ ਵਪਾਰ ਸ਼ੁਰੂ ਕਰ ਲਿਆ, ਪਰ ਉਸ ਦੇ ਨੇੜੇ ਹੀ ਹਰੀ ਕੇ ਪੱਤਣ ਜਿਥੋਂ ਦੀ ਆਮ ਜਨਤਾ ਅਤੇ ਫੌਜਾਂ ਲੰਘਦੀਆਂ ਸਨ ਉਥੇ ਜਾ ਕੇ ਵਪਾਰ ਸ਼ੁਰੂ ਕਰ ਦਿਤਾ ਅਤੇ ਥੋੜ੍ਹੇ ਦਿਨਾਂ ਵਿਚ ਹੀ ਅਕਾਲ ਪੁਰਖ ਦੀ ਰਹਿਮਤ ਨਾਲ ਅਮੀਰ ਹੋ ਗਏ। ਉਸ ਤੋਂ ਬਾਅਦ ਭਾਈ ਲਹਿਣਾ ਜੀ ਨੇ ਇਹ ਕਾਰੋਬਾਰ ਚਲਾਇਆ ਤੇ ਜਿਹੜਾ ਥੋਕ ਦਾ ਕੰਮ ਸੀ ਉਹ ਛੱਡ ਦਿਤਾ ਅਤੇ ਦੂਰ-ਦੂਰ ਤੱਕ ਨਮਕ ਦਾ ਕੰਮ ਕਰਨਾ ਸ਼ੁਰੂ ਕਰ ਦਿਤਾ ਕਿਉਂਕਿ ਹੋਰ ਚੀਜ਼ਾਂ ਤਾਂ ਸਾਰੀਆਂ ਘਰਾਂ 'ਚੋਂ ਮਿਲ ਜਾਂਦੀਆਂ ਸਨ - ਕਪੜਾ ਮਿਲ ਜਾਂਦਾ ਸੀ, ਤੇਲ ਮਿਲ ਜਾਂਦਾ ਸੀ, ਹਰ ਚੀਜ਼ ਘਰ 'ਚ ਹੁੰਦੀ ਹੈ ਲੇਕਿਨ ਇਕ ਨਮਕ ਸੀ ਜਿਹੜਾ ਮਿਲ ਨਹੀਂ ਸੀ ਸਕਦਾ, ਦੂਰੋਂ ਲਿਆਉਣਾ ਪੈਂਦਾ ਸੀ। ਬਹੁਤ ਚੰਗਾ

ਵਪਾਰ ਹੋ ਰਿਹਾ ਸੀ ਤੇ ਆਪ ਜੀ ਦੇਵੀ ਦੀ ਭਗਤੀ ਕਰਿਆ ਕਰਦੇ ਸੀ। ਉਸ ਸਮੇਂ ਭਾਰਤਵਰਸ਼ ਅੰਦਰ ਦੇਵੀਆਂ, ਦੇਵਤਿਆਂ ਦੀ ਪੂਜਾ ਆਮ ਤੌਰ ਤੇ 100% ਹੀ ਆ ਗਈ ਸੀ ਤੇ ਅਕਾਲ-ਪੁਰਖ ਨੂੰ ਮੰਨਣਾ ਬਹੁਤ ਦੂਰ ਦੀ ਗੱਲ ਰਹਿ ਗਈ ਸੀ। ਉਸਦਾ ਕਾਰਨ ਇਹ ਸੀ ਕਿ ਜੋ ਏਥੇ ਦਾ ਦਰਸ਼ਨ ਸੀ, ਉਹ ਇਹ ਸੀ ਕਿ ਜੋ ਈਸ਼ਵਰ ਹੈ ਉਹ ਸਰਬ ਕਲਾ ਸਮਰੱਥ ਨਹੀਂ ਹੈ। ਐਸਾ ਵਿਸ਼ਵਾਸ ਸੀ ਇਨ੍ਹਾਂ ਲੋਕਾਂ ਦਾ ਕਿ ਪ੍ਰਮਾਤਮਾ ਨੂੰ ਸ੍ਰਿਸ਼ਟੀ ਬਣਾਉਣ ਵਾਸਤੇ ਪ੍ਰਾਕ੍ਰਿਤੀ ਅਰਥਾਤ ਮਾਇਆ ਦੀ ਲੋੜ ਹੈ। ਮਾਇਆ ਪਹਿਲਾਂ ਹੀ ਸੀ ਤੇ ਉਸ ਤ੍ਰਿਗੁਣੀ-ਮਾਇਆ ਰਜੋ ਗੁਣ, ਤਮੋ-ਗੁਣ, ਸਤੋ ਗੁਣ ਦਾ ਜਦੋਂ ਈਸ਼ਵਰ ਦੇ ਨਾਲ ਸੰਜੋਗ ਹੋਇਆ, ਉਸ ਵੇਲੇ ਉਸ ਦੇ ਪ੍ਰਤਾਪ ਨਾਲ ਇਸ ਦੇ ਵਿਚ ਜੀਵ ਪੈਦਾ ਹੋਇਆ। ਸੋ ਵਾਹਿਗੁਰੂ ਪੂਰੀ ਤਰ੍ਹਾਂ ਸੁਤੰਤਰ ਨਹੀਂ ਸਨ। ਜਿਸ ਤਰ੍ਹਾਂ ਘੁਮਿਆਰ ਨੂੰ ਭਾਂਡੇ ਬਣਾਉਣ ਵਾਸਤੇ ਮਿੱਟੀ ਦੀ ਲੋੜ ਹੈ, ਚੱਕ ਦੀ ਲੋੜ ਹੈ, ਚੱਕ ਨੂੰ ਘੁਮਾਉਣ ਵਾਸਤੇ ਡੰਡੇ ਦੀ ਲੋੜ ਹੈ ਤੇ ਫੇਰ ਆਪਣੇ ਅੰਦਰ ਹੁਨਰ ਦੀ ਲੋੜ ਹੈ। ਸੋ ਜਦੋਂ ਇਹ ਚਾਰੇ ਚੀਜ਼ਾਂ ਇਕੱਠੀਆਂ ਹੋ ਜਾਂਦੀਆਂ ਹਨ ਫੇਰ ਕੋਈ ਚੀਜ਼ ਬਣਿਆ ਕਰਦੀ ਹੈ। ਸੋ ਐਸਾ ਵਿਸ਼ਵਾਸ ਹੋਣ ਦੇ ਕਾਰਨ ਈਸ਼ਵਰ ਜੋ ਸੀ, (ਵਾਹਿਗੁਰੂ ਜੀ ਨੂੰ ਈਸ਼ਵਰ ਹੀ ਕਿਹਾ ਕਰਦੇ ਸਨ) ਨਿਰਗੁਣ ਬ੍ਰਹਮ ਨੂੰ ਮੰਨਦੇ ਸੀ, ਪਰ ਈਸ਼ਵਰ ਦੂਸਰੇ ਦਰਜੇ ਤੇ ਸੀ। ਸੋ ਉਸ ਦੇ ਉਤੇ ਉਨ੍ਹਾਂ ਦਾ ਓਨਾਂ ਭਰੋਸਾ ਨਹੀਂ ਸੀ, ਉਹ ਕੋਈ ਰੂਪ-ਰੰਗ ਬੰਨ੍ਹ ਨਹੀਂ ਸੀ ਸਕਦੇ। ਇਸ ਕਰਕੇ ਜੋ ਦੇਵਤੇ ਸਨ - ਤਿੰਨ ਮੁਖੀ ਦੇਵਤੇ-ਵਿਸ਼ਨੂੰ ਜੀ, ਮਹੇਸ਼ ਜੀ ਤੇ ਬ੍ਰਹਮਾ ਜੀ; ਇਕ ਪਾਲਣ ਵਾਲਾ, ਇਕ ਲੈਅ ਕਰਨ ਵਾਲਾ, ਇਕ ਉਤਪਤੀ ਕਰਨ ਵਾਲਾ-

***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥*** ***ਪੰਨਾ - 7***

ਉਨ੍ਹਾਂ ਦੀ ਪੂਜਾ ਕਰਿਆ ਕਰਦੇ ਸਨ। ਵਾਹਿਗੁਰੂ ਜੀ ਨੂੰ ਤਕਰੀਬਨ ਇਕ ਤਰ੍ਹਾਂ ਨਾਲ ਭੁਲ ਹੀ ਚੁਕੇ ਸਨ। ਸੋ ਇਨ੍ਹਾਂ ਤੋਂ ਉਪਰਲੇ ਪਾਸੇ ਇਹ ਆਦਿ ਸ਼ਕਤੀ ਨੂੰ ਮੰਨਦੇ ਸੀ ਜਿਸ ਨੂੰ ਦੇਵੀ ਕਹਿ ਕੇ ਸੰਬੋਧਨ ਕੀਤਾ ਜਾਂਦਾ ਸੀ। ਅਨੇਕਾਂ ਹੀ ਨਾਮ ਨੇ - ਦੇਵੀ ਕਹਿ ਲਓ, ਆਦਿ ਸ਼ਕਤੀ ਕਹਿ ਲਓ, ਭਵਾਨੀ ਕਹਿ ਲਓ, ਭਗਉਤੀ ਕਹਿ ਲਓ, ਕੁਝ ਕਹਿ ਲਓ, ਇਹ ਉਸੇ ਸ਼ਕਤੀ ਨੂੰ ਸੰਕੇਤ ਕਰਦੇ ਹਨ।

ਸੋ ਭਾਈ ਫੇਰੂ ਜੀ ਨੇ ਕਾਫੀ ਸੰਗਤ ਬਣਾਈ ਹੋਈ ਸੀ। ਇਹ ਸਾਲ ਦੇ ਸਾਲ ਸੰਗ ਲੈ ਕੇ ਜਾਇਆ ਕਰਦੇ ਸੀ- ਦੇਵੀਆਂ ਦਾ ਪੂਜਨ ਕਰਨ ਵਾਸਤੇ।

ਦੇਵੀਆਂ ਦਾ ਪੂਜਨ ਕਰਨ ਵਾਸਤੇ ਆਪ ਨੇ ਆਪਣੇ ਪਿਤਾ ਦੀ ਥਾਂ ਦੇ ਉਤੇ ਉਨ੍ਹਾਂ ਵਾਲਾ ਹੀ ਧਰਮ-ਕਰਮ ਦੇਵੀ ਦੇ ਜਗਰਾਤੇ ਕਟਣੇ ਸ਼ੁਰੂ ਕਰ ਦਿਤੇ। ਸਾਰੀ ਰਾਤ ਆਪ ਘੁੰਗਰੂ ਬੰਨ੍ਹ ਕੇ ਨ੍ਰਿਤ ਕਰਿਆ ਕਰਦੇ ਸੀ, ਭੇਟਾਂ ਗਾਇਆ ਕਰਦੇ ਸੀ, ਗਲਾ ਬਹੁਤ ਰਸੀਲਾ ਸੀ, ਸੋਹਣੇ-ਸੁਨੱਖੇ ਸੀ, ਨੌਜਵਾਨ ਸੀ, ਭਰਵਾਂ ਚਿਹਰਾ ਸੀ ਤੇ ਜਿਹੜਾ ਵੀ ਦੇਖਦਾ ਸੀ, ਦੇਖਦੇ ਸਾਰ ਮੋਹਿਤ ਹੋ ਜਾਂਦਾ ਸੀ। ਕੁਦਰਤ ਨੇ ਖਾਸ ਹੀ ਆਪ ਨੂੰ ਰੂਪ ਦਿਤਾ ਸੀ, ਕੁਝ ਧਾਰਮਿਕ ਜਜ਼ਬਾਤ ਹੋਣ ਕਰਕੇ, ਹਰ ਵਕਤ ਸੰਜੀਦਗੀ 'ਚ ਹੋਣ ਕਰਕੇ ਸਾਰੇ ਹੀ ਇਨ੍ਹਾਂ ਦਾ ਮਾਣ ਕਰਦੇ ਸੀ।

ਇਕ ਦਿਨ ਦੀ ਗੱਲ ਹੈ ਕਿ ਸਾਰੀ ਰਾਤ ਦਾ ਜਗਰਾਤਾ ਹੋ ਰਿਹਾ ਹੈ, ਭੇਟਾਂ ਗਾਈਆਂ ਜਾ ਰਹੀਆਂ ਹਨ ਤੇ ਨ੍ਰਿਤ ਹੋ ਰਿਹਾ ਹੈ। ਆਪ ਦੇ ਗਿੱਟਿਆਂ ਦੇ ਕੋਲ ਘੁੰਗਰੂ ਬੰਨ੍ਹੇ ਹੋਏ ਨੇ, ਹੱਥਾਂ ਦੇ ਵਿਚ ਖੜਤਾਲਾਂ ਨੇ, ਬਹੁਤ ਜੋਸ਼ ਦੇ ਨਾਲ, ਬੜੀ ਸ਼ਰਧਾ ਦੇ ਨਾਲ ਸਾਰੀ ਰਾਤ ਆਪ ਕੀਰਤਨ ਕਰਦੇ ਰਹੇ। ਉਸ ਤੋਂ ਬਾਅਦ ਜਦੋਂ ਅੰਮ੍ਰਿਤ ਵੇਲਾ ਹੋਇਆ - ਦੋ ਵਜੇ ਜਾਂ 3 ਵਜੇ, ਉਦੋਂ ਖਿਆਲ ਆਇਆ ਕਿ ਜਾ ਕੇ ਇਸ਼ਨਾਨ ਕਰੀਏ। ਪਾਣੀ ਦਾ ਕੋਈ ਹੋਰ ਪ੍ਰਬੰਧ ਨਹੀਂ ਸੀ ਹੁੰਦਾ, ਟੋਭੇ ਹੋਇਆ ਕਰਦੇ ਸੀ - ਪਿੰਡਾਂ ਦੇ ਵਿਚ, ਉਨ੍ਹਾਂ ਨੂੰ ਸਾਫ ਸੁਥਰਾ ਰਖਿਆ ਕਰਦੇ ਸੀ।

ਸੋ ਉਸ ਵੇਲੇ ਆਪ ਜੀ ਇਸ਼ਨਾਨ ਕਰਨ ਵਾਸਤੇ ਜਾਂਦੇ ਹਨ। ਜਿਸ ਤਰ੍ਹਾਂ ਕਿ ਜਾਗ ਲਗਿਆ ਕਰਦਾ ਹੈ, ਇਸ ਤਰ੍ਹਾਂ ਉਥੇ ਗੁਰੂ ਨਾਨਕ ਪਾਤਸ਼ਾਹ ਦਾ ਇਕ ਸਿੱਖ ਜਿਸ ਦਾ ਨਾਮ ਭਾਈ ਜੋਧ ਸੀ,

ਗੁਰੂ ਮਹਾਰਾਜ ਕੋਲ ਬਹੁਤ ਜਾਇਆ ਕਰਦਾ ਸੀ ਤੇ ਉਸ ਨੇ ਬਹੁਤ ਬਾਣੀ ਯਾਦ ਕੀਤੀ ਹੋਈ ਸੀ। ਉਸ ਵੇਲੇ ਉਹ ਵੀ ਇਸ਼ਨਾਨ ਕਰਨ ਲਈ ਆਏ। ਜਿਸ ਦੇ ਮਨ ਦੇ ਅੰਦਰ ਬਾਣੀ ਹੁੰਦੀ ਹੈ ਉਹ ਜਾਂ ਤਾਂ ਚੁਪ ਕਰਕੇ ਪੜ੍ਹਦਾ ਹੈ ਜਾਂ ਹੌਲੀ-ਹੌਲੀ ਪੜ੍ਹਦਾ ਹੈ ਜਾਂ ਗਾ ਕੇ ਪੜ੍ਹਦਾ ਹੈ। ਆਪ ਜੀ ਦੇ ਮੁਖ 'ਚੋਂ ਉਸ ਵੇਲੇ ਇਸ ਭਾਵ ਦੇ ਸ਼ਬਦ ਨਿਕਲ ਰਹੇ ਸਨ -

*ਧਾਰਨਾ - ਅੰਮ੍ਰਿਤ ਵੇਲੇ ਓ ਕੌਣ ਜਾਗਦੇ -2, 2.*
*ਕੋਈ ਜਾਗਦੇ ਨੇ, ਰਾਮ ਪਿਆਰੇ -2, 2.*
*ਕੋਈ ਜਾਗਦੇ ਨੇ ਰਾਮ ਪਿਆਰੇ ਸੰਗਤੇ, ਕੌਣ ਜਾਗਦੇ,*
*ਅੰਮ੍ਰਿਤ ਵੇਲੇ ਓ ...............-2.*

*ਭਿੰਨੀ ਰੈਨੜੀਐ ਚਾਮਕਨਿ ਤਾਰੇ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥*
*ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥*
*ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥*
*ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ॥*
*ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ॥ ਪੰਨਾ - 459*

ਜਾਗਣਾ ਸਾਰਿਆਂ ਦੇ ਹਿੱਸੇ 'ਚ ਨਹੀਂ ਆਉਂਦਾ। ਜਾਂ ਤਾਂ ਦੁਖੀ ਬੰਦੇ ਨੂੰ ਨੀਂਦ ਨਹੀਂ ਆਇਆ ਕਰਦੀ; ਸਰੀਰ ਦੇ ਅੰਦਰ ਕੋਈ ਰੋਗ ਹੋਵੇ, ਕਿਸੇ ਦੇ ਸਿਰ ਤੇ ਕੋਈ ਦੁਸ਼ਮਣ ਹੋਵੇ, ਉਸ ਨੂੰ ਵੀ ਨੀਂਦ ਨਹੀਂ ਆਇਆ ਕਰਦੀ; ਕਰਜ਼ਾ ਦੇਣਾ ਹੋਵੇ ਤੇ ਮਨ ਵਿਚ ਖਿਆਲ ਹੋਵੇ ਕਿ ਜ਼ਰੂਰ ਦੇਣਾ ਹੈ, ਭੰਨਾਂ-ਘਾੜਤਾਂ 'ਚ ਪਿਆ ਹੋਇਆ ਉਹ ਵੀ ਨਹੀਂ ਸੌਂਇਆਂ ਕਰਦਾ; ਲੜਕੀ ਜਵਾਨ ਹੋਵੇ, ਵਰ ਨਾ ਮਿਲਦਾ ਹੋਵੇ, ਉਸ ਨੂੰ ਵੀ ਨੀਂਦ ਨਹੀਂ ਆਉਂਦੀ; ਲੇਕਿਨ ਇਹ ਜਾਗਣਾ ਦੁਖਦਾਈ ਹੁੰਦਾ ਹੈ ਪਰ ਜੋ ਪ੍ਰਭੂ ਦੇ ਪਿਆਰ ਵਿਚ ਜਾਗਦੇ ਨੇ, ਉਹ ਸੁਖਾਂ ਦੀ ਜਾਗ ਹੁੰਦੀ ਹੈ। ਉਸ ਜਾਗਣ ਵਾਸਤੇ ਬਾਣੀ ਦੇ ਅੰਦਰ ਬਾਰ-ਬਾਰ ਫੁਰਮਾਨ ਆਉਂਦੇ ਨੇ-

*ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ॥*
*ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ॥ ਪੰਨਾ - 1371*

ਸੁੱਤਾ ਪਿਆ ਕੀ ਕਰਦਾ ਹੈਂ? ਉਠ ਕੇ ਬੈਠ, ਜਾਗ ਅਤੇ ਯਾਦ ਕਰ ਕਿ ਕਿਸੇ ਦਿਨ ਵਾਹਿਗੁਰੂ ਨਾਲੋਂ ਤੇਰਾ ਵਿਛੋੜਾ ਹੋਇਆ ਸੀ, ਤੂੰ ਉਸ ਨੂੰ ਮਿਲਣਾ ਹੈ, ਉਸ ਨੂੰ ਮਿਲਣ ਵਾਸਤੇ ਤੈਨੂੰ ਇਹ ਮਾਨਸ ਦੇਹੀ, ਮਨੁੱਖ ਜਨਮ ਮਿਲਿਆ ਹੈ।

ਮਹਾਰਾਜ ਫੁਰਮਾਨ ਕਰਦੇ ਹਨ ਕਿ ਦਲਿੱਦਰੀ ਬੰਦੇ ਜਿਨ੍ਹਾਂ ਦੇ ਭਾਗ ਮਾੜੇ ਨੇ, ਉਨ੍ਹਾਂ ਨੂੰ ਅੰਮ੍ਰਿਤ ਵੇਲੇ ਜਾਗ ਨਹੀਂ ਆਇਆ ਕਰਦੀ ਕਿਉਂਕਿ ਉਨ੍ਹਾਂ ਦਾ ਅਜੇ ਸਮਾਂ ਨਹੀਂ ਆਇਆ। ਜੋ ਪ੍ਰਭੂ ਦੇ ਪਿਆਰੇ ਨੇ, ਉਹ ਅੰਮ੍ਰਿਤ ਵੇਲੇ ਜਾਗਦੇ ਹਨ, ਉਸ ਸਮੇਂ ਉਨ੍ਹਾਂ ਨੂੰ ਨੀਂਦ ਨਹੀਂ ਆਇਆ ਕਰਦੀ ਕਿਉਂਕਿ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ। ਡਾ. ਭਾਈ ਵੀਰ ਸਿੰਘ ਜੀ*

ਅੰਮ੍ਰਿਤ ਵੇਲਾ ਹੁੰਦੇ ਹੀ ਉਨ੍ਹਾਂ ਦੇ ਅੰਦਰ ਖਿੱਚ ਪੈਂਦੀ ਹੈ, ਉਸ ਵਕਤ ਉਹ ਸੌਂ ਨਹੀਂ ਸਕਿਆ ਕਰਦੇ ਕਿਉਂਕਿ ਆਪਣੇ ਪਿਆਰੇ ਦੀ ਯਾਦ ਦੇ ਅੰਦਰ ਜੁੜ ਬੈਠਣ ਦੀ ਤਾਂਘ ਹੁੰਦੀ ਹੈ, ਉਸ ਦੇ ਦਰਸ਼ਨਾਂ ਦੀ ਤਾਂਘ ਹੁੰਦੀ ਹੈ। ਇਹ ਸਮਾਂ ਕੇਵਲ ਪ੍ਰਭੂ ਦੇ ਪਿਆਰਿਆਂ ਦੇ ਹਿੱਸੇ ਵਿਚ ਆਇਆ ਹੈ। ਮਨਮੁੱਖ ਬੰਦਿਆਂ

ਦੇ ਭਾਗਾਂ ਵਿਚ ਨਹੀਂ ਹੁੰਦਾ ਕਿਉਂਕਿ ਪਹਿਲੀ ਰਾਤ ਤਾਂ ਉਹ ਰੰਗ ਰਲੀਆਂ ਵਿਚ ਮਸਤ ਰਹਿੰਦੇ ਨੇ ਤੇ ਅੰਮ੍ਰਿਤ ਵੇਲੇ ਉਨ੍ਹਾਂ ਨੂੰ ਜਾਗ ਨਹੀਂ ਆਇਆ ਕਰਦੀ, ਇਸ ਸੰਸਾਰ ਤੇ ਆਉਣ ਦਾ ਮਨੋਰਥ ਉਨ੍ਹਾਂ ਨੂੰ ਭੁੱਲ ਗਿਆ। ਗੁਰੂ ਮਹਾਰਾਜ ਦਾ ਬੜਾ ਕਰੜਾ ਵਾਕ ਹੈ, ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਤੂੰ ਜੀਉਂਦਾ ਮਰ ਗਿਆ ਓ,***
***ਗਾਫਲਾ ਤੈਨੂੰ ਜਾਗ ਨਾ ਆਈ –2, 2.***

***ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥ ਪੰਨਾ – 1383***

ਜੇ ਅੰਮ੍ਰਿਤ ਵੇਲੇ ਨਹੀਂ ਜਾਗਿਆ, ਫੇਰ ਤਾਂ ਤੂੰ ਜੀਉਂਦਾ ਹੀ ਮਰ ਗਿਆ ਕਿਉਂਕਿ ਤੈਨੂੰ ਤਾਂ ਰੱਬ ਭੁਲਿਆ ਹੋਇਆ ਹੈ ਪਰ ਵਾਹਿਗੁਰੂ ਦੇ ਤਾਂ ਤੂੰ ਯਾਦ ਹੈਂ –

***ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥ ਪੰਨਾ – 1383***

ਉਹ ਹਰ ਵੇਲੇ ਤੇਰੇ ਨਾਲ ਰਹਿੰਦਾ ਹੈ, ਇੰਤਜ਼ਾਰ ਕਰਦਾ ਹੈ ਕਿ ਇਹ ਅਰਬਾਂ-ਖਰਬਾਂ ਸਾਲਾਂ ਦਾ ਚੱਲ ਰਿਹਾ ਰਾਹੀ ਕਦੋਂ ਘਰ ਵਾਪਸ ਆਏਗਾ; ਕਿਉਂਕਿ ਬਹੁਤ ਚਿਰ ਹੋ ਗਿਆ –

***ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥***
***ਪੰਨਾ – 176***

ਪ੍ਰਮੇਸ਼ੁਰ ਇਸ ਦੀ ਇੰਤਜ਼ਾਰ ਕਰਦਾ ਹੈ ਪਰ ਇਸ ਨੂੰ ਜਾਗ ਨਹੀਂ ਆਉਂਦੀ; ਕਿਵੇਂ ਜਗਾਇਆ ਜਾਵੇ? ਜਾਗ ਨਹੀਂ ਆਇਆ ਕਰਦੀ ਸਾਧ-ਸੰਗਤ ਜੀ! ਜਦੋਂ ਤੱਕ ਪੂਰਾ ਨਾ ਮਿਲੇ –

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਪੰਨਾ – 204***

ਜਦੋਂ ਰਸਿਕ ਬੈਰਾਗੀ ਨਾਲ ਮੇਲ ਹੁੰਦਾ ਹੈ, ਉਸ ਵੇਲੇ ਫੇਰ ਹੁੰਦਾ ਕੀ ਹੈ ਜਦੋਂ ਮਿਲ ਜਾਂਦਾ ਹੈ? ਕਹਿੰਦੇ –

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥***
***ਪੰਨਾ – 204***

ਇਹ ਜਿਹੜਾ ਮਨ ਵਿਚ ਹਨ੍ਹੇਰਾ ਪਿਆ ਹੋਇਆ ਹੈ ਇਸ ਦਾ ਖਾਤਮਾ ਹੋ ਜਾਂਦਾ ਹੈ – ਅਗਿਆਨ ਦੇ ਹਨ੍ਹੇਰੇ ਦਾ।

ਕਰੋੜਾਂ ਜਨਮਾਂ ਦੀ ਸੁਤੀ ਹੋਈ ਹਉਮੈ 'ਚ ਖੇਲ੍ਹ ਰਹੀ ਸੁਰਤ ਜਾਗ ਪਿਆ ਕਰਦੀ ਹੈ। ਇਹ ਵੀ ਇਕ ਜਾਗ ਹੈ। ਦੂਸਰੀ ਜਾਗ ਸਰੀਰ ਦੀ ਹੈ। ਜਿਹੜਾ ਸਰੀਰ ਤੋਂ ਨਹੀਂ ਜਾਗਦਾ, ਉਸ ਨੂੰ ਰੂਹਾਨੀ ਜਾਗ ਕਿਵੇਂ ਆ ਜਾਏਗੀ? ਨਹੀਂ ਆਇਆ ਕਰਦੀ। ਉਹ ਸਮਾਂ ਹੁੰਦਾ ਹੈ। ਉਸ ਵੇਲੇ ਕਹਿੰਦੇ ਨੇ ਲੁਟਿਆ ਗਿਆ ਇਹ, ਮੁਸਿਆ ਗਿਆ–

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥***
***ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥***
***ਪੰਨਾ – 644***

ਬੁਰੇ ਕੰਮ ਵਾਸਤੇ, ਗਲਤ ਕੰਮ ਕਰਨ ਵਾਸਤੇ ਕਦੇ ਇਹ ਸਮਾਂ ਨਹੀਂ ਦੇਖਦਾ; ਭਾਵੇਂ ਰਾਤ ਹੋਵੇ, ਭਾਵੇਂ ਦਿਨ ਹੋਵੇ, ਇਸ ਨੂੰ ਨੀਂਦ ਨਹੀਂ ਆਉਂਦੀ, ਆਲਸ ਨਹੀਂ ਆਉਂਦਾ। ਜੋ ਭਜਨ ਕਰਨ ਦਾ, ਪ੍ਰਮੇਸ਼ਰ ਨਾਲ ਮਿਲਣ ਦਾ ਸਮਾਂ – ਅੰਮ੍ਰਿਤ ਵੇਲਾ ਹੈ, ਉਸ ਦੀ ਸੰਭਾਲ ਨਹੀਂ ਕਰਦਾ। ਸੋ ਇਸ ਤਰ੍ਹਾਂ –

***ਬੁਰੇ ਕਾਮ ਕਉ ਊਠਿ ਖਲੋਇਆ॥ ਨਾਮ ਕੀ ਬੇਲਾ ਪੈ ਪੈ ਸੋਇਆ॥***
***ਪੰਨਾ - 738***

***ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ॥ ਪੰਨਾ - 518***

ਸ਼ੇਰ ਵਰਗਾ ਜਿਗਰਾ ਹੋ ਜਾਂਦਾ ਹੈ ਜਦੋਂ ਕੋਈ ਗਲਤ ਕੰਮ ਕਰਨਾ ਹੁੰਦਾ ਹੈ। ਸੋ ਅੰਮ੍ਰਿਤ ਵੇਲੇ ਓਹੀਓ ਜਾਗਦੇ ਨੇ ਜਿਨ੍ਹਾਂ ਦੇ ਸੀਨੇ ਦੇ ਵਿਚ ਪ੍ਰਭੂ-ਪਿਆਰ ਦੀ ਖਿੱਚ ਪਈ ਹੋਈ ਹੈ। ਉਹ ਨਹੀਂ ਸੌਂਇਆ ਕਰਦੇ।

ਇਕ ਵਾਰ ਦੀ ਗੱਲ ਹੈ ਕਿ ਗੁਰੂ ਨਾਨਕ ਪਾਤਸ਼ਾਹ ਜਾ ਰਹੇ ਨੇ। ਮਰਦਾਨੇ ਦੀ ਨਿਗਾਹ ਵਿਚ ਇਕ ਬਹੁਤ ਹੀ ਅਜੀਬ ਕਿਸਮ ਦਾ ਬੰਦਾ ਆਇਆ ਜਿਸ ਨੇ ਇਕ ਬਹੁਤ ਵੱਡਾ ਜੁਲੜ ਚੁਕਿਆ ਹੋਇਆ ਹੈ। ਮਰਦਾਨਾ ਕਹਿਣ ਲੱਗਿਆ, "ਪਾਤਸ਼ਾਹ! ਇਹ ਬੰਦਾ ਕਿਹੋ-ਜਿਹਾ ਹੋਇਆ? ਇਹ ਕਿੱਡਾ ਭਾਰਾ ਜੁਲੜ ਚੁਕੀ ਜਾ ਰਿਹਾ ਹੈ।"

ਮਹਾਰਾਜ ਕਹਿੰਦੇ, "ਮਰਦਾਨਿਆ! ਬੁਲਾ ਕੇ ਪੁਛ ਲੈ।" ਅਵਾਜ਼ ਦਿਤੀ ਤਾਂ ਕੋਲ ਆ ਗਿਆ। ਜੁਲੜ ਰੱਖ ਦਿਤਾ।

ਕਹਿੰਦੇ, "ਕੌਣ ਹੈਂ ਤੂੰ?"

ਕਹਿੰਦਾ, "ਮੈਂ ਕਲਜੁਗ ਹਾਂ, ਮੈਂ ਇਕੋ ਜਿਹਾ ਨਹੀਂ ਰਹਿੰਦਾ। ਨਾ ਕਿਸੇ ਬੰਦੇ ਤੇ ਇਕੋ-ਜਿਹਾ ਰਹਿੰਦਾ ਹਾਂ, ਨਾ ਵਾਤਾਵਰਣ ਤੇ ਇਕੋ ਜਿਹਾ ਰਹਿੰਦਾ ਹਾਂ। ਮੇਰੇ ਵਿਚ ਤਬਦੀਲੀ ਹਰ ਵਕਤ ਆਉਂਦੀ ਹੈ, ਹਰ ਰੋਜ਼ ਆਉਂਦੀ ਹੈ, ਹਰ ਛਿਨ ਆਉਂਦੀ ਹੈ। ਅੱਖ ਝਪਕਣ ਜਿੰਨੇ ਸਮੇਂ ਵਿਚ ਮੈਂ ਬਦਲ ਜਾਇਆ ਕਰਦਾ ਹਾਂ, ਉਹੋ ਜਿਹਾ ਨਹੀਂ ਰਿਹਾ ਕਰਦਾ। ਕਦੇ ਉਹ ਸਮਾਂ ਸੀ ਜਦੋਂ ਮੈਂ ਸਤਿ ਦੇ ਅੰਦਰ ਰਿਹਾ ਕਰਦਾ ਸੀ। ਸਾਰੀ ਰਿਆਇਆ ਜਿੰਨੇ ਜੀਵ ਜੰਤੂ ਸਨ, ਸਭ ਸਤਿ ਦਾ ਪਾਲਣ ਕਰਦੇ ਸਨ। ਮਨੁੱਖ, ਜਾਨਵਰਾਂ ਦੀਆਂ ਬੋਲੀਆਂ ਹੋਈਆਂ ਬੋਲੀਆਂ ਸਮਝਦੇ ਸਨ, ਵਾਤਾਵਰਣ ਦੀ ਬੋਲੀ, ਹਵਾ ਦੀ ਬੋਲੀ ਸਮਝਦੇ ਸਨ। ਸਭ ਗੱਲਾਂ ਜਾਣਦੇ ਸੀ telepathy (ਦੂਰ-ਸੰਵੇਦਨ) ਰਾਹੀਂ ਹਰੇਕ ਦੇ ਮਨ ਦੀ ਬਗੈਰ ਬੋਲੇ ਗੱਲ ਜਾਣਦੇ ਸੀ ਤੇ ਸਤਿ ਦੇ ਪੁਜਾਰੀ ਹੁੰਦੇ ਸੀ, ਉਹ ਵੀ ਸਮਾਂ ਸੀ। ਫੇਰ ਰਾਜਿਆਂ ਦਾ ਵਕਤ ਆਇਆ, ਤ੍ਰੇਤਾ ਯੁਗ ਆਇਆ। ਯੱਗਾਂ ਦਾ ਜ਼ੋਰ ਆਇਆ, ਵੱਡੇ-ਵੱਡੇ ਯੱਗ, ਰਾਜਸੂ ਯੱਗ, ਅਨੇਕ ਕਿਸਮ ਦੇ ਯੱਗ ਕਰਨੇ ਸ਼ੁਰੂ ਹੋਏ। ਫੇਰ ਪੂਜਾ ਦਾ ਸਮਾਂ ਆਇਆ - ਦੁਆਪਰ ਯੁਗ ਦੇ ਅੰਦਰ, ਉਹ ਵੀ ਲੰਘ ਗਿਆ ਤੇ ਫੇਰ ਕਲਜੁਗ ਦਾ ਸਮਾਂ ਆਇਆ। ਓਹੀ ਸਮਾਂ, ਓਹੀ ਦਰਖਤ, ਓਹੀ ਮੌਸਮ ਸਭ ਕਾਇਮ ਨੇ ਲੇਕਿਨ ਸਮਾਂ ਬਦਲ ਗਿਆ। ਸਮਾਂ ਬਦਲਣ ਨਾਲ ਜਿਹੜਾ ਮਨੁੱਖ ਸੀ, ਇਹ ਦੇਵਤੇ ਦੀ ਪਦਵੀ ਤੋਂ ਗਿਰ ਕੇ ਭੂਤ-ਪ੍ਰੇਤ ਬਣ ਗਿਆ-

***ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ ਸਤਜੁਗਿ ਪਰਮ ਹੰਸ ਬੀਚਾਰੀ॥***
***ਦੁਆਪਰਿ ਤ੍ਰੇਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ॥ ਪੰਨਾ - 1131***

ਸੋ ਸਮਾਂ ਹਮੇਸ਼ਾ ਹੀ ਬਦਲਦਾ ਚਲਿਆ ਜਾਂਦਾ ਹੈ।"

ਕਹਿਣ ਲੱਗਿਆ, "ਹੁਣ ਮੇਰਾ ਸਮਾਂ ਆ ਗਿਆ ਹੈ, ਮੈਨੂੰ ਕਲਜੁਗ ਕਹਿੰਦੇ ਨੇ। ਹਾਂ ਤਾਂ ਮੈਂ ਇਕੋ ਹੀ ਸਮਾਂ ਲੇਕਿਨ ਮੇਰੀਆਂ ਕਰਤੂਤਾਂ ਦੇ ਨਾਲ, ਮੇਰੀ ਅਦਲਾ-ਬਦਲੀ ਦੇ ਨਾਲ ਸਿਆਣਿਆਂ ਨੇ ਮੈਨੂੰ ਭੰਨ ਕੇ ਰੱਖ ਦਿਤਾ। ਸਤਾਰ੍ਹਾਂ ਲੱਖ ਅਠਾਈ ਹਜ਼ਾਰ ਸਾਲ ਮੈਨੂੰ ਸਤਿਜੁਗ ਕਹਿੰਦੇ ਰਹੇ ਤੇ ਬਾਰਾਂ ਲੱਖ ਛਿਆਨਵੇਂ ਹਜ਼ਾਰ ਸਾਲ ਮੈਨੂੰ ਤ੍ਰੇਤਾ ਕਹਿੰਦੇ ਰਹੇ, ਅੱਠ ਲੱਖ ਚੌਹਠ ਹਜ਼ਾਰ ਸਾਲ ਮੈਨੂੰ ਦੁਆਪਰ ਕਹਿੰਦੇ ਰਹੇ ਤੇ ਹੁਣ ਚਾਰ ਲੱਖ ਬੱਤੀ ਹਜ਼ਾਰ ਸਾਲ ਮੈਨੂੰ ਕਲਜੁਗ ਕਹਿੰਦੇ ਰਹਿਣਗੇ। ਸੋ ਮੈਂ ਕਲਜੁਗ ਹਾਂ ਭਾਈ, ਮੈਂ ਸਮਾਂ ਹਾਂ।"

ਮਹਾਰਾਜ ਕਹਿੰਦੇ, "ਇਹ ਕੀ ਚੁਕਿਆ ਹੈ?"

ਕਹਿੰਦਾ, "ਇਹ ਜੁਲੜ ਚੁਕਿਆ ਹੈ - ਆਲਸ ਦਾ ਜੁਲੜ, ਕਿਉਂਕਿ ਇਸ ਵੇਲੇ ਜਿਹੜੇ ਜੀਵ-ਜੰਤੂ ਨੇ,

ਉਨ੍ਹਾਂ ਦੇ ਹਿਰਦੇ ਵਿਚੋਂ ਪ੍ਰਮੇਸ਼ਰ ਦੀ ਭਗਤੀ ਨਿਕਲ ਚੁਕੀ ਹੈ ਤੇ ਆਲਸ ਦਾ ਜੁਲੜ ਮੈਂ ਸਾਰਿਆਂ ਦੇ ਉਤੇ ਪਾ ਦਿੰਦਾ ਹਾਂ ਤੇ ਅੰਮ੍ਰਿਤ ਵੇਲੇ ਜਦੋਂ ਨਾਮ ਜਪਣ ਦਾ ਵੇਲਾ ਹੁੰਦਾ ਹੈ ਫੇਰ ਇਨ੍ਹਾਂ ਨੂੰ ਬਾਰ-ਬਾਰ ਗਾੜ੍ਹੀ ਨੀਂਦ ਆਉਂਦੀ ਹੈ, ਫੇਰ ਜਗਾਏ ਵੀ ਨਹੀਂ ਜਾਗਦੇ। ਸਰੀਰ ਇਕੱਠਾ ਨਹੀਂ ਹੁੰਦਾ ਕਿਉਂਕਿ ਰੁਚੀ ਨਹੀਂ ਹੈ ਅੰਦਰ।"

ਕਹਿਣ ਲੱਗੇ, "ਇਸ ਦੇ ਵਿਚ ਗਲੀਆਂ ਹੋਈਆਂ ਹੋਈਆਂ ਹਨ?"

ਕਹਿਣ ਲੱਗਿਆ, "ਗਲੀਆਂ! ਗੁਰੂ ਨਾਨਕ ਪਾਤਸ਼ਾਹ ਨੇ ਇਸ ਦੀ ਮਹੱਤਤਾ ਦੇ ਉਤੇ ਜ਼ੋਰ ਦਿਤਾ ਹੈ ਤੇ ਜਿਹੜੇ ਸ਼ੌਕ ਵਾਲੇ ਗੁਰਸਿਖ ਨੇ, ਜਿਨ੍ਹਾਂ ਨੇ ਇਹ ਜਾਣ ਲਿਆ ਹੈ ਕਿ-

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥*** ***ਪੰਨਾ - 12***

ਜਿਨ੍ਹਾਂ ਦੇ ਹਿਰਦੇ 'ਚ ਇਹ ਸੋਝੀ ਪੈ ਗਈ ਕਿ ਇਹ ਜੋ ਜਨਮ ਹੈ ਇਹ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਮਿਲਿਆ ਹੈ, ਨਾਲ ਇਹ ਵੀ ਸੋਝੀ ਪੈ ਗਈ ਕਿ ਜੇ ਕਲਜੁਗ ਦੇ ਅੰਦਰ ਥੋੜ੍ਹਾ ਜਿਹਾ ਵੀ ਭਜਨ ਕਰ ਲਿਆ ਤਾਂ ਇਸ ਦੇ ਨਾਲ ਵੀ ਪਾਰ-ਉਤਾਰਾ ਹੋ ਜਾਂਦਾ ਹੈ, ਉਨ੍ਹਾਂ ਦੇ ਮਨ ਵਿਚ ਸ਼ੌਕ ਜਾਗਿਆ ਹੈ, ਸ਼ੌਕ ਵਾਲੇ ਬੰਦੇ ਫੇਰ ਸੌਂਇਆ ਨਹੀਂ ਕਰਦੇ, ਅਵੇਸਲੇ ਨਹੀਂ ਹੋਇਆ ਕਰਦੇ। ਉਹ ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਦੇ ਨੇ।

ਗੁਰੂ ਅੰਗਦ ਸਾਹਿਬ ਮਹਾਰਾਜ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਪੁਛਿਆ, "ਪਾਤਸ਼ਾਹ! ਅੰਮ੍ਰਿਤ ਵੇਲੇ ਦੇ ਇਸ਼ਨਾਨ ਦੇ ਉਤੇ ਆਪ ਦਾ ਬਹੁਤ ਜ਼ੋਰ ਹੈ ਤੇ ਕੀ ਇਸ ਦਾ ਕੋਈ ਮਹਾਤਮ ਵੀ ਹੋਇਆ ਕਰਦਾ ਹੈ?"

ਮਹਾਰਾਜ ਕਹਿੰਦੇ, "ਦੇਖੋ! ਹਰ ਚੀਜ਼ ਜੇ ਵਿਧੀ ਨਾਲ ਕੀਤੀ ਜਾਵੇ ਤਾਂ ਉਸ ਦਾ ਫਲ ਹੁੰਦਾ ਹੈ।"

ਕੋਈ ਸ਼ਬਦ ਦਾ ਜਾਪ ਵਿਧੀ ਨਾਲ ਕਰ ਲਓ, ਉਸ ਦਾ ਫਲ ਹੋਏਗਾ। ਕੋਈ ਕੰਮ ਵਿਧੀ ਨਾਲ ਕਰ ਲਓ, ਉਹ ਫਲ ਦੇਵੇਗਾ। ਖੇਤੀ ਵਿਧੀ ਨਾਲ ਬੀਜ ਲਓ, ਜ਼ਿਆਦਾ ਲਾਭ ਹੋਵੇਗਾ। ਪਹਿਲੇ ਕਿਸਾਨ ਜਿਹੜੇ ਸੀ ਉਹ 4-4 ਉਂਗਲ ਡੂੰਘਾ ਹੀ ਕਣਕ ਦਾ ਬੀਜ ਪਾਉਂਦੇ ਸਨ, ਬੀਜ ਜੰਮਿਆ ਨਹੀਂ ਸੀ ਕਰਦਾ ਕਿਉਂਕਿ ਛੋਟੀ ਕਣਕ ਸੀ, Hybrid (ਦੋਗਲੀ ਨਸਲ) ਸੀ। ਵਿਧੀ ਇਸ ਦੀ ਇਹ ਸੀ ਕਿ ਡੇਢ ਉਂਗਲ ਡੂੰਘਾ ਇਸ ਦਾ ਬੀਜ ਪਾਓ, ਉਹ ਬੀਜ ਬਹੁਤ ਹਰਾ ਹੁੰਦਾ ਹੈ ਤੇ ਉਸ ਦਾ ਬਹੁਤ ਝਾੜ ਹੁੰਦਾ ਹੈ। 21 ਦਿਨਾਂ ਬਾਅਦ ਖਾਦ ਪਾਓ, ਫੇਰ ਉਸ ਦੀ germination (ਪੁੰਗਰਨ) ਪੂਰੇ ਜ਼ੋਰ ਤੇ ਹੋ ਜਾਂਦੀ ਹੈ। ਇਹ ਵਿਧੀ ਹੋਇਆ ਕਰਦੀ ਹੈ। ਜ਼ੋਰ ਓਨਾਂ ਹੀ ਲਗਦਾ ਹੈ ਲੇਕਿਨ ਵਿਧੀ ਵਾਲੇ ਦੇ ਭੰਡਾਰੇ ਭਰ ਜਾਂਦੇ ਨੇ, ਦੂਜੇ ਨੂੰ ਘਾਟਾ ਪੈਂਦਾ ਹੈ - ਖੇਤੀਬਾੜੀ ਵਿਚ। ਇਸੇ ਤਰ੍ਹਾਂ ਹੀ ਪਸ਼ੂਆਂ ਦੀ ਗੱਲ ਹੈ। ਸਾਰੀ ਦੁਨੀਆਂ ਵਿਚ ਜਿੰਨੇ ਵੀ ਕੰਮ ਨੇ, ਜੇ ਸਾਰੇ ਵਿਧੀ ਨਾਲ ਕੀਤੇ ਜਾਣ ਤਾਂ ਫਲ ਲਿਆਉਂਦੇ ਨੇ; ਵਿਧੀ ਤੋਂ ਰਹਿਤ ਹੋ ਕੇ ਕੀਤੇ ਜਾਣ ਤਾਂ ਕੋਈ ਫਲ ਨਹੀਂ ਲਿਆਉਂਦੇ।

ਮਹਾਰਾਜ ਕਹਿੰਦੇ, "ਵਿਧੀ ਦੇ ਨਾਲ ਜਿਹੜੇ ਇਸ਼ਨਾਨ ਕਰਦੇ ਨੇ, ਉਨ੍ਹਾਂ ਦਾ ਫਲ ਇਹ ਹੈ ਕਿ ਜੋ ਸਵਾ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰੇ, ਉਸ ਵੇਲੇ ਕੇਵਲ ਇਸ਼ਨਾਨ ਕਰਨ ਦਾ ਫਲ ਹੀ ਐਨਾ ਹੈ ਕਿ ਜਿੰਨਾ ਸਵਾ ਮਣ ਸੋਨਾ ਦਾਨ ਕਰ ਦਿਤਾ। ਉਸ ਤੋਂ ਜੋ ਦੋ ਘੜੀਆਂ ਬਾਅਦ ਇਸ਼ਨਾਨ ਕਰਦੇ ਨੇ, ਸਵਾ ਮਣ ਚਾਂਦੀ ਪੁੰਨ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ। ਉਸ ਤੋਂ ਜੋ ਦੋ ਘੜੀ ਬਾਅਦ ਹੁੰਦਾ ਹੈ, ਉਸ ਦਾ ਸਵਾ ਮਣ ਤਾਂਬਾ ਪੁੰਨ ਕਰਨ ਦਾ ਫਲ ਹੁੰਦਾ ਹੈ। ਉਸ ਤੋਂ ਬਾਅਦ ਜਿਹੜੇ ਕਰਦੇ

ਨੇ, ਉਨ੍ਹਾਂ ਨੂੰ ਸਵਾ ਮਣ ਅਨਾਜ ਪੁੰਨ ਕਰਨ ਦਾ ਫਲ ਹੁੰਦਾ ਹੈ। ਦਿਨ ਚੜ੍ਹੇ ਤੇ ਜਿਹੜੇ ਇਸ਼ਨਾਨ ਕਰਦੇ ਨੇ, ਉਸਦਾ ਨਾ ਪੁੰਨ ਹੈ ਨਾ ਪਾਪ ਹੈ, ਉਹ ਕੇਵਲ ਸਰੀਰ ਦੀ ਸਫਾਈ ਵਾਸਤੇ ਕਰਦੇ ਨੇ। ਸੋ ਇਸ ਕਰਕੇ ਅਸੀਂ ਜ਼ੋਰ ਦਿੰਦੇ ਹਾਂ ਕਿ ਜੇ ਹੋਰ ਕੁਝ ਨਹੀਂ ਕਰ ਸਕਦਾ, ਤੇ ਜੇ ਇਸ਼ਨਾਨ ਹੀ ਕਰ ਲਵੇ ਵਿਧੀ ਦੇ ਨਾਲ, ਤਾਂ ਵੀ ਬੜਾ ਭਾਰਾ ਫਲ ਪ੍ਰਾਪਤ ਹੋ ਸਕਦਾ ਹੈ।"

ਸੋ ਅੰਮ੍ਰਿਤ ਵੇਲਾ ਹੈ, ਟਿਕਿਆ ਹੋਇਆ ਸਮਾਂ ਹੈ। ਲਹਿਣਾ ਜੀ ਇਸ਼ਨਾਨ ਕਰਨ ਵਾਸਤੇ ਪਿੰਡ ਦੇ ਤਲਾਅ ਤੇ ਗਏ ਹੋਏ ਨੇ। ਆਪ 'ਸੰਘਰ' ਪਿੰਡ ਵਿਚ ਰਹਿ ਰਹੇ ਹਨ ਜਿਥੇ ਆਪ ਦੇ ਸਸੁਰਾਲ ਸਨ। ਉਹ ਆਪਣਾ ਵਪਾਰ ਕਰਦੇ ਹਨ। ਸਾਰੀ ਰਾਤ ਦੇਵੀ ਦੀਆਂ ਭੇਟਾਂ ਗਾਉਂਦੇ-ਗਾਉਂਦੇ ਇਸ਼ਨਾਨ ਕਰਨ ਵਾਸਤੇ ਚਲੇ ਗਏ। ਜਿਵੇਂ ਕੋਈ ਚੰਗਾ ਸਮਾਂ ਆਉਣਾ ਹੋਵੇ ਤਾਂ ਕੋਈ ਨਾ ਕੋਈ ਵਿਧੀ ਬਣ ਜਾਂਦੀ ਹੈ, ਦਬੇ ਹੋਏ ਸ਼ੁਭ ਕਰਮ ਜਾਗ ਪੈਂਦੇ ਹਨ। ਉਹ ਵੇਲਾ ਧੰਨ ਹੁੰਦਾ ਹੈ ਜਦੋਂ ਪ੍ਰਮੇਸ਼ਰ ਦੀ ਅਵਾਜ਼ ਕੰਨਾਂ ਵਿਚ ਪੈ ਜਾਵੇ। ਵੱਡਿਆਂ-ਵੱਡਿਆਂ ਦਾ ਸੁਧਾਰ ਇਵੇਂ ਹੀ ਹੋਇਆ ਹੈ, ਸਾਧ-ਸੰਗਤ ਜੀ! ਪਾਪਾਂ ਵਿਚ ਪ੍ਰਵਿਰਤ ਹੋਏ ਬੰਦੇ ਦੇ ਜਦੋਂ ਅਵਾਜ਼ ਕੰਨ ਵਿਚ ਪਈ ਤਾਂ ਅਵਾਜ਼ ਸੰਭਾਲ ਲਈ।

ਉਸ ਵੇਲੇ ਉਥੇ ਕੀ ਦੇਖਦੇ ਨੇ ਕਿ ਉਨ੍ਹਾਂ ਤੋਂ ਵੀ ਪਹਿਲਾਂ ਜਾ ਕੇ ਇਕ ਗੁਰਸਿਖ ਇਸ਼ਨਾਨ ਕਰ ਰਿਹਾ ਹੈ ਜਿਨ੍ਹਾਂ ਦਾ ਨਾਮ ਭਾਈ ਜੋਧ ਹੈ। ਗੁਰੂ ਅੰਗਦ ਸਾਹਿਬ (ਭਾਈ ਲਹਿਣਾ ਜੀ) ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਨੇ ਲੇਕਿਨ ਬਹੁਤੀ ਨੇੜਤਾ ਨਹੀਂ ਸੀ ਹੋਈ। ਉਸ ਦਾ ਕਾਰਨ ਇਹ ਸੀ ਕਿ ਆਪ ਦੇ ਆਲੇ ਦੁਆਲੇ ਦੇਵੀ ਪੂਜਣ ਵਾਲੇ ਬੰਦਿਆਂ ਦਾ ਇਕੱਠ ਸੀ, ਉਨ੍ਹਾਂ ਨਾਲ ਹੀ ਮਿਤਰਤਾ ਸੀ, ਉਨ੍ਹਾਂ ਦੀ ਸੰਗਤ ਵਿਚ ਰਹਿੰਦੇ ਸੀ, ਆਪਸ ਵਿਚ ਇਕੱਠੇ ਹੋ ਕੇ ਜਾਇਆ ਕਰਦੇ ਸੀ। ਪਰ ਭਾਈ ਜੋਧ ਜੀ ਗੁਰੂ ਨਾਨਕ ਪਾਤਸ਼ਾਹ ਦੇ ਸ਼ਰਧਾਲੂ ਸੀ, ਗੁਰੂ ਨਾਨਕ ਪਾਤਸ਼ਾਹ ਦੇਵੀ-ਦੇਵਤਿਆਂ ਦੇ ਨੇੜੇ ਨਹੀਂ ਸੀ ਜਾਂਦੇ, 'ਸਤਿ' ਦਾ ਪ੍ਰਚਾਰ ਕਰਦੇ ਸਨ। ਇਸ ਵਾਸਤੇ ਕੋਈ ਗੱਲ ਸਾਂਝੀ ਨਹੀਂ ਸੀ ਆਪਸ ਵਿਚ। ਜਦੋਂ ਕੋਈ ਗੱਲ ਸਾਂਝੀ ਨਾ ਹੋਵੇ ਫੇਰ ਕੋਈ ਮੇਲ-ਮਿਲਾਪ ਵੀ ਨਹੀਂ ਹੋਇਆ ਕਰਦਾ -

***ਆਸਾ ਇਸਟ ਉਪਾਸਨਾ ਖਾਣ ਪੀਣ ਪਹਿਰਾਣ।***
***ਤੁਲਸੀ ਖਟ ਲੱਛਣ ਮਿਲੇ ਮਿਤ੍ਰਤਾ ਪਹਿਚਾਣ।***

ਇਹ 6 ਗੱਲਾਂ ਜਿਥੇ ਮਿਲ ਜਾਣ, ਉਥੇ ਮਿੱਤਰਤਾ ਪਿਆ ਕਰਦੀ ਹੈ। ਜਿਥੇ ਛੇ ਪੂਰੀਆਂ ਨਾ ਮਿਲਣ, ਉਨ੍ਹਾਂ ਵਿਚ ਮਿੱਤਰਤਾ ਨਹੀਂ ਹੁੰਦੀ, ਜਾਣ-ਪਛਾਣ ਹੁੰਦੀ ਹੈ। ਸੋ ਅੱਜ ਆਪ ਹੈਰਾਨ ਹੋ ਗਏ ਕਿ ਇਹ ਕੁਝ ਪੜ੍ਹ ਰਹੇ ਨੇ, ਬੜੀ ਲੈਅ ਵਿਚ ਪੜ੍ਹ ਰਹੇ ਨੇ। ਸੋ ਆਪਨੇ ਇਹ ਸ੍ਰਵਣ ਕੀਤਾ -

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥***
***ਜਪੁ॥ ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*** ***ਪੰਨਾ - 1***

'ਨਾਨਕ' ਨਾਮ ਸੁਣਿਆ ਪਰ ਸਮਝ 'ਚ ਨਹੀਂ ਆਈ ਕਿ ਕੀ ਕਹਿ ਦਿਤਾ, ਸਮਝਣ ਦਾ ਯਤਨ ਕਰਿਆ। ਉਸ ਵੇਲੇ ਆਪ ਨੇ ਇਸ਼ਨਾਨ ਕੀਤਾ। ਇਸ਼ਨਾਨ ਕਰਕੇ ਉਸੇ ਸਰੋਵਰ ਦੇ ਕੰਢੇ ਸੁਥਰੇ ਥਾਂ ਤੇ ਜਾ ਕੇ ਚੌਂਕੜਾ ਮਾਰ ਲਿਆ ਤੇ ਲਹਿਣਾ ਜੀ ਵੀ ਇਸ਼ਨਾਨ ਕਰਕੇ ਆਏ ਤੇ ਮਲੱਕੜੇ ਜਿਹੇ ਜਾ ਕੇ ਉਨ੍ਹਾਂ ਦੇ ਪਿਛਲੇ ਪਾਸੇ ਇਸ ਆਸ਼ਾ ਨਾਲ ਚੌਂਕੜਾ ਮਾਰ ਲਿਆ ਕਿ ਇਹ ਜੋ ਕੁਝ ਪੜ੍ਹ ਰਹੇ ਨੇ, ਉਸ ਨੂੰ ਮੈਂ ਸਮਝਣ ਦਾ ਯਤਨ ਕਰਾਂ। ਭਾਈ ਜੋਧ ਨੇ ਜਪੁਜੀ ਸਾਹਿਬ ਪੜ੍ਹਨਾ ਸ਼ੁਰੂ ਕਰ ਦਿਤਾ। ਆਪ ਸਮਝਣ ਦਾ ਯਤਨ ਕਰਦੇ ਨੇ ਲੇਕਿਨ ਜਪੁਜੀ ਸਾਹਿਬ ਬਹੁਤ ਗੂੜ੍ਹ ਬਾਣੀ ਹੋਣ ਕਰਕੇ ਪੂਰੀ ਤਰ੍ਹਾਂ ਸਮਝ 'ਚ ਨਹੀਂ ਆਉਂਦੀ। ਅਖੀਰ ਜਦੋਂ ਪੰਜਵੀਂ ਪਉੜੀ ਪੜ੍ਹਨੀ ਸ਼ੁਰੂ ਕੀਤੀ, ਉਸ ਦੀ ਅਖੀਰਲੀ ਤੁਕ ਵਿਚ ਆਇਆ, ਜਿਸ ਨੂੰ ਇਸ ਤਰ੍ਹਾਂ ਸਮਝਣ ਦਾ ਯਤਨ ਕੀਤਾ -

***ਧਾਰਨਾ - ਜਿਹੜਾ ਸਾਰਿਆਂ ਜੀਆਂ ਦਾ ਇਕੋ ਦਾਤਾ,***

*ਓਹਨੂੰ ਨਾ ਵਿਸਾਰੀਂ ਬੰਦਿਆ -2, 2.*
*ਮੇਰੇ ਪਿਆਰੇ, ਓਹਨੂੰ ਨਾ ਵਿਸਾਰੀਂ ਬੰਦਿਆ-2, 2*
*ਜਿਹੜਾ ਸਾਰਿਆਂ ਜੀਆਂ ਦਾ ਇਕੋ ਦਾਤਾ... -2*

ਬੜੇ ਧਿਆਨ ਦੇ ਨਾਲ ਸ੍ਰਵਣ ਕੀਤਾ -

***ਗੁਰਾ ਇਕ ਦੇਹਿ ਬੁਝਾਈ॥***
***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ਪੰਨਾ - 2***

ਪਹਿਲੀ ਵਾਰੀ ਐਸੇ ਸ਼ਬਦ ਸੁਣੇ ਕਿ ਸਾਰਿਆਂ ਜੀਆਂ ਦਾ ਇਕੋ ਦਾਤਾ ਹੈ, ਸਭ ਨੂੰ ਇਕੋ ਹੀ ਦਿੰਦਾ ਹੈ। ਧਿਆਨ ਖਿਚਿਆ ਗਿਆ ਇਸ ਪਾਸੇ। ਉਸ ਵੇਲੇ ਤੱਕ ਇਹ ਖਿਆਲ ਸੀ ਕਿ ਦੇਵੀ ਮਾਤਾ ਹੀ ਸਭ ਕੁਝ ਹੈ, ਹੋਰ ਇਥੇ ਕੁਝ ਨਹੀਂ ਹੈ। ਐਸੇ ਖਿਆਲ ਕਦੇ ਆਏ ਹੀ ਨਹੀਂ ਕਿ ਕੋਈ ਰਾਜ਼ਕ ਵੀ ਹੈ ਸੰਸਾਰ ਦਾ। ਲੇਕਿਨ ਇਕ ਤਾਂ ਨਹੀਂ ਭੁਲਿਆ ਹੋਇਆ ਸਾਧ-ਸੰਗਤ ਜੀ! ਸਾਰੀ ਸ੍ਰਿਸ਼ਟੀ ਭੁਲੀ ਬੈਠੀ ਹੈ। ਕੋਈ ਨਹੀਂ ਐਸਾ ਜਿਹੜਾ ਨਹੀਂ ਭੁਲਿਆ ਹੋਇਆ। ਪੜ੍ਹ ਲੈਂਦੇ ਹਾਂ ਅਸੀਂ, ਸੁਣ ਲੈਂਦੇ ਹਾਂ ਲੇਕਿਨ ਉਥੇ ਦੀ ਉਥੇ ਹੀ ਰਹਿੰਦੇ ਹਾਂ। ਬਹੁਤ ਵਾਰੀ ਆਪ ਨੇ ਇਹ ਸੁਣਿਆ ਹੈ ਕਿ ਇਸ ਜੀਵ ਦਾ ਜੋ ਸਫਰ ਹੈ, ਜੇ ਇਸ ਨੂੰ ਐਨਾ ਹੀ ਪਤਾ ਲੱਗ ਜਾਵੇ ਕਿ ਮੇਰਾ ਆਹ ਸਰੀਰ ਬਣਨ ਤੋਂ ਪਹਿਲਾਂ ਮੈਂ ਕੀ ਸੀ, ਤਾਂ ਵੀ ਜ਼ਿੰਦਗੀ ਦੇ ਅੰਦਰ ਮੋੜ ਆਉਣ ਦੀ ਸੰਭਾਵਨਾ ਹੈ ਪਰ ਇਹ ਵਿਸ਼ਵਾਸ ਨਹੀਂ ਕਰਦਾ। ਜਨਮ ਤੋਂ ਪਹਿਲਾਂ ਇਹ ਮਾਂ ਦੇ ਪੇਟ ਵਿਚ ਪੁੱਠਾ ਲਟਕਦਾ ਹੋਇਆ ਤਪ ਕਰਦਾ ਸੀ -

***ਗਰਭ ਕੁੰਟ ਮਹਿ ਉਰਧ ਤਪ ਕਰਤੇ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥ ਪੰਨਾ - 251***

ਹਰ ਸ੍ਵਾਸ ਪ੍ਰਮੇਸ਼ਰ ਦੇ ਨਾਮ ਦੀ ਧੁਨ ਵਿਚ ਮਸਤ ਰਹਿੰਦਾ ਸੀ। ਉਸ ਵੇਲੇ ਇਸ ਨੂੰ ਗਿਆਨ ਸੀ। ਸੌ ਜਨਮ ਪਿਛਲਾ ਦੇਖ-ਦੇਖ ਕੇ ਪਛਤਾਵਾ ਕਰਦਾ ਸੀ ਕਿ ਮੈਂ ਕਿਵੇਂ ਜਨਮ ਬਰਬਾਦ ਕਰ ਦਿੱਤੇ; ਕੀ ਮੇਰੇ ਲੇਖੇ ਆਏ? ਕਿਸੇ ਕੰਮ ਤਾਂ ਆਏ ਨਹੀਂ। ਮੈਂ ਜੇ ਵੱਡਾ ਰਾਜਾ ਵੀ ਸੀ ਤਾਂ ਵੀ ਮਰ ਗਿਆ, ਫਕੀਰ ਸੀ ਤਾਂ ਵੀ ਮਰ ਗਿਆ। ਮੈਂ ਜਿਹੜਾ ਕੰਮ ਕਰਨਾ ਸੀ ਉਹ ਤਾਂ ਕਰਿਆ ਨਹੀਂ। ਉਥੇ ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਜੇ ਤੂੰ ਮੈਨੂੰ ਹੁਣ ਇਸ ਕੁੰਭੀ ਨਰਕ ਵਿਚੋਂ ਕੱਢ ਲਵੇਂ ਤਾਂ ਫੇਰ ਨਹੀਂ ਮੈਂ ਭੁਲਦਾ।

ਮਹਾਰਾਜ ਕਹਿੰਦੇ, ਤੂੰ ਇਕ ਵਾਰੀ ਨਹੀਂ, ਹਰ ਵਾਰੀ ਜਦੋਂ ਵੀ ਤੂੰ ਮਨੁੱਖ ਬਣਦਾ ਹੈਂ -

***ਬੈਰ ਬਿਰੋਧ ਕਾਮ ਕ੍ਰੋਧ ਮੋਹ॥ ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ਪੰਨਾ - 268***

ਇਕ ਵਾਰੀ ਤਾਂ ਨਹੀਂ ਤੂੰ ਭੁਲਿਆ, ਸੈਂਕੜੇ ਵਾਰੀ ਭੁਲਦਾ ਤੁਰਿਆ ਜਾ ਰਿਹਾ ਹੈਂ, ਹੁਣ ਵੀ ਤੂੰ ਭੁਲ ਜਾਏਂਗਾ।

ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਮੈਂ ਕਦੇ ਵੀ ਤੇਰਾ ਅਹਿਸਾਨ ਨਹੀਂ ਭੁਲਦਾ ਕਿਉਂਕਿ ਮੈਨੂੰ ਇਹ ਪਤਾ ਹੈ ਕਿ ਮੈਨੂੰ ਕਿੰਨੀ ਛੋਟੀ ਜਿਹੀ ਚੀਜ਼ ਤੋਂ ਤੂੰ ਕਿੰਨੇ ਵੱਡੇ ਰੂਪ ਦੇ ਵਿਚ ਬਦਲ ਰਿਹਾ ਹੈਂ। ਕਿੰਨੀ ਸੁੰਦਰ ਮੈਨੂੰ ਦੇਹੀ ਦੇ ਰਿਹਾ ਹੈਂ, ਕਿੰਨੀਆਂ ਚੀਜ਼ਾਂ ਤੂੰ ਮੇਰੇ ਵਾਸਤੇ ਪਹਿਲਾਂ ਹੀ ਤਿਆਰ ਕੀਤੀਆਂ ਹੋਈਆਂ ਹਨ। ਤੈਨੂੰ ਫਿਕਰ ਹੈ ਕਿ ਜਦੋਂ ਇਸਨੇ ਪੈਦਾ ਹੋਣਾ ਹੈ, ਇਸ ਤੋਂ ਰੋਟੀ ਨਹੀਂ ਖਾ ਹੋਣੀ, ਕੋਈ ਫਲ ਨਹੀਂ ਖਾ ਹੋਣਾ ਤੇ ਇਸਨੂੰ ਸਿਰਫ ਦੁੱਧ ਹਜ਼ਮ ਹੋਣਾ ਹੈ। ਉਹ ਵੀ ਕਿਸੇ ਸਵੱਸਥ ਸਰੀਰ ਦਾ ਠੀਕ ਢੰਗ ਨਾਲ ਹਜ਼ਮ ਹੋਣਾ ਹੈ, ਤਾਂ ਤੂੰ ਮਾਂ ਦੇ ਦੁੱਧ ਪੈਦਾ ਕਰ ਦਿਤਾ - ਮੈਨੂੰ ਦੇਣ ਵਾਸਤੇ। ਲੇਕਿਨ ਸਾਨੂੰ ਤਾਂ ਇਹ ਨਹੀਂ ਖਿਆਲ ਆਉਂਦਾ, ਅਸੀਂ ਕਹਿੰਦੇ ਹਾਂ, ਆਪਣੇ-ਆਪ ਹੁੰਦਾ ਹੈ, ਇਹ ਹੋਣਾ ਹੀ ਸੀ। ਜਿਸ ਨੇ ਇਹ ਪ੍ਰਬੰਧ ਕੀਤਾ ਹੈ, ਸਰੀਰ ਵਿਚ ਦੁੱਧ ਪੈਦਾ ਕੀਤਾ ਹੈ, ਪਸ਼ੂਆਂ ਵਿਚ ਦੁਧ ਪੈਦਾ ਕਰ

ਦਿਤਾ, ਫੁੱਲਾਂ ਦੇ ਅੰਦਰ ਸ਼ਹਿਦ ਪੈਦਾ ਕਰ ਦਿਤਾ; ਕਦੇ ਨਹੀਂ ਅਸੀਂ ਧਿਆਨ ਦਿੰਦੇ ਕਿ ਉਹ ਕਿੰਨਾ ਵੱਡਾ ਦਾਤਾ ਹੈ। ਅਨਾਜ ਦੇ ਅੰਦਰ ਸਾਰੇ ਵਿਟਾਮਿਨ ਪੈਦਾ ਕਰ ਦਿਤੇ ਜਿਸ ਦੇ ਨਾਲ ਸਾਡੇ ਸਰੀਰ ਦਾ ਇੰਜਨ ਚਲਦਾ ਹੈ। ਪਾਣੀ ਪੈਦਾ ਕਰ ਦਿਤਾ ਜਿਸ ਤੋਂ ਬਗੈਰ ਅਸੀਂ ਜੀਉਂਦੇ ਹੀ ਨਹੀਂ ਰਹਿ ਸਕਦੇ ਪਰ ਫੇਰ ਵੀ ਉਸ ਦੇ ਸਾਰੇ ਅਹਿਸਾਨ ਅਸੀਂ ਭੁਲ ਜਾਂਦੇ ਹਾਂ, ਕਦੇ ਉਸ ਦੀ ਯਾਦ ਹੀ ਨਹੀਂ ਆਉਂਦੀ, ਅਸੀਂ ਵਾਅਦਾ ਫਰਾਮੋਸ਼ ਬਣ ਜਾਂਦੇ ਹਾਂ। ਅਕ੍ਰਿਤਘਣਾਂ ਤੋਂ ਵੀ ਥੱਲੇ ਗਿਰ ਜਾਂਦੇ ਹਾਂ ਕਿਉਂਕਿ ਉਸ ਦਾ ਇਕ ਵੀ ਪਰਉਪਕਾਰ ਕਦੇ ਸਾਡੇ ਵਿਚਾਰ ਵਿਚ ਨਹੀਂ ਆਉਂਦਾ। ਉਹ ਕਹਿੰਦੇ ਆਪ ਤਾਂ ਤੂੰ ਕੀ ਕਰਨਾ ਹੈ, ਤੈਨੂੰ ਮਹਾਂਪੁਰਸ਼ ਹਾਕਾਂ ਮਾਰ-ਮਾਰ ਕੇ ਸਮਝਾਉਣਗੇ ਲੇਕਿਨ ਮਜਾਲ ਹੈ ਕਿ ਤੂੰ ਟੱਸ ਤੋਂ ਮੱਸ ਹੋ ਜਾਵੇਂ। ਐਨਾ ਤੂੰ ਮੁਨਕਰ ਹੋ ਜਾਏਂਗਾ ਕਿ ਤੂੰ ਇਸ ਗੱਲ ਦੇ ਉਤੇ ਯਕੀਨ ਹੀ ਨਹੀਂ ਕਰਨਾ ਕਿ-

***ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ॥***
***ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ॥***

***ਪੰਨਾ - 920***

ਜਿਹੜਾ ਉਥੇ ਵੀ ਤੈਨੂੰ ਆਹਾਰ ਦਿੰਦਾ ਸੀ, ਉਸ ਨੂੰ ਤੂੰ ਭੁੱਲਿਆ ਬੈਠਾ ਹੈਂ। 2 ਖਰਬ 15 ਅਰਬ ਸੈਲ ਤੇਰੇ ਸਰੀਰ ਦੇ ਅੰਦਰ ਮਾਂ ਦੇ ਪੇਟ ਵਿਚ ਲਾਏ ਨੇ। ਗਿਣ ਕੇ ਦੇਖ ਲਈਂ ਕਦੇ ਜੇ 10 ਜਨਮ 'ਚ 2 ਖਰਬ ਗਿਣ ਲਏਂ, ਕਦੇ ਨਹੀਂ ਗਿਣ ਸਕਦਾ। ਉਸ ਪ੍ਰਭੂ ਦਾ ਕਿੱਡਾ ਵੱਡਾ ਅਹਿਸਾਨ ਹੈ ਕਿ ਉਸ ਨੇ ਤੈਨੂੰ ਸੁੰਦਰ ਸਰੀਰ ਬਣਾ ਕੇ ਦੁਨੀਆਂ ਦਿਖਾ ਦਿਤੀ, ਫੇਰ ਤੂੰ ਉਸ ਨੂੰ ਭੁਲਿਆ ਬੈਠਾ ਹੈਂ?

ਜੀਵ ਕਹਿੰਦੈ, "ਮਹਾਰਾਜ! ਹੁਣ ਨਹੀਂ ਮੈਂ ਭੁਲਦਾ, ਹੁਣ ਮੈਂ 24 ਘੰਟੇ ਨਾਮ ਜਪਾਂਗਾ। ਹੁਣ ਮੈਨੂੰ ਸੋਝੀ ਹੋ ਗਈ ਕਿ ਨਾਮ ਕੀ ਹੁੰਦਾ ਹੈ।"

ਵਾਹਿਗੁਰੂ ਜੀ ਕਹਿੰਦੇ, ਪ੍ਰੇਮੀਆਂ! 24 ਘੰਟੇ? ਤੂੰ ਤਾਂ ਇਸ ਰਸਤੇ ਹੀ ਨਹੀਂ ਪੈਣਾ। ਚੰਗਾ ਜੇ ਤੂੰ 24 ਘੰਟੇ ਨਾਮ ਜਪੇਂਗਾ ਤਾਂ ਤੇਰੇ ਸਾਰੇ ਸਫਰ ਦਾ ਜੋ ਨਿਰਬਾਹ ਹੋਣਾ ਹੈ, ਜੋ ਚੀਜ਼ਾਂ ਚਾਹੀਦੀਆਂ ਨੇ, ਉਹ ਸਾਰੀਆਂ ਮੈਂ ਆਪ ਦੇਵਾਂਗਾ ਤੇ ਸਾਰੇ ਕੰਮ ਮੈਂ ਕਰਾਂਗਾ। ਤੈਨੂੰ ਕੁਝ ਕਰਨ ਦੀ ਲੋੜ ਨਹੀਂ ਹੈ, ਤੂੰ ਬੈਠਾ ਰਹੀਂ, ਸਭ ਚੀਜ਼ਾਂ ਤੈਨੂੰ ਬੈਠੇ-ਬਿਠਾਏ ਨੂੰ ਆਉਣਗੀਆਂ, ਮੈਂ ਲਿਆ-ਲਿਆ ਕੇ ਦੇਵਾਂਗਾ।

ਵਾਹਿਗੁਰੂ ਜੀ ਕਹਿੰਦੇ, ਮੈਂ ਤੇਰਾ ਚਾਕਰ ਬਣਾਂਗਾ ਤੇ ਤੂੰ 24 ਘੰਟੇ ਨਾਮ ਦੇ ਵਿਚ ਰਹਿ ਕੇ ਦੇਖ ਤਾਂ ਸਹੀ ਪਰ ਤੂੰ ਰਹਿ ਨਹੀਂ ਸਕਣਾ। ਜਦੋਂ ਬਾਰ-ਬਾਰ ਕਹਿੰਦਾ ਹੈ ਤਾਂ ਵਾਹਿਗੁਰੂ ਜੀ ਕਹਿੰਦੇ, ਚੰਗਾ! ਤੂੰ ਜ਼ਿਆਦਾ ਨਾ ਕਹਿ, ਦਸਵਾਂ ਹਿੱਸਾ ਆਪਣੇ ਸੁਆਸਾਂ ਦਾ ਦੇ ਦਿਆ ਕਰੀਂ, ਇਹ ਤੇਰੇ ਉਤੇ ਮੇਰਾ ਜੋ ਅਹਿਸਾਨ ਹੈ, ਇਸ ਦਾ ਮੈਂ ਬਦਲਾ ਨਹੀਂ ਲੈਂਦਾ, ਇਕ ਮਾਮੂਲੀ ਜਿਹਾ ਦਸਵਾਂ ਹਿੱਸਾ ਮੈਂ ਤੈਥੋਂ ਲੈਣਾ ਚਾਹੁੰਦਾ ਹਾਂ - ਤੇਰੀ ਕਮਾਈ ਦਾ, ਤਾਂ ਕਿ ਤੇਰਾ ਭਲਾ ਹੋ ਜਾਵੇ। ਮੈਨੂੰ ਨਹੀਂ ਕਿਸੇ ਚੀਜ਼ ਦੀ ਲੋੜ, ਮੈਨੂੰ ਤਾਂ ਕੁਝ ਨਹੀਂ ਚਾਹੀਦਾ, ਦਾਤਾਂ ਸਭ ਮੇਰੇ ਕੋਲ ਨੇ। ਜੇ ਲੋੜ ਹੈ ਤਾਂ ਤੈਨੂੰ ਹੈ, ਤੇ ਤੂੰ ਈਮਾਨਦਾਰੀ ਰਖੀਂ, ਦਸਵਾਂ ਹਿੱਸਾ ਦੇ ਦਿਆ ਕਰੀਂ। ਇਸੇ ਦੇ ਨਾਲ ਹੀ ਤੇਰਾ ਭਲਾ ਹੋ ਜਾਏਗਾ। ਇਹ ਤੇਰੇ ਉਤੇ ਮੇਰਾ ਕਰਜ਼ਾ ਰਿਹਾ -

ਮਹਾਰਾਜ ਕਹਿੰਦੇ, ਹੈਰਾਨੀ ਦੀ ਗੱਲ ਹੈ -

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥***
***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥***
***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥*** ***ਪੰਨਾ - 921***

ਜਨਮ ਹੋ ਗਿਆ, ਜਨਮ ਹੁੰਦੇ ਸਾਰ ਪਰਿਵਾਰ ਦੇ ਅੰਦਰ ਖੁਸ਼ੀਆਂ ਹੋ ਗਈਆਂ, ਪਾਰਟੀਆਂ ਹੋਣੀਆਂ ਸ਼ੁਰੂ ਹੋ ਗਈਆਂ, ਸਮਾਗਮ ਹੋਣੇ ਸ਼ੁਰੂ ਹੋ ਗਏ, ਵਧਾਈਆਂ ਮਿਲਣੀਆਂ ਸ਼ੁਰੂ ਹੋ ਗਈਆਂ। ਲੇਕਿਨ ਦੂਜੇ ਪਾਸੇ ਜੀਵ ਨਾਲ ਕੀ ਹੋਇਆ?

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***

***ਪੰਨਾ - 921***

ਇਸ ਦੀ ਉਹ ਲਿਵ ਜਿਹੜੀ ਲੱਗੀ ਹੋਈ ਸੀ ਉਹ ਟੁੱਟ ਗਈ ਤੇ ਸੰਸਾਰ ਦੇ ਪਦਾਰਥਾਂ ਵਾਲੇ ਪਾਸੇ ਇਸ ਦਾ ਧਿਆਨ ਮੁੜਨਾ ਸ਼ੁਰੂ ਹੋ ਗਿਆ -

***ਏਹੁ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥*** ***ਪੰਨਾ - 921***

ਮਾਇਆ ਕਹਿੰਦੇ ਕਿਸ ਨੂੰ ਨੇ? ਭੁਲ ਨੂੰ ਮਾਇਆ ਕਹਿੰਦੇ ਨੇ, ਜਿਹੜੇ ਵਾਹਿਗੁਰੂ ਨੂੰ ਅਸੀਂ ਭੁਲ ਗਏ - ਐਡੇ ਵਾਅਦੇ ਕਰਕੇ, ਇਹ ਮਾਇਆ ਵਰਤ ਗਈ ਤੇ ਮਹਾਂਪੁਰਸ਼ ਬਾਰ-ਬਾਰ ਯਾਦ ਕਰਾਉਂਦੇ ਨੇ ਕਿ ਪ੍ਰੇਮੀਆਂ! ਤੇਰੇ ਉਤੇ ਮਾਇਆ ਪੈ ਗਈ, ਤੂੰ ਮੁੜ ਕੇ ਆ ਜਾ ਆਪਣੇ ਘਰ ਨੂੰ, ਕਿਉਂਕਿ ਤੂੰ ਵਾਅਦਾ ਕਰਕੇ ਆਇਆ ਹੈਂ, ਤੂੰ ਪ੍ਰਭੂ ਨਾਲ ਇਕਰਾਰ ਕੀਤਾ ਸੀ ਕਿ ਸੁਆਸ-ਸੁਆਸ ਨਾਮ ਜਪਾਂਗਾ ਪਰ ਹੁਣ ਤੂੰ ਮੁਕਰ ਰਿਹਾ ਹੈਂ, ਮੂੰਹ ਫੇਰ ਰਿਹਾ ਹੈਂ, ਤੇਰੇ ਅੰਦਰ ਸੰਸਾਰ ਦਾ ਮੋਹ ਜਾਗ ਪਿਆ ਹੈ ਤੇ ਹੁਣ ਤੈਨੂੰ ਦੂਜਾ ਨਜ਼ਰ ਆਉਣ ਲੱਗ ਪਿਆ। ਪ੍ਰੇਮੀਆਂ ਤੂੰ ਯਾਦ ਰੱਖ! ਤੈਨੂੰ ਸੰਮਨ ਆਉਣਗੇ ਤੇ ਤੈਨੂੰ ਇਸ ਦੀ ਬਹੁਤ ਵੱਡੀ ਸਜ਼ਾ ਭੁਗਤਣੀ ਪਵੇਗੀ। ਤੇਰੇ ਸਿਰ ਬਹੁਤ ਵੱਡਾ ਕਰਜ਼ਾ ਹੈ। ਜਦ ਤਕ ਤੂੰ ਉਸ ਦਾ ਹਿਸਾਬ ਨਹੀਂ ਚੁਕਾਉਂਦਾ, ਉਦੋਂ ਤੱਕ ਤੇਰਾ ਛੁਟਕਾਰਾ ਨਹੀਂ ਹੋਣਾ। ਇਹ ਤਾਂ ਹਿਸਾਬ ਤੈਨੂੰ ਦੇਣਾ ਹੀ ਪੈਣਾ ਹੈ - ਜੇ ਹੁਣ ਨਹੀਂ ਤਾਂ ਅਗਲੇ ਜਨਮ ਵਿਚ, ਅਗਲੇ ਵਿਚ ਨਹੀਂ ਤਾਂ ਉਸ ਤੋਂ ਅਗਲੇ ਵਿਚ --

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥***
***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥*** ***ਪੰਨਾ - 953***

ਕਿਨ੍ਹਾਂ ਨੂੰ ਤਲਬਾਂ ਪੈਣਗੀਆਂ, ਵਰੰਟ ਕਿਸ ਦੇ ਆਉਣਗੇ? ਜਿਨ੍ਹਾਂ ਦੇ ਸਿਰ ਕਰਜ਼ਾ ਰਹਿ ਗਿਆ ਉਨ੍ਹਾਂ ਨੂੰ ਵਰੰਟ ਆਉਣਗੇ, ਜਮਦੂਤ ਆਉਣਗੇ ਵਰੰਟ ਲੈ ਕੇ। ਸੋ ਮਹਾਂਪੁਰਸ਼ ਕਹਿੰਦੇ ਤੂੰ ਕਿਉਂ ਨਹੀਂ ਯਾਦ ਕਰਦਾ? ਤੂੰ ਆਪਣੇ ਕਰਜ਼ੇ ਨੂੰ ਯਾਦ ਕਰ, ਕਰਜ਼ਾ ਵਧਦਾ ਹੀ ਜਾਂਦਾ ਹੈ -

***ਧਾਰਨਾ - ਹੋ ਗਿਆ ਕਰਜ਼ਾਈ,***
***ਕਰਜ਼ਾ ਕਾਸਤੋਂ ਨਹੀਂ ਮੋੜਦਾ -2, 2.***
***ਕਾਸਤੋਂ ਨਹੀਂ ਮੋੜਦਾ......-2, 2.***
***ਹੋ ਗਿਆ ਕਰਜ਼ਾਈ ਕਰਜ਼ਾ .............-2.***

ਤੂੰ ਕਰਜ਼ਾਈ ਹੋ ਗਿਆ। ਇਕ ਘੰਟੇ ਦੇ ਅੰਦਰ ਤੈਨੂੰ 2400 ਸੁਆਸ ਆਉਂਦਾ ਹੈ। 24000 ਸੁਆਸ ਦਾ ਰੋਜ਼ ਕਰਜ਼ਾ ਤੇਰੇ ਸਿਰ ਉਤੇ ਚੜ੍ਹਦਾ ਹੈ, ਉਮਰ ਦੇ ਹਿਸਾਬ ਨਾਲ ਲਾ ਕੇ ਦੇਖ ਲਈਂ। ਜੇ ਕਹੇਂ ਕਿ ਮੈਂ ਤਾਂ ਮੋੜਦਾ ਹਾਂ, ਜਾਗਦਾ ਹਾਂ, ਜਾਗ ਕੇ ਪਾਠ ਵੀ ਕਰਦਾ ਹਾਂ, ਨਾਮ ਵੀ ਜਪਦਾ ਹਾਂ; ਕੀ ਸੱਚੀਂਮੁਚੀਂ ਨਾਮ ਜਪਦਾ ਹੈਂ? ਕੀ ਉਸ ਵੇਲੇ ਮਨ ਤੇਰਾ ਛਾਲਾਂ ਤਾਂ ਨਹੀਂ ਮਾਰਦਾ, ਪ੍ਰਭੂ ਦੇ ਚਰਨਾਂ ਵਿਚ ਰਹਿੰਦਾ ਹੈ? ਜੇ ਆਪਣੀਆਂ ਹੀ ਘਾੜਤਾਂ ਘੜਦਾ ਫਿਰਦਾ ਹੈਂ, ਜੇ ਆਪਣੀਆਂ ਹੀ ਲੋੜਾਂ ਪੂਰੀਆਂ ਕਰਦਾ ਹੈਂ, ਫੇਰ ਕਰਜ਼ਾ ਨਹੀਂ ਤੂੰ ਮੋੜ ਰਿਹਾ, ਤੂੰ ਤਾਂ ਆਪਣੇ ਹੀ ਕੰਮ ਕਰ ਰਿਹਾ ਹੈਂ। ਉਥੇ ਬੈਠਾ ਵੀ ਅੱਖਾਂ ਮੀਚੀਆਂ ਹੋਈਆਂ ਨੇ, ਆਪਣੇ ਕੰਮ ਸ਼ੁਰੂ ਕਰੇ ਹੋਏ ਨੇ - ਉਹ ਕਰਾਂਗਾ, ਆਹ ਕਰਾਂਗਾ; ਕਰਨਾ ਕੁਝ ਵੀ ਨਹੀਂ। ਉਹ ਵੀ ਨਹੀਂ ਮੋੜ ਰਿਹਾ ਪ੍ਰੇਮੀਆਂ! ਸਾਵਧਾਨ ਹੋ, ਸਾਵਧਾਨ ਹੋ ਕੇ ਮੋੜ। ਸੋ ਜੇ ਨਹੀਂ ਮੋੜਦਾ ਤਾਂ -

***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥*** ***ਪੰਨਾ - 953***

ਜਿਹੜੇ ਨਹੀਂ ਮੋੜਦੇ, ਆਕੀ ਹੋ ਗਏ, ਉਨ੍ਹਾਂ ਨੂੰ ਫੇਰ ਵਰੰਟ ਆਉਣਗੇ।

***ਅਜਰਾਈਲੁ ਫਰੇਸਤਾ ਹੋਸੀ ਆਇ ਤਈ॥*** ***ਪੰਨਾ - 953***

ਤੇ ਅਜਰਾਈਲ (ਮੌਤ ਦੇ) ਫਰੇਸ਼ਤੇ ਨੇ ਆ ਜਾਣਾ ਹੈ -

*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥* *ਪੰਨਾ - 953*

ਸੋ ਇਸ ਤਰ੍ਹਾਂ ਦੇ ਨਾਲ ਅਸੀਂ ਭੁਲੇ ਬੈਠੇ ਹਾਂ - ਸਾਧਸੰਗਤ ਜੀ।

*ਗੁਰਾ ਇਕ ਦੇਹਿ ਬੁਝਾਈ॥*
*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥* *ਪੰਨਾ - 2*

ਕਿੰਨਾ ਕੁ ਯਾਦ ਹੈ ਸਾਡੇ? ਕਿੰਨੀ ਕੁ ਉਸ ਦੀ ਯਾਦ ਵਿਚ ਵਸਦੇ ਹਾਂ? ਜੇ ਯਾਦ ਵਿਚ ਵਸੀਏ ਫੇਰ ਤਾਂ ਨਾ ਦੁਖ ਹੋਵੇ, ਨਾ ਕਲੇਸ਼ ਹੋਵੇ, ਫੇਰ ਤਾਂ ਸਦਾ ਖੇੜਾ ਹੀ ਖੇੜਾ ਹੈ, ਅਨੰਦ ਹੀ ਅਨੰਦ ਹੈ, ਚੜ੍ਹਦੀ ਕਲਾ ਹੈ ਕਿਉਂਕਿ ਉਸ ਪ੍ਰਮੇਸ਼ਰ ਪਿਆਰੇ ਦੀ ਯਾਦ ਦੇ ਨਾਲ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਖਾਤਮਾ ਹੁੰਦਾ ਹੈ।

*ਧਾਰਨਾ - ਸਿਮਰ ਪਿਆਰੇ ਨੂੰ,*
*ਸਿਮਰਉ ਸਿਮਰ ਸਿਮਰ ਸੁਖ ਪਾਵੋਂ -2, 2.*
*ਸਿਮਰਉ ਸਿਮਰ ਸਿਮਰ ਸੁਖ ਪਾਵੋਂ -2, 2.*
*ਸਿਮਰ ਪਿਆਰੇ ਨੂੰ,........ -2.*

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*
*ਕਲਿ ਕਲੇਸ ਤਨ ਮਾਹਿ ਮਿਟਾਵਉ॥* *ਪੰਨਾ - 262*

ਕਲ੍ਹਾ ਤੇ ਕਲੇਸ਼ ਹਰ ਮਨ ਦੇ ਅੰਦਰ ਪਿਆ ਹੋਇਆ ਹੈ - ਕਲਹ ਵੀ ਪਈ ਹੋਈ ਹੈ, ਕਲੇਸ਼ ਵੀ ਪਿਆ ਹੋਇਆ ਹੈ। ਲੇਕਿਨ ਕਲੇਸ਼ਾਂ ਦਾ ਇਸ ਨੂੰ ਗਿਆਨ ਨਹੀਂ ਹੈ ਕਿ ਕਿਹੜੇ-ਕਿਹੜੇ ਵੱਡੇ ਕਲੇਸ਼ ਨੇ। ਪੰਜ ਕਲੇਸ਼ ਮਹਾਂਪੁਰਸ਼ਾਂ ਨੇ ਗਿਣੇ ਨੇ।

ਪਹਿਲਾ **ਅਵਿਦਿਆ** (ignorance) ਦਾ ਹੈ - ਭੁੱਲ, ਹਉਮੈ ਜਿਸ ਨੂੰ ਆਖਦੇ ਨੇ।

ਇਸ ਦੇ ਨਾਲ ਅਸਲ ਚੀਜ਼, ਨਕਲ ਨਜ਼ਰ ਆਉਂਦੀ ਹੈ। ਕਿੱਡਾ ਵੱਡਾ ਦੁਖ ਹੈ, ਅਸਲ ਦਿਸਦੀ ਨਹੀਂ ਹੈ, ਨਕਲ ਦਿਸੀ ਜਾਂਦੀ ਹੈ। ਨਕਲ ਵੀ ਉਹ ਦਿਸਦੀ ਹੈ ਜਿਹੜੀ ਹਰ ਛਿਨ ਬਦਲਦੀ ਹੈ। ਸੋ ਅਸਲ ਨੂੰ ਛੱਡ ਕੇ ਨਕਲ ਨੂੰ ਦੇਖਣਾ ਇਹ ਅਵਿਦਿਆ ਕਹਾਉਂਦਾ ਹੈ।

ਦੂਸਰਾ ਹੁੰਦਾ ਹੈ **ਅਸਿਮਿਤਾ** - ਮੌਤ ਦਾ ਡਰ ਹਰ ਬੰਦੇ ਨੂੰ ਹੈ। ਡਰਦਾ ਹੈ ਮਰਨ ਤੋਂ, ਕਹਿੰਦਾ ਹੈ ਕਿ ਸਦਾ ਹੀ ਮੈਂ ਜੀਊਂਦਾ ਰਹਾਂ - ਇਸੇ ਤਰ੍ਹਾਂ ਦੇ ਨਾਲ। ਉਸ ਦਾ ਡਰ, ਹਰ ਵਕਤ ਕਲੇਸ਼ ਮਨ ਦੇ ਅੰਦਰ ਰਹਿੰਦਾ ਹੈ।

ਤੀਸਰਾ **ਅਭਿਨਿਵੇਸ਼** ਹੈ - ਗਲਤ ਚੀਜ਼ਾਂ ਦੇ ਨਾਲ ਪਿਆਰ ਜਿਹੜੀਆਂ ਹੱਥੋਂ ਛੁਟ ਜਾਣੀਆਂ ਨੇ। ਜਿਹੜੀ ਹੱਥ ਵਿਚ ਰਹਿਣੀ ਹੈ ਉਸ ਦੇ ਨਾਲ ਦੁਪਿਆਰ ਹੋਣਾ (ਪਿਆਰ ਨਾ ਹੋਣਾ)।

ਚੌਥਾ ਹੈ **ਰਾਗ** - ਸੰਸਾਰਕ ਚੀਜ਼ਾਂ ਦੀ ਪਕੜ ਜੋ ਹਰ ਵਕਤ ਦੁਖ ਦਿੰਦੀ ਹੈ।

ਪੰਜਵਾਂ ਹੈ **ਦ੍ਵੈਸ਼** - ਦਵੈਸ਼ ਦੇ ਵਿਚ ਰਹਿਣਾ, ਪ੍ਰਮੇਸ਼ਰ ਨੂੰ ਭੁੱਲ ਕੇ ਦੂਜਾ ਨਜ਼ਰ ਆਉਣਾ। ਹਰ ਵਕਤ ਕਿਸੇ ਨਾਲ ਵਿਰੋਧ ਰੱਖਣਾ, ਗਲਤ ਗੱਲਾਂ ਕਰਨੀਆਂ, ਈਰਖਾ ਕਰਨੀ।

ਸੋ ਇਹ ਪੰਜ ਕਲੇਸ਼ ਆਦਮੀ ਦੇ ਅੰਦਰ ਹਰ ਵਕਤ ਰਹਿੰਦੇ ਨੇ। ਮਹਾਰਾਜ ਕਹਿੰਦੇ, ਜੇ ਵਾਹਿਗੁਰੂ ਤੇਰੇ ਯਾਦ ਰਹੇ ਤਾਂ ਇਨ੍ਹਾਂ ਪੰਜਾਂ ਦਾ ਹੀ ਖਾਤਮਾ ਹੋ ਜਾਏਗਾ। ਫੇਰ ਉਹ ਸਾਰਿਆਂ ਨੂੰ ਦੇਣਹਾਰ ਹੈ, ਦਾਤਾ ਹੈ, ਉਸ ਨੂੰ ਤੂੰ ਯਾਦ ਰੱਖ। ਮਾਤਾ ਦੇ ਉਦਰ ਵਿਚ ਵੀ ਤੈਨੂੰ ਦਿੰਦਾ ਸੀ -

*ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ॥*
*ਪੰਨਾ - 920*

ਕਿਉਂ ਮਨੋ ਵਿਸਾਰਦਾ ਹੈਂ ਪ੍ਰੇਮੀਆਂ! ਜਿਸ ਨੇ ਤੈਨੂੰ ਕੰਚਨ ਵਰਗਾ ਸਰੀਰ ਦਿਤਾ ਹੈ। ਸੋ ਪ੍ਰਮੇਸ਼ਰ ਕਹਿੰਦਾ ਹੈ ਕਿ ਜੇ ਤੂੰ ਮੇਰਾ ਭਜਨ ਕਰੇਂ ਤਾਂ ਮੈਂ ਤੇਰੇ ਪਿਛੇ-ਪਿਛੇ ਤੁਰਿਆ ਫਿਰਾਂਗਾ, ਸਾਰੇ ਕੰਮ ਮੈਂ ਤੇਰੇ ਆਪੇ ਕਰਾਂਗਾ, ਤੈਨੂੰ ਕੁਝ ਵੀ ਕਰਨ ਦੀ ਲੋੜ ਨਹੀਂ, ਤੂੰ ਮੇਰੀ ਯਾਦ ਵਿਚ ਬਹਿ ਜਾ।

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ - ਆਪ ਹਜ਼ੂਰ ਸਾਹਿਬ ਗਏ ਹੋਏ ਨੇ, ਉਥੇ ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਆਪ ਨੇ ਕੀਤਾ। ਬਹੁਤ ਔਖਾ ਹੈ, ਕਿੰਨੇ ਪਾਠ ਰੋਜ਼ ਕਰੋ; ਸੌ ਪਾਠ ਕਰੋ ਤਾਂ ਵੀ ਹਿਸਾਬ ਲਾ ਲਓ ਕਿੰਨਾ ਸਮਾਂ ਲਗਦਾ ਹੈ। ਡੇਢ ਸੌ ਕਰੋ ਫੇਰ ਹਿਸਾਬ ਲਾਓ। ਸੋ ਮਹਾਂਪੁਰਸ਼ ਘਾਲਣਾ ਘਾਲਦੇ ਨੇ ਸਾਡੇ ਵਾਸਤੇ, ਕਿ ਸੰਸਾਰ ਜਿਹੜਾ ਆਉਣ ਵਾਲਾ ਹੈ, ਐਵੇਂ ਨਾ ਸੰਤ ਬਣ ਜਾਏ ਕਪੜੇ ਪਾ ਕੇ, ਚੋਲੇ ਪਾ ਕੇ; ਘਾਲਣਾ ਵੀ ਹੋਵੇ ਅੰਦਰ, ਕਮਾਈ ਵੀ ਹੋਵੇ, ਤਤਿਖਸ਼ਾ ਵੀ ਹੋਵੇ।

ਗੁਰੂ ਨਾਨਕ ਸਾਹਿਬ ਦੀ ਤਤਿਖਸ਼ਾ ਨੂੰ ਜੇ ਯਾਦ ਕਰੀਏ ਤਾਂ ਹੈਰਾਨ ਹੋ ਜਾਈਦਾ ਹੈ। ਜਿੰਨੀ ਤਤਿਖਸ਼ਾ ਆਪ ਨੇ ਕੀਤੀ ਹੈ, ਕੋਈ ਨਹੀਂ ਕਰ ਸਕਦਾ।

ਸੋ ਮਹਾਂਪੁਰਸ਼ਾਂ ਦੇ ਮਨ ਵਿਚ ਮੌਜ ਆਈ ਕਿ ਪਾਣੀ ਵਿਚ ਬੈਠ ਕੇ ਬੰਦਗੀ ਕਰੀਏ। ਹਜ਼ੂਰ ਸਾਹਿਬ ਤੋਂ 4 ਮੀਲ ਦੂਰ ਚਲੇ ਗਏ, ਕਿਸੇ ਨੂੰ ਨਹੀਂ ਕਿਹਾ ਕਿ ਪ੍ਰਸ਼ਾਦਾ ਲੈ ਕੇ ਆਈਂ। ਕਿਸੇ ਨੂੰ ਕੁਝ ਨਹੀਂ ਦੱਸਿਆ, ਜਾ ਕੇ ਚੁਪ ਕਰਕੇ ਬੈਠ ਗਏ। ਇਕ ਦਿਨ ਲੰਘ ਗਿਆ, ਦੋ ਦਿਨ ਲੰਘ ਗਏ, ਤੀਸਰੇ ਦਿਨ ਉਥੇ ਦੇ ਹੈਡ ਗ੍ਰੰਥੀ ਨੂੰ ਸੁਪਨਾ ਆਉਂਦਾ ਹੈ। ਗੁਰੂ ਮਹਾਰਾਜ ਕਹਿੰਦੇ ਹਨ ਕਿ ਭਾਈ! ਮੇਰਾ ਇਕ ਪ੍ਰੇਮੀ ਦਰਿਆ ਦੇ ਵਿਚ ਬੈਠਾ ਹੈ, ਉਸ ਨੂੰ ਜਾ ਕੇ ਪ੍ਰਸ਼ਾਦਾ ਦੇ ਕੇ ਆ। ਪਰ ਉਸਨੇ ਸੁਪਨਾ ਸਮਝ ਕੇ ਕੋਈ ਗੱਲ ਨਹੀਂ ਕੀਤੀ। ਦੂਸਰੇ ਦਿਨ ਫੇਰ ਸੁਪਨਾ ਆਇਆ, ਅਖੀਰ ਚੌਥਾ ਦਿਨ ਹੋ ਗਿਆ। ਘਰਵਾਲੀ ਨਾਲ ਗੱਲ ਕੀਤੀ ਕਿ ਮੈਨੂੰ ਇਸ ਤਰ੍ਹਾਂ ਸੁਪਨਾ ਆਇਆ ਹੈ। ਉਹ ਕਹਿੰਦੀ ਵਾਹ! ਤੁਸੀਂ ਤਾਂ ਚੰਗੇ-ਭਲੇ, ਗਿਆਨਵਾਨ ਪੁਰਸ਼ ਹੋ, ਸੁਪਨੇ ਦਾ ਵੀ ਕੋਈ ਇਤਬਾਰ ਹੁੰਦਾ ਹੈ? ਇਹ ਤਾਂ ਐਵੇਂ ਹੀ ਆ ਜਾਂਦੇ ਨੇ। ਤੁਹਾਡੇ ਕੋਲ ਦਿਨ-ਰਾਤ ਇਥੇ ਬੰਦੇ ਆਉਂਦੇ ਨੇ, ਹੋਰ ਸੁਪਨਾ ਤੁਹਾਨੂੰ ਕਾਹਦਾ ਆਉਣਾ ਸੀ; ਮੱਝਾਂ-ਗਾਈਆਂ ਦਾ ਆਉਣਾ ਸੀ?

ਉਹ ਚੌਥਾ ਦਿਨ ਵੀ ਗਿਆ। ਪੰਜਵੇਂ ਦਿਨ ਸੁਪਨਾ ਫੇਰ ਆਇਆ ਕਿ ਸਿੰਘਾ! ਸਾਨੂੰ ਚਾਰ ਦਿਨ ਹੋ ਗਏ ਤੈਨੂੰ ਕਹਿੰਦਿਆਂ ਨੂੰ ਕਿ ਪ੍ਰਸ਼ਾਦਾ ਲੈ ਕੇ ਜਾਹ - 4 ਮੀਲ ਤੇ। ਪੰਜਵੇਂ ਦਿਨ ਪ੍ਰਸ਼ਾਦਾ ਲੈ ਕੇ ਗਿਆ ਤੇ 3 ਕੁ ਮੀਲ ਜਾ ਕੇ ਮੁੜ ਆਇਆ ਕਿ ਮੈਨੂੰ ਕੀ ਕਹਿਣਗੇ ਲੋਕ ਕਿ ਐਵੇਂ ਬੰਨ੍ਹੀਂ ਜਾਂਦਾ ਹੈ ਰੋਟੀਆਂ। ਛੇਵੇਂ ਦਿਨ ਵੀ ਇਵੇਂ ਹੀ ਟਾਲ ਦਿਤਾ। ਮਹਾਂਪੁਰਸ਼ ਉਠ ਕੇ ਉਥੋਂ ਸੱਤਵੇਂ ਦਿਨ 4 ਮੀਲ ਹੋਰ ਅੱਗੇ ਚਲੇ ਗਏ। ਬਹੁਤ ਸੋਹਣਾ ਥਾਂ ਦੇਖ ਕੇ ਉਥੇ ਬੈਠ ਗਏ - ਪਾਣੀ ਦੇ ਅੰਦਰ, ਤੇ ਏਧਰ ਇਸ ਨੂੰ ਫੇਰ ਤਾੜਨਾ ਹੋਈ ਕਿ ਦੇਖ ਲੈ ਫੇਰ, ਜੇ ਅੱਜ ਨਾ ਗਿਆ ਤਾਂ ਫੇਰ ਬੁਰੀ ਹੋਏਗੀ ਤੇਰੇ ਨਾਲ। ਉਸ ਵੇਲੇ ਫੇਰ ਤਕੜਾ ਇਰਾਦਾ ਕਰਕੇ ਗਿਆ। ਜਦੋਂ ਸੱਤਵੇਂ ਮੀਲ ਤੇ ਗਿਆ ਤਾਂ ਕੀ ਦੇਖਦਾ ਹੈ ਕਿ ਮਹਾਤਮਾ ਬੈਠੇ ਨੇ ਪਾਣੀ ਵਿਚ, ਜਾ ਕੇ ਆਵਾਜ਼ ਮਾਰੀ ਤੇ ਪ੍ਰਸ਼ਾਦੇ ਛਕਾਏ, ਨਾਲ ਸਾਰੀ ਵਿਥਿਆ ਦੱਸੀ ਤੇ ਮਹਾਂਪੁਰਸ਼ਾਂ ਨੇ ਨਮਸ਼ਕਾਰ ਕਰੀ। ਕਹਿੰਦੇ, ਸੱਚੇ ਪਾਤਸ਼ਾਹ! ਐਨਾ ਸਾਡਾ ਫਿਕਰ ਰਖਦੇ ਹੋ ਜੀਵਾਂ ਦਾ? ਸੋ ਉਹ ਦਾਤਾ ਹੈ -

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ਪੰਨਾ - 2***

ਬੰਦਗੀ ਕਰਕੇ ਕੋਈ ਦੇਖ ਲਓ ਜਿਸਦਾ ਜੀਅ ਕਰਦਾ ਹੈ, ਇਹ ਤਾਂ ਆਪੇ ਹੀ ਆਉਂਦਾ ਹੈ ਸਭ ਕੁਝ, ਵਾਹਿਗੁਰੂ ਦਾ ਇੰਤਜ਼ਾਮ ਹੈ, ਉਸ ਨੇ ਦੇਣਾ ਹੈ। ਮਹਾਤਮਾ ਨੂੰ ਨਹੀਂ ਇਨ੍ਹਾਂ ਚੱਕਰਾਂ 'ਚ ਪੈਣਾ ਚਾਹੀਦਾ। ਲੰਗਰ ਚਲਣੇ ਨੇ ਤਾਂ ਉਸ ਨੇ ਦੇਣਾ ਹੈ, ਹੋਰ ਕੋਈ ਕੰਮ ਹੋਣਾ ਹੈ ਤਾਂ ਉਸ ਨੇ ਦੇਣਾ ਹੈ। ਉਸ ਦੇ ਕੰਮ ਨੇ, ਸੰਤਾਂ ਨੂੰ ਤਾਂ ਵਿਚਾਲੇ ਖੜ੍ਹਾ ਕੀਤਾ ਹੋਇਆ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਰਿਆਂ ਜੀਆਂ ਦਾ ਦਾਤਾ ਹੈ। ਭਾਈ ਲਹਿਣਾ ਜੀ ਬੜੇ ਧਿਆਨ ਦੇ ਨਾਲ ਬਾਣੀ ਨੂੰ ਸਮਝ ਰਹੇ ਨੇ। ਇਕੱਲਾ

ਸਮਝ ਹੀ ਨਹੀਂ ਰਹੇ, ਨਾਲ ਨਿਹਚਾ ਵੀ ਹੋਈ ਜਾਂਦਾ ਹੈ ਕਿਉਂਕਿ ਉਤਮ ਜਗਿਆਸੂ ਸੀ। ਸਾਡੇ ਵਰਗੇ ਨਹੀਂ ਸੀ - ਮੱਧਮ, ਕਿ ਸੁਣ ਲਿਆ ਤੇ ਭੁਲ ਗਏ, ਰੋਜ਼ ਸੁਣ ਲਿਆ ਫੇਰ ਭੁਲ ਗਏ। ਅਸੀਂ ਤਾਂ ਉਥੇ ਦੇ ਉਥੇ ਹੀ ਰਹਿੰਦੇ ਹਾਂ, ਕੋਈ ਉਪਦੇਸ਼ ਅਸਰ ਨਹੀਂ ਕਰ ਰਿਹਾ। ਸੁਣਦਿਆਂ ਦੀਆਂ ਉਮਰਾਂ ਹੀ ਲੰਘ ਗਈਆਂ; ਵਧੀਆ ਤੋਂ ਵਧੀਆ ਕੀਰਤਨ, ਵਧੀਆ ਤੋਂ ਵਧੀਆ ਪ੍ਰਚਾਰ ਸੁਣਦੇ ਹਾਂ, ਚੰਗੀ ਤੋਂ ਚੰਗੀ ਕਿਤਾਬ ਪੜ੍ਹਦੇ ਹਾਂ ਲੇਕਿਨ ਰਹਿੰਦੇ ਉਥੇ ਦੇ ਉਥੇ ਹੀ ਹਾਂ, ਭੁਲ ਵਿਚ ਪਏ ਰਹਿੰਦੇ ਹਾਂ, ਜਾਗ ਵਿਚ ਤਾਂ ਥੋੜ੍ਹਾ ਚਿਰ ਹੀ ਆਉਂਦੇ ਹਾਂ।

ਸੋ ਬੰਦਾ ਸੰਸਾਰ ਵਿਚ ਰਹਿੰਦਾ ਰੱਬ ਨੂੰ ਭੁਲਿਆ ਰਹਿੰਦਾ ਹੈ। ਭੁੱਲਣ ਦਾ ਕਾਰਨ ਇਹ ਹੈ ਕਿ ਹਉਮੈ ਦੀ ਸੁਰਤ ਵਿਚ ਰਹਿੰਦਾ ਹੈ। ਮਹਾਰਾਜ ਕਹਿੰਦੇ, ਤੂੰ ਇਸ ਸੁਰਤ ਨੂੰ ਛੱਡ ਦੇ; ਜਿੰਨਾਂ ਚਿਰ ਛਡਦਾ ਨਹੀਂ, ਓਨਾਂ ਚਿਰ ਭੁੱਲ ਦੇ ਵਿਚੋਂ ਨਹੀਂ ਨਿਕਲ ਸਕਦਾ -

***ਭੋਲਿਆ ਹਉਮੈ ਸੁਰਤਿ ਵਿਸਾਰਿ॥*** ***ਪੰਨਾ - 1168***

ਇਸ ਸੁਰਤ ਨੂੰ ਵਿਸਾਰ ਦੇ। ਸੋ ਇਸ ਤਰ੍ਹਾਂ ਆਪ ਅੱਗੇ ਬਾਣੀ ਸੁਣਨ ਲੱਗੇ, ਛੇਵੀਂ ਪਉੜੀ ਵਿਚ ਫੇਰ ਇਸੇ ਤਰ੍ਹਾਂ ਨਾਲ ਆਇਆ, ਸਤਵੀਂ ਸੁਣੀ ਧਿਆਨ ਦਿਤਾ ਤੇ ਫੇਰ 4 ਪੌੜੀਆਂ 'ਸੁਣਿਐ' ਦੀਆਂ ਸੁਣੀਆਂ ਲੇਕਿਨ ਹੁਣ ਚੰਗੀ ਤਰ੍ਹਾਂ ਸਮਝ 'ਚ ਨਾ ਆਈ ਗੱਲ। ਚਾਰ ਅੱਗੇ ਮੰਨੇ ਦੀਆਂ ਸੁਣੀਆਂ, ਫੇਰ ਵੀ ਬਹੁਤੀ ਸਮਝ 'ਚ ਨਾ ਆਈ, ਉਸ ਤੋਂ ਬਾਅਦ ਅਸੰਖ ਦੀਆਂ ਸੁਣੀਆਂ, ਫੇਰ -

***ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥***
***ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥***
***ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥***
***ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥***
***ਪੰਨਾ - 4***

ਜਦੋਂ ਇਹ ਆਪ ਨੇ ਪੜ੍ਹਿਆ ਕਿ ਆਪੇ ਹੀ ਬੀਜਣਾ ਹੈ ਤੇ ਆਪੇ ਹੀ ਖਾਣਾ ਹੈ -

***ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥***
***ਪੰਨਾ - 4***

ਚੰਗੀ ਤਰ੍ਹਾਂ ਸਮਝ ਵਿਚ ਆ ਗਿਆ। ਇਸ ਤਰ੍ਹਾਂ ਪੜ੍ਹ ਲਓ-

***ਧਾਰਨਾ - ਆਪੇ ਬੀਜ ਆਪੇ ਹੀ ਖਾਹੁ-2, 2.***

ਹੋਰ ਧਿਆਨ ਦਿਤਾ ਤੇ ਸੁਰਤ ਦਾ ਕੁੰਡਾ ਫਸ ਗਿਆ - ਤੁਕ ਦੇ ਅੰਦਰ। ਕਿਉਂਕਿ ਬਾਣੀ ਤਾਂ ਅਸੀਂ ਬੇਅੰਤ ਪੜ੍ਹਦੇ ਹਾਂ ਪਰ ਕੋਈ-ਕੋਈ ਤੁਕ ਹੁੰਦੀ ਹੈ ਜਿਸ ਦੇ ਵਿਚ ਸਾਡੀ ਸੁਰਤ ਫਸ ਜਾਇਆ ਕਰਦੀ ਹੈ। ਜਦੋਂ ਸੁਰਤ ਫਸ ਗਈ ਫੇਰ ਉਹ ਬਾਣੀ ਅਸਰ ਕਰਿਆ ਕਰਦੀ ਹੈ - ਮਨ ਦੇ ਉਤੇ। ਸੋ ਆਪ ਨੇ ਚੰਗੀ ਤਰ੍ਹਾਂ ਸਮਝ ਲਿਆ ਕਿ -

***ਪੁੰਨੀ ਪਾਪੀ ਆਖਣੁ ਨਾਹਿ॥*** ***ਪੰਨਾ - 4***

ਕਹਿਣ ਨਾਲ ਕੋਈ ਪੁੰਨੀ ਨਹੀਂ ਬਣਦਾ, ਕਹਿਣ ਨਾਲ ਕੋਈ ਪਾਪੀ ਨਹੀਂ ਬਣਦਾ। ਜੇ ਕਹੇ ਮੈਂ ਪਾਪੀ ਹਾਂ, ਮੈਂ ਬੜਾ ਪੁੰਨੀ ਹਾਂ, ਇਹ ਕਹਿਣ ਨਾਲ ਨਹੀਂ ਹੁੰਦਾ -

***ਕਰਿ ਕਰਿ ਕਰਣਾ ਲਿਖਿ ਲੈ ਜਾਹੁ॥*** ***ਪੰਨਾ - 4***

ਜਿਹੜਾ ਕੁਝ ਕਰੇਂਗਾ ਉਹ ਤੂੰ ਆਪਣੇ ਨਾਲ ਲਿਖ ਕੇ ਲੈ ਜਾਏਂਗਾ - ਸੰਸਕਾਰਾਂ ਦੇ ਅੰਦਰ -

***ਆਪੇ ਬੀਜਿ ਆਪੇ ਹੀ ਖਾਹੁ॥ ॥*** ***ਪੰਨਾ - 4***

ਚੰਗਾ ਬੀਜਿਆ ਹੋਇਆ ਵੀ ਤੂੰ ਹੀ ਖਾਏਂਗਾ, ਤੇ ਮਾੜਾ ਬੀਜਿਆ ਹੋਇਆ ਵੀ ਤੂੰ ਹੀ ਖਾਏਂਗਾ।

***ਨਾਨਕ ਹੁਕਮੀ ਆਵਹੁ ਜਾਹੁ॥*** ***ਪੰਨਾ - 4***

ਏਥੇ ਹੁਕਮ ਵਰਤ ਰਿਹਾ ਹੈ - ਕਰਮਾਂ ਦੇ ਉਤੇ, ਉਹ ਨਹੀਂ ਟਲਿਆ ਕਰਦਾ। ਦੁਨੀਆਂ ਇਸ ਕਰਕੇ ਦੁਖੀ

ਹੈ ਕਿਉਂਕਿ ਇਸ ਤਰ੍ਹਾਂ ਦੇ ਕਰਮ ਕੀਤੇ ਹੋਏ ਨੇ ਤੇ ਹੁਣ ਉਨ੍ਹਾਂ ਦਾ ਫਲ ਭੋਗ ਰਹੇ ਨੇ। ਜੋ ਬੀਜੇ ਸੀ ਉਹ ਵੱਢ ਰਹੇ ਨੇ। ਹੁਣ ਤਾਂ ਇਸ ਦਾ ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਮਹਾਰਾਜ ਕਹਿੰਦੇ, ਦੋਸ਼ ਨਾ ਦੇਹ –

***ਧਾਰਨਾ – ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ,***
***ਦੋਸ਼ ਤੇਰੇ ਕਰਮਾਂ ਦਾ –2, 2***
***ਮੇਰੇ ਪਿਆਰੇ, ਦੋਸ਼ ਤੇਰੇ ਕਰਮਾਂ ਦਾ –2, 2.***
***ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ,...– 2.***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥ ਪੰਨਾ – 433***

ਕਿਉਂ ਦੋਸ਼ ਦਿੰਦਾ ਹੈਂ ਦੂਸਰਿਆਂ ਨੂੰ, ਤੇਰਾ ਆਪਣਾ ਹੀ ਤਾਂ ਬੀਜਿਆ ਹੋਇਆ ਹੈ, ਆਪਣਾ ਬੀਜਿਆ ਹੋਇਆ ਵੱਢ ਰਿਹਾ ਹੈਂ –

***ਆਪੇ ਬੀਜਿ ਆਪੇ ਹੀ ਖਾਹੁ॥ ਪੰਨਾ – 4***

ਜਦੋਂ ਬੀਜਦਾ ਸੀ ਤਾਂ ਸੰਤ ਹਾਕਾਂ ਮਾਰ-ਮਾਰ ਕਹਿੰਦੇ ਸੀ ਕਿ ਨਾ ਬੀਜ ਨਿੰਦਿਆ; ਜਦੋਂ ਇਸ ਦਾ ਤੈਨੂੰ ਲੇਖਾ ਦੇਣਾ ਪੈ ਗਿਆ, ਫੇਰ ਔਖਾ ਹੋਏਂਗਾ। ਇਸ ਤਰ੍ਹਾਂ ਸਮਝਾਉਂਦੇ ਸੀ–

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥ ਪੰਨਾ – 755***

ਸ਼ਰਾਬ ਦੀਆਂ ਬੋਤਲਾਂ ਪੀਂਦਾ ਸੀ, ਮਹਾਤਮਾ ਸਮਝਾਉਂਦੇ ਸੀ ਕਿ 'ਖਸਮ' ਦੀ ਦਰਗਾਹ ਵਿਚ ਜਾ ਕੇ ਤੈਨੂੰ ਪੈਰ ਰੱਖਣ ਨੂੰ ਥਾਂ ਨਹੀਂ ਮਿਲਣਾ, ਧੱਕੇ ਪੈਣਗੇ ਉਥੇ, ਧੱਕੇ ਮਿਲਣਗੇ। ਕਦੇ ਕੁੱਤਾ ਬਣੇਂਗਾ, ਕਦੇ ਬਿੱਲਾ ਬਣੇਂਗਾ, ਕਦੇ ਸੂਰ ਬਣੇਂਗਾ, ਕਦੇ ਸੱਪ ਬਣੇਂਗਾ –

***ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥ ਪੰਨਾ – 554***

ਤੇ ਉਥੇ ਸਜ਼ਾ ਮਿਲਦੀ ਹੈ ਕਿਉਂਕਿ ਉਸ ਵੇਲੇ ਸੁਣਿਆ ਹੀ ਨਹੀਂ ਜਦੋਂ ਤੈਨੂੰ ਹਾਕਾਂ ਮਾਰ-ਮਾਰ ਕੇ ਜਗਾਉਂਦੇ ਸੀ। ਜਦੋਂ ਫੇਰ ਫਲ ਪੱਕ ਗਿਆ, ਕੰਡਿਆਈ ਚੁਗਣੀ ਪੈ ਗਈ, ਓਸ ਵੇਲੇ ਫੇਰ ਰੋਂਦਾ ਹੈ ਕਿ ਮੇਰੇ ਨਾਲ ਆਹ ਹੋ ਗਿਆ, ਮੇਰੇ ਨਾਲ ਓਹ ਹੋ ਗਿਆ, ਮੇਰਾ ਕੰਮ ਨਹੀਂ ਚਲਦਾ, ਮੈਂ ਦੁਖੀ ਹਾਂ। ਪ੍ਰੇਮੀਆਂ! ਕਰਮ ਕੀਤੇ ਹੋਏ ਭੋਗਣੇ ਪੈਂਦੇ ਨੇ। ਮਹਾਰਾਜ ਸਮਝਾਉਂਦੇ ਹਨ ਕਿ –

***ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥ ਪੰਨਾ – 990***

ਜਿਹੜਾ ਕੁਝ ਕਰਦੇ ਹੋ ਇਸ ਨੂੰ ਤਾਂ ਕਾਗਜ਼ ਸਮਝ ਲਓ ਤੇ ਜਿਹੜਾ ਮਨ ਇਸਦੇ ਨਾਲ ਰਲਦਾ ਹੈ ਉਹ ਸਿਆਹੀ ਹੈ। ਜਿਹੜੇ ਬੁਰੇ ਕੰਮ ਕਰਦੇ ਨੇ ਉਹ ਵੀ ਲਿਖੇ ਜਾਂਦੇ ਨੇ, ਜੋ ਭਲੇ ਨੇ, ਉਹ ਵੀ ਲਿਖੇ ਜਾਂਦੇ ਨੇ।

***ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ॥ ਪੰਨਾ – 1238***

ਜਦੋਂ ਸਾਰਾ ਕੁਝ ਹੀ ਲੇਖੇ ਵਿਚ ਹੈ, ਸਾਰਾ ਬੋਲਣ ਚੱਲਣ ਵੀ ਲੇਖੇ ਵਿਚ ਹੈ, ਸਾਡਾ ਸਾਹ ਲਿਆ ਵੀ ਲੇਖੇ ਵਿਚ ਹੈ ਫੇਰ ਤਾਂ ਹਰ ਕੰਮ, ਹਰ ਗੱਲ ਸੋਚ ਸਮਝ ਕੇ ਕਰੋ ਤਾਂ ਕਿ ਗਲਤ ਕੰਮ ਨਾ ਹੋਵੇ ਕਿਉਂਕਿ ਇਸ ਦਾ ਲੇਖਾ ਹੋਣਾ ਹੈ। ਕੋਈ ਚੀਜ਼ ਨਹੀਂ ਹੈ ਲੇਖੇ ਤੋਂ ਬਗੈਰ –

***ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ॥***
***ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ॥ ਪੰਨਾ – 1238***

ਆਪਣੇ ਆਪ ਨਹੀਂ ਬਣਦਾ ਜੇ ਕੋਈ ਕਹੇ ਕਿ ਮੈਂ ਚੰਗਾ ਹਾਂ; ਜਿਹੋ-ਜਿਹੀ ਕਰਣੀ ਕੀਤੀ ਹੈ, ਉਹੋ ਜਿਹਾ ਹੀ ਫਲ ਭੋਗਣਾ ਪੈਂਦਾ ਹੈ ਕਿਉਂਕਿ ਇਹ ਕਿਰਤ ਬਣ ਜਾਂਦੀ ਹੈ, ਕਿਰਤ ਨਹੀਂ ਕਦੇ ਵੀ

ਮਿਟਿਆ ਕਰਦੀ। ਵੱਡਿਆਂ-ਵੱਡਿਆਂ ਨੇ ਜ਼ੋਰ ਲਾਇਆ - ਕਿਰਤ ਨੂੰ ਮਿਟਾਉਣ ਵਾਸਤੇ, ਪਰ ਫੇਰ ਵੀ ਪਹਿਲਾਂ ਕੀਤੇ ਹੋਏ ਕੰਮ ਭੋਗਣੇ ਪਏ। ਬੇਅੰਤ ਮਿਸਾਲਾਂ ਨੇ, ਰੋਜ਼ ਦੇ ਜੀਵਨ ਵਿਚ ਵੀ ਨੇ। ਰੋਜ਼ ਤੁਸੀਂ ਦੇਖਦੇ ਹੋ ਕਿ ਇਨ੍ਹਾਂ ਨੇ ਇਹ ਕੰਮ ਕਰਿਆ ਸੀ, ਇਹ ਫਲ ਭੋਗ ਰਹੇ ਨੇ - ਓਸ ਚੀਜ਼ ਦਾ; ਕਈਆਂ ਨੂੰ ਐਸੇ ਜਨਮ 'ਚ ਮਿਲ ਜਾਂਦਾ ਹੈ ਤੇ ਕਈਆਂ ਨੂੰ ਦੂਰ ਜਾ ਕੇ ਮਿਲਦਾ ਹੈ।

ਜਦੋਂ ਮਹਾਂਭਾਰਤ ਦਾ ਯੁੱਧ ਖਤਮ ਹੋਇਆ, ਉਸ ਵੇਲੇ ਕ੍ਰਿਸ਼ਨ ਮਹਾਰਾਜ ਤੇ ਸਾਰੇ ਪਾਂਡਵ ਮਿਲ ਕੇ ਧ੍ਰਿਤਰਾਸ਼ਟਰ ਕੋਲ ਆਉਂਦੇ ਨੇ ਤੇ ਪ੍ਰਚਾਉਣੀ ਕਰਦੇ ਨੇ ਕਿ ਬੜਾ ਨੁਕਸਾਨ ਹੋਇਆ, ਔਰਤਾਂ ਵਿਧਵਾ ਹੋ ਗਈਆਂ, ਭਾਰਤ ਕਮਜ਼ੋਰ ਹੋ ਗਿਆ, ਸਾਰੀ ਜਵਾਨੀ ਖਤਮ ਹੋ ਗਈ; 45 ਲੱਖ ਬੰਦਾ ਅਠਾਰਾਂ ਦਿਨਾਂ ਵਿਚ ਮਾਰਿਆ ਗਿਆ, ਕਦੇ ਐਡਾ ਵੱਡਾ ਨੁਕਸਾਨ ਨਹੀਂ ਹੋਇਆ। ਯੁਧ ਤਾਂ ਵੱਡੇ-ਵੱਡੇ ਹੋਏ। ਪਹਿਲੇ ਤੇ ਦੂਜੇ ਸੰਸਾਰ ਯੁੱਧ ਵਿਚ ਪੰਜ ਕਰੋੜ ਬੰਦਾ ਲੜਿਆ, ਯੁੱਧ ਸਾਲਾਂ ਬੱਧੀ ਚਲਦੇ ਰਹੇ। ਲੇਕਿਨ ਮਹਾਂਭਾਰਤ ਵਿਚ ਸਿਰਫ ਅਠਾਰਾਂ ਦਿਨ ਲੱਗੇ, ਅਠਾਰਾਂ ਦਿਨਾਂ ਵਿਚ 45 ਲੱਖ ਬੰਦਾ ਬਿਲਕੁਲ ਖਤਮ ਹੋ ਗਿਆ, ਸਿਰਫ 7 ਬਚੇ।

ਧ੍ਰਿਤਰਾਸ਼ਟਰ ਕ੍ਰਿਸ਼ਨ ਮਹਾਰਾਜ ਨੂੰ ਕਹਿਣ ਲੱਗਿਆ, "ਮਹਾਰਾਜ! ਮੈਨੂੰ 100 ਜਨਮ ਦਾ ਗਿਆਨ ਹੈ ਕਿਉਂਕਿ ਮੈਂ ਜਮਾਂਦਰੂ ਨੇਤਰਹੀਣ ਹੋਣ ਕਰਕੇ, ਮੇਰੀ ਸੁਰਤੀ ਸੁਖਮਨਾ ਨਾੜੀ ਵਿਚ ਪ੍ਰਵੇਸ਼ ਕਰਕੇ ਮੈਨੂੰ 100 ਜਨਮ ਦਾ ਗਿਆਨ ਹੋਇਆ ਤੇ ਮੈਂ ਸਾਰਾ ਦੇਖਿਆ ਕਿ ਮੈਂ ਕੋਈ ਅਜਿਹਾ ਕੰਮ ਨਹੀਂ ਸੀ ਕੀਤਾ ਜਿਸ ਦਾ ਮੈਨੂੰ ਫਲ ਇਹ ਮਿਲਦਾ। ਮੇਰਾ 100 ਬੱਚਾ ਮਾਰਿਆ ਗਿਆ।"

ਉਹ ਕਹਿੰਦੇ, "ਕੀਤੇ ਤੋਂ ਬਗੈਰ ਤਾਂ ਹੁੰਦਾ ਨਹੀਂ ਰਾਜਨ।"

ਜਦੋਂ ਆਦਮੀ ਕਰਦਾ ਹੈ ਓਸ ਵੇਲੇ ਤਾਂ ਫਲ ਦਾ ਖਿਆਲ ਨਹੀਂ ਹੋਇਆ ਕਰਦਾ ਲੇਕਿਨ ਜਦੋਂ ਬੀਜ ਚੁਕਦਾ ਹੈ, ਫੇਰ ਪਤਾ ਲਗਦਾ ਹੈ ਕਿ ਇਹ ਤਾਂ ਮੈਨੂੰ ਹੀ ਵੱਢਣਾ ਪੈ ਗਿਆ। ਮਹਾਰਾਜ ਕਹਿੰਦੇ -

***ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥***

***ਪੰਨਾ - 990***

ਇਹ ਕਿਰਤ ਨੇ ਚਲਾਉਣਾ ਹੈ, ਓਹੋ ਜਿਹਾ ਸੁਭਾਅ ਬਣਨਾ ਹੈ ਜਿਹੋ ਜਿਹੀ ਕਿਰਤ ਕੀਤੀ ਹੋਈ ਹੈ। ਕਿਰਤ ਕਹਿੰਦੇ ਨੇ - ਕਰਮ ਜਦੋਂ ਪੱਕ ਜਾਂਦੇ ਨੇ ਤੇ ਲੇਖਾ ਦੇਣ ਲਈ ਆ ਜਾਂਦੇ ਨੇ - ਉਸ ਦਾ ਸੁਭਾਅ ਓਹੋ ਜਿਹਾ ਬਣ ਜਾਂਦਾ ਹੈ, ਵਾਤਾਵਰਣ ਓਹੋ ਜਿਹਾ ਬਣੇਗਾ, ਉਸੇ ਪਰਿਵਾਰ ਵਿਚ ਆ ਕੇ ਜਨਮ ਲਏਗਾ ਜਿਥੇ ਬਦਲੇ ਲੈਣੇ ਨੇ ਜਾਂ ਦੇਣੇ ਨੇ -

***ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ॥***
***ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਤਿ॥*** ***ਪੰਨਾ - 78***

ਸੋ ਕਹਿਣ ਲੱਗੇ ਕਿ ਉਸ ਦਾ ਨਿਆਂ ਸੱਚਾ ਹੋਇਆ ਕਰਦਾ ਹੈ।

***ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ ਮਨਾਈ॥***

***ਪੰਨਾ - 912***

***ਕਿਰਤੁ ਓਨਾ ਕਾ ਮਿਟਸਿ ਨਾਹਿ॥***
***ਓਇ ਅਪਣਾ ਬੀਜਿਆ ਆਪਿ ਖਾਹਿ॥*** ***ਪੰਨਾ - 1183***

ਕ੍ਰਿਸ਼ਨ ਮਹਾਰਾਜ ਕਹਿਣ ਲਗੇ, "ਤੂੰ ਬੀਜਿਆ ਹੋਇਆ ਖਾਂਦਾ ਹੈਂ ਰਾਜਨ! ਜਦੋਂ ਬੀਜਿਆ ਸੀ ਉਸ ਵੇਲੇ ਖਿਆਲ ਨਹੀਂ ਕੀਤਾ ਕਿ ਮੈਂ ਕੀ ਬੀਜ ਰਿਹਾ ਹਾਂ।"

ਧ੍ਰਿਤਰਾਸ਼ਟਰ ਕਹਿੰਦਾ ਹੈ, "ਮਹਾਰਾਜ! ਮੈਨੂੰ ਤਾਂ 100 ਜਨਮ ਵਿਚ ਕੁਝ ਨਹੀਂ ਲੱਭਿਆ ਜਿਸ ਦਾ ਮੈਂ ਐਨਾ ਵੱਡਾ ਫਲ ਭੋਗਿਆ।"

ਕਹਿੰਦੇ, "ਇਕ ਸੌ ਸੱਤਵਾਂ ਜਨਮ ਦੇਖ।"

ਕਹਿੰਦਾ, "ਉਥੇ ਮੇਰੀ ਪਹੁੰਚ ਨਹੀਂ ਮਹਾਰਾਜ।" ਕ੍ਰਿਸ਼ਨ ਮਹਾਰਾਜ ਨੇ ਕਿਰਪਾ ਕੀਤੀ ਤਾਂ 107ਵਾਂ ਜਨਮ ਦਿਖਾਇਆ। ਇਹ ਬਹੁਤ ਵੱਡਾ ਰਾਜਾ ਹੈ ਤੇ ਇਸਨੂੰ ਮਾਸ ਖਾਣ ਦੀ ਆਦਤ ਹੈ। ਇਕ ਦਿਨ ਬਾਵਰਚੀਆਂ ਨੂੰ ਮਾਸ ਨਾ ਮਿਲਿਆ, ਤੇ ਉਹ ਲੈ ਕੇ ਨਾ ਆਏ। ਇਸ ਰਾਜੇ ਨੇ ਹੰਸ ਪਾਲੇ ਹੋਏ ਸੀ ਤੇ ਇਸ ਨੇ ਹੁਕਮ ਕਰ ਦਿਤਾ ਕਿ ਹੰਸ ਮਾਰ ਕੇ ਮਾਸ ਤਿਆਰ ਕਰਕੇ ਲਿਆਂਦਾ ਜਾਵੇ। ਜਦੋਂ ਇਸ ਨੇ ਖਾਧਾ ਤਾਂ ਬਹੁਤ ਸੁਆਦ ਲੱਗਿਆ ਤੇ ਇਸ ਨੇ ਬਾਵਰਚੀਆਂ ਨੂੰ ਕਿਹਾ ਕਿ ਇਹੋ-ਜਿਹਾ ਮਾਸ ਹਰ ਰੋਜ਼ ਬਣਾਇਆ ਕਰੋ। ਸੌ ਦਿਨ ਲੰਘ ਗਿਆ। ਸੌ ਦਿਨਾਂ ਦੇ ਵਿਚ, ਸੌ ਬੱਚਾ ਖਾ ਲਿਆ ਇਸ ਨੇ। ਇਹ ਹੰਸ ਐਸਾ ਪੰਛੀ ਹੈ ਜਿਹੜਾ ਬਹੁਤ ਹੀ ਸੰਵੇਦਨਸ਼ੀਲ ਹੁੰਦਾ ਹੈ, ਇਸ ਨੂੰ 49% ਜਾਗ ਹੈ। ਮਨੁੱਖ ਨੂੰ 50% ਹੈ, 1% ਦਾ ਹੀ ਫਰਕ ਹੈ। ਹੋਰ ਵੀ ਜਾਨਵਰ ਜਾਗਦੇ ਨੇ। ਕਾਂ ਬਹੁਤ ਜਾਗਦਾ ਹੈ। ਕੁੱਤੇ ਨੂੰ ਮਨੁੱਖ ਨਾਲੋਂ ਕਿੰਨੀਆਂ ਹੀ ਗੱਲਾਂ ਦੀ ਜ਼ਿਆਦਾ ਸੋਝੀ ਹੈ। ਮਨੁੱਖ ਨੂੰ ਨਹੀਂ ਪਤਾ ਲਗਦਾ, ਕੁੱਤੇ ਨੂੰ ਇਕ ਵਾਰੀ ਸੁੰਘਾ ਦਿਓ ਤੇ 100 ਮੀਲ ਤੇ ਛੱਡ ਆਓ, ਉਥੇ ਹੀ ਵਾਪਸ ਆ ਜਾਏਗਾ; ਜਿਹੜੇ ਬੰਦੇ ਨੂੰ ਸੁੰਘਾਇਆ ਸੀ, ਉਸ ਨੂੰ ਆ ਕੇ ਫੜ ਲਏਗਾ, ਚਾਹੇ ਕੱਪੜਾ ਹੀ ਸੁੰਘਾ ਦਿਓ ਉਸਦਾ। ਲੇਕਿਨ ਇਹ ਮਨੁੱਖ ਕਹਿੰਦਾ ਹੈ ਕਿ ਮੈਂ ਬਹੁਤ ਜਾਣਦਾ ਹਾਂ। ਮਨੁੱਖ ਕੋਲ ਇਕੋ ਹੀ ਵਿਸ਼ੇਸ਼ਤਾ ਹੈ ਕਿ ਇਸ ਦੇ ਕੋਲ ਛੇਵੀਂ sense (ਬੁਧੀ, ਚੇਤਨਾ), third eye (ਤੀਜੀ ਅੱਖ), ਸ਼ਿਵ ਨੇਤਰ, ਬਿਅੰਨ ਅਖੱੜੀਆਂ, ਦਸਵਾਂ ਦੁਆਰ ਹੈ ਜੋ ਹੋਰ ਕਿਸੇ ਨੂੰ ਪ੍ਰਾਪਤ ਨਹੀਂ ਹੈ। ਇਸ ਦੇ ਨਾਲ ਇਹ ਪ੍ਰਮੇਸ਼ਰ ਨੂੰ ਦੇਖ ਸਕਦਾ ਹੈ। ਬਾਕੀ ਚੌਰਾਸੀ ਦੇ ਵਿਚ ਇਹ ਸ਼ਕਤੀ ਨਹੀਂ ਹੈ ਕਿ ਉਹ ਦੇਖ ਸਕੇ। ਸੋ ਇਹ ਵਿਸ਼ੇਸ਼ਤਾ ਹੈ ਇਸ ਦੇ ਵਿਚ।

ਜਦੋਂ ਇਨ੍ਹਾਂ ਹੰਸਾਂ ਦੇ ਮਾਤਾ ਪਿਤਾ ਆਏ - ਮਾਨਸਰੋਵਰ ਤੋਂ, ਉਸ ਵੇਲੇ ਉਨ੍ਹਾਂ ਨੇ ਸੁੰਘ ਲਿਆ ਕਿ ਬੱਚੇ ਤਾਂ ਇਸ ਨੇ ਮਾਰੇ ਨੇ। ਉਹ ਦੋਵੇਂ ਇਸ ਦੇ ਮਹਿਲਾਂ ਦੁਆਲੇ ਘੁੰਮ-ਘੁੰਮ ਕੇ, ਤੜਫ-ਤੜਫ ਕੇ ਮਰ ਗਏ, ਸਰਾਪ ਹੋ ਗਿਆ ਕਿ ਰਾਜਨ! ਜਿਵੇਂ ਤੂੰ ਸਾਨੂੰ ਤੜਫਾਇਆ ਹੈ, ਇਵੇਂ ਤੂੰ ਤੜਫੇਂਗਾ।

ਕ੍ਰਿਸ਼ਨ ਮਹਾਰਾਜ ਕਹਿੰਦੇ ਕਿ ਹੁਣ ਇਕ ਸੌ ਚੌਥਾ ਜਨਮ ਦੇਖ। ਟਿੱਡਾ ਫੜਿਆ ਸੀ ਅੱਕ ਤੋਂ। ਹੋਰ ਵੀ ਬੱਚੇ ਸੀ, ਕੋਈ ਕੱਚਾ ਧਾਗਾ ਪਾ ਕੇ ਉਡਾਉਂਦਾ ਹੈ ਗੁੱਡੀ ਵਾਂਗ, ਧਾਗਾ ਟੁੱਟ ਜਾਂਦਾ ਹੈ ਉਹ ਛੁਟ ਜਾਂਦਾ ਹੈ। ਤੈਨੂੰ ਕੀ ਸੁੱਝੀ ਕਿ ਤੂੰ ਸੂਲ (ਕੰਡਾ) ਤੋੜੀ ਕਿੱਕਰ ਦੀ ਤੇ ਉਸ ਦੀਆਂ ਦੋਨੋਂ ਅੱਖਾਂ ਵਿਚੀਂ ਸਾਰ-ਪਾਰ ਲੰਘਾ ਕੇ ਫੇਰ ਵਗਾਹ ਕੇ ਮਾਰਿਆ, ਉਸ ਨੇ ਤੜਫ-ਤੜਫ ਕੇ ਜਾਨ ਦਿਤੀ। ਉਹ ਤੇਰੀ ਕਿਰਤ ਬਣ ਗਈ ਤੇ ਉਹ ਤੇਰਾ ਕਰਮ ਲਿਖਿਆ ਗਿਆ। ਉਹ ਤੂੰ ਬੀਜਿਆ ਸੀ -

ਕਹਿੰਦੇ, "ਬੀਜਿਆ ਸੀ ਨਾਂ! ਫੇਰ ਹੁਣ ਖਾਣਾ ਪਿਆ। ਉਸ ਦੇ ਬੱਚੇ ਤੂੰ ਮਾਰੇ ਸੀ, ਤੇਰੇ ਵੀ ਮਾਰੇ ਗਏ, ਉਸਦੀਆਂ ਅੱਖਾਂ ਤੂੰ ਅੰਨ੍ਹੀਆਂ ਕਰੀਆਂ, ਤੇਰੀਆਂ ਵੀ ਹੋ ਗਈਆਂ।" ਸੋ-

***ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ॥***

ਵੱਡਿਆਂ-ਵੱਡਿਆਂ ਨੇ ਜ਼ੋਰ ਲਾਇਆ। ਰਾਜਾ ਜਨਮੇਜਾ ਜੋ ਅਰਜਨ ਦਾ ਪੜੋਤਾ ਸੀ, ਇਸ ਦੇ ਕੋਲ ਇਕ ਵਾਰੀ ਵਿਆਸ ਜੀ ਚਲੇ ਗਏ। ਇਸ ਨੇ ਨਮਸ਼ਕਾਰ ਤਾਂ ਕੀਤੀ ਪਰ ਕੁਝ ਤਰਕ ਨਾਲ ਕੀਤੀ।

ਉਹ ਕਹਿੰਦੇ, "ਕੀ ਗੱਲ ਹੈ ਬੇਟਾ?"

ਮਹਾਤਮਾ ਤਾਂ ਪਿਆਰ ਦੇ ਭੁੱਖੇ ਹੁੰਦੇ ਨੇ, ਲੈਣਾ ਦੇਣਾ ਨਹੀਂ ਹੁੰਦਾ ਸੰਤਾਂ ਨੇ ਕਿਸੇ ਤੋਂ ਵੀ ਕੁਝ, ਸਿਰਫ ਪਿਆਰ ਚਾਹੁੰਦੇ ਨੇ।

ਕਹਿੰਦੇ, "ਤੇਰੇ ਪਿਆਰ ਕਰਕੇ ਅਸੀਂ ਆਏ ਹਾਂ। ਕੀ ਤਰਕ ਹੈ ਤੇਰੇ ਮਨ ਦੇ ਵਿਚ?"

ਕਹਿੰਦਾ, "ਮਹਾਰਾਜ! ਇਹ ਤਰਕ ਆ ਗਈ ਮੇਰੇ ਮਨ ਦੇ ਵਿਚ ਕਿ ਤੁਹਾਨੂੰ ਤ੍ਰਿਕਾਲਦਰਸ਼ੀ ਕਹਿੰਦੇ ਨੇ।" ਤਿੰਨਾਂ ਕਾਲਾਂ ਦੀ ਜਿਸ ਨੂੰ ਸੋਝੀ ਹੋਵੇ - ਪਿਛਲੇ ਸਮੇਂ ਦੀ ਵੀ, ਹੁਣ ਵਾਲੇ ਦੀ ਵੀ ਤੇ ਭਵਿੱਖਤ ਦੀ ਵੀ; ਉਸਨੂੰ ਤ੍ਰਿਕਾਲਦਰਸ਼ੀ ਕਹਿੰਦੇ ਨੇ।

ਕਹਿੰਦਾ, "ਕ੍ਰਿਸ਼ਨ ਮਹਾਰਾਜ ਨੂੰ ਵੀ ਕਹਿੰਦੇ ਨੇ - 16 ਕਲਾਂ ਸੰਪੂਰਨ ਅਵਤਾਰ ਸੀ ਉਹ। ਫੇਰ ਮੈਂ ਦੂਜਿਆਂ ਦਾ ਵੀ ਜ਼ਿਕਰ ਪੜ੍ਹਦਾ ਹਾਂ - ਭੀਸ਼ਮ ਪਿਤਾਮਾ ਦਾ ਕਿ ਉਹ ਬਹੁਤ ਸਿਆਣੇ ਸੀ, ਦ੍ਰੋਣਾਚਾਰੀਆ, ਕ੍ਰਿਪਾਚਾਰੀਆ ਆਦਿ, ਤੁਸੀਂ ਐਨੇ ਸਿਆਣੇ ਬੰਦੇ ਹੁੰਦੇ ਹੋਏ ਯੁਧ ਨਾ ਰੋਕ ਸਕੇ? ਤੁਹਾਨੂੰ ਚਾਹੀਦਾ ਸੀ, ਤੁਸੀਂ ਯੁੱਧ ਰੋਕ ਲੈਂਦੇ।"

ਉਹ ਕਹਿੰਦੇ, "ਜਨਮੇਜਾ! ਯੁੱਧ ਕੋਈ ਨਹੀਂ ਸੀ ਚਾਹੁੰਦਾ। ਦੁਨੀਆਂ ਵਿਚ ਕੋਈ ਬੰਦਾ ਨਹੀਂ ਜਿਹੜਾ ਯੁੱਧ ਚਾਹੁੰਦਾ ਹੋਵੇ, ਪਰ ਫੇਰ ਵੀ ਯੁੱਧ ਹੋ ਜਾਇਆ ਕਰਦੇ ਨੇ। ਇਹ ਕਿਸੇ ਦੇ ਵੱਸ ਵਿਚ ਨਹੀਂ। ਜਦੋਂ ਤੋਂ ਸੰਸਾਰ ਬਣਿਆਂ ਹੈ, ਯੁੱਧ ਤੁਰੇ ਹੀ ਆਉਂਦੇ ਨੇ। ਇਹ ਹੁੰਦੇ ਹੀ ਰਹਿਣਗੇ, ਇਹ ਨਹੀਂ ਹਟਿਆ ਕਰਦੇ ਕਦੇ ਵੀ। ਹਾਲਾਤ ਐਸੇ ਹੋ ਜਾਂਦੇ ਨੇ, ਉਨ੍ਹਾਂ ਨੂੰ ਟਾਲਿਆ ਨਹੀਂ ਜਾ ਸਕਦਾ।"

ਕਹਿਣ ਲੱਗਿਆ, "ਕਿਵੇਂ ਨਹੀਂ ਟਾਲਿਆ ਜਾ ਸਕਦਾ?"

ਉਹ ਕਹਿੰਦੇ, "ਕਿਰਤ ਬਣ ਜਾਂਦੀ ਹੈ। ਕਿਤੇ ਤਾਂ ਸਮੁੱਚੀ ਸਾਰੇ ਦੇਸ਼ ਦੀ ਕਿਰਤ, ਕਿਤੇ ਕੌਮ ਦੀ ਕਿਰਤ ਹੋਇਆ ਕਰਦੀ ਹੈ। ਕਿਸੇ ਥਾਂ ਤੇ ਸਫਰ ਕਰਦੇ ਜਾ ਰਹੇ ਨੇ - 100 ਬੰਦਾ, ਉਨ੍ਹਾਂ ਦੀ ਕਿਰਤ ਆ ਗਈ, ਹਾਦਸਾ ਹੋਇਆ, ਇਕੱਠੇ ਹੀ ਮਰ ਗਏ ਸਾਰੇ, ਡੁੱਬ ਗਿਆ ਜਹਾਜ਼। ਸੋ ਕਿਰਤ ਹੁੰਦੀ ਹੈ, ਉਹ ਮਿਟਿਆ ਨਹੀਂ ਕਰਦੀ।"

ਜਨਮੇਜਾ ਕਹਿੰਦਾ, ਇਹ ਤਾਂ ਪਿਛੋਂ ਦੀਆਂ ਗੱਲਾਂ ਨੇ। ਜਦੋਂ ਗੱਲ ਹੋ ਹਟਦੀ ਹੈ, ਫੇਰ ਸਿਆਣੇ ਬੰਦੇ ਦਿਲਾਸਾ, ਧਰਵਾਸ ਦੇਣ ਵਾਸਤੇ, ਪ੍ਰਚਾਉਣੀ ਕਰਨ ਵਾਸਤੇ ਇਹ ਗੱਲਾਂ ਆਮ ਕਿਹਾ ਕਰਦੇ ਨੇ ਪਰ ਇਸ ਦੇ ਵਿਚ ਸੱਤਤਾ ਨਹੀਂ ਹੈ, ਮੰਨੀ ਨਹੀਂ ਜਾ ਸਕਦੀ ਕਿ ਗੱਲ ਆਦਮੀ ਨੂੰ ਪਤਾ ਹੋਵੇ ਕਿ ਤੇਰੇ ਅੱਗੇ ਖੂਹ ਹੈ ਤੇ ਉਹਨੂੰ ਕਹੇ ਕਿ ਤੂੰ ਖੂਹ ਵਿਚ ਗਿਰ ਜਾਣਾ ਹੈ ਹੁਣ। ਉਹ ਕਿਵੇਂ ਗਿਰ ਜਾਏਗਾ? ਉਹ ਕਹਿੰਦਾ ਮੈਂ ਨਹੀਂ ਤੁਰਦਾ, ਮੈਂ ਨਹੀਂ ਗਿਰਦਾ। ਕਹਿੰਦੇ ਤੇਰੀ ਕਿਰਤ ਵਿਚ ਲਿਖਿਆ ਹੋਇਆ ਹੈ - ਖੂਹ 'ਚ ਗਿਰਨਾ, ਤਾਂ ਉਹ ਕਹੇਗਾ ਕਿ ਕਿਵੇਂ ਗਿਰ ਜਾਵਾਂਗਾ ਜਦੋਂ ਜਾਣਾ ਹੀ ਨਹੀਂ ਖੂਹ ਵਾਲੇ ਪਾਸੇ।" ਜਦੋਂ ਇਸ ਨੇ ਬਹੁਤ ਤਰਕ ਕਰੀ। ਉਸ ਵੇਲੇ ਵਿਆਸ ਜੀ ਕਹਿੰਦੇ, "ਲੈ ਅਸੀਂ ਤੈਨੂੰ ਸਮਝਾਉਂਦੇ ਹਾਂ ਕਿ ਤੇਰੇ ਨਾਲ ਭਾਵੀ ਵਰਤਣੀ ਹੈ। ਇਹ ਤੈਨੂੰ ਭੋਗਣੀ ਪੈਣੀ ਹੈ।"

***ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ॥***

ਕਹਿੰਦਾ, "ਲੈ, ਮੈਂ ਕਦੇ ਵੀ ਨਾ ਭੋਗਾਂ ਜੇ ਮੈਨੂੰ ਪਤਾ ਹੋਵੇ।"

ਕਹਿੰਦੇ, "ਲਿਖ ਲੈ ਲਿਖਾਰੀ ਮੰਗਾ ਕੇ।"

ਉਸ ਵੇਲੇ ਵਿਆਸ ਜੀ ਨੇ ਬਹੁਤ ਵਿਸਥਾਰ ਨਾਲ ਲਿਖਾਇਆ ਕਿ ਤੇਰੇ ਨਾਲ ਐਸ-ਐਸ ਤਰ੍ਹਾਂ ਹੋਣੀ ਹੈ। ਤੂੰ ਇਕ ਘੋੜੀ ਲਿਆਉਣੀ ਹੈ, ਉਸ ਤੇ ਚੜ੍ਹ ਕੇ ਜੰਗਲ ਨੂੰ ਜਾਣਾ ਹੈ। ਉਥੋਂ ਇਕ ਲੜਕੀ, ਜਿਸ ਦੀ ਜਾਤ ਦਾ ਨਹੀਂ ਪਤਾ, ਕੌਮ ਦਾ ਨਹੀਂ ਪਤਾ, ਤੂੰ ਉਹ ਸੋਹਣੀ ਦੇਖ ਕੇ ਲੈ ਆਉਣੀ ਹੈ, ਤੇਰੀ ਸਾਰੀ ਪਰਜਾ ਨੇ ਤੇਰੇ ਖਿਲਾਫ ਹੋ ਜਾਣਾ ਹੈ। ਉਸ ਵੇਲੇ ਤੂੰ ਸੋਚਣਾ ਹੈ ਕਿ ਮੈਂ ਪਰਜਾ ਨੂੰ ਕਿਵੇਂ ਆਪਣੇ ਹੱਕ ਵਿਚ ਕਰਾਂ। ਤੂੰ ਜੱਗ ਕਰਨਾ ਹੈ, ਕਿਸੇ ਵੀ ਬ੍ਰਾਹਮਣ ਨੇ ਜੱਗ ਦੇ ਵਿਚ ਨਹੀਂ ਆਉਣਾ ਤੇ ਤੂੰ ਵਿਦਿਆਰਥੀ ਲਿਆਏਂਗਾ। ਐਸੀ ਘਟਨਾ ਹੋਣੀ ਹੈ ਕਿ ਜਦੋਂ ਉਹ ਖਾਣਾ ਖਾਣ ਲਈ ਪੰਗਤਾਂ 'ਚ ਬੈਠੇ ਹੋਣਗੇ ਤਾਂ ਤੇਰੀ ਨਵੀਂ ਰਾਣੀ ਦਾ ਕੱਪੜਾ ਹਵਾ ਨਾਲ ਉਪਰ ਨੂੰ ਉਡ ਜਾਣਾ ਹੈ ਤੇ ਬੱਚਿਆਂ ਨੇ ਹਸ ਪੈਣਾ ਹੈ ਕਿਸੇ ਗੱਲ ਤੇ। ਤੂੰ ਇਹ ਸਮਝ ਕੇ ਬ੍ਰਾਹਮਣ ਬੱਚੇ ਮਾਰ ਦੇਣੇ ਨੇ ਕਿ ਇਹ ਮੇਰੀ ਰਾਣੀ ਨੂੰ ਦੇਖ ਕੇ ਹੱਸੇ ਨੇ। ਮਾਰਨ ਦਾ ਫਲ ਤੈਨੂੰ ਇਹ ਮਿਲਣਾ ਹੈ ਕਿ ਤੇਰੇ ਸਰੀਰ ਤੇ ਕੋਹੜ ਹੋ ਜਾਣਾ ਹੈ, ਕੁਸ਼ਟ ਹੋ ਜਾਣਾ ਹੈ।

ਕਹਿੰਦੇ, "ਲਿਖ ਲੈ, ਜੇ ਹਟਾ ਸਕਿਆ ਤਾਂ ਹਟਾ ਲਵੀਂ। ਅਗੇ ਬਚਾਓ ਜੋ ਵੀ ਤੂੰ ਕਰਨਾ ਹੈ ਉਹ ਵੀ ਮੈਂ ਤੈਨੂੰ ਦੱਸ ਦਿੰਦਾ ਹਾਂ। ਬਚਾਓ ਇਹ ਹੈ ਕਿ ਤੂੰ ਭਾਗਵਤ ਦੀ ਕਥਾ ਸੁਣਨੀ ਹੈ - ਵਾਹਿਗੁਰੂ ਦੇ ਜਸ ਦੀ, ਤੇ ਉਸ ਦੇ ਵਿਚ ਇਕ ਸਾਖੀ ਆਉਣੀ ਹੈ - ਅਮਿਤ ਬਲ ਦੀ, ਤੇ ਉਸ ਦੇ ਉਤੇ ਤੂੰ ਤਰਕ ਕਰਨੀ ਹੈ, ਨੱਕ ਚੜ੍ਹਾਉਣਾ ਹੈ, ਫੇਰ ਤੇਰੇ ਨੱਕ ਤੇ ਕੋੜ੍ਹ ਰਹਿ ਜਾਣਾ ਹੈ ਤੇ ਇਸ ਨਾਲ ਤੂੰ ਮਰ

ਜਾਣਾ ਹੈ। ਹੁਣ ਤੂੰ ਜ਼ੋਰ ਲਾ ਲਈਂ ਜੇ ਇਕ ਵੀ ਗੱਲ ਟਲ ਜਾਵੇ।"

ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਨੇ ਕਿ –

***ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜਾਇਆ॥ ਪੰਨਾ – 1344***

ਕਹਿੰਦੇ ਵਰਜ-ਵਰਜ ਕੇ ਵਿਆਸ ਜੀ ਨੇ ਜਨਮੇਜੇ ਨੂੰ ਸਮਝਾਇਆ ਕਿ ਜੇ ਤੈਥੋਂ ਇਹ ਹੋ ਗਿਆ ਤਾਂ ਆਹ ਨਾ ਕਰੀਂ, ਜੇ ਆਹ ਹੋ ਗਿਆ ਤਾਂ ਆਹ ਨਾ ਕਰੀਂ ਲੇਕਿਨ ਹੋਇਆ ਕੀ?

***ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥ ਪੰਨਾ – 1344***

ਫੇਰ ਕਿਰਤ ਨੂੰ ਕਿਤੇ ਹਟਾ ਲਿਆ ਉਸ ਨੇ ਜ਼ੋਰ ਲਾ ਕੇ? ਇਸੇ ਤਰ੍ਹਾਂ ਦੇ ਨਾਲ ਹੋਇਆ। ਹੁਕਮ ਕਰ ਦਿਤਾ ਕਿ ਘੋੜੇ ਨਹੀਂ ਖਰੀਦਣੇ। ਚਾਰ ਸਾਲ ਲੰਘ ਗਏ। ਬਖਸ਼ੀ ਜਿਹੜਾ ਸੈਨਾਪਤੀ ਸੀ – ਉਹ ਕਹਿਣ ਲੱਗਿਆ ਕਿ ਮਹਾਰਾਜ! ਘੋੜੇ ਨਾ ਹੋਏ ਤਾਂ ਲੜਾਈ ਕਿਵੇਂ ਕਰਾਂਗੇ? ਇਹ ਤਾਂ ਸਾਰਾ ਰਸਾਲਾ ਹੀ ਬੁੱਢਾ ਹੋ ਗਿਆ ਹੈ। ਤੁਸੀਂ ਘੋੜੇ ਖਰੀਦਣ ਦੀ ਇਜ਼ਾਜ਼ਤ ਦੇ ਦਿਓ। ਇਜ਼ਾਜਤ ਲੈ ਲਈ, ਘੋੜੇ ਖਰੀਦ ਲਏ। ਕਹਿੰਦੇ, ਘੋੜੀ ਨਾ ਭੁਲ ਕੇ ਖਰੀਦ ਲਿਓ। ਅਖੀਰ ਇਕ ਘੋੜੀ ਐਨੀ ਸੁੰਦਰ ਆਈ ਜੋ ਖਰੀਦਣੀ ਪੈ ਗਈ।

ਕਹਿੰਦੇ, "ਮਹਾਰਾਜ! ਤਬੇਲੇ 'ਚ ਬੰਨ੍ਹੀ ਰਹੇਗੀ, ਤੁਸੀਂ ਨਾ ਚੜ੍ਹਿਓ।"

ਘੋੜੀ ਲੈ ਲਈ ਤੇ ਘੋੜੀ ਬੰਨ੍ਹੀ ਰਹਿੰਦੀ ਹੈ ਤੇ ਅਖੀਰ ਘੋੜੀ ਬਿਮਾਰ ਪੈ ਗਈ। ਬਾਰ-ਬਾਰ ਕਹਿੰਦੇ ਨੇ ਕਿ ਮਹਾਰਾਜ! ਤੁਹਾਡੇ ਤੋਂ ਬਗੈਰ ਤਾਂ ਇਸ ਦੇ ਉਤੇ ਕੋਈ ਚੜ੍ਹ ਨਹੀਂ ਸਕਦਾ। ਤੁਸੀਂ ਇਧਰ ਤਿੰਨ ਦਿਸ਼ਾਵਾਂ 'ਚ ਜਾਓ, ਚੌਥੀ ਵਿਚ ਜਾਓ ਹੀ ਨਾ। ਸੋ ਗੱਲ ਮੰਨ ਲਈ। ਤਿੰਨ ਦਿਸ਼ਾਵਾਂ ਦੇ ਵਿਚ ਫਿਰ ਆਇਆ ਕਰੇ। ਇਕ ਦਿਨ ਐਸਾ ਦਿਸ਼ਾ-ਭਰਮ ਹੋਇਆ ਕਿ ਦਿਸ਼ਾ ਦਾ ਹੀ ਪਤਾ ਨਾ ਲੱਗਿਆ ਕਿ ਕਿੱਧਰ ਨੂੰ ਕਿਹੜੀ ਦਿਸ਼ਾ ਹੈ। ਦੱਖਣ ਵਿਚ ਚਲਿਆ ਗਿਆ, ਕ੍ਰੂਰ ਦਿਸ਼ਾ ਵਿਚ ਚਲਿਆ ਗਿਆ। ਅੱਗੇ ਜੰਗਲ ਵਿਚ ਰਾਹ ਭੁਲ ਗਿਆ, ਪਾਣੀ ਦੀ ਪਿਆਸ ਲੱਗੀ, ਪਾਣੀ ਦੀ ਤਲਾਸ਼ ਵਿਚ ਫਿਰਦਾ-ਫਿਰਦਾ ਇਕ ਝੌਂਪੜੀ ਦੇ ਅੱਗੇ ਗਿਆ ਤੇ ਅਵਾਜ਼ ਦਿਤੀ – 'ਪਾਣੀ!'

ਜਲ ਲੈ ਕੇ ਇਕ ਨੌਂਜਵਾਨ ਲੜਕੀ ਨਿਕਲੀ, ਬਹੁਤ ਸੁੰਦਰ, ਦੇਖਦੀ ਸਾਰ ਸਭ ਕੁਝ ਭੁਲ ਗਿਆ। ਸੋਚਣ ਲੱਗ ਗਿਆ ਕਿ ਇਹ ਤਾਂ ਮੈਂ ਲੈ ਕੇ ਜਾਣੀ ਹੈ ਪਰ ਪੁਆੜਾ ਪੈ ਜਾਣਾ ਹੈ। ਕਹਿੰਦਾ ਲੈ ਤਾਂ ਜਾਵਾਂਗਾ, ਪਰ ਅੱਗੇ ਵਾਲੀਆਂ ਗੱਲਾਂ ਨਹੀਂ ਕਰਾਂਗਾ। ਸੋ ਉਸ ਨੂੰ ਵੀ ਲੈ ਆਇਆ। ਉਸ ਤੋਂ ਬਾਅਦ ਉਸ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ, ਨਿੰਦਿਆ ਹੋਣੀ ਸ਼ੁਰੂ ਹੋ ਗਈ। ਜੱਗ ਕਰਨ ਲੱਗਿਆ ਤਾਂ ਬ੍ਰਾਹਮਣਾਂ ਨੇ ਕਿਹਾ ਕਿ ਅਸੀਂ ਤਾਂ ਨਹੀਂ ਆਉਂਦੇ ਜੱਗ ਵਿਚ। ਵਿਦਿਆਰਥੀਆਂ ਨੂੰ ਲੈ ਗਿਆ। ਜਦੋਂ ਜੱਗ ਸ਼ੁਰੂ ਹੋਇਆ, ਉਸ ਵੇਲੇ ਜਿਹੜੀ ਨਵੀਂ ਰਾਣੀ ਆਈ ਸੀ, ਉਹ ਇਕ ਕੱਪੜਾ ਉਪਰ ਲੈ ਕੇ ਪ੍ਰਸ਼ਾਦਾ ਛਕਾ ਰਹੀ ਹੈ। ਇਕ ਲੜਕਾ ਕਹਿਣ ਲੱਗਿਆ ਕਿ ਕਈ ਰਾਣੀਆਂ ਨੇ ਜਿਹੜੀਆਂ ਪ੍ਰਸ਼ਾਦਾ ਛਕਾ ਰਹੀਆਂ ਹਨ। ਇਕ ਸਿਆਣਾ ਸੀ, ਉਹ ਕਹਿੰਦਾ, ਨਹੀਂ, ਹੈ ਤਾਂ ਇਕੋ ਹੀ, ਕਪੜੇ ਬਦਲ ਆਉਂਦੀ ਹੈ, ਹਰ ਵਾਰੀ ਸਾੜ੍ਹੀ ਬਦਲ ਆਉਂਦੀ ਹੈ।

ਉਹ ਕਹਿੰਦੇ, "ਪਤਾ ਕਿਵੇਂ ਲੱਗੇ।"

ਉਹ ਕਹਿੰਦਾ, "ਹੁਣੇ ਲਗ ਜਾਏਗਾ।"

ਜਦੋਂ ਰਾਣੀ ਕੋਲੋਂ ਦੀ ਲੰਘਣ ਲੱਗੀ ਤਾਂ ਉਸ ਨੇ ਇਕ ਚੌਲ ਨਹੁੰ ਤੇ ਰੱਖ ਕੇ ਮਾਰਿਆ ਤੇ ਉਹ ਜਾ ਕੇ ਉਸ ਦੇ ਪੈਰ ਤੇ ਲੱਗਿਆ। ਜਦੋਂ ਉਹ ਦੂਜੀ ਵਾਰੀ ਆਈ ਤਾਂ ਦੂਰੋਂ ਹੀ ਦੇਖ ਲਿਆ ਬੱਚਿਆਂ ਨੇ ਕਿ ਉਹ ਚੌਲ ਲੱਗਿਆ ਹੋਇਆ ਹੈ। ਇਸ ਗੱਲ ਤੇ ਬੱਚੇ ਸਾਰੇ ਹੀ ਹੱਸ ਪਏ ਕਿਉਂਕਿ ਜਵਾਨ ਖੂਨ ਸੀ। ਇਧਰੋਂ ਇਹ ਹਸਦੇ ਨੇ ਤੇ ਇਧਰੋਂ ਇਹੋ-ਜਿਹਾ ਵਾ-ਵਰੋਲਾ ਉਠਿਆ ਜਿਸ ਨਾਲ ਉਸ ਦਾ ਕਪੜਾ ਉਪਰ ਨੂੰ ਉਠ ਗਿਆ। ਐਸਾ ਗੁੱਸਾ ਆਇਆ ਰਾਜੇ ਜਨਮੇਜੇ ਨੂੰ ਕਿ ਅਕਲ ਮਾਰੀ ਗਈ।

***ਹੋਣਹਾਰ ਹਿਰਦੇ ਵਸੀ ਗਈ ਸਰੀਰੋਂ ਬੁਧ॥***

ਜਦੋਂ ਕਿਸੇ ਦੇ ਮਨ ਵਿਚ ਹੋਣਹਾਰ ਵਸ ਜਾਵੇ ਤਾਂ ਸਰੀਰ ਦੀ ਬੁੱਧੀ ਦਾ ਨਾਸ਼ ਹੋ ਜਾਂਦਾ ਹੈ। ਬੁੱਧੀ ਪੁੱਠੀ ਹੋ ਜਾਂਦੀ ਹੈ, ਜਦੋਂ ਨਾਸ਼ ਹੋਣਾ ਹੁੰਦਾ ਹੈ। ਜੇ ਸਿਆਣੇ ਆਪਣੀ ਮਰਜ਼ੀ ਨਾਲ ਸੰਸਾਰ ਨੂੰ ਚਲਾ ਸਕਣ ਤਾਂ ਰੌਲਾ ਹੀ ਨਾ ਪਵੇ ਪਰ ਮਰਜ਼ੀ ਨਹੀਂ ਚਲਦੀ। ਇਹ ਤਾਂ ਓਹੀ ਕੁਝ ਹੁੰਦਾ ਹੈ ਜਿਹੜਾ ਕੁਝ ਹੋਣਾ ਹੁੰਦਾ ਹੈ –

***ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ॥***
***ਪੰਨਾ – 469***

ਉਸ ਨੂੰ ਐਨਾ ਕ੍ਰੋਧ ਆਇਆ ਕਿ ਚੁੱਕ ਕੇ ਬੱਚੇ ਕੜਾਹਿਆਂ ਵਿਚ ਸੁਟ ਦਿਤੇ – ਕਿਸੇ ਨੂੰ ਖੀਰ ਦੇ ਕੜਾਹੇ ਵਿਚ, ਕਿਸੇ ਨੂੰ ਘਿਓ ਵਿਚ, ਕਿਸੇ ਨੂੰ ਪ੍ਰਸ਼ਾਦ ਦੇ ਕੜਾਹੇ ਵਿਚ – 18 ਬ੍ਰਾਹਮਣ ਬੱਚੇ ਮਾਰ ਦਿਤੇ –

***ਰੋਵੈ ਜਨਮੇਜਾ ਖੁਇ ਗਇਆ॥ ਏਕੀ ਕਾਰਣਿ ਪਾਪੀ ਭਇਆ॥***
***ਪੰਨਾ – 954***

ਕੋਹੜ ਹੋ ਗਿਆ, ਫੇਰ ਰੋਂਦਾ ਫਿਰਦਾ ਹੈ, ਵਿਰਲਾਪ ਕਰਦਾ ਹੈ ਕਿ ਮੈਂ ਗੱਲ ਨਾ ਮੰਨੀ। ਹੁਣ ਜੇ ਵਿਆਸ ਜੀ ਆ ਜਾਣ ਤਾਂ ਮੈਂ ਹੁਣ ਮੰਨ ਲਵਾਂਗਾ, ਇਕੋ ਹੀ ਮੌਕਾ ਰਹਿੰਦਾ ਹੈ। ਵਿਆਸ ਜੀ ਆ ਗਏ, ਆ ਕੇ ਰਾਜੇ ਦਾ ਹਾਲ-ਚਾਲ ਪੁੱਛਣ ਲੱਗੇ, ਕਹਿੰਦੇ, "ਕਿਉਂ ਰਾਜਾ! ਦੇਖ ਲਿਆ ਤੂੰ?" ਮਹਾਰਾਜ ਕਹਿੰਦੇ-

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥ ਪੰਨਾ – 937***

ਮਿਟਿਆ ਨਹੀਂ ਕਰਦਾ ਜੋ ਲੇਖ ਮੱਥੇ ਤੇ ਲਿਖਿਆ ਹੁੰਦਾ ਹੈ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਲੇਖ ਨਾ ਮਿਟਦਾ ਜੀ,***
***ਲਿਖਿਆ ਜੋ ਆਪ ਹਰੀ ਨੇ -2, 2.***
***ਲਿਖਿਆ ਜੋ ਆਪ ਹਰੀ ਨੇ -2, 2.***
***ਲੇਖ ਨਾ ਮਿਟਦਾ ਜੀ, ................ -2.***

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥ ਪੰਨਾ – 937***

ਕਿਉਂਕਿ ਵਾਹਿਗੁਰੂ ਦਾ ਲਿਖਿਆ ਹੋਇਆ ਮਿਟਾਉਣ ਵਾਸਤੇ ਕੋਈ ਸੰਸਾਰ ਦੇ ਅੰਦਰ ਸਮਰੱਥ ਨਹੀਂ ਹੈ। ਕੇਵਲ ਉਸ ਦੇ ਪਿਆਰੇ ਸਮਰੱਥ ਹਨ, ਉਹ ਮੇਟ ਸਕਦੇ ਹਨ ਕਿਉਂਕਿ ਉਨ੍ਹਾਂ ਦੀ ਕਥਾ ਸੰਸਾਰ ਦੇ ਲੋਕਾਂ ਵਿਚ ਨਹੀਂ ਆਉਂਦੀ, ਉਨ੍ਹਾਂ ਦੀ ਕਥਾ ਨਿਆਰੀ ਹੋਇਆ ਕਰਦੀ ਹੈ –

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥ ਪੰਨਾ – 855***

ਉਨ੍ਹਾਂ ਦੇ ਅਖਤਿਆਰ ਹੈ, ਉਨ੍ਹਾਂ ਕੋਲ ਲੇਖ ਰੱਦ ਕਰਨ ਦੀ ਤਾਕਤ ਹੁੰਦੀ ਹੈ।

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥ ਪੰਨਾ – 1253***

ਸੋ ਇਸ ਤਰ੍ਹਾਂ ਦੇ ਨਾਲ ਭਾਈ ਲਹਿਣਾ ਜੀ ਨੇ ਇਹ ਚੰਗੀ ਤਰ੍ਹਾਂ ਸਮਝ ਲਿਆ ਕਿ –

***ਆਪੇ ਬੀਜਿ ਆਪੇ ਹੀ ਖਾਹੁ॥ ਪੰਨਾ – 4***

ਕਿਉਂ ਦੋਸ਼ ਦਿੰਦੇ ਹਾਂ ਅਸੀਂ ਸੰਸਾਰ ਨੂੰ ਕਿ ਉਸ ਨੇ ਮੇਰੇ ਨਾਲ ਇਉਂ ਕਰ ਦਿਤਾ, ਇਹ ਤਾਂ ਜੜ੍ਹਾਂ ਫਸੀਆਂ ਪਈਆਂ ਨੇ – ਖਰਬਾਂ ਸਾਲਾਂ ਦੀਆਂ; ਹੁੰਦੀਆਂ ਹੀ ਰਹਿਣੀਆਂ ਨੇ ਜਦੋਂ ਤੱਕ ਕਰਮਾਂ ਦਾ ਨਾਸ਼ ਨਹੀਂ ਹੁੰਦਾ। ਕਰਮਾਂ ਦਾ ਨਾਸ਼ ਕੇਵਲ ਨਾਮ ਜਪਣ ਨਾਲ ਹੁੰਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਜਿਹੜੇ ਤਾਂ ਹਨ ਪਰਾਲਬਧ ਕਰਮ, ਉਹ ਤਾਂ ਭੋਗਣੇ ਹੀ ਪੈਂਦੇ ਨੇ ਹਰੇਕ ਨੂੰ, ਸੰਤ ਵੀ ਭੋਗ ਲੈਂਦੇ ਨੇ। ਜਿਹੜੇ ਸੰਚਿਤ ਕਰਮ ਪਏ ਨੇ, ਕਰੋੜਾਂ ਕਰਮ ਜਮ੍ਹਾਂ ਪਏ ਨੇ ਉਹ –

*ਗੁਰ ਕਾ ਸਬਦੁ ਕਾਟੈ ਕੋਟਿ ਕਰਮ॥* *ਪੰਨਾ - 1195*

ਕਰੋੜਾਂ ਕਰਮਾਂ ਦਾ ਨਾਸ਼ ਨਾਮ ਕਰ ਦਿੰਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਕਰਮਾਂ ਦਾ ਨਾਸ਼ ਨਾਮ ਤੋਂ ਬਗੈਰ ਨਹੀਂ ਹੋਣਾ। ਨਾਮ ਤੋਂ ਬਗੈਰ ਜੀਵ ਨੇ ਇਵੇਂ ਹੀ ਭਟਕਦੇ ਰਹਿਣਾ ਹੈ, ਦੁਖ-ਸੁਖ ਵਿਚ ਇਹ ਹਲਟ ਚਲਦਾ ਹੀ ਰਹਿਣਾ ਹੈ - ਹਮੇਸ਼ਾ, ਬਿਨਾ ਰੁਕੇ ਚਲਣ ਵਾਲਾ ਹੈ ਇਹ - ਦੁਖ ਦਾ ਤੇ ਸੁਖ ਦਾ -

*ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥*
*ਪੰਨਾ - 149*

ਇਹ ਤਾਂ ਮਨੁੱਖ ਨੂੰ ਪਹਿਨਣ ਵਾਸਤੇ ਦਰਗਾਹ ਵਿਚੋਂ ਮਿਲਦੇ ਨੇ - ਇਕ ਦੁਖਾਂ ਦਾ ਕਪੜਾ, ਇਕ ਸੁਖ ਦਾ ਕੱਪੜਾ। ਸੋ ਕਰਮਾਂ ਦਾ ਨਾਸ਼ ਨਹੀਂ ਹੁੰਦਾ ਜਦੋਂ ਤਕ ਬੰਦਗੀ ਕਰਕੇ ਗਿਆਨ ਨਹੀਂ ਹੁੰਦਾ। ਜਦੋਂ ਗਿਆਨ ਹੋ ਗਿਆ ਫੇਰ -

*ਗਿਆਨੁ ਭਇਆ ਤਹ ਕਰਮਹ ਨਾਸੁ॥* *ਪੰਨਾ - 1167*

ਕਰਮਾਂ ਦਾ ਨਾਸ਼ ਹੋ ਜਾਂਦਾ ਹੈ। ਫੇਰ ਫਲ ਦੇਣ ਤੋਂ ਕਰਮ ਰਹਿ ਜਾਂਦੇ ਨੇ ਲੇਕਿਨ ਮਹਾਂਪੁਰਸ਼ ਕਰਮ ਕਰਦੇ ਨੇ ਸੰਸਾਰ ਵਾਸਤੇ। ਆਪਣਾ ਉਨ੍ਹਾਂ ਨੂੰ ਕੋਈ ਹਿਤ ਨਹੀਂ ਹੁੰਦਾ ਕਿਉਂਕਿ ਉਹ ਫਲ ਦੀ ਇੱਛਾ ਨਹੀਂ ਚਾਹੁੰਦੇ। ਜਿਹੜੇ ਸੇਵਾ ਕਰਨ ਵਾਲੇ ਨੇ ਉਹ ਪੁੰਨ ਲੈ ਜਾਂਦੇ ਨੇ, ਨਿੰਦਿਆ ਕਰਨ ਵਾਲੇ ਪਾਪ ਲੈ ਜਾਂਦੇ ਨੇ। ਸੰਤਾਂ ਦੇ ਨਾਲ ਨਹੀਂ ਕੁਝ ਜਾਇਆ ਕਰਦਾ।

ਸੋ ਭਾਈ ਲਹਿਣਾ ਜੀ ਬੜੇ ਧਿਆਨ ਦੇ ਨਾਲ ਸਮਝ ਕੇ ਉਥੇ ਹੀ ਵਿਚਾਰ ਕਰਦੇ ਰਹੇ, ਇੰਨੇ ਨੂੰ ਬਾਣੀ ਪੜ੍ਹੀ ਗਈ। ਕਈ ਵਾਰੀ ਕੋਸ਼ਿਸ਼ ਕੀਤੀ ਸਮਝਣ ਦੀ ਲੇਕਿਨ ਸਮਝ ਤੋਂ ਉਚੀ ਚੀਜ਼ ਸੀ। ਭਾਈ ਜੋਧ ਨੇ ਉਸ ਵੇਲੇ ਆਸਾ ਦੀ ਵਾਰ ਸ਼ੁਰੂ ਕਰ ਲਈ ਤੇ ਜਦੋਂ ਪਹਿਲਾ ਹੀ ਸਲੋਕ ਪੜ੍ਹਨਾ ਸ਼ੁਰੂ ਕਰਿਆ, ਆਪ ਦੇ ਕੰਨਾਂ ਵਿਚ ਇਸ ਤਰ੍ਹਾਂ ਆਵਾਜ਼ ਆਈ-

*ਧਾਰਨਾ - ਜਾਵਾਂ ਬਲਿਹਾਰ ਜੀ ਮੈਂ ਆਪਣੇ ਗੁਰਾਂ ਤੋਂ -2, 2.*
*ਆਪਣੇ ਗੁਰਾਂ ਤੋਂ ਜੀ ਮੈਂ ਆਪਣੇ ਗੁਰਾਂ ਤੋਂ -2, 2.*
*ਜਾਵਾਂ ਬਲਿਹਾਰ ਜੀ ਮੈਂ ਆਪਣੇ....-2.*

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥*
*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥* *ਪੰਨਾ - 463*

ਸਮਝ ਆ ਗਿਆ ਕਿ ਗੁਰੂ ਦੀ ਬਾਤ ਕਹੀ ਜਾ ਰਹੀ ਹੈ ਤੇ ਗੁਰੂ ਵੀ ਉਹ ਹੈ ਜਿਸ ਦੇ ਬਾਰੇ ਕਿਹਾ ਗਿਆ ਹੈ ਕਿ ਸੈਂਕੜੇ ਵਾਰੀ ਮੈਂ ਬਲਿਹਾਰ ਜਾਂਦਾ ਹਾਂ। ਆਪ ਵੀ ਗੁਰੂ ਦੀ ਤਲਾਸ਼ ਵਿਚ ਫਿਰਦੇ ਸੀ, ਮਹਾਤਮਾ ਦੀ ਸੰਗਤ ਕਰਿਆ ਕਰਦੇ ਸੀ ਤੇ ਉਨ੍ਹਾਂ ਮਹਾਤਮਾਵਾਂ ਦੀ ਸੰਗਤ ਵਿਚੋਂ ਪਤਾ ਲਗਿਆ ਕਿ ਪ੍ਰਮੇਸ਼ਰ ਦਾ ਨਾਮ ਜਪਣਾ ਚਾਹੀਦਾ ਹੈ। ਸੋ ਆਪ ਰਾਮ-ਰਾਮ ਦਾ ਜਾਪ ਕਰਿਆ ਕਰਦੇ ਸੀ ਲੇਕਿਨ ਕਿਸੇ ਗੁਰੂ ਤੋਂ ਪ੍ਰਾਪਤ ਨਹੀਂ ਸੀ ਹੋਇਆ, ਆਪੇ ਹੀ ਦੇਖਾ ਦੇਖੀ ਕਰਦੇ ਸੀ।

ਸਾਡੇ ਵੀ ਬਹੁਤ ਕਰਦੇ ਨੇ - ਵਾਹਿਗੁਰੂ-ਵਾਹਿਗੁਰੂ, ਪਰ ਗੁਰੂ ਤੋਂ ਨਹੀਂ ਮਿਲਿਆ। ਪੂਰੀ ਵਿਧੀ ਦੇ ਨਾਲ ਨਾਮ ਜਦੋਂ ਤਕ ਨਹੀਂ ਮਿਲਦਾ, ਓਨਾਂ ਚਿਰ ਨਾਮ ਦੀ ਜੜ੍ਹ ਅੰਦਰ ਨਹੀਂ ਲੱਗਿਆ ਕਰਦੀ। ਜਿਵੇਂ ਬੋਹੜ ਹੈ, ਇਸ ਦੀ ਗੋਹਲ (ਬੀਜ) ਐਨੀ ਸਖਤ ਹੈ ਕਿ ਰੂੜੀ ਵਿਚ ਦੱਬ ਦਿਓ ਤਾਂ ਵੀ ਨਹੀਂ ਫਟਦੀ ਇਹ। ਪੰਛੀ ਇਸ ਨੂੰ ਖਾ ਲਵੇ ਤਾਂ ਉਸ ਦੇ ਮਿਹਦੇ ਵਿਚ ਜਾ ਕੇ ਫਟ ਜਾਂਦੀ ਹੈ ਤੇ ਨਰਮ ਹੋ ਜਾਂਦੀ ਹੈ ਤੇ ਜਿਥੇ ਕਿਤੇ ਪੰਛੀ ਗਿੱਲੇ ਥਾਂ ਤੇ ਵਿੱਠ ਕਰ ਦੇਵੇ ਤਾਂ ਉਥੇ ਹੀ ਬੋਹੜ, ਜੜ੍ਹ ਫੜ ਕੇ ਹਰਾ ਹੋ ਜਾਇਆ ਕਰਦਾ ਹੈ।

ਇਸੇ ਤਰ੍ਹਾਂ ਪ੍ਰਭੂ ਦਾ ਨਾਮ ਹੈ ਜਿਸ ਦੀ ਰੁਸਵਾਈ ਨਾਮ ਤੱਕ ਹੈ। ਇਥੇ ਭੁਲੇਖਾ ਪੈ ਜਾਂਦਾ ਹੈ ਕਿ ਰੁਸਵਾਈ, ਪਹੁੰਚ ਵੀ ਨਾਮ ਤੱਕ ਹੋਵੇ, ਤਾਂ ਕੋਈ ਗੱਲ ਹੋਇਆ ਕਰਦੀ ਹੈ ਕਿਉਂਕਿ-

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥* *ਪੰਨਾ - 491*

**ਗੁਸਵਾਈ ਕਹਿੰਦੇ ਨੇ - ਮਨ ਦੇ ਵਿਚ ਨਾਮ ਦਾ ਵਸ ਜਾਣਾ। ਉਹ ਨਾਮ ਫੇਰ 24 ਘੰਟੇ ਨਹੀਂ ਭੁਲਿਆ ਕਰਦਾ, ਖੁਲ੍ਹੀਆਂ ਅੱਖਾਂ ਨਾਲ ਵੀ ਨਾਮ ਜਪਦਾ ਹੈ, ਬਿਨਾਂ ਬੋਲੇ ਵੀ ਨਾਮ ਜਪਦਾ ਹੈ, ਕੰਨਾਂ ਨਾਲ ਸੁਣ ਕੇ ਵੀ ਨਾਮ ਜਪਦਾ ਹੈ, ਮਨ ਦੇ ਨਾਲ ਵੀ ਨਾਮ ਜਪਦਾ ਹੈ ਤੇ ਨਾਮ ਦਾ ਉਸ ਨੂੰ ਹਰ ਵਕਤ ਦਾ ਅਨੁਭਵ ਹੋ ਜਾਂਦਾ ਹੈ ਕਿ ਇਥੇ ਵਾਹਿਗੁਰੂ ਤੋਂ ਬਗੈਰ ਸੰਸਾਰ ਤੇ ਹੋਰ ਕੋਈ ਨਹੀਂ ਹੈ - ਆਪੇ ਹੀ ਆਪ ਹੈ ਸਾਰੇ। ਸੋ ਜਿਸ ਦੇ ਹਿਰਦੇ ਵਿਚ ਇਹ ਚੀਜ਼ ਹੋਏਗੀ, ਉਹ ਨਾਮ ਨੂੰ ਅੱਗੇ ਤੋਰ ਸਕਿਆ ਕਰਦਾ ਹੈ। ਪੰਜ-ਪਿਆਰੇ ਨੇ ਜਿਹੜੇ, ਉਹ ਅੰਮ੍ਰਿਤ ਛਕਾ ਕੇ ਨਾਮ ਦਿੰਦੇ ਨੇ, ਗੁਰ-ਮੰਤਰ ਦਿੰਦੇ ਨੇ। ਇਥੇ ਬੜੀ ਸਾਵਧਾਨੀ ਵਰਤਣੀ ਪੈਂਦੀ ਹੈ। ਇਕ ਤਾਂ ਦੁਨੀਆਂ ਦੇ ਪਿਆਰੇ ਨੇ, ਦੁਨੀਆਂ ਦੇ ਵਿਚ ਉਨ੍ਹਾਂ ਦੀ ਬਿਰਤੀ ਹਰ ਵਕਤ ਫਸੀ ਰਹਿੰਦੀ ਹੈ, ਦੁਨੀਆਂ ਨਾਲ ਪਿਆਰ ਕਰਦੇ ਨੇ; ਇਕ ਪੁੱਤਰਾਂ ਦੇ ਪਿਆਰੇ ਨੇ, ਪੁੱਤਰਾਂ ਵਾਸਤੇ ਕਮਾਈਆਂ ਕਰਦੇ ਨੇ, ਬੇਅੰਤ ਕਮਾਉਂਦੇ ਨੇ, ਔਖੇ ਹੁੰਦੇ ਨੇ, ਦੁਖੀ ਹੁੰਦੇ ਨੇ; ਕਾਹਦੇ ਵਾਸਤੇ ਕਿ ਪੁੱਤਰਾਂ ਲਈ ਛੱਡ ਜਾਈਏ। ਨਾ ਮੁੜ ਕੇ ਸਬੰਧ ਹੋਣਾ ਹੈ, ਨਾ ਮੁੜ ਕੇ ਮਿਲਣਾ ਹੈ। ਇਕ ਮੋਹ ਦੇ ਵਸ ਹੋਇਆ ਹੋਇਆ ਜੀਵ ਗਧੇ ਵਾਂਗ ਲੱਦਿਆ ਫਿਰਦਾ ਹੈ ਕਿਉਂਕਿ ਉਹ ਪੁੱਤਰਾਂ ਦਾ ਪਿਆਰਾ ਹੈ; ਇਕ ਅਹੁਦਿਆਂ ਦੇ ਪਿਆਰੇ ਨੇ, ਪੈਸੇ ਦੇ ਪਿਆਰੇ ਨੇ, ਬੇਅੰਤ ਕਿਸਮ ਦਾ ਪਿਆਰ ਹੈ, ਕੋਈ ਦੇਹ-ਅਧਿਆਸ, ਸਰੀਰ ਦਾ ਪਿਆਰਾ ਹੈ, ਕੋਈ ਭੋਗਾਂ ਦਾ ਪਿਆਰਾ ਹੈ, ਕੋਈ ਵੈਰ ਦਾ ਹੀ ਪਿਆਰਾ ਹੈ - ਵੈਰ ਪਿਆਰਾ ਲਗਦਾ ਹੈ, ਦੂਸਰਿਆਂ ਨੂੰ ਨੁਕਸਾਨ ਕਰਨਾ ਪਿਆਰਾ ਲਗਦਾ ਹੈ ਪਰ ਇਕ ਉਹ ਨੇ ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ, ਗੁਰੂ ਦੇ ਪਿਆਰੇ ਨੇ। ਉਨ੍ਹਾਂ ਦੇ ਹਿਰਦੇ ਦੇ ਅੰਦਰ ਕਦੇ ਵੀ ਦੁਜਾਇਗੀ (ਦ੍ਵੈਤ) ਨਹੀਂ ਆਉਂਦੀ-**

*ਰਤੇ ਸੇਈ ਜਿ ਮੁਖੁ ਨ ਮੋੜੰਨਿ ਜਿਨੀ ਸਿਞਾਤਾ ਸਾਈ॥* *ਪੰਨਾ - 1424*

ਉਹ ਪ੍ਰਮੇਸ਼ਰ ਦੇ ਪਿਆਰ ਵਿਚ ਰੰਗੇ ਹੋਏ ਨੇ, ਉਹ ਪਿਛੇ ਨਹੀਂ ਮੁਖ ਮੋੜਦੇ। ਉਹ ਤਾਂ ਹਰ ਵਕਤ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥* *ਪੰਨਾ - 1096*

ਅੱਗੇ ਨੂੰ ਵਧਦੇ ਨੇ। ਜਿਹੜਾ ਕੱਲ੍ਹ ਨਾਮ ਜਪ ਲਿਆ ਅੱਜ ਓਸ ਤੋਂ ਅੱਗੇ ਚਲਣਾ ਹੈ, ਪਿਛੇ ਨਹੀਂ ਮੁੜਨਾ, ਉਥੇ ਨਹੀਂ ਖੜ੍ਹੇ ਰਹਿਣਾ। ਉਹ ਆਪਣਾ ਸਫਰ ਪੂਰਾ ਕਰਦੇ ਨੇ ਤੇ ਉਨ੍ਹਾਂ ਨੂੰ ਇਕੋ ਲਗਨ ਲਗੀ ਹੋਈ ਹੈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

ਸੋ ਜਦੋਂ ਏਸ ਬਿਰਤੀ ਵਾਲੇ ਪੰਜ ਇਕੱਠੇ ਹੋ ਜਾਂਦੇ ਨੇ ਤਾਂ ਉਨ੍ਹਾਂ ਨੂੰ ਪੰਜ ਪਿਆਰੇ ਕਹਿੰਦੇ ਨੇ ਤੇ ਫੇਰ ਬ੍ਰਹਿਮੰਡੀ ਸ਼ਕਤੀ ਉਨ੍ਹਾਂ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਜਦੋਂ ਉਹ ਬਾਣੀ ਦੇ ਨਾਲ ਜਲ ਨੂੰ ਮੰਤਰਦੇ ਨੇ ਤਾਂ ਓਹਦੇ ਵਿਚ ਬਾਣੀ ਦਾ ਅਸਰ ਪ੍ਰਵੇਸ਼ ਕਰ ਜਾਂਦਾ ਹੈ ਤੇ ਓਸ ਜਲ ਨੂੰ ਜਦੋਂ ਵਿਧੀ ਦੇ ਨਾਲ ਛਕਾਉਂਦੇ ਨੇ, ਉਸ ਦੇ ਨਾਲ ਉਹ ਸ਼ੁਧ ਹੋ ਜਾਂਦਾ ਹੈ ਕਿਉਂਕਿ ਉਹ ਸ਼ਕਤੀ ਦਾ ਜਲ ਹੈ, ਮੰਤਰਿਆ ਹੋਇਆ ਜਲ ਹੈ। ਉਸ ਤੋਂ ਬਾਅਦ ਫੇਰ ਇਹ ਪੰਜੇ ਇਕ ਜ਼ੁਬਾਨ ਹੋ ਕੇ ਨਾਮ ਦਿੰਦੇ ਨੇ।

ਸੋ ਗੁਰੂ ਗ੍ਰੰਥ ਸਾਹਿਬ ਦੀ ਥਾਂ, ਗੁਰੂ ਦਾ ਪ੍ਰਤੀਨਿਧ ਕੰਮ ਕਰ ਰਿਹਾ ਹੁੰਦਾ ਹੈ। ਸੋ ਗੁਰੂ ਤੋਂ ਬਗੈਰ ਨਾਮ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ -

*ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥*

***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ॥***
***ਪੰਨਾ - 649***

ਸੋ ਜੋ ਐਸਾ ਗੁਰੂ ਹੈ ਉਸ ਤੋਂ ਬਲਿਹਾਰ ਜਾਂਦੇ ਹਾਂ। ਕੱਚੇ ਗੁਰੂ ਤਾਂ ਬੇਅੰਤ ਨੇ - ਕੋਈ ਕੱਚਾ ਗੁਰੂ ਹੈ, ਕੋਈ ਅੰਨ੍ਹਾਂ ਗੁਰੂ ਹੈ, ਪਖੰਡੀ ਗੁਰੂ ਹੈ, ਵਿਦਵਾਨ ਗੁਰੂ ਹੈ, ਅਵਧੂਤ ਗੁਰੂ ਹੈ। ਸਮਰੱਥ ਗੁਰੂ, ਜੇ ਵਾਹਿਗੁਰੂ ਵਲੋਂ ਬੰਦੇ ਦੇ ਮੱਥੇ 'ਚ ਲੇਖ ਲਿਖਿਆ ਹੋਵੇ, ਤਾਂ ਮਿਲਦਾ ਹੈ, ਨਹੀਂ ਤਾਂ ਮਿਲਿਆ ਨਹੀਂ ਕਰਦਾ-

***ਜਿਨ ਮਸਤਕਿ ਧੁਰਿ ਹਰਿ ਲਿਖਿਆ***
***ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥ ਪੰਨਾ - 450***

ਉਸ ਨੂੰ ਸਤਿਗੁਰੂ ਦਾ ਮਿਲਾਪ ਹੋਏਗਾ ਕਿਉਂਕਿ ਸਤਿਗੁਰੂ ਨੂੰ ਮਿਲਦੇ ਸਾਰ ਕ੍ਰੋੜਾਂ ਜਨਮਾਂ ਦਾ ਇਹ ਭੁਲਿਆ ਹੋਇਆ, ਆਪਣੇ ਘਰ ਨੂੰ ਨਾ ਜਾਂਦਾ ਹੋਇਆ ਜੀਵ ਆਪਣੇ ਘਰ ਨੂੰ ਜਾਣ ਦੀ ਜਾਚ ਸਿਖ ਜਾਏਗਾ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥ ਪੰਨਾ - 954***

ਦਸਵਾਂ ਗੁਪਤ ਰੱਖਿਆ ਹੋਇਆ ਹੈ, ਉਸ ਦੇ ਅੱਗੇ ਦਰਵਾਜ਼ੇ ਨੇ -

***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥ ਪੰਨਾ - 954***

ਐਸਾ ਤਾਲਾ ਲੱਗਿਆ ਹੋਇਆ ਹੈ ਕਿ ਦਰਵਾਜ਼ੇ ਖੁਲ੍ਹਦੇ ਹੀ ਨਹੀਂ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥ ਪੰਨਾ - 205***

ਮਾਲਕ ਨੇ ਆਪਣੇ ਘਰ ਨੂੰ ਤਾਲਾ ਲਾ ਕੇ ਉਸਦੀ ਕੁੰਜੀ ਗੁਰੂ ਨੂੰ ਦੇ ਦਿਤੀ। ਫੇਰ ਗੁਰੂ ਕੋਲੋਂ ਕੁੰਜੀ ਮਿਲਦੀ ਹੈ -

***ਬਜਰ ਕਪਾਟ ਨ ਖੁਲਨੀ ....................॥ ਪੰਨਾ - 954***

ਐਨੇ ਜ਼ਬਰਦਸਤ ਕਪਾਟ ਲੱਗੇ ਹੋਏ ਹਨ ਜੋ ਖੁਲ੍ਹਦੇ ਹੀ ਨਹੀਂ।

***.................. ਗੁਰ ਸਬਦਿ ਖੁਲੀਜੈ॥ ਪੰਨਾ - 954***

ਫੇਰ ਗੁਰੂ ਦੇ ਸ਼ਬਦ ਰੂਪੀ ਕੁੰਜੀ ਜਦੋਂ ਗੁਰੂ ਕੋਲੋਂ ਮਿਲ ਗਈ, ਫੇਰ ਉਹ ਤਾਲਾ ਖੁਲ੍ਹ ਜਾਇਆ ਕਰਦਾ ਹੈ, ਨਹੀਂ ਤਾਂ ਹੋਰ ਕੋਈ ਤਰੀਕਾ ਨਹੀਂ ਹੈ; ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਔਖੇ ਖੁਲ੍ਹਣੇ ਜੰਗਾਲੇ ਹੋਏ ਜਿੰਦਰੇ,***
***ਬਾਝ ਗੁਰੂ ਪੂਰਿਆਂ ਤੋਂ -2, 2.***
***ਮੇਰੇ ਪਿਆਰੇ, ਬਾਝ ਗੁਰੂ ਪੂਰਿਆਂ ਤੋਂ - 2, 2***
***ਔਖੇ ਖੁਲ੍ਹਣੇ ਜੰਗਾਲੇ ਹੋਏ ਜਿੰਦਰੇ,......-2.***

***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥ ਪੰਨਾ - 205***

ਜਦੋਂ ਤੱਕ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ, ਇਹ ਤਾਲਾ ਨਹੀਂ ਖੁਲ੍ਹਿਆ ਕਰਦਾ ਭਾਵੇਂ ਲੱਖ ਯਤਨ ਕਰ ਲਵੇ।

ਜੇ ਤਾਂ ਚਾਨਣਾ ਹੋ ਗਿਆ ਫੇਰ ਤਾਂ ਜਨਮ ਮਰਨ ਦੇ ਫੇਰੇ ਮੁਕ ਗਏ; ਜੇ ਨਹੀਂ ਹੋਇਆ ਤਾਂ ਫੇਰ ਆਉਣਾ-ਜਾਣਾ ਤਿਆਰ ਖੜ੍ਹਿਆ ਹੈ ਕਿਉਂਕਿ ਪ੍ਰਕਾਸ਼ ਨਹੀਂ ਅਜੇ ਹੋਇਆ, ਦ੍ਵੈਤ ਨਹੀਂ ਗਈ। ਜੀਵ ਤੇ ਬ੍ਰਹਮ ਦੀ ਏਕਤਾ ਦਾ ਸਵਾਲ ਹੀ ਨਹੀਂ ਅਜੇ ਪੈਦਾ ਹੋਇਆ। ਸੋ ਇਸ ਕਰਕੇ -

***ਬਿਨੁ ਸਬਦੈ ਅੰਤਰਿ ਆਨੇਰਾ॥***
***ਨ ਵਸਤੁ ਲਹੈ ਨ ਚੂਕੈ ਫੇਰਾ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***

*ਗੁਰੁ ਪੂਰੈ ਭਾਗਿ ਮਿਲਾਵਣਿਆ॥*
*ਪੰਨਾ - 124*

ਪੂਰੇ ਭਾਗ ਹੋਣ ਤਾਂ ਗੁਰੂ ਮਿਲਦਾ ਹੈ -

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥*
*ਪੰਨਾ - 1237*

ਜਦੋਂ ਪੂਰਾ ਗੁਰੂ ਮਿਲ ਗਿਆ ਫਿਰ -

*ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥*
*ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥ ਪੰਨਾ - 990*

ਉਹ ਨਾਮ ਦੀ ਚਾਬੀ ਦਿੰਦਾ ਹੈ। ਜੇ ਗੁਰੂ ਨਾ ਮਿਲਿਆ ਤਾਂ ਤੂੰ ਪ੍ਰੇਮੀਆਂ! ਆਪਣੇ ਆਪ ਨੂੰ ਭਾਗਾਂ ਵਾਲਾ ਨਾ ਕਹਿ, ਤੇਰੇ ਭਾਗ ਨਹੀਂ ਉਦੈ ਹੋਏ, ਅਜੇ ਤਾਂ ਤੂੰ ਬਹੁਤ ਭਾਗਹੀਣ ਹੈਂ ਕਿਉਂਕਿ ਤੈਨੂੰ ਗੁਰੂ ਦੀ ਪ੍ਰਾਪਤੀ ਨਹੀਂ ਹੋਈ-

*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥ ਪੰਨਾ - 463*

ਸੁਚੇਤ ਬਣਿਆ ਫਿਰਦਾ ਹੈਂ। ਕਿਸੇ ਨੂੰ ਗੱਲ ਨਹੀਂ ਆਉਣ ਦਿੰਦਾ, ਅੱਗੇ ਹੋ ਕੇ ਉਚੀ-ਉਚੀ ਗੱਲਾਂ ਕਰਦਾ ਹੈਂ। ਪਹਿਲਾਂ ਤੂੰ ਇਹ ਦੱਸ ਕਿ ਤੈਨੂੰ ਗੁਰੂ ਮਿਲ ਗਿਆ? ਨਹੀਂ ਮਿਲਿਆ ਤਾਂ -

*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥ ਪੰਨਾ - 463*

ਕਿਸਾਨ ਬੂਆੜ ਤਿਲ ਨੂੰ ਨਹੀਂ ਵੱਢਿਆ ਕਰਦਾ ਕਿਉਂਕਿ ਉਸ ਦੇ ਕਪੜਿਆਂ ਉਤੇ ਕਾਲਖ ਪੈ ਜਾਂਦੀ ਹੈ; ਉਵੇਂ ਜਿਵੇਂ ਛਡ ਜਾਂਦਾ ਹੈ, ਖੇਤ ਵਿਚ ਇਕੱਲਾ ਹੀ ਖੜ੍ਹਾ ਰਹਿੰਦਾ ਹੈ। ਡੰਗਰ ਚਾਰਨ ਵਾਲੇ ਮੁੰਡੇ ਫੇਰ ਉਨ੍ਹਾਂ ਨੂੰ ਡੰਡੇ ਮਾਰ-ਮਾਰ ਭੰਨਦੇ ਨੇ -

*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥ ਪੰਨਾ - 463*

ਸੋ ਇਸ ਤਰ੍ਹਾਂ ਦੇ ਨਾਲ ਵਿਚਾਰ ਕਰਦੇ ਨੇ। ਭਾਈ ਲਹਿਣਾ ਜੀ ਨੇ ਸਾਰਾ ਸਲੋਕ ਸੁਣਿਆ ਤੇ ਉਸ ਤੋਂ ਬਾਅਦ ਆਪ ਨੇ ਬੜੇ ਹੀ ਪਿਆਰ ਦੇ ਨਾਲ ਪਉੜੀ ਸੁਣਨੀ ਸ਼ੁਰੂ ਕੀਤੀ ਤੇ ਉਸ ਦੇ ਭਾਵ ਨੂੰ ਸਮਝਣ ਦਾ ਯਤਨ ਕੀਤਾ ਕਿ-

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥ ਪੰਨਾ - 463*

ਹੈਂ! ਆਪਣੇ ਆਪ ਤੋਂ ਆਪੇ ਹੀ ਆਹ ਸੰਸਾਰ ਬਣਾ ਦਿਤਾ? ਅੱਜ ਤੱਕ ਤਾਂ ਇਹ ਸੁਣਦੇ ਆਏ ਸੀ ਕਿ ਮਾਇਆ, ਜੀਵ ਤੇ ਈਸ਼ਵਰ ਤਿੰਨੇ ਅਨਾਦੀ ਤੱਤ ਨੇ ਤੇ ਅੱਜ ਇਹ ਨਵੀਂ ਹੀ ਗੱਲ ਸੁਣੀ ਹੈ ਕਿ ਆਪੇ ਹੀ ਆਪਣੇ-ਆਪ ਤੋਂ ਇਹ ਸੰਸਾਰ ਬਣਾ ਦਿਤਾ। ਸੋ ਵਖਰੀ ਗੱਲ ਸੁਣੀ -

ਐਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਨਿਰਗੁਣ ਰੂਪ ਤੋਂ ਸਰਗੁਣ ਰੂਪ ਹੋ ਕੇ,*
*ਆਪੇ ਰਚੀ ਸਾਰੀ ਦੁਨੀਆਂ -2, 2.*
*ਮੇਰੇ ਪਿਆਰੇ, ਆਪੇ ਰਚੀ ਸਾਰੀ ਦੁਨੀਆਂ -2, 2.*
*ਨਿਰਗੁਣ ਰੂਪ ਤੋਂ ਸਰਗੁਣ ਰੂਪ ਹੋ ਕੇ...-2.*

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*

*ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ॥ ਪੰਨਾ - 463*

*ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ॥*
*ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ॥*
*ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ॥ ਪੰਨਾ - 1313*

ਉਨ੍ਹਾਂ ਨੂੰ ਸੋਝੀ ਸੀ, ਸਤਿਸੰਗਾਂ ਵਿਚ ਜਾਂਦੇ ਸੀ। ਇਕ ਦਮ ਗੱਲ ਫੜ ਲਈ ਕਿ ਅੱਜ-ਤੱਕ ਤਾਂ ਅਸੀਂ ਇਹ ਸੁਣਦੇ ਆਏ ਸੀ ਕਿ ਮਾਇਆ ਵੀ ਹੈ, ਜੀਵ ਵੀ ਹੈ, ਤੇ ਈਸ਼ਵਰ ਵੀ ਹੈ ਲੇਕਿਨ ਅੱਜ ਨਵੀਂ ਗੱਲ ਸੁਣੀ ਹੈ ਕਿ ਨਿਰਗੁਣ ਤੋਂ ਸਰਗੁਣ ਹੋ ਕੇ ਆਪੇ ਹੀ ਰਚਨਾ ਕੀਤੀ ਹੈ -

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥ ਪੰਨਾ - 537*

ਇਹ ਸਾਰੀ ਸ੍ਰਿਸ਼ਟੀ ਦੇ ਵਿਚ ਹੁੰਦਾ ਹੋਇਆ ਸਾਰਿਆਂ ਤੋਂ ਬਾਹਰ ਹੈ। ਵਿਚ ਵੀ ਰਹਿੰਦਾ ਹੈ ਤੇ ਫੇਰ ਨਿਰਲੇਪ ਵੀ ਹੈ। ਬਹੁਤ ਧਿਆਨ ਦੇ ਨਾਲ ਸੁਣ ਕੇ ਇਸ ਦੇ ਉਤੇ ਆਪ ਵਿਚਾਰ ਕਰਦੇ ਨੇ।

*ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ ਪੰਨਾ - 463*

ਨਾਲੇ ਦੇਖਣ ਲੱਗ ਗਿਆ, ਨਾਲੇ ਆਪਣੀ ਹੀ ਮਾਇਆ ਆਪੇ ਪਸਾਰ ਲਈ - ਆਪਣੇ ਵਿਚੋਂ ਹੀ। ਮਾਇਆ ਵੀ ਹੋਰ ਚੀਜ਼ ਨਹੀਂ ਹੈ ਜੇ ਕੋਈ ਕਹੇ ਕਿ ਵਾਹਿਗੁਰੂ ਤੋਂ ਵੱਖਰੀ ਹੈ; ਇਹ ਵੀ ਉਸੇ ਦਾ ਹੀ ਰੂਪ ਹੈ ਸਾਰਾ, ਲੇਕਿਨ ਇਸ ਦੀ ਵਰਤ-ਵਿਹਾਰ ਹੋਰ ਤਰ੍ਹਾਂ ਦੀ ਹੈ, ਪ੍ਰਮੇਸ਼ਰ ਦੀ ਹੋਰ ਤਰ੍ਹਾਂ ਦੀ ਹੈ। ਪਰ ਆਪ ਫੇਰ ਵੀ ਉਥੇ ਹੀ ਹੈ। ਨਿਰਗੁਣ ਤੋਂ ਆਪ ਨੇ ਏਕੰਕਾਰ ਦਾ ਸਰੂਪ ਧਾਰਿਆ। ਏਕੰਕਾਰ ਤੋਂ ਓਅੰਕਾਰ ਸ਼ਬਦ ਧੁਨ ਪੈਦਾ ਕੀਤੀ। ਸ਼ਬਦ ਧੁਨ ਦੇ ਨਾਲ ਸਾਰੀ ਸ੍ਰਿਸ਼ਟੀ ਵਜੂਦ ਵਿਚ ਆਈ। ਅੱਜ ਸਾਇੰਸ ਕਹਿੰਦੀ ਹੈ ਕਿ ਇਕ Big Bang (ਵੱਡਾ ਧਮਾਕਾ) ਹੋਇਆ। ਉਹ big-bang ਹੋਣ ਦੇ ਨਾਲ ਧੱਕਾ ਪਿਆ। ਕਿਸ ਨੂੰ ਪਿਆ? ਇਹ ਨਹੀਂ ਇਹ ਦੱਸ ਸਕਦੇ ਕਿ ਕਿਸ ਨੂੰ ਧੱਕਾ ਪਿਆ ਕਿਉਂਕਿ ਉਹ seed (ਬੀਜ) ਜਿਹੜਾ ਪ੍ਰਕਿਰਤੀ ਦਾ ਗਿਣਦੇ ਨੇ ਉਹ ਕਹਿੰਦੇ ਐਨਾ ਛੋਟਾ ਹੈ ਕਿ ਜਿਵੇਂ decimal (ਦਸ਼ਮਲਵ) ਲਗਾ ਕੇ 80 Zero ਲਗਾ ਦਿਤੇ ਜਾਣ ਅਤੇ ਫੇਰ 1 (ਇਕ) ਲਿਖ ਦਿਤਾ ਜਾਵੇ। ਇਹ ਤਾਂ ਹੋਇਆ ਹੀ ਨਾ ਕੁਝ ਵੀ, ਦਿਮਾਗ ਵਿਚ ਹੀ ਨਹੀਂ ਆ ਸਕਦਾ -

*ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥*
*ਭੂਮ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ॥ ਪਾਤਸ਼ਾਹੀ ੧੦*

ਇਕੋ ਹੀ ਅਨੇਕ ਹੋ ਗਿਆ। ਜਿਨ੍ਹਾਂ ਨੇ ਜਾਣ ਲਿਆ ਉਨ੍ਹਾਂ ਨੂੰ ਭਰਮ ਨਹੀਂ ਪੈਂਦਾ, ਉਹ ਕਹਿੰਦੇ, ਆਪੇ ਹੀ ਬਣਿਆ ਹੋਇਆ ਹੈ ਸਭ ਕੁਝ, ਦੂਜਾ ਨਹੀਂ ਇਥੇ ਕੋਈ ਵੀ ਹੈ -

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ਪੰਨਾ - 1291*

ਸੋ ਅੱਜ ਤੱਕ ਤਾਂ ਇਹ ਸੁਣਿਆ ਨਹੀਂ ਸੀ ਤੇ ਇਨ੍ਹਾਂ ਨੇ ਇਹ ਦੱਸ ਦਿਤਾ। ਏਕੰਕਾਰ ਇਕ ਨੂੰ ਕਿਹਾ, ਜਦੋਂ ਇਕ-ਓਅੰਕਾਰ (ੴ) ਕਿਹਾ ਤਾਂ ਓਅੰਕਾਰ ਸ਼ਬਦ-ਧੁਨ ਹੋਈ। ਉਸ ਸ਼ਬਦ-ਧੁਨ ਦੇ ਨਾਲ ਫੇਰ ਸਾਰੀ ਸ੍ਰਿਸ਼ਟੀ ਵਜੂਦ ਵਿਚ ਆਈ।

ਈਸਾਈ ਧਰਮ ਅਤੇ ਇਸਲਾਮ ਧਰਮ ਦੋ ਗੱਲਾਂ ਕਹਿੰਦੇ ਨੇ ਕਿ When there was no creation, there was logos. (ਜਦੋਂ ਕੋਈ ਸ੍ਰਿਸ਼ਟੀ ਨਹੀਂ ਸੀ, ਇਕ ਸ਼ਬਦ ਸੀ ਉਸ ਵੇਲੇ), ਇਹ ਸ਼ਬਦ ਹੀ ਪ੍ਰਮੇਸ਼ਰ ਹੈ ਕਿਉਂਕਿ ਜਿਥੇ ਤੱਕ ਕੋਈ ਪਹੁੰਚਦਾ ਹੈ ਉਥੇ ਦੀ ਹੀ ਬਾਤ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਇਹ ਸ਼ਬਦ ਬ੍ਰਹਮ ਜੋ ਹੈ, ਇਹ ਵੀ ਪਹਿਲਾਂ ਨਹੀਂ ਸੀ। ਏਕੰਕਾਰ ਅਵਸਥਾ ਦੇ ਅੰਦਰ ਨਿਰੰਕਾਰ ਸਾਕਾਰ ਹੋਇਆ, ਇਸ ਤੋਂ ਪਹਿਲਾਂ ਉਹ ਨਿਰਗੁਣ ਸਰੂਪ ਵਿਚ ਸੀ - ਵਾਹਿਗੁਰੂ। ਉਹ ਕੀ ਕਰਦਾ ਸੀ? ਉਸ ਦੀ ਕਿਰਿਆ ਕਿਵੇਂ ਸੀ? ਇਹ ਗੱਲ ਉਸ ਦੇ ਬਣਾਏ ਹੋਏ ਨਹੀਂ ਦੱਸ ਸਕਦੇ। ਉਹ ਆਪਣੀ ਗਤਿ ਆਪ ਹੀ ਜਾਣਦਾ ਹੈ। ਉਥੇ ਕਿਵੇਂ ਹੁਕਮ ਚਲਦਾ ਸੀ, ਕਿਥੇ ਉਸ ਦਾ ਹੁਕਮ ਰਹਿੰਦਾ ਸੀ, ਕਿਸ ਤਰ੍ਹਾਂ ਦੇ ਨਾਲ ਉਥੇ ਕੋਈ ਸਿਰਜਨਾ ਸੀ ਜਾਂ ਨਹੀਂ ਸੀ, ਕੌਣ ਸੀ, ਭਗਤ ਕਿਥੇ ਸੀ, ਸੰਤ ਕਿਥੇ ਸੀ -

***ਨਾਨਕ ਕਥਨਾ ਕਰੜਾ ਸਾਰੁ॥ ਪੰਨਾ - 8***

ਇਸ ਦੇ ਬਾਰੇ ਕੋਈ ਗੱਲ ਕਹਿਣ-ਸੁਣਨ ਵਾਲੀ ਨਹੀਂ ਹੋਇਆ ਕਰਦੀ, ਬੜੀ ਡੂੰਘੀ ਗੱਲ ਹੈ - ਪਹਿਲੀ ਪਉੜੀ ਦੇ ਅੰਦਰ। ਅਸੀਂ ਤਾਂ ਗਾ ਕੇ ਉਪਰੋਂ ਦੀ ਲੰਘ ਜਾਂਦੇ ਹਾਂ, ਪਤਾ ਨਹੀਂ ਲਗਦਾ ਲੇਕਿਨ ਇਥੋਂ ਹੀ ਆਦਮੀ ਵਿਚ ਇਨਕਲਾਬ ਆ ਜਾਂਦਾ ਹੈ, ਕਾਂਟਾ ਮੁੜ ਜਾਂਦਾ ਹੈ - ਇਹੋ ਪਉੜੀ ਪੜ੍ਹਦੇ-ਸੁਣਦੇ ਸਾਰ, ਕਿ ਹੈਂ! ਆਹ ਗੱਲ ਕੀ ਹੋਈ?

***ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥***
***ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥ ਪੰਨਾ - 463***

ਨਾਲੇ ਬਣਾਉਣ ਵਾਲਾ ਹੈ, ਨਾਲੇ ਦਾਤਾ ਹੈ। ਪ੍ਰਸੰਨ ਹੋ ਕੇ ਨਾਲੇ ਦੇਈ ਜਾਂਦਾ ਹੈ, ਨਾਲੇ ਪਸਾਰਾ ਕਰੀ ਜਾਂਦਾ ਹੈ।

***ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥ ਪੰਨਾ - 463***

ਸਭ ਦੇ ਅੰਦਰਲੀਆਂ ਗੱਲਾਂ ਤੂੰ ਜਾਣਦਾ ਹੈਂ। ਕਿਸੇ ਦੀ ਗੱਲ ਨਹੀਂ ਤੈਨੂੰ ਐਸ ਵੇਲੇ ਭੁਲੀ ਹੋਈ। ਜਿੰਦ ਲੈਂਦਾ ਵੀ ਹੈਂ ਤੇ ਵਾਪਸ ਵੀ ਕਰ ਦਿੰਦਾ ਹੈਂ -

***ਕਰਿ ਆਸਣੁ ਡਿਠੋ ਚਾਉ॥ ਪੰਨਾ - 463***

ਸੋ ਅੱਗੇ ਮਹਾਰਾਜ ਕਹਿੰਦੇ ਨੇ ਕਿ -

***ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ॥ ਪੰਨਾ - 1313***

ਇਹ ਉਪਰਲੀ ਗੱਲ ਕਹਿ ਦਿਤੀ ਕਿ ਹੇ ਪ੍ਰਭੂ! ਸਾਧਨਾ ਕਰਨ ਵਾਲਾ ਵੀ ਤੂੰ ਹੀ ਹੈਂ; ਸਿਧ ਵੀ ਤੂੰ ਹੀ ਹੈਂ, ਜੁਗ-ਜੋਗੀਆ ਵੀ ਤੂੰ ਹੈਂ -

***ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ॥***
***ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ॥ ਪੰਨਾ - 1313***

***ਆਪੇ ਜਲੁ ਆਪੇ ਥਲੁ ਥੰਮਨੁ ਆਪੇ ਕੀਆ ਘਟਿ ਘਟਿ ਬਾਸਾ॥ ਪੰਨਾ - 1403***

ਸਾਰੇ ਰਸ ਮਾਨਣ ਵਾਲਾ ਵੀ ਤੂੰ ਹੈਂ, ਆਪੇ ਹੀ ਜਲ ਹੈਂ, ਆਪੇ ਹੀ ਅਕਾਸ਼ ਹੈਂ, ਆਪੇ ਹੀ ਪਉਣ ਹੈਂ, ਆਪੇ ਹੀ ਪਾਣੀ ਹੈਂ। ਆਪੇ ਹੀ ਸਾਰਿਆਂ ਦੇ ਵਿਚ ਵਸਿਆ ਹੋਇਆ ਹੈਂ, ਨਾਲੇ ਫੇਰ ਨਿਰਲੇਪ ਹੈਂ। ਹੁਣ ਕੋਈ ਵਿਰਲਾ ਹੀ ਸਮਝਦਾ ਹੈ - ਇਸ ਗੱਲ ਨੂੰ, ਨਹੀਂ ਤਾਂ ਫੜ ਨਹੀਂ ਹੁੰਦੀ ਦਿਮਾਗ ਤੋਂ। ਸਾਡੇ ਸਰੀਰ ਦੇ ਅੰਦਰ 2 ਅਰਬ, 15 ਖਰਬ ਸੈਲ ਹਨ। ਪੜ੍ਹੇ ਲਿਖੇ ਬੰਦੇ ਇਸ ਨੂੰ ਸਮਝ ਜਾਣਗੇ ਤੇ ਉਨ੍ਹਾਂ ਸੈਲਾਂ ਦਾ ਜੇ ਲੱਖ-ਲੱਖ ਟੁਕੜਾ ਹੋਰ ਕਰ ਦਿਓ, ਕਰੋੜ-ਕਰੋੜ ਨਿਕਾ-ਨਿਕਾ ਟੁਕੜਾ ਹੋ ਜਾਵੇ, ਉਸ ਦੇ ਵਿਚ ਵੀ ਉਹ ਆਪ ਹੈ। ਜੇ ਉਸ ਤੋਂ ਵੀ ਸੂਖਮ ਕਰ ਦੇਈਏ, ਉਸ ਦੇ ਵਿਚ ਵੀ ਹੈ। ਫੇਰ ਤਾਂ ਉਹ ਓਤ-ਪੋਤ ਰਵਿਆ ਹੋਇਆ ਹੈ ਜਿਸਨੂੰ ਕਿਤੇ ਅੱਡ ਕੀਤਾ ਹੀ ਨਹੀਂ ਜਾ ਸਕਦਾ-

***ਜਿਮੀ ਜਮਾਨ ਕੇ ਬਿਖੇ ਸਮੱਸਤ ਏਕ ਜੋਤ ਹੈ॥***

*ਨ ਘਾਟ ਹੈ ਨ ਬਾਢ ਹੈ ਬਾਢ ਘਾਟ ਹੋਤ ਹੈ॥* *ਅਕਾਲ ਉਸਤਤਿ*

*ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ॥* *ਪੰਨਾ - 1403*

ਤੇ ਦੂਸਰੀ ਬਾਤ ਮਹਾਰਾਜ ਹੋਰ ਸਪਸ਼ਟ ਕਰਕੇ ਸਮਝਾਉਂਦੇ ਨੇ ਕਿ -

*ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ॥* *ਪੰਨਾ - 1252*

ਜਲ ਤੋਂ ਲਹਿਰ ਬਣਦੀ ਹੈ।

ਜਦੋਂ ਤਰੰਗ ਆ ਕੇ ਕੰਢੇ ਲਗਦੀ ਹੈ, ਸਮੁੰਦਰ ਕੰਢੇ ਜਿਹੜੇ ਗਏ ਨੇ, ਉਨ੍ਹਾਂ ਨੇ ਦੇਖਿਆ ਹੈ ਕਿ ਕਿਵੇਂ ਲਹਿਰਾਂ ਆ ਕੇ ਕੰਢੇ ਨਾਲ ਲਗਦੀਆਂ ਹਨ, ਫੇਰ ਉਹ ਲਹਿਰ ਤਾਂ ਰਹਿੰਦੀ ਨਹੀਂ, ਉਹ ਪਾਣੀ ਹੀ ਬਣ ਜਾਂਦੀ ਹੈ। ਮਹਾਰਾਜ ਵੱਡੀ ਗੱਲ ਕਹਿ ਗਏ ਕਿ ਨਿਰੰਕਾਰ ਤੋਂ ਇਹ ਸ੍ਰਿਸ਼ਟੀ ਹੋਈ ਹੈ, ਇਸ ਸ੍ਰਿਸ਼ਟੀ ਤੋਂ ਫੇਰ ਨਿਰੰਕਾਰ ਹੈ। ਕਹਿਣ-ਸੁਣਨ ਨੂੰ ਇਹ ਇਕ ਵਿਚਾਲੇ-ਵਿਚਾਲੇ ਗੱਲ ਬਣ ਗਈ - ਦੂਜੀ, ਲੇਕਿਨ ਅਸਲੀਅਤ ਇਹ ਹੈ ਕਿ -

*ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ॥*
*ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂੰ ਪੂਰਾ॥* *ਪੰਨਾ - 1252*

ਫਰਕ ਐਨਾ ਹੀ ਹੈ। ਜਦੋਂ ਮੈਂ ਆਪਣੇ-ਆਪ ਨੂੰ ਤੈਥੋਂ ਵੱਖਰਾ ਕਰਦਾ ਹਾਂ ਤਾਂ ਮੈਂ 'ਜਨ' ਬਣ ਜਾਂਦਾ ਹਾਂ, ਮੈਂ 'ਊਰਾ' (ਅਧੂਰਾ) ਹੋ ਜਾਂਦਾ ਹਾਂ ਤੇ ਤੂੰ ਸਦਾ ਹੀ ਪੂਰਾ ਰਹਿੰਦਾ ਹੈਂ। ਜਦੋਂ ਮੈਂ ਤੇਰੇ ਵਿਚ ਲੀਨ ਹੋ ਜਾਂਦਾ ਹਾਂ, ਫੇਰ ਤੂੰ ਪੂਰਾ ਹੀ ਪੂਰਾ ਰਹਿ ਜਾਂਦਾ ਹੈਂ, ਮੇਰਾ ਵਜੂਦ ਹੀ ਨਹੀਂ ਰਹਿੰਦਾ -

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥* *ਪੰਨਾ - 657*

ਸੋ ਇਸ ਤਰ੍ਹਾਂ -

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥* *ਪੰਨਾ - 290*
*ਨਿਰਗੁਨੁ ਆਪਿ ਸਰਗੁਨੁ ਭੀ ਓਹੀ॥*
*ਕਲਾ ਧਾਰਿ ਜਿਨਿ ਸਗਲੀ ਮੋਹੀ॥* *ਪੰਨਾ - 287*

ਸਰਗੁਣ ਵੀ ਉਹ ਆਪ ਹੀ ਹੈ - ਜਿੰਨਾਂ ਕੁਝ ਦਿਸਦਾ ਹੈ, ਨਿਰਗੁਣ ਵੀ ਉਹ ਆਪ ਹੀ ਹੈ।

*ਆਪੇ ਸੂਰੁ ਕਿਰਣਿ ਬਿਸਥਾਰੁ॥ ਸੋਈ ਗੁਪਤੁ ਸੋਈ ਆਕਾਰੁ॥*
*ਪੰਨਾ - 387*

ਸੋ ਇਹ ਗੱਲ ਜਦੋਂ ਆਪ ਨੇ ਸੁਣੀ, ਕਿਉਂਕਿ ਪੜ੍ਹੇ-ਲਿਖੇ ਸੀ, ਸਤਿਸੰਗ 'ਚ ਜਾਇਆ ਕਰਦੇ ਸੀ, ਬਹੁਤ ਧਿਆਨ ਨਾਲ ਆਪ ਨੇ ਸਮਝੀ ਜੋ ਇਸ ਤਰ੍ਹਾਂ ਸੀ -

*ਧਾਰਨਾ - ਨਿਰਗੁਣ ਰੂਪ ਤੋਂ ਸਰਗੁਣ ਰੂਪ ਹੋ ਕੇ,*
*ਆਪੇ ਰਚੀ ਸਾਰੀ ਦੁਨੀਆਂ -2, 2.*
*ਮੇਰੇ ਪਿਆਰੇ, ਆਪੇ ਰਚੀ ਸਾਰੀ ਦੁਨੀਆਂ-2, 2.*
*ਨਿਰਗੁਣ ਰੂਪ ਤੋਂ ਸਰਗੁਣ ਰੂਪ ਹੋ ਕੇ...-2*

*ਗੁਰ ਪਰਮੇਸਰੁ ਜਾਣੀਐ ਸਚੇ ਸਚਾ ਨਾਉ ਧਰਾਇਆ॥*
*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥*
*ਇਕਦੂ ਹੋਏ ਤਿਨਿ ਦੇਵ ਤਿਹੁ ਮਿਲਿ ਦਸ ਅਵਤਾਰ ਗਣਾਇਆ॥*

*ਆਦਿ ਪੁਰਖੁ ਆਦੇਸੁ ਹੈ ਓਹੁ ਵੇਖੈ ਓਨਾ ਨਦਰਿ ਨ ਆਇਆ।*
*ਸੇਖ ਨਾਗੁ ਸਿਮਰਣੁ ਕਰੈ ਨਾਵਾਂ ਅੰਤੁ ਬਿਅੰਤੁ ਨ ਪਾਇਆ।*
*ਗੁਰਮੁਖਿ ਸਚਾ ਨਾਉ ਮਨਿ ਭਾਇਆ॥ ਭਾਈ ਗੁਰਦਾਸ ਜੀ, ਵਾਰ 26/2*

ਇਸ ਪਉੜੀ ਦਾ ਭਾਈ ਗੁਰਦਾਸ ਜੀ ਨੇ ਬਹੁਤ ਖੋਲ੍ਹ ਕੇ ਟੀਕਾ ਕੀਤਾ ਹੈ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਹੈ। ਅਸੀਂ ਰੋਜ਼ ਪੜ੍ਹਦੇ ਹਾਂ –

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥ ਪੰਨਾ – 463*

ਪੜ੍ਹਨ ਨਾਲ ਤਾਂ ਗੱਲ ਨਹੀਂ ਬਣਨੀ –

*ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ ਪੰਨਾ – 148*

ਗੱਲ ਬੁੱਝੋ, ਬੁੱਝ ਕੇ ਅੰਦਰ ਵਸਾਓ, ਸਫਰ ਖਤਮ ਹੋ ਜਾਂਦਾ ਹੈ। ਜਿਵੇਂ ਰਾਕਟ ਤੇ ਸਵਾਰ ਹੋ ਕੇ ਆਦਮੀ ਛੇਤੀਂ ਸਫਰ ਮੁਕਾ ਲੈਂਦਾ ਹੈ, ਇਸੇ ਤਰ੍ਹਾਂ ਬਾਣੀ ਦੇ ਅਭਿਆਸ ਦੇ ਨਾਲ ਇਸ ਨੂੰ ਪ੍ਰਪੱਕ ਕਰਕੇ ਬਹੁਤ ਲੰਮਾ ਸਫਰ ਸਕਿੰਟਾਂ ਵਿਚ ਮੁਕਣ ਵਾਲਾ ਹੋ ਜਾਂਦਾ ਹੈ। ਸੋ ਆਪ ਕਹਿੰਦੇ ਨੇ –

*ਗੁਰ ਪਰਮੇਸਰੁ ਜਾਣੀਐ ਸਚੇ ਸਚਾ ਨਾਉ ਧਰਾਇਆ॥*
*ਭਾਈ ਗੁਰਦਾਸ ਜੀ, ਵਾਰ 26/2*

ਨਿਰੰਕਾਰ ਤੋਂ ਆਕਾਰ ਹੋ ਕੇ, ਕੀ ਨਾਉਂ ਪਿਆ? ਉਸ ਵੇਲੇ ਏਕੰਕਾਰ ਸਰਗੁਣ ਬ੍ਰਹਮ ਹੋਇਆ। ਏਕੰਕਾਰ ਬ੍ਰਹਮ ਤੋਂ –

*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥*
*ਭਾਈ ਗੁਰਦਾਸ ਜੀ, ਵਾਰ 26/2*

ਉਹ ਧੁਨ ਜਿਸ ਦਾ ਬਾਰ-ਬਾਰ ਜਿਕਰ ਕੀਤਾ ਜਾਂਦਾ ਹੈ।

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥*
*ਪੰਨਾ – 879*

ਉਹੀ ਧੁਨ ਮਾਤਾ ਦੇ ਪੇਟ ਦੇ ਅੰਦਰ ਬੱਚੇ ਦੇ ਕੰਨਾਂ ਵਿਚ ਪ੍ਰਵੇਸ਼ ਕੀਤੀ ਹੋਈ ਇਸ ਨੂੰ ਜੀਉਂਦਾ ਰੱਖ ਰਹੀ ਸੀ। ਉਸੇ ਧੁਨ ਨੂੰ ਅਸੀਂ ਨਾਮ ਕਹਿੰਦੇ ਹਾਂ, ਸ਼ਬਦ ਬ੍ਰਹਮ ਕਿਹਾ ਜਾਂਦਾ ਹੈ। ਉਹ ਜੋ ਨਾਮ ਹੈ –

*ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥*
*ਪੰਨਾ – 284*

ਇਸ ਧੁਨ ਨੇ ਹੀ ਸਾਰੇ ਅਕਾਰ ਪੈਦਾ ਕੀਤੇ। ਇਹ ਧੁਨ ਅਵਾਜ਼ ਹੈ। ਕਿਹੋ ਜਿਹੀ ਹੈ? ਕੋਈ ਨਹੀਂ ਦੱਸ ਸਕਦਾ। ਨਾ ਇਹ ਨਾਮ ਲਿਖਣ ਵਿਚ ਆਉਂਦਾ ਹੈ, ਨਾ ਇਹ ਵਿਆਖਿਆ ਕਰਨ ਵਿਚ ਆਉਂਦਾ ਹੈ। ਇਹ ਤਾਂ ਕੇਵਲ ਅਨੁਭਵ ਕਰਨ ਵਿਚ ਆਉਂਦਾ ਹੈ। ਜਿਨ੍ਹਾਂ ਦੇ ਅੰਦਰ ਇਸ ਨਾਮ ਦਾ ਜ਼ਹੂਰ ਪ੍ਰਗਟ ਹੋ ਗਿਆ, ਉਹ ਜਾਣਦੇ ਨੇ ਕਿ ਨਾਮ ਕੀ ਹੈ। ਸੋ –

*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥*
*ਭਾਈ ਗੁਰਦਾਸ ਜੀ,*
*ਵਾਰ 26/2*

ਓਅੰਕਾਰ ਕਹਾ ਕੇ ਜਿੰਨੇ ਆਕਾਰ ਨੇ, ਜਿੰਨੀਆਂ ਸ੍ਰਿਸ਼ਟੀਆਂ ਨੇ, ਉਹ ਸਾਰੀਆਂ ਸ਼ਬਦ ਤੋਂ ਪੈਦਾ ਹੋਈਆਂ ਹੋਈਆਂ ਹਨ।

*ਇਕਦੂ ਹੋਏ ਤਿਨਿ ਦੇਵ ਤਿਹੁ ਮਿਲਿ ਦਸ ਅਵਤਾਰ ਗਣਾਇਆ॥*
*ਭਾਈ ਗੁਰਦਾਸ ਜੀ,*

***ਵਾਰ 26/2***

ਤਿੰਨ ਸ਼ਕਤੀਆਂ ਪਹਿਲਾਂ ਪੈਦਾ ਹੋਈਆਂ –

> ***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥***
> ***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥***
> ***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥*** ***ਪੰਨਾ – 7***

ਤਿੰਨੇ ਹੀ ਇਕ ਦਮ ਬਣਾ ਦਿਤੇ। ਬਹੁਤ ਨਾਉਂ ਨੇ – ਕੋਈ electron, proton, nutron ਕਹਿੰਦਾ ਹੈ, ਅਸੀਂ ਸ਼ਿਵ ਜੀ, ਬ੍ਰਹਮਾ, ਮਹੇਸ਼ ਕਹਿੰਦੇ ਹਾਂ। ਤਿੰਨ ਧਾਰਾਂ ਬਣਾ ਦਿੱਤੀਆਂ ਤੇ ਉਹ ਚੇਤਨ ਧਾਰਾਂ ਨੇ, ਪ੍ਰਾਕਿਰਤੀ ਦੀਆਂ ਧਾਰਾਂ ਨੇ, ਇਹ ਜੜ੍ਹ ਨੇ, ਇਹ ਅੰਨ੍ਹੀਆਂ ਨੇ, ਇਨ੍ਹਾਂ ਨੂੰ ਨਹੀਂ ਪਤਾ। ਲੇਕਿਨ ਜੋ ਚੇਤਨ ਨੇ, ਉਨ੍ਹਾਂ ਤਿੰਨਾਂ ਨੂੰ ਪਤਾ ਹੈ। ਵੱਡੀ ਬਾਤ ਇਹ ਹੈ ਕਿ –

> ***ਇਕ ਦੂ ਹੋਏ ਤਿਨਿ ਦੇਵ ਤਿਹੁ ਮਿਲਿ ਦਸ ਅਵਤਾਰ ਗਣਾਇਆ॥***
> ***ਆਦਿ ਪੁਰਖੁ ਆਦੇਸੁ ਹੈ ਓਹੁ ਵੇਖੈ ਓਨਾ ਨਦਰਿ ਨ ਆਇਆ॥***
> ***ਭਾਈ ਗੁਰਦਾਸ ਜੀ, ਵਾਰ 26/2***

ਦੇਸ਼ ਕਾਲ ਵਸਤੂ ਤੋਂ ਰਹਿਤ ਹੋ ਕੇ –

> ***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥*** ***ਪੰਨਾ – 7***

ਹੁਣ ਇਨ੍ਹਾਂ ਨੂੰ ਨਦਰ ਨਹੀਂ ਆਉਂਦਾ। ਬ੍ਰਹਮਾ ਨੂੰ ਭੁਲੇਖਾ ਪਿਆ ਸੀ ਕਿ ਮੈਨੂੰ ਪੈਦਾ ਕਰਨ ਵਾਲਾ ਜੇ ਕੋਈ ਹੈ ਤਾਂ ਬੋਲੇ। ਮੈਂ ਇਕੱਲਾ ਹੀ ਹਾਂ, ਆਪੇ ਆਪ ਹਾਂ, ਆਪਣੇ ਆਪ ਤੋਂ ਆਪੇ ਹੀ ਹਾਂ। ਅਕਾਸ਼ਬਾਣੀ ਹੋਈ ਕਿ ਨਹੀਂ ਬ੍ਰਹਮਾ! ਤੂੰ ਆਪਣੇ-ਆਪ ਤੋਂ ਨਹੀਂ ਹੈਂ, ਤੈਨੂੰ ਪੈਦਾ ਕਰਨ ਵਾਲਾ ਮੈਂ ਹਾਂ।

ਕਹਿੰਦਾ, "ਕਿਥੋਂ ਕਰਿਆ ਹੈ?"

ਕਹਿੰਦੇ, "ਕਮਲ ਦੀ ਨਾਲ ਵਿਚੋਂ ਕਰਿਆ ਹੈ।"

ਲੱਤ ਮਾਰੀ ਉਸ ਦੇ ਉਤੇ।

ਕਹਿੰਦਾ, "ਇਸ ਦੇ ਵਿਚੋਂ ਮੇਰਾ ਜਨਮ ਹੋਇਆ ਹੈ? ਇਹ ਕੀ ਚੀਜ਼ ਹੈ?" ਉਹ ਵਿਚ ਹੀ ਚਲਿਆ ਗਿਆ। ਮਹਾਰਾਜ ਕਹਿੰਦੇ 36 ਜੁਗ ਘੁੰਮਦਾ ਰਿਹਾ। 4 ਜੁਗਾਂ ਦੇ ਤਰਤਾਲੀ ਲੱਖ ਵੀਹ ਹਜ਼ਾਰ ਸਾਲ ਹੁੰਦੇ ਨੇ; 9 ਨਾਲ ਗੁਣਾ ਕਰ ਲਓ। ਸੋ ਐਨੇ ਜੁਗ ਕਰੋੜਾਂ ਸਾਲ, ਕੋਈ 3 ਕਰੋੜ 88 ਲੱਖ ਸਾਲ ਤੋਂ ਉਤੇ ਉਸ ਨਾਲ ਵਿਚ ਘੁੰਮਦਾ-ਘੁੰਮਦਾ ਜਦੋਂ ਪ੍ਰੇਸ਼ਾਨ ਹੋ ਗਿਆ ਫੇਰ ਅਵਾਜ਼ ਦਿਤੀ ਕਿ ਹੇ ਪ੍ਰਭੂ! ਮੈਨੂੰ ਇਥੋਂ ਕੱਢ। ਤੂੰ ਕੌਣ ਹੈਂ, ਇਸਦੇ ਬਾਰੇ ਦੱਸ।

ਉਸ ਵੇਲੇ ਅਨੁਭਵ ਆਇਆ, ਵੇਦਾਂ ਦਾ ਗਿਆਨ ਹੋਇਆ। ਮਹਾਂਪੁਰਸ਼ਾਂ ਨੂੰ ਸਾਰੇ ਗਿਆਨ ਉਪਰੋਂ ਆਉਂਦੇ ਨੇ –

> ***ਜੈਸੀ ਮੈ ਆਵੈ ਖਸਮ ਕੀ ਬਾਣੀ***
> ***ਤੈਸੜਾ ਕਰੀ ਗਿਆਨੁ ਵੇ ਲਾਲੋ॥*** ***ਪੰਨਾ – 722***

> ***ਹਉ ਆਪਹੁ ਬੋਲਿ ਨ ਜਾਣਦਾ***
> ***ਮੈ ਕਹਿਆ ਸਭੁ ਹੁਕਮਾਉ ਜੀਉ॥*** ***ਪੰਨਾ – 763***

ਸੋ –

> ***ਆਦਿ ਪੁਰਖੁ ਆਦੇਸੁ ਹੈ ਓਹੁ ਵੇਖੈ ਓਨਾ ਨਦਰਿ ਨ ਆਇਆ॥***
> ***ਸੇਖ ਨਾਗੁ ਸਿਮਰਣੁ ਕਰੈ ਨਾਵਾਂ ਅੰਤੁ ਬਿਅੰਤੁ ਨ ਪਾਇਆ॥***
> ***ਗੁਰਮੁਖਿ ਸਚਾ ਨਾਉ ਮਨਿ ਭਾਇਆ॥*** ***ਭਾਈ ਗੁਰਦਾਸ ਜੀ, ਵਾਰ 26/2***

ਜਿਹੜਾ ਸੱਚਾ ਨਾਮ ਸੀ ਇਹ ਗੁਰੂ ਦੇ ਰਾਹੀਂ ਮਨ ਦੇ ਵਿਚ ਭਾਅ ਗਿਆ। ਇਸ ਨਾਮ ਨੇ ਫੇਰ ਅਗਿਆਨ ਕੱਟ ਦਿਤਾ। ਹੁਣ ਇਥੇ ਸਾਨੂੰ ਨਾਮ ਦਾ ਨਹੀਂ ਪਤਾ ਲਗਦਾ, ਅਸੀਂ ਉਲਝ ਜਾਂਦੇ ਹਾਂ - ਸ਼ਬਦ ਬਾਰੇ, ਨਾਮ ਬਾਰੇ, ਗੁਰਮੰਤ੍ਰ ਬਾਰੇ। ਗੁਰਮੰਤਰ ਨੂੰ ਹੀ ਅਸੀਂ ਕਹਿੰਦੇ ਹਾਂ ਕਿ ਸਾਨੂੰ ਨਾਮ ਮਿਲ ਗਿਆ। ਨਾਮ ਤਾਂ ਬਹੁਤ ਦੂਰ ਹੈ, ਨਾਮ ਤਾਂ ਜੇ ਮਿਲ ਜਾਵੇ-

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥* *ਪੰਨਾ - 649*

ਜਦੋਂ ਨਾਮ ਹਿਰਦੇ ਵਿਚ ਵਸ ਗਿਆ, ਫੇਰ ਰਿਧੀਆਂ-ਸਿਧੀਆਂ ਮਿੰਨਤਾਂ ਕਰਦੀਆਂ ਫਿਰਦੀਆਂ ਹਨ। ਸੋ ਭਾਈ ਗੁਰਦਾਸ ਜੀ ਵਿਸਥਾਰ ਦੇ ਨਾਲ ਦਸਦੇ ਨੇ ਕਿ ਓਅੰਕਾਰ ਹੋ ਕੇ -

*ਅੰਬਰੁ ਧਰਤਿ ਵਿਛੋੜਿਅਨੁ ਕੁਦਰਤਿ ਕਰਿ ਕਰਤਾਰ ਕਹਾਇਆ।।*
*ਭਾਈ ਗੁਰਦਾਸ ਜੀ, ਵਾਰ 26/3*

ਜਿਹੜੇ ਤਾਰੇ-ਸਿਤਾਰੇ ਨੇ, ਇਹ ਆਕਾਸ਼ ਵਿਚ ਟਿਕਾ ਦਿਤੇ ਤੇ ਥੰਮ੍ਹ ਕੋਈ ਨਹੀਂ ਹੈ - ਇਨ੍ਹਾਂ ਦੇ ਅਤੇ ਧਰਤੀ ਦੇ ਵਿਚਾਲੇ -

*ਧਰਤੀ ਅੰਦਰਿ ਪਾਣੀਐ ਵਿਣੁ ਥੰਮਾਂ ਆਗਾਸ ਰਹਾਇਆ॥*
*ਭਾਈ ਗੁਰਦਾਸ ਜੀ, ਵਾਰ 26/3*

ਸਾਰੇ gravity (ਗੁਰੂਤਾ ਸ਼ਕਤੀ) ਨਾਲ ਬੰਨ੍ਹ ਦਿਤੇ। ਘੁੰਮਦੇ ਫਿਰਦੇ ਨੇ, ਘੁੰਮੀ ਜਾਂਦੇ ਨੇ, ਕਦੇ ਕੋਈ ਖੜ੍ਹਦਾ ਹੀ ਨਹੀਂ।

*ਇੰਨਣ ਅੰਦਰਿ ਅਗਿ ਧਰਿ ਅਹਿਨਿਸ ਸੂਰਜੁ ਚੰਦੁ ਉਪਾਇਆ॥*
*ਭਾਈ ਗੁਰਦਾਸ ਜੀ, ਵਾਰ 26/3*

ਜਿਹੜੇ ਦਰਖਤ ਨੇ, ਇਨ੍ਹਾਂ ਦੇ ਅੰਦਰ ਅੱਗ ਰੱਖ ਦਿਤੀ ਪ੍ਰਮੇਸ਼ਰ ਨੇ। ਸੂਰਜ ਤੇ ਚੰਦ ਕਰ ਦਿਤੇ, ਦਿਨ ਤੇ ਰਾਤ ਬਣਾ ਦਿਤੇ।

*ਛਿਅ ਰੁਤਿ ਬਾਰਹਮਾਹ ਕਰਿ ਖਾਣੀ ਬਾਣੀ ਚਲਤੁ ਰਚਾਇਆ॥*
*ਭਾਈ ਗੁਰਦਾਸ ਜੀ, ਵਾਰ 26/3*

ਚਾਰ ਖਾਣੀਆਂ, ਚਾਰ ਬਾਣੀਆਂ ਬਣਾ ਦਿਤੀਆਂ; ਬੈਖਰੀ ਬਾਣੀ, ਮਧਮਾ, ਪਸੰਤੀ ਤੇ ਪਰਾ ਬਾਣੀ ਬਣਾ ਦਿੱਤੀਆਂ। ਓਧਰ ਅੰਡਜ, ਜੇਰਜ, ਸੇਤਜ, ਉਤਭੁਜ - ਚਾਰ ਖਾਣੀਆਂ ਬਣਾ ਦਿਤੀਆਂ। ਇਨ੍ਹਾਂ ਸਾਰੀਆਂ 84 ਲੱਖ ਜੂਨੀਆਂ ਦੇ ਵਿਚੋਂ ਮਨੁੱਖ ਦਾ ਜਨਮ ਦੁਰਲੱਭ ਹੋ ਗਿਆ।

*ਮਾਣਸ ਜਨਮੁ ਦੁਲੰਭੁ ਹੈ ਸਫਲੁ ਜਨਮੁ ਗੁਰੁ ਪੂਰਾ ਪਾਇਆ॥*
*ਭਾਈ ਗੁਰਦਾਸ ਜੀ, ਵਾਰ 26/3*

ਜਨਮ ਸਫਲ ਤਾਂ ਹੁੰਦਾ ਹੈ ਜੇ ਗੁਰੂ ਪੂਰਾ ਮਿਲ ਜਾਵੇ, ਨਹੀਂ ਤਾਂ ਮਹਾਰਾਜ ਕਹਿੰਦੇ ਸੰਸਾਰ ਤੇ ਆਉਣ ਦਾ ਕੋਈ ਫਾਇਦਾ ਨਹੀਂ ਹੈ।

*ਧਾਰਨਾ - ਕਾਹਨੂੰ ਜੰਮਣਾ ਸੀ,*
*ਭਗਤੀ ਤੋਂ ਹੀਣਿਆਂ ਓਏ -2, 2.*

*ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ॥*
*ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥*
*ਪੰਨਾ - 450*

ਨਾਮ ਤੋਂ ਬਿਨਾਂ ਇਹ ਬਿਰਥਾ ਚਲਿਆ ਜਾਂਦਾ ਹੈ।

*ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥*

*ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ॥*
*ਚਲੈ ਜਨਮੁ ਸਵਾਰਿ ਵਖਰੁ ਸਚੁ ਲੈ॥*
*ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ॥*
*ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ॥*
*ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ॥* *ਪੰਨਾ - 751*

ਜੇ ਤਾਂ ਪੂਰਾ ਗੁਰੂ ਮਿਲ ਗਿਆ ਫੇਰ ਤਾਂ ਇਹ ਜਨਮ ਸਫਲ ਹੋ ਗਿਆ, ਨਹੀਂ ਤਾਂ ਇਹ ਖਤਮ ਹੈ।

*ਸਾਧ ਸੰਗਤਿ ਮਿਲਿ ਸਹਜਿ ਸਮਾਇਆ॥* *ਭਾਈ ਗੁਰਦਾਸ ਜੀ, ਵਾਰ 26/33*

ਫੇਰ ਸੰਤਾਂ ਦੀ ਸੰਗਤ ਮਿਲ ਜਾਏ, ਪੂਰੇ ਸਾਧਨਾ ਸੰਪੰਨ ਵਿਅਕਤੀ ਦੀ ਸੰਗਤ ਮਿਲ ਜਾਏ, ਫੇਰ ਉਸ ਦੇ ਨਾਲ ਇਹ ਸਹਿਜ ਦੇ ਵਿਚ ਸਮਾ ਜਾਇਆ ਕਰਦਾ ਹੈ।

ਸੋ ਇਸ ਤਰ੍ਹਾਂ ਇਸ ਨਿਸ਼ਚੇ ਦੇ ਨਾਲ ਆਪ ਨੇ ਇਹ ਧਾਰਨ ਕਰ ਲਿਆ ਕਿ ਇਹ ਸਾਰੀ ਸ੍ਰਿਸ਼ਟੀ ਵਾਹਿਗੁਰੂ ਜੀ ਨੇ ਬਣਾਈ ਹੈ। ਆਪਾਂ ਸੋਚ ਕੇ ਦੇਖ ਲਓ, ਕਿਤੇ ਦੀ ਕਿਤੇ ਬਿਰਤੀ ਚਲੀ ਜਾਏਗੀ। ਅਸੀਂ ਸੋਚਦੇ ਨਹੀਂ ਹਾਂ, ਇਸੇ ਕਰਕੇ ਓਥੇ ਖੜ੍ਹੇ ਰਹਿੰਦੇ ਹਾਂ, ਤਾਂ ਹੀ ਨਹੀਂ ਲੰਘ ਰਹੇ। ਬੱਸ ਇਕੋ ਹੀ ਰਹਿੰਦਾ ਹੈ ਕਿ ਮੈਂ ਬਿਮਾਰ ਹਾਂ, ਮੈਨੂੰ ਦੁਖ ਹੈ, ਮੇਰਾ ਕੰਮ ਨਹੀਂ ਹੋਇਆ, ਮੇਰੇ ਧੀ ਨਹੀਂ ਹੈ, ਮੇਰੇ ਮੁੰਡਾ ਨਹੀਂ ਹੈ; ਸਾਰਾ ਦਿਨ ਸਾਰਾ ਸੰਸਾਰ ਰੋਂਦਾ ਫਿਰਦਾ ਹੈ -

*ਬਾਲੀ ਰੋਵੈ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ॥* *ਪੰਨਾ - 954*

ਜੇ ਮੰਨ ਲਓ ਇਸ ਨਾਮ ਨੂੰ, ਤਾਂ ਹੁਣੇ ਜਿੱਤ ਜਾਓਗੇ, ਰੋਣੇ-ਧੋਣੇ ਸਾਰੇ ਖਤਮ ਹੋ ਜਾਂਦੇ ਨੇ, ਕੋਈ ਨਹੀਂ ਰਹਿੰਦਾ।

*ਮੰਨੇ ਨਾਉ ਸੋਈ ਜਿਣਿ ਜਾਇ॥*
*ਅਉਰੀ ਕਰਮ ਨ ਲੇਖੈ ਲਾਇ॥* *ਪੰਨਾ - 954*

ਬਾਕੀ ਜ਼ੋਰ ਲਾ-ਲਾ ਕੇ, ਪੈਸੇ ਕਮਾ ਕੇ ਦੇਖ ਲਓ, ਕੋਠੀਆਂ ਪਾ ਕੇ ਦੇਖ ਲਓ, ਵੱਡੇ-ਵੱਡੇ ਕਰੋੜਾਂ ਏਕੜਾਂ ਦੇ ਫਾਰਮ ਬਣਾ ਲਉ, ਰਾਜ ਕਰਕੇ ਦੇਖ ਲਓ - ਮਹਾਰਾਜ ਕਹਿੰਦੇ, ਇਹ ਤਾਂ ਕੁਝ ਵੀ ਨਹੀਂ ਹੈ, ਇਹ ਤੂੰ ਗਲਤ ਗੱਲਾਂ ਕਰ ਰਿਹਾ ਹੈਂ। ਤੂੰ ਕੀ ਸਮਝਦਾ ਹੈਂ ਕਿ ਤੂੰ ਇਥੇ ਰਹਿਣਾ ਹੈ? ਪ੍ਰੇਮੀਆਂ! ਤੂੰ ਤਾਂ ਇਥੋਂ ਚਲੇ ਜਾਣਾ ਹੈ -

*ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ॥* *ਪੰਨਾ - 1253*

ਮਾੜ੍ਹਾ ਜਿਹਾ ਠਣਕਾ ਲੱਗਿਆ, ਉਸੇ ਵੇਲੇ ਸਭ ਕੁਝ ਖਤਮ ਹੋ ਜਾਂਦਾ ਹੈ, ਸਕੀਮਾਂ ਬਣਾਉਂਦਾ ਹੀ ਰਹਿ ਜਾਂਦਾ ਹੈ, ਪ੍ਰੇਮੀਆਂ! ਅਸਲੀ ਕੰਮ ਕਰ ਜਿਸ ਦੇ ਵਾਸਤੇ ਆਇਆ ਹੈਂ। ਸੋ ਸਮਝਣ ਦਾ ਯਤਨ ਕਰ, ਪ੍ਰੇਮੀਆਂ! ਇਹ ਸ੍ਰਿਸ਼ਟੀ ਵਾਹਿਗੁਰੂ ਨੇ ਰਚੀ ਹੈ। ਲਹਿਣਾ ਜੀ ਨੇ ਇਹ ਬਾਤ ਸਮਝ ਲਈ। ਭਾਈ ਗੁਰਦਾਸ ਜੀ ਹੋਰ ਅੱਗੇ ਇਸ ਤੋਂ ਵੀ ਜ਼ਿਆਦਾ ਸਮਝਾਉਂਦੇ ਨੇ। ਕਈ ਪ੍ਰੇਮੀਆਂ ਦੇ ਮਨਾਂ ਵਿਚ ਸ਼ੰਕਾ ਉਠਦਾ ਹੈ ਕਿ ਜੇ ਵਾਹਿਗੁਰੂ ਹੀ ਹੈ, ਫੇਰ ਆਹ ਰੌਲਾ ਗੌਲਾ ਕਿਉਂ ਪੈਂਦਾ ਹੈ? ਇਹ ਮਾੜੇ ਬੰਦੇ ਕਿਉਂ ਨੇ? ਜਾਂ ਫਿਰ ਵਾਹਿਗੁਰੂ ਐਨਾ ਮਾੜਾ ਹੋ ਗਿਆ, ਐਨਾ ਗਲਤ ਹੋ ਗਿਆ? ਇਹ ਵੀ ਗੱਲ ਸਮਝ ਲਓ। ਵਾਹਿਗੁਰੂ ਜੀ ਤਾਂ ਸਾਰਿਆਂ ਨੂੰ ਸੱਤ੍ਹਾ ਦੇ ਰਹੇ ਨੇ, ਸਾਰਿਆਂ ਦੇ ਅੰਦਰ-ਬਾਹਰ ਐਨੇ ਓਤ-ਪੋਤ ਨੇ ਕਿ ਕਿਤੇ ਅੱਡ ਨਹੀਂ ਹੁੰਦੇ ਲੇਕਿਨ ਇਸ ਪ੍ਰਾਕਿਰਤੀ ਦੇ ਵਿਚ ਤਿੰਨ ਗੁਣ ਬਣੇ ਹੋਏ ਨੇ - ਇਕ ਰਜੋ ਗੁਣ, ਇਕ ਤਮੋ ਗੁਣ ਤੇ ਇਕ ਸਤੋ ਗੁਣ ਹੈ। ਇਨ੍ਹਾਂ ਦੇ ਨਾਲ ਸਾਡੇ ਸੁਭਾਅ ਬਣੇ ਹੋਏ ਨੇ, ਸੁਭਾਵਾਂ ਵਿਚ ਸਾਡੇ ਕਰਮ ਰਲੇ ਹੋਏ ਨੇ - ਕਰੋੜਾਂ ਜਨਮਾਂ ਦੇ। ਉਨ੍ਹਾਂ ਕਰਮਾਂ ਦੇ ਹਿਸਾਬ ਨਾਲ ਇੰਜਣ ਚਲੀ ਜਾਂਦਾ ਹੈ। 'ਸ੍ਵਾਂਤੀ ਬੂੰਦ' ਨੂੰ ਸਾਰੇ 'ਨਿਰਮਲ ਬੂੰਦ' ਕਹਿੰਦੇ ਨੇ। ਬੂੰਦ ਤਾਂ ਓਹੀ ਨਿਰਮਲ ਹੈ ਪਰ ਵੱਖਰੇ-ਵੱਖਰੇ ਥਾਵਾਂ ਤੇ ਅਸਰ ਵੱਖਰਾ-ਵੱਖਰਾ ਹੈ -

*ਸਮਸਰਿ ਵਰਸੈ ਸ੍ਵਾਂਤ ਬੂੰਦ ਜਿਉ ਸਭਨੀ ਥਾਈ॥*
*ਜਲ ਅੰਦਰਿ ਜਲੁ ਹੋਇ ਮਿਲੈ ਧਰਤੀ ਬਹੁ ਭਾਈ॥ ਭਾਈ ਗੁਰਦਾਸ ਜੀ, ਵਾਰ 2/5*

ਜਲ ਦੇ ਅੰਦਰ ਜਲ ਬਣ ਜਾਂਦੀ ਹੈ, ਧਰਤੀ ਤੇ ਡਿੱਗ ਕੇ ਧਰਤੀ ਨਾਲ ਰਲ ਜਾਂਦੀ ਹੈ।

*ਕਿਰਖ ਬਿਰਖ ਰਸ ਕਸ ਘਣੇ ਫਲੁ ਫੁਲੁ ਸੁਹਾਈ॥ ਭਾਈ ਗੁਰਦਾਸ ਜੀ, ਵਾਰ 2/5*

ਜੇ ਫਲਾਂ ਦੇ ਉਤੇ ਪੈਂਦੀ ਹੈ ਤਾਂ ਉਨ੍ਹਾਂ ਦੇ ਵਿਚ ਰਸ ਵਧ ਜਾਇਆ ਕਰਦਾ ਹੈ।

*ਕੇਲੇ ਵਿਚਿ ਕਪੂਰੁ ਹੋਇ ਸੀਤਲੁ ਸੁਖਦਾਈ॥ ਭਾਈ ਗੁਰਦਾਸ ਜੀ, ਵਾਰ 2/5*

ਜੇ ਕੇਲੇ ਵਿਚ ਗਿਰ ਜਾਵੇ ਤਾਂ ਕਪੂਰ ਜੋ ਮਿਲਦਾ ਨਹੀਂ ਕਿਤੇ ਵੀ, ਉਹ ਕਪੂਰ ਬਣ ਜਾਇਆ ਕਰਦੀ ਹੈ।

*ਮੋਤੀ ਹੋਵੈ ਸਿਪ ਮੁਹਿ ਬਹੁ ਮੋਲ ਮੁਲਾਈ॥ ਭਾਈ ਗੁਰਦਾਸ ਜੀ, ਵਾਰ 2/5*

ਜੇ ਸਿੱਪੀ ਦੇ ਮੂੰਹ ਵਿਚ ਗਿਰ ਜਾਏ ਤਾਂ ਮੋਤੀ ਹੋ ਜਾਂਦੀ ਹੈ। ਬੜਾ ਵੱਡਾ ਮੁੱਲ ਹੁੰਦਾ ਹੈ। ਜੇ ਕਿਤੇ ਸਪ ਦੇ ਮੂੰਹ ਵਿਚ ਗਿਰ ਜਾਵੇ ਫੇਰ ਇਹ ਜ਼ਹਿਰ ਬਣ ਜਾਂਦੀ ਹੈ ਤੇ ਫੇਰ ਉਹ ਸੱਪ ਫਰਾਂਟੇ ਮਾਰਦਾ ਫਿਰਦਾ ਹੈ –

*ਬਿਸੀਅਰ ਦੇ ਮੁਹਿ ਕਾਲਕੂਟ ਚਿਤਵੈ ਬੁਰਿਆਈ॥ ਭਾਈ ਗੁਰਦਾਸ ਜੀ, ਵਾਰ 2/5*

ਫੇਰ ਉਹ ਬੁਰਿਆਈ, ਡੰਗ ਮਾਰਨ ਨੂੰ ਚਿਤਵਦਾ ਹੈ।

*ਆਪੇ ਆਪਿ ਵਰਤਦਾ ਸਤਿਸੰਗਿ ਸੁਭਾਈ॥ ਭਾਈ ਗੁਰਦਾਸ ਜੀ, ਵਾਰ 2/5*

ਜਿਵੇਂ ਸੂਰਜ ਸਾਰੇ ਭਾਂਡਿਆਂ ਦੇ ਅੰਦਰ ਵਰਤਦਾ ਹੈ, ਅਨੇਕਾਂ ਬਰਤਨ ਪਾਣੀ ਦੇ ਭਰੇ ਹੋਏ ਨੇ, ਹਰੇਕ ਦੇ ਵਿਚ ਉਸ ਦਾ ਅਕਸ (ਪ੍ਰਤਿਬਿੰਬ) ਹੈ। ਸਾਰੇ ਪਦਾਰਥਾਂ ਤੇ ਚਮਕਦਾ ਹੈ ਪਰ ਜੇ ਸ਼ੀਸ਼ਾ ਰੱਖ ਦਿਓ ਤਾਂ ਸ਼ੀਸ਼ੇ ਤੇ ਬਹੁਤਾ ਚਮਕਦਾ ਹੈ। ਜਲ ਦੇ ਅੰਦਰ ਪ੍ਰਕਾਸ਼ਦਾ ਹੈ। ਇਸੇ ਤਰ੍ਹਾਂ ਦੇ ਨਾਲ ਜਿਸ ਦਾ ਅੰਤਸ਼ਕਰਣ ਸ਼ੁਧ ਹੈ, ਜਿਸ ਦੇ ਮਲ, ਵਿਖ਼ਸ਼ੇਪ ਤੇ ਆਵਰਨ ਤਿੰਨ ਦੋਸ਼ ਦੂਰ ਹੋ ਗਏ, ਉਥੇ ਵਾਹਿਗੁਰੂ ਪੂਰੇ ਬਲ ਨਾਲ ਪ੍ਰਕਾਸ਼ਦਾ ਹੈ। ਚਾਨਣੇ ਦਾ ਕੋਈ ਕਸੂਰ ਨਹੀਂ, ਚਾਨਣੇ ਦੇ ਵਿਚ ਨੇਕ ਬੰਦੇ ਨੇਕ ਕੰਮ ਕਰਦੇ ਨੇ; ਚਾਨਣਾ ਘਟ ਹੋਵੇ ਤਾਂ ਚੋਰ ਚੋਰੀ ਕਰਦੇ ਨੇ, ਚਾਨਣੇ ਦੇ ਵਿਚ ਹੀ ਕਤਲ ਹੁੰਦੇ ਨੇ, ਚਾਨਣੇ ਦੇ ਵਿਚ ਹੀ ਮਾੜੇ ਲੋਕ ਮਾੜੇ ਕੰਮ ਕਰਦੇ ਨੇ, ਬਲੈਕ ਕਰਦੇ ਨੇ, ਧੋਖੇ ਕਰਦੇ ਨੇ, ਰਿਸ਼ਵਤਾਂ ਲੈਂਦੇ ਨੇ; ਚਾਨਣੇ ਦਾ ਕੋਈ ਕਸੂਰ ਨਹੀਂ, ਚਾਨਣੇ ਨੇ ਤਾਂ ਰੋਸ਼ਨੀ ਦੇਣੀ ਸੀ। ਸੋ ਇਸ ਤਰ੍ਹਾਂ ਦੇ ਨਾਲ ਸੰਗਤ ਦਾ ਦੋਸ਼ ਹੈ। ਵਾਹਿਗੁਰੂ ਤਾਂ ਸਾਰੀ ਸ੍ਰਿਸ਼ਟੀ ਵਿਚ ਵਰਤਦਾ ਹੈ –

*ਧਾਰਨਾ – ਆਪੇ ਹੀ ਵਰਤਦਾ, ਆਪਣੀ ਰਚਨਾ ਅੰਦਰ –2, 2.*
*ਆਪਣੀ ਰਚਨਾ ਅੰਦਰ –2, 2.*
*ਆਪੇ ਹੀ ਵਰਤਦਾ........– 2.*

*ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ।*
*ਭੋਜਨ ਆਪਿ ਬਣਾਇਦਾ ਰਸ ਵਿਚਿ ਰਸ ਗੋਈ।*
*ਆਪੇ ਖਾਇ ਸਲਾਹਿਕੈ ਹੋਇ ਤ੍ਰਿਪਤਿ ਸਮੋਈ।*
*ਆਪੇ ਰਸੀਆ, ਆਪਿ ਰਸ, ਰਸੁ ਰਸਨਾ ਭੋਈ।*
*ਦਾਤਾ ਭੁਗਤਾ ਆਪਿ ਹੈ, ਸਰਬੰਗ ਸਮੋਈ।*

***ਆਪੇ ਆਪਿ ਵਰਤਦਾ ਗੁਰਮੁਖਿ ਸੁਖੁ ਹੋਈ।। ਭਾਈ ਗੁਰਦਾਸ ਜੀ, ਵਾਰ 2/3***

ਜਿਨ੍ਹਾਂ ਨੇ ਬੰਦਗੀ ਕਰਕੇ ਮਲ, ਵਿਖਸ਼ੇਪ ਤੇ ਆਵਰਨ ਤਿੰਨ ਦੋਸ਼ ਖਤਮ ਕਰ ਦਿਤੇ, ਜਿਵੇਂ ਅੱਖਾਂ ਵਿਚੋਂ ਮੋਤੀਆ ਹਟ ਜਾਂਦਾ ਹੈ, ਇਸ ਤਰ੍ਹਾਂ ਉਨ੍ਹਾਂ ਨੂੰ ਸਾਰੀ ਸ੍ਰਿਸ਼ਟੀ ਵਿਚ ਵਾਹਿਗੁਰੂ ਹੀ ਨਜ਼ਰੀ ਪੈਂਦਾ ਹੈ ਕਿਉਂਕਿ ਅੰਦਰ ਪ੍ਰਕਾਸ਼ ਹੋ ਗਿਆ, ਗੁਰੂ ਨੇ ਹਨ੍ਹੇਰਾ ਦੂਰ ਕਰ ਦਿਤਾ –

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ ਪੰਨਾ – 293***

ਨਾਮਦੇਵ ਜੀ ਪ੍ਰਸ਼ਾਦੇ ਲਾਹ ਰਹੇ ਨੇ। ਪ੍ਰਸ਼ਾਦੇ ਲਾਹ ਕੇ ਰੱਖ ਦਿਤੇ ਤੇ ਕੋਠੀ ਦੇ ਅੰਦਰ ਘਿਓ ਰੱਖਿਆ ਹੋਇਆ ਸੀ, ਆਪ ਘਿਓ ਲੈਣ ਵਾਸਤੇ ਜਾਂਦੇ ਨੇ, ਜਦੋਂ ਘਿਓ ਕੱਢ ਕੇ ਪਿਛੇ ਮੁੜ ਕੇ ਦੇਖਿਆ ਤਾਂ ਇਕ ਕੁੱਤਾ ਇਕ ਦਮ ਆਇਆ ਤੇ ਪੋਣੇ ਸਣੇ ਰੋਟੀਆਂ ਚੁਕ ਕੇ ਭੱਜ ਗਿਆ। ਉਸ ਵੇਲੇ ਨਾਮਦੇਵ ਜੀ ਐਸੇ ਬ੍ਰਹਮ ਭਾਵ ਵਿਚ ਸਨ –

***ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ। ਭਾਈ ਗੁਰਦਾਸ ਜੀ, ਵਾਰ 2/3***

ਉਸਦੇ ਪਿਛੇ ਹੀ ਦੌੜਦੇ ਨੇ, ਆਵਾਜ਼ਾਂ ਦਿੰਦੇ ਜਾਂਦੇ ਨੇ–ਪ੍ਰਭੂ! ਰੁਖੜੀ ਨਾ ਖਾਇਓ। ਇਕ ਤਾਂ ਪਖੰਡ ਨਾਲ ਕਹਿੰਦਾ ਹੈ, ਉਸ ਦੇ ਤਾਂ ਕੁਝ ਵੀ ਨਹੀਂ ਪੱਲੇ ਪੈਂਦਾ। ਨਾਮਦੇਵ ਨੂੰ ਤਾਂ ਸਚਮੁਚ ਨਜ਼ਰ ਆਉਂਦਾ ਸੀ ਕਿ ਇਥੇ ਦੂਜਾ ਹੈ ਹੀ ਨਹੀਂ, ਆਪ ਹੀ ਆਪ ਹੈ। 3–4 ਮੀਲ ਦੌੜੇ ਹੀ ਚਲੇ ਗਏ; ਇਕੋ ਹੀ ਅਵਾਜ਼ ਹੈ ਕਿ ਪ੍ਰਭੂ! ਰੁਖੜੀ ਨਾ ਖਾਇਓ, ਮੈਥੋਂ ਭੁਲ ਹੋ ਗਈ, ਮੈਂ ਰੋਟੀ ਨਾਲ ਦੀ ਨਾਲ ਨਾ ਚੋਪੜੀ। ਉਥੇ ਹੀ ਕੁੱਤਾ ਠਹਿਰ ਗਿਆ, ਰੋਟੀ ਰੱਖ ਦਿਤੀ। ਆਪ ਰੋਟੀ ਚੋਪੜੀ ਜਾਂਦੇ ਨੇ ਤੇ ਕਪੜੇ ਤੇ ਰੱਖੀ ਜਾਂਦੇ ਨੇ। ਜਦੋਂ ਆਪ ਨੇ ਉਪਰ ਨੂੰ ਦੇਖਿਆ ਤਾਂ ਕੀ ਦੇਖਦੇ ਨੇ ਕਿ ਪ੍ਰਭੂ ਬੈਠੇ ਨੇ ਸਾਹਮਣੇ, ਮੁਸਕਰਾ ਰਹੇ ਨੇ।

ਕਹਿੰਦੇ, "ਨਾਮਦੇਵ! ਤੂੰ ਮੈਨੂੰ ਕੁੱਤੇ ਵਿਚ ਵੀ ਪਛਾਣ ਲਿਆ?"

ਕਹਿੰਦੇ, "ਪ੍ਰਭੂ! ਤੁਸੀਂ ਇਹ ਦਸੋ ਕਿ ਤੁਸੀਂ ਕਿਥੇ ਨਹੀਂ ਹੋ? ਤੁਸੀਂ ਤਾਂ ਹਰ ਥਾਂ ਤੇ ਹੋ।"

***ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ।***
***ਭੋਜਨ ਆਪਿ ਬਣਾਇਦਾ ਰਸ ਵਿਚਿ ਰਸ ਗੋਈ।***
***ਆਪੇ ਖਾਇ ਸਲਾਹਿਕੈ ਹੋਇ ਤ੍ਰਿਪਤਿ ਸਮੋਈ।***
***ਆਪੇ ਰਸੀਆ, ਆਪਿ ਰਸ, ਰਸੁ ਰਸਨਾ ਭੋਈ।***
***ਦਾਤਾ ਭੁਗਤਾ ਆਪਿ ਹੈ, ਸਰਬੰਗ ਸਮੋਈ।***
***ਆਪੇ ਆਪਿ ਵਰਤਦਾ ਗੁਰਮੁਖਿ ਸੁਖੁ ਹੋਈ। ਭਾਈ ਗੁਰਦਾਸ ਜੀ, ਵਾਰ 2/3***

ਸੋ ਕਹਿਣ ਲੱਗੇ, "ਹੇ ਪ੍ਰਭੂ! ਉਹ ਕੋਈ ਥਾਂ ਹੈ ਜਿਥੇ ਆਪ ਨਹੀਂ ਹੋ?" ਤੇ ਉਸ ਵੇਲੇ ਆਪ ਦੇ ਅਨੁਭਵ ਵਿਚੋਂ ਇਹ ਸ਼ਬਦ ਉਚਾਰਨ ਹੋਇਆ –

***ਧਾਰਨਾ – ਰਾਮ ਬੋਲੇ, ਰਾਮ ਬੋਲੇ, ਰਾਮ ਬੋਲਦੈ,***
***ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ–2, 2.***

***ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ਰਾਮ ਬਿਨਾ ਕੋ ਬੋਲੈ ਰੇ॥***
***ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥ ਪੰਨਾ – 988***

ਜਿੰਨਾ ਕੁਝ ਵੀ ਹੈ ਮਿੱਟੀ ਦਾ ਬਣਿਆ ਹੋਇਆ – ਭਾਵੇਂ ਹਾਥੀ ਹੈ, ਚਾਹੇ ਚੀਂਟੀ (ਕੀੜੀ) ਹੈ, ਸਾਰਿਆਂ ਦੇ ਵਿਚ ਇਕੋ ਹੀ ਪ੍ਰਮੇਸ਼ਰ ਸਮਾਇਆ ਹੋਇਆ ਹੈ। ਸਾਧ–ਸੰਗਤ ਜੀ! ਇਹ ਗੱਲ ਕਹਿਣੀ ਬਹੁਤ ਸੁਖਾਲੀ ਹੈ। ਕਈ ਬੰਦੇ ਦੇਖਾ–ਦੇਖੀ ਸੁਣ ਕੇ ਗੱਲ ਕਹਿਣ ਲੱਗ ਜਾਂਦੇ ਨੇ ਲੇਕਿਨ ਇਹ ਔਖੀ ਬਹੁਤ ਹੈ।

ਜਿੰਨੀ ਸੁਖਾਲੀ ਮੂੰਹ ਵਿਚੋਂ ਕਹਿਣੀ ਹੈ, ਓਨੀ ਹੀ ਕਮਾਉਣੀ ਔਖੀ ਹੈ। ਇਕ ਮਿਸਾਲ ਦੇ ਨਾਲ ਗੱਲ ਸਮਝ ਆ ਜਾਏਗੀ।

ਇਕ ਸੰਤ ਸਾਡੇ ਕੋਲ ਰਹਿੰਦੇ ਸੀ। ਕੈਮਰੀ ਸਥਾਨ ਹੈ ਉਥੇ - ਯੂ.ਪੀ. ਦੇ ਵਿਚ, ਜਿਥੇ ਸਾਡਾ ਫਾਰਮ ਸੀ, ਉਥੋਂ ਕੋਈ 4-5 ਮੀਲ ਤੇ ਸੀ, ਉਨ੍ਹਾਂ ਦੇ ਪਾਸ ਡਾਕੂ ਆ ਗਏ। ਡਾਕੂਆਂ ਨੇ ਉਨ੍ਹਾਂ ਨੂੰ ਬਹੁਤ ਮਾਰਿਆ। ਕਦੇ-ਕਦੇ ਉਨ੍ਹਾਂ ਦਾ ਸੇਵਾਦਾਰ ਧਾਨ ਲੈਣ, ਕਣਕ ਲੈਣ ਆਇਆ ਕਰਦਾ ਸੀ। ਮੈਨੂੰ ਉਨ੍ਹਾਂ ਨੇ ਕਹਿਣਾ ਕਿ ਤੁਸੀਂ ਕਦੇ ਆਇਓ। ਕੋਲ ਹੀ ਰਹਿੰਦੇ ਸੀ ਪਰ ਕਦੇ ਦਰਸ਼ਨ ਨਹੀਂ ਸੀ ਕਰੇ। ਤੇ ਪਤਾ ਲੱਗਿਆ ਕਿ ਡਾਕੂ ਆ ਗਏ ਉਨ੍ਹਾਂ ਕੋਲ, ਡਾਕੂਆਂ ਨੇ ਬਹੁਤ ਮਾਰਿਆ - ਮਹਾਂਪੁਰਸ਼ਾਂ ਨੂੰ। ਖਬਰ ਲੈਣ ਮੈਂ ਚਲਿਆ ਗਿਆ।

ਮੈਂ ਕਿਹਾ, "ਮਹਾਂਪੁਰਸ਼ੋ! ਕਿਵੇਂ ਹੋਈ?"

ਕਹਿੰਦੇ, "ਭਗਵਾਨ ਆ ਗਏ ਥੇ।"

ਮੈਂ ਕਿਹਾ, "ਰੂਪ ਕਿਹੋ-ਜਿਹਾ ਸੀ?"

ਕਹਿੰਦੇ, "ਆਪ ਜਿਸ ਕੋ ਡਾਕੂ ਬੋਲਤੇ ਥੇ ਵੋ ਰੂਪ ਥਾ। ਵੋ ਕੁਛ ਕ੍ਰੂਰ ਰੂਪ ਮੇਂ ਥੇ। ਉਨਹੋਂਨੇ ਹਮ ਸੇ ਆ ਕਰ ਪੂਛਾ, ਸੰਤ ਜੀ! ਦੇ ਦੋ ਜੋ ਕੁਛ ਹੈ। ਹਮ ਨੇ ਕਹਾ ਭਗਵਾਨ! ਯੇ ਸ਼ਰੀਰ ਭੀ ਆਪ ਕਾ ਹੈ, ਸਵਾਸ ਭੀ ਆਪ ਕੇ ਹੈਂ। ਜੋ ਕੁਛ ਹੈ ਸਭ ਆਪ ਹੀ ਕਾ ਹੈ। ਆਪ ਦੇਖ ਲੋ, ਆਪ ਕੀ ਜੋ ਇਛਾ ਹੈ ਵੋ ਲੇ ਲੋ। ਹਮ ਨੇ ਤੋ ਕੋਈ ਤਾਲਾ ਨਹੀਂ ਲਗਾਇਆ ਔਰ ਨਾ ਲਗਾਤੇ ਹੈਂ। ਲੇਕਿਨ ਜੋ ਹਮਾਰੇ ਸੇਵਾਦਾਰ ਹੈਂ, ਇਨ ਕੋ ਡਾਕੂ ਨਜ਼ਰ ਆਏ ਔਰ ਯੇਹ ਭਾਗ ਗਏ। ਮੁਝੇ ਤੋ ਭਗਵਾਨ ਹੀ ਨਜ਼ਰ ਆਤੇ ਥੇ। ਹਮ ਨੇ ਕਹਾ ਕਿ ਆਜ ਭਗਵਾਨ ਦੂਸਰਾ ਰੂਪ ਧਾਰਨ ਕਰਕੇ ਆਏਂ ਹੈਂ, ਤੋ ਵੋ ਮੁਝੇ ਫਿਰ ਮਾਰਨੇ ਲਗ ਗਏ, ਕਾਫੀ ਮਾਰਤੇ ਰਹੇ। ਭਗਵਾਨ ਕੇ ਹਾਥ ਹਮ ਕੋ ਲਗੇ।"

ਮੈਂ ਕਿਹਾ, "ਤੇ ਫੇਰ ਕੀ ਹੋਇਆ?"

ਕਹਿੰਦੇ, "ਕੁਛ ਨਹੀਂ ਹੂਆ, ਫਿਰ ਜੋ ਚੀਜ਼ ਪੜੀ ਥੀ, ਵੋ ਬਾਅਦ ਮੇਂ ਲੇ ਗਏ।"

ਮੈਂ ਕਿਹਾ, "ਤੁਸੀਂ ਫੇਰ ਪੁਲਿਸ ਵਗੈਰਾ ਨੂੰ ਨਹੀਂ ਦੱਸਿਆ?"

ਕਹਿੰਦੇ, "ਭਗਵਾਨ! ਪੁਲਿਸ ਕਾ ਕਿਆ ਬਾਤ? ਸਭ ਬਾਤ ਭਗਵਾਨ ਕੀ ਹੋ ਰਹੀ ਹੈ, ਭਗਵਾਨ ਹੀ ਆਏ ਥੇ ਦਰਸ਼ਨ ਦੇਨੇ; ਕਭੀ ਦੂਸਰੀ ਤਰਹ ਦੇਤੇ ਹੈਂ, ਕਭੀ ਐਸੇ।"

ਇੰਨੇ ਨੂੰ ਮੈਂ ਅੰਦਰ ਜਾਣ ਲੱਗਿਆ ਕਿ ਦੇਖਾਂ ਉਹ ਕਿਧਰੋਂ ਦੀ ਵੜੇ ਸੀ।

ਮੈਨੂੰ ਉਹ ਕਹਿੰਦੇ, "ਅੰਦਰ ਭਗਵਾਨ ਲੇਟ ਰਹੇ ਹੈਂ, ਥੋੜਾ ਸੰਭਲ ਕੇ ਜਾਨਾ।"

ਮੈਂ ਕਿਹਾ, "ਕਿਹੜੇ ਭਗਵਾਨ ਨੇ?"

ਕਹਿੰਦੇ, "ਸਾਂਪ ਭਗਵਾਨ ਹੈਂ।"

ਜਦੋਂ ਮੈਂ ਦੇਖਿਆ ਤਾਂ ਸੱਪ ਪਿਆ ਅੰਦਰਲੇ ਪਾਸੇ। ਉਹੀ ਕੁਟੀਆ ਹੈ, ਉਸਦੇ ਵਿਚ ਹੀ ਸੱਪ ਰਹਿੰਦਾ ਹੈ।

ਮੈਂ ਕਿਹਾ, "ਜਦੋਂ ਤੁਸੀਂ ਅੰਦਰ ਸੌਂਦੇ ਹੋ, ਤਾਂ ਇਹ ਨਿਕਲ ਜਾਂਦਾ ਹੈ?"

ਕਹਿੰਦੇ, "ਮੈਂ ਤੋ ਯਹੀਂ ਸੋਤਾ ਹੂੰ ਬਾਹਰ ਹੀ - ਵਰਾਂਡੇ ਮੇਂ। ਭਗਵਾਨ ਅਪਨੀ ਮੌਜ ਸੇ ਆ ਜਾਤੇ ਹੈਂ, ਕਈ ਦਫਾ ਮੇਰੇ ਊਪਰ ਹੀ ਸੋ ਜਾਤੇ ਹੈਂ, ਕਭੀ ਮੇਰੇ ਸਾਥ ਲਗ ਕਰ ਸੋ ਜਾਤੇ ਹੈਂ।"

ਮੈਂ ਕਿਹਾ, "ਜਦੋਂ ਤੁਸੀਂ ਸਵੇਰੇ ਉਠਦੇ ਹੋ?"

ਕਹਿੰਦੇ, "ਫੇਰ ਹਮ ਭਗਵਨ ਕੀ ਬੇਨਤੀ ਕਰਤੇ ਹੈਂ ਕਿ ਭਗਵਾਨ! ਅਬ ਉਠਨੇ ਕਾ ਸਮਾਂ ਹੋ ਗਿਆ ਹੈ,

ਅਬ ਹਮੇਂ ਆਗਿਆ ਦੋ; ਫਿਰ ਵੋ ਚਲੇ ਜਾਤੇ ਹੈ।"

ਇਹ ਬਿਰਤੀ ਕੋਈ ਆਸਾਨ ਨਹੀਂ ਸਾਧ-ਸੰਗਤ ਜੀ! ਬਹੁਤ ਔਖੀ ਹੈ। ਇਹ ਪੂਰੀਆਂ ਰੂਹਾਂ ਜਿਹੜੀਆਂ ਪਹੁੰਚੀਆਂ ਹੋਈਆਂ ਹਨ, ਉਹਨਾਂ ਨੂੰ ਤਾਂ ਇਹ ਪੁੱਗ ਜਾਂਦੀ ਹੈ; ਦੂਸਰਾ ਜੇ ਗੱਲਾਂ ਨਾਲ ਬਣ ਜਾਵੇ ਤਾਂ ਉਹ ਗੱਲ ਨਹੀਂ ਬਣਦੀ। ਇਸੇ ਕਰਕੇ ਮਹਾਰਾਜ ਜੀ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

***ਧਾਰਨਾ - ਗਲੀਂ ਅਸੀਂ ਚੰਗੀਆਂ -2, 2.***
***ਆਚਾਰੀਂ ਬੁਰੀਆਂ -2, 2.***
***ਮਨਹੁ ਕਸੁਧਾਂ ਕਾਲੀਆਂ -2, 2***
***ਬਾਹਰ ਚਿਟਵੀਆਂ -2, 2.***
***ਰੀਸਾਂ ਕਰੇ ਤਿਨਾੜੀਆਂ -2, 2.***
***ਜੋ ਸੇਵਹਿ ਦਰਿ ਖੜੀਆਂ -2, 2.***
***ਗਲੀਂ ਅਸੀਂ ਚੰਗੀਆਂ -2, 2.***

ਇਹ ਅਨੁਭਵ ਮਹਾਂਪੁਰਸ਼ਾਂ ਦਾ ਸੁਣ ਕੇ ਜੇ ਅਸੀਂ ਇਸ ਤਰ੍ਹਾਂ ਯਤਨ ਕਰਨ ਲਗੀਏ, ਸਾਡਾ ਨਹੀਂ ਪੁੱਗਦਾ ਕਿਉਂਕਿ ਸਾਡੇ ਅੰਦਰ ਨਿਹਚਾ ਨਹੀਂ ਹੈ। ਜਦੋਂ ਤੱਕ ਪ੍ਰਤੱਖ ਰੂਪ ਦੇ ਅੰਦਰ ਪ੍ਰਗਟ ਨਹੀਂ ਹੁੰਦਾ, ਓਨੀਂ ਦੇਰ ਤੱਕ ਇਸ ਦੇ ਉਤੇ ਚਲਣਾ ਬਹੁਤ ਔਖਾ ਹੈ -

***ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥ ਪੰਨਾ - 918***

ਸੋ ਜੋ ਅਨੁਭਵ ਮਹਾਂਪੁਰਸ਼ਾਂ ਦਾ ਹੈ, ਆਪ ਸਾਰੇ ਸ੍ਰਵਣ ਕਰ ਰਹੇ ਹੋ ਕਿ ਕਿਸ ਤਰ੍ਹਾਂ ਦੇ ਨਾਲ ਇਕ ਪਉੜੀ ਆਪ ਨੇ ਸ੍ਰਵਣ ਕੀਤੀ ਕਿ ਸਾਰਿਆਂ ਦੇ ਅੰਦਰ ਪ੍ਰਮੇਸ਼ਰ ਹੈ, ਇਸ ਨੂੰ ਹੋਰ ਸਪਸ਼ਟ ਕਰਦੇ ਹੋਏ ਭਾਈ ਸਾਹਿਬ ਇਸ ਤਰ੍ਹਾਂ ਲਿਖਦੇ ਹਨ -

***ਧਾਰਨਾ - ਰੂਪਾਂ ਰੰਗਾਂ ਦਾ ਭੁਲੇਖਾ ਪੈ ਗਿਆ,***
***ਸਭਨਾ ਅੰਦਰ ਇਕੋ ਜੋਤ ਹੈ -2, 2.***
***ਮੇਰੇ ਪਿਆਰੇ ਸਭਨਾਂ ਅੰਦਰ ਇਕੋ ਜੋਤ ਹੈ-2, 2.***
***ਰੂਪਾਂ ਰੰਗਾਂ ਦਾ ਭੁਲੇਖਾ ਪੈ ਗਿਆ.... 2.***

***ਪਾਣੀ ਕਾਲੇ ਰੰਗ ਵਿਚ ਜਿਉ ਕਾਲਾ ਦਿਸੈ॥***
***ਰਤਾ ਰਤੇ ਰੰਗ ਵਿਚਿ ਮਿਲਿ ਮੇਲਿ ਸਲਿਸੈ॥***
***ਪੀਲੈ ਪੀਲਾ ਹੋਇ ਮਿਲੈ ਹਿਤੁ ਜੇਹੀ ਵਿਸੈ॥***
***ਸਾਵਾ ਸਾਵੇ ਰੰਗ ਮਿਲਿ ਸਭਿ ਰੰਗ ਸਰਿਸੈ॥***
***ਤਤਾ ਠੰਢਾ ਹੋਇਕੈ ਹਿਤ ਜਿਸੈ ਤਿਸੈ॥***
***ਆਪੈ ਆਪਿ ਵਰਤਦਾ ਗੁਰਮੁਖਿ ਸੁਖ ਜਿਸੈ॥ ਭਾਈ ਗੁਰਦਾਸ ਜੀ, ਵਾਰ 2/7***

ਪਾਣੀ ਇਕੋ ਹੀ ਹੈ, ਜਿਹੋ ਜਿਹੀ ਸੰਗਤ ਵੈਸੀ ਹੀ ਰੰਗਤ। ਇਕੋ ਹੀ ਜੋਤ ਹੈ - ਚੋਰ ਦੇ ਵਿਚ ਚੋਰੀ ਦਾ ਕੰਮ ਕਰਦੀ ਹੈ, ਡਾਕੂ ਵਿਚ ਡਾਕੂ ਦਾ ਕੰਮ ਕਰਦੀ ਹੈ; ਬਦਮਾਸ਼ ਵਿਚ ਬਦਮਾਸ਼ ਦਾ ਕੰਮ ਕਰਦੀ ਹੈ; ਦੋਸ਼ ਸੰਗਤ ਦਾ ਹੈ। ਜੋਤ ਓਹੀ ਹੈ ਸਾਰਿਆਂ ਦੇ ਅੰਦਰ, ਉਸਦਾ ਕੋਈ ਭੁਲੇਖਾ ਨਹੀਂ ਪਰ ਇਸ ਦੇ ਵਿਚ ਇਕ 'ਮੈਂ' ਬਣੀ ਹੋਈ ਹੈ ਵਾਧੂ ਦੀ -

***........ਅਣਹੋਂਦਾ ਆਪੁ ਗਣਾਇਦੇ॥ ਪੰਨਾ - 589***

ਜੇ ਤਾਂ 'ਮੈਂ' ਛਡ ਦੇਵੇ, ਫੇਰ ਤਾਂ ਇਹ ਲੰਘ ਗਿਆ, ਜੇ ਮੈਂ ਨਹੀਂ ਛਡਦਾ, ਫਿਰ ਇਸ ਦੇ ਉਤੇ ਅਸਰ ਪੈਂਦਾ ਹੈ। ਪਾਣੀ ਤਾਂ ਕਾਲਾ ਨਹੀਂ ਹੈ, ਪਾਣੀ ਦਾ ਤਾਂ ਕੋਈ ਰੰਗ ਨਹੀਂ ਹੈ; ਜੇ ਕਾਲੇ ਰੰਗ ਵਿਚ ਪਾ ਦਿਤਾ ਤਾਂ ਕਾਲਾ ਦਿਸਣ ਲੱਗ ਪੈਂਦਾ ਹੈ, ਲਾਲ ਰੰਗ ਪਾ ਦਿਉ ਤਾਂ ਲਾਲ ਹੋ ਜਾਂਦਾ ਹੈ, ਜੇ ਪੀਲੇ ਵਿਚ ਪਾਇਆ ਤਾਂ ਉਸ ਦੇ ਨਾਲ ਹੀ ਪੀਲਾ ਹੋ ਕੇ ਮਿਲ ਜਾਂਦਾ ਹੈ। ਕਿਸੇ ਨੂੰ ਗਰਮ ਚੰਗਾ ਲਗਦਾ ਹੈ, ਕਿਸੇ ਨੂੰ ਠੰਢਾ ਚੰਗਾ ਲਗਦਾ ਹੈ।

ਸੋ ਵਾਹਿਗੁਰੂ ਤਾਂ ਸਾਰਿਆਂ ਦੇ ਅੰਦਰ ਹੈ। ਪਰ ਇਹ ਭੁਲੇਖਾ ਬਣਿਆ ਹੋਇਆ ਹੈ, ਬਾਰ-ਬਾਰ ਭੁਲੇਖਾ ਪੈਂਦਾ ਹੈ। ਜਦੋਂ ਕੋਈ ਬਾਤ ਹੁੰਦੀ ਹੈ ਕਿ ਇਹ ਮਾੜੇ ਬੰਦੇ ਕਿਉਂ ਨੇ, ਵਾਹਿਗੁਰੂ ਤਾਂ ਸਾਰਿਆਂ ਨੂੰ ਸੱਤ੍ਹਾ ਦਿੰਦਾ ਹੈ। ਸਰੀਰ ਜਿਸ ਤਰ੍ਹਾਂ ਦੇ ਬਣੇ ਹੋਏ ਨੇ, ਜਿਹੋ-ਜਿਹੇ ਭਾਂਡੇ ਨੇ, ਓਹੋ ਜਿਹੀ ਹੀ ਇਸ ਦੇ ਵਿਚ ਚੇਤਨ ਕਲਾ ਆ ਕੇ ਇਸ ਨੂੰ ਹਰਕਤ ਦਿੰਦੀ ਹੈ। ਹਰਕਤ ਹੋ ਕੇ ਜਿਹੜੀ 'ਮੈਂ' ਬਣੀ ਹੋਈ ਹੈ, ਕਿਰਤ ਬਣੀ ਹੋਈ ਹੈ, ਸੁਭਾਅ ਬਣਿਆ ਹੋਇਆ ਹੈ, ਉਸ ਦੇ ਮੁਤਾਬਕ ਇਹ ਹਰਕਤ ਕਰਦਾ ਹੈ। ਇਕ ਹੋਰ ਮਿਸਾਲ ਦਿੰਦੇ ਨੇ ਕਿ –

***ਹੋਵੈ ਸੂਤ ਕਪਾਹ ਦਾ ਕਰਿ ਤਾਣਾ ਬਾਣਾ।*** ***ਭਾਈ ਗੁਰਦਾਸ ਜੀ, ਵਾਰ 2/10***

ਸੂਤ ਤਾਂ ਬਾਅਦ ਵਿਚ ਬਣਿਆ; ਪਹਿਲਾਂ ਕਪਾਹ ਵਿਚੋਂ ਚੁਗਿਆ ਹੈ, ਕਪਾਹ ਵਿਚੋਂ ਫੁਟੀਆਂ ਚੁਗੀਆਂ ਨੇ, ਚੁਗ ਕੇ ਉਨ੍ਹਾਂ ਨੂੰ ਵੇਲਿਆ ਹੈ, ਵੇਲ ਕੇ ਉਨ੍ਹਾਂ ਨੂੰ ਪਿੰਜਾਇਆ ਹੈ, ਪਿੰਜਾ ਕੇ ਫੇਰ ਪੂਣੀਆਂ ਬਣੀਆਂ ਨੇ, ਪੂਣੀਆਂ ਬਣਾ ਕੇ ਕੱਤਿਆ ਹੈ, ਕਤ ਕੇ ਫੇਰ ਉਸ ਨੂੰ ਪੱਕਾ ਕਰਿਆ ਹੈ। ਉਸ ਦੇ ਨਾਲ ਫੇਰ ਤਾਣਾ ਬਣਾ ਲਿਆ।

***ਸੂਤਹੁ ਕਪੜੁ ਜਾਣੀਐ ਅਖਾਣ ਵਖਾਣਾ।*** ***ਭਾਈ ਗੁਰਦਾਸ ਜੀ, ਵਾਰ 2/10***

ਤੇ ਸੂਤ ਤੋਂ ਫੇਰ ਕਪੜੇ ਬਣਨ ਲੱਗ ਗਏ, ਕੋਈ ਚੌਂਸੀ ਬਣ ਗਈ, ਚੌਤਾਰ ਬਣ ਗਿਆ –

***ਚਉਸੀ ਤੇ ਚਉਤਾਰ ਹੋਇ ਗੰਗਾ ਜਲੁ ਜਾਣਾ।***
***ਖਾਸਾ ਮਲਮਲ ਸਿਰੀਸਾਫੁ ਤਨਸੁਖ ਮਨਿ ਭਾਣਾ।*** ***ਭਾਈ ਗੁਰਦਾਸ ਜੀ, ਵਾਰ 2/10***

ਕੋਈ ਸਿਰੀਸਾਫ ਬਣ ਗਿਆ ਕੱਪੜਾ, ਕੋਈ ਮਲਮਲ ਬਣ ਗਈ, ਕੋਈ ਪੱਗ ਬਣ ਗਈ, ਕੋਈ ਤਨਸੁਖ ਬਣ ਗਿਆ–

***ਪਗ ਦੁਪਟਾ ਚੋਲਣਾ ਪਟਕਾ ਪਰਵਾਣਾ।***
***ਆਪੇ ਆਪਿ ਵਰਤਦਾ ਗੁਰਮੁਖਿ ਰੰਗ ਮਾਣਾ॥*** ***ਭਾਈ ਗੁਰਦਾਸ ਜੀ, ਵਾਰ 2/10***

ਸੋ ਇਸ ਤਰ੍ਹਾਂ ਦੇ ਨਾਲ ਜੋ ਇਕ ਪਉੜੀ ਆਪਾਂ ਪੜ੍ਹੀ ਸੀ – 'ਆਪੀਨੈ ਆਪੁ ਸਾਜਿਓ' ਉਸਦਾ ਵਿਸਥਾਰ ਸਾਧ-ਸੰਗਤ ਜੀ! ਸਮਝ ਵਿਚ ਲਿਆਉਣ ਵਾਸਤੇ ਬੁੱਝਣਾ ਪੈਂਦਾ ਹੈ ਕਿਉਂਕਿ ਪੜ੍ਹਨ ਨਾਲ ਨਹੀਂ ਕੋਈ ਭੇਦ ਖੁਲ੍ਹਦਾ, ਕੋਈ ਬਾਤ ਬਣਿਆ ਨਹੀਂ ਕਰਦੀ–

***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥*** ***ਪੰਨਾ – 148***

ਬੁਝਣ ਦੀ ਬਾਤ ਹੈ। ਜੋ ਬੰਦਗੀ ਕਰਦੇ ਨੇ, ਜਿਨ੍ਹਾਂ ਦੀਆਂ ਸੁਰਤਾਂ ਉਪਰ ਗਈਆਂ ਹੋਈਆਂ ਨੇ, ਇਥੇ ਰੁਕਣਾ ਨਹੀਂ ਹੈ, ਉਸ ਨੂੰ ਅਨੁਭਵ ਕਰਨਾ ਹੈ ਹਰੇਕ ਦੇ ਅੰਦਰ। ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਸਾਰੀ ਚੀਜ਼ ਸਮਝੀ ਤੇ ਹੁਣ ਝੂਠੀ 'ਮੈਂ' ਦਾ ਪਤਾ ਲੱਗ ਗਿਆ – ਬਾਣੀ ਸੁਣਦੇ ਸਾਰ, ਕਿ ਅਸੀਂ ਫੇਰ ਕੀ ਹੋਏ? ਮਹਾਰਾਜ ਕਹਿੰਦੇ ਤੂੰ ਕੁਝ ਵੀ ਨਹੀਂ ਹੈਂ – ਐਵੇਂ ਹੀ ਬਣਿਆ ਹੋਇਆ ਹੈਂ ਖਾਹ-ਮਖਾਹ, 'ਮੈਂ' ਬਣ ਕੇ ਫਸਿਆ ਹੋਇਆ ਹੈਂ। ਮੈਂ ਛੱਡ ਦੇ, ਤੂੰ ਛੁਟ ਜਾਏਂਗਾ। ਇਹ ਪਰੀਪੂਰਨ 'ਆਤਮਾ' 'ਮੈਂ' ਕਰਕੇ ਹੀ ਜੀਵ ਬਣ ਗਈ, ਇਸ ਨੂੰ ਜੀਵ-ਆਤਮਾ ਕਹਿਣ ਲੱਗ ਗਏ। ਜੀਵ-ਆਤਮਾ ਦੀ ਉਪਾਧੀ ਧਾਰਨ ਕਰਕੇ ਫੇਰ ਇਸ ਨੂੰ ਸੰਗ-ਦੋਸ਼ ਲੱਗਣ ਲੱਗ ਗਿਆ। ਬੁੱਧੀ ਦੇ ਉਤੇ ਪ੍ਰਕਾਸ਼ ਪੈਂਦਾ ਹੈ ਆਤਮਾ ਦਾ। ਬੁੱਧੀ ਕਹਿੰਦੀ

ਹੈ ਕਿ ਮੈਂ ਗੋਰਾ ਹਾਂ, ਮੈਂ ਕਾਲਾ ਹਾਂ, ਮੈਂ ਗਰੀਬ ਹਾਂ, ਮੈਂ ਅਮੀਰ ਹਾਂ, ਮੈਂ ਪੁੰਨੀ ਹਾਂ, ਮੈਂ ਪਾਪੀ ਹਾਂ, ਮੈਂ ਸਿਖ ਹਾਂ, ਮੈਂ ਹਿੰਦੂ ਹਾਂ, ਮੈਂ ਮੁਸਲਮਾਨ ਹਾਂ, ਮੈਂ ਈਸਾਈ ਹਾਂ, ਮੈਂ ਬੋਧੀ ਹਾਂ, ਮੈਂ ਜੈਨੀ ਹਾਂ, ਮੈਂ ਆਸਤਕ ਹਾਂ, ਮੈਂ ਨਾਸਤਕ ਹਾਂ। ਇਹ ਖਾਹਮਖਾਹ ਦਾ ਝਗੜਾ 'ਮੈਂ' ਨੇ ਖੜ੍ਹਾ ਕਰ ਦਿਤਾ। ਉਪਰਲੇ ਪਾਸੇ ਪ੍ਰਮੇਸ਼ਰ ਦੀ ਸਤ੍ਹਾ ਪੈ ਰਹੀ ਹੈ ਜਿਵੇਂ ਸੂਰਜ ਧਰਤੀ ਨੂੰ ਸੱਤ੍ਹਾ ਦੇ ਰਿਹਾ ਹੈ। ਇਹ ਵਿਚਾਲੇ-ਵਿਚਾਲੇ 'ਮੈਂ' ਬਣ ਕੇ ਦੁਖੀ ਹੁੰਦਾ ਤੁਰਿਆ ਫਿਰਦਾ ਹੈ। ਗੁਰੂ ਤੋਂ ਬਗੈਰ ਇਹ ਗੱਲ ਹਟਿਆ ਨਹੀਂ ਕਰਦੀ। ਸੋ ਇਸ ਦੇ ਨਾਲ ਫੇਰ ਸੁਖ-ਦੁਖ ਸਰੀਰ ਦੇ ਕਰਮਾਂ ਕਰਕੇ ਬੰਨ੍ਹੇ ਜਾਂਦੇ ਨੇ - 'ਮੈਂ' ਦੇ ਨਾਲ। 'ਮੈਂ' ਨਾਲ ਬੰਨ੍ਹੇ ਹੋਏ ਫੇਰ ਭੁਆਟਣੀਆਂ ਦਿੰਦੇ ਨੇ। ਆਹ ਗੱਲ ਤਾਂ ਲਹਿਣਾ ਜੀ ਨੇ ਚੰਗੀ ਤਰ੍ਹਾਂ ਸਮਝ ਲਈ ਕਿ ਇਥੇ ਵਾਹਿਗੁਰੂ ਹੀ ਹੈ ਤੇ ਅੱਗੇ ਆ ਕੇ ਹੋਰ ਵਿਸਥਾਰ ਦੇ ਨਾਲ ਸਮਝਿਆ -

***ਸਚੇ ਤੇਰੇ ਖੰਡ ਸਚੇ ਬ੍ਰਹਮੰਡ॥*** ***ਪੰਨਾ - 463***

ਅਖੀਰ ਪਉੜੀ ਦੇ ਉਤੇ ਫੇਰ ਧਿਆਨ ਜੋੜ ਲਿਆ ਕਿ ਇਹ 'ਮੈਂ' ਜੋ ਹੈ ਇਹ ਕਰਮਾਂ ਨਾਲ ਚਿੰਬੜੀ ਹੋਈ ਹੈ। ਤੇ ਫੇਰ ਕਰਮਾਂ ਦੇ ਮੁਤਾਬਿਕ ਭੁਆਟਣੀਆਂ ਖਾਂਦਾ ਫਿਰਦਾ ਹੈ ਤੇ ਇਸ ਪਉੜੀ ਦੇ ਵਿਚ ਜਾ ਕੇ ਗੱਲ ਸਾਰੀ ਸਪਸ਼ਟ ਹੁੰਦੀ ਹੈ।

***ਧਾਰਨਾ - ਪਾਪੀ ਰੋਂਦੇ ਦੋਜਕਾਂ ਨੂੰ ਜਾਣਗੇ,***
***ਦਰਗਹ ਵਿਚੋਂ ਕੱਢੇ ਜਾਣਗੇ -2, 2.***
***ਮੇਰੇ ਪਿਆਰੇ, ਦਰਗਹ ਵਿਚੋਂ ਕੱਢੇ ਜਾਣਗੇ-2, 2***
***ਪਾਪੀ ਰੋਂਦੇ ਦੋਜਕਾਂ ਨੂੰ ਜਾਣਗੇ -.......... 2.***

***ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥***
***ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥***
***ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥***
***ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥***
***ਲਿਖਿ ਨਾਵੈ ਧਰਮੁ ਬਹਾਲਿਆ॥*** ***ਪੰਨਾ - 463***

ਪਸਾਰਾ ਹੋ ਗਿਆ ਸ੍ਰਿਸ਼ਟੀ ਦਾ, 'ਮੈਂ' ਬਣ ਗਈ, 'ਮੈਂ' ਨੇ ਆਪਣੇ-ਆਪ ਦੇ ਨਾਲ ਕਰਮ ਬੰਨ੍ਹ ਲਏ - ਕੁਝ ਨੇਕ ਬੰਨ੍ਹ ਲਏ, ਕੁਝ ਮਾੜੇ ਬੰਨ੍ਹ ਲਏ। ਸੰਸਾਰ ਤੋਂ ਜਾਣਾ ਪਿਆ ਤੇ ਅਖੀਰ ਗਤੀ ਕੀ ਹੁੰਦੀ ਹੈ? ਜਿਹੜੇ ਬੰਦਗੀ ਕਰਦੇ ਨੇ -

***ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥*** ***ਪੰਨਾ - 463***

ਜਿਨ੍ਹਾਂ ਨੇ ਤਾਂ ਆਪਣੇ ਆਪ ਨੂੰ ਮੂਲ ਵਲ ਮੋੜ ਲਿਆ, ਜਿਥੋਂ ਵਿਛੜਿਆ ਸੀ ਉਥੇ ਹੀ ਜੋੜ ਲਿਆ, ਉਹ ਤਾਂ ਪ੍ਰਵਾਨ ਹੋ ਜਾਣਗੇ ਦਰਗਾਹ ਦੇ ਅੰਦਰ, ਦੂਸਰਿਆਂ ਨੂੰ ਧੱਕੇ ਮਾਰ ਕੇ ਕੱਢ ਦਿਤਾ ਜਾਏਗਾ, ਪੈਰ ਰੱਖਣ ਨੂੰ ਥਾਂ ਨਹੀਂ ਮਿਲੇਗਾ।

ਸੋ ਦਰਗਾਹ ਕੀ ਹੁੰਦੀ ਹੈ? ਇਸ ਦੀ ਵਿਆਖਿਆ ਬਹੁਤ ਲੰਮੀ ਹੈ, ਅਗਲੇ ਸਤਿਸੰਗ ਵਿਚ ਫੇਰ ਵਿਚਾਰ ਕਰਾਂਗੇ ਕਿਉਂਕਿ ਲਹਿਣਾ ਜੀ, ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਐਵੇਂ ਨਹੀਂ ਆ ਗਏ ਸੀ। ਕਾਫੀ ਉਮਰ ਆਪ ਦੀ ਬੀਤ ਗਈ ਸੀ - ਸੰਸਾਰ ਦੇ ਅੰਦਰ। ਉਨ੍ਹਾਂ ਦੇ ਮਨ ਤੇ ਕਿਵੇਂ ਅਸਰ ਹੋਇਆ ਤੇ ਸਾਡੇ ਕਿਉਂ ਨਹੀਂ ਹੁੰਦਾ ਕਿਉਂਕਿ ਸੁਣਦੇ ਤਾਂ ਅਸੀਂ ਵੀ ਹਾਂ ਜਿਹੜੇ ਉਨ੍ਹਾਂ ਨੇ ਸੁਣੇ ਸੀ, ਪਰ ਸਾਡੇ ਵਿਚ ਫਰਕ ਕਿਉਂ ਨਹੀਂ ਪੈਂਦਾ। ਅਗਲੇ ਸਤਿਸੰਗ ਵਿਚ ਪਹੁੰਚ ਕੇ ਇਹ ਵਿਚਾਰ ਸਰਵਣ ਕਰੋ।

-ਅਨੰਦ ਸਾਹਿਬ-

-ਗੁਰਸਤੋਤਰ-

-ਅਰਦਾਸ-

# 2

ਸ਼ਾਨ .................................................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਪੰਨਾ - 289*

*ਧਾਰਨਾ - ਮੋਹਿ ਨ ਵਿਸਾਰੋ ਜੀ, ਮੈਂ ਜਨ ਤੇਰਾ -2, 2.*
*ਮੈਂ ਜਨ ਤੇਰਾ, ਮੋਹਿ ਨਾ ਵਿਸਾਰੋ -2, 2.*
*ਮੋਹਿ ਨ ਵਿਸਾਰੋ ਜੀ, ਮੈ ਜਨ ਤੇਰਾ - 2.*

*ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥*
*ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ॥*
*ਰਾਮ ਗੁਸਈਆ ਜੀਅ ਕੇ ਜੀਵਨਾ॥*
*ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥*
*ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥*
*ਚਰਣ ਨ ਛਾਡਉ ਸਰੀਰ ਕਲ ਜਾਈ॥*
*ਕਹੁ ਰਵਿਦਾਸ ਪਰਉ ਤੇਰੀ ਸਾਭਾ॥*
*ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ॥ ਪੰਨਾ - 345*

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ -2, 2.*
*ਤਿਨ ਕੀ ਕਥਾ ਨਿਰਾਰੀ ਰੇ -2, 2.*
*ਹਰਿ ਕੇ ਸੇਵਕ ਜੋ ਹਰਿ ਭਾਏ,......2*

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥ ਪੰਨਾ - 855*

ਕਿੰਨੀ ਨਿਆਰੀ ਕਥਾ ਹੈ ਕਿ ਸੰਸਾਰ ਜੰਮਦਾ ਵੀ ਹੈ ਤੇ ਮਰਦਾ ਵੀ ਹੈ; ਆਉਂਦਾ ਵੀ ਹੈ ਤੇ ਚਲਿਆ ਵੀ ਜਾਂਦਾ ਹੈ, ਸਰੀਰ ਧਾਰਨ ਕਰਦਾ ਹੈ, ਸਰੀਰ ਧਾਰਨ ਕਰਨ ਤੋਂ ਬਾਅਦ ਇਥੋਂ ਸੰਸਾਰ ਤੋਂ ਚਲਿਆ ਜਾਂਦਾ ਹੈ ਤੇ ਫੇਰ ਮੁੜ ਕੇ ਨਾ ਕੋਈ ਉਸ ਦੀ ਉਘ-ਸੁਘ ਨਿਕਲਦੀ ਹੈ, ਨਾ ਕੋਈ ਪਤਾ ਲਗਦਾ ਹੈ ਲੇਕਿਨ ਜੋ ਵਾਹਿਗੁਰੂ ਦੇ ਸੇਵਕ ਹਨ, ਨਾ ਉਹ ਸੰਸਾਰ ਤੇ ਆਉਂਦੇ ਨੇ, ਨਾ ਜਾਂਦੇ ਨੇ, ਬੜੀ ਅਜੀਬ ਬਾਤ ਹੈ। ਉਹ ਪ੍ਰਗਟ ਹੋਇਆ ਕਰਦੇ ਨੇ ਤੇ ਆਪਣਾ ਕੰਮ ਕਰਨ ਤੋਂ ਬਾਅਦ ਜੋਤ ਦੇ ਵਿਚ ਸਮਾਅ ਜਾਇਆ ਕਰਦੇ ਨੇ। ਇਕ ਜੀਵਨ ਤਾਂ ਇਹ ਹੈ।

ਦੂਸਰਾ ਜੀਵਨ ਹੈ ਜੰਮੀ ਜਾਣਾ, ਮਰੀ ਜਾਣਾ, ਜੰਮੀ ਜਾਣਾ, ਮਰੀ ਜਾਣਾ; ਮਨੁੱਖ ਬਣਾ ਦਿੱਤਾ ਪ੍ਰਮੇਸ਼ਰ ਨੇ, ਆਹ ਸਰੀਰ, ਢਾਂਚਾ ਜਿਹਾ ਬਣਿਆ ਹੋਇਆ ਹੈ, ਇਸ ਦੇ ਵਿਚ ਰੂਹ ਪਈ ਹੋਈ ਹੈ ਲੇਕਿਨ

ਹੈ ਇਹ ਮਨੁੱਖ। ਪਸ਼ੂ ਦੀ ਬਿਰਤੀ ਹੈ, ਪਸ਼ੂ ਦੀ ਅਕਲ ਹੈ। ਆਪਣਾ ਕੋਈ ਪਤਾ ਨਹੀਂ ਹੈ। ਇਸ ਦਿਸਦੇ ਸੰਸਾਰ ਤੋਂ ਅੱਗੇ ਕਿਸੇ ਗੱਲ ਦਾ ਥਹੁ ਪਤਾ ਨਹੀਂ ਹੈ; ਨਾ ਇਹ ਪਤਾ ਹੈ ਕਿ ਮੈਂ ਕਿਥੋਂ ਆਇਆ ਹਾਂ, ਕਿੱਥੇ ਨੂੰ ਜਾਣਾ ਹੈ। ਉਨ੍ਹਾਂ ਦਾ ਇਹ ਹੁੰਦਾ ਹੈ ਕਿ ਉਹ ਜੰਮਦੇ ਰਹਿੰਦੇ ਨੇ, ਮਰਦੇ ਰਹਿੰਦੇ ਨੇ, ਚੌਰਾਸੀ ਲੱਖ ਜੂਨਾਂ ਵਿਚ ਘੁੰਮਦੇ ਰਹਿੰਦੇ ਨੇ। ਨਾ ਖਰਬਾਂ ਸਾਲ ਉਨ੍ਹਾਂ ਦਾ ਸਫਰ ਮੁਕਦਾ ਹੈ, ਨਾ ਖਰਬਾਂ ਸਾਲ ਤੇ ਨਾ ਅਸੰਖ ਸਾਲ, ਸਫਰ ਨਹੀਂ ਉਨ੍ਹਾਂ ਦਾ ਖਤਮ ਹੁੰਦਾ। ਸੋ ਦੋਹਾਂ ਦਾ ਇਹ ਫਰਕ ਹੈ।

ਗੁਰੂ ਮਹਾਰਾਜ ਇਹ ਚਾਹੁੰਦੇ ਹਨ ਕਿ ਸਤਿਸੰਗ ਕਰਨ ਵਾਲਿਆਂ ਨੂੰ, ਸੰਸਾਰ ਦੇ ਉਨਾਂ ਸਾਰੇ ਬੰਦਿਆਂ ਨੂੰ ਜੋ ਪ੍ਰਮੇਸ਼ਰ ਦੇ ਉਤੇ ਯਕੀਨ ਰੱਖਦੇ ਨੇ, ਉਨ੍ਹਾਂ ਨੂੰ ਇਕ ਐਸੇ ਥਾਂ ਲੈ ਜਾਈਏ ਜਿਥੇ ਜੰਮਣ-ਮਰਨ ਦਾ ਦੁਖ ਖਤਮ ਹੋ ਜਾਵੇ। ਮੁੜ ਕੇ ਨਾ ਇਹ ਮਰਨ ਤੇ ਨਾ ਜੰਮਣ, ਅਜ਼ਾਦ ਹੋ ਜਾਣ, ਕਾਲ ਦੇ ਚੱਕਰ 'ਚੋਂ ਨਿਕਲ ਜਾਣ ਪਰ ਹੈਰਾਨੀ ਦੀ ਗੱਲ ਹੈ ਕਿ ਮਹਾਂਪੁਰਸ਼ ਹਾਕਾਂ ਮਾਰ-ਮਾਰ ਕੇ ਦਸਦੇ ਨੇ, ਚਾਰੇ ਵੇਦ, ਛੇ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਧਾਰਮਿਕ ਗ੍ਰੰਥ - ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ ਹੋਰ ਵੀ ਅਨੇਕਾਂ ਗ੍ਰੰਥ, ਗੁਰੂ ਗ੍ਰੰਥ ਸਾਹਿਬ ਮਹਾਰਾਜ ਸਮਝਾਉਂਦੇ ਹੀ ਚਲੇ ਜਾਂਦੇ ਨੇ ਪਰ ਇਹ ਜੀਵ ਸਮਝਦਾ ਹੀ ਨਹੀਂ, ਉਥੇ ਦਾ ਉਥੇ ਹੀ ਰਹਿੰਦਾ ਹੈ। ਪਤਾ ਨਹੀਂ ਇਸ ਨੂੰ ਗੱਲ ਸਮਝ ਵਿਚ ਕਿਉਂ ਨਹੀਂ ਆਉਂਦੀ? ਕਿਉਂਕਿ ਮਹਾਂਪੁਰਸ਼ ਅੱਖਰ ਵੀ ਇਹੋ ਜਿਹੇ ਬੋਲਦੇ ਨੇ ਜਿਹੜੇ ਸਮਝ 'ਚ ਆ ਜਾਣ, ਕੋਈ ਅੰਗ੍ਰੇਜ਼ੀ ਨਹੀਂ ਬੋਲਦੇ, ਸੰਸਕ੍ਰਿਤ ਨਹੀਂ ਬੋਲਦੇ, ਕੋਈ ਫਾਰਸੀ, ਅਰਬੀ ਨਹੀਂ ਬੋਲਦੇ, ਸਾਫ ਬੋਲੀ ਪੰਜਾਬੀ ਦੇ ਵਿਚ ਗੱਲਾਂ ਕਰਦੇ ਨੇ, ਧਾਰਨਾ ਪੰਜਾਬੀ ਦੀਆਂ ਨੇ ਕਿ ਇਸ ਦੇ ਅੰਦਰ ਬਹਿ ਜਾਣ ਤਾਂ ਜੋ ਗੱਲ ਸਮਝ ਕੇ ਇਹ ਉਸ ਰਸਤੇ ਤੇ ਚੱਲ ਪਵੇ ਤੇ ਹੌਲੀ ਹੌਲੀ ਆਪਣਾ ਪੰਧ ਤਹਿ ਕਰਨ ਲੱਗ ਪਵੇ। ਲੇਕਿਨ ਹੁੰਦਾ ਕੀ ਹੈ? ਉਥੇ ਦਾ ਉਥੇ ਹੀ ਰਹਿੰਦਾ ਹੈ। ਇਹ ਬੜੀ ਭਾਰੀ ਸਮੱਸਿਆ ਹੈ ਕਿ ਇਹ ਕਿਉਂ ਨਹੀਂ ਇਹ ਗੱਲ ਸਮਝਦਾ।

ਜੇ ਮੈਂ ਇਹ ਕਹਿ ਦੇਵਾਂ ਕਿ ਇਥੋਂ ਕੁਝ ਫਾਸਲੇ ਤੇ ਰੇਤਾ ਚੁਕਦਿਆਂ ਨੂੰ ਇਕ ਬਹੁਤ ਵੱਡਾ ਖਜ਼ਾਨਾ ਲੱਭ ਗਿਆ ਤੇ ਸੈਂਕੜੇ ਹੀ ਬੰਦੇ ਢੋਅ-ਢੁਆਈ ਕਰ ਰਹੇ ਨੇ, ਤੜਕੇ 2 ਵਜੇ ਤੋਂ ਲੱਗੇ ਹੋਏ ਨੇ, ਇਕ ਵੀ ਬੰਦਾ ਨਹੀਂ ਦੀਵਾਨ ਵਿਚ ਰਹਿੰਦਾ, ਸਾਰੇ ਹੀ ਚਲੇ ਜਾਣਗੇ ਕਿ ਚਲੋ ਜੇ ਇਕ ਪੱਲਾ ਵੀ ਭਰ ਗਿਆ ਉਹ ਵੀ ਬਹੁਤ ਹੈ, ਜੇ ਟੋਕਰੀ ਭਰ ਲਈ ਰੁਪਈਆਂ ਦੀ, ਉਹ ਵੀ ਬਹੁਤ ਹੈ ਪਰ ਜੇ ਕਹੇ ਸਤਿਸੰਗ ਹੁੰਦਾ ਹੈ ਤੇ ਸਤਿਸੰਗ ਦਾ ਫਲ ਕਿੰਨਾ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*** ***ਪੰਨਾ - 546***

ਕਈ ਕਰੋੜ ਜੱਗਾਂ ਦਾ ਫਲ ਹੈ -

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥***
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥*** ***ਪੰਨਾ - 1377***

ਐਨਾ ਲਾਭ ਹੈ ਕਿ ਜਮਦੂਤ ਛੱਡ ਜਾਂਦੇ ਨੇ। ਮਾਰ-ਕੁਟਾਈ ਜਿਹੜੀ ਮਰਨ ਵੇਲੇ ਹੋਣੀ ਹੈ ਤੇ ਮਰਨ ਤੋਂ ਬਾਅਦ ਹੋਣੀ ਹੈ, ਨਰਕਾਂ 'ਚ ਜਾ ਕੇ ਜਿਹੜੇ ਦੁਖ ਭੋਗਣੇ ਨੇ, ਉਹ ਸਾਰਾ ਕੁਝ ਦਿਖਾ ਦਿਓ ਤਾਂ ਵੀ ਆਦਮੀ ਦੇ ਉਤੇ ਕੋਈ ਅਸਰ ਨਹੀਂ ਹੁੰਦਾ ਹਾਲਾਂਕਿ ਉਸ ਦੇ ਹਿਤ ਦੀ ਗੱਲ ਹੈ ਕਿਉਂਕਿ ਪੈਸਾ ਤਾਂ ਇਥੇ ਹੀ ਛੱਡ ਜਾਣਾ ਹੈ, ਇਸ ਚੀਜ਼ ਨੇ ਨਾਲ ਜਾਣਾ ਹੈ -

***ਜਿਹ ਮਾਤ ਪਿਤਾ ਸੁਤ ਮੀਤ ਨ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*** ***ਪੰਨਾ - 264***

ਫੇਰ ਕਾਰਨ ਕੀ ਹੈ, ਆਦਮੀ ਕਿਉਂ ਨਹੀਂ ਸਮਝਦਾ? ਕਈ ਕਹਿ ਦੇਣਗੇ ਕਿ ਅਸੀਂ ਪੜ੍ਹੇ ਹੋਏ ਨਹੀਂ ਹਾਂ। ਨਾ, ਇਹ ਪੜ੍ਹਿਆਂ ਹੋਇਆਂ ਦੀ ਬਾਤ ਨਹੀਂ ਹੈ। ਜਿਹੜੇ ਅਨਪੜ੍ਹ ਨੇ ਉਹ ਤਾਂ ਬਹੁਤ ਅੱਗੇ ਲੰਘੇ ਹੋਏ ਨੇ। ਕਬੀਰ ਸਾਹਿਬ ਕਿਹੜੇ ਮਦਰਸੇ ਵਿਚ ਪੜ੍ਹਨ ਗਏ ਸੀ? ਨਾਮਦੇਵ ਜੀ ਕਿਹੜੇ ਸਕੂਲ ਵਿਚ ਪੜ੍ਹੇ ਤੇ ਹੋਰ ਮਹਾਂਪੁਰਸ਼ ਕਿਹੜੇ ਵਿਦਿਆਲਿਆਂ 'ਚ ਜਾ ਕੇ ਪੜ੍ਹੇ? ਲੇਕਿਨ ਜਿਹੜੇ ਪੜ੍ਹੇ ਹੋਏ ਬੰਦੇ ਨੇ, Ph.D. ਵੀ ਕੀਤੀ ਹੋਈ ਹੈ ਉਹ ਬਾਣੀ ਦਾ ਇਕ ਅੱਖਰ ਵੀ ਠੀਕ ਤਰ੍ਹਾਂ ਸਮਝ ਨਹੀਂ ਸਕਦੇ ਕਿ ਇਹ

ਗੱਲ ਕੀ ਕਹਿ ਦਿਤੀ ਮਹਾਂਪੁਰਸ਼ਾਂ ਨੇ। ਉਨ੍ਹਾਂ ਦੀ ਸਮਝ ਤੋਂ ਬਾਹਰਲੀ ਬਾਤ ਕਹਿ ਦਿੰਦੇ ਨੇ। ਮਹਾਰਾਜ ਕਹਿੰਦੇ, ਪੜ੍ਹੇ ਹੋਏ ਦਾ ਸਵਾਲ ਨਹੀਂ ਹੈ –

***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥*** ***ਪੰਨਾ – 148***

ਗੱਲ ਬੁੱਝਣ ਵਾਲੀ ਹੈ। ਮੈਂ ਸਿਧੀ ਗੱਲ ਬੋਲਦਾ ਹਾਂ ਇਸ ਗੱਲ ਨੂੰ ਬੁਝ ਲਓ, ਕੋਈ ਔਖੀ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਪੜ੍ਹੇ ਹੋਏ ਤਾਂ ਕੁੜ੍ਹੇ ਹੋਏ ਹੁੰਦੇ ਨੇ। ਉਨ੍ਹਾਂ ਦਾ ਤਾਂ ਦਿਮਾਗ ਐਨਾ ਤਿੱਖਾ ਹੋ ਜਾਂਦਾ ਹੈ ਕਿ ਕੋਈ ਉਪਦੇਸ਼ ਉਨ੍ਹਾਂ ਦੇ ਉਤੇ ਅਸਰ ਨਹੀਂ ਕਰਦਾ ਜਿਵੇਂ ਖੰਡਾ ਹੁੰਦਾ ਹੈ, ਕੋਈ ਆਦਮੀ ਇਹ ਕੋਸ਼ਿਸ਼ ਕਰੇ ਕਿ ਇਸ ਦੇ ਉਤੇ ਮੈਂ ਕੋਈ ਚੀਜ਼ ਟਿਕਾ ਕੇ ਰੱਖ ਦੇਵਾਂ, ਬਿਲਕੁਲ ਨਹੀਂ ਰੱਖ ਸਕਦਾ ਕਿਉਂਕਿ ਬਹੁਤਾ ਤਿੱਖਾ ਹੋ ਚੁਕਿਆ ਹੈ। ਖੁੰਢਾ ਹੋਵੇ, ਚੌਰਸ ਹੋਵੇ, ਉਸ ਦੇ ਉਤੇ ਤਾਂ ਮਾੜਾ-ਮੋਟਾ ਟਿਕਾਇਆ ਜਾ ਸਕਦਾ ਹੈ ਲੇਕਿਨ ਐਨੀ ਤਿੱਖੀ ਚੀਜ਼ ਤੇ ਤਾਂ ਨਹੀਂ ਰੱਖਿਆ ਜਾ ਸਕਦਾ। ਸੋ ਪੜ੍ਹਿਆ ਹੋਇਆ ਦਿਮਾਗ ਬਹੁਤ ਤਿੱਖਾ ਹੋ ਜਾਂਦਾ ਹੈ, ਉਹ ਹਰ ਗੱਲ ਵਿਚ ਤਰਕ ਕਰੇਗਾ, ਆਪਣੀ ਅਕਲ ਨੂੰ ਵੱਧ ਕਹੇਗਾ ਤੇ ਗੁਰੂ ਦੀ ਜੋ ਮੱਤ ਹੈ ਉਸ ਨੂੰ ਨਹੀਂ ਮੰਨੇਗਾ। ਸੋ ਇਸ ਤਰ੍ਹਾਂ ਕਰਕੇ ਬੜੀ ਭਾਰੀ ਸਮੱਸਿਆ ਹੈ।

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥*** ***ਪੰਨਾ – 1378***

ਮਹਾਤਮਾ ਬੁੱਧ ਕਹਿੰਦੇ, ਇਕ ਮਾਰ ਦੇਵਤਾ ਹੈ ਅਸਮਾਨਾਂ ਵਿਚ, ਦੇਵਤਾ ਨਹੀਂ ਹੈ ਉਹ ਰਾਖਸ਼ਸ਼ ਕਿਸਮ ਦਾ ਜੀਵ ਹੈ। ਜੇ ਕੋਈ ਪ੍ਰਮੇਸ਼ਰ ਵੱਲ ਨੂੰ ਚਲਦਾ ਹੈ ਤਾਂ ਉਹ ਗਲਤ ਕੰਮ ਕਰਾਉਣੇ ਸ਼ੁਰੂ ਕਰ ਦਿੰਦਾ ਹੈ। ਉਸ ਨੂੰ ਕਹਿੰਦਾ ਹੈ ਕਿ ਉਧਰ ਨੂੰ ਨਾ ਜਾਹ, ਇਧਰ ਦੇਖ ਬਹੁਤ ਵਧੀਆ ਚੀਜ਼ ਹੈ। ਆਲਸ ਪਾ ਦੇਵੇਗਾ ਕਿ ਮੈਂ ਨਹੀਂ ਅੱਜ ਸਤਿਸੰਗ ਵਿਚ ਜਾਣਾ ਹਾਲਾਂਕਿ ਘਰ ਕੁਝ ਨਹੀਂ ਕਰਨਾ। ਜਦੋਂ ਲਾਹਾ ਖੱਟਣ ਦਾ ਮੌਕਾ ਆਏਗਾ, ਉਸ ਵੇਲੇ ਢਿੱਲ ਪੈ ਜਾਏਗੀ। ਜਦੋਂ ਘਾਟਾ ਹੋਏਗਾ, ਫੇਰ ਛਾਲਾਂ ਮਾਰਦਾ ਹੀ ਜਾਏਗਾ – ਘਾਟੇ ਵਾਲੀ ਥਾਂ ਨੂੰ। ਕਿਉਂ ਜਾਂਦਾ ਹੈ? ਕਿਉਂਕਿ ਗੱਲ ਇਸ ਦੀ ਸਮਝ ਵਿਚ ਨਹੀਂ ਆਉਂਦੀ, ਇਸ ਦੀ ਅੰਦਰੋਂ ਰੁਚੀ ਨਹੀਂ ਬਣਦੀ। ਇਹ ਹਰਿਆਉ ਡੰਗਰ ਵਾਂਗੂ ਹੈ ਜਿਸ ਨੂੰ ਪਤਾ ਹੈ ਕਿ ਇਸ ਖੇਤ ਵਿਚੋਂ ਮੈਂ ਖਾਣਾ ਹੈ, ਹੋਰ ਪਾਸੇ ਕਿੰਨਾ ਹੀ ਘਾਹ ਹੋਵੇ ਉਸ ਨੂੰ ਨਹੀਂ ਚੁਗਦਾ, ਮਾਲਕ ਨੂੰ ਦੇਖੀ ਜਾਏਗਾ, ਦੇਖੀ ਜਾਏਗਾ; ਜਦੋਂ ਦੇਖਿਆ ਕਿ ਉਹ ਦੂਜੇ ਪਾਸੇ ਨੂੰ ਦੇਖਦਾ ਹੈ, ਨੱਠ ਕੇ ਜਾ ਕੇ ਬੁਰਕ ਮਾਰਨ ਲੱਗ ਜਾਏਗਾ, ਉਹ ਫੇਰ ਉਸ ਦੇ ਡੰਡੇ ਮਾਰਦਾ ਹੈ। ਇਸੇ ਤਰ੍ਹਾਂ ਸਾਡਾ ਮਨ ਹਰਿਆਓ ਹੋਇਆ ਹੋਇਆ ਹੈ, ਗੁਰੂ ਦੀ ਬਾਣੀ ਨੂੰ ਤਾਂ ਇਹ ਸਮਝਣ ਦਾ ਯਤਨ ਨਹੀਂ ਕਰਦਾ ਤੇ ਇਸ ਦੀ ਥਾਂ ਦੇ ਉਤੇ ਆਪਣੀ ਮੱਤ ਦੇ ਪਿਛੇ ਲੱਗਿਆ ਹੋਇਆ, ਆਪਣੀ ਰੁਚੀ ਦੇ ਮੁਤਾਬਿਕ ਚਲਦਾ ਹੈ। ਫੇਰ ਵੱਡਾ ਨੁਕਸ ਇਹ ਹੈ ਕਿ ਬਿਲਕੁਲ ਅਣਜਾਣ ਹੁੰਦਾ ਹੋਇਆ ਇਹ ਕਹਿੰਦਾ ਹੈ ਕਿ ਮੈਂ ਸਭ ਕੁਝ ਜਾਣਦਾ ਹਾਂ। ਮਹਾਰਾਜ ਕਹਿੰਦੇ ਅਣਜਾਣ ਦੀ ਨਿਸ਼ਾਨੀ ਤੁਹਾਨੂੰ ਦੱਸੀਏ ਕੀ ਹੁੰਦੀ ਹੈ? ਕਿਹੜਾ ਬੰਦਾ ਅਣਜਾਣ ਹੈ? ਆਪਾਂ ਕਹਿ ਦਿੰਦੇ ਹਾਂ ਕਿ ਫਲਾਣਾ ਤਾਂ ਜੀ ਅਣਜਾਣ ਸੀ, ਉਸ ਨੇ ਇਸ ਕਰਕੇ ਇਹ ਗਲਤੀ ਕਰ ਲਈ। ਮਹਾਰਾਜ ਕਹਿੰਦੇ ਨਹੀਂ, ਇਹ ਨਹੀਂ ਗੱਲ; ਅਣਜਾਣ ਦੇ ਅਰਥ ਜੇ ਕਰਨੇ ਨੇ, ਉਸ ਦੀ ਨਿਸ਼ਾਨੀ ਲੈਣੀ ਹੈ ਤਾਂ ਕਹਿੰਦੇ ਹਨ –

***ਸੋਈ ਅਜਾਣੁ ਕਹੈ ਮੈ ਜਾਨਾ..........॥*** ***ਪੰਨਾ – 382***

ਜਿਹੜਾ ਕਹੇ ਕਿ ਮੈਂ ਜਾਣ ਲਈ ਗੱਲ, ਉਸ ਦੇ ਵਰਗਾ ਅਣਜਾਣ ਦੁਨੀਆਂ ਵਿਚ ਕੋਈ ਨਹੀਂ ਹੈ। ਇਲਮ ਕਿਤੇ ਖਤਮ ਨਹੀਂ ਹੁੰਦਾ, ਵਿਦਿਆ ਕਿਤੇ ਖਤਮ ਨਹੀਂ ਹੁੰਦੀ, ਨਾ ਪ੍ਰਮੇਸ਼ਰ ਦੀ ਗੱਲ ਦਾ ਕਿਤੇ ਹਦ-ਬੰਨਾ ਹੈ ਕਿ ਇਥੇ ਖਤਮ ਹੋ ਜਾਏਗੀ, ਉਹ ਤਾਂ ਜਿੰਨਾ ਜਾਣਦਾ ਹੈ, ਓਨਾਂ ਹੀ ਛੋਟਾ ਬਣਦਾ ਜਾਂਦਾ ਹੈ, ਅਣਜਾਣ ਬਣ ਜਾਂਦਾ ਹੈ। ਸੋ ਇਹ ਨੁਕਸ ਹੈ ਆਦਮੀ ਦੇ ਦਿਮਾਗ ਦੇ ਅੰਦਰ। ਇਕ ਮਿਸਾਲ ਨਾਲ ਗੱਲ ਸਮਝ 'ਚ ਆ ਜਾਏਗੀ।

ਮਾਨਸਰੋਵਰ ਝੀਲ ਸੈਂਕੜੇ ਮੁਰੱਬਾ ਮੀਲ ਦੇ ਵਿਚ ਹਿਮਾਲੀਆ ਪਰਬਤ ਦੀਆਂ ਜੜ੍ਹਾਂ ਵਿਚ ਹੈ ਜਿਥੇ ਬਰਫ ਢਲ-ਢਲ ਕੇ ਪੈਂਦੀ ਹੈ, ਉਥੋਂ ਇਕ ਤਾਂ ਦਰਿਆ ਸਿੰਧ ਨਿਕਲਦਾ ਹੈ, ਇਕ ਸਤਲੁਜ ਨਿਕਲਦਾ

ਹੈ, ਇਕ ਬ੍ਰਹਮਪੁੱਤਰ ਧਰਤੀ ਦੇ ਥੱਲੇ ਹੋ ਕੇ ਕਲਕੱਤੇ ਕੋਲ ਜਾ ਕੇ ਗਿਰਦਾ ਹੈ। ਹੋਰਾਂ ਦਰਿਆਵਾਂ ਦਾ ਵੀ ਉਹ ਸੋਮਾ ਹੈ - ਕਿਸੇ ਦਾ ਪ੍ਰਗਟ, ਕਿਸੇ ਦਾ ਵਿਚੀਂ ਆ ਕੇ। ਗੰਗਾ ਵਾਸਤੇ ਪਹਾੜ ਦੇ ਵਿਚੇ-ਵਿਚ ਆ ਕੇ ਗੌਮੁਖ ਤੇ ਆ ਕੇ ਪ੍ਰਗਟ ਹੁੰਦਾ ਹੈ, ਉਥੇ ਬੇਅੰਤ ਬਰਫ ਹਰ ਵਕਤ ਪਿਘਲਦੀ ਰਹਿੰਦੀ ਹੈ, ਦਰਿਆ ਬਣਦੇ ਰਹਿੰਦੇ ਨੇ ਪਹਾੜਾਂ ਤੋਂ, ਉਥੇ ਹੰਸ ਰਹਿੰਦੇ ਨੇ, ਇਹ ਉਸ ਥਾਂ ਦੇ ਰਹਿਣ ਵਾਲਾ ਪੰਛੀ ਹੈ। ਹੰਸ ਨਾ ਤਾਂ ਡੱਡਾਂ ਖਾਂਦਾ ਹੈ, ਨਾ ਕਿਰਮ ਖਾਂਦਾ ਹੈ; ਉਸ ਪਾਣੀ ਦੇ ਅੰਦਰ ਮੋਤੀ ਹੁੰਦੇ ਨੇ, ਚੁੱਭੀ ਮਾਰ ਕੇ ਮੋਤੀ ਕੱਢ ਕੇ ਖਾਂਦੇ ਨੇ ਜੋ ਬੜੀ ਕੀਮਤੀ ਚੀਜ਼ ਹੈ। ਜੇ ਆਦਮੀ ਨੂੰ ਸ਼ੁੱਧ ਮੋਤੀ ਮਿਲ ਜਾਣ ਖਾਣ ਵਾਸਤੇ ਤਾਂ ਇਸ ਦੀ ਤਾਕਤ ਦੁਗਣੀ ਹੋ ਜਾਂਦੀ ਹੈ, ਦੁਗਣਾ ਤਕੜਾ ਹੋ ਜਾਂਦਾ ਹੈ ਪਰ ਅਸਲੀ ਮਿਲਦੇ ਨਹੀਂ, ਛਿਲਕੇ ਹੀ ਮਿਲਦੇ ਨੇ। ਸੋ ਉਹ ਉਡਾਰੀ ਮਾਰਦਾ ਹੈ - 1200 ਮੀਲ ਦੀ ਉਡਾਰੀ ਹੈ ਉਸ ਪੰਛੀ ਦੀ। ਜਹਾਜ਼ ਵਾਂਗੂੰ ਸਮੁੰਦਰ ਪਾਰ ਕਰ ਜਾਂਦਾ ਹੈ। ਉਹ ਕਿਸੇ ਖੂਹ ਤੇ ਆ ਕੇ ਬੈਠ ਗਿਆ, ਹੇਠਾਂ ਨੂੰ ਦੇਖਣ ਲੱਗ ਗਿਆ, ਹੇਠਾਂ ਸੀ ਡੱਡੂ। ਉਸ ਨੇ ਦੇਖਿਆ ਕਿ ਕੋਈ ਅਜੀਬ ਪੰਛੀ ਆਇਆ ਹੈ। ਅੰਦਰੋਂ ਹੀ ਅਵਾਜ਼ ਦਿਤੀ ਕਿ ਤੂੰ ਕਿਥੋਂ ਆਇਆ ਹੈਂ? ਕਹਿੰਦਾ, ਮੈਂ ਮਾਨਸਰੋਵਰ ਤੋਂ ਆਇਆ ਹਾਂ। ਡੱਡੂ ਕਹਿੰਦਾ, ਉਹ ਕੀ ਹੁੰਦਾ ਹੈ?

ਕਹਿੰਦਾ, ਜਿਵੇਂ ਤੇਰਾ ਪਾਣੀ ਹੈ ਨਾ, ਇਹੋ ਜਿਹਾ ਪਾਣੀ ਹੈ। ਡੱਡੂ ਨੂੰ ਸਮਝਾਉਣ ਦਾ ਹੋਰ ਤਾਂ ਕੋਈ ਤਰੀਕਾ ਨਹੀਂ ਸੀ, ਆਹੀ ਤਰੀਕਾ ਸੀ ਕਿ ਪਾਣੀ ਤੇਰੇ ਵਾਂਗ ਹੀ ਹੁੰਦਾ ਹੈ ਉਥੇ। ਜੇ ਹੋਰ ਕਹਿੰਦਾ ਕਿ ਐਡੇ-ਐਡੇ ਪਹਾੜ ਨੇ ਓਥੇ; ਡੱਡੂ ਨੇ ਦੇਖੇ ਹੀ ਨਹੀਂ। ਉਸ ਨੂੰ ਕੀ ਗਿਆਨ ਹੋਵੇ ਕਿ ਪਹਾੜ ਕੀ ਹੁੰਦੇ ਨੇ, ਦਰਖਤ ਕੀ ਹੁੰਦੇ ਨੇ, ਬਰਫਾਂ ਕਿਵੇਂ ਪੈਂਦੀਆਂ ਨੇ, ਉਸ ਨੂੰ ਪਤਾ ਹੀ ਨਹੀਂ ਹੈ ਕਿਉਂਕਿ ਉਹ ਚੀਜ਼ਾਂ ਦੇਖੀਆਂ ਨਹੀਂ ਉਸਨੇ। ਸੋ ਉਹ ਕਹਿੰਦਾ ਮਾਨਸਰੋਵਰ ਕਿੱਡਾ ਕੁ ਹੁੰਦਾ ਹੈ ਤੇ ਛਾਲ ਮਾਰੀ ਕਿ ਐਡਾ ਕੁ ਹੁੰਦਾ ਹੈ? ਚੌਥਾ ਹਿੱਸਾ ਟੱਪ ਗਿਆ ਖੂਹ ਦਾ।

ਹੰਸ ਕਹਿੰਦਾ, ਨਹੀਂ! ਇਸ ਤੋਂ ਬਹੁਤ ਵੱਡਾ। ਦੂਸਰੀ ਵਾਰੀ ਛਾਲ ਮਾਰੀ, ਅੱਧ ਵਿਚ ਚਲਿਆ ਗਿਆ ਕਹਿੰਦਾ, ਫੇਰ ਐਡਾ ਹੋਏਗਾ। ਤੀਸਰੀ ਵਾਰੀ ਪੌਣਾ ਕਰ ਲਿਆ, ਚੌਥੀ ਵਾਰੀ ਮਹਿਲ ਦੇ ਨਾਲ ਜਾ ਲਗਿਆ ਤੇ ਕਹਿੰਦਾ ਕਿ ਐਡਾ ਕੁ ਹੋਏਗਾ। ਹੰਸ ਫੇਰ ਕਹਿੰਦਾ, ਨਹੀਂ।

ਡੱਡੂ ਨੇ ਚਾਰੇ ਪਾਸੇ ਗੇੜਾ ਦੇ ਦਿਤਾ ਤੇ ਕਹਿੰਦਾ, ਫੇਰ ਐਡਾ ਹੋਏਗਾ। ਉਹ ਕਹਿੰਦਾ, ਇਹੋ ਜਿਹੇ ਤਾਂ ਕਰੋੜਾਂ ਖੂਹ ਉਸ ਦੇ ਵਿਚ ਆ ਜਾਣ। ਡੱਡੂ ਕਹਿੰਦਾ, ਤੇਰੇ ਵਰਗਾ ਵੀ ਝੂਠਾ ਦੁਨੀਆਂ ਵਿਚ ਕੋਈ ਨਹੀਂ ਹੋਵੇਗਾ, ਕਿਸੇ ਝੂਠਿਆਂ ਦੇ ਦੇਸ਼ 'ਚੋਂ ਆਇਆ ਲਗਦਾ ਹੈਂ ਤੂੰ। ਇਸ ਤੋਂ ਵੱਡੀ ਤਾਂ ਚੀਜ਼ ਹੀ ਕੋਈ ਨਹੀਂ।

ਸੋ ਇਹ ਜੋ ਮਨੁੱਖ ਹੈ ਇਸ ਨੇ ਜਿੰਨਾ ਕੁਝ ਜਾਣ ਲਿਆ ਉਹ ਕਹਿੰਦਾ ਹੈ ਇਸ ਤੋਂ ਅੱਗੇ ਹੋਰ ਤਾਂ ਕੋਈ ਚੀਜ਼ ਹੈ ਹੀ ਨਹੀਂ। ਇਸੇ ਕਰਕੇ ਅਖਾਣ ਇਹ ਹੈ ਕਿ 'ਆਪਣੀ ਅਕਲ, ਬਿਗਾਨੀ ਮਾਇਆ ਬਹੁਤੀ ਹੀ ਬਹੁਤੀ।' ਆਪਣੀ ਤਾਂ ਅਕਲ ਹਰੇਕ ਨੂੰ ਬਹੁਤੀ ਲਗਦੀ ਹੈ ਚਾਹੇ ਉਹ ਕਮਲਾ ਹੀ ਹੋਵੇ। ਇਕ ਬੰਦਾ ਸ਼ਰਾਬ ਪੀਂਦਾ ਹੈ, ਜਰਦਾ ਖਾਂਦਾ ਹੈ, ਗਲਤ ਕੰਮ ਕਰਦਾ ਹੈ। ਉਸ ਨੂੰ ਜਿਹੜਾ ਸਿਆਣਾ ਬੰਦਾ ਹੈ ਉਹ ਸਮਝਾਉਂਦਾ ਹੈ ਕਿ ਤੂੰ ਸ਼ਰਾਬ ਪੀਂਦਾ ਹੈਂ, ਤੈਨੂੰ ਕੈਂਸਰ ਹੋ ਜਾਏਗਾ, ਤੂੰ ਇਹ ਛੱਡ ਦੇ ਤੇ ਆਪਣੇ ਬਾਲ ਬੱਚਿਆਂ ਨੂੰ ਪਾਲ ਲੈ। ਇਥੇ ਮੈਂ ਕਈ ਦੇਖੇ ਨੇ, ਪਹਿਲਾਂ ਵੀ ਮੇਰੇ ਕੋਲ ਆਏ ਸੀ ਪਰ ਜਦੋਂ ਮੈਂ ਇਥੇ ਆਇਆ ਸੀ ਉਦੋਂ ਅਜੇ ਸ਼ੁਰੂ ਹੀ ਹੋਇਆ ਸੀ, 1978 ਦੀ ਬਾਤ ਹੈ। ਮੈਂ ਕਿਹਾ ਤੁਸੀਂ ਸ਼ਰਾਬ ਨਾ ਪੀਆ ਕਰੋ। ਤੁਹਾਨੂੰ ਜ਼ਮੀਨ ਦਾ ਪੈਸਾ ਮਿਲਿਆ ਹੈ ਇਸ ਨੂੰ ਬਰਬਾਦ ਨਾ ਕਰੋ। ਖੁਸ਼ੀ 'ਚ ਆ ਕੇ ਪੀਣ ਲੱਗ ਗਏ। ਇੰਨੇ ਨੂੰ ਜ਼ਮੀਨ ਦਾ ਮੁਕਦਮਾ ਚਲਦਾ ਸੀ, ਹੋਰ 20-20, 30-30 ਹਜ਼ਾਰ ਮਿਲ ਗਿਆ। ਫੇਰ ਮੁਕਦਮਾ ਚਲਦਾ ਸੀ, ਅਖੀਰ ਸਵਾ ਲੱਖ ਤੱਕ ਪਹੁੰਚ ਗਿਆ। ਉਹ ਸ਼ਰਾਬ ਪੀਂਦੇ ਰਹੇ। ਪਹਿਲਾਂ ਇਕ ਮਰ ਗਿਆ, ਫੇਰ ਦੂਜਾ ਮਰ ਗਿਆ, ਫੇਰ ਤੀਜਾ ਮਰ ਗਿਆ। ਉਨ੍ਹਾਂ ਦੇ ਨਿੱਕੇ-ਨਿੱਕੇ ਬੱਚੇ ਰੁਲਦੇ ਫਿਰਦੇ ਨੇ। ਉਹ ਬੀਬੀਆਂ ਇਕ ਦਿਨ ਮੇਰੇ ਕੋਲ ਆਈਆਂ, ਮੈਂ ਕਿਹਾ ਕਿ ਕੀ ਕਰਿਆ ਜਾਵੇ, ਸਮਝਾਇਆ ਤਾਂ ਬਹੁਤ ਸੀ, ਨਹੀਂ ਸਮਝੇ। ਉਹ ਇਹੀ ਗੱਲ ਸਮਝਦੇ ਸੀ ਕਿ ਸ਼ਰਾਬ ਨਾਲ ਵੀ ਕਦੇ ਆਦਮੀ ਮਰਦਾ ਹੁੰਦਾ ਹੈ? ਇਹ ਤਾਂ ਪਾਣੀ ਹੀ ਹੈ, ਅਸੀਂ ਕਿਹੜਾ ਕੋਈ ਪਾਪ ਕਰਦੇ ਹਾਂ? ਨਤੀਜਾ ਕੀ ਨਿਕਲਿਆ ਕਿ ਪਰਿਵਾਰ ਸਾਰਾ ਹੀ ਖੇਰੂੰ-ਖੇਰੂੰ ਹੋਇਆ ਫਿਰਦਾ ਹੈ। ਇਕੋ ਘਰ ਦੇ ਤਿੰਨ ਆਦਮੀ ਉਠ ਗਏ। ਕਿਸੇ ਨੂੰ ਕਹੋ ਕਿ

ਤੰਬਾਕੂ ਨਾ ਖਾ ਤੂੰ। ਧਾਰਮਿਕ ਗੱਲ ਤੂੰ ਨਾ ਮੰਨ ਲੇਕਿਨ ਮੰਨਣੀ ਪੈਣੀ ਹੈ -

*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥*
*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥*

ਸੱਤ ਕੁਲਾਂ ਦਾ ਨਾਸ਼ ਸ਼ਰਾਬ ਕਰਦੀ ਹੈ। ਭੰਗ ਇਕ ਤਨ ਦਾ ਨਾਸ਼ ਕਰਦੀ ਹੈ। ਜਿਹੜੇ ਤੰਬਾਕੂ ਪੀਂਦੇ ਨੇ, 100 ਕੁਲਾਂ ਤੱਕ ਮਾਰ ਕਰੇਗਾ। ਪ੍ਰੇਮੀਆਂ! ਜਿਹੜੇ ਬਜ਼ੁਰਗ ਦਾਨ ਕਰਕੇ, ਪੁੰਨ ਕਰਕੇ ਸਵਰਗਾਂ 'ਚ ਗਏ ਹੋਏ ਨੇ, ਉਨ੍ਹਾਂ ਨੂੰ ਤੂੰ ਉਥੇ ਹੀ ਮੂੱਧੇ ਮਾਰ ਦਏਂਗਾ। ਉਥੇ ਇਹ ਗੱਲ ਚਲਦੀ ਹੈ ਕਿ ਤੇਰੀ ਕੁਲ ਵਿਚ ਮਰਿਆਦਾ ਵਾਲੇ ਕਿਉਂ ਨਹੀਂ ਪੈਦਾ ਹੋਏ। ਮਰਿਆਦਾ ਵਾਲੇ ਜਿਸ ਕੁਲ ਵਿਚ ਪੈਦਾ ਨਹੀਂ ਹੁੰਦੇ ਉਸ ਕੁਲ ਨੂੰ ਗਾਲ ਲਗਦੀ ਹੈ, ਓਸ ਮਾਂ ਨੂੰ ਗਾਲ ਲਗਦੀ ਹੈ-

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥*
*ਬਿਧਵਾ ਕਸ ਨ ਭਈ ਮਹਤਾਰੀ॥* *ਪੰਨਾ - 328*

ਜਿਹੜੀ ਕੁਲ ਵਿਚ ਬੰਦਗੀ ਕਰਨ ਵਾਲਾ ਪੁੱਤਰ ਨਹੀਂ ਪੈਦਾ ਹੋ ਸਕਿਆ, ਉਸ ਦੀ ਮਾਂ ਰੰਡੀ ਹੋ ਜਾਂਦੀ। ਮਹਾਰਾਜ ਨੂੰ ਪੁਛਿਆ ਕਿ ਮਹਾਰਾਜ! ਐਡੀ ਵੱਡੀ ਸਖਤ ਤੁਸੀਂ ਇਹ ਗੱਲ ਕਹਿ ਦਿਤੀ ਕਿ ਵਿਧਵਾ ਹੋ ਜਾਂਦੀ ਹੈ। ਦੁਨੀਆ ਤਾਂ ਸੁਖ ਮਨਾਉਂਦੀ ਹੈ ਕਿ ਕਿਸੇ ਨੂੰ ਮੱਥਾ ਟੇਕੋ ਤੇ ਅਸ਼ੀਰਵਾਦ ਲਉ, ਬੁੱਢ ਸੁਹਾਗਣ ਹੋਵੋ, ਤੇਰਾ ਸੁਹਾਗ ਕਾਇਮ ਰਹੇ; ਤੁਸੀਂ ਕਹਿੰਦੇ ਹੋ ਤੇਰਾ ਸੁਹਾਗ ਖਤਮ ਹੋ ਜਾਣਾ ਚਾਹੀਦਾ ਹੈ। ਇਸ ਦਾ ਕਾਰਨ ਕੀ ਹੈ? ਮਹਾਰਾਜ ਕਹਿੰਦੇ, ਇਹ ਨਸ਼ੇ ਪੀਵੇਗਾ, ਕੁਲਾਂ ਗਾਲ ਦੇਵੇਗਾ। ਜਿਹੜੇ ਬਜ਼ੁਰਗ ਥੋੜ੍ਹੇ-ਥੋੜ੍ਹੇ ਪੁੰਨ ਕਰਕੇ ਉਤੇ ਬੈਠੇ ਸਵਰਗ ਮਾਣ ਰਹੇ ਨੇ, ਸਭ ਥੱਲੇ ਸੁੱਟ ਦਿਤੇ ਜਾਣਗੇ। ਫੇਰ ਕੀ ਹੁੰਦਾ ਹੈ ਕਿ ਉਹ ਬਜ਼ੁਰਗ ਜਿਹੜੇ ਨਿਗ੍ਹਾ ਰੱਖੀ ਬੈਠੇ ਨੇ ਆਪਣੇ ਘਰਾਂ ਤੇ, ਪੁੱਤਾਂ ਤੇ, ਪੋਤਿਆਂ, ਪੜੋਤਿਆਂ ਤੇ, ਉਹ ਜਦੋਂ ਇਕ ਕੁਲ ਦੇ ਵਿਚ ਕੋਈ ਖਰਾਬ ਜੀਵ ਆਉਂਦਾ ਹੈ, ਪਹਿਲਾਂ ਤਾਂ ਉਹ ਰਾਖੀ ਕਰਦੇ ਨੇ, ਬਚਾਉਂਦੇ ਨੇ; ਜਿੰਨੀ ਕੁ ਉਨ੍ਹਾਂ ਦੀ ਤਾਕਤ ਹੈ ਓਨਾ ਕੁ ਬਚਾਓ ਕਰਦੇ ਰਹਿੰਦੇ ਨੇ, ਫੇਰ ਉਹ ਹੱਥ ਖਿੱਚ ਲੈਂਦੇ ਨੇ -

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥*

ਉਸ ਵੇਲੇ ਦੇਵਤੇ ਵੀ ਤੇ ਪਿਤਰ ਵੀ ਉਸ ਨੂੰ ਛੱਡ ਜਾਂਦੇ ਨੇ ਤੇ ਉਸ ਦੇ ਘਰ ਵਿਚ ਫੇਰ ਪਾਪ ਐਨਾ ਹੁੰਦਾ ਹੈ-

*ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥*

ਜਿਹੋ ਜਿਹੀ ਸ਼ਰਾਬ ਪੀ ਲਈ ਤੇ ਓਹੋ-ਜਿਹਾ ਉਸ ਦੇ ਹੱਥ ਦਾ ਪਾਣੀ ਲੈ ਕੇ ਪੀ ਲਿਆ, ਐਡਾ ਪਾਪ ਹੋ ਜਾਂਦਾ ਹੈ ਉਸ ਦੇ ਹੱਥ ਦਾ। ਕਹਿੰਦੇ ਮਹਾਰਾਜ! ਸ਼ਰਾਬ ਪੀਣ ਦਾ ਪਾਪ ਕਿੰਨਾ ਹੈ? ਮਹਾਰਾਜ ਕਹਿੰਦੇ -

*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥*

ਸ਼ਰਾਬ 7 ਕੁਲਾਂ ਦਾ ਨਾਸ਼ ਕਰ ਦਿੰਦੀ ਹੈ - 3 ਉਪਰਲੀਆਂ, 3 ਹੇਠਲੀਆਂ, ਇਕ ਸ਼ਰਾਬ ਪੀਣ ਵਾਲਾ ਆਪ। ਉਪਰਲੀਆਂ ਨੂੰ ਤਾਂ ਜਾਂਦਾ ਹੈ ਪਾਪ ਦਾ ਫਲ ਕਿ ਤੁਹਾਡੀ ਕੁਲ ਦੇ ਅੰਦਰ ਇਹੋ ਜਿਹਾ ਬੰਦਾ ਕਿਵੇਂ ਪੈਦਾ ਹੋ ਗਿਆ? ਹੇਠਲਿਆਂ ਨੂੰ ਇਸ ਲਈ ਜਾਂਦਾ ਹੈ ਕਿਉਂਕਿ ਉਸ ਦੇ ਜੀਨ ਦੇ ਅੰਦਰ ਖਰਾਬੀ ਆ ਜਾਣੀ ਹੈ, ਜਿਹੜੇ ਬੱਚੇ ਪੈਦਾ ਹੋਣਗੇ ਉਨ੍ਹਾਂ ਦੇ ਦਿਮਾਗ ਖਰਾਬ ਹੋਣਗੇ, ਵਿਘਨ ਪੈਣਗੇ ਤੇ ਉਹ ਜਿਹੜੇ ਬਜ਼ੁਰਗ ਨੇ ਉਹ ਸਾਥ ਛਡ ਜਾਣਗੇ। ਸਾਥ ਛੱਡ ਕੇ ਫੇਰ ਉਸ ਘਰ ਦੇ ਉਤੇ ਜਿਹੜਾ ਪਹਿਰਾ ਹੁੰਦਾ ਹੈ - ਦੇਵਤਿਆਂ ਦਾ, ਉਹ ਤਾਂ ਹਟ ਜਾਂਦਾ ਹੈ, ਫੇਰ ਉਥੇ ਭੂਤਾਂ-ਪ੍ਰੇਤਾਂ ਦਾ ਪਹਿਰਾ ਹੋ ਜਾਂਦਾ ਹੈ। ਭੂਤ-ਪ੍ਰੇਤ ਜਿਹੜੇ ਨੇ ਉਹ ਕਲਹ ਪੈਦਾ ਕਰਦੇ ਨੇ - ਲੜਾਈ, ਝਗੜਾ, ਗੁੱਸਾ, ਪੁੱਠੇ ਕੰਮ ਜਿਸ ਦੇ ਵਿਚ ਘਾਟੇ ਪੈਣ, ਬਿਮਾਰੀਆਂ ਆਉਣ। ਰੋਣਾ-ਪਿਟਣਾ ਘਰ 'ਚ ਪੈ ਜਾਂਦਾ ਹੈ। ਬੱਚਿਆਂ ਨੂੰ ਬਿਮਾਰ ਕਰ ਦਿੰਦੇ ਨੇ, ਮਾਰ ਦਿੰਦੇ ਨੇ ਕਿਉਂਕਿ ਪਹਿਰਾ ਹਟ ਗਿਆ ਬਜ਼ੁਰਗਾਂ ਦਾ। ਗਲਤ ਬੰਦਾ ਪੈਦਾ ਹੋ ਗਿਆ, ਉਸ ਨੇ ਸਾਰਾ ਹੀ ਸਿਲਸਿਲਾ ਬਦਲ ਦਿਤਾ। ਸੋ ਕਹਿੰਦੇ ਜਿਹੜਾ ਤੰਬਾਕੂ ਪੀਂਦਾ ਹੈ, 24

ਕੁਲਾਂ ਤਾਂ ਦਾਦਕਿਆਂ ਦੀਆਂ ਨਾਸ਼ ਕਰਦਾ ਹੈ, 20 ਨਾਨਕਿਆਂ ਦੀਆਂ ਨਾਸ਼ ਕਰਦਾ ਹੈ। ਕਿਥੇ ਤੱਕ ਪਹੁੰਚਿਆ - ਮਾਮੇ, ਨਾਨੀਆਂ ਜਿਹੜੇ ਬਜ਼ੁਰਗ ਨੇ ਸਾਰੇ ਦੁਖੀ ਹੋ ਜਾਂਦੇ ਨੇ, 16 ਜਿਥੇ ਵਿਆਹਿਆ ਹੋਇਆ ਹੈ ਉਥੇ ਦਾ ਖਾਤਮਾ ਕਰਦਾ ਹੈ, 12 ਜਿਥੇ ਲੜਕੇ-ਲੜਕੀਆਂ ਵਿਆਹੇ ਨੇ ਉਨ੍ਹਾਂ ਦਾ ਖਾਤਮਾ ਕਰਦਾ ਹੈ, 11 ਜਿਸ ਥਾਂ ਤੇ ਭੈਣ ਵਿਆਹੀ ਹੋਈ ਹੈ, 9 ਜਿਥੇ ਭੂਆ ਹੈ, 8 ਜਿਥੇ ਮਾਸੀ ਹੈ। ਐਨੀ ਦੂਰ ਤੱਕ ਮਾਰ ਕਰਦਾ ਹੈ -

***ਜਗਤ ਜੂਠ ਸ਼ਤ ਕੁਲ ਦਹੈ...........॥***

100 ਕੁਲਾਂ ਦਾ ਨਾਸ਼ ਕਰਦਾ ਹੈ।

***............ਨਿੰਦਾ ਦਹੈ ਅਨੇਕ॥***

ਨਿੰਦਿਆ ਕਰਨ ਵਾਲਾ ਤਾਂ ਕੁਲਾਂ ਦੀ ਗਿਣਤੀ ਹੀ ਨਹੀਂ ਛਡਦਾ। ਇਸ ਕਰਕੇ ਮਹਾਰਾਜ ਕਹਿੰਦੇ, ਐ ਮਾਤਾ! ਜੇ ਤੇਰਾ ਪੁੱਤਰ ਬੰਦਗੀ ਵਾਲਾ ਨਹੀਂ ਸੀ ਹੋਣਾ, ਤੂੰ ਅਰਦਾਸ ਕਰਿਆ ਕਰਦੀ ਕਿ ਮਹਾਰਾਜ! ਮੈਂ ਵਿਧਵਾ ਹੋ ਜਾਂਦੀ, ਪੁਤਰ ਹੀ ਨਾ ਪੈਦਾ ਕਰਦੀ। ਕੀ ਲੋੜ ਸੀ ਇਹੋ-ਜਿਹੇ ਪੁਤਰਾਂ ਦੀ ਜਿਨ੍ਹਾਂ ਨੇ ਆ ਕੇ ਸੰਸਾਰ ਵਿਚ ਕਲਜੁਗ ਵਰਤਾਉਣਾ ਸੀ।

ਸੋ ਬੰਦਾ ਸਮਝਦਾ ਨਹੀਂ, ਉਹ ਕਹਿੰਦਾ ਹੈ ਕਿ ਜੋ ਮੈਨੂੰ ਰੱਬ ਨੇ ਅਕਲ ਦੇ ਦਿਤੀ, ਇਸ ਤੋਂ ਅੱਗੇ ਕੋਈ ਗੱਲ ਹੀ ਨਹੀਂ ਹੈ। ਮੈਨੂੰ ਅਕਲ ਦੇ ਕੇ ਰੱਬ ਫੇਰ ਸੌਂ ਗਿਆ, ਹੋਰ ਨਹੀਂ ਕਿਸੇ ਨੂੰ ਦਿਤੀ। ਜੇ ਕੋਈ ਸੰਤ ਐਸੀ ਗੱਲ ਕਹਿੰਦਾ ਹੈ ਤਾਂ ਕਹਿੰਦਾ ਹੈ ਕਿ ਲੈ ਸੰਤ ਵੀ ਕੋਈ ਬੰਦੇ ਹੁੰਦੇ ਨੇ, ਇਨ੍ਹਾਂ ਨੂੰ ਤਾਂ ਪਤਾ ਹੀ ਨਹੀਂ ਕਿ ਸ਼ਰਾਬ ਦਾ ਕੀ ਸਵਾਦ ਹੁੰਦਾ ਹੈ। ਜੇ ਇਨ੍ਹਾਂ ਨੂੰ ਪਤਾ ਹੋਵੇ ਤਾਂ ਇਹ ਜ਼ਰੂਰ ਪੀਣ ਰੋਜ਼ ਹੀ, ਗੱਪਾਂ ਮਾਰਨ ਬੈਠ ਕੇ। ਚਾਰ ਹਾਲਤਾਂ ਹੁੰਦੀਆਂ ਹਨ - ਸ਼ਰਾਬੀ ਦੀਆਂ -

ਪਹਿਲੀ ਹਾਲਤ ਹੁੰਦੀ ਹੈ ਕਿ ਜਦੋਂ ਪੀਂਦਾ ਹੈ ਤਾਂ ਜਿਹੜੇ ਬੰਦੇ ਦੇ ਮੂੰਹ 'ਚ ਜ਼ੁਬਾਨ ਵੀ ਨਹੀਂ ਹੁੰਦੀ, ਉਹ ਵੀ ਤੋਤੇ ਵਾਂਗ ਗੱਲਾਂ ਕਰਦਾ ਹੈ। 4-5 ਬੈਠੇ ਹੋਣ, ਹੁੰਗਾਰਾ ਭਰਨ ਵਾਲਾ ਕੋਈ ਨਹੀਂ, ਪੰਜੇ ਇਕੱਠੇ ਹੀ ਬੋਲੀ ਜਾਂਦੇ ਨੇ। ਜਿਹੜਾ ਸੋਫੀ ਹੈ ਉਹ ਕਹਿੰਦਾ ਹੈ ਕਿ ਇਨ੍ਹਾਂ ਨੂੰ ਕੀ ਹੋ ਗਿਆ, ਹੁੰਗਾਰਾ ਤਾਂ ਕੋਈ ਭਰਦਾ ਨਹੀਂ - ਉਹ ਉਸ ਤੋਂ ਉਚੀ, ਉਹ ਉਸ ਤੋਂ ਉਚੀ ਬੋਲੀ ਜਾਂਦਾ ਹੈ।

ਦੂਸਰਾ - ਜਦੋਂ ਪੀ ਲੈਂਦਾ ਹੈ ਤੇ ਜਿਹੜਾ ਮਾੜੇ ਤੋਂ ਮਾੜਾ ਬੰਦਾ ਹੈ, ਰਾਤ ਨੂੰ ਬਾਹਰ ਜਾ ਕੇ ਡਰਦਾ ਹੈ, ਉਹ ਕਹਿੰਦਾ, ਮੈਨੂੰ ਦਸਣਾ ਸੀ ਜਦੋਂ ਆਹ ਗੱਲ ਹੋਈ, ਫੇਰ ਦੇਖਦੇ ਮੇਰੇ ਹੱਥ। ਕਹਿੰਦੇ ਸ਼ੇਰ ਬਣ ਜਾਂਦਾ ਹੈ।

ਤੀਸਰਾ - ਜਦੋਂ ਪੀਂਦਾ ਹੈ ਫੇਰ ਕਹਿੰਦੇ ਗਧਾ ਬਣ ਜਾਂਦਾ ਹੈ ਉਹ। ਉਤੇ ਹੀ ਸੁੱਟੀ ਜਾਂਦਾ ਹੈ ਸਾਰਾ ਕੁਝ, ਦਾਲ ਵੀ ਉਤੇ ਹੀ ਗਿਰੀ ਜਾਏਗੀ, ਹੋਰ ਵੀ ਉਤੇ ਹੀ, ਸਭ ਕਪੜੇ ਖਰਾਬ ਕਰ ਲਏਗਾ।

ਚੌਥੀ ਹਾਲਤ ਇਸ ਦੀ ਹੁੰਦੀ ਹੈ ਜਦੋਂ ਬਹੁਤੀ ਪੀ ਜਾਂਦਾ ਹੈ ਫੇਰ ਮੁਰਦੇ ਵਾਂਗ ਹੋ ਜਾਂਦਾ ਹੈ, ਫੇਰ ਚਾਹੇ ਕੁੱਤੇ ਮੂੰਹ ਚੱਟੀ ਜਾਣ, ਚਾਹੇ ਘੜੀਸ ਕੇ ਪਰੇ ਨੂੰ ਕਰ ਦਿਓ - ਪਤਾ ਹੀ ਨਹੀਂ। ਇਥੇ ਮੈਂ ਇਕ ਦਿਨ ਦੀਵਾਨ ਲਾ ਕੇ ਆ ਰਿਹਾ ਸੀ, ਪੜੌਲ ਦੀ ਨਦੀ ਵਿਚ ਕੰਢੇ ਸੜਕ ਤੇ ਗਿਰਿਆ ਪਿਆ ਸੀ ਇਕ ਬੰਦਾ। ਕਾਰ ਦੀਆਂ ਲਾਈਟਾਂ ਘੱਟ ਸੀ ਤੇ ਮੈਨੂੰ ਇਵੇਂ ਲੱਗਿਆ ਕਿ ਪੱਥਰ ਰੱਖ ਦਿਤਾ ਕਿਸੇ ਨੇ ਕਿਉਂਕਿ ਉਸ ਦਾ ਉਰਲਾ ਪਾਸਾ ਹੀ ਦਿਸੇ, ਪੱਥਰ ਦੀ ਤਰ੍ਹਾਂ ਲਗਦਾ ਸੀ। ਮੈਂ ਨਾਲ ਦਿਆਂ ਨੂੰ ਉਤਾਰਿਆ, ਮੈਂ ਕਿਹਾ ਕਿ ਪੱਥਰ ਚੁਕੋ। ਉਹ ਉਤਰ ਕੇ ਗਏ, ਕਹਿੰਦੇ, ਜੀ ਪੱਥਰ ਨਹੀਂ ਇਹ ਤਾਂ ਬੰਦਾ ਪਿਆ ਹੈ।

ਮੈਂ ਕਿਹਾ, "ਜੀਉਂਦਾ ਹੈ?" ਉਹ ਗੱਲ ਸੁਣ ਕੇ ਬੋਲਿਆ, "ਮੇਰੇ ਉਤੇ ਦੀ ਹੀ ਲੰਘਾ ਲਓ ਕਾਰ, ਉਤੇ ਦੀ ਹੀ ਲੰਘਾ ਲਓ।"

ਲੱਤਾਂ ਤੋਂ, ਬਾਹਾਂ ਤੋਂ ਫੜ ਲਿਆ, ਚੁੱਕ ਕੇ 20-30 ਕਦਮਾਂ ਦੂਰ ਰੱਖ ਕੇ ਆਏ। ਨਾਲ ਸਾਈਕਲ, ਉਸ ਦੇ ਉਤੇ ਡਰੱਮ ਵਗੈਰਾ ਉਹ ਸਾਰੇ ਪਰੇ ਕਰਕੇ ਅਸੀਂ ਰੱਖ ਦਿਤੇ ਕਿ ਇਥੇ ਕੋਈ ਇਸ ਦੀ ਜੇਬ ਹੀ

ਨਾ ਫੋਲ ਲਵੇ। ਆਹ ਹਾਲਤ ਬੰਦੇ ਦੀ ਹੋ ਜਾਂਦੀ ਹੈ; ਚੰਗਾ ਭਲਾ ਬੰਦਾ ਉਪਦੇਸ਼ ਨਹੀਂ ਮੰਨਦਾ। ਉਹ ਕਹਿੰਦਾ ਜਿਹੜਾ ਕੁਝ ਮੈਂ ਜਾਣ ਲਿਆ, ਉਸ ਤੋਂ ਅੱਗੇ ਕੋਈ ਗੱਲ ਹੈ ਹੀ ਨਹੀਂ। ਮੇਰੀ ਗੱਲ ਜਾਣੀ ਹੋਈ ਸਹੀ ਹੈ। ਮਹਾਰਾਜ ਕਹਿੰਦੇ ਤੂੰ ਧਰਮਰਾਜ ਦੇ ਬਾਰੇ ਨਹੀਂ ਕਦੇ ਸੁਣਿਆ? ਤੈਨੂੰ ਪਤਾ ਹੈ ਉਥੇ ਜਾ ਕੇ ਕੀ ਬਣਦਾ ਹੈ? ਬਹੁਤ ਬੁਰੀ ਹਾਲਤ ਹੁੰਦੀ ਹੈ ਉਥੇ ਜਦੋਂ ਲੇਖਾ ਦੇਣਾ ਪੈਂਦਾ ਹੈ –

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥***
***ਸੰਨ੍ਹੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥*** ***ਪੰਨਾ – 315***

ਕਦੇ ਤਿਲ ਦੇਖੇ ਨੇ, ਸਰ੍ਹੋਂ ਦੇਖੀ ਹੈ ਕਿਵੇਂ ਪੀੜੀ ਜਾਂਦੀ ਹੈ? ਐਸ ਤਰ੍ਹਾਂ ਉਥੇ ਪੀੜ ਦੇਣਗੇ। ਹੁਣ ਤੂੰ ਗੱਲ ਨਹੀਂ ਮੰਨਦਾ। ਪਹਿਲਾਂ ਤਾਂ ਸੰਤਾਂ ਦੀ ਗੱਲ ਨਹੀਂ ਮੰਨਦਾ, ਹੁਣ ਤੂੰ ਆਪਣਾ ਕੀਤਾ ਪਾਉਂਦਾ ਹੈਂ, ਨਾਲੇ ਦੁਖੀ ਹੁੰਦਾ ਹੈਂ। ਜਦੋਂ ਤੈਨੂੰ ਅਗਲਾ ਜਨਮ ਮਿਲਣਾ ਹੈ, ਅਤਿ ਗਰੀਬ ਘਰ 'ਚ ਮਿਲਣਾ ਹੈ, ਸਰੀਰ ਚੰਗਾ ਨਹੀਂ ਮਿਲਣਾ, ਫੇਰ ਦੁਖੀ ਹੋਵੇਂਗਾ। ਹੁਣੇ ਹੀ ਸਮਝ ਜਾਹ, ਹੁਣੇ ਹੀ ਬੀਜ ਲੈ ਅੱਗੇ ਵਾਸਤੇ। ਪਰ ਬਾਤ ਨਹੀਂ ਸੁਣਦਾ ਕਿਉਂਕਿ ਆਪਣੀ ਅਕਲ ਨੂੰ ਵੱਡੀ ਗਿਣਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਉਹ ਡੱਡੂ ਹੰਸ ਨੂੰ ਕਹਿੰਦਾ ਹੈ ਕਿ ਜਾਹ ਓਏ ਝੂਠਿਆ! ਇਸ ਤੋਂ ਅੱਗੇ ਤਾਂ ਕੋਈ ਗੱਲ ਹੀ ਨਹੀਂ ਹੁੰਦੀ, ਏਦੂੰ ਗਾਹਾਂ ਤਾਂ ਕੋਈ ਚੀਜ਼ ਹੀ ਨਹੀਂ ਦੁਨੀਆਂ ਦੇ ਅੰਦਰ।

ਹੰਸ ਕਹਿੰਦਾ, ਪ੍ਰੇਮੀਆ! ਤੈਨੂੰ ਨਹੀਂ ਪਤਾ, ਜਿਥੇ ਅਸੀਂ ਰਹਿੰਦੇ ਹਾਂ ਉਹ ਬਹੁਤ ਵੱਡੀ ਚੀਜ਼ ਹੈ। ਉਹ ਕਹਿੰਦਾ, ਮੈਂ ਮੰਨਦਾ ਹੀ ਨਹੀਂ। ਉਹ ਵੀ ਸੱਚਾ ਸੀ ਕਿਉਂਕਿ ਉਸ ਨੂੰ ਉਸ ਤੋਂ ਅੱਗੇ ਪਤਾ ਹੀ ਨਹੀਂ ਸੀ। ਸੋ ਮਹਾਰਾਜ ਕਹਿੰਦੇ ਜੇ ਤੁਹਾਨੂੰ ਨਹੀਂ ਪਤਾ ਤਾਂ ਜਿਹੜੇ ਅਨੁਭਵੀ ਮਹਾਂਪੁਰਸ਼ ਨੇ, ਗੁਰੂ ਨੇ, ਜਿਹੜੇ ਅੱਖਾਂ ਦੇ ਨਾਲ ਦੇਖ ਕੇ ਫੇਰ ਬੋਲਦੇ ਨੇ –

ਸੰਤਾਂ ਦੀ ਗਵਾਹੀ ਸੱਚੀ ਹੁੰਦੀ ਹੈ, ਉਹ ਗਵਾਹੀ ਸੁਣ ਲੈ –

***ਸੰਤਨ ਕੀ ਸੁਣਿ ਸਾਚੀ ਸਾਖੀ॥***
***ਸੋ ਬੋਲਹਿ ਜੋ ਪੇਖਹਿ ਆਖੀ॥*** ***ਪੰਨਾ – 894***

ਜਿਹੜੀ ਗੱਲ ਅੱਖਾਂ ਨਾਲ ਦੇਖਦੇ ਨੇ, ਉਹੀ ਬੋਲਦੇ ਨੇ। ਹੁਣ ਅੱਖਾਂ ਨਾਲ ਦੇਖਿਆ ਹੋਇਆ ਹੈ, ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸਾਰੀਆਂ ਚੀਜ਼ਾਂ ਵਾਹਿਗੁਰੂ ਵਲੋਂ ਆਈਆਂ ਹੋਈਆਂ ਨੇ, ਜਿੰਨੀ ਬਾਣੀ ਹੈ –

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ॥***
***ਪੰਨਾ – 722***

ਪਰ ਮਜ਼ਾਲ ਹੈ ਸਾਡੇ ਉਤੇ ਕੋਈ ਅਸਰ ਹੋ ਜਾਵੇ, ਉਥੇ ਦੇ ਉਥੇ ਹੀ ਰਹਿੰਦੇ ਹਾਂ। ਮਹਾਰਾਜ ਕਹਿੰਦੇ ਪ੍ਰਮੇਸ਼ਰ ਨੂੰ ਭੁਲ ਨਾ – 24 ਘੰਟੇ। ਅਸੀਂ ਕਹਿੰਦੇ ਹਾਂ ਸਾਡੇ ਤਾਂ ਯਾਦ ਹੀ ਨਹੀਂ ਹੁੰਦਾ – ਪੜ੍ਹੇ-ਲਿਖੇ, ਗੁਰੂ ਘਰ 'ਚ ਆਉਣ ਵਾਲੇ ਐਸਾ ਕਹਿੰਦੇ ਹਨ।

ਸੋ ਇਸ ਤਰ੍ਹਾਂ ਸਾਧ-ਸੰਗਤ ਜੀ ਸਾਰੇ ਮਹਾਂਪੁਰਸ਼ ਹੈਰਾਨ ਨੇ ਕਿ ਇਨ੍ਹਾਂ ਦੇ ਹਿਤ ਦੀਆਂ ਗੱਲਾਂ ਦੱਸੀਆਂ ਨੇ ਪਰ ਇਹ ਅਮਲ ਨਹੀਂ ਕਰਦੇ। ਜੇ ਬਾਬਾ ਜੀ ਕਹਿੰਦਾ ਹੈ ਕਿ ਸ਼ਰਾਬ ਨਾ ਪੀਓ, ਬਾਬਾ ਜੀ ਨੇ ਕੀ ਲੈਣਾ ਹੈ? ਉਹ ਪੈਸੇ ਜਿਹੜੇ ਤੁਹਾਡੇ ਸ਼ਰਾਬ ਨਾ ਪੀਣ ਨਾਲ ਬਚਣੇ ਨੇ, ਉਹ ਬਾਬਾ ਜੀ ਨੇ ਤਾਂ ਨਹੀਂ ਲੈਣੇ, ਉਹ ਤਾਂ ਐਨਾ ਹੀ ਚਾਹੁੰਦੇ ਨੇ ਕਿ ਇਸ ਦਾ ਮਾਨਸ ਜਨਮ ਰੁੜ੍ਹਿਆ ਜਾ ਰਿਹਾ ਹੈ, ਕਿਵੇਂ ਬਚਾਉ ਹੋ ਜਾਵੇ ਪਰ ਇਸ ਨੂੰ ਨਹੀਂ ਪਤਾ, ਇਸ ਦੇ ਗੱਲ ਸਮਝ ਵਿਚ ਨਹੀਂ ਆਉਂਦੀ, ਮੰਨਣ ਨੂੰ ਤਿਆਰ ਨਹੀਂ ਹੁੰਦਾ। ਅਖੀਰ ਦੇ ਉਤੇ ਮਹਾਂਪੁਰਸ਼ਾਂ ਨੂੰ ਇਹ ਕਹਿਣਾ ਪੈਂਦਾ ਹੈ –

*ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ*
*ਦਿੱਤੀਆਂ ਬਾਂਗਾਂ ਤੋਂ ਨਾ ਜਾਗਦੇ -2, 2.*
*ਬਾਂਗਾਂ ਤੋਂ ਨਾ ਜਾਗਣ,*
*ਦਿਤੀਆਂ ਬਾਂਗਾਂ ਤੋਂ ਨਾ ਜਾਗਦੇ -2, 2.*
*ਭਾਗ ਜਿਨ੍ਹਾਂ ਦੇ ਮੰਦੇ,............ 2.*

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥*** *ਪੰਨਾ - 1378*

ਕਿੱਡਾ ਤਕੜਾ ਲਾਊਡ-ਸਪੀਕਰ ਲਾਇਆ ਹੋਇਆ ਹੈ, ਕੰਨ ਪਾੜਦਾ ਹੈ, ਪਰ ਹੈਰਾਨੀ ਦੀ ਗੱਲ ਹੈ ਸਾਰੇ ਮਹਾਤਮਾ, ਧਰਮ-ਗ੍ਰੰਥ ਉਪਦੇਸ਼ ਦਿੰਦੇ ਨੇ ਪਰ ਮਜਾਲ ਹੈ ਜੇ ਚਿਤ ਫੇਰ ਲਏ, ਉਥੇ ਦਾ ਉਥੇ ਹੀ ਰਹਿੰਦਾ ਹੈ। ਸੋ ਆਹ ਤਕਲੀਫ ਹੈ ਬੜੀ ਵੱਡੀ ਸਾਧ-ਸੰਗਤ ਜੀ! ਇਸੇ ਕਰਕੇ ਸਾਡੇ ਸੰਕਟ ਦੂਰ ਨਹੀਂ ਹੁੰਦੇ, ਕਲੇਸ਼ ਦੂਰ ਨਹੀਂ ਹੁੰਦੇ। ਮਹਾਰਾਜ ਕਹਿੰਦੇ ਜੇ ਕਲੇਸ਼ ਦੂਰ ਕਰਨੇ ਨੇ ਤਾਂ ਤੂੰ ਵਾਹਿਗੁਰੂ ਨੂੰ ਯਾਦ ਰੱਖਣਾ ਸ਼ੁਰੂ ਕਰ ਲੈ, ਸਾਰੇ ਹੀ ਕਲੇਸ਼ਾਂ ਦਾ ਖਾਤਮਾ ਹੋ ਜਾਏਗਾ, ਇਕ ਵੀ ਨਹੀਂ ਰਹੇਗਾ -

***ਸਿਮਰਉ ਸਿਮਰਿ ਸਿਮਰਿ ਸੁਖ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥*** *ਪੰਨਾ - 262*

ਨਾਲੇ ਤਨ ਦੇ ਦੁਖ ਚਲੇ ਜਾਣਗੇ ਤੇ ਨਾਲੇ ਮਨ ਦੇ ਚਲੇ ਜਾਣਗੇ। ਅੱਖਾਂ ਨਾਲ ਦੇਖਣ ਤੋਂ ਬਾਅਦ, ਪ੍ਰਤਾਵਾ ਲੈਣ ਤੋਂ ਬਾਅਦ ਮਨੁੱਖ ਇਹੋ-ਜਿਹਾ ਹੈ ਕਿ ਫੇਰ ਵੀ ਭੁਲ ਜਾਂਦਾ ਹੈ। ਇਥੇ ਇਹੋ-ਜਿਹੇ ਭਿਆਨਕ ਰੋਗਾਂ ਵਾਲੇ ਰਾਜ਼ੀ ਹੋਏ ਨੇ - ਪਾਠ ਕਰਕੇ ਜਿਨ੍ਹਾਂ ਨੂੰ ਡਾਕਟਰਾਂ ਨੇ ਜਵਾਬ ਦੇ ਦਿਤਾ ਸੀ ਤੇ ਜੇ ਗੱਲ ਕੀਤੀ ਜਾਵੇ ਤਾਂ ਕੋਈ ਮੰਨਣ ਵਾਸਤੇ ਤਿਆਰ ਨਹੀਂ ਹੁੰਦਾ ਕਿ ਝੂਠ ਬੋਲਦੇ ਨੇ। ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਤੇ ਸ਼ਕਤੀ ਆਪ ਅਜ਼ਮਾਅ ਕੇ ਦੇਖ ਲਈ, ਜਦੋਂ ਰਾਜ਼ੀ ਹੋ ਗਏ, ਉਥੇ ਦੇ ਓਥੇ ਫੇਰ ਚਲੇ ਗਏ; ਕਿਧਰੇ ਰੱਬ ਗਿਆ, ਕਿਧਰੇ ਨਾਮ ਗਿਆ, ਕਿਧਰੇ ਬਾਣੀ ਗਈ, ਕਿਧਰੇ ਸੇਵਾ ਗਈ। ਚਾਹੀਦਾ ਤਾਂ ਇਹ ਸੀ ਕਿ ਜੇ ਇਹ ਐਨੀ ਕੀਮਤੀ ਚੀਜ਼ ਹੈ ਫੇਰ ਮੈਂ ਦੁਨੀਆਂ ਤੋਂ ਕੀ ਲੈਣਾ ਹੈ; ਮੈਂ ਦਿਨ-ਰਾਤ ਬੰਦਗੀ ਕਰਾਂਗਾ। ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਨਾਮ ਵਿਚ ਐਨੀ ਸ਼ਕਤੀ ਹੈ। ਉਹ ਵੀ ਸਭ ਭੁਲ ਜਾਂਦਾ ਹੈ, ਸਭ ਕੁਝ ਦੇਖ ਕੇ ਵੀ ਆਦਮੀ ਭੁਲਦਾ ਹੈ। ਸੋ ਇਸ ਦੇ ਵਿਚ ਉਪਦੇਸ਼ ਦੇਣ ਵਾਲੇ ਤਾਂ ਦੇਈ ਜਾਂਦੇ ਨੇ, ਸੁਣਨ ਵਾਲੇ ਸੁਣੀ ਜਾਂਦੇ ਨੇ ਪਰ ਇਹ ਗੱਲ ਪੱਕੀ ਹੈ ਕਿ -

***ਸੰਤਹੁ ਸਾਗਰੁ ਪਾਰਿ ਉਤਰੀਐ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥*** *ਪੰਨਾ - 747*

ਬਚਨ ਕਮਾ ਲਓ। ਸੰਤ ਜੋ ਗੱਲ ਕਰਦੇ ਨੇ, ਸਾਰੇ ਜਹਾਨ ਵਾਸਤੇ ਸਾਂਝੀ ਹੁੰਦੀ ਹੈ; ਗੱਲ ਕਿਸੇ ਦੀ ਕਰਨਗੇ ਤੇ ਹੋਏਗੀ ਸਾਡੇ ਨਾਲ ਸਾਂਝੀ। ਸੋ ਸਤਿਸੰਗ ਏਹੀ ਚੀਜ਼ ਹੋਇਆ ਕਰਦਾ ਹੈ। ਕੋਈ ਬਚਨ ਚਲ ਰਿਹਾ ਹੈ ਇਕ ਦੇ ਨਾਲ, ਉਹ ਸਾਰਿਆਂ ਵਾਸਤੇ ਹੀ ਸਾਂਝਾ ਹੁੰਦਾ ਹੈ। ਸੋ ਬੇਨਤੀ ਕੀਤੀ ਸੀ ਕਿ -

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥*** *ਪੰਨਾ - 855*

ਉਨ੍ਹਾਂ ਦੀ ਕਥਾ ਕਿਉਂ ਨਿਆਰੀ ਹੈ? ਕਿਉਂਕਿ ਉਹ ਵਾਹਿਗੁਰੂ ਨੂੰ ਭਾਏ ਹੋਏ ਨੇ, ਪਰਵਾਨ ਹੋਏ ਹੋਏ ਨੇ। ਸਾਡੀ ਕਥਾ ਕਿਉਂ ਨਹੀਂ ਨਿਆਰੀ ਕਿਉਂਕਿ ਅਸੀਂ ਪਰਵਾਨ ਨਹੀਂ ਹਾਂ, ਖੋਟੇ ਸਿੱਕੇ ਹਾਂ, ਅਸੀਂ ਬਾਹਰ ਸੁੱਟੇ ਹੋਏ ਹਾਂ। ਜਿਹੜਾ ਖੋਟਾ ਸਿੱਕਾ ਹੈ ਉਸ ਨੂੰ ਤਾਂ ਕੋਈ ਜੇਬ 'ਚ ਵੀ ਨਹੀਂ ਰੱਖਦਾ ਕਿ ਜੇਬ ਹੀ ਫਾੜਦਾ ਹੈ ਵਾਧੂ। ਉਹ ਪਰਵਾਨ ਹੋਏ ਹੋਏ ਨੇ ਤੇ ਉਨ੍ਹਾਂ ਦੀਆਂ ਜਿਹੜੀਆਂ ਗੱਲਾਂ-ਬਾਤਾਂ ਨੇ ਉਹ ਬਿਲਕੁਲ ਨਿਆਰੀਆਂ ਹੁੰਦੀਆਂ ਨੇ - ਸਾਡੇ ਨਾਲੋਂ, ਸੰਸਾਰ ਨਾਲੋਂ, ਤੇ ਦੂਜਾ ਇਹ ਹੈ ਕਿ ਉਹ ਜੰਮਣ ਮਰਨ ਦੇ ਚੱਕਰ 'ਚ ਨਹੀਂ ਆਉਂਦੇ -

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ ਪੰਨਾ - 749***

ਸੋ ਪਿਛਲੇ ਸਤਿਸੰਗ ਵਿਚ ਇਕ ਵਾਰਤਾ ਚੱਲ ਰਹੀ ਸੀ। ਜਿਹੜੇ ਪ੍ਰੇਮੀ ਉਸ ਵਿਚ ਹਾਜ਼ਰ ਸਨ, ਉਨ੍ਹਾਂ ਦੇ ਸ਼ਾਇਦ ਕਿਸੇ ਦੇ ਯਾਦ ਹੋਵੇ ਕਿ ਕੀ ਕਿਹਾ ਸੀ। 'ਸ਼ਾਇਦ' ਮੈਂ ਇਸ ਕਰਕੇ ਕਹਿੰਦਾ ਹਾਂ ਕਿ ਮੈਂ ਪ੍ਰਤਿਆ ਕੇ ਦੇਖਿਆ ਹੈ ਕਿ 3 ਘੰਟੇ ਬੋਲਣ ਤੋਂ ਬਾਅਦ ਜੇ ਮੈਂ ਪੁਛਦਾ ਹਾਂ ਕਿ ਮੈਂ ਕੀ ਕਿਹਾ ਸੀ 3 ਘੰਟੇ ਕਦੇ ਧਰਤੀ ਵੱਲ ਨੂੰ ਦੇਖਣਗੇ, ਕਦੇ ਏਧਰ ਨੂੰ, ਕਦੇ ਓਧਰ ਨੂੰ, ਕਦੇ ਉਤੇ ਨੂੰ। ਇਕ ਵੀ ਆਦਮੀ ਪੰਜ ਮਿੰਟ ਨਹੀਂ ਬੋਲ ਸਕਦਾ। ਕੋਈ ਵਿਰਲਾ ਹੈ ਸਾਧ-ਸੰਗਤ ਜੀ! ਜਿਹੜਾ ਦਿਲ ਨੂੰ ਲਾਉਂਦਾ ਹੈ। ਬਾਕੀ ਤਾਂ ਇਸ ਨੂੰ ਦਿਲ ਪਰਚਾਵਾ ਹੀ ਸਮਝਦੇ ਹਨ -

***ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥ ਪੰਨਾ - 335***

ਇਹ ਕੋਈ ਮਨੋਰੰਜਨ ਦਾ ਸਾਧਨ ਨਹੀਂ ਹੈ। ਇਹ ਤਾਂ ਜੀਵ ਦੇ ਤਰਨ ਦਾ ਸਾਧਨ ਹੈ ਕਿ ਕਿਵੇਂ ਇਸ ਦਾ ਛੁਟਕਾਰਾ ਹੋ ਸਕਦਾ ਹੈ। ਇਕ-ਇਕ ਗੱਲ ਜੇ ਧਿਆਨ ਵਿਚ ਲਿਆ ਕੇ ਪੱਕੀ ਕਰ ਲਈ ਜਾਵੇ ਤਾਂ ਛੁਟਕਾਰਾ ਹੋ ਜਾਂਦਾ ਹੈ - ਦੁਖਾਂ ਤੋਂ, ਸਰੀਰਕ ਦੁਖਾਂ ਤੋਂ।

ਬਾਰ-ਬਾਰ ਕਹਿੰਦੇ ਨੇ ਕਿ ਬਾਬਾ ਜੀ! ਮੇਰਾ ਆਹ ਦੁਖ ਨਹੀਂ ਹਟਦਾ। ਮੈਂ ਕਹਿੰਦਾ ਹਾਂ ਕਿ ਸੇਵਾ ਕਰੋ, ਨਾਮ ਜਪੋ, ਹਟ ਜਾਏਗਾ। ਜੀ! ਅਸੀਂ ਤਾਂ ਪੜ੍ਹੇ ਹੋਏ ਨਹੀਂ, ਮੇਰੇ ਤਾਂ ਜੀ ਬੱਚੇ ਛੋਟੇ ਨੇ; ਸੌ ਬਹਾਨਾ ਲਾਉਣਗੇ।

ਫੇਰ ਮੈਂ ਕਹਿ ਦਿੰਦਾ ਹਾਂ ਕਿ ਚੰਗਾ ਫੇਰ ਪੀ.ਜੀ.ਆਈ. ਚਲੇ ਜਾਓ। ਦੇਖ ਲਓ ਜਿਹੜਾ ਦੋਨਾਂ ਕੰਮਾਂ ਵਿਚੋਂ ਸੁਖਾਲਾ ਲਗਦਾ ਹੈ, ਉਹ ਕਰ ਲਉ। ਇਕ ਥਾਂ ਤਾਂ ਜਾਣਾ ਹੀ ਹੈ। ਉਹ ਗੱਲ ਸਮਝ 'ਚ ਨਹੀਂ ਆਉਂਦੀ, ਸਭ ਕੁਝ ਸਮਝ ਕੇ ਵੀ ਸਮੱਸਿਆ ਬਣੀ ਰਹਿੰਦੀ ਹੈ। ਮੈਂ ਹੈਰਾਨ ਹੁੰਦਾ ਹਾਂ ਕਿ ਇਹ ਇਨ੍ਹਾਂ ਦੇ ਹਿਤ ਦੀ ਗੱਲ ਹੈ, ਇਹ ਵੀ ਨਹੀਂ ਸਮਝਦੇ। ਸੋ ਪਤਾ ਨਹੀਂ ਲਗਦਾ। ਸੋ ਜਿਨ੍ਹਾਂ ਨੂੰ ਧਿਆਨ ਹੁੰਦਾ ਹੈ ਉਹ ਗੱਲ ਨੂੰ ਧਿਆਨ ਨਾਲ ਸੁਣ ਕੇ ਪੱਲੇ ਬੰਨ੍ਹ ਲੈਂਦੇ ਨੇ ਤੇ ਆਪਣਾ ਜੀਵਨ ਓਸੇ ਵੇਲੇ ਬਦਲਾਅ ਲੈਂਦੇ ਨੇ ਤੇ ਇਸੇ ਕਰਕੇ ਉਨ੍ਹਾਂ ਦੀ ਕਥਾ ਨਿਆਰੀ ਹੁੰਦੀ ਹੈ। ਇਕ ਨੂੰ ਸਾਰੀ ਜ਼ਿੰਦਗੀ ਰੌਲਾ ਪਾਈ ਜਾਓ, ਨਹੀਂ ਸਮਝ 'ਚ ਆਉਂਦਾ, ਇਕ ਮਿੰਟਾਂ ਵਿਚ ਹੀ ਸਮਝ ਜਾਂਦੇ ਨੇ।

ਇਕ ਵਾਰ ਇਕ ਕਥਾ ਹੋ ਰਹੀ ਸੀ ਕਿਤੇ, ਬਹੁਤ ਚੰਗੇ ਮਹਾਂਪੁਰਸ਼ ਸੀ। ਕੋਈ ਬੰਦਾ ਆਪਣੇ ਰਸਤੇ ਤੁਰਿਆ ਜਾਂਦਾ ਸੀ ਤੇ ਉਸ ਨੇ ਦੇਖਿਆ ਕਿ ਬਹੁਤ ਇਕੱਠ ਹੋਇਆ ਹੋਇਆ ਹੈ। ਉਸ ਨੇ ਪੁਛਿਆ ਕਿ ਕੀ ਗੱਲ ਹੈ, ਇਥੇ ਇਕੱਠ ਕਿਉਂ ਹੈ? ਉਸਨੂੰ ਦੱਸਿਆ ਕਿ ਇਥੇ ਸਤਿਸੰਗ ਹੋ ਰਿਹਾ ਹੈ। ਉਹ ਪ੍ਰੇਮੀ ਕਹਿਣ ਲੱਗਿਆ ਕਿ ਕੁਦਰਤੀ ਤੂੰ ਆਇਆ ਹੈਂ, ਤੂੰ ਵੀ ਸੁਣ ਲੈ ਦੋ ਘੜੀਆਂ ਕਿਉਂਕਿ ਸਤਿਸੰਗ ਤਾਂ ਚਾਹੇ ਥੋੜ੍ਹਾ ਹੀ ਕਰ ਲਉ, ਉਸ ਦਾ ਵੀ ਫਲ ਹੈ -

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥***
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥ ਪੰਨਾ - 1377***

ਮਨ ਚਿਤ ਲਾ ਕੇ ਸੁਣ ਲਓ। ਥੋੜ੍ਹਾ ਜਿਹਾ ਸਤਿਸੰਗ ਕੀਤਾ ਹੋਇਆ ਬੇਅੰਤ ਫਲ ਦੇ ਦਿੰਦਾ ਹੈ। ਉਹ ਵੀ ਬੈਠ ਗਿਆ ਤੇ ਮਹਾਤਮਾ ਇਹ ਗੱਲ ਦਸਦੇ ਸੀ ਕਿ ਇਹ ਜਿਹੜਾ ਮਨੁੱਖ ਹੈ ਇਹ ਚੌਰਾਸੀ ਲੱਖ ਜੂਨਾਂ ਵਿਚੋਂ ਘੁੰਮਦਾ ਆਇਆ ਹੈ - ਕੁੱਤੇ, ਬਿੱਲੇ, ਘੋੜੇ ਬਣਦਾ ਹੋਇਆ। ਅੱਗੇ ਦੱਸਿਆ ਕਿ ਇਹ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਪੰਨਾ - 12***

ਜਿਹੜੇ ਕੰਮਾਂ ਵਿਚ ਲੱਗ ਕੇ ਤੂੰ ਜ਼ਿੰਦਗੀ ਬਰਬਾਦ ਕਰਦਾ ਹੈਂ ਉਹ ਕੌਡੀ ਦੇ ਕੰਮ ਦੇ ਨਹੀਂ ਹਨ ਕਿਉਂਕਿ ਉਹ ਤੇਰੇ ਨਾਲ ਨਹੀਂ ਜਾਣੇ। ਜੇ ਕਹੇਂ ਕਿ ਰੋਟੀ-ਪਾਣੀ ਹੀ ਤਾਂ ਮਿਲਦਾ ਹੈ। ਉਹ ਤਾਂ ਪ੍ਰੇਮੀਆਂ ਤੂੰ ਬੀਜ ਕੇ ਆਇਆ ਹੋਇਆ ਹੈਂ, ਤਾਂ ਮਿਲਦਾ ਹੈ; ਜਿਸ ਨੇ ਨਹੀਂ ਬੀਜਿਆ ਉਹ ਲੈ ਕੇ ਦਿਖਾਵੇ ਤਾਂ, ਤੋਟਾ ਪਿਆ ਰਹਿੰਦਾ ਹੈ, ਕੰਮ ਹੀ ਨਹੀਂ ਚਲਦੇ, ਵਿਘਨ ਪਈ ਜਾਂਦੇ ਨੇ, ਹਾਦਸੇ ਹੋਈ ਜਾਂਦੇ ਨੇ, ਘਾਟੇ ਪਈ ਜਾਂਦੇ ਨੇ। ਫੇਰ ਕਹਿੰਦੇ ਨੇ ਕਿ ਕੰਮ ਨਹੀਂ ਚਲਦਾ; ਦੁਧ ਦਾ ਕੰਮ ਕਰਿਆ ਸੀ, ਚੱਲਿਆ ਨਹੀਂ। ਭਾਈ! ਬੀਜਿਆ ਨਹੀਂ ਤੂੰ। ਹੁਣ ਬੀਜ ਲੈ ਨਾਲ ਦੀ ਨਾਲ ਥੋੜ੍ਹਾ-ਥੋੜ੍ਹਾ, ਕਿਤੇ ਸਮਾਂ ਆ ਜਾਏਗਾ ਕੰਮ ਚੱਲ ਪਏਗਾ। ਤੇ ਜਿਹੜਾ ਤੂੰ ਖਾਂਦਾ ਹੈਂ, ਪੀਂਦਾ ਹੈਂ, ਇਹ ਤਾਂ ਤੇਰੇ ਮੱਥੇ 'ਚ ਲਿਖਿਆ ਹੋਇਆ ਹੈ ਪ੍ਰਮੇਸ਼ਰ ਨੇ। ਜਿਹੜੇ ਤੂੰ ਕੰਮਾਂ 'ਚ ਲਗਿਆ ਹੋਇਆ ਹੈਂ, ਕਦੇ ਵਿਚਾਰ ਕੇ ਦੇਖ ਕਿ ਮੈਂ 4 ਕੋਠੀਆਂ ਪਾ ਲਈਆਂ, ਮੈਂ ਫਲਾਣੇ ਥਾਂ ਐਨੇ ਪਲਾਟ ਲੈ ਲਏ, ਇਹ ਤੇਰੇ ਨਾਲ ਵੀ ਜਾਣਗੇ? ਜਦੋਂ ਤੂੰ ਚੜ੍ਹਾਈ ਕਰਨੀ ਹੈ, ਮਰਨਾ ਹੈ ਤਾਂ ਲੱਕ ਨਾਲ ਬੰਨ੍ਹ ਲਈਂ ਸੰਗਲ ਪਾ-ਪਾ ਕੇ, ਕਿ ਕੋਠੀਆਂ ਮੇਰੇ ਨਾਲ ਭੇਜੋ। ਕਦੇ ਜਾ ਸਕਦੀਆਂ ਹਨ ਕਿਸੇ ਤਰੀਕੇ ਨਾਲ? ਮਹਾਰਾਜ ਕਹਿੰਦੇ ਐਡਾ ਗਾਫਲ ਹੁਣ ਕਿਵੇਂ ਜਾ ਰਿਹਾ ਹੈ ਜਨਮ ਗਵਾ ਕੇ ਸੰਸਾਰ ਵਿਚੋਂ। ਸਾਡੀ ਗੱਲ ਮੰਨ ਲੈ -

***ਅਵਰਿ ਕਾਜ ਤੇਰੈ ਕਿਤੈ ਨ ਕਾਮ॥*** ***ਪੰਨਾ - 12***

ਨਿਕੰਮੇ, ਫਜ਼ੂਲ ਕੰਮ ਕਰਦਾ ਹੈਂ ਤੂੰ -

***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*** ***ਪੰਨਾ - 12***

ਸੰਤਾਂ ਦੀ ਸੰਗਤ ਵਿਚ ਚਲਿਆ ਜਾਹ, ਤੇ ਉਥੇ ਜਾ ਕੇ ਗੱਪਾਂ ਨਾ ਮਾਰੀਂ, ਨਾਮ ਜਪੀਂ -

***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥*** ***ਪੰਨਾ - 12***

ਲੱਕ ਬੰਨ੍ਹ ਲੈ ਏਸ ਚੀਜ਼ ਨੂੰ ਕਰਨ ਵਾਸਤੇ, ਕਿਉਂਕਿ ਜਿਹੜਾ ਸਮਾਂ ਪਹਿਲਾਂ ਲੰਘ ਗਿਆ, ਉਹ ਲੰਘ ਗਿਆ; ਜਿਹੜਾ ਬਾਕੀ ਦਾ ਹੈ ਉਹ ਵੀ ਮਾਇਆ ਦੇ ਪਿਆਰ ਵਿਚ, ਬਾਲ-ਬੱਚਿਆਂ ਦੇ ਪਿਆਰ ਵਿਚ, ਕੋਠੀਆਂ ਦੇ ਪਿਆਰ ਵਿਚ, ਜ਼ਮੀਨਾਂ-ਜਾਇਦਾਦਾਂ ਦੇ ਪਿਆਰ ਵਿਚ ਲੰਘ ਜਾਣਾ ਹੈ। ਇਸ ਤੋਂ ਬਾਅਦ ਸੰਤਾਂ ਨੇ ਕਥਾ ਦਾ ਭੋਗ ਪਾ ਦਿਤਾ। ਉਹ ਪ੍ਰੇਮੀ ਉਥੇ ਹੀ ਬੈਠਾ ਸੋਚੀ ਜਾਂਦਾ ਹੈ ਕਿ ਮਨਾ! ਮੈਂ ਤਾਂ ਇਹ ਗੱਲ ਹੀ ਨਹੀਂ ਸੀ ਸੁਣੀ ਅੱਜ ਤੱਕ। ਉਸ ਵੇਲੇ ਦੋ ਅਵਸਥਾਵਾਂ ਹੁੰਦੀਆਂ ਹਨ - ਇਕ ਤਾਂ ਸੁਣਨ ਦੀ ਹੁੰਦੀ ਹੈ। ਸੁਣ ਲਿਆ ਪੂਰੀ ਤਰ੍ਹਾਂ, ਮੰਨ ਲਿਆ ਨਿਹਚੇ ਨਾਲ; ਤੁਸੀਂ ਵੀ ਸੁਣ ਰਹੇ ਹੋ ਸਾਰੇ, ਇਸ ਦਾ ਬੜਾ ਭਾਰਾ ਫਲ ਹੁੰਦਾ ਹੈ। ਸੁਣਨ ਦਾ ਹੀ ਫਲ ਮਹਾਰਾਜ ਕਹਿੰਦੇ ਨੇ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*** ***ਪੰਨਾ - 546***

ਫੇਰ ਜਿਹੜੇ ਗਾਉਂਦੇ ਨੇ ਉਹਨਾਂ ਦਾ ਵੀ ਅੱਧੋ-ਅੱਧ ਕਰ ਦੇਈਏ ਤਾਂ ਅੱਧਾ ਫਲ ਤਾਂ ਮਿਲਿਆ ਹੀ। ਜੇ ਕਈ ਕੋਟਕ ਹੈ, ਜੇ ਪੰਜਾਹ ਕਰੋੜ ਯੱਗ ਹੋਵੇ ਤਾਂ ਪੱਚੀ ਕਰੋੜ ਤਾਂ ਸੁਣਨ ਨਾਲ ਫਲ ਹੋ ਹੀ ਗਿਆ, ਜੇ ਨਹੀਂ ਵੀ ਗਾਉਂਦਾ, ਚਲ ਠੀਕ ਹੈ।

ਫੇਰ ਦੂਜਾ ਹੁੰਦਾ ਹੈ ਮੰਨ ਲੈਣਾ, ਮੰਨਣ ਨਾਲ ਬਹੁਤ ਵੱਡਾ ਫਲ ਹੁੰਦਾ ਹੈ। ਸੋ ਉਹ ਸਤਿਸੰਗ ਵਿਚ ਆਇਆ ਨਵਾਂ ਬੰਦਾ, ਮੰਨ ਕੇ ਉਥੇ ਹੀ ਬੈਠਾ ਰਿਹਾ, ਹੋਰ ਸਾਰੇ ਚਲੇ ਗਏ, ਮਹਾਤਮਾ ਬੈਠੇ ਨੇ। ਕਹਿੰਦੇ, "ਪ੍ਰੇਮੀਆਂ! ਤੂੰ ਕਿਵੇਂ ਬੈਠਾ ਹੈਂ?"

"ਮਹਾਰਾਜ! ਮੇਰੀਆਂ ਤਾਂ ਤੁਸੀਂ ਅੱਖਾਂ ਖੋਲ੍ਹ ਦਿਤੀਆਂ, ਮੈਂ ਤਾਂ ਅੰਨ੍ਹਾਂ ਸੀ। ਮੈਨੂੰ ਹੁਣ ਅੱਗੇ ਰਸਤੇ ਪਾਓ ਕਿ ਮੈਂ ਕੀ ਕਰਾਂ। ਮੈਂ ਜਾ ਰਿਹਾ ਸੀ ਤੇ ਘੋੜਾ ਮੇਰੇ ਕੋਲ ਹੈ; ਮੈਂ ਨਹੀਂ ਹੁਣ ਜਾਣਾ ਕਿਤੇ, ਮੈਨੂੰ ਰਾਹ ਪਾਓ।"

"ਦੇਖ! ਪੂਰਨ ਮਹਾਂਪੁਰਸ਼ਾਂ ਤੋਂ ਬਗੈਰ ਰਾਹ ਨਹੀਂ ਮਿਲਿਆ ਕਰਦਾ।" ਉਨ੍ਹਾਂ ਦਿਨਾਂ ਵਿਚ ਜੰਗਲਾਂ ਦੇ ਵਿਚ ਮਹਾਂਪੁਰਸ਼ਾਂ ਦੇ ਆਸ਼ਰਮ ਹੁੰਦੇ ਸਨ - ਇਕਾਂਤ ਥਾਂਵਾਂ ਤੇ, ਇਸ ਕਰਕੇ ਕਿ ਆਵਾਜਾਈ ਘੱਟ ਹੁੰਦੀ ਸੀ ਤੇ ਉਥੇ ਬੰਦਗੀ ਕਰਨ ਲਈ ਬਹੁਤ ਸ਼ਾਂਤੀ ਹੁੰਦੀ ਸੀ।

"ਐਸਾ ਕੋਈ ਥਾਂ ਭਾਲ ਲੈ, ਕਿਸੇ ਮਹਾਤਮਾ ਕੋਲ ਚਲਿਆ ਜਾਹ, ਉਪਦੇਸ਼ ਲੈ ਲੈ, ਉਸ ਦੀ ਕਮਾਈ ਕਰ, ਫੇਰ ਤੇਰਾ ਉਧਾਰ ਹੋ ਜਾਏਗਾ।"

ਘੋੜਾ ਮਹਾਤਮਾ ਨੂੰ ਹੀ ਦੇ ਕੇ ਆਪ ਚਲਿਆ ਗਿਆ। ਚੌਦਾਂ ਸਾਲ ਬਾਅਦ ਦੁਬਾਰਾ ਫੇਰ ਉਥੋਂ ਦੀ ਲੰਘਿਆ ਜਾਂਦਾ ਹੈ। ਉਸ ਵੇਲੇ ਬੜੀ ਉਚੀ ਅਵਸਥਾ ਪ੍ਰਾਪਤ ਹੋਈ ਹੋਈ ਹੈ, ਅਨੁਭਵ ਖੁਲ੍ਹ ਗਿਆ ਤੇ ਮਹਾਤਮਾ ਦੇ ਰੂਪ ਵਿਚ ਜਾ ਰਿਹਾ ਹੈ। ਉਥੋਂ ਦੀ ਜਦੋਂ ਲੰਘਿਆ, ਫੇਰ ਕਥਾ ਹੋ ਰਹੀ ਹੈ। ਬੰਦੇ ਜਿਹੜੇ ਉਦੋਂ ਸੀ, ਉਹ ਪਛਾਣ ਲਏ ਕਿ ਇਹ ਅੱਗੇ ਵੀ ਮੈਂ ਦੇਖੇ ਹੋਏ ਨੇ ਜਦੋਂ ਮੈਂ ਇਥੇ ਸੀ; ਐਨਾ ਕੁ ਫਰਕ ਪੈ ਗਿਆ ਕਿ ਉਦੋਂ ਕਾਲੇ ਦਾੜ੍ਹੇ ਸੀ ਤੇ ਹੁਣ ਚਿੱਟੇ ਹੋ ਗਏ।

ਕਹਿੰਦਾ, "ਤੁਸੀਂ ਵੀ ਗਏ ਸੀ ਬੰਦਗੀ ਕਰਨ?"

"ਨਾਂ! ਅਸੀਂ ਕਿਥੇ ਜਾਣਾ ਸੀ?"

"ਮੈਂ ਤਾਂ 14 ਸਾਲ ਪਹਿਲਾਂ ਕਥਾ ਸੁਣੀ ਸੀ।"

"ਅਸੀਂ ਵੀ ਸੁਣੀ ਸੀ, ਮਹਾਤਮਾ ਜਦ ਆਏ ਹੋਏ ਸੀ, ਫੇਰ ਵੀ ਆਉਂਦੇ ਰਹੇ ਨੇ, ਹਰ ਸਾਲ ਆਉਂਦੇ ਸੀ। ਬੜੀ ਵਧੀਆ ਲਗਦੀ ਹੈ ਇਨ੍ਹਾਂ ਦੀ ਕਥਾ ਤੇ ਅਸੀਂ ਹੁੰਮ-ਹੁੰਮਾ ਕੇ ਸੁਣਦੇ ਹਾਂ, ਬੜੇ ਇਕੱਠ ਕਰਦੇ ਹਾਂ।"

"ਤੁਸੀਂ ਸੁਣੀ ਹੀ ਜਾਂਦੇ ਹੋ?"

"ਹਾਂ! ਸੁਣਦੇ ਹਾਂ, ਬਹੁਤ ਅਨੰਦ ਆਉਂਦਾ ਹੈ।"

"ਮੈਂ ਤਾਂ ਇਕੋ ਦਿਨ ਸੁਣੀ ਸੀ, ਮੈਂ ਤਾਂ ਮੁੜ ਕੇ ਨਹੀਂ ਜਾ ਸਕਿਆ। ਮੈਂ ਸੋਚਿਆ ਕਿ ਜਿਹੜਾ ਕੁਝ ਇਹ ਕਹਿੰਦੇ ਨੇ, ਓਹੀ ਕੰਮ ਕਰ ਲਓ; ਤੇ ਤੁਸੀਂ ਜਿਹੜਾ ਕੁਝ ਇਹ ਕਹਿੰਦੇ ਨੇ ਓਹ ਕੰਮ ਕਰਦੇ ਹੋ?"

"ਉਹ ਕਿਤੇ ਹੁੰਦਾ ਹੈ ਸਾਡੇ ਤੋਂ? ਕਬੀਲਦਾਰ ਬੰਦੇ ਹਾਂ, ਕੰਮਾਂ-ਕਾਰਾਂ ਵਾਲੇ ਹਾਂ, ਉਹ ਤਾਂ ਹੁੰਦਾ ਨਹੀਂ, ਅਸੀਂ ਸੁਣ ਲੈਂਦੇ ਹਾਂ ਬਸ ਠੀਕ ਹੈ।"

ਸੋ ਇਹ ਹਾਲ ਸਾਡਾ ਹੈ, ਸੁਣਦੇ ਤਾਂ ਹਾਂ, ਬਚਨ ਦੀ ਕਮਾਈ ਨਹੀਂ ਕਰਦੇ। ਮਹਾਰਾਜ ਕਹਿੰਦੇ -

***ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥*** ***ਪੰਨਾ - 747***

ਜੇ ਬਚਨ ਕਮਾਅ ਲਓ ਤਾਂ ਤਰ ਜਾਓਗੇ। ਚਾਹੇ ਗਨਕਾ ਵਰਗੀ ਪਾਪਣ ਹੈ, ਚਾਹੇ ਅਜਾਮਲ ਵਰਗਾ ਪਾਪੀ ਹੈ, ਚਾਹੇ ਬਾਲਮੀਕ ਵਰਗਾ ਲੁਟੇਰਾ ਹੈ, ਚਾਹੇ ਕਿੰਨਾ ਹੀ ਗਿਰਿਆ ਹੋਇਆ ਬੰਦਾ ਹੈ, ਤਰ ਜਾਏਗਾ। ਭਾਈ ਮੰਝ ਦੀ ਤੁਸੀਂ ਸਾਖੀ ਸੁਣਦੇ ਹੋ ਕਿ ਉਹ ਇਕ ਆਮ ਸਧਾਰਨ ਬੰਦਾ ਕਬਰ ਨੂੰ ਮੰਨਣ ਵਾਲਾ ਸੀ। ਨਗਾਹੇ ਜਾਇਆ ਕਰਦਾ ਸੀ, ਸਰਵਰੀਆ ਸੀ ਲੇਕਿਨ ਜਦੋਂ ਗੁਰਸਿਖ ਤੋਂ ਗੁਰੂ ਬਾਰੇ ਸੁਣਿਆ, ਇਕ ਦਮ ਉਸ ਦੇ ਮਨ ਦੇ ਅੰਦਰ ਅਸਰ ਹੋ ਗਿਆ ਤੇ ਗੁਰੂ ਦੇ ਕੋਲ ਜਾ ਕੇ ਸੇਵਾ ਕਰਕੇ ਕਿੱਡੀ ਵੱਡੀ ਪਦਵੀ ਪ੍ਰਾਪਤ ਕੀਤੀ -

***ਮੰਝ ਪਿਆਰਾ ਗੁਰੂ ਨੂੰ ਗੁਰੂ ਮੰਝ ਪਿਆਰਾ॥***

ਕਹਿੰਦੇ, "ਮੰਝ! ਹੁਣ ਤੈਨੂੰ ਜਹਾਜ਼ ਬਣਾ ਦਿਤਾ ਅਸੀਂ ਤੇ ਲੰਘਾ ਦੇ ਸਾਰੇ ਸੰਸਾਰ ਨੂੰ ਪਾਰ; ਜਿਹੜਾ ਚੜ੍ਹ ਜਾਏਗਾ ਉਹ ਪਾਰ ਲੰਘ ਜਾਏਗਾ।" ਇਕ ਸਧਾਰਨ ਬੰਦਾ ਸੀ ਉਹ।

ਸੋ ਪਿਛਲੀ ਵਾਰੀ ਆਪਾਂ, ਗੁਰੂ ਅੰਗਦ ਸਾਹਿਬ ਮਹਾਰਾਜ ਦਾ ਪਹਿਲਾ ਜੀਵਨ ਵਿਚਾਰ ਰਹੇ ਸੀ। ਆਪ ਦਾ ਪਹਿਲਾ ਨਾਉਂ ਭਾਈ ਲਹਿਣਾ ਸੀ। ਆਪ ਦੇ ਪਿਤਾ ਦਾ ਨਾਉਂ ਫੇਰੂ ਮੱਲ ਸੀ। ਇਹ ਪਹਿਲਾਂ ਗੁਜਰਾਤ ਵੱਲ ਦੇ ਰਹਿਣ ਵਾਲੇ ਸੀ, ਇਨ੍ਹਾਂ ਦੇ ਦਾਦਾ ਜੀ ਨਾਨਕੇ ਪਿੰਡ ਮਤੇ ਦੀ ਸਰ੍ਹਾਂ ਵਿਚ ਆ ਗਏ ਸੀ। ਇਥੇ ਆ ਕੇ ਹਰੀ ਕੇ ਪੱਤਣ ਵਪਾਰ ਸ਼ੁਰੂ ਕਰ ਲਿਆ। ਪਿੰਡ ਵੀ ਵਪਾਰ ਸੀ, ਬੜਾ ਭਾਰਾ ਵਪਾਰ ਚਲਦਾ ਸੀ, ਨਾਲ ਸ਼ਾਹੂਕਾਰਾ ਵੀ ਕਰਦੇ ਸੀ, ਪੈਸੇ ਵੀ ਦਿੰਦੇ ਸੀ। ਸਮੇਂ ਦਾ ਹੇਰ-ਫੇਰ ਐਸਾ ਹੋਇਆ ਕਿ

ਆਪ ਦਾ ਪਿੰਡ ਪਚਾਧਿਆਂ ਤੇ ਭੱਟੀਆਂ ਨੇ ਲੁੱਟ ਲਿਆ। ਲੁੱਟਿਆ ਵੀ ਐਨਾ ਬੁਰੀ ਤਰ੍ਹਾਂ ਕਿ ਕੋਈ ਕੋਠਾ ਨਾ ਰਹਿਣ ਦਿਤਾ, ਥੇਹ ਬਣਾ ਦਿਤਾ। ਉਥੋਂ ਆਪ ਚੱਲ ਕੇ ਗੁਰੂ ਅੰਗਦ ਸਾਹਿਬ ਮਹਾਰਾਜ ਦੇ ਜਿਹੜੇ ਸਹੁਰੇ ਸੀ, ਸੰਘਰ ਪਿੰਡ ਸੀ - ਖਡੂਰ ਸਾਹਿਬ ਦੇ ਨਾਲ, ਉਥੇ ਉਨ੍ਹਾਂ ਨੇ ਕਿਹਾ ਕਿ ਤੁਸੀਂ ਹੋਰ ਨਾ ਕਿਧਰੇ ਜਾਓ, ਸਾਡੇ ਕੋਲ ਆ ਜਾਓ। ਵਪਾਰ ਤਾਂ ਆਪਣਾ-ਆਪਣਾ ਹੀ ਕਰਨਾ ਹੈ ਆਪਾਂ ਨੇ। ਸਾਡੀ ਹੋਰ। ਆ ਜਾਓ ਤੁਸੀਂ, ਅਸੀਂ ਮਦਦ ਕਰਾਂਗੇ ਤੇ ਬੀਬੀ ਸਾਡੇ ਕੋਲ ਬੱਚਿਆਂ ਸਣੇ ਰਹਿ ਪਏਗੀ। ਜਦੋਂ ਤੁਹਾਡਾ ਕੰਮ ਚੱਲ ਜਾਏਗਾ, ਫੇਰ ਠੀਕ ਹੈ। ਇਥੇ ਆ ਕੇ ਵੀ ਆਪ ਨੇ ਬਹੁਤ ਵੱਡਾ ਕੰਮ ਸ਼ੁਰੂ ਕਰ ਲਿਆ, ਦਿਨਾਂ 'ਚ ਹੀ ਉਹ ਬਹੁਤ ਅਮੀਰ ਹੋ ਗਏ। ਇਹ ਭਾਈ ਫੇਰੂ ਜੀ ਦੇਵੀ ਦੇ ਭਗਤ ਸੀ, ਦੇਵੀ ਨੂੰ ਮੰਨਿਆ ਕਰਦੇ ਸੀ, ਹਰ ਸਾਲ ਸੰਗ ਲੈ ਕੇ ਜਾਂਦੇ ਸੀ, ਸਾਲ 'ਚ ਦੋ ਵਾਰੀ ਵੀ ਜਾਂਦੇ ਸੀ, ਇਕ ਵਾਰੀ ਵੀ ਜਾਂਦੇ ਸੀ। ਤੇ ਆਪ ਦੇ ਬਹੁਤ ਭੇਟਾਂ ਯਾਦ ਸੀ, ਗਾਣੇ ਵੀ ਗਾਈ ਜਾਂਦੇ ਹੁੰਦੇ ਸਨ ਤੇ ਜਦੋਂ ਉਹ ਚੜ੍ਹਾਈ ਕਰ ਗਏ, ਉਸ ਤੋਂ ਬਾਅਦ ਭਾਈ ਲਹਿਣਾ ਜੀ (ਗੁਰੂ ਅੰਗਦ ਸਾਹਿਬ ਮਹਾਰਾਜ ਦਾ ਜੋ ਪਹਿਲਾ ਨਾਮ ਸੀ) ਮੁਖੀ ਥਾਪ ਲਏ ਸਾਰਿਆਂ ਨੇ ਕਿ ਤੁਸੀਂ ਮੁਖੀ ਹੋ। ਆਪ ਦਾ ਬੋਲ ਬਹੁਤ ਕਮਾਲ ਦਾ ਸੀ, ਚਿਹਰਾ-ਮੋਹਰਾ ਦੇਖ ਕੇ ਇਕ ਵਾਰੀ ਜਿਸਨੇ ਦਰਸ਼ਨ ਕਰ ਲਏ, ਉਹ ਮੋਹਿਆ ਜਾਂਦਾ ਸੀ ਕਿ ਐਨਾ ਸੁੰਦਰ ਨੌਜਵਾਨ ਦੇਖਿਆ ਨਹੀਂ ਕਦੇ। ਫੇਰ ਰਹਿਤ-ਬਹਿਤ ਐਨੀ ਸੁਚੀ ਸੀ, ਰੇਸ਼ਮ ਤੋਂ ਘੱਟ ਬਸਤ੍ਰ ਨਹੀਂ ਸੀ ਪਹਿਨਦੇ, ਦਸਤਾਰ ਵੀ ਰੇਸ਼ਮ ਦੀ; ਰੇਸ਼ਮ ਹੀ ਰੇਸ਼ਮ। ਫੇਰ ਬਹੁਤ ਕਮਾਲ ਦੇ ਸੀਤੇ ਹੋਏ ਬਸਤਰ ਬਹੁਤ ਕੱਢ-ਕਢਾਈ ਕਰੀ ਹੋਈ। ਸੋ ਪੂਰੇ ਅਮੀਰ ਸੀ। ਬਹੁਤ ਸੋਹਣੀ ਘੋੜੀ ਰੱਖਣੀ ਆਪ ਨੇ, ਲੇਕਿਨ ਧਾਰਮਿਕ ਭਾਵ ਐਡਾ ਸੀ ਕਿ ਆਪ ਨੇ ਜਗਰਾਤੇ ਲਾਉਣੇ ਤੇ ਫੇਰ ਰਾਤਾਂ ਨੂੰ ਸਾਰੀ-ਸਾਰੀ ਰਾਤ ਭੇਟਾਂ ਗਾਉਣੀਆਂ। ਅੱਜ ਇਸੇ ਤਰ੍ਹਾਂ ਗਾਉਂਦੇ ਹੋਏ ਅੰਮ੍ਰਿਤ ਵੇਲੇ ਆਪ ਦਾ ਜੀਅ ਕਰਿਆ ਕਿ ਇਸ਼ਨਾਨ ਕਰੀਏ। ਗਰਮੀ ਬਹੁਤ ਸੀ, ਉਥੋਂ ਉਠ ਕੇ ਇਸ਼ਨਾਨ ਕਰਨ ਚਲੇ ਗਏ। (ਟੋਭੇ ਹੁੰਦੇ ਸੀ ਇਸ਼ਨਾਨ ਲਈ ਉਨ੍ਹਾਂ ਦਿਨਾਂ ਵਿਚ, ਟੋਭਿਆਂ ਵਿਚ ਜਾਂ ਖੂਹਾਂ ਤੇ ਪਾਣੀ ਚਲਦਾ ਹੁੰਦਾ, ਉਥੇ ਇਸ਼ਨਾਨ ਕਰਦੇ ਸੀ।) ਸੋ ਆਪ ਨੇ ਇਸ਼ਨਾਨ ਕਰਿਆ। ਉਥੇ ਇਕ ਗੁਰੂ ਦਾ ਸਿਖ ਭਾਈ ਜੋਧ ਜੋ ਪਰਵਾਣ ਅਵਸਥਾ ਦਾ ਗੁਰਸਿਖ ਸੀ, ਉਹ ਇਸ਼ਨਾਨ ਕਰਦਾ ਸੀ। ਇਸ਼ਨਾਨ ਕਰਕੇ ਉਸ ਨੇ ਬੈਠ ਕੇ ਜਪੁਜੀ ਸਾਹਿਬ ਪੜ੍ਹਿਆ। ਇਨ੍ਹਾਂ ਨੇ ਵੀ ਛੇਤੀਂ ਨਾਲ ਇਸ਼ਨਾਨ ਕਰਿਆ ਤੇ ਜਦੋਂ ਕੰਨ 'ਚ ਆਵਾਜ਼ ਪਈ ਤਾਂ ਸਮਝ 'ਚ ਆਉਣ ਲੱਗ ਗਈ -

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥***

***ਪੰਨਾ - 2***

ਫੇਰ ਆਵਾਜ਼ ਆਈ -

***ਆਪੇ ਬੀਜਿ ਆਪੇ ਹੀ ਖਾਹੁ॥*** ***ਪੰਨਾ - 4***

ਫੇਰ ਅੱਗੇ ਆਵਾਜ਼ਾਂ ਆਉਂਦੀਆਂ ਰਹੀਆਂ, ਬੇਅੰਤਤਾਈ ਦੀਆਂ ਆਈਆਂ -

***ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥***
***ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥*** ***ਪੰਨਾ - 4***

ਦਿਲਚਸਪ ਲੱਗੀਆਂ ਪਰ ਸਮਝ 'ਚ ਨਾ ਆਈਆਂ ਪੂਰੀ ਤਰ੍ਹਾਂ ਦੇ ਨਾਲ। ਉਸ ਤੋਂ ਬਾਅਦ ਆਪ ਜੀ ਨੇ ਆਸਾ ਦੀ ਵਾਰ ਸ਼ੁਰੂ ਕਰ ਲਈ - ਭਾਈ ਜੋਧ ਜੀ ਨੇ। ਬਹੁਤ ਠਰੰਮੇ ਦੇ ਨਾਲ ਆਸਾ ਦੀ ਵਾਰ ਪੜ੍ਹਦੇ ਨੇ ਤੇ ਪਹਿਲਾਂ ਸਮਝ 'ਚ ਆਇਆ -

***ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥***
***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥*** ***ਪੰਨਾ - 463***

ਉਸ ਤੋਂ ਬਾਅਦ ਸਮਝ 'ਚ ਆਇਆ ਕਿ -

***ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥*** ***ਪੰਨਾ - 463***

ਕਿਉਂਕਿ ਵਿਚਾਲੇ ਸਲੋਕ ਗੁਰੂ ਦੂਸਰੇ ਪਾਤਸ਼ਾਹ ਦਾ ਹੈ (ਗੁਰੂ ਅੰਗਦ ਦੇਵ ਜੀ ਦਾ), ਪਹਿਲੇ ਪਾਤਸ਼ਾਹ ਦਾ ਅਗਲਾ ਸ਼ਲੋਕ ਇਕ ਸਲੋਕ ਛੱਡ ਕੇ ਸੀ। ਕਹਿੰਦੇ ਮਨ 'ਚ ਤਾਂ ਸੁਚੇਤ ਬਣੇ ਫਿਰਦੇ ਨੇ

ਲੇਕਿਨ ਗੁਰੂ ਨਹੀਂ ਯਾਦ ਕਰਦੇ, ਗੁਰੂ ਧਾਰਿਆ ਹੀ ਨਹੀਂ ਹੈ ਤੇ ਉਨ੍ਹਾਂ ਦੀ ਅਵਸਥਾ ਇਸ ਤਰ੍ਹਾਂ ਦੀ ਹੁੰਦੀ ਹੈ ਜਿਵੇਂ-

*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰ ਖੇਤ॥* *ਪੰਨਾ - 463*

ਜਿਵੇਂ ਬੁਆੜ ਤਿਲ ਹੁੰਦਾ ਹੈ ਉਸ ਦੇ ਵਿਚ ਸੁਆਹ ਹੁੰਦੀ ਹੈ। ਉਸ ਨੂੰ ਕਿਸਾਨ ਵਢਦਾ ਨਹੀਂ ਕਿ ਮੇਰੇ ਉਤੇ ਸੁਆਹ ਗਿਰ ਜਾਏਗੀ, ਓਵੇਂ ਜਿਵੇਂ ਛੱਡ ਜਾਂਦਾ ਹੈ। ਡੰਗਰ ਚਾਰਨ ਵਾਲੇ ਮੁੰਡੇ ਫੇਰ ਉਨ੍ਹਾਂ ਨੂੰ ਭੰਨਦੇ ਨੇ ਤੇ ਉਸ ਦੇ ਅੰਦਰ ਸੁਆਹ ਹੁੰਦੀ ਹੈ, ਬਾਹਰੋਂ ਦੇਖਣ ਨੂੰ ਬਹੁਤ ਵਧੀਆ ਲਗਦਾ ਹੈ -

*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥* *ਪੰਨਾ - 463*

ਫਲਿਆ ਹੋਇਆ ਹੈ, ਬਾਲ-ਬੱਚੇਦਾਰ ਹੈ, ਕਾਰੋਬਾਰ ਬਹੁਤ ਵੱਡਾ ਹੈ, ਧਨ ਬੇਅੰਤ ਹੈ, ਕੋਠੀਆਂ ਪਾਈਆਂ ਹੋਈਆਂ ਹਨ; ਪਰ ਤਨ 'ਚ ਕੀ ਹੈ? ਤਨ ਸੁਆਹ ਨਾਲ ਭਰਿਆ ਪਿਆ ਹੈ ਜਿਹੜਾ ਗੁਰੂ ਤੋਂ ਬਗੈਰ ਹੈ। ਆਪ ਨੇ ਧਿਆਨ ਨਾਲ ਸੁਣਿਆ, ਉਸ ਤੋਂ ਬਾਅਦ ਸਮਝ 'ਚ ਆ ਗਿਆ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥* *ਪੰਨਾ - 463*

ਸੋ ਇਸ ਦੀ ਵਿਆਖਿਆ ਕਿ ਵਾਹਿਗੁਰੂ ਨੇ ਸ੍ਰਿਸ਼ਟੀ ਕਿਵੇਂ ਸਾਜੀ? ਕਿਵੇਂ ਇਕ ਤੋਂ ਦੋ ਹੋਇਆ? ਫੇਰ ਕਿਵੇਂ ਵੱਖਰਾ ਨਜ਼ਰ ਆਉਂਦਾ ਹੈ? ਕਿਵੇਂ ਇਕੱਠਾ ਨਜ਼ਰ ਆਉਂਦਾ ਹੈ? ਪਿਛਲੇ ਦੀਵਾਨ ਵਿਚ ਇਸ ਗੱਲ ਦੀ ਵਿਆਖਿਆ ਹੋਈ ਸੀ। ਜਿਨ੍ਹਾਂ ਨੂੰ ਸ਼ੌਕ ਹੈ ਉਹ ਟੇਪਾਂ ਲੈ ਕੇ ਸੁਣ ਸਕਦੇ ਨੇ। ਸੋ ਮੈਂ ਇਸ ਤੋਂ ਅੱਗੇ ਬਾਤ ਕਰਦਾ ਹਾਂ। ਆਪ ਨੇ ਦੂਸਰੀ ਪਉੜੀ ਤੇ ਸਲੋਕ ਸੁਣਿਆ -

*ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥*
*ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥*
*ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥*
*ਤੇਰੈ ਨਾਇ ਰਤੇ ਸੇ ਜਿਣਿ ਗਏ ...................॥* *ਪੰਨਾ - 463*

ਨਾਮ ਵਿਚ ਰੱਤੇ ਹੋਏ ਤਾਂ ਜਿੱਤ ਗਏ, ਫੇਰ ਹਾਰੇ ਕੌਣ?

*.....................ਹਾਰਿ ਗਏ ਸਿ ਠਗਣ ਵਾਲਿਆ॥*
*ਲਿਖਿ ਨਾਵੈ ਧਰਮੁ ਬਹਾਲਿਆ॥* *ਪੰਨਾ - 463*

ਪਹਿਲਾਂ ਸੁਣਦੇ ਤਾਂ ਸੀ ਆਪ। ਸਾਸ਼ਤਰਾਂ 'ਚ ਇਹ ਗੱਲਾਂ ਆਮ ਆਉਂਦੀਆਂ ਨੇ ਲੇਕਿਨ ਕਦੇ ਐਨਾ ਧਿਆਨ ਨਹੀਂ ਸੀ ਦਿਤਾ। ਸਿਰਫ ਐਨਾ ਹੀ ਰਖਦੇ ਸੀ ਕਿ ਦੇਵੀ ਦੇ ਜਾ ਕੇ ਭੇਟਾ ਗਾਉਣੀਆਂ ਤੇ ਭੇਟਾ ਦੇਣੀਆਂ ਤੇ ਜੋ ਮਰਿਆਦਾ ਉਥੇ ਦੀ ਸੀ ਉਹ ਕਰ ਆਉਣੀ। ਨਾ ਗੁਰੂ ਦਾ ਪਤਾ ਸੀ, ਨਾ ਪ੍ਰਮੇਸ਼ਰ ਦਾ ਪਤਾ ਸੀ। ਉਸ ਤੋਂ ਬਾਅਦ ਜਦੋਂ ਤੀਜਾ ਸਲੋਕ ਤੇ ਤੀਜੀ ਪਉੜੀ ਸੁਣੀ, ਉਸ ਵੇਲੇ ਆਪ ਦੇ ਕੰਨਾਂ 'ਚ ਇਸ ਤਰ੍ਹਾਂ ਦੀ ਅਵਾਜ਼ ਪਈ -

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ -2, 2.*
*ਫੇਰ ਤੇਰਾ ਜੀ, ਕੋਈ ਨਾ ਬਣੇ - 2, 2.*
*ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ...-2,2.*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥* *ਪੰਨਾ - 464*

ਸਧਾਰਨ ਬੋਲੀ ਦੇ ਅੰਦਰ ਸਾਰੀ ਬਾਤ ਸਮਝ ਲਈ ਕਿ ਦਰਗਾਹ ਦੀ ਬਾਤ ਹੋ ਰਹੀ ਹੈ। ਕਮਾਏ ਹੋਏ ਹਿਰਦੇ ਦੇ ਵਿਚੋਂ ਬਾਣੀ ਦੇ ਬਾਣ ਨਿਕਲ ਰਹੇ ਸੀ, ਵਿਨ੍ਹਦੇ ਜਾਂਦੇ ਨੇ ਹਿਰਦੇ ਨੂੰ, ਇਕ-ਇਕ ਅੱਖਰ ਮਨ ਦੇ ਅੰਦਰ ਸਮਾਉਂਦਾ ਜਾਂਦਾ ਹੈ। ਸੋ ਆਪ ਸੋਚ ਵਿਚ ਪੈ ਗਏ ਕਿ ਮਨੁੱਖ ਦਾ ਆਹ ਹਾਲ? ਤੇ ਸੰਸਾਰ ਤੋਂ ਜਦੋਂ ਜਾਂਦਾ ਹੈ -

***ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥ ਪੰਨਾ - 464***

ਮਰ ਜਾਂਦਾ ਹੈ ਸਰੀਰ, ਇਸ ਦੇ ਵਿਚੋਂ ਫੇਰ ਭਉਰ ਨਿਕਲ ਕੇ ਆਲਾ-ਦੁਆਲਾ ਝਾਕਦਾ ਹੈ ਕਿ ਮੈਂ ਜਾਵਾਂ ਕਿਥੇ? ਨਾ ਤਾਂ ਗੁਰੂ ਬਣਾਇਆ ਹੁਣ ਤੱਕ, ਨਾ ਗੁਰੂ ਦਾ ਹੁਕਮ ਮੰਨਿਆ; ਜਾਵੇ ਕਿਥੇ? ਫੇਰ ਜਮਦੂਤ ਆਉਂਦੇ ਨੇ।

ਕਹਿੰਦੇ, "ਚੱਲ।"

ਕਹਿੰਦਾ, "ਨਾਂ! ਮੈਂ ਨਹੀਂ ਜਾਣਾ।"

ਲੱਤਾਂ ਅੜਾਉਂਦਾ ਹੈ। ਮਹਾਰਾਜ ਕਹਿੰਦੇ ਜਿਵੇਂ ਪਸ਼ੂ ਦੇ ਗਲ ਵਿਚ ਸੰਗਲ ਪਾਉਂਦੇ ਨੇ -

***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥ ਪੰਨਾ - 464***

ਫੇਰ ਸੰਗਲ ਪਾ ਲੈਂਦੇ ਨੇ, ਸੰਗਲ ਪਾ ਕੇ ਖਿਚ ਲੈਂਦੇ ਨੇ। ਕਹਿੰਦੇ ਹੁਣ ਦੱਸ, ਕੋਈ ਹੈ ਤੇਰਾ ਦਰਦੀ ਜਿਹੜਾ ਤੂੰ ਆਪਣਾ ਬਣਾਇਆ ਹੈ? ਇਸ ਤਰ੍ਹਾਂ ਨਾਲ ਮਹਾਂਪੁਰਸ਼ ਪੜ੍ਹਿਆ ਕਰਦੇ ਨੇ -

***ਧਾਰਨਾ - ਦਰਗਾਹ ਵਿਚ ਓ, ਸੰਗਲ ਪੈਣਗੇ -2, 2.***
***ਉਥੇ ਕੌਣ ਛਡਾਊ ਤੇਰਾ ਦਰਦੀ -2, 2.***
***ਉਥੇ ਕੌਣ ਛਡਾਊ ਤੇਰਾ ਦਰਦੀ***
***ਪਿਆਰਿਆ, ਸੰਗਲ ਪੈਣਗੇ,***
***ਦਰਗਾਹ ਵਿਚ ਓ, ਸੰਗਲ ਪੈਣਗੇ - 2.***

***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥ ਪੰਨਾ - 464***

ਜਿਵੇਂ ਪਸ਼ੂ ਦੇ ਗਲ ਵਿਚ ਸੰਗਲ ਪਾ ਲੈਂਦੇ ਨੇ, ਇਵੇਂ ਪਾ ਲੈਂਦੇ ਨੇ। ਰਾਜਿਆਂ, ਮਹਾਂਰਾਜਿਆਂ, ਅਫਸਰਾਂ ਦੇ ਵੀ ਪਾ ਲੈਂਦੇ ਨੇ, ਪੜ੍ਹਿਆਂ ਹੋਇਆਂ ਦੇ, ਗਰੀਬਾਂ ਦੇ ਵੀ ਪੈਂਦੇ ਨੇ ਜਿਹੜੇ ਬੇਮੁਖ ਹੋਏ-ਹੋਏ ਨੇ। ਜਿਨ੍ਹਾਂ ਦਾ ਕੋਈ ਵਾਲੀ-ਵਾਰਸ ਹੈ, ਉਨ੍ਹਾਂ ਦੇ ਤਾਂ ਨੇੜੇ ਨਹੀਂ ਆਉਂਦੇ, ਉਨ੍ਹਾਂ ਦਾ ਤਾਂ ਆਦਰ ਤੇ ਸਤਿਕਾਰ ਹੁੰਦਾ ਹੈ -

***ਸਾਧਸੰਗਿ ਧਰਮ ਰਾਇ ਕਰੇ ਸੇਵਾ॥ ਪੰਨਾ - 271***

ਜਿਸ ਨੇ ਸੰਤਾਂ ਦੀ ਸੰਗਤ ਕਰ ਲਈ, ਉਸ ਦੀ ਤਾਂ ਧਰਮਰਾਜ ਸੇਵਾ ਕਰਦਾ ਹੈ। ਉਨ੍ਹਾਂ ਨੂੰ ਤਾਂ ਕਹਿੰਦਾ, ਆਓ ਜੀ! ਬੈਠੋ ਜੀ, ਤੁਸੀਂ ਤਾਂ ਮੇਰਾ ਭਵਨ ਪਵਿਤ੍ਰ ਕਰ ਦਿਤਾ, ਤੁਸੀਂ ਚਰਨ ਪਾਏ।

ਬਾਬਾ ਸਾਹਿਬ ਸਿੰਘ ਜੀ ਊਨੇ ਸਾਹਿਬ ਵਾਲਿਆਂ, ਦੇ ਲਾਂਗਰੀ ਭਾਈ ਭਾਗ ਸਿੰਘ ਲੰਗਰ ਦੀ ਬਹੁਤ ਸੇਵਾ ਕਰਦੇ ਸੀ ਕਿਉਂਕਿ ਬਾਬਾ ਜੀ ਦਾ ਲੰਗਰ ਬਹੁਤ ਭਾਰਾ ਸੀ, 13-14 ਹਜ਼ਾਰ ਬੰਦਾ ਤਾਂ ਹਰ ਵਕਤ ਨਾਲ ਰਹਿੰਦਾ ਸੀ, 30-30 ਹਜ਼ਾਰ ਤੱਕ ਰਿਹਾ ਕਰਦੇ ਸੀ। ਇਸ ਲੰਗਰ ਵਿਚ ਉਸ ਦੀ ਮਾਤਾ ਵੀ ਦਿਨ-ਰਾਤ ਇਕ ਕਰਕੇ ਸੇਵਾ ਕਰਦੀ ਸੀ ਤੇ ਇਕ ਦਿਨ ਅਚਾਨਕ ਬਾਬਾ ਜੀ ਨੂੰ ਆ ਕੇ ਸਿੰਘ ਕਹਿਣ ਲੱਗੇ, "ਮਹਾਰਾਜ! ਭਾਗ ਸਿੰਘ ਦੀ ਮਾਤਾ ਚੜ੍ਹਾਈ ਕਰ ਗਈ।" ਬਾਬਾ ਜੀ ਅੰਤਰ-ਧਿਆਨ ਹੋਏ "ਕੋਈ ਉਸਦੇ ਸਰੀਰ ਦਾ ਦਾਹ ਨਾ ਕਰਿਓ, ਉਸ ਨੇ ਜੀਉਂਦੀ ਹੋ ਜਾਣਾ ਹੈ। ਇੰਤਜ਼ਾਰ ਕਰੋ।"

ਸੋ ਸਮਾਂ ਲੰਘਦਾ ਗਿਆ ਅਖੀਰ ਕਾਫੀ ਸਮੇਂ ਤੋਂ ਬਾਅਦ ਮਾਤਾ ਜੀਉਂਦੀ ਹੋ ਗਈ। ਬਾਬਾ ਜੀ

ਦੇ ਕੋਲ ਆ ਗਈ ਲੈ ਕੇ ਸਾਰਿਆਂ ਨੂੰ।

ਬਾਬਾ ਜੀ ਕਹਿੰਦੇ, "ਸੁਣਾ ਮਾਤਾ ਕਿਵੇਂ ਹੋਈ? ਕਿਥੇ-ਕਿਥੇ ਜਾ ਆਈ?"

"ਬਾਬਾ ਜੀ! ਪਹਿਲਾਂ ਤਾਂ ਮੈਨੂੰ ਧਰਮਰਾਜ ਦੇ ਲੈ ਗਏ। ਮੈਨੂੰ ਕਿਹਾ ਕੁਝ ਨਹੀਂ, ਉਹ ਰਾਹ ਦਸਣ ਵਾਲਾ ਆਇਆ, ਉਸ ਦੇ ਨਾਲ ਮੈਂ ਚਲੀ ਗਈ। ਮੈਨੂੰ ਲੈ ਗਏ ਉਹ। ਉਥੇ ਧਰਮਰਾਜ ਨੇ ਚਿੱਤਰ-ਗੁਪਤਾਂ ਨੂੰ ਕਿਹਾ ਕਿ ਇਸ ਦਾ ਖਾਤਾ ਕਢੋ। ਜਦੋਂ ਖਾਤਾ ਕੱਢਿਆ ਤਾਂ ਮੇਰਾ ਨਾਉ ਹੀ ਨਾ ਨਿਕਲਿਆ ਉਥੇ। ਕਹਿੰਦੀ ਉਸ ਵੇਲੇ ਧਰਮਰਾਜ ਬਹੁਤ ਘਬਰਾਇਆ ਕਿ ਇਹ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਘਰ ਜਾਣ ਵਾਲੀ ਰੂਹ ਸੀ ਤੇ ਸਾਡੇ ਕਿਵੇਂ ਆ ਗਈ, ਡਾਂਟ ਪਾਉਣੀ ਸ਼ੁਰੂ ਕਰ ਦਿੱਤੀ ਉਸ ਨੇ ਜਮਦੂਤਾਂ ਨੂੰ। ਕਹਿੰਦਾ ਤੁਸੀਂ ਕਿਉਂ ਉਸ ਨੂੰ ਲੈ ਕੇ ਆਏ, ਫਲਾਣੇ ਨੂੰ ਲੈ ਕੇ ਆਉਣਾ ਸੀ, ਐਡੀ ਗਲਤੀ ਕਿ ਗੁਰੂ ਦੇ ਸਿਖ ਨੂੰ ਲੈ ਆਏ। ਸੋ ਉਸ ਵੇਲੇ ਮੈਂ ਕਿਹਾ ਕਿ ਮੈਨੂੰ ਸੰਤ ਮੰਡਲ ਦੇ ਦਰਸ਼ਨ ਤਾਂ ਕਰਾ ਦਿਓ ਜਿਥੇ ਸਾਧੂ ਰਹਿੰਦੇ ਨੇ। ਉਸ ਵੇਲੇ ਮੈਨੂੰ ਲੈ ਗਏ ਦਰਗਾਹ ਵਿਚ। ਆਪਣੇ ਬਹੁਤ ਪਿਆਰੇ ਜਿਵੇਂ ਮਹਾਂਪੁਰਸ਼ ਹੁੰਦੇ ਨੇ ਇਸ ਤਰ੍ਹਾਂ ਬੈਠੇ। ਉਨ੍ਹਾਂ ਨੇ ਕਿਹਾ ਭਾਈ! ਤੇਰਾ ਤਾਂ ਅਜੇ ਸਮਾਂ ਨਹੀਂ ਹੋਇਆ, ਸੱਤ ਸਾਲ ਰਹਿੰਦੇ ਨੇ। ਕੌਣ ਲੈ ਕੇ ਆਇਆ ਹੈ? ਫੇਰ ਜਮਦੂਤਾਂ ਨੇ ਮਾਫੀ ਮੰਗੀ ਕਿ ਸਾਡੇ ਤੋਂ ਭੁੱਲ ਹੋ ਗਈ।"

ਬਾਬਾ ਜੀ ਕਹਿਣ ਲੱਗੇ, "ਦੇਖੋ ਪ੍ਰੇਮੀਓ! ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅੰਦਰ ਕੋਈ ਕਿੰਤੂ ਕਰਨ ਦੀ ਗੁੰਜਾਇਸ਼ ਨਹੀਂ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੁਸੀਂ ਸਾਰਿਆਂ ਨੇ ਸ੍ਰਵਣ ਕਰੀ ਹੈ; ਕੀ ਕਹਿੰਦੀ ਹੈ?" ਕਿਸੇ ਦੇ ਦਿਮਾਗ 'ਚ ਨਾ ਆਈ ਗੱਲ ਕਿ ਬਾਬਾ ਜੀ ਇਸ਼ਾਰਾ ਕਿਥੇ ਕਰਦੇ ਨੇ? ਤੇ ਜਦੋਂ ਬੇਨਤੀ ਕਰੀ ਕਿ ਮਹਾਰਾਜ! ਆਪ ਹੀ ਕਿਰਪਾ ਕਰਕੇ ਦੱਸੋ, ਆਪ ਦਾ ਕੀ ਭਾਵ ਹੈ ਤਾਂ ਉਨ੍ਹਾਂ ਨੇ ਇਸ ਤਰ੍ਹਾਂ ਨਾਲ ਸਪਸ਼ਟ ਕੀਤਾ -

***ਧਾਰਨਾ - ਧਰਮਰਾਜਾ ਵੀ ਕਰੇਗਾ ਸੇਵਾ,***
***ਸਾਧੂਆਂ ਦੇ ਸੰਗੀਆਂ ਦੀ -2, 2.***
***ਮੇਰੇ ਪਿਆਰੇ, ਸਾਧੂਆਂ ਦੇ ਸੰਗੀਆਂ ਦੀ -2, 2.***
***ਧਰਮਰਾਜਾ ਵੀ ਕਰੇਗਾ ਸੇਵਾ,..... - 2.***

***ਸਾਧਸੰਗਿ ਧਰਮ ਰਾਇ ਕਰੇ ਸੇਵਾ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ॥ ਪੰਨਾ - 271***

ਸਤਿਸੰਗ ਦੀ ਫੋਟੋ ਦਰਗਾਹ ਵਿਚ ਜਾ ਰਹੀ ਹੈ ਜਿਵੇਂ ਫਿਲਮ ਦੇ ਵਿਚ ਆ ਰਹੀ ਹੈ। ਵਾਹਿਗੁਰੂ ਦਾ ਇਹੋ ਜਿਹਾ ਇੰਤਜ਼ਾਮ ਹੈ, ਦਰਗਾਹ ਵਿਚ ਫੋਟੋ ਚਲੇ ਜਾਣੀ ਹੈ ਸਾਰੀ ਬਣੀ-ਬਣਾਈ। ਜਮਦੂਤਾਂ ਨੇ ਪਛਾਣ ਲੈਣਾ ਹੈ ਕਿ ਆਹ ਤਾਂ ਸਤਿਸੰਗ 'ਚ ਬੈਠਣ ਵਾਲੇ ਬੰਦੇ ਨੇ, ਇਨ੍ਹਾਂ ਤੋਂ ਡਰੋ ਕਿਉਂਕਿ ਹੁਕਮ ਨਹੀਂ ਉਨ੍ਹਾਂ ਨੂੰ -

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥***
***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥ ਪੰਨਾ - 256***

ਦੇਖਿਓ, ਕਿਤੇ ਭੁਲ ਕੇ ਵੀ ਨਾ ਚਲੇ ਜਾਇਓ। ਫੇਰ ਜੇ ਚਲੇ ਗਏ ਤਾਂ ਮੈਂ ਵੀ ਤੁਹਾਡੇ ਨਾਲ ਬੰਨ੍ਹਿਆ ਜਾਵਾਂਗਾ।

ਬਾਬਾ ਜੀ ਕਹਿੰਦੇ, "ਦੇਖੋ! ਕਿੱਡੀ ਵੱਡੀ ਬਾਤ ਹੈ ਸਾਧ ਸੰਗਤ ਜੀ! ਮਾਤਾ ਅੱਖਾਂ ਨਾਲ ਦੇਖ ਕੇ ਆ ਕੇ ਦੱਸ ਰਹੀ ਹੈ। ਬਾਕੀ ਜਿਹੜੇ ਨੇ ਉਹ ਧਰਮਰਾਜ ਦੇ ਜਾਂਦੇ ਨੇ -

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥ ਪੰਨਾ - 38***

ਜਿਹੜੇ ਕਹਿਣਾ ਹੀ ਨਹੀਂ ਮੰਨਦੇ ਗੁਰੂ ਦਾ, ਸ਼ਰਾਬਾਂ-ਕਬਾਬਾਂ, ਗਲਤ ਕੰਮਾਂ ਦੇ ਵਿਚ ਪਏ ਹੋਏ,

ਝੂਠ-ਤੁਫਾਨ, ਝੂਠੇ ਕੇਸ ਬਣਾਉਂਦੇ ਨੇ, ਝੂਠੀਆਂ ਗਵਾਹੀਆਂ ਦਿੰਦੇ ਨੇ, ਫੇਰ ਇਹ ਸਾਰੇ ਤੇਰੇ ਕੋਲ ਆਉਣਗੇ ਤੇ ਇਨ੍ਹਾਂ ਦਾ ਤੂੰ ਇਨਸਾਫ ਕਰੀਂ। ਫੇਰ ਉਹ ਨਰਕ ਭਰ ਦਿੰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ -

***ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥ ਪੰਨਾ - 464***

ਇਨ੍ਹਾਂ ਨੂੰ ਤਾਂ ਸੰਗਲ ਪਾ-ਪਾ ਕੇ ਲੈ ਜਾਂਦੇ ਨੇ। ਦੂਜੇ ਕਿਵੇਂ ਜਾਂਦੇ ਨੇ? ਭਿੰਡਰਾਂ ਵਾਲੇ ਮਹਾਂਪੁਰਸ਼ ਬਾਬਾ ਗੁਰਬਚਨ ਸਿੰਘ ਜੀ ਗੁਰਦਾਸਪੁਰ ਗਏ ਹੋਏ ਸਨ। ਉਥੇ ਇਨ੍ਹਾਂ ਦਾ ਸਿੰਘ ਸੀ - ਸਰਦਾਰਾ ਸਿੰਘ, ਉਹ ਬਿਮਾਰ ਹੋ ਗਿਆ ਬਹੁਤ। ਬਾਬਾ ਜੀ ਨੂੰ ਜਦੋਂ ਪਤਾ ਲੱਗਿਆ ਕਿ ਜ਼ਿਆਦਾ ਹੀ ਬਿਮਾਰ ਹੈ ਤਾਂ ਕਹਿਣ ਲੱਗੇ, "ਸਰਦਾਰਾ ਸਿੰਘ! ਕਿਵੇਂ ਹੈ?"

"ਮਹਾਰਾਜ! ਮੈਂ ਆਪ ਦਾ ਹੀ ਇੰਤਜ਼ਾਰ ਕਰਦਾ ਸੀ। ਹੁਣ ਤਾਂ ਅੰਤ ਸਮਾਂ ਆ ਗਿਆ।"

"ਕੋਈ ਗੱਲ ਦੱਸ, ਕੋਈ ਅਨੁਭਵ ਹੋਇਆ ਹੋਵੇ?"

"ਮਹਾਰਾਜ! ਮੈਂ ਤਾਂ ਬਹੁਤ ਧੰਨਵਾਦੀ ਹਾਂ ਕਿ ਗੁਰੂ ਦੇ ਚਰਨੀ ਲੱਗ ਗਿਆ ਆ ਕੇ, ਤੇ ਪੰਜ ਸਿੰਘ ਆਏ ਨੇ ਲੈਣ ਵਾਸਤੇ, ਸਿਰਫ ਤੁਹਾਡਾ ਇੰਤਜ਼ਾਰ ਕਰਦਾ ਸੀ। ਫਤਹਿ ਬੁਲਾਈ, ਉਸ ਤੋਂ ਬਾਅਦ ਉਹ ਚੜ੍ਹਾਈ ਕਰ ਗਿਆ। ਇਕ ਸਿੰਘ ਹੋਰ ਸੀ ਉਹ ਵੀ ਬਿਮਾਰ ਹੋ ਗਿਆ। ਬਾਬਾ ਜੀ ਉਸ ਦੇ ਕੋਲ ਵੀ ਗਏ ਜਦੋਂ ਅੰਤ ਸਮਾਂ ਹੋਇਆ, ਕਹਿੰਦੇ, "ਕਿਵੇਂ ਹੈ?"

ਕਹਿੰਦਾ, "ਮਹਾਂਪੁਰਸ਼ ਆ ਗਏ ਬਾਬਾ ਜੀ! ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਤੇ ਉਨ੍ਹਾਂ ਨੇ ਆ ਕੇ ਮੈਨੂੰ ਹੁਣ ਕਹਿ ਦਿਤਾ ਕਿ ਤਿਆਰਾ ਕਰ ਲੈ ਸਿੰਘਾ, ਤੈਨੂੰ ਲੈਣ ਆਏ ਹਾਂ ਅਸੀਂ।"

ਜਿਹੜੇ ਬੰਦਗੀ ਕਰਨ ਵਾਲੇ ਨੇ ਉਨ੍ਹਾਂ ਨੂੰ ਤਾਂ ਆਪ ਗੁਰੂ ਨਾਨਕ ਮਹਾਰਾਜ ਲੈਣ ਆਉਂਦੇ ਨੇ। ਸੇਵਾ ਕਰਕੇ ਦੇਖ ਲਓ ਥੋੜ੍ਹੀ ਜਿਹੀ, ਗੁਰੂ ਨਾਨਕ ਪਾਤਸ਼ਾਹ ਕਦੇ ਨਹੀਂ ਭੁਲਦੇ।

ਜਿਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਦੀ ਇਸ ਜੀਵਨ ਵਿਚ ਸੇਵਾ ਕੀਤੀ ਹੈ, ਜਿਨ੍ਹਾਂ ਨੇ ਸੱਚੇ ਦਿਲ ਨਾਲ ਉਨ੍ਹਾਂ ਨੂੰ ਪਿਆਰ ਕੀਤਾ ਹੈ, ਉਨ੍ਹਾਂ ਦਾ ਰਾਖਾ ਗੁਰੂ ਨਾਨਕ ਆਪ ਹੋ ਜਾਂਦਾ ਹੈ। ਇਥੇ ਵੀ ਰਾਖੀ ਕਰਦਾ ਹੈ, ਦਰਗਾਹ ਵਿਚ ਵੀ ਉਨ੍ਹਾਂ ਦੀ ਰਾਖੀ ਕਰਦਾ ਹੈ। ਇਸ ਸਬੰਧ ਵਿਚ ਮੈਂ ਇਕ ਸੱਚੀ ਘਟਨਾ ਦਾ ਜ਼ਿਕਰ ਕਰਦਾ ਹਾਂ ਜਿਸ ਤੋਂ ਪਤਾ ਲਗ ਜਾਵੇ ਕਿ ਕਿਵੇਂ ਗੁਰੂ ਆਪਣੇ ਸਿੱਖਾਂ ਨੂੰ ਸੰਭਾਲਦਾ ਹੈ।

ਉਤਰ ਪ੍ਰਦੇਸ਼ ਦੇ ਤਰਾਈ ਖੇਤਰ ਵਿਚ ਮੈਂ 1948 ਵਿਚ ਜ਼ਮੀਨ ਲਈ ਜਿਸ ਦਾ ਹੌਲੀ-ਹੌਲੀ ਰਕਬਾ 100 ਏਕੜ ਹੋ ਗਿਆ। 1965 ਵਿਚ ਸੰਤ ਮਹਾਰਾਜ ਜੀ ਨੇ ਹੁਕਮ ਦਿਤਾ ਕਿ ਤੂੰ ਸਿਵਲ ਸੈਕਟਰੀਏਟ ਦੀ ਨੌਕਰੀ ਛੱਡ ਕੇ ਯੂ.ਪੀ. ਜਾ ਕੇ ਆਪਣੀ ਜ਼ਮੀਨ ਨੂੰ ਸੰਭਾਲ, ਨਹੀਂ ਤਾਂ ਇਹ ਜ਼ਮੀਨ ਭਾਈ ਭਰਾ ਦੱਬ ਲੈਣਗੇ ਅਤੇ ਤੈਨੂੰ ਨਹੀਂ ਮਿਲਣੀ। ਮੇਰੇ ਸਾਮ੍ਹਣੇ ਦੋ ਹੀ ਪਾਸੇ ਸਨ - ਇਕ ਇਹ ਸੀ ਕਿ ਮੇਰੀ ਸਰਵਿਸ, ਪੈਨਸ਼ਨ ਦੇ ਕਾਬਲ ਹੋ ਗਈ ਸੀ, ਇਸ ਦਾ ਮਤਲਬ ਕਿ ਮੈਂ ਸਰਵਿਸ ਵਿਚ ਥੋੜ੍ਹੇ ਦਿਨ ਹੋਰ ਰਹਿੰਦਾ ਅਤੇ ਆਪਣੇ ਪੈਨਸ਼ਨ ਦੇ ਕਾਗਜ਼ ਪੂਰੇ ਕਰਾ ਕੇ ਫੇਰ ਛੁੱਟੀ ਮੰਗਦਾ। ਦੂਜਾ ਸੀ ਕਿ ਮਹਾਂਪੁਰਸ਼ਾਂ ਦਾ ਹੁਕਮ ਜੋ ਅਜ਼ਲੀ ਹੁੰਦਾ ਹੈ ਜਿਸ ਨੂੰ ਕਿਸੇ ਤਰ੍ਹਾਂ ਵੀ ਟਾਲਿਆ ਨਹੀਂ ਜਾ ਸਕਦਾ, ਨੂੰ ਬਗੈਰ ਕਿਸੇ ਸੋਚ ਵਿਚਾਰ ਦੇ ਮੰਨ ਲੈਣਾ। ਸੰਤ ਮਹਾਰਾਜ ਨਾਲ ਮੇਰਾ ਬਹੁਤ ਪਿਆਰ ਸੀ ਅਤੇ ਮੈਂ ਉਨ੍ਹਾਂ ਨੂੰ ਪ੍ਰਮੇਸ਼ਵਰ ਰੂਪ ਜਾਣਿਆ ਕਰਦਾ ਸੀ। ਕੁਝ ਵੀ ਨਾ ਵਿਚਾਰ ਕੇ ਮੈਂ ਆਪਣੇ ਫਾਰਮ ਤੇ ਚਲਿਆ ਗਿਆ, ਖੇਤੀ ਆਰੰਭ ਦਿਤੀ, ਟਰੈਕਟਰ ਲੈ ਲਿਆ, ਟਿਊਬਵੈਲ ਲਾ ਲਏ, ਹੋਰ ਸਮਾਨ ਲੈ ਲਿਆ। ਮੈਂ ਪਹਿਲੇ ਸਾਲ ਹੀ ਮੱਕੀ ਦਾ ਫਾਊਂਡੇਸ਼ਨ ਬੀਜ ਤਿਆਰ ਕਰਕੇ ਮੱਕੀ ਬੀਜ ਦਿਤੀ। ਇਸ ਕਰਕੇ ਮੇਰਾ ਪੰਤ ਨਗਰ ਯੂਨੀਵਰਸਿਟੀ ਵਿਚ ਜਾਣਾ ਆਉਣਾ

ਕਾਫੀ ਵਧ ਗਿਆ।

ਉਨ੍ਹਾਂ ਦਿਨਾਂ ਵਿਚ ਕਰਨਲ ਲਾਲ ਸਿੰਘ ਸਨ ਜੋ ਪਟਿਆਲਾ ਫੌਜ ਵਿਚ ਨਿਯੁਕਤ ਸਨ, ਮੇਰੇ ਫਾਰਮ ਦੇ ਨਾਲ ਹੀ ਬਹੁਤ ਵੱਡਾ ਫਾਰਮ ਉਨ੍ਹਾਂ ਨੇ ਲੈ ਲਿਆ। ਇਸ ਫਾਰਮ ਦਾ ਨਾਂ ਬਾਰਾਂਦਰੀ ਫਾਰਮ ਸੀ ਅਤੇ ਤਰਾਈ ਦੇ ਸਭ ਫਾਰਮਾਂ ਵਿਚੋਂ ਬੀਜ ਫਾਰਮ ਕਰਕੇ ਪ੍ਰਸਿੱਧ ਸੀ। ਇਸਦੀ 683 ਏਕੜ ਜ਼ਮੀਨ ਸੀ। ਕਰਨਲ ਲਾਲ ਸਿੰਘ ਜੀ ਬਹੁਤ ਹੀ ਸੁਲਝੇ ਹੋਏ ਵਿਅਕਤੀ ਸਨ। ਗੁਰੂ ਨਾਨਕ ਪਾਤਸ਼ਾਹ ਨਾਲ ਉਨ੍ਹਾਂ ਦਾ ਅਥਾਹ ਪਿਆਰ ਸੀ। ਯੂ.ਪੀ. ਵਿਚ ਅਸੀਂ 1948 ਵਿਚ ਨਵੇਂ-ਨਵੇਂ ਹੀ ਗਏ ਸਾਂ। ਉਥੇ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਸਿੱਧ ਅਸਥਾਨ ਨਾਨਕ ਮਤਾ ਸੀ ਜਿਥੇ ਥੋੜ੍ਹੇ ਸਮੇਂ ਪਿਛੋਂ ਕਰਨਲ ਲਾਲ ਸਿੰਘ ਜੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਣ ਗਏ। ਮੈਂ ਵੀ ਜਦੋਂ ਯੂ.ਪੀ. ਆਪਣੇ ਫਾਰਮ ਤੇ ਗਿਆ ਤਾਂ 1969 ਤੋਂ ਉਥੇ ਹਰ ਮਹੀਨੇ ਪੂਰਨਮਾਸ਼ੀ ਵਾਲੇ ਦਿਨ ਜਾ ਕੇ ਕੀਰਤਨ ਕਰਿਆ ਕਰਦਾ ਸੀ। ਉਥੇ ਬਹੁਤ ਫਾਰਮਰ ਇਕੱਠੇ ਹੋਇਆ ਕਰਦੇ ਸਨ। ਯੂ.ਪੀ. ਵਿਚ ਕਿਸਾਨਾਂ ਦੀ ਨਵੀਂ ਆਬਾਦੀ ਤਰਾਈ ਦੇ ਇਲਾਕੇ ਵਿਚ ਹੋ ਰਹੀ ਸੀ ਜਿਨ੍ਹਾਂ ਵਿਚੋਂ ਵਿਸ਼ੇਸ਼ ਤੌਰ ਤੇ ਪਾਕਿਸਤਾਨ ਦੇ ਬੇਘਰ ਹੋਏ ਹੋਏ ਕਿਸਾਨ ਜ਼ਮੀਨਾਂ ਆਬਾਦ ਕਰ ਰਹੇ ਸਨ। ਇਨ੍ਹਾਂ ਕਿਸਾਨਾਂ ਵਿਚ 99% ਸਿੱਖ ਕਿਸਾਨ ਸਨ, ਪਰ ਇਨ੍ਹਾਂ ਵਾਸਤੇ ਕੋਈ ਵੀ ਸੰਗਤ ਉਥੇ ਨਹੀਂ ਸੀ। ਕੇਵਲ ਨਾਨਕ ਮਤਾ ਹੀ ਸੈਂਟਰਲ ਪੁਆਇੰਟ ਸੀ, ਜਿਥੇ ਮਹੀਨੇ ਪਿਛੋਂ ਇਹ ਸਾਰੇ ਕਿਸਾਨ ਇਕੱਠੇ ਹੋਇਆ ਕਰਦੇ ਸਨ।

ਆਮ ਤੌਰ ਤੇ ਇਹ ਦੇਖਿਆ ਗਿਆ ਕਿ ਬਹੁਤ ਛੋਟੇ ਕਿਸਾਨ ਪਸ਼ੂ ਚੋਰੀ ਦੇ ਨਿੰਦਣੀ ਧੰਧੇ ਵਿਚ ਗ੍ਰਸਤ ਸਨ ਅਤੇ ਸ਼ਰਾਬਾਂ ਦੇ ਡਰੰਮ ਭਰ ਭਰ ਕੇ ਕਢਦੇ ਸਨ ਅਤੇ ਗਿਲਾਸ ਭਰ ਭਰ ਕੇ ਪੀਂਦੇ ਸਨ। ਇਨ੍ਹਾਂ ਵਿਚੋਂ ਕੁਝ hitman (ਹਤਿਆਰੇ) ਵੀ ਸਨ ਜੋ ਪੈਸੇ ਲੈ ਕੇ ਬੰਦਾ ਮਾਰ ਦਿਆ ਕਰਦੇ ਸਨ। ਇਨ੍ਹਾਂ ਕਾਰਨਾਂ ਕਰਕੇ ਸਿੰਘਾਂ ਦੀ reputation (ਇਜ਼ਤ-ਮਾਣ) ਬਹੁਤ ਧੁੰਦਲੀ ਹੋ ਗਈ। ਸਿੰਘਾਂ ਨੂੰ ਜਰਾਇਮ ਪੇਸ਼ਾ ਕੌਮ ਸਮਝਣ ਲਗ ਗਏ। ਪੰਡਤ ਜਵਾਹਰ ਲਾਲ ਨਹਿਰੂ ਭਾਰਤ ਦੇ ਪ੍ਰਧਾਨ ਮੰਤਰੀ ਰੁਦਰਪੁਰ ਕਾਨਫਰੰਸ ਵਿਚ ਆਏ। ਉਨ੍ਹਾਂ ਨੂੰ ਸਿੱਖ ਜਰਾਇਮ ਪੇਸ਼ਾ ਕੌਮ ਬਾਰੇ ਉਥੇ ਦੇ ਲੋਕਲ ਅਫਸਰਾਂ ਨੇ ਦੱਸਿਆ, ਇਸ ਉਤੇ ਰੌਲਾ ਮਚਿਆ। ਪੰਡਤ ਜਵਾਹਰ ਲਾਲ ਤਕ ਗੱਲ ਪਹੁੰਚਾਈ ਗਈ, ਉਸ ਨੇ ਇਹ ਭੁੱਲ ਮਹਿਸੂਸ ਕੀਤੀ। ਪਰ ਅਸਾਨੂੰ ਪਤਾ ਸੀ ਕਿ ਅਸੀਂ ਅਸਲ ਵਿਚ ਕੀ ਹਾਂ। ਗੁਰੂ ਨਾਨਕ ਪਾਤਸ਼ਾਹ ਦੇ ਪੰਜ ਸੌ ਸਾਲਾ ਦਿਵਸ ਨੂੰ ਬਹੁਤ ਧੂਮ ਧਾਮ ਨਾਲ ਮਨਾਇਆ ਗਿਆ। ਬਿਲਾਸਪੁਰ, ਜ਼ਿਲਾ ਰਾਮਪੁਰ ਵਿਚ 101 ਅਖੰਡਪਾਠ ਕੀਤਾ ਗਿਆ। ਸ਼੍ਰੋਮਣੀ ਕਮੇਟੀ ਨੂੰ ਪ੍ਰਾਥਨਾ ਕਰਕੇ ਇਕ ਬਹੁਤ ਵਧੀਆ ਢਾਡੀ ਜਥਾ ਯੂ.ਪੀ. ਵਿਚ ਪ੍ਰਚਾਰ ਕਰਨ ਲਈ ਲਾਇਆ। ਉਹ ਲੋਕ ਅਖੰਡਪਾਠ ਸਾਹਿਬ ਦੀਆਂ ਡਿਊਟੀਆਂ ਵੀ ਦਿੰਦੇ ਸਨ ਪਰ ਉਨ੍ਹਾਂ ਦੇ ਜਥੇਦਾਰ ਤੋਂ 101ਵੇਂ ਅਖੰਡਪਾਠ ਵਿਚ ਇਕ ਮਹਾਨ ਭੁੱਲ ਹੋ ਗਈ, ਉਹ ਇਹ ਸੀ ਕਿ ਗੁਰਦੁਆਰਾ ਸਾਹਿਬ ਦੀਆਂ ਦੁਕਾਨਾਂ ਵਿਚ ਇਕ ਬੂਟਾਂ ਦੀ ਦੁਕਾਨ ਵੀ ਸੀ। ਉਨ੍ਹਾਂ ਦੇ ਸੱਤ ਬੱਚੇ ਸਨ, ਛੋਟਾ ਬੱਚਾ ਚਾਰ ਸਾਲ ਦਾ ਸੀ। ਦੁਕਾਨ ਵਾਲੇ ਸਰਦਾਰ ਸਾਹਿਬ ਦੇ ਘਰੋਂ ਜੋ ਬੀਬੀ ਸੀ ਉਹ ਬਹੁਤ ਸੋਹਣਾ ਅਖੰਡਪਾਠ ਕਰਦੀ ਸੀ ਪਰ ਪੰਜਾਬ ਤੋਂ ਆਏ ਹੋਏ ਜਥੇ ਦੇ ਮੁਖੀ ਦੇ ਮਨ ਵਿਚ ਗਲਤ ਖਿਆਲ ਪੈਦਾ ਹੋ ਗਿਆ ਅਤੇ ਉਹ ਪਾਠ ਦੇ ਭੋਗ ਵੇਲੇ ਬੀਬੀ ਨੂੰ ਲੈ ਕੇ ਗੁੰਮਨਾਮ ਥਾਂ ਤੇ ਚਲਿਆ ਗਿਆ। ਇਸ ਗੱਲ ਦਾ ਅਸਰ ਕਿਸਾਨਾਂ ਤੇ ਬਹੁਤ ਪਿਆ ਅਤੇ ਸਿੱਖ ਆਚਰਣ ਨੂੰ ਖੁਲ੍ਹ-ਮ-ਖੁਲ੍ਹਾ ਨਿੰਦਣ ਲਗ ਗਏ। ਸਿੰਘਾਂ ਵਾਸਤੇ ਇਹ ਗੱਲ ਬਹੁਤ ਮੁਸ਼ਕਲ ਸੀ, ਕਿਉਂਕਿ ਘਟਨਾ ਸੱਚੀ ਸੀ ਉਸ ਬਾਰੇ ਨਿੰਦਣੀ ਖਿਆਲਾਂ ਨੂੰ ਤਬਦੀਲ ਕਿਵੇਂ ਕੀਤਾ ਜਾਂਦਾ? ਪੰਥਕ ਹਿਤੈਸ਼ੀਆਂ ਦਾ ਬਹੁਤ ਭਾਰਾ ਇਕੱਠ ਹੋਇਆ, ਜਿਸ ਵਿਚ ਫੈਸਲਾ ਕੀਤਾ ਗਿਆ ਕਿ ਤਰਾਈ ਦੇ ਇਲਾਕੇ ਵਿਚ ਗੁਰੂ ਨਾਨਕ ਸਿਧਾਂਤ ਦਾ ਪ੍ਰਚਾਰ ਕਰਕੇ ਇਨ੍ਹਾਂ ਲੋਕਾਂ ਨੂੰ ਮੰਦੇ ਕੰਮਾਂ ਤੋਂ ਹਟਾਇਆ ਜਾਵੇ। ਪੁਲਿਸ ਇਨ੍ਹਾਂ ਨੂੰ ਬਜ਼ਾਰਾਂ ਵਿਚੋਂ ਕੇਸਾਂ ਦਾੜ੍ਹੀਆਂ ਤੋਂ ਫੜ ਕੇ ਲੈ ਜਾਇਆ ਕਰਦੀ ਸੀ। ਉਸ ਮੀਟਿੰਗ ਵਿਚ ਮੈਂ ਵੀ ਬੈਠਾ ਸੀ ਪਰ ਮੈਂ ਦੇਖਿਆ ਕਿ ਵਿਚਾਰਾਂ ਕੇਵਲ ਵਿਚਾਰਾਂ ਹੀ ਹਨ, ਕੋਈ ਠੋਸ ਕਦਮ ਨਹੀਂ ਸੀ ਚੁਕਿਆ ਜਾਣਾ ਕਿਉਂਕਿ ਸਾਰੇ ਨਵੇਂ ਅਬਾਦਕਾਰ ਕਿਸਾਨ ਸਨ। ਕਿਸਾਨਾਂ ਨੂੰ ਬਹੁਤ ਰੁਝੇਵੇਂ ਸਨ ਕਿਉਂਕਿ ਉਨ੍ਹਾਂ ਦੀ ਆਰਥਕ ਹਾਲਤ ਬਹੁਤ ਨੀਵੇਂ ਪੱਧਰ ਤੇ ਸੀ, ਉਨ੍ਹਾਂ ਨੂੰ ਵਿਆਜੂਆਂ ਤੋਂ ਪੈਸੇ ਲੈਣੇ ਪੈਂਦੇ ਸਨ।

ਪ੍ਰਚਾਰ ਦਾ ਕੰਮ ਸ਼ੁਰੂ ਹੋ ਗਿਆ ਪਰ ਤਿੰਨ ਪ੍ਰੋਗਰਾਮਾਂ ਪਿਛੋਂ ਇਕ ਵੀ ਬੰਦਾ ਨਾਲ ਨਾ ਰਿਹਾ। ਉਸ ਪਿਛੋਂ ਮੈਂ ਗੁਰੂ ਮਹਾਰਾਜ ਕੋਲ ਪ੍ਰਾਥਨਾ ਕੀਤੀ ਕਿ ਮੇਰੇ ਕੋਲ ਨਾ ਕੋਈ ਸਾਜ਼ੀ ਹੈ, ਨਾ ਕੋਈ ਸਾਧਨ ਹੈ, ਤੂੰ ਹੀ ਕ੍ਰਿਪਾ ਕਰ। ਉਸ ਸਮੇਂ ਕਰਨਲ ਲਾਲ ਸਿੰਘ ਜੀ ਪਰਉਪਕਾਰੀ ਕੰਮਾਂ ਵਿਚ ਰੁਝੇ ਹੋਏ ਸਨ। ਲੜਕੀਆਂ ਦਾ ਵੱਡਾ ਸਕੂਲ ਬਣਾਉਣਾ, ਗੀਠਾ ਸਾਹਿਬ ਗੁਰਦੁਆਰਾ ਸਾਹਿਬ ਬਣਾਉਣ ਲਈ ਇਕ ਵਿੱਘਾ ਵੀ ਜ਼ਮੀਨ ਨਹੀਂ ਸੀ। ਉਹ ਸਾਰੀ ਜਗ੍ਹਾ ਪਹਾੜੀਆਂ ਦੀਆਂ ਜ਼ਮੀਨਾਂ ਨਾਲ ਘਿਰੀ ਹੋਈ ਸੀ। ਯਾਤਰੂਆਂ ਦੇ ਰਹਿਣ ਲਈ ਕੋਈ ਜਗ੍ਹਾ ਨਹੀਂ ਸੀ। ਕਰਨਲ ਲਾਲ ਸਿੰਘ ਜੀ ਉਥੋਂ ਦੇ ਪ੍ਰਧਾਨ ਨਹੀਂ ਸਨ। ਉਨ੍ਹਾਂ ਨੇ 30 ਵਿੱਘੇ ਜ਼ਮੀਨ ਮੁੱਲ ਲੈ ਕੇ ਗੁਰਦੁਆਰਾ ਸਾਹਿਬ ਦੇ ਨਾਂ ਲਵਾ ਦਿਤੀ। ਗੁਰਦਵਾਰਿਆਂ ਦੀਆਂ ਜ਼ਮੀਨਾਂ ਕਢਵਾਉਂਦੇ ਕਢਵਾਉਂਦੇ ਉਨ੍ਹਾਂ ਨੂੰ ਅਲਮੋੜੇ ਦਾ ਵੀ ਪਤਾ ਲੱਗਿਆ ਕਿ ਅਲਮੋੜੇ ਕਿਸੇ ਸਮੇਂ ਗੁਰਦੁਆਰੇ ਦੀ ਬਹੁਤ ਜ਼ਮੀਨ ਸੀ ਅਤੇ ਬਹੁਤ ਪ੍ਰਸਿੱਧ ਸੀ ਪਰ ਉਥੇ ਦੇ ਪੁਜਾਰੀਆਂ ਨੇ ਗੁਰਦੁਆਰਾ ਸਾਹਿਬ ਦੀ ਸਾਰੀ ਜ਼ਮੀਨ ਵੇਚ ਦਿਤੀ ਅਤੇ ਲੋਕਾਂ ਨੇ ਉਹ ਜ਼ਮੀਨ ਮੁੱਲ ਲੈ ਕੇ ਘਰ ਪਾ ਲਏ। ਸਿਰਫ ਇਕ ਚਬੂਤਰਾ ਬਚਿਆ ਸੀ, ਉਥੇ ਅਲਮੋੜਾ ਸ਼ਹਿਰ ਦੀ ਮਿਊਂਸਪਲ ਕਮੇਟੀ ਕੋਈ ਯਾਦ ਕਾਇਮ ਕਰ ਰਹੀ ਸੀ। ਗੁਰਦੁਆਰਾ ਸਾਹਿਬ ਦਾ ਨਾਮ ਨਿਸ਼ਾਨ ਹੀ ਮਿਟ ਜਾਣਾ ਸੀ। ਕਰਨਲ ਲਾਲ ਸਿੰਘ ਜੀ ਨੇ ਉਹ ਜ਼ਮੀਨ ਵੀ ਲੈ ਲਈ ਅਤੇ ਘਰ ਵੀ ਮੁੱਲ ਲੈ ਲਏ ਅਤੇ ਹੌਲੀ ਹੌਲੀ ਉਥੇ ਬਹੁਤ ਵੱਡਾ ਅਸਥਾਨ ਬਣਾ ਦਿਤਾ।

ਇਸੇ ਤਰ੍ਹਾਂ ਨਾਲ ਉਨ੍ਹਾਂ ਨੂੰ ਬਾਗੇਸ਼ਵਰ ਵਿਚ ਗੁਰੂ ਨਾਨਕ ਪਾਤਸ਼ਾਹ ਦੇ ਗੁਰਦੁਆਰੇ ਦਾ ਪਤਾ ਲੱਗਿਆ, ਉਥੇ ਵੀ ਨਿਸ਼ਾਨ ਕਢਾ ਕੇ ਅਸਥਾਨ ਬਣਾਇਆ। ਇਸ ਤਰ੍ਹਾਂ ਉਹ ਫਾਰਮ ਦੇ ਕੰਮ ਕਰਦੇ ਗੁਰੂ ਘਰ ਵਲ ਜ਼ਿਆਦਾ ਧਿਆਨ ਦਿਆ ਕਰਦੇ ਸਨ ਅਤੇ ਹਰ ਵਕਤ ਗੁਰੂ ਨਾਨਕ ਪਾਤਸ਼ਾਹ ਦੇ ਧਿਆਨ ਵਿਚ ਰਿਹਾ ਕਰਦੇ ਸਨ। ਸੰਸਾਰਕ ਪੱਖੋਂ ਉਹ ਬਹੁਤ ਹੀ ਕਾਮਯਾਬ ਕਿਸਾਨ ਸਨ, ਸੁਲਝੇ ਹੋਏ ਗ੍ਰਹਿਸਤੀ ਸਨ। ਉਨ੍ਹਾਂ ਦੇ ਦੋ ਲੜਕੇ ਸਨ - ਵੱਡੇ ਹਰਮਿੰਦਰ ਸਿੰਘ Air Commodore (ਹਵਾਈ ਸੈਨਕ ਅਫਸਰ) ਸਨ ਅਤੇ ਛੋਟੇ ਲੜਕੇ ਰਾਜਿੰਦਰ ਸਿੰਘ ਬ੍ਰਗੇਡੀਅਰ ਸਨ। ਇਕ ਦਿਨ ਮੈਂ ਕਰਨਲ ਲਾਲ ਸਿੰਘ ਜੀ ਨਾਲ ਗੱਲ ਕੀਤੀ ਕਿ ਆਪਾਂ ਤਾਂ ਸਿੱਖ ਆਬਾਦਕਾਰਾਂ ਵਿਚ ਹੀ ਉਲਝ ਗਏ, ਯੂ.ਪੀ. ਵਿਚ ਕਈ ਕਰੋੜ ਨਾਨਕ ਪੰਥੀ ਹੈ, ਉਨ੍ਹਾਂ ਵਿਚ ਅਸੀਂ ਕੋਈ ਵੀ ਰੁਸਵਾਈ ਨਹੀਂ ਕਰ ਸਕੇ। ਜੱਟਾਂ ਵਿਚ ਸ਼੍ਰੋਮਣੀ ਕਮੇਟੀ ਨੇ ਭਾਵੇਂ ਦੋ ਮਿਸ਼ਨ ਕਾਇਮ ਕੀਤੇ ਸਨ ਪਰ ਸਿੱਖੀ ਦਾ ਕੋਈ ਬਹੁਤਾ ਪ੍ਰਚਾਰ ਨਹੀਂ ਸੀ। ਜੋ ਥੋੜ੍ਹਾ ਬਹੁਤ ਸੀ ਉਹ ਵੀ ਹੌਲੀ ਹੌਲੀ ਮਿਟ ਰਿਹਾ ਸੀ। ਯੂ. ਪੀ. ਵਿਚ ਸਾਰੇ ਦੇ ਸਾਰੇ ਜਾਟਵ ਨਾਨਕ ਪੰਥੀ ਸਨ ਜਿਨ੍ਹਾਂ ਦੀ ਗਿਣਤੀ ਕਰੋੜ ਤੋਂ ਵੱਧ ਹੋਵੇਗੀ। ਰਾਜਸਥਾਨ ਵਿਚ ਰਾਣਾ ਪ੍ਰਤਾਪ ਦੇ ਪਰਿਵਾਰ ਨਾਲ ਸੰਬੰਧਤ ਰਾਜਪੂਤ ਤਰਾਈ ਵਿਚ ਆ ਕੇ ਆਬਾਦ ਹੋ ਗਏ ਸਨ। ਇਨ੍ਹਾਂ ਨੂੰ ਥਾਰੂ ਕਹਿੰਦੇ ਸਨ, ਉਹ ਨਾਨਕ ਮਤੇ ਨੂੰ ਬਹੁਤ ਸ਼ਰਧਾ ਨਾਲ ਮੰਨਦੇ ਸਨ ਪਰ ਉਨ੍ਹਾਂ ਵਿਚ ਹੋਰ ਕੋਈ ਪ੍ਰਚਾਰ ਨਹੀਂ ਸੀ। ਇਵੇਂ ਗੁਰੂ ਨਾਨਕ ਪਾਤਸ਼ਾਹ ਦੇ ਇਕ ਸਿੱਖ ਜਿਸ ਨੂੰ ਲਾਲ ਗੁਰੂ ਕਿਹਾ ਜਾਂਦਾ ਹੈ, ਉਸ ਨੂੰ ਸਮੁੱਚੇ ਭੰਗੀ ਗੁਰੂ ਕਹਿੰਦੇ ਸਨ। ਉਹ ਨਾਨਕ ਮਤੇ ਆ ਕੇ ਆਪਣੇ ਤਰੀਕੇ ਨਾਲ ਪੂਜਾ ਕਰਿਆ ਕਰਦੇ ਸਨ। ਕਰਨਲ ਲਾਲ ਸਿੰਘ ਜੀ ਨੂੰ ਮੈਂ ਕਿਹਾ ਕਿ ਆਪਾਂ ਇਨ੍ਹਾਂ ਲੋਕਾਂ ਵਿਚ ਪ੍ਰਚਾਰ ਕਰੀਏ। ਇਸ ਮਤਲਬ ਵਾਸਤੇ ਮੈਂ 40 ਬੋਰੀਆਂ ਧਾਨਾਂ ਦੀਆਂ ਆਪਣੇ ਫਾਰਮ ਵਿਚੋਂ ਲੈ ਆਇਆ ਕਰਾਂਗਾ ਅਤੇ 150 ਧਾਨ ਦੀ ਬੋਰੀ ਤੁਸੀਂ ਆਪਣੇ ਫਾਰਮ ਵਿਚੋਂ ਕੱਢਣਾ। ਹਰ ਬਸਤੀ ਵਿਚ ਆਪਾਂ ਯੱਗ ਕਰਨਾ ਸ਼ੁਰੂ ਕਰ ਦੇਵਾਂਗੇ ਅਤੇ ਇਨ੍ਹਾਂ ਲੋਕਾਂ ਨੂੰ ਦਸਾਂ ਗੁਰੂ ਸਾਹਿਬਾਨ ਤੋਂ ਜਾਣੂੰ ਕਰਾ ਕੇ ਛੋਟੇ ਛੋਟੇ ਮੰਦਰ ਬਣਾ ਦੇਵਾਂਗੇ। ਕਰਨਲ ਸਾਹਿਬ ਮੇਰੇ ਨਾਲ ਪੂਰੀ ਤਰ੍ਹਾਂ ਸਹਿਮਤ ਹੋ ਗਏ।

ਦੂਜੇ ਦਿਨ ਹੀ ਮੈਨੂੰ ਪਤਾ ਲੱਗਿਆ ਕਿ ਆਪ ਨੂੰ ਦਿਲ ਦਾ ਦੌਰਾ ਪੈ ਗਿਆ, ਉਨ੍ਹਾਂ ਦੇ ਆਪਣੇ ਬੱਚੇ, ਭਰਾ, ਮਿਤਰ ਪ੍ਰਸਿੱਧ ਡਾਕਟਰ ਸਨ, ਛੇ ਡਾਕਟਰ ਆਪ ਦੀ ਸੇਵਾ ਵਿਚ ਹਾਜ਼ਰ ਸਨ ਉਨ੍ਹਾਂ ਨੂੰ ਦਿੱਲੀ ਲੈ ਗਏ ਪਰ ਉਥੇ ਉਹ ਬਹੁਤ ਚਿਰ ਜੀਵਤ ਨਾ ਰਹਿ ਸਕੇ। ਬਾਰਾਂਦਰੀ ਉਨ੍ਹਾਂ ਦੇ ਮਿਰਤਕ ਸਰੀਰ ਨੂੰ ਲਿਆਂਦਾ ਗਿਆ। ਜਦੋਂ ਦਾਗ ਦੇਣ ਗਏ ਉਸ ਵੇਲੇ ਉਨ੍ਹਾਂ ਦੇ ਬੱਚਿਆਂ ਨੇ ਮੈਨੂੰ ਕਿਹਾ ਕਿ ਅੰਕਲ ਜੀ! ਤੁਸੀਂ ਇਨ੍ਹਾਂ ਦੀ ਅੰਤਮ ਕ੍ਰਿਆਕਰਮ ਆਪਣੀ ਦੇਖ-ਰੇਖ ਵਿਚ ਕਰਾਓ। ਮੈਂ ਉਨ੍ਹਾਂ ਤੋਂ ਪੁਛਿਆ ਕਿ ਕਰਨਲ ਸਾਹਿਬ ਦਾ ਅੰਤ ਸਮਾਂ ਕਿਵੇਂ ਆਇਆ, ਇਹ ਗੱਲ ਖੋਲ੍ਹ ਕੇ ਦੱਸੋ।

ਉਨ੍ਹਾਂ ਨੇ ਕਿਹਾ ਕਿ ਜਦੋਂ ਅਸੀਂ ਦਿੱਲੀ ਹਸਪਤਾਲ ਵਿਚ ਲੈ ਕੇ ਗਏ ਸੀ ਤਾਂ ਇਹ ਤੁਹਾਨੂੰ ਹਰ

ਰੋਜ਼ ਹੀ ਯਾਦ ਕਰਦੇ ਸਨ। ਅਸੀਂ ਸੁਨੇਹਾ ਵੀ ਭੇਜਿਆ ਸੀ ਸ਼ਾਇਦ ਉਹ ਆਪ ਨੂੰ ਨਹੀਂ ਮਿਲਿਆ। ਉਨ੍ਹਾਂ ਦੇ ਛੋਟੇ ਲੜਕੇ ਰਾਜਿੰਦਰ ਸਿੰਘ ਨੇ ਕਿਹਾ ਕਿ ਅਸੀਂ ਸਾਰੇ ਪਿਤਾ ਜੀ ਦੇ ਬੈਡ ਕੋਲ ਬੈਠੇ ਸਾਂ, ਗੱਲਾਂਬਾਤਾਂ ਆਪਸ ਵਿਚ ਚਲ ਰਹੀਆਂ ਸਨ, ਵੱਡੇ ਭਰਾਤਾ ਹਰਮਿੰਦਰ ਸਿੰਘ ਜੀ ਪਿਤਾ ਜੀ ਨਾਲ ਗੱਲਬਾਤ ਕਰ ਰਹੇ ਸਨ ਪਿਤਾ ਜੀ ਅਚਾਨਕ ਚੁੱਪ ਹੋ ਗਏ। ਥੋੜ੍ਹੀ ਦੇਰ ਇੰਤਜ਼ਾਰ ਕਰਨ ਪਿਛੋਂ ਅਸੀਂ ਪੁਛਿਆ ਕਿ ਆਪ ਅਚਾਨਕ ਚੁੱਪ ਕਿਉਂ ਹੋ ਗਏ? ਪਿਤਾ ਜੀ ਕਹਿਣ ਲੱਗੇ, "ਮੈਨੂੰ ਨਹੀਂ ਪਤਾ, ਮੇਰੇ ਅੰਦਰ ਐਨੀ ਚੁੱਪ ਤੇ ਸ਼ਾਂਤੀ ਵੱਧ ਰਹੀ ਹੈ ਜਿਹੜੀ ਮੈਂ ਸਾਰੀ ਜ਼ਿੰਦਗੀ ਵਿਚ ਕਦੇ ਵੀ ਨਹੀਂ ਸੀ ਦੇਖੀ ਅਤੇ ਨਾਲ ਹੀ ਕਿਹਾ ਕਿ ਮੈਨੂੰ ਕੋਈ ਬੁਲਾਵੋ ਨਾ। ਥੋੜ੍ਹਾ ਸਮਾਂ ਇਸੇ ਤਰ੍ਹਾਂ ਲੰਘਿਆ, ਸਾਡੇ ਚਾਚਾ ਜੀ, ਜੋ ਕਾਮਯਾਬ ਡਾਕਟਰ ਸਨ, ਉਨ੍ਹਾਂ ਨੇ ਨਬਜ਼ ਫੜ ਕੇ ਦੇਖੀ, ਪਿਤਾ ਜੀ ਅਚਾਨਕ ਬੋਲ ਉਠੇ, ਕਹਿਣ ਲੱਗੇ, "ਦੇਖੋ ਗੁਰੂ ਨਾਨਕ ਪਾਤਸ਼ਾਹ ਆ ਰਹੇ ਹਨ। ਉਨ੍ਹਾਂ ਦੇ ਮੂੰਹ ਵਿਚੋਂ ਨਿਕਲਿਆ – ਗੁਰੂ ਨਾਨਕ ਪਾਤਸ਼ਾਹ ਕੀ ਜੈ, ਗੁਰੂ ਅੰਗਦ ਦੇਵ ਜੀ ਕੀ ਜੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਕੀ ਜੈ ਤਕ ਪਹੁੰਚਣ ਤੇ ਸਾਡੇ ਸਾਰਿਆਂ ਵਲ ਦੇਖ ਕੇ ਹੱਥ ਜੋੜੇ ਅਤੇ ਕਿਹਾ ਕਿ ਤੁਹਾਡਾ ਮੇਰਾ ਸਬੰਧ ਖਤਮ ਹੋ ਗਿਆ। ਆਹ ਦੇਖੋ ਗੁਰੂ ਨਾਨਕ ਪਾਤਸ਼ਾਹ ਮੇਰੇ ਵਲ ਕਿੰਨੇ ਪਿਆਰ ਨਾਲ ਤਕ ਰਹੇ ਹਨ, ਮੈਂ ਇਨ੍ਹਾਂ ਨਾਲ ਜਾ ਰਿਹਾ ਹਾਂ।" ਮੈਂ ਇਨ੍ਹਾਂ ਬਚਨਾਂ ਨੂੰ ਸੁਣ ਕੇ ਬਹੁਤ ਗਹਿਰਾ ਚਲਾ ਗਿਆ ਕਿ ਗੁਰੂ ਮਹਾਰਾਜ ਆਪਣੇ ਪਿਆਰੇ ਗੁਰਸਿੱਖਾਂ ਦੀ ਕਿਵੇਂ ਅੰਤ ਸਮੇਂ ਰਾਖੀ ਕਰਦੇ ਹਨ, ਆਪਣੇ ਲੋਕਾਂ ਵਿਚ ਕਿੰਨੇ ਪਿਆਰ ਨਾਲ ਲੈ ਜਾਂਦੇ ਹਨ।

ਕਰਨਲ ਸਾਹਿਬ ਨੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਫਤਹਿ ਕਹੀ, ਸੱਜਾ ਹੱਥ ਸੱਜੇ ਪਾਸੇ ਤੇ ਖੱਬਾ ਹੱਥ ਖੱਬੇ ਪਾਸੇ ਰੱਖ ਲਿਆ ਅਤੇ ਆਰਾਮ ਨਾਲ ਨੇਤਰ ਬੰਦ ਕਰ ਲਏ। ਮੈਂ ਵਿਚਾਰ ਕੀਤੀ ਕਿ ਕਰਨਲ ਸਾਹਿਬ ਨੇ ਬਹੁਤ ਸੇਵਾ ਕੀਤੀ ਹੈ, ਗੁਰਦੁਆਰੇ ਸੰਭਾਲੇ ਹਨ ਪਰ ਭਜਨ ਪਾਠ ਦਾ ਉਨ੍ਹਾਂ ਨੂੰ ਕੋਈ ਬਹੁਤਾ ਗਿਆਨ ਨਹੀਂ ਸੀ। ਉਨ੍ਹਾਂ ਦੀ ਸੇਵਾ ਪ੍ਰਵਾਨ ਹੋਈ।

ਅਸੀਂ ਇਕ ਵਾਰ ਮੁਰਾਦਾਬਾਦ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਪਾਸ ਗਏ। ਕਰਨਲ ਸਾਹਿਬ ਨੇ ਨਾਨਕ ਮਤੇ ਕੀਰਤਨ ਕਰਨ ਦੀ ਬੇਨਤੀ ਕੀਤੀ, ਮਹਾਰਾਜ ਜੀ ਨੇ ਪ੍ਰਵਾਨਗੀ ਦੇ ਦਿਤੀ। ਜਦੋਂ ਸੰਤ ਮਹਾਰਾਜ ਜੀ ਉਠ ਕੇ ਤੁਰੇ, ਕਰਨਲ ਲਾਲ ਸਿੰਘ ਜੀ ਮਹਾਰਾਜ ਵਲ ਦੇਖ ਰਹੇ ਸਨ, ਉਨ੍ਹਾਂ ਦੀ ਨਿਗ੍ਹਾ ਇਕ ਬਹੁਤ ਸੋਹਣੇ ਸਿਮਰਨੇ ਤੇ ਕੇਂਦਰਤ ਸੀ, ਮਹਾਰਾਜ ਜੀ ਨੇ ਉਹ ਕੀਮਤੀ ਸਿਮਰਨਾ ਚੁਕਿਆ ਤੇ ਕਰਨਲ ਸਾਹਿਬ ਵਲ ਨੂੰ ਵਗਾਹ ਕੇ ਮਾਰਿਆ ਅਤੇ ਜੋ ਇਨ੍ਹਾਂ ਨੇ ਦੋਵੇਂ ਹੱਥਾਂ ਵਿਚ ਬੋਚ ਕੇ ਮੱਥੇ ਨਾਲ ਲਾ ਲਿਆ। ਆਪ ਨੇ ਕਿਹਾ ਕਿ ਪ੍ਰੇਮੀਆ! ਸਿਮਰਨਾ ਤਾਂ ਲੈ ਲਿਆ, ਇਹਦੇ ਨਾਲ ਕਰਨਾ ਕੀ ਹੈ, ਇਹ ਤਾਂ ਪੁਛਿਆ ਹੀ ਨਹੀਂ। ਕਰਨਲ ਸਾਹਿਬ ਸਿਮਰਨਾ ਲੈ ਕੇ ਹੀ ਖੁਸ਼ ਹੋਏ ਹੋਏ ਸਨ, ਉਨ੍ਹਾਂ ਦੇ ਚਿੱਤ ਚੇਤੇ ਹੀ ਨਹੀਂ ਸੀ ਕਿ ਮੈਂ ਨਾਮ ਜਪਣ ਦੀ ਜੁਗਤ ਪੁਛਾਂ। ਕੇਵਲ ਸੇਵਾ ਕਰਨ ਦਾ ਹੀ ਉਨ੍ਹਾਂ ਨੂੰ ਐਨਾ ਮਾਣ ਪ੍ਰਾਪਤ ਹੋਇਆ ਕਿ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਆਪ ਆ ਕੇ ਆਪਣੀ ਦਰਗਾਹ ਵਿਚ ਲੈ ਗਏ। ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥*** ***ਪੰਨਾ – 26***

ਜਿਹੜੇ ਗੁਰੂ ਤੋਂ ਬੇਮੁਖ ਹੋ ਕੇ ਮਾਸ ਸ਼ਰਾਬ, ਆਂਡੇ ਖਾਂਦੇ ਨੇ, ਨਿੰਦਿਆ, ਚੁਗਲੀ, ਵੈਰ, ਵਿਰੋਧ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਹੰਸ, ਹੇਤ, ਕੋਪ, ਲੋਭ, ਮੋਹ ਦੀ ਅੱਗ ਦੀਆਂ ਨਦੀਆਂ ਵਿਚ ਸੜਦੇ ਹਨ ਉਨ੍ਹਾਂ ਨੂੰ ਅੰਤ ਸਮੇਂ ਆਦਰ ਸਤਿਕਾਰ ਨਹੀਂ ਮਿਲਦਾ। ਜਮਦੂਤ ਮਾਰਦੇ ਕੁੱਟਦੇ ਜੀਵ ਨੂੰ ਬੰਨ੍ਹ ਲੈਂਦੇ ਹਨ। ਗੁਰੂ ਨਾਨਕ ਮਹਾਰਾਜ ਜੀ ਫੁਰਮਾਨ ਕਰਦੇ ਹਨ–

***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*** ***ਪੰਨਾ – 464***

ਗਲ ਵਿਚ ਸੰਗਲ ਪਾ ਕੇ ਜਿਵੇਂ ਪਸ਼ੂਆਂ ਨੂੰ ਘਸੀਟੀਦਾ ਹੈ ਐਵੇਂ ਗਲ ਵਿਚ ਸੰਗਲ ਪੈਂਦੇ ਹਨ। ਮਾਤਾ ਪਿਤਾ ਦੀ ਉਥੇ ਪਹੁੰਚ ਨਹੀਂ ਹੁੰਦੀ, ਨਾ ਹੀ ਕੋਈ ਪੁੱਤਰ ਧੀ ਉਥੇ ਮਦਦ ਕਰਦੇ ਹਨ। ਉਥੇ ਤਾਂ ਆਪਣੇ ਸ਼ੁਭ ਕਰਮ ਹੀ ਸਹਾਇਤਾ ਕਰਦੇ ਹਨ। ਮਹਾਰਾਜ ਫੁਰਮਾਨ ਕਰਦੇ ਹਨ ਕਿ ਜਦੋਂ ਜੀਵ ਨੂੰ ਲੈ

ਜਾਂਦੇ ਹਨ ਉਥੇ ਇਸ ਦੀ ਕਰਨੀ ਤੇ ਕਿਰਤ ਦੀ ਵਿਚਾਰ ਕੀਤੀ ਜਾਂਦੀ ਹੈ। ਇਸ ਦੇ ਚੰਗੇ ਮੰਦੇ ਕੰਮਾਂ ਦਾ ਲੇਖਾ-ਜੋਖਾ ਕੱਢਿਆ ਜਾਂਦਾ ਹੈ। ਉਸ ਵੇਲੇ ਜੀਵ ਆਪਣੇ ਔਗੁਣਾਂ ਨੂੰ ਕਿਸੇ ਤਰ੍ਹਾਂ ਵੀ ਛੁਪਾ ਨਹੀਂ ਸਕਦਾ ਕਿਉਂਕਿ ਉਹ ਨੰਗਾ ਹੁੰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥*
*ਕਰਿ ਅਉਗਣ ਪਛੋਤਾਵਣਾ॥* *ਪੰਨਾ - 470*

ਸੋ ਇਸ ਤਰ੍ਹਾਂ ਨਾਲ ਜੀਵ ਨੂੰ ਲਿਜਾ ਕੇ ਉਸ ਦੇ ਕੀਤੇ ਹੋਏ ਕਰਮਾਂ ਬਾਰੇ ਜਾਣੂ ਕਰਾਇਆ ਜਾਂਦਾ ਹੈ ਜਿਵੇਂ ਕਿ ਫੁਰਮਾਨ ਹੈ -

*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਪੰਨਾ - 464*

ਗੁਰਬਾਣੀ ਦਾ ਸਿਧਾਂਤ ਹੈ ਕਿ ਜਦੋਂ ਅਸੀਂ ਜੀਵ ਮਾਰ ਕੇ ਖਾਂਦੇ ਹਾਂ ਤਾਂ ਲੇਖਾ ਦੇਣ ਸਮੇਂ ਅਜਿਹੀਆਂ ਜੂਨਾਂ ਵਿਚ ਭੇਜਿਆ ਜਾਂਦਾ ਹੈ ਜਿਥੇ ਉਹ ਜੀਵ ਸਾਨੂੰ ਕੱਟ ਕੱਟ ਕੇ ਖਾਣਗੇ ਅਤੇ ਆਪਣਾ ਲੇਖਾ ਲੈਣਗੇ-

*ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥*
*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥* *ਪੰਨਾ - 1374*

ਪਹਿਲਾਂ ਤਾਂ ਸ਼ਿਕਾਰ ਕਰਨ ਵਾਸਤੇ ਪੰਛੀ ਪਸ਼ੂ ਮਾਰੋ, ਫੇਰ ਲੇਖੇ ਦੇਣ ਵੇਲੇ ਆਪਣਾ ਗਲਾ ਕਟਾਓ। ਕੀ ਪਿਆ ਹੈ ਇਨ੍ਹਾਂ ਗੱਲਾਂ ਵਿਚ? ਵਾਹਿਗੁਰੂ ਨੇ ਮਨੁੱਖ ਨੂੰ ਸਾਰੀਆਂ ਜੂਨੀਆਂ ਦਾ ਸਰਦਾਰ ਬਣਾਇਆ ਹੈ। ਇਸ ਦੇ ਹੱਥ ਭਲੇ ਦਾ, ਇਨਸਾਫ ਦਾ ਤੱਕੜ ਆਉਂਦਾ ਹੈ, ਇਹ ਸਾਰੀਆਂ ਜੂਨੀਆਂ ਦਾ ਰਾਖਾ ਹੈ, ਫੁਲਾਂ ਫਲਾਂ ਵਾਲੇ ਦਰਖਤਾਂ ਦੀ ਰਾਖੀ ਇਸ ਨੇ ਕਰਨੀ ਹੈ, ਜੀਵ ਜੰਤੂਆਂ ਦੀ ਰਾਖੀ ਵੀ ਇਸ ਨੇ ਕਰਨੀ ਹੈ ਕਿਉਂਕਿ ਇਹ ਬਾਦਸ਼ਾਹ ਜੋ ਹੋਇਆ। ਜਿਵੇਂ ਕਿ ਫੁਰਮਾਨ ਹੈ -

*ਅਵਰ ਜੋਨਿ ਤੇਰੀ ਪਨਿਹਾਰੀ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ॥* *ਪੰਨਾ - 374*

ਵਾਹਿਗੁਰੂ ਜੀ ਨੇ ਮਿੱਠਾ ਸ਼ਹਿਦ ਪੈਦਾ ਕਰਨ ਲਈ ਬੇਅੰਤ ਮੱਖੀਆਂ ਬਣਾਈਆਂ ਹਨ ਜੋ ਇਕੱਲੇ-ਇਕੱਲੇ ਫੁੱਲ ਤੋਂ ਸ਼ਹਿਦ ਤਿਆਰ ਕਰਦੀਆਂ ਹਨ। ਸਿਹਤਵਰਧਕ ਦੁੱਧ ਲਈ ਮੱਝਾਂ ਗਊਆਂ ਬਣਾਈਆਂ ਹਨ, ਉਹ ਕੱਟ-ਕੱਟ ਕੇ ਖਾਣ ਲਈ ਨਹੀਂ ਹਨ। ਬੇਅੰਤ ਦਵਾਈਆਂ, ਸਿਹਤ ਲਈ ਵਿਟਾਮਿਨ ਬਣਾਏ ਹਨ। ਦੁੱਧ, ਘਿਓ, ਮੱਖਣ, ਫਲ ਫਰੂਟ ਹਨ। ਪਿਆਰਿਓ! ਜੋ ਬੀਜੋਂਗੇ ਉਹ ਵੱਢਣਾ ਪੈਣਾ ਹੈ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥* *ਪੰਨਾ - 134*

ਉਥੇ ਲੇਖਾ ਦੇਣਾ, ਤਾਂ ਸੁਖਾਲਾ ਹੁੰਦਾ ਹੈ ਜੇ ਦਿਲ ਅੰਦਰ ਸਚਾਈ ਹੋਵੇ, ਕਿਸੇ ਨਾਲ ਧੋਖਾ ਨਾ ਕੀਤਾ ਹੋਵੇ, ਆਪਣੇ ਜਤ ਸਤ ਨੂੰ ਕਾਇਮ ਰੱਖਿਆ ਹੋਵੇ -

*ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ॥*
*ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ॥* *ਪੰਨਾ - 1375*

ਅਤੇ ਇਹ ਵੀ ਫੁਰਮਾਨ ਹੈ -

*ਰੇ ਰੇ ਦਰਗਹ ਕਹੈ ਨ ਕੋਊ॥ ਆਉ ਬੈਠੁ ਆਦਰੁ ਸੁਭ ਦੇਊ॥*
*ਪੰਨਾ - 252*

ਧਰਮਰਾਜ ਦੀ ਕਚਹਿਰੀ ਅਜਿਹੀ ਕਚਹਿਰੀ ਹੈ ਜਿਥੇ ਆਦਮੀ ਦਾ ਹੱਥ ਪਹੁੰਚਣਾ ਹੀ ਨਹੀਂ, ਉਥੇ ਤਾਂ ਸੱਚ ਦਾ ਤੱਕੜ ਲੱਗਿਆ ਹੋਇਆ ਹੈ। ਕਰਮਾਂ ਦੇ ਹਿਸਾਬ ਨਾਲ ਨਬੇੜਾ ਹੋਣਾ ਹੈ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ।।*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀਵਾਰ॥* ਪੰਨਾ - 1281

ਸੋ ਇਸ ਕਰਕੇ ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਉਥੇ ਜੀਵ ਨੂੰ ਦਰਗਾਹ ਵਿਚ ਲਿਜਾ ਕੇ ਲੇਖੇ ਪੱਤੇ ਸਮਝਾਏ ਜਾਂਦੇ ਹਨ ਜਿਵੇਂ ਕਿ -

*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥* ਪੰਨਾ - 464

ਉਸ ਤੋਂ ਬਾਅਦ ਉਸ ਨੂੰ ਧੱਕ ਦਿਤਾ ਜਾਂਦਾ ਹੈ, ਕਿਥੇ ਜਾਂਦਾ ਹੈ ਉਹ ਧੱਕਿਆ ਹੋਇਆ? ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪ੍ਰਮੇਸ਼ਰ ਦੇ ਹੁਕਮ ਅਨੁਸਾਰ 84 ਨਰਕ ਬਣੇ ਹੋਏ ਹਨ ਜਿਨ੍ਹਾਂ ਵਿਚੋਂ 18 ਵੱਡੇ ਨਰਕ ਹਨ ਜਿਨ੍ਹਾਂ ਵਿਚ ਮਨਮੁਖਾਂ ਨੂੰ ਉਨ੍ਹਾਂ ਦੇ ਕਿਰਦਾਰ ਮੁਤਾਬਿਕ ਧੱਕਾ ਦਿਤਾ ਜਾਂਦਾ ਹੈ।

*ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥* ਪੰਨਾ - 1073

ਜੀਵ ਨੂੰ ਆਪਣੇ ਕੀਤੇ ਹੋਏ ਕਰਮਾਂ ਨੂੰ ਭੁਗਤਣ ਲਈ ਨਖਿੱਧ ਜੂਨੀਆਂ ਵਿਚ ਆਉਣਾ ਪੈਂਦਾ ਹੈ। ਕਦੇ ਉਹ ਸੱਪ ਬਣਦਾ ਹੈ, ਕਦੇ ਘੋੜਾ ਬਣਦਾ ਹੈ, ਕਦੇ ਹਾਥੀ ਬਣਦਾ ਹੈ। ਜਦੋਂ ਜੀਵ ਸੰਸਾਰ ਵਿਚ ਮਾਨਸ ਸਰੀਰ ਧਾਰਨ ਕਰਦਾ ਹੈ, ਉਸ ਵੇਲੇ ਨਾ ਇਹ ਕਿਸੇ ਸਾਧੂ ਮਹਾਂਪੁਰਸ਼ਾਂ ਦੀ ਗੱਲ ਮੰਨਦਾ ਹੈ, ਨਾ ਕਿਸੇ ਮਹਾਂਪੁਰਸ਼ਾਂ ਦੀ ਬਾਣੀ ਤੇ ਅਕੀਦਾ ਲਿਆਉਂਦਾ ਹੈ। ਆਪਣੀ ਮਨ ਮਰਜ਼ੀ ਕਰਦਾ ਹੈ। ਲੇਖੇ ਪੱਤੇ ਹੁੰਦੇ ਹਨ ਤਾਂ ਚੰਗੀ ਥਾਂ ਨਹੀਂ ਮਿਲਦੀ, ਉਸ ਵੇਲੇ ਰੋ ਰੋ ਕੇ ਪੁਕਾਰਾਂ ਕਰਦਾ ਹੈ ਕਿ ਮੈਨੂੰ ਇਕ ਮੌਕਾ ਹੋਰ ਦਿਓ, ਮੈਂ ਫੇਰ ਮਨੁੱਖ ਬਣਾਂ ਅਤੇ ਚੰਗੇ ਕਰਮ ਕਰਾਂ -

*ਥਾਉ ਨ ਹੋਵੀ ਪਾਉਦੀਈ ਹੁਣਿ ਸੁਣੀਐ ਕਿਆ ਰੂਆਇਆ॥* ਪੰਨਾ - 464

ਇਹ ਬਾਣੀ ਗੁਰਸਿੱਖ ਦੇ ਮੁਖਾਰਬਿੰਦ ਤੋਂ ਭਾਈ ਲਹਿਣਾ ਜੀ ਕੋਲ ਬੈਠੇ ਸੁਣ ਰਹੇ ਸਨ ਅਤੇ ਅੰਦਰ ਹੀ ਅੰਦਰ ਵਿਚਾਰ ਕਰ ਰਹੇ ਸਨ ਕਿ ਅਸੀਂ ਤਾਂ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਹਾਂ। ਇਨ੍ਹਾਂ ਗੱਲਾਂ ਵਲ ਤਾਂ ਕਦੇ ਧਿਆਨ ਹੀ ਨਹੀਂ ਦਿਤਾ। ਗੁਰਸਿੱਖ ਆਸਾ ਦੀ ਵਾਰ ਦਾ ਬਹੁਤ ਲਟਕ ਲਟਕ ਕੇ ਪਾਠ ਕਰ ਰਿਹਾ ਸੀ। ਭਾਈ ਲਹਿਣਾ ਜੀ ਹੋਰ ਕੋਲ ਹੋ ਕੇ ਸੁਣਨ ਲਗ ਗਏ ਕਿ ਸਾਰੀ ਕੁਦਰਤ ਉਸ ਦੇ ਹੁਕਮ ਵਿਚ ਚਲ ਰਹੀ ਹੈ, ਕਿਸੇ ਦੀ ਤਾਕਤ ਨਹੀਂ ਕਿ ਆਪਣੀ ਮਰਜ਼ੀ ਨਾਲ ਉਸ ਹੁਕਮ ਦੇ ਨਿਯਮ ਵਿਚੋਂ ਬਾਹਰ ਆ ਜਾਵੇ। ਸਾਰੇ ਬ੍ਰਹਿਮੰਡ, ਪਉਣ, ਪਾਣੀ, ਬੈਸੰਤਰ, ਦੇਵਤੇ, ਦੇਵੀਆਂ, ਸੂਰਜ, ਚੰਦ, ਤਾਰੇ ਸਭ ਵਾਹਿਗੁਰੂ ਜੀ ਦੇ ਹੁਕਮ ਵਿਚ ਚਲਦੇ ਹਨ। ਵਾਹਿਗੁਰੂ ਜੀ ਆਪ ਸਾਰਿਆਂ ਦੇ ਮਾਲਕ ਹਨ, ਉਹ ਸਾਰੇ ਉਸ ਦੇ ਹੁਕਮ ਦੇ ਅਧੀਨ ਹਨ; ਐਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਪਉਣ ਪਾਣੀ ਦੇਵਤੇ ਸਾਰੇ,*
*ਚਲਦੇ ਨੇ ਭੈ ਵਿਚ ਜੀ - 2, 2.*
*ਮੇਰੇ ਪਿਆਰੇ, ਚਲਦੇ ਨੇ ਭੈ ਵਿਚ ਜੀ -2,2*
*ਪਉਣ ਪਾਣੀ ਦੇਵਤੇ ਸਾਰੇ..........2*

*ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥*
*ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ।। ਭੈ ਵਿਚਿ ਰਾਜਾ ਧਰਮੁ ਦੁਆਰੁ॥*
*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥*
*ਭੈ ਵਿਚਿ ਸਿਧ ਬੁਧ ਸੁਰ ਨਾਥ॥ ਭੈ ਵਿਚਿ ਆਡਾਣੇ ਆਕਾਸ।।*
*ਭੈ ਵਿਚਿ ਜੋਧ ਮਹਾਬਲ ਸੂਰ।। ਭੈ ਵਿਚਿ ਆਵਹਿ ਜਾਵਹਿ ਪੂਰ॥*
*ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰੁ ਸਚੁ*

***ਏਕੁ ॥***

***ਪੰਨਾ - 464***

ਭਾਈ ਲਹਿਣਾ ਜੀ ਨੇ ਸਾਰੀਆਂ ਕੁਦਰਤੀ ਸ਼ਕਤੀਆਂ ਨੂੰ ਪ੍ਰਤੱਖ ਰੂਪ ਵਿਚ ਨਿਰੰਕਾਰ ਦੇ ਹੁਕਮ ਵਿਚ ਚਲਦੀਆਂ ਅਨੁਭਵ ਕੀਤਾ। ਵਾਹਿਗੁਰੂ ਜੀ ਦੇ ਜੋ ਪਿਆਰੇ ਹਨ ਉਨ੍ਹਾਂ ਨੂੰ ਵੀ ਪ੍ਰਮੇਸ਼ਵਰ ਵਲੋਂ ਅਧਿਕਾਰ ਮਿਲੇ ਹੋਏ ਹਨ, ਉਹ ਪ੍ਰਮੇਸ਼ਰ ਦੀ ਬੰਨ੍ਹੀ ਹੋਈ ਮਰਿਆਦਾ ਨੂੰ ਆਪਣੇ ਲਾਡਲੇ ਪਿਆਰ ਵਿਚ ਆ ਕੇ ਬਦਲ ਦਿਆ ਕਰਦੇ ਹਨ -

***ਜੋ ਕਿਛੁ ਕਰੇ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥***

***ਪੰਨਾ - 748***

ਇਸ ਸਬੰਧ ਵਿਚ ਮੈਂ ਇਕ ਬੇਨਤੀ ਕਰਦਾ ਹਾਂ ਕਿ ਪੱਛਮੀ ਪੰਜਾਬ ਵਿਚ ਇਕ ਬਹੁਤ ਵੱਡੇ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਦਾ ਨਾਮ ਰਾਮ ਕਿਸ਼ਨ ਸੀ, ਉਹ ਸ਼ਾਹਪੁਰ ਵਿਚ ਰਹਿੰਦੇ ਸਨ। ਉਸ ਵੇਲੇ ਪਾਕਿਸਤਾਨ ਦੇ ਅੰਦਰ ਜਦੋਂ ਇਕੱਠਾ ਪੰਜਾਬ ਹੁੰਦਾ ਸੀ ਤਾਂ ਜਿਹਲਮ ਦਰਿਆ ਸ਼ਾਹਪੁਰ ਨਾਲ ਲਗਦਾ ਸੀ। ਇਕ ਵਾਰੀ ਜਿਹਲਮ ਦਰਿਆ ਚੜ੍ਹ ਗਿਆ, ਉਸ ਨੇ ਸ਼ਹਿਰ ਵਲ ਨੂੰ ਵਾਢਾ ਪਾ ਦਿਤਾ। ਵੱਡੀਆਂ-ਵੱਡੀਆਂ ਬਿਲਡਿੰਗਾਂ ਨੂੰ ਗਿਰਾ ਰਿਹਾ ਸੀ। ਸਾਰੇ ਸ਼ਹਿਰ ਵਿਚ ਹਾਹਾਕਾਰ ਮਚੀ ਹੋਈ ਸੀ। ਹਰ ਕੋਈ ਆਪਣੀ ਜਾਨ ਬਚਾਉਣ ਦੇ ਫਿਕਰ ਵਿਚ ਸੀ। ਉਸ ਵੇਲੇ ਸਾਰੇ ਲੋਕ ਮਹਾਂਪੁਰਸ਼ਾਂ ਦੀ ਸ਼ਰਨ ਵਿਚ ਇਕੱਠੇ ਹੋ ਕੇ ਗਏ ਅਤੇ ਬੇਨਤੀ ਕੀਤੀ ਕਿ ਜਿਹਲਮ ਦਰਿਆ ਨੇ ਬਹੁਤ ਵੱਡੀ ਧਰਤੀ ਕੱਟ ਲਈ ਹੈ, ਹੁਣ ਤਾਂ ਗੁਰਦੁਆਰਾ ਸਾਹਿਬ ਦੇ ਨੇੜੇ ਹੀ ਪਹੁੰਚਣ ਵਾਲਾ ਹੈ, ਆਪ ਕੁਝ ਕ੍ਰਿਪਾ ਕਰੋ। ਆਪ ਸਮਰੱਥ ਹੋ, ਇਸ ਦਰਿਆ ਨੂੰ ਆਖੋ ਕਿ ਇਹ ਹੁਣ ਸ਼ਾਂਤ ਹੋ ਜਾਵੇ।

ਉਸ ਵੇਲੇ ਮਹਾਂਪੁਰਸ਼ ਕਹਿਣ ਲੱਗੇ ਕਿ ਪਿਆਰਿਓ! ਆਪਾਂ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਹੁਕਮ ਵਿਚ ਚਲਦੇ ਹਾਂ, ਜੇ ਉਨ੍ਹਾਂ ਨੂੰ ਭਾਉਂਦਾ ਹੈ ਕਿ ਗੁਰਦੁਆਰਾ ਸਾਹਿਬ ਬਚ ਜਾਵੇ ਤਾਂ ਰੁਕ ਜਾਵੇਗਾ ਤੇ ਜੇ ਨਹੀਂ ਭਾਉਂਦਾ ਤਾਂ ਜਿਹਲਮ ਨਹੀਂ ਰੁਕੇਗਾ। ਗੁਰੂ ਮਹਾਰਾਜ ਆਪ ਹੀ ਜਾਣਦੇ ਹਨ ਕਿ ਇਸ ਅਸਥਾਨ ਨੂੰ ਬਚਾਉਣਾ ਹੈ ਜਾਂ ਨਹੀਂ ਕਿਉਂਕਿ ਗੁਰੂ ਘਰ ਵਿਚ ਅਰਦਾਸ ਨੂੰ ਬਹੁਤ ਵੱਡੀ ਮਹਾਨਤਾ ਮਿਲੀ ਹੋਈ ਹੈ। ਜਦੋਂ ਗੁਰਸਿੱਖ ਦਾ ਕੋਈ ਬੱਲ ਨਾ ਚੱਲੇ ਤਾਂ ਉਸ ਕੋਲ ਇਕ ਸੱਚੇ ਦਿਲੋਂ ਅਰਦਾਸ ਹੁੰਦੀ ਹੈ। ਮਹਾਂਪੁਰਸ਼ਾਂ ਨੇ ਕਿਹਾ ਕਿ ਪ੍ਰਸ਼ਾਦ ਤਿਆਰ ਕਰੋ, ਗੁਰੂ ਨਾਨਕ ਪਾਤਸ਼ਾਹ ਨੂੰ ਭੋਗ ਲਵਾਓ। ਪ੍ਰਸ਼ਾਦ ਤਿਆਰ ਕੀਤਾ ਅਤੇ ਆਪ ਸੀਸ ਤੇ ਚੁੱਕ ਕੇ ਜਿਹਲਮ ਦੇ ਕੰਢੇ ਲੈ ਗਏ, ਉਥੇ ਇਕ ਢਿੱਗ ਪਿਛਲੀ ਧਰਤੀ ਨਾਲੋਂ ਹਟ ਗਈ ਸੀ ਉਸ ਦੇ ਉਪਰ ਆਪ ਨੇ ਆਸਣ ਲਾ ਲਿਆ ਅਤੇ ਜਿਹਲਮ ਨੂੰ ਕਿਹਾ ਕਿ ਲੈ ਤੈਨੂੰ ਗੁਰੂ ਦਾ ਪ੍ਰਸ਼ਾਦ ਦਿੰਦੇ ਹਾਂ, ਐਨਾ ਗੁੱਸਾ ਨਾ ਕਰ, ਇਹ ਗਰੀਬ ਜਨਤਾ ਹੈ, ਤੈਨੂੰ ਥੋੜ੍ਹਾ ਬਹੁਤ ਜੇਰਾ ਕਰਨਾ ਚਾਹੀਦਾ ਹੈ। ਇਹ ਗੁਰੂ ਦੇ ਸਿੱਖ ਹਨ, ਕਿੰਨੇ ਦੁਖੀ ਹੋ ਰਹੇ ਹਨ, ਭਾਣਾ ਮੰਨਣ ਦੀ ਇਨ੍ਹਾਂ ਵਿਚ ਸ਼ਕਤੀ ਨਹੀਂ ਹੈ। ਗੁਰੂ ਦੇ ਵਾਸਤੇ ਦੂਜੇ ਪਾਸੇ ਨੂੰ ਵਗ। ਜਿਸ ਢਿੱਗ ਤੇ ਆਪ ਬੈਠੇ ਸਨ ਉਹ ਹੇਠੋਂ ਪਾਣੀ ਨੇ ਕੱਟ ਲਈ ਸੀ, ਸਾਰਿਆਂ ਨੂੰ ਇਸ ਤਰ੍ਹਾਂ ਲਗ ਰਿਹਾ ਸੀ ਕਿ ਜਿਵੇਂ ਇਹ ਹੁਣੇ ਗਿਰ ਜਾਵੇਗੀ। ਪ੍ਰਸ਼ਾਦ ਲੈਂਦੇ ਸਾਰ ਦਰਿਆ ਨੇ ਮੁਖ ਮੋੜ ਲਿਆ, ਉਹ ਢਿੱਗ ਸੰਤਾਂ ਦੇ ਜੀਵਨ ਕਾਲ ਤਕ ਉਸੇ ਤਰ੍ਹਾਂ ਖੜ੍ਹੀ ਰਹੀ। ਹੁਣ ਤਾਂ ਪਤਾ ਨਹੀਂ ਸਮੇਂ ਬੀਤ ਗਏ ਹਨ। ਜਿਹਲਮ ਦਰਿਆ ਅੱਜ ਤਕ ਸ਼ਾਹਪੁਰ ਤੋਂ ਬਹੁਤ ਦੂਰ ਚਲਦਾ ਹੈ, ਮੁੜ ਕੇ ਉਧਰ ਨਹੀਂ ਆਇਆ। ਸਾਧਸੰਗਤ ਜੀ! ਕੁਦਰਤੀ ਸ਼ਕਤੀਆਂ ਪ੍ਰਮੇਸ਼ਵਰ ਦੇ ਭੈਅ ਵਿਚ ਚਲਦੀਆਂ ਹਨ, ਬੱਦਲ ਵੀ, ਮੀਂਹ ਵੀ ਭੈਅ ਵਿਚ ਚਲਦਾ ਹੈ।

ਇਕ ਕਥਾ ਆਉਂਦੀ ਹੈ ਕਿ ਸੰਤ ਮਹਾਰਾਜ ਮਸਤੂਆਣੇ ਵਾਲੇ ਇਕ ਵਾਰੀ ਕਬਾਇਲੀ ਇਲਾਕੇ ਵਿਚੀਂ ਲੰਘ ਰਹੇ ਸਨ, ਇਸ ਇਲਾਕੇ ਵਿਚ ਬਹੁਤ ਦੇਰ ਤੋਂ ਮੀਂਹ ਨਹੀਂ ਸੀ ਪਿਆ। ਮਹਾਂਪੁਰਸ਼ ਟਾਂਗੇ ਵਿਚ ਬੈਠੇ ਜਾ ਰਹੇ ਸਨ, ਟਾਂਗਾ ਬਹੁਤ ਹੌਲੀ ਹੌਲੀ ਚਲਦਾ ਸੀ। ਪਠਾਣਾਂ ਨੇ ਦੇਖਿਆ ਕਿ ਜਾਹੋ ਜਲਾਲ ਵਾਲਾ ਕੋਈ ਮਹਾਂਪੁਰਸ਼ ਵਲੀ ਅੱਲਾਹ ਜਾ ਰਿਹਾ ਹੈ, ਉਨ੍ਹਾਂ ਵਿਚੋਂ ਸਿਆਣੇ ਪਠਾਣ ਨੇ ਤਾਂਗੇ ਨੂੰ ਜੁੜੇ ਹੋਏ ਘੋੜੇ ਦੀਆਂ ਵਾਗਾਂ ਫੜ ਲਈਆਂ ਅਤੇ ਕਿਹਾ ਕਿ ਮਹਾਂਪੁਰਸ਼ੋ! ਸਾਡਾ ਦਿਲ ਮੰਨਦਾ ਹੈ ਕਿ ਤੁਸੀਂ ਕੋਈ ਪੀਰ ਹੋ, ਤੁਹਾਡੇ ਚਿਹਰੇ ਦੀ ਆਭਾ ਨਿਆਰੀ ਹੈ। ਤੁਹਾਡੇ ਨੇਤਰਾਂ ਦੀ ਖਿੱਚ ਅਲੌਕਿਕ ਹੈ, ਕ੍ਰਿਪਾ ਕਰੋ, ਬਹੁਤ ਚਿਰ ਤੋਂ ਇਥੇ ਬਾਰਸ਼ ਨਹੀਂ ਹੋਈ, ਫਸਲਾਂ ਨਹੀਂ ਹੋਈਆਂ। ਇਹੀ ਸਾਡਾ ਗੁਜ਼ਾਰਾ ਹੈ, ਭੁੱਖਮਰੀ ਪੈ ਜਾਵੇਗੀ। ਮਹਾਂਪੁਰਸ਼ਾਂ ਨੇ ਕਿਹਾ ਕਿ

ਪਿਆਰਿਓ! ਅਸਾਡੇ ਤਾਂ ਹੱਥ ਵਿਚ ਕੁਝ ਨਹੀਂ ਹੈ। ਉਨ੍ਹਾਂ ਨੇ ਫਿਰ ਬੇਨਤੀ ਕੀਤੀ ਕਿ ਸਾਡਾ ਗੁਜ਼ਾਰਾ ਬਦਾਮਾਂ, ਅੰਗੂਰਾਂ, ਪਿਸਤਿਆਂ ਉਪਰ ਹੈ ਪਰ ਮੀਂਹ ਦੀ ਘਾਟ ਕਰਕੇ ਜਿਹੜਾ ਥੋੜ੍ਹਾ ਬਹੁਤ ਫਲ ਲੱਗਿਆ ਹੈ ਉਹ ਵੀ ਝੜ ਜਾਵੇਗਾ। ਆਪ ਦੀ ਪਹੁੰਚ ਅਲਾਹ ਤਾਲਾਹ ਤਕ ਹੈ, ਆਪ ਕ੍ਰਿਪਾ ਕਰੋ।

ਉਸ ਵੇਲੇ ਮਹਾਂਪੁਰਸ਼ਾਂ ਨੇ ਚੁੱਪ ਧਾਰ ਲਈ, ਮਹਾਂਪੁਰਸ਼ ਆਪਣੇ ਵਲੋਂ ਕੁਝ ਵੀ ਨਹੀਂ ਸੀ ਕਰਨਾ ਚਾਹੁੰਦੇ ਕਿਉਂਕਿ ਗੁਰੂ ਘਰ ਵਿਚ ਸ਼ਕਤੀਆਂ ਵਰਤਣੀਆਂ ਵਰਜਿਤ ਹਨ।

***ਨਾਟਕ ਚੇਟਕ ਕੀਏ ਕੁਕਾਜਾ। ਪ੍ਰਭ ਲੋਗਨ ਕਹ ਆਵਤ ਲਾਜਾ।।***

***ਬਚਿਤ੍ਰ ਨਾਟਕ***

ਉਸ ਵੇਲੇ ਦਇਆ ਦੇ ਘਰ ਵਿਚ ਆ ਕੇ ਆਪ ਟਾਂਗੇ ਵਿਚੋਂ ਉਤਰ ਗਏ ਅਤੇ ਆਪਣੇ ਨਾਲ ਦੇ ਸਾਥੀਆਂ ਨੂੰ ਕਿਹਾ ਕਿ ਸਾਜ ਸੁਰ ਕਰੋ ਆਪਾਂ ਬੇਨਤੀ ਕਰਦੇ ਹਾਂ। ਉਸ ਵੇਲੇ ਆਪ ਨੇ ਸ਼ਬਦ ਪੜ੍ਹਿਆ ਜੋ ਪਠਾਣਾਂ ਦੀ ਸਮਝ ਵਿਚ ਤਾਂ ਆ ਨਹੀਂ ਸੀ ਰਿਹਾ ਪਰ ਉਹ ਹੈਰਾਨ ਹੋ ਗਏ ਕਿ ਅਚਾਨਕ ਬੱਦਲ ਉਠ ਕੇ ਗਾੜ੍ਹੇ ਹੋ ਗਏ, ਥੋੜ੍ਹੀ ਦੇਰ ਪਿਛੋਂ ਕਿਣਮਿਣ ਸ਼ੁਰੂ ਹੋ ਗਈ। ਮਲ੍ਹਾਰ ਰਾਗ ਦੇ ਆਪ ਸ਼ਬਦ ਪੜ੍ਹ ਰਹੇ ਸਨ। ਜਿਉਂ ਜਿਉਂ ਸ਼ਬਦ ਦੀ ਧੁਨ ਉਚੀ ਹੁੰਦੀ ਸੀ ਤਿਉਂ-ਤਿਉਂ ਮੀਂਹ ਸਾਜਾਂ ਨਾਲ ਰਲ ਰਿਹਾ ਸੀ। ਐਨਾ ਮੀਂਹ ਪਿਆ ਕਿ ਵਾਜੇ ਢੋਲਕੀਆਂ ਵੀ ਗਿੱਲੀਆਂ ਹੋ ਗਈਆਂ। ਆਪ ਜੋਟੀਆਂ ਦੇ ਸ਼ਬਦ ਪੜ੍ਹ ਰਹੇ ਸਨ। ਜਦੋਂ ਬਹੁਤ ਬਾਰਸ਼ ਹੋਈ ਤਾਂ ਇਕ ਸੋਝੀਵਾਨ ਪਠਾਣ ਉਠਿਆ ਅਤੇ ਕਿਹਾ ਕਿ ਮਹਾਰਾਜ ਹੁਣ ਬਹੁਤ ਬਾਰਸ਼ ਹੋ ਗਈ ਹੈ, ਜੇ ਇਸ ਤੋਂ ਜ਼ਿਆਦਾ ਹੋ ਗਈ ਤਾਂ ਖੇਤੀਆਂ ਰੁੜ੍ਹ ਜਾਣਗੀਆਂ। ਇਸ ਤਰ੍ਹਾਂ ਦੀਆਂ ਸਾਖੀਆਂ ਤਕਰੀਬਨ ਮਹਾਂਪੁਰਸ਼ਾਂ ਦੇ ਜੀਵਨ ਵਿਚ ਆਮ ਹੀ ਆਇਆ ਕਰਦੀਆਂ ਹਨ।

ਭਾਈ ਲਹਿਣਾ ਜੀ ਚੌਥਾ ਸਲੋਕ ਬਹੁਤ ਹੀ ਧਿਆਨ ਨਾਲ ਸ੍ਰਵਣ ਕਰ ਰਹੇ ਸਨ ਤੇ ਜਦੋਂ ਆਪ ਪਉੜੀ ਸ੍ਰਵਣ ਕਰਨ ਲੱਗੇ ਤਾਂ ਉਸ ਵਿਚ ਫੁਰਮਾਨ ਆਇਆ ਕਿ ਇਸ ਜੀਵ ਨੂੰ ਭਰਮਦਿਆਂ ਜੁੱਗ ਬੀਤ ਗਏ ਹਨ ਅਤੇ ਇਸ ਦਾ ਛੁਟਕਾਰਾ ਕਿਸੇ ਕਰਮ ਨਾਲ ਨਹੀਂ ਹੁੰਦਾ। ਇਹ ਤਾਂ ਵਾਹਿਗੁਰੂ ਦੀ ਹੀ ਮਿਹਰ ਹੋ ਜਾਵੇ ਤਾਂ ਪੂਰਾ ਸਤਿਗੁਰੂ ਮਿਲ ਜਾਇਆ ਕਰਦਾ ਹੈ। ਉਸ ਸਤਿਗੁਰੂ ਪਾਸ ਉਹ ਸ਼ਬਦ ਹੈ ਜਿਸ ਸ਼ਬਦ ਨੂੰ ਸਾਰੇ ਖੰਡਾਂ ਬ੍ਰਹਿਮੰਡਾਂ ਨੇ ਧਾਰਨ ਕੀਤਾ ਹੋਇਆ ਹੈ। ਸਤਿਗੁਰੂ ਦਾਤਾ ਹੈ, ਜੇ ਪੂਰਾ ਸਤਿਗੁਰੂ ਮਿਲ ਜਾਵੇ ਤਾਂ ਹਉਮੈ ਦਾ ਨਾਸ਼ ਹੋ ਜਾਂਦਾ ਹੈ। ਸੱਚ ਦੀ ਪ੍ਰਾਪਤੀ ਹੋ ਜਾਂਦੀ ਹੈ। ਉਹ ਹਮੇਸ਼ਾ ਹੀ ਵਾਹਿਗੁਰੂ ਨੂੰ, ਜਗਿਆਸੂ ਨੂੰ ਬੁਝਾ ਦਿਆ ਕਰਦੇ ਹਨ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਮੇਲਾ ਪੂਰਿਆਂ ਗੁਰਾਂ ਦਾ ਹੋਵੇ,***
***ਨਦਰ ਹੋ ਜਾਏ ਤੇਰੀ ਮਾਲਕਾ – 2, 2.***
***ਨਦਰ ਹੋ ਜਾਏ ਜੀ, ਤੇਰੀ ਮਾਲਕਾ – 2, 2.***
***ਮੇਲਾ ਪੂਰਿਆਂ ਗੁਰਾਂ ਦਾ ਹੋਵੇ,.......-2, 2.***

***ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ॥***
***ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ।।***
***ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥***
***ਸਤਿਗੁਰਿ ਮਿਲਿਐ ਸਚੁ ਪਾਇਆ ਜਿਨੀ ਵਿਚਹੁ ਆਪੁ ਗਵਾਇਆ॥***
***ਜਿਨਿ ਸਚੋ ਸਚੁ ਬੁਝਾਇਆ॥ ਪੰਨਾ – 465***

ਇਸ ਪਉੜੀ ਨੂੰ ਸੁਣ ਕੇ ਆਪ ਸੋਚ ਰਹੇ ਹਨ ਕਿ ਪੂਰੇ ਗੁਰੂ ਦਾ ਮਿਲਾਪ ਉਦੋਂ ਤਕ ਨਹੀਂ ਹੁੰਦਾ ਜਦੋਂ ਤਕ, ਇਸ ਸੰਸਾਰ ਦੇ ਮਾਲਕ ਦੀ ਨਦਰ ਨਾ ਹੋ ਜਾਵੇ। ਇਹ ਜੀਵ ਚਾਹੇ ਕਿੰਨਾ ਹੀ ਜ਼ੋਰ ਲਾ ਲਵੇ, ਕਿੰਨਾ ਹੀ ਭਜਨ ਕਰ ਲਵੇ, ਵਾਹਿਗੁਰੂ ਦੇ ਮਿਲਾਪ ਦਾ ਆਖਰੀ ਦਰਵਾਜ਼ਾ ਨਹੀਂ ਖੁਲ੍ਹਿਆ ਕਰਦਾ। ਉਸ ਦੇ ਦਰਵਾਜ਼ੇ ਨੂੰ ਖੁਲ੍ਹਾਉਣ ਲਈ ਸਤਿਗੁਰੂ ਦੀ ਬਖਸ਼ਿਸ਼ ਜ਼ਰੂਰੀ ਹੈ। ਸਤਿਗੁਰੂ ਤੋਂ ਸ਼ਬਦ ਪ੍ਰਾਪਤ ਕਰਕੇ, ਉਸ ਦਰਵਾਜ਼ੇ ਤੇ ਖੜ੍ਹਾ ਹੋ ਕੇ ਉਸ ਸ਼ਬਦ ਦੇ ਰਾਹੀਂ ਦਰਵਾਜ਼ਾ ਖੜਕਾਉਣਾ ਪੈਂਦਾ ਹੈ। ਬਾਣੀ ਵਿਚ ਐਸਾ ਫੁਰਮਾਨ ਆਉਂਦਾ ਹੈ –

***ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥***
***ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥ ਪੰਨਾ - 1376***

ਸਿਆਣੇ ਕਹਿੰਦੇ ਹਨ ਕਿ ਪਿਆਰਿਓ! Knock the door and it will be opened. (ਦਸਤਕ ਦਿਓ ਤੇ ਦਰਵਾਜ਼ਾ ਖੁਲ੍ਹ ਜਾਏਗਾ) ਅਸਾਡਾ ਕੰਮ ਹੈ ਦਰਵਾਜ਼ਾ ਖੜਕਾਈ ਜਾਣਾ। ਸਤਿਗੁਰੂ ਨੇ ਚਾਬੀ ਦੇ ਦਿਤੀ, ਜੇ ਅਸੀਂ ਇਸ ਦੀ ਵਰਤੋਂ ਨਾ ਕਰੀਏ ਤਾਂ ਸਾਡੀ ਗਲਤੀ ਹੈ। ਫੁਰਮਾਨ ਹੈ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥***
***ਪੰਨਾ - 205***

ਇਕ ਥਾਂ ਇਸ ਤੋਂ ਵੀ ਸਪਸ਼ਟ ਫੁਰਮਾਨ ਕਰਦੇ ਹਨ -

***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥ ਪੰਨਾ - 954***

ਦਸਵਾਂ ਦਰਵਾਜ਼ਾ ਗੁਰੂ ਦੇ ਸ਼ਬਦ ਦੀ ਮਦਦ ਨਾਲ ਖੁਲ੍ਹਦਾ ਹੈ। ਪ੍ਰਮੇਸ਼ਵਰ ਦੀ ਨਦਰ ਹੋਵੇ ਤਾਂ ਗੁਰੂ ਦਾ ਮਿਲਾਪ ਹੁੰਦਾ ਹੈ, ਗੁਰੂ ਦਿਆਲੂ ਹੋਵੇ ਤਾਂ ਗੁਰੂ ਸ਼ਬਦ ਦੀ ਦਾਤ ਦਿੰਦਾ ਹੈ, ਉਹ ਸ਼ਬਦ ਵਾਹਿਗੁਰੂ ਦੇ ਦਰਵਾਜ਼ੇ ਦੀ ਕੁੰਜੀ ਹੈ ਕਿਉਂਕਿ ਸ਼ਬਦ ਆਪਣੇ ਆਪ ਪ੍ਰਾਪਤ ਨਹੀਂ ਹੁੰਦਾ। ਫੁਰਮਾਨ ਹੈ -

***ਬਿਨ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥***
***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ॥ ਪੰਨਾ - 649***

ਨਦਰ ਤੋਂ ਬਗੈਰ ਪੂਰੇ ਭਾਗ ਨਹੀਂ ਬਣਿਆ ਕਰਦੇ। ਵਾਹਿਗੁਰੂ ਦੇ ਦਰ ਤੇ ਹੀ ਕੂਕ ਪੁਕਾਰ ਕਰਨੀ ਪੈਂਦੀ ਹੈ। ਹੇ ਵਾਹਿਗੁਰੂ! ਕੋਈ ਐਸਾ ਪਿਆਰਾ ਮਿਲਾ ਦੇ, ਜੋ ਮੈਨੂੰ ਤੇਰੇ ਰਸਤੇ ਦੀ ਸੋਝੀ ਪਾ ਦੇਵੇ, ਜਿਸ ਚਾਬੀ ਨਾਲ ਤਾਲੇ ਖੋਲ੍ਹਦਾ ਹੋਇਆ ਮੈਂ ਤੇਰੇ ਦਰ ਪਹੁੰਚ ਜਾਵਾਂ। ਤੂੰ ਕ੍ਰਿਪਾ ਕਰੇਂ ਤੇ ਬੰਦ ਹੋਇਆ ਦਰਵਾਜ਼ਾ ਖੋਲ੍ਹ ਦੇਵੇਂ।

ਨਦਰ ਇਕ ਵੱਡਾ ਕਰਿਸ਼ਮਾ ਹੈ ਜੋ ਜਗਿਆਸੂ ਤੇ ਰਹਿਮ ਕਰਕੇ ਪ੍ਰਮੇਸ਼ਵਰ ਵਲੋਂ ਵਰਤਿਆ ਜਾਂਦਾ ਹੈ। ਬਾਣੀ ਵਿਚ 'ਨਾਨਕ ਨਦਰੀ ਨਦਰ ਨਿਹਾਲ' ਕਿਹਾ ਹੈ, ਇਹ ਨਦਰ ਹੋਵੇ ਤਾਂ ਸਤਿਗੁਰੂ ਮਿਲਦਾ ਹੈ। ਜੀਵ ਅਰਬਾਂ ਖਰਬਾਂ ਜੂਨਾਂ ਵਿਚ ਘੁੰਮਦੇ ਹਨ।

***ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਪੰਨਾ - 176***

ਕ੍ਰਿਪਾ ਹੋਈ ਤਾਂ ਗੁਰੂ ਦੇ ਦਰ ਦੀ ਸੋਝੀ ਪ੍ਰਾਪਤ ਹੋਈ ਹੈ, ਇਸ ਤੋਂ ਵੱਧ ਕ੍ਰਿਪਾ ਹੋਈ ਤਾਂ ਗੁਰੂ ਦਿਆਲੂ ਹੋ ਗਿਆ ਤੇ ਉਸ ਨੇ ਉਹ ਸ਼ਬਦ ਸੁਣਾ ਦਿਤਾ ਜਿਸ ਦਾ ਅਭਿਆਸ ਕਰਕੇ ਅਸੀਂ ਨਾਮ ਤਕ ਪਹੁੰਚ ਜਾਂਦੇ ਹਾਂ। ਜਗਿਆਸੂ ਨੂੰ ਗੁਰੂ ਮੰਤਰ ਦਿੰਦਾ ਹੈ, ਉਸ ਦਾ ਅਭਿਆਸ ਕਰਕੇ ਮੰਜ਼ਲ ਦਰ ਮੰਜ਼ਲ ਚੜ੍ਹਾਈ ਕਰਦਾ ਹੈ ਅਤੇ ਉਥੇ ਪਹੁੰਚ ਜਾਂਦਾ ਹੈ ਜਿਥੇ ਨਾਮ ਹੈ। ਉਹ ਗੁਰੂ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦਾ ਹੈ-

***ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥***
***ਪੰਨਾ - 465***

ਹਰੇਕ ਜੀਵ ਦੇ ਅੰਦਰ ਸ਼ਬਦ ਹੈ ਜਿਸ ਨੂੰ ਸ਼ਬਦ ਬ੍ਰਹਮ ਜਾਂ ਨਾਮ ਜਾਂ ਵਾਹਿਗੁਰੂ ਕਿਹਾ ਜਾਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ -

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥***

***ਭਾਈ ਗੁਰਦਾਸ ਜੀ, ਵਾਰ 26/2***

ਪ੍ਰਮੇਸ਼ਵਰ ਨਿਰੰਕਾਰ ਤੋਂ ਏਕੰਕਾਰ ਅਤੇ ਸਰਗੁਣ ਰੂਪ ਵਿਚ ਆ ਕੇ ਸ਼ਬਦ ਦਾ ਉਚਾਰਨ ਹੋਇਆ ਜਿਸ ਨੂੰ ਸ਼ਬਦ ਧੁਨ ਜਾਂ ਓਅੰਕਾਰ ਕਿਹਾ ਜਾਂਦਾ ਹੈ। ਉਹ ਧੁਨ ਸਾਰੇ ਪਸਰ ਗਈ, ਜਿਸ ਤੋਂ ਸਾਰਾ ਸੰਸਾਰ ਰੂਪਮਾਨ ਹੋਇਆ। ਬੇਅੰਤ ਖਾਣੀਆਂ, ਬੇਅੰਤ ਬਾਣੀਆਂ, ਬੇਅੰਤ ਸ਼ਕਤੀਆਂ ਬਣ ਗਈਆਂ। ਉਹ ਸ਼ਬਦ ਘਟ-ਘਟ ਵਿਚ ਵਿਆਪਕ ਹੋ ਗਿਆ।

***ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥***
***ਪੰਨਾ - 293***

ਇਸ ਨਾਮ ਸ਼ਕਤੀ ਦੇ ਨਾਲ ਹੀ ਨਾਮੀ ਵੀ ਘਟ-ਘਟ ਵਿਚ ਵਿਆਪਕ ਹੈ। ਨਾਮ ਰਾਹੀਂ ਹੀ ਨਾਮੀ ਤਕ ਪਹੁੰਚਿਆ ਜਾ ਸਕਦਾ ਹੈ। ਓਅੰਕਾਰ ਕੋਈ ਪ੍ਰਕ੍ਰਿਤਕ ਸ਼ਬਦ ਨਹੀਂ ਹੈ, ਨਾ ਹੀ ਅੱਖਰਾਂ ਦੀ ਲਪੇਟ ਵਿਚ ਆਉਣ ਵਾਲਾ ਸ਼ਬਦ ਹੈ, ਇਹ ਪਵਿੱਤਰ ਧੁਨ ਹੈ। ਅੱਖਰਾਂ ਬਾਰੇ ਫੁਰਮਾਨ ਹੈ -

***ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥ ਪੰਨਾ - 340***

ਉਹ ਐਸਾ ਅੱਖਰ ਹੈ ਜਿਸਦਾ ਕੋਈ ਅੱਖਰ ਨਹੀਂ ਹੈ, ਉਸੇ ਨੂੰ ਸ਼ਬਦ ਬ੍ਰਹਮ ਆਖਿਆ ਜਾਂਦਾ ਹੈ।

ਮਨੁੱਖ ਦੇ ਅੰਦਰ ਉਹ ਸ਼ਬਦ ਧੁਨ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਹ ਧੁਨ ਹਰ ਬੰਦੇ ਦੇ ਅੰਦਰ ਹੈ, ਨਿਰੰਤਰ ਸਾਕਾਰ ਰੂਪ ਵਿਚ ਰਹਿੰਦੀ ਹੈ। ਪਰ ਮਾਇਆ ਦੇ ਅੰਧਕਾਰ ਵਿਚ ਇਸ ਨੇ ਦਿਬਯ ਕੰਨ, ਦਿਬਯ ਨੇਤਰ ਬੰਦ ਕੀਤੇ ਹੋਏ ਹਨ। ਦਿਬਯ ਨਾਸਕਾ ਤੇ ਜੀਭ ਨੂੰ ਦੁਰਾਡੇ ਰੱਖਿਆ ਹੋਇਆ ਹੈ ਪਰ ਸ਼ਬਦ ਦੀ ਕਮਾਈ ਨਾਲ ਇਹ ਖੁਲ੍ਹ ਜਾਂਦੇ ਹਨ। ਪ੍ਰਤੱਖ ਰੂਪ ਵਿਚ ਇਹ ਨਾਮ ਧੁਨ ਸੁਣਦੀ ਹੈ। ਧੁਨ ਹਰ ਥਾਂ ਪ੍ਰਕਾਸ਼ ਹੋ ਕੇ ਪ੍ਰਮੇਸ਼ਰ ਦੇ ਦਰਸ਼ਨ ਹੁੰਦੇ ਹਨ। ਇਸ ਨਾਮ ਰਾਹੀਂ ਹੀ, ਇਸ ਸ਼ਬਦ ਰਾਹੀਂ ਹੀ ਅਸੀਂ ਵਿਵੇਕ ਮੰਡਲ ਵਿਚ ਪਹੁੰਚਦੇ ਹਾਂ। ਉਸ ਗਿਆਨ ਪ੍ਰਕਾਸ਼ ਵਿਚ ਇਸ ਜੀਵ ਨੂੰ ਆਪਣਾ ਆਪ ਗੁਆਚਿਆ ਹੋਇਆ ਨਜ਼ਰ ਆਉਂਦਾ ਹੈ, ਓਹੀ ਬਣ ਜਾਂਦਾ ਹੈ ਜਿਸ ਦੀ ਤਲਾਸ਼ ਵਿਚ ਬੇਅੰਤ ਮਿਹਨਤ ਕੀਤੀ ਹੈ। ਫੁਰਮਾਨ ਹੈ -

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***
***ਪੰਨਾ - 1375***

ਜਿਸ ਨੂੰ ਟੋਲ੍ਹਦਾ ਫਿਰਦਾ ਸੀ ਜਦੋਂ ਉਹ ਮਿਲਿਆ ਤਾਂ ਇਹ ਬਿਲਕੁਲ ਹੀ ਪਤਾ ਨਹੀਂ ਲੱਗਿਆ ਕਿ ਟੋਲ੍ਹਣ ਵਾਲਾ ਕੌਣ ਸੀ, ਪ੍ਰਕਾਸ਼ ਹੋਣ ਕਰਕੇ ਉਹ ਅੰਧਕਾਰ ਦਾ ਭੁਲੇਖਾ ਖਤਮ ਹੋ ਗਿਆ। ਸਾਰੇ ਭਰਮਾਂ ਦਾ ਨਾਸ਼ ਹੋ ਗਿਆ ਅਤੇ ਪਤਾ ਲੱਗਿਆ ਕਿ ਜੀਵ ਰੂਪੀ ਖੇਲ੍ਹ ਅੰਧਕਾਰ ਵਿਚ ਅਣਹੋਈ ਹੋਈ ਸੀ ਅਤੇ ਇਹ ਸਤਿਗੁਰੂ ਦੇ ਸਬੰਧ ਦਾ ਪ੍ਰਤਾਪ ਹੈ ਜਿਸ ਨੇ ਇਸ ਜੀਵ ਨੂੰ ਘੁਮੇਟਣੀਆਂ ਵਿਚ ਪਏ ਨੂੰ ਆਪਣੀ ਕ੍ਰਿਪਾ ਰਾਹੀਂ ਸੁਣਾਇਆ -

***ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥***
***ਪੰਨਾ - 465***

ਹੈ ਕੋਈ ਸਤਿਗੁਰੂ ਵਰਗਾ ਦਾਤਾ? ਦਾਤੇ ਤਾਂ ਬੇਅੰਤ ਹੋਏ ਨੇ। ਕੋਈ ਸਵਾ ਮਣ ਸੋਨਾ ਪੁੰਨ ਕਰਦਾ ਹੈ, ਕੋਈ ਧਰਤੀ ਦਿੰਦਾ ਹੈ। ਪਰ ਗੁਰੂ ਵਰਗਾ ਦਾਤਾ ਨਹੀਂ ਕੋਈ -

***ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥***
***ਪੰਨਾ - 465***

ਮਹਾਰਾਜ ਕਹਿੰਦੇ ਕਿ ਪਿਆਰਿਓ! ਕੰਨ ਖੋਲ੍ਹ ਕੇ ਸੁਣੋ, ਇਸ ਤਰ੍ਹਾਂ ਸੱਚ ਦੀ ਪ੍ਰਾਪਤੀ ਨਹੀਂ ਹੁੰਦੀ। ਜਦੋਂ ਪੂਰੇ ਸਤਿਗੁਰੂ ਨੇ ਮੰਤਰ ਦੇ ਕੇ, ਜੋ ਮੈਂ ਭਾਵ ਇਸ ਦੇ ਅੰਦਰ ਪੈਦਾ ਹੋ ਕੇ ਇਸ ਜੀਵ ਨੂੰ ਅੰਧਕਾਰ

ਵਿਚ ਧੱਕੀ ਫਿਰਦਾ ਸੀ, ਉਹ ਦੂਰ ਕਰ ਦਿਤਾ ਅਤੇ ਸੱਚ ਦੀ ਪ੍ਰਾਪਤੀ ਹੋ ਗਈ। ਜਦੋਂ ਮੈਂ ਖਤਮ ਹੋ ਗਈ ਤੇ ਅਸਲੀ ਆਤਮਕ ਵਸਤੂ ਪ੍ਰਾਪਤ ਹੋ ਗਈ ਤਾਂ ਮਨ ਦਾ ਅੰਧਕਾਰ ਮਿਟ ਕੇ ਪ੍ਰਕਾਸ਼ ਹੋ ਗਿਆ। ਇਹ ਤਾਂ ਹੀ ਹੁੰਦਾ ਹੈ ਜੇ ਪੂਰਾ ਸਤਿਗੁਰੂ ਮਿਲ ਜਾਵੇ। ਨਿਸ਼ਾਨੀ ਇਹ ਹੁੰਦੀ ਹੈ ਕਿ –

***ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥***
***ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪ॥*** ***ਪੰਨਾ – 1374***

ਜੇ ਤਾਂ ਮੋਹ ਮਿਟ ਗਿਆ, ਤਿੰਨੇ ਤਾਪ ਮਿਟ ਗਏ, ਆਧੀ-ਬਿਆਧੀ, ਉਪਾਧੀ ਤੋਂ ਛੁਟਕਾਰਾ ਹੋ ਗਿਆ, ਨਿੰਦਿਆ, ਚੁਗਲੀ, ਈਰਖਾ, ਛਲ, ਕਪਟ, ਆਸਾ ਅੰਦੇਸਾ ਤੋਂ ਖਹਿੜਾ ਛੁਟ ਗਿਆ ਤਾਂ ਤਾਂ ਸਮਝ ਲਓ ਕਿ ਗੁਰੂ ਮਿਲ ਗਿਆ। ਜੇ ਇਹ ਚੀਜ਼ਾਂ ਨਹੀਂ ਹਨ ਤਾਂ ਗੁਰੂ ਨਹੀਂ ਮਿਲਿਆ। ਜੇ ਗੁਰੂ ਮਿਲ ਵੀ ਗਿਆ, ਤਾਂ ਤੂੰ ਗੁਰੂ ਨੂੰ ਮਨਾਇਆ ਨਹੀਂ। ਤੇਰੀ ਰਹਿਤ ਵਿਚ ਫਰਕ ਸੀ। ਤੂੰ ਉਸ ਦੇ ਪਿਆਰਿਆਂ ਤੋਂ ਪੁਛਿਆ ਨਹੀਂ ਕਿ ਗੁਰੂ ਕਿਵੇਂ ਮਿਲਦਾ ਹੈ, ਸਤਿਗੁਰੂ ਨਾਲ ਅਜੇ ਤੇਰਾ ਦੂਰ ਦਾ ਵਾਸਤਾ ਹੈ। ਸਤਿਗੁਰੂ ਜੇ ਮਿਲ ਜਾਵੇ ਤਾਂ ਸੱਚ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ।

***ਸਤਿਗੁਰਿ ਮਿਲਿਐ ਸਚੁ ਪਾਇਆ***
***ਜਿਨੀ ਵਿਚਹੁ ਆਪੁ ਗਵਾਇਆ॥*** ***ਪੰਨਾ – 465***

ਜਿਹੜੀ ਇਸ ਜੀਵ ਦੇ ਅੰਤਸ਼ਕਰਣ ਵਿਚ ਹੰਗਤਾ ਤੇ ਮਮਤਾ ਹੈ ਇਸ ਨੇ ਜੀਵ ਨੂੰ ਪ੍ਰਮੇਸ਼ਵਰ ਨਾਲੋਂ ਵਿਛੋੜਿਆ ਹੋਇਆ ਹੈ। ਜਦੋਂ ਸੋਝੀ ਹੋ ਗਈ ਫੇਰ 'ਮੈਂ' 'ਮੇਰੀ' ਦੀ ਧੁੰਦ ਮਿਟ ਜਾਂਦੀ ਹੈ। ਹਰ ਥਾਂ ਵਾਹਿਗੁਰੂ ਹੀ ਨਜ਼ਰ ਆਉਂਦਾ ਹੈ।

***ਜਿਨਿ ਸਚੋ ਸਚੁ ਬੁਝਾਇਆ॥*** ***ਪੰਨਾ – 465***

ਸੋ ਇਹ ਗੁਰੂ ਦੀ ਕ੍ਰਿਪਾ ਹੈ ਜਿਸ ਨੇ ਸੱਚ ਬੁਝਾ ਦਿਤਾ ਹੈ ਅਤੇ ਕਾਲੀ ਬੋਲੀ ਅਗਿਆਨ ਦੀ ਰਾਤ ਵਿਚੋਂ ਪ੍ਰਕਾਸ਼ ਕਰਾ ਦਿਤਾ।

ਭਾਈ ਲਹਿਣਾ ਜੀ ਦੇ ਅੰਦਰ ਬਹੁਤ ਹੀ ਸੂਖਸ਼ਮ ਸੋਝੀ ਉਦੈ ਹੋ ਰਹੀ ਸੀ ਅਤੇ ਉਹ ਇਕ ਇਕ ਅੱਖਰ ਦੀ ਗਹਿਰਾਈ ਤਕ ਜਾ ਕੇ ਉਸ ਨੂੰ ਸਮਝ ਰਹੇ ਸਨ। ਭਾਈ ਲਹਿਣਾ ਜੀ ਦੇ ਉਪਰ ਇਸ ਸ਼ਬਦ ਨੇ ਬਹੁਤ ਗਹਿਰਾ ਅਸਰ ਕੀਤਾ। ਉਨ੍ਹਾਂ ਨੇ ਵਿਚਾਰ ਕੀਤੀ ਕਿ ਜਿਸ ਇਸ਼ਟ ਨੂੰ ਮੈਂ ਮੰਨਦਾ ਹਾਂ ਉਸ ਇਸ਼ਟ ਨੇ ਤਾਂ ਕਦੇ ਦੱਸਿਆ ਹੀ ਨਹੀਂ ਕਿ ਕਿਵੇਂ ਪ੍ਰਮੇਸ਼ਵਰ ਨੂੰ ਮਿਲੀਦਾ ਹੈ, ਕਿਵੇਂ ਜਨਮ ਮਰਨ ਦਾ ਚੱਕਰ ਕੱਟੀਦਾ ਹੈ। ਮੇਰਾ ਇਸ਼ਟ ਮੰਗੀਆਂ ਚੀਜ਼ਾਂ ਦੇ ਦਿੰਦਾ ਹੈ ਪਰ ਮੁਕਤੀ ਨਹੀਂ ਦਿੰਦਾ। ਪ੍ਰਮੇਸ਼ਵਰ ਦਾ ਮਿਲਾਪ ਗੁਰੂ ਤੋਂ ਬਿਨਾਂ ਨਹੀਂ ਹੋ ਸਕਦਾ। ਆਪ ਦੇ ਕੰਨ ਅਕਾਸ਼ ਰਾਹੀਂ ਇਹ ਸੁਣ ਰਹੇ ਹਨ-

***ਧਾਰਨਾ – ਬਿਨਾਂ ਗੁਰਾਂ ਤੋਂ ਪਿਆਰੇ ਰਾਮ ਨਹੀਂਓ ਮਿਲਦਾ -2, 2***
***ਰਾਮ ਨਹੀਂਓ ਮਿਲਦਾ,***
***ਪਿਆਰੇ ਰਾਮ ਨਹੀਂਓ ਮਿਲਦਾ - 2, 2.***
***ਬਿਨਾਂ ਗੁਰਾਂ ਤੋਂ ਪਿਆਰੇ,................2***

***ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥***
***ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥***
***ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥***
***ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥***
***ਜਗਜੀਵਨੁ ਦਾਤਾ ਪਾਇਆ॥*** ***ਪੰਨਾ – 466***

ਦੋ ਟੁਕ ਫੈਸਲਾ ਸੁਣ ਲਿਆ। ਨਾ ਪਹਿਲਾਂ ਕਿਸੇ ਨੂੰ ਮਿਲਿਆ ਹੈ, ਨਾ ਹੀ ਹੁਣ ਮਿਲਣਾ ਹੈ।

ਕਿਉਂਕਿ ਪ੍ਰਮੇਸ਼ਵਰ ਨੇ ਆਪਣੇ ਦਰਵਾਜ਼ੇ ਨੂੰ ਤਾਲਾ ਲਾਇਆ ਹੋਇਆ ਹੈ। ਉਹ ਰਹਿੰਦਾ ਇਸ ਜੀਵ ਦੇ ਅੰਦਰ ਹੈ –

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥*
*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥*
*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥* *ਪੰਨਾ – 1033*

ਪਰ ਇਸ ਘਰ ਨੂੰ ਤਾਲਾ ਲੱਗਿਆ ਹੋਣ ਕਰਕੇ ਇਸ ਘਰ ਦੀ ਚਾਬੀ ਪੂਰੇ ਸਤਿਗੁਰੂ ਤੋਂ ਮਿਲਦੀ ਹੈ ਪਰ ਹੋਰ ਚਾਹੇ ਜਿੰਨੇ ਮਰਜ਼ੀ ਪੁੰਨ ਕਰ ਲਓ, ਦਾਨ ਕਰ ਲਓ, ਪ੍ਰਮੇਸ਼ਵਰ ਦੇ ਦਰਵਾਜ਼ੇ ਦੀ ਚਾਬੀ ਨਹੀਂ ਮਿਲਣੀ ਕਿਉਂਕਿ ਇਹ ਪ੍ਰਾਪਤੀ ਸਤਿਗੁਰੂ ਤਕ ਹੀ ਸੀਮਤ ਹੈ।

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥*
*ਪੰਨਾ – 205*

ਜਦੋਂ ਤਕ ਗੁਰੂ ਦੀ ਸ਼ਰਨ ਵਿਚ ਆ ਕੇ ਕੁੰਜੀ ਨਹੀਂ ਮਿਲਦੀ, ਦਰਵਾਜ਼ਾ ਕਿਵੇਂ ਖੁਲ੍ਹੇਗਾ?

*ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥* *ਪੰਨਾ – 124*

ਉਹ ਕਿਹੜੀ ਚੀਜ਼ ਹੈ ਜੋ ਹਨ੍ਹੇਰੇ ਵਿਚ ਨਜ਼ਰ ਨਹੀਂ ਆ ਰਹੀ; ਉਹ ਹੈ ਆਪਣਾ ਸਰੂਪ ਜਿਸ ਨੂੰ ਆਤਮਾ ਕਿਹਾ ਜਾਂਦਾ ਹੈ। ਆਤਮਾ ਤੇ ਪ੍ਰਮਾਤਮਾ ਇਕੋ ਹੀ ਹੁੰਦੇ ਹਨ –

*ਆਤਮਾ ਪਰਾਤਮਾ ਏਕੋ ਕਰੈ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ॥* *ਪੰਨਾ – 661*

ਨਾ ਤਾਂ ਸ਼ਬਦ ਦੀ ਪ੍ਰਾਪਤੀ ਹੋਈ ਹੈ। ਸ਼ਬਦ ਦੀ ਪ੍ਰਾਪਤੀ ਇਸ ਕਰਕੇ ਨਹੀਂ ਹੋਈ ਕਿਉਂਕਿ ਦਰਵਾਜ਼ਾ ਨਹੀਂ ਖੁਲ੍ਹਿਆ। ਅੰਦਰ ਸ਼ਬਦ ਵਜਦਾ ਹੈ –

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥* *ਪੰਨਾ – 954*

ਖੋਲ੍ਹੇਗਾ ਕੌਣ? ਕਹਿੰਦੇ ਪਹਿਲਾਂ ਗੁਰੂ ਤੋਂ ਸ਼ਬਦ ਲਓ। ਜਦੋਂ ਗੁਰੂ ਦਾ ਸ਼ਬਦ ਮੰਤਰ ਰੂਪ ਦੇ ਅੰਦਰ ਮਿਲ ਗਿਆ ਫੇਰ ਤੇਰੇ ਅੰਦਰ ਜਿਹੜਾ ਸ਼ਬਦ ਹੈ, ਮੰਤਰ ਦਾ ਅਭਿਆਸ ਕਰਕੇ ਉਸ ਦੀ ਪ੍ਰਾਪਤੀ ਹੋ ਜਾਂਦੀ ਹੈ –

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਪੰਨਾ – 954*

ਨਾਲੇ ਤਾਂ ਅਨਹਦ ਵਾਜੇ ਸੁਣਦੇ ਨੇ, ਨਾਲੇ ਜਿਹੜਾ ਗੁਰੂ ਨੇ ਸ਼ਬਦ ਦਿਤਾ ਹੈ ਉਹ ਸੁਣਦਾ ਹੈ। ਕਮਾਲ ਦੀ ਗੱਲ ਹੈ ਦੋ ਚੀਜ਼ਾਂ ਹੋ ਗਈਆਂ। ਮਹਾਰਾਜ ਕਹਿੰਦੇ, ਦੋ ਨਹੀਂ, ਤੀਜੀ ਵੀ ਹੈ –

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥* *ਪੰਨਾ - 954*

ਅਨੁਭਵ ਪ੍ਰਕਾਸ਼ ਹੋ ਗਿਆ -

*ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ॥* *ਪੰਨਾ - 954*

ਐਉਂ ਨਹੀਂ ਮਿਲਦਾ ਜਦੋਂ ਤਕ ਸਮਰੱਥ ਗੁਰੂ ਨਾ ਮਿਲੇ, ਕਿਉਂਕਿ ਚਾਬੀ ਗੁਰੂ ਕੋਲ ਹੈ -

*ਬਿਨੁ ਸਤਿਗੁਰ ਕਿਨੈ ਨ ਪਾਇਓ॥*
*ਬਿਨੁ ਸਤਿਗੁਰ ਕਿਨੈ ਨ ਪਾਇਆ॥* *ਪੰਨਾ - 466*

ਮਹਾਰਾਜ ਕਹਿੰਦੇ ਨੇ ਕਿ ਪੁਛ ਲਓ ਗੁਰੂ ਨੂੰ। ਨਿਗੁਰੇ ਪੁਰਸ਼ ਦਾ ਤਾਂ ਨਾਂ ਵੀ ਲੈਣਾ ਬੁਰਾ ਹੈ। ਉਹ ਜਿਥੇ ਬੈਠ ਜਾਵੇ, ਸਵਾ ਗਜ਼ ਧਰਤੀ ਭਰਿਸ਼ਟ ਕਰਕੇ ਜਾਂਦਾ ਹੈ। ਜਿਥੇ ਬੰਦਗੀ ਵਾਲਾ ਪੁਰਸ਼ ਬੈਠ ਜਾਵੇ ਉਥੇ ਤੀਰਥ ਬਣ ਜਾਂਦਾ ਹੈ-

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥*
*ਪੰਨਾ - 466*

*ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥*
*ਪੰਨਾ - 450*

ਵਿਸ਼ਨੂੰ ਭਗਵਾਨ ਜੀ ਦੇ ਦਰਬਾਰ ਬੈਕੁੰਠ ਧਾਮ ਵਿਚ ਸਾਰੇ ਦੇਵਤੇ ਪਹੁੰਚ ਕੇ ਆਪਦੇ ਬਚਨ ਸ੍ਰਵਣ ਕਰਿਆ ਕਰਦੇ ਸੀ। ਨਾਰਦ ਨੂੰ ਇਹ ਸ਼ਕਤੀ ਪ੍ਰਾਪਤ ਸੀ ਕਿ ਉਹ ਸਭ ਥਾਂ ਪਹੁੰਚ ਜਾਇਆ ਕਰਦਾ ਸੀ, ਅਕਾਲ-ਪੁਰਖ ਦੀ ਦਰਗਾਹ ਤੋਂ ਬਿਨਾਂ ਬੈਕੁੰਠ ਧਾਮ ਤੱਕ ਭੀ ਉਸ ਦੀ ਪਹੁੰਚ ਹੈ। ਧਰਤੀ ਤੇ ਵੀ ਪਹੁੰਚ ਹੈ, ਜਦੋਂ ਜੀਅ ਕਰੇ ਹੈ ਆ ਸਕਦਾ ਹੈ। ਕਈ ਕਹਿੰਦੇ ਨੇ ਹੁਣ ਨਹੀਂ ਆਉਂਦਾ? ਹੁਣ ਸਾਧ-ਸੰਗਤ ਜੀ! ਇਥੇ ਤੰਬਾਕੂ ਦੀ ਦੁਰਗੰਧ ਪਈ ਹੋਈ ਹੈ। ਇਕ ਦੇਵਤਾ ਤਾਂ ਕੀ, ਕੋਈ ਵੀ ਨਹੀਂ ਆ ਰਿਹਾ ਇਥੇ, ਕਲਜੁਗ ਵਰਤ ਰਿਹਾ ਹੈ ਇਥੇ ਹੁਣ ਭਲੀਆਂ ਮੁਕਤ ਆਤਮਾਵਾਂ ਆਪਣੇ ਨਾਲਾਇਕ ਵਾਰਸਾਂ ਦਾ ਸਾਥ ਛੱਡ ਗਈਆਂ ਹਨ ਕਿਉਂਕਿ ਮਨੁੱਖ ਸ਼ਰਾਬਾਂ ਕਬਾਬਾਂ, ਤਮਾਕੂ ਪੀ ਪੀ ਕੇ ਬਦਬੂ ਛੱਡ ਰਿਹਾ ਹੈ।

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਦਾ ਦੀਵਾਨ ਲੱਗਿਆ ਹੋਇਆ ਹੈ। ਸੰਗਤ ਬੈਠੀ ਹੈ। ਮਹਾਰਾਜ ਜੀ ਬਚਨ ਕਰ ਰਹੇ ਨੇ। ਕੀ ਦੇਖਦੇ ਨੇ ਇਕ ਅਜੀਬ ਕਪੜੇ ਪਾਏ ਹੋਏ ਤੇ ਉਤੇ ਇਕ ਅਜੀਬ ਕਿਸਮ ਦੀ ਚਾਦਰ ਲਈ ਹੋਈ ਕੋਈ ਆਇਆ ਹੈ, ਮਹਾਰਾਜ ਨੂੰ ਨਮਸ਼ਕਾਰ ਕਰੀ ਹੈ, ਪਛਾਣ 'ਚ ਨਹੀਂ ਆਉਂਦਾ ਕਿ ਕੌਣ ਹੈ, ਕਿਹੋ-ਜਿਹਾ ਹੈ, ਕਿੱਥੋਂ ਆਇਆ ਹੈ। ਉਸ ਨੇ ਮਹਾਰਾਜ ਕੋਲ ਪੰਜ ਖੰਭ ਲਿਆ ਕੇ ਭੇਟਾ ਕਰ ਦਿਤੇ। ਮਹਾਰਾਜ ਨੇ ਪੁਛਿਆ ਕਿ ਕਿਵੇਂ ਆਏਂ ਤੁਸੀਂ ਮੁਨੀ ਜੀ?

ਕਹਿੰਦੇ, ਸੱਚੇ ਪਾਤਸ਼ਾਹ! ਕਲਜੁਗ ਦਾ ਹਾਲ ਤਾਂ ਸਾਨੂੰ ਪਤਾ ਲਗ ਗਿਆ ਸੀ। ਭਵਿਖਤ ਪੁਰਾਨ ਦੇ ਅੰਦਰ ਮੈਨੂੰ ਬ੍ਰਹਮਾ ਜੀ ਨੇ ਸਾਰਾ ਸੁਣਾ ਦਿਤਾ ਸੀ ਕਿ ਇਹੋ-ਜਿਹੇ ਲੋਕ ਹੋਣਗੇ, ਇਸ ਤਰ੍ਹਾਂ ਮਰਿਆਦਾ ਟੁੱਟ ਜਾਏਗੀ, ਕਿਸੇ ਦਾ ਧਰਮ ਸਾਬਤ ਨਹੀਂ ਰਹੇਗਾ, ਚਾਰ ਪੈਰ ਧਰਮ ਦੇ ਟੁੱਟ ਜਾਣਗੇ। ਅਖੀਰ ਮੈਂ ਪੁਛਿਆ ਕਿ ਫੇਰ ਮਹਾਰਾਜ! ਦੁਨੀਆਂ ਤਾਂ ਸਾਰੀ ਨਰਕਾਂ ਨੂੰ ਚਲੀ ਜਾਵੇਗੀ। ਕਹਿੰਦੇ, ਨਹੀਂ, ਪਸ਼ਚਮ ਦੇਸ਼ ਦੇ ਅੰਦਰ ਬੇਦੀ ਬੰਸ਼ ਦੇ ਵਿਚ ਨਾਨਕ ਨਾਮ ਧਰਾ ਕੇ ਆਪ ਅਕਾਲ ਪੁਰਖ, ਗੁਰੂ ਰੂਪ ਵਿਚ ਪ੍ਰਗਟ ਹੋਏਗਾ, ਉਨ੍ਹਾਂ ਨੇ ਧਰਮ ਦਾ ਬੰਨ੍ਹਣ ਬੰਨ੍ਹਣਾ ਹੈ ਤੇ ਨਾਮ ਦਾ ਬਲ ਦੇ ਕੇ ਸੰਸਾਰ ਦਾ ਉਧਾਰ ਕਰਨਾ ਹੈ। ਉਹ ਬਹੁਤ ਵੱਡੀ ਸ਼ਕਤੀ ਲੈ ਕੇ ਚੜ੍ਹ ਰਹੇ ਨੇ ਤੇ ਸੱਚੇ ਪਾਤਸ਼ਾਹ! ਮੈਂ ਦੇਖਣ ਆਇਆ ਸੀ ਕਿ ਹੁਣ ਜੀਵਾਂ ਦਾ ਉਧਾਰ ਕਿਵੇਂ ਹੁੰਦਾ ਹੈ। ਆਹ ਜੋ ਆਪ ਦਾ ਦਰਬਾਰ ਹੈ ਇਸ ਦੇ ਸਾਹਮਣੇ ਬੈਕੁੰਠ ਕੋਈ ਸ਼ੈਅ ਨਹੀਂ ਹੈ।

*ਕਹਿ ਕਮੀਰ ਅਬ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੈ ਆਹਿ॥*
*ਪੰਨਾ - 1161*

ਹਾਲ ਚਾਲ ਪੁਛਿਆ। ਮਹਾਰਾਜ ਜੀ ਨੇ ਵੀ ਪੁਛਿਆ ਸਾਰਿਆਂ ਦਾ। ਉਸ ਤੋਂ ਬਾਅਦ ਉਸ ਨੇ 5 ਖੰਭ ਭੇਟਾ ਕੀਤੇ ਤੇ ਛੁੱਟੀ ਲਈ। ਸਾਰਿਆਂ ਦਾ ਧਿਆਨ ਓਧਰ ਹੋ ਗਿਆ। ਜਦੋਂ ਸ਼ਾਮਿਆਨੇ ਦੇ ਪਰਲੇ ਸਿਰੇ ਗਿਆ, ਹੈਰਾਨ ਹੋ ਗਏ ਕਿ ਉਹ ਅੱਗੇ ਜਾਂਦਾ ਦਿਸਿਆ ਹੀ ਨਹੀਂ। ਸਾਰਿਆਂ ਨੇ ਪੁਛਿਆ ਕਿ ਮਹਾਰਾਜ! ਕੌਣ ਸੀ ਇਹ?

ਮਹਾਰਾਜ ਕਹਿੰਦੇ, "ਇਹ ਸਵਰਗ ਮੰਡਲ ਵਿਚੋਂ ਨਾਰਦ ਜੀ ਆਏ ਸੀ। ਆਹ ਗੱਲ-ਬਾਤ ਕਰਨ ਵਾਸਤੇ ਆਏ ਸੀ।" ਸੋ ਜਿਸ ਵਕਤ ਨਾਰਦ ਵਿਸ਼ਨੂੰ ਜੀ ਦੀ ਸਭਾ 'ਚ ਜਾਂਦਾ ਹੈ ਤਾਂ ਇਹ ਦੇਖਦਾ ਹੈ ਕਿ ਜਿਸ ਆਸਣ ਤੇ ਇਹ ਬਹਿੰਦਾ ਹੈ ਉਥੋਂ ਮਜ਼ਦੂਰ ਮਿੱਟੀ ਪੁੱਟ ਰਹੇ ਨੇ। ਮਜ਼ਦੂਰਾਂ ਨੂੰ ਪੁਛਣ ਲੱਗਿਆ ਕਿ ਤੁਸੀਂ ਕਿਉਂ ਥਾਂ ਪੁੱਟ ਰਹੇ ਹੋ?

"ਅੱਜ ਦੇ ਪੁੱਟ ਰਹੇ ਹਾਂ? ਸਾਨੂੰ ਤਾਂ ਮਹੀਨਾ ਹੋ ਗਿਆ।"

"ਕਿਉਂ"

"ਇਥੇ ਇਕ ਨਾਰਦ ਨਾਮ ਦਾ ਨਿਗੁਰਾ ਬਹਿੰਦਾ ਹੈ ਤੇ ਇਹ ਥਾਉਂ ਭਰਿਸ਼ਟ ਕਰ ਦਿੰਦਾ ਹੈ।"

ਗੁੱਸਾ ਆਇਆ ਮਨ ਵਿਚ ਤੇ ਜਾ ਕੇ ਵਿਸ਼ਨੂੰ ਜੀ ਨੂੰ ਕਹਿਣ ਲੱਗਿਆ ਕਿ ਮਹਾਰਾਜ! ਮੇਰਾ ਤਾਂ ਨਿਰਾਦਰ ਹੀ ਕਰਾ ਰਹੇ ਹੋ ਤੁਸੀਂ।

"ਕਿਉਂ?"

"ਮਹਾਰਾਜ! ਪਤਾ ਨਹੀਂ ਕਿਸ ਨੇ ਹੁਕਮ ਦੇ ਦਿਤਾ। ਜਿਥੇ ਮੈਂ ਬਹਿੰਦਾ ਹਾਂ ਉਥੇ ਸਵਾ ਗਜ਼ ਧਰਤੀ ਗਹਿਰੀ ਤੇ ਸਵਾ ਗਜ਼ ਚੌੜੀ ਪੁੱਟ ਦਿੰਦੇ ਨੇ ਤੇ ਫੇਰ ਮਿੱਟੀ ਪਾਉਂਦੇ ਨੇ।"

"ਹਾਂ! ਇਹ ਤਾਂ ਅਸੀਂ ਜਦੋਂ ਤੋਂ ਇਹ ਸਭਾ ਲੱਗੀ ਹੈ ਉਦੋਂ ਤੋਂ ਹੀ ਕਰ ਰਹੇ ਹਾਂ।"

"ਕਿਉਂ?"

"ਤੂੰ ਨਿਗੁਰਾ ਹੈਂ। ਨਿਗੁਰਾ ਪੁਰਸ਼ ਜਿਹੜਾ ਹੁੰਦਾ ਹੈ ਉਹ ਭਰਿਸ਼ਟਿਆ ਹੋਇਆ ਪੁਰਸ਼ ਹੁੰਦਾ ਹੈ।"

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥*** ***ਪੰਨਾ - 1357***

ਧ੍ਰਿਕਾਰ ਹੈ, ਸੌ ਵਾਰੀ ਫਿੱਟੇ ਮੂੰਹ ਤੇਰੇ, ਤੂੰ ਮਨੁੱਖ ਵੀ ਬਣਿਆ ਤੇ ਮੰਤਰ ਗੁਰੂ ਤੋਂ ਲਿਆ ਹੀ ਨਹੀਂ, ਗੁਰੂ ਨਹੀਂ ਤੂੰ ਧਾਰਨ ਕਰਿਆ, ਅੰਮ੍ਰਿਤ ਨਹੀਂ ਤੂੰ ਛਕਿਆ ਤੇ ਜਨਮ ਤੇਰਾ ਭ੍ਰਿਸ਼ਟਿਆ ਹੋਇਆ ਹੈ ਤੇ ਧ੍ਰਿਕਾਰ ਹੈ ਤੇਰੇ ਜਨਮ ਨੂੰ -

***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥*** ***ਪੰਨਾ - 1357***

ਕੁੱਤੇ, ਬਿੱਲੇ, ਸੂਰ, ਸੱਪ ਤੇ ਗਧੇ ਵਰਗਾ ਤੇਰਾ ਜਨਮ ਹੈ।

"ਨਾਰਦ! ਤੂੰ ਕਦੇ ਸੁਣੇ ਨਹੀਂ ਮਹਾਂਪੁਰਸ਼ਾਂ ਦੇ ਬਚਨ?"

"ਮਹਾਰਾਜ! ਮੈਂ ਕਦੇ ਧਿਆਨ ਹੀ ਨਹੀਂ ਦਿਤਾ। ਫੇਰ ਮੈਂ ਕੀ ਕਰਾਂ?"

"ਗੁਰੂ ਧਾਰਨ ਕਰੋ।"

"ਜਿਥੇ ਇਹ ਗੱਲ ਦੱਸੀ ਹੈ ਮੈਨੂੰ ਗੁਰੂ ਵੀ ਦਸ ਦਿਓ, ਕਿਹੜਾ ਗੁਰੂ ਧਾਰਨ ਕਰਾਂ?"

"ਜਿਹੜਾ ਤੈਨੂੰ ਸਭ ਤੋਂ ਪਹਿਲਾਂ ਸਵੇਰੇ ਮਿਲ ਜਾਵੇ। ਜੰਗਲ ਨੂੰ ਚਲਿਆ ਜਾਈਂ, ਜਿਹੜਾ ਪਹਿਲਾਂ ਮਿਲ ਗਿਆ ਉਸ ਨੂੰ ਗੁਰੂ ਬਣਾ ਲਈਂ।"

ਜਦੋਂ ਸਵੇਰੇ ਗਿਆ ਤਾਂ ਅਗੇ ਕੀ ਦੇਖਦਾ ਹੈ ਇਕ ਸ਼ਿਕਾਰੀ ਮਿਲ ਗਿਆ, ਚੰਡਾਲ ਦਾ ਰੂਪ

ਧਾਰਿਆ ਹੋਇਆ ਹੈ ਉਸ ਨੇ, ਕੁੱਤੇ ਨਾਲ ਲਏ ਹੋਏ ਨੇ, ਸ਼ਿਕਾਰ ਕਰਨ ਵਾਸਤੇ ਜਾ ਰਿਹਾ ਹੈ। ਕਿਉਂਕਿ ਬਚਨ ਸੀ, ਇਸ ਨੇ ਉਸ ਨੂੰ ਨਮਸ਼ਕਾਰ ਕਰ ਦਿਤੀ।

ਸ਼ਿਕਾਰੀ ਕਹਿੰਦਾ, "ਤੂੰ ਕਿਉਂ ਮੱਥਾ ਟੇਕਦਾ ਹੈਂ ਮੈਨੂੰ?"

"ਮੈਂ ਤੁਹਾਨੂੰ ਗੁਰੂ ਧਾਰਦਾ ਹਾਂ।"

"ਨਾਰਦ! ਮੈਂ ਤਾਂ ਚੰਡਾਲ ਹਾਂ, ਸ਼ਿਕਾਰੀ ਹਾਂ। ਕਿਸੇ ਚੱਜ ਦੇ ਨੂੰ ਜਾ ਕੇ ਗੁਰੂ ਧਾਰ।"

"ਮੈਨੂੰ ਹੁਕਮ ਹੋਇਆ ਹੈ ਕਿ ਜਿਹੜਾ ਪਹਿਲਾਂ ਮਿਲ ਜਾਵੇ, ਓਹੀ ਧਾਰਨਾ ਹੈ।"

"ਪਹਿਲਾਂ ਜਿਸ ਨੇ ਤੈਨੂੰ ਇਹ ਕਿਹਾ ਹੈ ਉਸ ਨੂੰ ਪੁਛ ਲੈ।"

"ਨਾ! ਮੈਂ ਤਾਂ ਫੈਸਲਾ ਕਰ ਲਿਆ। ਮੇਰੇ ਗੁਰੂ ਤੁਸੀਂ ਹੋ, ਮੈਨੂੰ ਉਪਦੇਸ਼ ਕਰੋ ਤੁਸੀਂ।" ਉਸ ਨੂੰ ਬਹੁਤ ਡਾਂਟਿਆ, ਡਾਂਟ ਕੇ ਨਠਾ ਦਿਤਾ। ਨਾਰਦ ਓਥੋਂ ਚਲ ਕੇ ਵਿਸ਼ਨੂੰ ਜੀ ਕੋਲ ਆ ਗਿਆ।

ਵਿਸ਼ਨੂੰ ਜੀ ਨੇ ਕਿਹਾ, "ਗੁਰੂ ਧਾਰਨ ਕਰ ਲਿਆ?"

ਨਾਰਦ ਕਹਿੰਦਾ, "ਕਰ ਤਾਂ ਲਿਆ ਪਰ ਉਹ ਚੰਡਾਲ ਹੀ ਮਿਲਿਆ ਮੈਨੂੰ।"

ਵਿਸ਼ਨੂੰ ਜੀ ਕਹਿੰਦੇ, " ਤੂੰ ਬੜਾ ਮਾੜਾ ਕੰਮ ਕਰਿਆ। ਤੂੰ ਗੁਰੂ ਦੀ ਕਿਰਿਆ ਨੂੰ ਨਹੀਂ ਜਾਣਦਾ ਤੇ ਤੂੰ ਗੁਰੂ ਦੀ ਨਿੰਦਿਆ ਕਰੀ ਹੈ, ਤਰਕ ਕਰੀ ਹੈ। ਜਿਹੜਾ ਗੁਰੂ ਤੇ ਤਰਕ ਕਰੇ, ਉਸ ਦਾ ਸਾਰਾ ਜੀਵਨ, ਸਭ ਪੁੰਨ ਭ੍ਰਿਸ਼ਟ ਹੋ ਜਾਂਦੇ ਨੇ, ਇਕ ਵੀ ਨਹੀਂ ਬਚਦਾ।" ਕਈ ਪ੍ਰੇਮੀ ਐਸੇ ਹੁੰਦੇ ਨੇ। ਇਕ ਮੇਰੇ ਕੋਲ ਆਇਆ ਉਥੇ ਬਚਨ ਚਲਦੇ ਸੀ। ਕਹਿੰਦਾ, "ਜੀ ਆਹ ਜਿਹੜੇ eskimo (ਇਸਕੀਮੋ ਜਾਤੀ) ਨੇ ਉਹ ਕਿਵੇਂ ਬਚਦੇ ਨੇ, ਉਹ ਮਾਸ ਖਾਂਦੇ ਨੇ, ਫਲਾਣਾ ਇਹ ਕਰਦੈ, ਫਲਾਣੇ ਭਜਨ ਨਹੀਂ ਕਰਦੇ।"

ਮੈਂ ਕਿਹਾ, "ਤੂੰ ਗੁਰੂ ਨਾਨਕ ਪਾਤਸ਼ਾਹ ਦਾ ਸਿਖ ਹੈਂ, ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਉਤੇ ਤਰਕ ਕਰਦਾ ਹੈਂ?"

ਕੋਈ ਮੁਸਲਮਾਨ ਕੁਰਾਨ-ਸ਼ਰੀਫ ਤੇ ਤਰਕ ਕਰਕੇ ਦਿਖਾਵੇ, ਉਦੋਂ ਹੀ ਗਲ ਵੱਢ ਦਿੰਦੇ ਨੇ ਕਿ ਤੂੰ ਤਰਕ ਕਰਦਾ ਹੈਂ। ਕੁਰਾਨ-ਸ਼ਰੀਫ ਤੇ ਸ਼ਰ੍ਹਾ ਲੱਗ ਜਾਂਦੀ ਹੈ ਉਦੋਂ ਹੀ। ਸਾਡੇ ਜਿੰਨੇ ਪ੍ਰਚਾਰਕ ਨੇ ਇਹ ਸਿੱਧੇ ਹੀ ਗੁਰੂ-ਗ੍ਰੰਥ ਸਾਹਿਬ ਦੀ ਬੇਅਦਬੀ ਕਰੀ ਜਾਂਦੇ ਨੇ, ਸਿੱਧਾ ਹੀ ਝੂਠ ਬੋਲਦੇ ਨੇ। ਮਹਾਰਾਜ ਪ੍ਰਕਾਸ਼ ਕਰ ਲੈਣਗੇ, ਲੋਕਾਂ ਨੂੰ ਗਾਲ੍ਹਾਂ ਕਢਦੇ ਨੇ, ਬੁਰਾ ਭਲਾ ਆਖਦੇ ਹਨ। ਉਨ੍ਹਾਂ ਦੇ ਮਨ ਵਿਚ ਸ਼ਰਧਾ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਜੀ, ਗੁਰੂ ਕੋਲ ਬੈਠੇ ਹੋਣ ਤੇ ਅਸੀਂ ਝੂਠ ਬੋਲੀਏ, ਲੋਕਾਂ ਨੂੰ ਮਾੜੇ ਕਹੀਏ, ਬੜੀ ਗਲਤ ਗੱਲ ਹੈ। ਸੋ ਤਾਂ ਹੀ ਸਾਡੇ ਪੱਲੇ ਕੁਛ ਨਹੀਂ ਰਿਹਾ, ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਧਾਰ ਕੇ ਗੁਰੂ ਗ੍ਰੰਥ ਸਾਹਿਬ ਦੀ ਇਜ਼ਤ ਨਹੀਂ ਕਰ ਰਹੇ, ਬੇਇਜ਼ਤੀ ਕਰ ਰਹੇ ਹਾਂ। ਪੱਲੇ ਕੁਝ ਨਹੀਂ ਪੈਂਦਾ, ਜਿਹੜਾ ਗੁਰੂ ਤੇ ਤਰਕ ਕਰੇਗਾ ਤੇ ਗੁਰੂ ਦੇ ਉਤੇ ਸਰਧਾ ਨਹੀਂ ਰੱਖਦਾ। ਸੋ ਕਹਿੰਦੇ, ਉਹ ਤਾਂ ਨਰਕਾਂ ਦਾ ਭਾਗੀ ਹੋਏਗਾ, ਚੌਰਾਸੀ ਭੋਗਣੀ ਪੈਣੀ ਹੈ ਉਸਨੂੰ। ਜੇ ਗੁਰੂ ਤੇ ਤਰਕ ਕਰੇ ਤਾਂ 83,99,999 ਸ਼ਰੀਰ ਉਸਨੂੰ ਭੋਗਣੇ ਹੀ ਪੈਣੇ ਨੇ।

ਕਹਿੰਦੇ, "ਮਹਾਰਾਜ! ਮੈਨੂੰ ਕੋਈ ਤਰੀਕਾ ਵੀ ਦੱਸੋ।"

"ਗੁਰੂ ਕੋਲ ਚਲਿਆ ਜਾਹ। ਗੁਰੂ ਤੋਂ ਬਿਨਾਂ ਨਹੀਂ ਕੋਈ ਦਸਦਾ ਹੁੰਦਾ।"

ਫੇਰ ਆ ਗਿਆ ਆਪਣੇ ਗੁਰੂ ਕੋਲ, ਆ ਕੇ ਦੇਖਿਆ ਕਿ ਇਹ ਬੜੇ ਉਲਟੇ ਕੰਮ ਕਰ ਰਹੇ ਨੇ।

ਉਹ ਕਹਿੰਦੇ, "ਤੂੰ ਫੇਰ ਆ ਗਿਆ?"

"ਮੈਂ ਤਾਂ ਤੁਹਾਨੂੰ ਗੁਰੂ ਧਾਰਨ ਕਰ ਲਿਆ। ਮੈਂ ਤੁਹਾਡੇ ਤੇ ਤਰਕ ਕਰੀ ਹੈ ਤੇ ਮੈਨੂੰ ਵਿਸ਼ਨੂੰ ਜੀ ਨੇ ਕਿਹਾ ਹੈ ਕਿ ਚੌਰਾਸੀ ਭੋਗਣੀ ਪਏਗੀ। ਮੈਨੂੰ ਬਚਾਓ ਮਹਾਰਾਜ! ਮੈਂ ਤੁਹਾਡਾ ਚੇਲਾ ਹੋ ਗਿਆ।"

"ਤੂੰ ਇਹ ਕਹਿ ਵਿਸ਼ਨੂੰ ਜੀ ਨੂੰ ਕਿ ਚੌਰਾਸੀ ਹੁੰਦੀ ਕਿਹੋ-ਜਿਹੀ ਹੈ? ਕੋਈ ਨਕਸ਼ਾ ਵਾਹ ਕੇ ਦਿਖਾਓ। ਜਦੋਂ ਨਕਸ਼ਾ ਵਾਹੁਣਗੇ ਤਾਂ ਤੂੰ ਧੜੰਮ ਕਰਕੇ ਉਤੇ ਗਿਰ ਕੇ ਲਿਟ ਕੇ ਸਾਰਿਆਂ ਦੇ ਉਤੇ ਦੀ ਲੰਘ ਜਾਈਂ। ਤੂੰ ਕਹਿ ਦੇਈਂ ਕਿ ਮੈਂ ਚੌਰਾਸੀ ਭੋਗ ਲਈ।"

ਇਵੇਂ ਹੀ ਕਰਿਆ, ਵਿਸ਼ਨੂੰ ਜੀ ਨੂੰ ਜਾ ਕੇ ਕਿਹਾ ਕਿ ਮਹਾਰਾਜ! ਚੌਰਾਸੀ ਕਿਹੋ-ਜਿਹੀ ਹੁੰਦੀ ਹੈ? ਉਨ੍ਹਾਂ ਨੇ ਨਿਗ੍ਹਾ ਕਰੀ, ਸਾਰੀ ਚੌਰਾਸੀ ਦੇ ਸਰੀਰ ਥੋੜ੍ਹੇ ਜਿਹੇ ਥਾਂ ਵਿਚ ਦਿਖਾ ਦਿਤੇ। ਇਹ ਇਕ ਦਮ ਲੰਮਾ ਪੈ ਕੇ ਲਿਟ ਕੇ ਸਾਰਿਆਂ ਦੇ ਉਤੇ ਦੀ ਲੰਘ ਗਿਆ। ਕਹਿੰਦਾ, "ਮਹਾਰਾਜ! ਹੁਣ ਤਾਂ ਮੈਂ ਚੌਰਾਸੀ ਭੋਗ ਲਈ।"

"ਨਾਰਦ! ਆਹੀ ਫਰਕ ਹੈ। ਜੇ ਗੁਰੂ ਨਾ ਹੁੰਦਾ, ਤੈਨੂੰ ਸਚਮੁਚ ਭੋਗਣੀ ਪੈਣੀ ਸੀ। ਇਹ ਗੁਰੂ ਹੀ ਹੈ ਜਿਸ ਨੇ ਚੌਰਾਸੀ ਭੋਗਣ ਤੋਂ ਤੈਨੂੰ ਬਚਾ ਦਿਤਾ।"

ਸੋ ਮਹਾਰਾਜ ਕਹਿੰਦੇ, ਪੁਛ ਲਓ ਪਹਿਲਿਆਂ ਨੂੰ। ਨਾ ਤਾਂ ਹੁਣ ਕਿਸੇ ਨੂੰ ਮਿਲਿਆ ਹੈ,

***ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥***
***ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥***
***ਪੰਨਾ - 466***

ਜਿੰਨੇ ਅੱਜ ਤੱਕ ਸੰਸਾਰ ਬਣਨ ਦੇ ਸਮੇਂ ਤੋਂ ਪੈਦਾ ਹੋਏ ਨੇ, ਨਾ ਉਨ੍ਹਾਂ ਨੂੰ ਮਿਲਿਆ ਹੈ। ਵਾਹਿਗੁਰੂ ਜਿਹੜਾ ਹੈ, ਗੁਰੂ ਦੇ ਵਿਚ ਆਪ ਬੈਠਾ ਹੈ ਤੇ ਇਥੇ ਆ ਕੇ ਵਿਚਾਰ ਆ ਗਈ ਮੋਹ ਦੀ। ਹੰਗਤਾ ਤੇ ਮਮਤਾ ਦੇ ਜੋੜ ਨੂੰ ਮੋਹ ਕਹਿੰਦੇ ਹਨ। ਹਉਮੈ ਤੋਂ ਮੋਹ ਦੂਜੇ ਦਰਜੇ ਤੇ ਉਤਰਦਾ ਹੈ। ਪਹਿਲਾ ਮੋਹ, attachment ਜਿਸ ਨੂੰ ਮਮਤਾ ਕਹਿੰਦੇ ਨੇ। ਦੂਸਰਾ ਹੰਗਤਾ ਹੈ, ਮੈਂ ਬਣਿਆ ਹੋਇਆ, ਮੈਂ ਫਲਾਣਾ ਸਿੰਘ, ਮੈਂ ਫਲਾਣਾ ਸਿੰਘ, ਮੈਂ ਸਿਖ, ਮੈਂ ਹਿੰਦੂ, ਮੈਂ ਚੰਗਾ, ਮੈਂ ਪੁੰਨੀ, ਮੈਂ ਪਾਪੀ; ਆਹ ਇੱਕ ਭੁਲੇਖਾ ਪਿਆ ਹੋਇਆ ਹੈ ਬੰਦੇ ਨੂੰ। ਸੰਤ ਹਾਕਾਂ ਮਾਰ-ਮਾਰ ਕਹੀ ਜਾਂਦੇ ਨੇ, ਓਏ! ਨਾ ਭੁਲੇਖਾ ਖਾਓ, ਨਾ ਖਾਓ, ਤੁਸੀਂ ਤਾਂ ਹੋ ਹੀ ਨਹੀਂ, ਪਛਾਣੋ ਆਪਣੇ ਆਪ ਨੂੰ। ਤੁਹਾਡੀ ਕੋਈ ਜਾਤ ਨਹੀਂ ਹੈ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਪੰਨਾ - 441***

ਤੂੰ ਤਾਂ ਸਰਬ ਵਿਆਪਕ ਜੋਤ ਹੈਂ। ਸਰੀਰ ਤਾਂ ਤੈਨੂੰ ਇਥੋਂ ਮਿਲਿਆ ਹੈ ਮਾਂ-ਪਿਓ ਦੇ ਸੰਜੋਗ ਤੋਂ। ਤੂੰ ਸਰੀਰ ਨਹੀਂ ਹੈਂ, ਇਹ ਤਾਂ ਤੇਰਾ ਬਸਤ੍ਰ ਹੈ। ਜਿਵੇਂ ਕੱਪੜੇ ਪਾਈ ਬੈਠਾ ਹੈਂ ਇਵੇਂ ਤੇਰਾ ਬਸਤ੍ਰ ਹੈ। ਤੂੰ ਬਸਤ੍ਰ ਨੂੰ ਮੈਂ ਕਹਿ ਕੇ ਫਸ ਗਿਆ ਆਪ। ਮਹਾਰਾਜ ਕਹਿੰਦੇ ਗੁਰੂ ਜਿਹੜਾ ਹੈ ਉਹ ਹਰ ਕਿਸਮ ਦੇ ਮੋਹ ਨੂੰ ਚੁੱਕ ਦਿੰਦਾ ਹੈ -

***ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥***
***ਪੰਨਾ - 466***

ਸੋ ਉਹ ਅਜੇ ਸੋਚਦੇ ਹੀ ਸੀ ਕਿ ਇਹ ਮੋਹ ਕੀ ਹੋਇਆ, ਹੰਗਤਾ ਤੇ ਮਮਤਾ ਕੀ ਹੋਈ? ਹੰਗਤਾ ਤੇ ਮਮਤਾ ਨੂੰ ਸਾਡੀ ਬੋਲੀ ਦੇ ਅੰਦਰ ਹਉਮੈ ਕਹਿੰਦੇ ਨੇ ਤੇ ਹਉਮੈ ਜਿਥੇ ਆ ਗਈ, ਉਸ ਦਾ ਅਸਰ ਕੀ ਹੁੰਦਾ ਹੈ, ਮਹਾਰਾਜ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਜੰਮਦਾ ਤੇ ਮਰਦਾ ਹੈ,***
***ਹਉਮੈ ਦਾ ਬੰਨ੍ਹਿਆ ਹੋਇਆ -2, 2.***
***ਹਉਮੈ ਦਾ ਬੰਨ੍ਹਿਆ ਹੋਇਆ -2, 2.***
***ਜੰਮਦਾ ਤੇ ਮਰਦਾ ਹੈ, ..........-2***

***ਹਉ ਵਿਚਿ ਆਇਆ ਹਉ ਵਿਚ ਗਇਆ॥***
***ਹਉ ਵਿਚਿ ਜੰਮਿਆ ਹਉ ਵਿਚਿ ਮੁਆ॥***
***ਹਉ ਵਿਚਿ ਦਿਤਾ ਹਉ ਵਿਚਿ ਲਇਆ॥***

*ਹਉ ਵਿਚਿ ਖਟਿਆ ਹਉ ਵਿਚਿ ਗਇਆ॥*
*ਹਉ ਵਿਚਿ ਸਚਿਆਰੁ ਕੂੜਿਆਰੁ॥*
*ਹਉ ਵਿਚਿ ਪਾਪ ਪੁੰਨ ਵੀਚਾਰੁ॥*
*ਹਉ ਵਿਚਿ ਨਰਕਿ ਸੁਰਗਿ ਅਵਤਾਰੁ॥*
*ਹਉ ਵਿਚਿ ਹਸੈ ਹਉ ਵਿਚਿ ਰੋਵੈ॥*
*ਹਉ ਵਿਚਿ ਭਰੀਐ ਹਉ ਵਿਚਿ ਧੋਵੈ॥*
*ਹਉ ਵਿਚਿ ਜਾਤੀ ਜਿਨਸੀ ਖੋਵੈ॥*
*ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ॥*
*ਮੋਖ ਮੁਕਤਿ ਕੀ ਸਾਰ ਨ ਜਾਣਾ॥*
*ਹਉ ਵਿਚਿ ਮਾਇਆ ਹਉ ਵਿਚਿ ਛਾਇਆ॥*
*ਹਉਮੈ ਕਰਿ ਕਰਿ ਜੰਤ ਉਪਾਇਆ॥*
*ਹਉਮੈ ਬੂਝੈ ਤਾ ਦਰੁ ਸੂਝੈ॥*
*ਗਿਆਨ ਵਿਹੂਣਾ ਕਥਿ ਕਥਿ ਲੂਝੈ॥*
*ਨਾਨਕ ਹੁਕਮੀ ਲਿਖੀਐ ਲੇਖੁ॥*
*ਜੇਹਾ ਵੇਖਹਿ ਤੇਹਾ ਵੇਖੁ॥* *ਪੰਨਾ - 466*

ਨਵੀਂ ਬਾਤ ਪਹਿਲੀ ਵਾਰੀ ਸੁਣੀ ਹੈ ਕਿ ਆਦਮੀ ਦੇ ਅੰਦਰ ਕੋਈ ਚੀਜ਼ ਹੈ ਜਿਸ ਨੂੰ ਹਉਮੈ ਕਹਿੰਦੇ ਨੇ ਤੇ ਪੁੰਨ ਵੀ ਉਸ ਦੇ ਵਿਚ ਆ ਗਏ, ਪਾਪ ਵੀ ਉਸ ਦੇ ਵਿਚ ਆ ਗਏ, ਸਚਿਆਰ ਵੀ ਉਸ ਦੇ ਵਿਚ ਆ ਗਿਆ, ਕੂੜਿਆਰ ਵੀ ਉਸ ਦੇ ਵਿਚ ਆ ਗਿਆ, ਨਰਕ ਵੀ ਉਸ ਦੇ ਵਿਚ ਆ ਗਿਆ, ਸਵਰਗ ਵੀ ਉਸ ਦੇ ਵਿਚ ਆ ਗਿਆ। ਕਹਿਣ ਲਗੇ ਇਹ ਚੀਜ਼ ਕੀ ਹੋਈ? ਬੁਲਾ ਨਹੀਂ ਸੀ ਸਕਦੇ ਉਸ ਨੂੰ ਤੇ ਸਮਝਣ ਦਾ ਯਤਨ ਕਰਦੇ ਨੇ ਕਿਉਂਕਿ ਸਾਧ-ਸੰਗਤ ਜੀ ਹਉਮੈ ਨਹੀਂ ਸਾਡੀ ਸਮਝ 'ਚ ਆਉਂਦੀ ਕਿ ਹਉਮੈਂ ਕਹਿੰਦੇ ਕਿਸ ਨੂੰ ਨੇ? ਮਹਾਰਾਜ ਕਹਿੰਦੇ ਹਰੇਕ ਦੇ ਅੰਦਰ ਵਾਹਿਗੁਰੂ ਬੈਠਾ ਹੈ। ਮਹਾਂਪੁਰਸ਼ਾਂ ਨਾਲ ਗੱਲ ਕਰਨ ਦੀ ਲੋੜ ਨਹੀਂ ਹੈ, ਵਾਹਿਗੁਰੂ ਨਾਲ ਕਰ ਲਓ, ਅੰਦਰ ਬੈਠਾ ਹੈ ਤੁਹਾਡੇ। ਫੇਰ ਅੱਖਾਂ ਮੀਚ ਕੇ ਦੇਖਦੇ ਨੇ ਕਿ ਸਾਡੇ ਅੰਦਰ ਤਾਂ ਹਨ੍ਹੇਰਾ ਪਿਆ ਹੈ, ਕੋਈ ਨਹੀਂ ਬੈਠਾ। ਦੇਖ ਲਓ, ਅੱਖਾਂ ਮੀਚ ਕੇ ਦਿਸਦਾ ਹੈ। ਮਹਾਰਾਜ ਕਹਿੰਦੇ ਹਨ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ.............॥* *ਪੰਨਾ - 1263*

ਇਕੱਠੇ ਰਹਿੰਦੇ ਨੇ ਦੋਵੇਂ - ਦਸਵੇਂ ਦੁਆਰੇ ਵਿਚ। ਫੇਰ ਮਹਾਰਾਜ ਦਿਸਦਾ ਕਿਉਂ ਨਹੀਂ? ਕਹਿੰਦੇ ਕੰਧ ਬਣਾਈ ਹੋਈ ਹੈ।

*............. ਵਿਚਿ ਹਉਮੈ ਭੀਤਿ ਕਰਾਰੀ॥* *ਪੰਨਾ - 1263*

ਆਪੇ ਬਣਾਈ ਹੈ। ਫੇਰ ਕੋਈ ਤਰੀਕਾ? ਕਹਿੰਦੇ, ਗੁਰੂ ਦੀ ਸ਼ਰਨ ਲੈ।

*ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥*
*ਪੰਨਾ - 1263*

ਤੂੰ ਕੰਧ ਬਣਾ ਲਈ ਮੈਂ ਦੀ, ਮੈਂ ਨੂੰ ਛੱਡ ਦੇ, ਗੱਲ ਮੁਕ ਜਾਏਗੀ। ਮਹਾਰਾਜ ਦੇ ਕੋਲ ਪੀਰ ਬੁੱਧੂ ਸ਼ਾਹ ਆਇਆ। ਬੜੇ ਬਚਨ ਹੋਏ। ਕਹਿੰਦਾ, "ਮਹਾਰਾਜ! ਛੱਡ ਨਹੀਂ ਹੁੰਦੀ; ਬੜੇ ਯਤਨ ਕਰੇ ਨੇ 'ਮੈਂ' ਨੂੰ ਛੱਡਣ ਲਈ, ਹਉਮੈ ਨੂੰ ਛੱਡਣ ਲਈ; ਮੈਂ ਤਪ ਵੀ ਕਰੇ, ਚਿਲ੍ਹੇ ਵੀ ਕੱਟੇ, ਹੱਜ ਵੀ ਗਿਆ, ਲੰਗਰ ਵੀ ਚਲਾਏ, ਹੋਰ ਅਨੇਕਾਂ ਸੇਵਾਵਾਂ ਕੀਤੀਆਂ, ਪੁੰਨ ਕੀਤੇ, ਦਾਨ ਕੀਤੇ।"

"ਬੁੱਧੂ ਸ਼ਾਹ! ਇਹ ਤਾਂ ਤੂੰ ਸਾਰੇ ਸੰਗਲ ਵਲ੍ਹੇਟੀ ਗਿਆ ਆਪਣੇ ਉਤੇ।"

"ਸੱਚੇ ਪਾਤਸ਼ਾਹ! ਇਹ ਚੰਗੇ ਕੰਮ ਵੀ ਸੰਗਲ ਨੇ?"

ਮਹਾਰਾਜ ਕਹਿੰਦੇ, "ਹਾਂ! ਇਹ ਸੰਗਲ ਤਾਂ ਬਣਦੇ ਨੇ ਜੇ ਕਹੇ 'ਮੈਂ' ਕਰਦਾ ਹਾਂ। ਜੇ 'ਮੈਂ' ਕਹਿ ਦਿਤਾ, ਮੈਂ ਕਰਦਾ ਹਾਂ ਦਾਨ, ਮੈਂ ਕਰਦਾ ਹਾਂ ਪ੍ਰਚਾਰ, ਮੇਰੇ ਪ੍ਰਚਾਰ ਨਾਲ ਐਨਿਆਂ ਨੇ ਅੰਮ੍ਰਿਤ ਛਕ ਲਿਆ, ਫੇਰ ਇਹ ਹਉਮੈ ਦਾ ਹੀ ਭੁਲੇਖਾ ਹੈ, ਝਖਣਾ-ਝਾਖ ਹੈ, ਕੋਈ ਗੱਲ ਨਹੀਂ ਇਸ ਦੇ ਵਿਚ। ਇਸ ਦਾ ਪੁੰਨ ਤੈਨੂੰ ਮਿਲ ਜਾਏਗਾ, ਸਵਰਗਾਂ 'ਚ ਹੋ ਕੇ ਫੇਰ ਗੇੜਾ ਖਾ ਕੇ ਆ ਜਾਏਂਗਾ; ਨਿਰੰਕਾਰ ਨਹੀਂ ਮਿਲਣਾ ਜਦੋਂ ਤੱਕ ਹਉਮੈ ਨਹੀਂ ਜਾਂਦੀ। ਇਹ ਰੋਗ ਹੈ। ਸਿੱਧਾਂ ਨੇ ਪੁਛਿਆ ਕਿ ਇਹ ਰੋਗ ਜਾਵੇ ਕਿਵੇਂ?

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*** ***ਪੰਨਾ - 1***

ਇਹ ਰੋਗ ਕਿਵੇਂ ਜਾਵੇ ਕੂੜ ਦਾ? ਮਹਾਰਾਜ ਕਹਿੰਦੇ -

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*** ***ਪੰਨਾ - 1***

ਰੋਜ਼ ਪੜ੍ਹਦੇ ਹਾਂ ਪਰ ਇਸ ਨੂੰ ਸਮਝਦੇ ਨਹੀਂ ਹਾਂ।

ਕਹਿੰਦੇ, "ਸੰਸਾਰ ਕਿਵੇਂ ਬਣ ਗਿਆ?"

ਮਹਾਰਾਜ ਕਹਿੰਦੇ, ਸੰਸਾਰ ਬਣ ਗਿਆ ਹਉਮੈ ਵਿਚ। ਸਿੱਧਾਂ ਨੇ ਸਵਾਲ ਕਰਿਆ-

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥*** ***ਪੰਨਾ - 946***

ਤੁਸੀਂ ਕਹਿੰਦੇ ਹੋ ਸਾਰੇ ਨਿਰੰਕਾਰ ਹੈ, ਫੇਰ ਸੰਸਾਰ ਕਿਵੇਂ ਬਣ ਗਿਆ, ਦੁਖ ਕਿਵੇਂ ਆ ਗਿਆ? ਫੇਰ ਇਸ ਦੁਖ ਦਾ ਖਾਤਮਾ ਕਿਵੇਂ ਹੋਵੇ?

ਮਹਾਰਾਜ ਕਹਿੰਦੇ -

***ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥*** ***ਪੰਨਾ - 946***

ਨਾਮ ਦੀ ਸਥਿਤੀ ਹਰੇਕ ਦੇ ਅੰਦਰ ਹੈ। ਪਹਿਲਾਂ ਤਾਂ ਸ਼ਬਦ ਹੈ ਹਰੇਕ ਦੇ ਅੰਦਰ। ਸਾਨੂੰ ਤਾਂ ਸ਼ਬਦ ਦਾ ਹੀ ਨਹੀਂ ਪਤਾ। ਬਥੇਰੇ ਕੰਨ ਬੰਦ ਕਰ-ਕਰ ਕੇ ਵੀ ਦੇਖਦੇ ਹਾਂ ਤਾਂ ਵੀ ਨਹੀਂ ਸੁਣਦਾ। ਮਹਾਰਾਜ ਕਹਿੰਦੇ, "ਤਾਂ ਨਹੀਂ ਸੁਣਦਾ, ਤੇਰਾ ਚਿਤ ਮਾਇਆ ਨਾਲ ਲੱਗਿਆ ਹੋਇਆ ਹੈ, ਦੇਖਣ ਵਾਲੀਆਂ ਚੀਜ਼ਾਂ 'ਚ ਫਸਿਆ ਹੋਇਆ ਹੈ।" ਇਹ ਤਾਂ ਰੌਲਾ-ਘਚੌਲਾ ਐਨਾ ਪਿਆ ਹੋਇਆ ਹੈ ਅੰਦਰ -

***ਮਾਇਆਧਾਰੀ ਅਤਿ ਅੰਨਾ ਬੋਲਾ॥***
***ਸਬਦੁ ਨ ਸੁਣਈ ਬਹੁ ਰੋਲ ਘਚੋਲਾ॥*** ***ਪੰਨਾ - 313***

ਚਾਹੇ ਅਮਰੀਕਾ ਚਲਿਆ ਜਾਹ, ਚਾਹੇ ਇੰਗਲੈਂਡ ਚਲਿਆ ਜਾਹ। ਚਾਹੇ Ph.D. ਕਰ ਲੈ, ਚਾਹੇ ਕੁਝ ਹੋਰ ਕਰ ਲੈ। ਹਉਮੈ ਦਾ ਰੌਲਾ ਐਨਾ ਮਚਿਆ ਹੋਇਆ ਹੈ ਅੰਦਰ ਕਿ ਇਹ ਮਾਇਆਧਾਰੀ ਬਣ ਗਿਆ।

ਕਹਿੰਦਾ, "ਜੀ! ਅਸੀਂ ਤਾਂ ਅੱਜ ਤੱਕ ਮਾਇਆਧਾਰੀ ਉਨ੍ਹਾਂ ਨੂੰ ਕਹਿੰਦੇ ਸੀ ਜਿਨ੍ਹਾਂ ਕੋਲ ਪੈਸਾ ਬਹੁਤਾ ਹੁੰਦਾ ਹੈ।"

ਮਹਾਰਾਜ ਕਹਿੰਦੇ, "ਨਹੀਂ! ਜਿਹਨੇ ਦੇਖਣ ਵਾਲੀ, ਸੁਣਨ ਵਾਲੀ ਚੀਜ਼ ਨਾਲ ਚਿਤ ਲਾ ਲਿਆ, ਓਹੀ ਮਾਇਆਧਾਰੀ ਹੋਇਆ ਕਰਦਾ ਹੈ। ਉਸ ਦਾ ਰੌਲਾ-ਘਚੌਲਾ ਐਨਾ ਮਚਿਆ ਹੋਇਆ ਹੈ, ਸ਼ੁਧ ਸ਼ਬਦ ਨਹੀਂ ਸੁਣਦਾ ਅੰਦਰ।"

ਸੋ ਸ਼ਬਦ ਜਦੋਂ ਸੁਣਿਆ ਅੰਦਰ, ਫੇਰ ਨਾਮ ਦੀ ਪ੍ਰਾਪਤੀ ਹੋ ਜਾਏਗੀ। ਜਦੋਂ ਨਾਮ ਦੀ ਪ੍ਰਾਪਤੀ ਹੋਈ ਫੇਰ ਦੁਖਾਂ ਦਾ ਖਾਤਮਾ ਹੋ ਗਿਆ। ਮਹਾਰਾਜ ਕਹਿੰਦੇ ਦੁਖ ਪੈਦਾ ਹੀ ਤਾਂ ਹੁੰਦੇ ਨੇ –

***........... ਨਾਮਿ ਵਿਸਰਿਐ ਦੁਖੁ ਪਾਈ॥*** ***ਪੰਨਾ – 946***

***ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ॥***
***ਪੰਨਾ – 946***

ਗੁਰੂ ਦੇ ਰਾਹੀਂ ਹੋ ਕੇ ਗਿਆਨ ਦੇ ਵਿਚ ਤੱਤ ਤੇ ਬ੍ਰਹਮ ਤੱਤ ਦੀ ਵਿਚਾਰ ਕਰੋ – ਮੈਂ ਕੌਣ ਹਾਂ? ਵਾਹਿਗੁਰੂ ਕੌਣ ਹੈ? ਸਾਨੂੰ ਤਾਂ ਇਹ ਪਤਾ ਹੀ ਨਹੀਂ ਹੈ, ਐਨੇ ਸੁਤੇ ਪਏ ਹਾਂ। ਕਿਸੇ ਨੂੰ ਪੁਛੋ ਤੂੰ ਕੌਣ ਹੈਂ, ਤਾਂ ਇਹ ਕਹੇਗਾ ਕਿ ਇਹ ਜੋ ਮਿੱਟੀ ਦਾ ਪੁਤਲਾ ਜਿਹਾ ਖੜ੍ਹਾ ਹੈ, ਇਹ ਮੈਂ ਹੀ ਹਾਂ –

***ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥*** ***ਪੰਨਾ – 487***

ਨਚਦਾ ਫਿਰਦਾ ਹੈ –

***ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥***
***ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥***
***ਮਾਇਆ ਗਈ ਤਬ ਰੋਵਨੁ ਲਗਤੁ ਹੈ॥*** ***ਪੰਨਾ – 487***

ਮਹਾਂਪੁਰਸ਼ ਕਹਿੰਦੇ ਨੇ ਆਹ ਦੇਖੋ ਕਿਵੇਂ ਨਚਦੇ ਫਿਰਦੇ ਨੇ ਮਿੱਟੀ ਦੇ ਪੁਤਲੇ। ਕਿਤੇ ਕੋਈ ਮੁਕਦਮਾ ਕਰ ਰਿਹਾ ਹੈ, ਕੋਈ ਡਾਂਗਾਂ ਮਾਰ ਰਿਹਾ ਹੈ ਕਿਸੇ ਦੇ ਸਿਰ ਵਿਚ, ਕੋਈ ਗਾਲ੍ਹਾਂ ਕੱਢ ਰਿਹਾ ਹੈ। ਕੋਈ ਕੁਝ ਕਰ ਰਿਹਾ ਹੈ, ਕੋਈ ਕੁਝ ਕਰ ਰਿਹਾ ਹੈ। ਇਹ ਮਿੱਟੀ ਦੇ ਪੁਤਲੇ ਆਪਣੇ-ਆਪ ਨੂੰ ਪਛਾਣਦੇ ਨਹੀਂ ਕਿ ਅਸੀਂ ਕੌਣ ਹਾਂ। ਏਸ ਤਰ੍ਹਾਂ ਨਾਲ ਕਹਿੰਦੇ ਨੇ –

***ਧਾਰਨਾ – ਕੈਸੇ ਨਚਤ ਹੈ, ਮਾਟੀ ਕਾ ਪੂਤਰਾ -2, 2.***
***ਮਾਟੀ ਕਾ ਪੂਤਰਾ, ਕੈਸੇ ਨਚਤ ਹੈ -2, 2.***
***ਕੈਸੇ ਨਚਤ ਹੈ, ਮਾਟੀ ਕਾ ਪੂਤਰਾ – 2.***

ਆਹ ਦੇਖੋ ਕਿਵੇਂ ਮਿੱਟੀ ਦੇ ਪੁਤਲੇ ਨਚਦੇ ਫਿਰਦੇ ਨੇ। ਆਪਣੇ-ਆਪ ਨੂੰ ਨਹੀਂ ਪਛਾਣਦੇ ਕਿ ਮੈਂ ਕੌਣ ਹਾਂ। ਜੇ ਆਪ ਨੂੰ ਨਹੀਂ ਪਤਾ ਤਾਂ ਪੁਛ ਲਓ, ਮਹਾਂਪੁਰਸ਼ਾਂ ਨੂੰ ਪੁਛ ਲਓ, ਗੁਰੂਆਂ ਨੂੰ ਪੁਛ ਲਓ। ਗੁਰੂ ਕਹਿੰਦੇ ਨੇ –

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*** ***ਪੰਨਾ – 441***

ਕਿਉਂ ਫਸਿਆ ਹੋਇਆ ਹੈਂ ਮਿੱਟੀ ਦੇ ਅੰਦਰ। ਜੇ ਮਿੱਟੀ 'ਚੋਂ ਨਿਕਲਣਾ ਨਹੀਂ ਤਾਂ ਇਥੇ ਜੰਮੀ ਜਾਏਂਗਾ – ਮਰੀ ਜਾਏਂਗਾ। ਐਨਾ ਕੁ ਤਾਂ ਮੰਨ ਲੈ। ਜੇ ਹੋਰ ਨਹੀਂ ਬਹੁਤ ਮੰਨ ਸਕਦਾ – ਆਪਣੇ ਆਪ ਨੂੰ ਆਤਮਾ ਮੰਨ ਲੈ, ਆਹ ਮਿੱਟੀ ਦਾ ਪੁਤਲਾ ਨਾ ਸਮਝ। ਐਨਾ ਭੁਲੇਖਾ ਹੈ B.A, M.A, Ph.D ਪੜ੍ਹੀ ਹੋਈ ਦੁਨੀਆਂ ਨੂੰ।

***ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ...........॥*** ***ਪੰਨਾ – 946***

ਜਦੋਂ ਗਿਆਨ ਦਾ ਤੱਤ ਵਿਚਾਰ ਲਿਆ, ਫੇਰ ਆਪਣੇ ਸਰੂਪ ਦਾ ਪਤਾ ਚਲ ਗਿਆ। ਫੇਰ ਕਹਿੰਦੇ ਇਸ ਦੇ ਨਾਲ ਕੀ ਹੁੰਦਾ ਹੈ –

***.............. ਹਉਮੈ ਸਬਦਿ ਜਲਾਏ॥*** ***ਪੰਨਾ – 946***

ਸ਼ਬਦ ਦੀ ਪ੍ਰਾਪਤੀ ਹੋ ਜਾਣੀ ਹੈ ਤੇ ਹਉਮੈ ਦਾ ਤੱਤ ਜਲ ਜਾਣਾ ਹੈ।

***ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਚੇ ਸਚਿ ਸਮਾਇਆ॥*** ***ਪੰਨਾ – 602***

ਫੇਰ ਤਨ ਵੀ ਨਿਰਮਲ ਹੋ ਗਿਆ, ਮਨ ਵੀ ਨਿਰਮਲ ਹੋ ਗਿਆ, ਜਿਹੜੀ ਬੋਲਦਾ ਹੈ, ਉਹ ਬਾਣੀ ਵੀ ਨਿਰਮਲ ਹੋ ਗਈ, ਬਾਣੀ ਤੇ ਗਿਆਨ ਹੋ ਗਿਆ ਕਿ ਵਾਹਿਗੁਰੂ ਜੀ ਇਸ ਦੇ ਸਰੀਰ ਵਿਚ ਸਮਾਏ ਹੋਏ ਹਨ। ਸੋ ਇਹ ਹਉਮੈ ਦਾ ਰੋਗ ਮਨੁੱਖ ਨੂੰ ਲੱਗਿਆ ਹੋਇਆ ਹੈ –

***ਹਉਮੈ ਰੋਗੁ ਮਾਨੁਖ ਕਉ ਦੀਨਾ॥*** ***ਪੰਨਾ – 1140***

ਹਉਮੈ ਦਾ ਰੋਗ ਮਨੁੱਖ ਨੂੰ ਦੇ ਦਿਤਾ। ਰੋਗੀ ਹੋਏ ਹੋਏ ਅਸੀਂ ਕਹਿੰਦੇ ਹਾਂ ਕਿ ਅਸੀਂ ਤਾਂ ਰੋਗੀ ਹੀ ਨਹੀਂ, ਕਦੇ ਵੀ ਦਾਰੂ (ਦਵਾਈ) ਨਹੀਂ ਲੈਂਦੇ। ਮੁਫਤ ਦੀ ਡਿਸਪੈਂਸਰੀ ਚਲਦੀ ਹੈ ਇਥੇ free, ਜੇ ਬਿਮਾਰ ਹੋਏ ਤਾਂ ਉਥੋਂ ਦਾਰੂ ਲਵਾਂਗੇ। ਤੁਹਾਡਾ ਮਨ ਬਿਮਾਰ ਹੈ ਪ੍ਰੇਮੀਓ! ਇਸ ਦੀ ਵੀ ਦਾਰੂ ਲਓ। ਕਹਿੰਦੇ ਸਾਨੂੰ ਤਾਂ ਕੋਈ ਦੁਕਾਨ ਹੀ ਨਹੀਂ ਲਭਦੀ ਜਿਥੇ ਹਉਮੈ ਰੋਗ ਦੀ ਵੀ ਦਾਰੂ ਹੁੰਦੀ ਹੈ। ਮਹਾਰਾਜ ਕਹਿੰਦੇ, ਹਾਂ, ਇਸ ਦੀ ਦਾਰੂ ਹੁੰਦੀ ਹੈ, ਸੁਣ ਲਓ ਧਿਆਨ ਨਾਲ –

***ਧਾਰਨਾ – ਹਉਮੈ ਰੋਗ ਦੀ ਸ਼ਬਦ ਹੈ ਦਾਰੂ,***
***ਮਿਲਦੀ ਸਤਿਗੁਰੂ ਪੂਰਿਆਂ ਤੋਂ –2, 2.***
***ਮੇਰੇ ਪਿਆਰੇ, ਮਿਲਦੀ ਸਤਿਗੁਰ ਪੂਰਿਆਂ ਤੋਂ –2, 2.***
***ਹਉਮੈ ਰੋਗ ਦੀ ਸ਼ਬਦ ਹੈ ਦਾਰੂ, ......2***

***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥***
***ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥*** ***ਪੰਨਾ – 466***

ਦਾਰੂ ਮਿਲਦੀ ਹੈ ਗੁਰੂ ਤੋਂ, ਉਹ ਹੈ ਸ਼ਬਦ ਦੀ ਦਾਰੂ। ਫੇਰ ਕਹਿੰਦੇ ਆਪਣੀ ਕਿਰਪਾ ਆਪਣੇ ਆਪ ਤੇ ਆਪ ਹੀ ਕਰ। ਰੱਬ ਨੂੰ ਨਾ ਦੋਸ਼ ਦੇਹ ਕਿ ਜੇ ਨਾਮ ਜਪਾਊ ਤਾਂ ਜਪਾਂਗੇ।

ਚਾਰ ਕਿਰਪਾ ਹੁੰਦੀਆਂ ਨੇ –

ਤੇਰੇ ਤੇ ਕਿਰਪਾ ਕੀਤੀ ਪ੍ਰਮੇਸ਼ਰ ਨੇ, ਤੈਨੂੰ ਮਨੁੱਖ ਦਾ ਜਾਮਾ ਦੇ ਦਿਤਾ। ਮਾਂ-ਬਾਪ ਨੇ ਕਿਰਪਾ ਕੀਤੀ ਤੈਨੂੰ ਨਸ਼ਿਆਂ ਤੋਂ ਬਚਾ ਕੇ, ਪੜ੍ਹਾ ਲਿਖਾ ਕੇ ਬੰਦਾ ਬਣਾ ਦਿਤਾ। ਪਾਲ ਦਿਤਾ, ਪਲੋਸ ਦਿਤਾ, ਤੈਥੋਂ ਕੋਈ ਦਿਹਾੜੀ ਨਹੀਂ ਮੰਗੀ, ਕੋਈ ਮਜ਼ਦੂਰੀ ਨਹੀਂ ਮੰਗੀ। ਸਭ ਕੁਝ ਕੁਰਬਾਨ ਕਰ ਦਿਤਾ।

ਤੀਸਰੀ ਕਿਰਪਾ ਕਰ ਦਿਤੀ ਗੁਰੂ ਨੇ। ਅੰਮ੍ਰਿਤ ਛਕਾ ਦਿਤਾ ਪੰਜ ਪਿਆਰਿਆਂ ਨੇ, ਨਾਮ ਦੀ ਦਾਰੂ ਦੇ ਦਿਤੀ ਕਿ ਕਹਿ 'ਵਾਹਿਗੁਰੂ'; ਵਾਹਿਗੁਰੂ ਦਾ ਮੰਤਰ ਹੁਣ ਦਿਨ-ਰਾਤ ਜਪੀ ਜਾਹ।

ਚੌਥੀ ਕਿਰਪਾ ਹੁਣ ਤੂੰ ਆਪ ਕਰਨੀ ਹੈ – ਅੰਮ੍ਰਿਤ ਵੇਲੇ ਉਠਣਾ ਹੈ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*** ***ਪੰਨਾ – 305***

ਫੇਰ ਕੀ ਕਰੇ?

***ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*** ***ਪੰਨਾ – 305***

ਪੰਜ ਪਿਆਰੇ ਜਿਹੜਾ ਉਪਦੇਸ਼ ਦੇ ਰਹੇ ਨੇ ਕਿ ਇਹ ਮੂਲ ਮੰਤਰ ਹੈ –

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥***
***ਆਦਿ ਸਚੁ ਜੁਗਾਦਿ ਸਚੁ॥***

***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥***
***ਪੰਨਾ - 1***

ਪੂਰਾ ਦਸਦੇ ਨੇ। ਸਾਰੇ ਇਕ ਜ਼ੁਬਾਨ ਹੋ ਕੇ ਬੋਲਦੇ ਨੇ, ਮਗਰ ਅੰਮ੍ਰਿਤ ਛਕਣ ਵਾਲੇ ਬੋਲਦੇ ਨੇ। ਫੇਰ ਪੰਜੇ ਬੋਲਦੇ ਨੇ 'ਵਾਹਿਗੁਰੂ-ਵਾਹਿਗੁਰੂ', ਸਾਰੇ ਪਿਛੇ ਬੋਲਦੇ ਨੇ। ਕਹਿੰਦੇ ਇਹ ਮੰਤਰ ਹੈ, ਇਸੇ ਮੰਤਰ ਨਾਲ ਸਭ ਕੁਝ ਹੋ ਜਾਣਾ ਹੈ। ਹੁਣ ਤੂੰ ਕਿਰਪਾ ਆਪਣੇ ਆਪ ਤੇ ਆਪ ਹੀ ਕਰੀਂ -

***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ............॥***
***ਪੰਨਾ - 305***

ਫੇਰ ਇਸ ਦੇ ਨਾਲ ਹੋਏਗਾ ਕੀ?

***............ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਪੰਨਾ - 305***

ਦੋਖ ਵੀ, ਹੱਤਿਆ ਵੀ, ਪਾਪ ਵੀ ਸਭ ਲਹਿ ਜਾਣਗੇ। ਮੈਨੂੰ ਕਹਿਣਗੇ, ਕਿਰਪਾ ਤਾਂ ਜੀ ਤੁਸੀਂ ਕਰ ਦਿਓ। । ਮੈਂ ਕਹੂੰ ਬੀਬਾ! ਜਪੁਜੀ ਸਾਹਿਬ ਦੇ ਪਾਠ ਕਰ। ਨਾ ਜੀ! ਉਹ ਤਾਂ ਨਹੀਂ ਹੁੰਦੇ, ਤੁਸੀਓਂ ਕਿਰਪਾ ਕਰ ਦਿਓ। ਮੈਂ ਕਿਹਾ, ਬੀਬਾ, ਕਦੇ ਮੈਨੂੰ ਤੂੰ ਕਹਿੰਦੀ ਹੈਂ ਰੋਟੀ ਖਾਣ ਵੇਲੇ, ਕਿ ਕਿਰਪਾ ਕਰ ਦਿਓ, ਮੇਰੇ ਮੂੰਹ ਵਿਚ ਪਾ ਦਿਓ। ਰੋਟੀ ਤੂੰ ਆਪ ਖਾਂਦੀ ਹੈਂ, ਨਹਾਉਂਦੀ ਆਪ ਹੈਂ। ਰੋਟੀ ਤੁਸੀਓਂ ਪਕਾ ਕੇ ਮੈਨੂੰ ਖੁਆ ਦਿਓ, ਆਹ ਗੱਲ ਬਣਦੀ ਹੈ? ਕੋਈ ਕਦੇ ਕਹਿੰਦਾ ਹੈ ਕਿ ਰੋਟੀ ਖੁਆਓ ਤਾਂ ਖਾਵਾਂਗੇ, ਮੇਜ਼ ਤੇ ਰੱਖੀ ਹੋਈ ਹੈ। ਖਾਂਦਾ ਨਹੀਂ ਭਾਈ? ਕਹਿੰਦੇ ਖੁਆਓਂਗੇ ਤਾਂ ਖਾਵਾਂਗਾ। ਉਹ ਤੇਰੇ ਕੋਲ ਰੋਟੀ ਬਣੀ ਬਣਾਈ ਆ ਗਈ ਮੇਜ਼ ਤੇ, ਹੁਣ ਆਪਣੇ ਹੱਥ ਹਿਲਾ; ਚਲੋ ਮੂੰਹ 'ਚ ਬੁਰਕੀ ਪਾ ਦਿਤੀ, ਹੁਣ ਤੂੰ ਚਬਦਾ ਨਹੀਂ। ਕਹਿੰਦਾ ਚਬਾਓਂਗੇ ਤਾਂ ਚੱਬਾਂਗਾ।

ਇਹ ਵੀ ਕੰਮ ਹੋ ਜਾਏਗਾ, ਜ਼ੋਰ-ਜ਼ੋਰ ਦੀ ਜਬਾੜਾ ਦੱਬੀ ਜਾਓ। ਅੱਗੇ ਕਿਵੇਂ ਲੰਘਾਵਾਂਗੇ? ਕੁਝ ਤਾਂ ਕਰਨਾ ਹੀ ਪੈਣਾ ਹੈ। ਅੱਗੇ ਫੇਰ ਮਿਹਦੇ 'ਚ ਹਜ਼ਮ ਕਿਵੇਂ ਕਰੋਗੇ? ਉਥੇ ਤਾਂ ਆਪੇ ਹੀ ਕਿਰਪਾ ਕਰਦਾ ਹੈ ਫੇਰ। ਨਾਮ ਜਪਣ ਵੇਲੇ ਢੁੱਚਰ ਅੜਾਉਂਦਾ ਹੈ।

ਸੋ ਮਹਾਰਾਜ ਕਹਿੰਦੇ ਜੇ ਰੋਗ ਸੱਚੀਂ-ਮੁਚੀਂ ਦੂਰ ਕਰਨਾ ਹੈ ਤਾਂ ਗੁਰ ਸ਼ਬਦ ਲੈ ਲੈ। ਜਿਥੇ ਸ਼ਬਦ ਆ ਗਿਆ, ਜਦੋਂ ਤੈਨੂੰ ਨਾਮ ਦੀ ਪ੍ਰਾਪਤੀ ਹੋ ਗਈ, ਨਾਮ ਤੇਰੇ ਵਿਚ ਪ੍ਰਗਟ ਹੋ ਗਿਆ, ਹਿਰਦੇ 'ਚ ਵਸ ਗਿਆ, ਫੇਰ ਦੋ ਗੱਲਾਂ ਆਉਣੀਆਂ ਨੇ - ਇਕ ਤਾਂ -

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ - 649***

ਜਦੋਂ ਵਸ ਗਿਆ ਹਿਰਦੇ ਵਿਚ ਤਾਂ 9 ਨਿਧੀਆਂ, 18 ਸਿਧੀਆਂ ਮਿੰਨਤਾਂ ਕਰਦੀਆਂ ਫਿਰਦੀਆਂ ਹਨ -

***ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ...........॥ ਪੰਨਾ - 637***

ਚਰਨੀ ਲਗ ਜਾਂਦੀ ਹੈ ਆ ਕੇ ਕਿ ਮੈਨੂੰ ਵਰਤ ਲਓ। ਉਹ ਠੇਡੇ ਮਾਰਦੇ ਨੇ ਕਿ ਜਾਹ! ਪਰ੍ਹੇ ਰਹਿ। ਦੂਸਰਾ ਇਹ ਹੈ ਕਿ ਜਦੋਂ ਨਾਮ ਵਸ ਗਿਆ ਤਾਂ ਪਰਮ ਸ਼ਾਂਤੀ 'ਸਤਿ-ਚਿਤ-ਅਨੰਦ' ਦੀ ਅਵਸਥਾ ਆਦਮੀ ਦੇ ਅੰਦਰ ਤਾਰੀ ਹੋ ਜਾਂਦੀ ਹੈ। ਰੋਗ ਸਭ ਮਿਟ ਜਾਂਦੇ ਹਨ, ਸ਼ੰਕਾ ਸਭ ਮਿਟ ਜਾਂਦੀ ਹੈ, ਭਟਕਣਾ ਮਿਟ ਜਾਂਦੀ ਹੈ, ਕਲਪਣਾ ਮਿਟ ਜਾਂਦੀ ਹੈ। ਸੁਵਸਥ ਅਵਸਥਾ ਪ੍ਰਾਪਤ ਹੋ ਜਾਂਦੀ ਹੈ -

***ਨਾਨਕ ਭਗਤਾ ਸਦਾ ਵਿਗਾਸੁ॥***
***ਪੰਨਾ - 2***

ਵਿਗਾਸ ਹੋ ਜਾਂਦਾ ਹੈ, ਖੇੜਾ ਆ ਜਾਂਦਾ ਹੈ। ਚਿਹਰੇ ਤੇ ਪ੍ਰਗਟ ਹੋਣਾ ਸ਼ੁਰੂ ਹੋ ਜਾਂਦਾ ਹੈ। ਹਉਂਕੇ ਨਹੀਂ ਲੈਂਦਾ, ਹਾਵੇ ਨਹੀਂ ਆਉਂਦੇ, ਮੱਥੇ ਝੁਰੜੀਆਂ ਨਹੀਂ ਪਈਆਂ ਹੋਈਆਂ, ਅੱਖਾਂ ਵਿਚ ਕਰੂਰਤਾ ਨਹੀਂ ਹੁੰਦੀ, ਪਿਆਰ ਹੁੰਦਾ ਹੈ, ਹਰੇਕ ਨੂੰ ਖਿਚਦਾ ਹੈ, ਬੋਲਦਾ ਹੈ ਤਾਂ ਖਿਚਦਾ ਹੈ, ਝਾਕਦਾ ਹੈ ਤਾਂ ਖਿਚਦਾ ਹੈ ਕਿਉਂਕਿ ਅੰਦਰ ਖੇੜਾ ਭਰਿਆ ਪਿਆ ਹੈ। ਉਸ ਦੇ ਅੰਦਰ ਨਾਮ ਦਾ ਨਿਵਾਸ ਹੋ ਗਿਆ, ਨਾਮ ਪ੍ਰਗਟ ਹੋ

ਗਿਆ। ਜਿਥੇ ਨਾਮ ਪ੍ਰਗਟ ਹੋ ਗਿਆ ਉਥੇ ਮਹਾਰਾਜ ਕਹਿੰਦੇ –

*ਹਉਮੈ ਨਾਵੈ ਨਾਲਿ ਵਿਰੋਧੁ ਹੈ..........॥* *ਪੰਨਾ – 560*

ਇਹ ਦੋਵੇਂ ਇਕੱਠੇ ਨਹੀਂ ਰਹਿੰਦੇ –

*......... ਦੋਇ ਨਾ ਵਸਹਿ ਇਕ ਠਾਇ॥* *ਪੰਨਾ – 560*

ਜਾਂ ਤਾਂ ਹਉਮੈ ਰਹੇਗੀ ਜਾਂ ਨਾਮ ਰਹੇਗਾ। ਜੇ ਨਾਮ ਨਹੀਂ ਆਇਆ ਤਾਂ ਸਮਝ ਲਓ ਹਉਮੈ ਵਿਚ ਫਿਰਦੇ ਹਾਂ। ਜੇ ਹਉਮੈ ਵਿਚ ਹੈ ਤਾਂ ਸੇਵਾ ਥਾਉਂ ਨਹੀਂ ਪੈਂਦੀ ਪਿਆਰਿਆ! ਕਿਉਂਕਿ ਤੇਰੇ ਅੰਦਰ ਹਉਮੈ ਹੈ–

*ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥*
*ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥* *ਪੰਨਾ – 560*

ਤੂੰ ਗੁਰੂ ਦਾ ਸ਼ਬਦ ਕਮਾ ਤੇ ਜੇ ਸੇਵਾ ਕਰਕੇ 'ਮੈਂ' ਧਾਰਦਾ ਹੈਂ, ਗੁੱਸੇ ਵੀ ਹੋਣਾ ਪਏਗਾ, ਕਿਸੇ ਨੇ ਕਹਿ ਦੇਣਾ ਹੈ ਕਿ ਤੂੰ ਕੀ ਕਰਦਾ ਹੈਂ? ਉਥੇ ਹੀ ਗੁੱਸੇ ਹੋ ਜਾਏਂਗਾ ਕਿ ਮੈਂ ਕੀਰਤਨ ਵੀ ਕਰਿਆ, ਪ੍ਰਚਾਰ ਵੀ ਕਰਿਆ, ਘਰ ਵੀ ਛੱਡਿਆ, ਬਾਰ ਵੀ ਛੱਡਿਆ ਤੇ ਮੈਨੂੰ ਇਉਂ ਕਹਿੰਦੇ ਨੇ। ਉਹ, ਤਾਂ ਕਹਿੰਦੇ ਨੇ, ਤੇਰੇ ਵਿਚ ਹਉਮੈ ਹੈ, ਜੇ ਹਉਮੈ ਨਾ ਹੋਵੇ ਤਾਂ ਤੇਰੇ ਤੇ ਅਸਰ ਹੀ ਨਾ ਹੋਵੇ, ਕਿਉਂਕਿ –

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ*
*ਲੋਭੁ ਮੋਹਿ ਅਭਿਮਾਨਾ॥*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥*
*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ॥*
*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ॥* *ਪੰਨਾ – 634*

ਇਹ ਅਵਸਥਾ ਆ ਜਾਣੀ ਹੈ ਜਦੋਂ ਹਉਮੈ ਨਹੀਂ ਹੋਏਗੀ। ਮਹਾਰਾਜ ਕਹਿੰਦੇ, ਗੁਰੂ ਦੇ ਸ਼ਬਦ ਦੀ ਕਮਾਈ ਕਰ। ਫੇਰ ਜਦੋਂ ਇਸ ਜੀਵਨ ਮੁਕਤਿ ਅਵਸਥਾ ਵਿਚ ਆ ਗਿਆ, ਫੇਰ ਹੁਕਮ ਦੇ ਵਿਚ ਰਹਿੰਦਾ ਹੈ – ਆਪ ਨਹੀਂ ਕੁਝ ਵੀ ਕਰਦਾ, ਉਸ ਦਾ ਸਰੀਰ ਫੇਰ cosmic (ਦਰਗਾਹੀ) ਹੁਕਮ ਵਿਚ ਹਿਲਦਾ ਹੈ –

*ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥* *ਪੰਨਾ – 560*

ਤੇ ਜਿਹੜਾ ਇਹ ਤੈਨੂੰ ਸਰੀਰ ਦਿਸਦਾ ਹੈ ਜਿਹਨੂੰ 'ਮੈਂ' ਕਹਿੰਦਾ ਹੈਂ, ਮਹਾਰਾਜ ਕਹਿੰਦੇ ਇਹ ਸਭ ਹਉਮੈ ਹੈ।

*ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥* *ਪੰਨਾ – 560*

ਹਉਮੈ 'ਚ ਹੀ ਜੰਮਦਾ ਹੈ, ਹਉਮੈ 'ਚ ਹੀ ਮਰਦਾ ਹੈ –

*ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥* *ਪੰਨਾ – 560*

ਗੁਬਾਰ ਹੈ ਬੇਅੰਤ ਚੜ੍ਹਿਆ ਹੋਇਆ। ਕਿਵੇਂ ਕਰੀਏ, ਕੋਈ ਹੈ ਰਾਹ ਤਰਨ ਦਾ? ਭਵਜਲ ਬਹੁਤ ਹੀ ਅਸਗਾਹ ਹੈ, ਜਿਵੇਂ ਹੁਣ ਆ ਰਿਹਾ ਹੈ ਵਰੋਲਾ। ਇਕ ਵਾਰੀ ਅਮਰੀਕਾ 'ਚ ਆਇਆ ਸੀ, 200 ਫੁਟ ਉਚੀ ਲਹਿਰ ਚਲਦੀ ਸੀ ਤੇ 200 ਮੀਲ ਦੀ ਰਫਤਾਰ ਨਾਲ ਘੁੰਮਦਾ ਸੀ। ਐਨਾ ਪਾਣੀ ਧਰਤੀ ਤੇ ਲਿਆ ਕੇ ਮਾਰਿਆ, ਵੱਡੀਆਂ-ਵੱਡੀਆਂ ਬਿਲਡਿੰਗਾਂ ਰੋੜ੍ਹ ਕੇ ਲੈ ਗਿਆ, ਸੜਕਾਂ ਰੋੜ੍ਹ ਦਿਤੀਆਂ। ਮੈਂ ਉਥੇ ਦੇਖਦਾ ਸੀ ਕਿ ਕਿੱਡੀ ਤਾਕਤ ਹੈ ਇਸ ਦੇ ਵਿਚ। ਇਸ ਤਰ੍ਹਾਂ ਹੀ ਗੁਬਾਰ ਹੈ ਸਾਧ ਸੰਗਤ ਜੀ - ਹਉਮੈ ਦਾ। ਆਪਣੇ ਆਪ ਦੇ ਸਰੂਪ ਦਾ ਗਿਆਨ ਨਹੀਂ ਹੁੰਦਾ -

***ਹਉਮੈ ਵਿਚਿ ਭਗਤਿ ਨ ਹੋਵਈ..........॥*** ***ਪੰਨਾ - 560***

ਜੇ ਹਉਮੈ ਹੈ ਤਾਂ ਭਗਤੀ ਵੀ ਨਹੀਂ ਹੁੰਦੀ -

***.........ਹੁਕਮੁ ਨ ਬੁਝਿਆ ਜਾਇ॥*** ***ਪੰਨਾ - 560***

ਨਾ ਫੇਰ ਇਲਾਹੀ, ਅਗੰਮੀ ਹੁਕਮ ਨੂੰ ਬੁੱਝ ਸਕਦਾ ਹੈ -

***ਨਾਨਕ ਸਤਿਗੁਰਿ ਮਿਲਿਐ ਹਉਮੈ ਗਈ***
***ਤਾ ਸਚੁ ਵਸਿਆ ਮਨਿ ਆਇ॥***
***ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ॥*** ***ਪੰਨਾ - 560***

ਸਤਿਗੁਰੂ ਨੇ ਸੱਚਾ ਸ਼ਬਦ ਦੇ ਦਿਤਾ ਤਾਂ ਫੇਰ ਸੱਚ ਦੀ ਪ੍ਰਾਪਤੀ ਹੋ ਗਈ, ਇਸ ਤਰ੍ਹਾਂ ਹੰਗਤਾ ਤੇ ਮਮਤਾ ਦਾ ਨਾਸ਼ ਹੋ ਜਾਂਦਾ ਹੈ। ਸੋ ਹਉਮੈ ਦੇ ਬਾਰੇ ਬਹੁਤ ਸਮਝਾਉਣ ਦਾ ਯਤਨ ਕਰਿਆ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਹਉਮੈ ਦਾ ਬਹੁਤ ਜ਼ਿਕਰ ਆਉਂਦਾ ਹੈ, ਕੋਈਓ ਸ਼ਬਦ ਐਸਾ ਹੋਏਗਾ ਜਿਸ ਦੇ ਵਿਚ ਇਨ੍ਹਾਂ ਚੀਜ਼ਾਂ ਦਾ ਜ਼ਿਕਰ ਨਾ ਹੋਵੇ, ਗੁਰਬਾਣੀ ਵਿਚ ਮੁੱਖ ਛੇ ਚੀਜ਼ਾਂ ਦਾ ਬਾਰ-ਬਾਰ ਜ਼ਿਕਰ ਹੈ।

ਇਕ ਤਾਂ ਥੋੜ੍ਹੀ ਦੇਰ ਬਾਅਦ ਹਰ ਸ਼ਬਦ ਵਿਚ ਤੁਹਾਨੂੰ 'ਸੰਤ' ਦੇ ਬਾਰੇ ਗੱਲ ਆਏਗੀ ਕਿ ਸੰਤ ਨੂੰ, ਗੁਰਮੁਖ ਨੂੰ ਮਿਲੇ ਬਗੈਰ ਤੇਰਾ ਕੰਮ ਨਹੀਂ ਬਣਨਾ, ਤੂੰ ਗੁਰਮੁਖਾਂ ਦੀ ਸੰਗਤ ਕਰ, ਗੁਰਮੁਖਾਂ ਨੂੰ ਮਿਲ, ਇਸ ਤਰ੍ਹਾਂ ਗੁਰੂ ਦੀ ਬਾਣੀ ਤੇਰੀ ਸਮਝ 'ਚ ਨਹੀਂ ਆਉਣੀ। ਜਿਨ੍ਹਾਂ ਨੇ ਕਮਾਈ ਕੀਤੀ ਹੋਈ ਹੈ ਉਨ੍ਹਾਂ ਦੇ ਮੁਖ ਤੋਂ ਜਦੋਂ ਬਾਣੀ ਨਿਕਲਣੀ ਹੈ, ਉਦੋਂ ਸਮਝ ਆ ਜਾਣੀ ਹੈ। ਸੰਤ ਕਹਿੰਦੇ ਤੂੰ ਗੁਰੂ ਗ੍ਰੰਥ ਸਾਹਿਬ ਦੀਆਂ ਸਾਰੀਆਂ ਗੱਲਾਂ ਮੰਨ। ਜਦੋਂ ਸਾਰੀਆਂ ਮੰਨਣ ਲਗਦਾ ਹੈ ਤਾਂ ਗੁਰਬਾਣੀ ਕਹਿੰਦੀ ਹੈ, ਤੂੰ ਸੰਤਾਂ ਕੋਲ ਜਾਹ, ਮੈਂ ਤਾਂ ਧੂੜੀ ਮੰਗਦਾ ਹਾਂ ਉਨ੍ਹਾਂ ਦੀ, ਤੂੰ ਵੀ ਜਾਹ, ਸੇਵਾ ਕਰ, ਤਨ, ਮਨ, ਧਨ ਦੇਹ। ਤੀਸਰਾ ਜਿਕਰ ਆਉਂਦਾ ਹੈ ਮਨ ਦਾ, ਬਾਰ-ਬਾਰ ਮਨ ਦਾ ਜਿਕਰ ਆਉਂਦਾ ਹੈ। ਚੌਥਾ ਆਉਂਦਾ ਹੈ 'ਸ਼ਬਦ' ਦਾ। ਪੰਜਵਾਂ ਆਉਂਦਾ ਹੈ ਹੁਕਮ ਦਾ, ਛੇਵਾਂ ਆਉਂਦਾ ਹੈ 'ਨਾਮ' ਦਾ। ਆਹ 6 ਗੱਲਾਂ ਜੇ ਸਮਝ 'ਚ ਆ ਜਾਣ ਤਾਂ ਰਸਤਾ ਕੁਝ ਨਿਬੜ ਜਾਇਆ ਕਰਦਾ ਹੈ। ਸੋ ਬਾਰ-ਬਾਰ ਸਮਝਾਉਂਦੇ ਨੇ। ਮਹਾਰਾਜ ਕਹਿੰਦੇ ਹਨ -

***ਹਉ ਮੈ ਕਰੀ ਤਾ ਤੂ ਨਾਹੀ.........॥*** ***ਪੰਨਾ - 1092***

ਜੇ ਮੈਂ ਹਾਂ ਤਾਂ ਤੂੰ ਨਹੀਂ ਹੈ -

***...............ਤੂ ਹੋਵਹਿ ਹਉ ਨਾਹਿ॥*** ***ਪੰਨਾ - 1092***

ਜੇ ਤੂੰ ਹੈ ਤਾਂ ਮੈਂ ਨਹੀਂ ਹਾਂ। ਅਜੀਬ ਬੁਝਾਰਤ ਪਾ ਦਿਤੀ। ਬੁਝੋ ਇਹਨੂੰ -

***ਬੁਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ॥*** ***ਪੰਨਾ - 1093***

ਬੋਲ ਕੇ ਨਾ ਦੱਸਿਓ, ਅੰਦਰ ਅਨੁਭਵ ਵਿਚ ਜਾ ਕੇ ਬੁੱਝੋ, ਅਸੀਂ ਕੀ ਗੱਲ ਕਹਿ ਦਿਤੀ।

***ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ॥***
***ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ॥*** ***ਪੰਨਾ - 260***

ਜਦੋਂ ਖੁਦੀ, ਹਉਮੈ ਮਿਟ ਗਈ, ਜਿਹੜਾ ਵਾਹਿਗੁਰੂ ਹੈ ਉਹ ਉਸੇ ਵੇਲੇ ਅੰਦਰ ਵੀ, ਬਾਹਰ ਵੀ,

ਕੋਈ ਥਾਉਂ ਨਹੀਂ ਜਿਥੇ ਉਹ ਦ੍ਰਿਸ਼ਟੀ ਨਾ ਆਵੇ, ਹਰ ਥਾਂ ਤੇ ਨਜ਼ਰ ਆਉਣਾ ਸ਼ੁਰੂ ਹੋ ਜਾਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਭਾਈ ਲਹਿਣਾ ਜੀ ਬਹੁਤ ਸਾਵਧਾਨਤਾ ਦੇ ਨਾਲ, ਜਿਵੇਂ ਪਿਆਸੇ ਨੂੰ ਪਾਣੀ ਦੀ ਪਿਆਸ ਹੁੰਦੀ ਹੈ, ਇਕ ਕਤਰਾ ਵੀ ਹੇਠਾਂ ਨਹੀਂ ਡੁਲ੍ਹਣ ਦੇਂਦਾ, ਇਸ ਤਰ੍ਹਾਂ ਦੇ ਨਾਲ ਆਪ ਨੇ ਸਾਰੀ ਬਾਣੀ ਵੀਚਾਰ ਸ੍ਰਵਣ ਕੀਤੀ ਤੇ ਜੀਅ ਕਰਦਾ ਹੈ ਕਿ ਉਹ ਚੁਪ ਨਾ ਕਰ ਜਾਣ ਤੇ ਹੋਰ ਵੀ ਦੱਸਣ ਕਿਉਂਕਿ ਇਕ ਤਾਂ ਹੁੰਦਾ ਹੈ ਕਿ ਸੁਣਦੇ ਹਾਂ, ਅਸੀਂ ਉਤੇ ਦੀ ਲੰਘ ਜਾਂਦੇ ਹਾਂ। ਸਾਨੂੰ ਪਿਛਲਾ ਭੁਲ ਜਾਂਦਾ ਹੈ। ਇਕ ਉਹ ਹੁੰਦੇ ਨੇ ਜਿਹੜੇ ਬਾਣੀ ਸੁਣਦੇ ਨੇ, ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਦੇ ਨੇ, ਇਕ ਤੁਕ ਭੀ ਬਿਨਾਂ ਵੀਚਾਰੇ ਨਹੀਂ ਲੰਘਣ ਦਿੰਦੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਰੰਗਵਾਲ ਵਾਲੇ, ਆਪ ਗੁਰੂ ਗ੍ਰੰਥ ਸਾਹਿਬ ਦਾ ਪਾਠ ਇਕ ਚੌਕੜੇ 'ਚ ਸੁਣਦੇ ਸੀ, ਇਕ ਸਕਿੰਟ ਵਾਸਤੇ ਮਨ ਨੂੰ ਏਧਰ ਓਧਰ ਨਹੀਂ ਜਾਣ ਦਿੰਦੇ ਸੀ। ਕਹਿੰਦੇ ਪਤਾ ਨਹੀਂ ਕਿਹੜਾ ਸਿਧਾਂਤ ਗੁਰੂ ਮਹਾਰਾਜ ਦਾ ਲੰਘ ਜਾਣਾ ਹੈ।

ਬਾਬਾ ਲੋਹਗੜ੍ਹੀਆ ਜੀ ਨਾਮਧਾਰੀ ਸਨ, ਕਿਸੇ ਨੂੰ ਰੌਲ (ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਕਰਨ ਦੀ ਵਾਰੀ) ਹੀ ਨਹੀਂ ਸੀ ਦਿੰਦੇ। ਜੇ ਕਹਿਣਾ ਬਾਬਾ ਜੀ ਇਕ ਪਾਠੀ ਹੋਰ ਆਪਣੇ ਨਾਲ ਡਿਊਟੀ ਦੇਣ ਲਈ ਲਾ ਲਓ, ਕਹਿੰਦੇ ਲੈ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪਾਠ ਵਿਚ ਮੈਂ ਕਿਸੇ ਹੋਰ ਨੂੰ ਸਾਂਝੀਵਾਲ ਬਣਾਵਾਂ? ਇਕਲਿਆਂ ਨੇ ਬੈਠ ਜਾਣਾ ਤੇ ਅਖੰਡ ਪਾਠ ਪੂਰਾ ਕਰਕੇ 48 ਘੰਟੇ ਬਾਅਦ ਉਠਣਾ। ਨਾ ਵਿਚ ਪਾਣੀ, ਨਾ ਕੋਈ ਹੋਰ ਚੀਜ਼, ਨਾ ਖਾਣਾ, ਨਾ ਪੀਣਾ। ਇਕ ਹਜ਼ਾਰ ਅਖੰਡ ਪਾਠ ਇਕੱਲਿਆਂ ਨੇ ਹੀ ਕਰਿਆ ਸੀ। ਸ਼ਕਤੀ ਕਿੰਨੀ ਸੀ? ਇਹ ਵੀ ਦੇਖ ਲਓ।

ਬਾਪੂ ਜੀ ਸੰਤ ਹੀਰਾ ਸਿੰਘ ਜੀ (ਬੀਬੀ ਜੀ ਦੇ ਪਿਤਾ ਜੀ) ਬਿਮਾਰ ਹੋ ਗਏ – ਲਾਹੌਰ ਵਿਚ। ਕਹਿਣ ਲੱਗੇ, ਬਾਬਾ ਲੋਹਗੜ੍ਹੀਆ ਜੀ ਨਹੀਂ ਆਏ। ਉਨ੍ਹਾਂ ਨੂੰ ਦਿਸ ਰਹੇ ਸੀ ਆਉਂਦੇ। ਇਹ ਹਸਪਤਾਲ ਤੋਂ ਬਾਹਰ ਨਿਕਲੇ, ਬਾਬਾ ਜੀ ਆ ਗਏ, ਨਾਲ ਹੀ ਮੁੜ ਕੇ ਫੇਰ ਪੌੜੀਆਂ ਚੜ੍ਹ ਗਏ ਸਾਰੇ। ਜਦੋਂ ਸਾਹਮਣੇ ਆਏ ਤਾਂ ਬਾਪੂ ਜੀ ਕਹਿਣ ਲੱਗੇ, "ਬਾਬਾ ਜੀ! ਤੁਸੀਂ ਹੁਣ ਤਾਂਈ ਕਿਉਂ ਨਾ ਆਏ?"

"ਤੁਸੀਂ ਯਾਦ ਹੀ ਹੁਣ ਕਰਿਆ, ਸੁਨੇਹਾ ਤੁਹਾਡਾ ਹੁਣੇ ਮਿਲਿਆ।"

"ਕਿਥੇ ਸੀ?"

"ਅਸੀਂ ਲਾਲਾਮੂਸੇ ਬੈਠੇ ਸੀ।"

ਕਿਥੇ ਲਾਲਾਮੂਸਾ (ਰਾਵਲ ਪਿੰਡੀ), ਕਿਥੇ ਲਾਹੌਰ। ਨਾ ਜਹਾਜ਼ ਤੇ ਚੜ੍ਹੇ, ਨਾ ਗੱਡੀ ਤੇ ਚੜ੍ਹੇ; ਇਕ ਡਿੰਘ (step) ਭਰੀ, ਉਥੇ ਪਹੁੰਚ ਗਏ। ਐਵੇਂ ਨਹੀਂ ਹੈ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਜਿਹੜਾ ਧਿਆਨ ਨਾਲ ਪੜ੍ਹਦਾ ਹੈ ਉਸ ਦੇ ਵਿਚ ਸਾਰੀਆਂ ਸ਼ਕਤੀਆਂ ਆ ਜਾਂਦੀਆਂ ਹਨ।

ਗੁਰੂ ਮਹਾਰਾਜ ਗੁਰੂ ਛੇਵੇਂ ਪਾਤਸ਼ਾਹ, ਭਾਈ ਗੋਪਾਲਾ ਜੀ ਤੋਂ ਸ਼ੁਧ ਬਾਣੀ ਧਿਆਨ ਨਾਲ ਪੜ੍ਹਨ ਦੇ ਬਦਲੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਦੀ ਗੱਦੀ ਆਪ ਉਠ ਕੇ ਉਸ ਨੂੰ ਦੇ ਰਹੇ ਸੀ, ਪਰ ਅਖੀਰਲੀ ਲਾਈਨ ਤੇ ਫੁਰਨਾ ਹੋ ਗਿਆ, ਫੁਰਨੇ ਅਨੁਸਾਰ ਘੋੜਾ ਬਖਸ਼ਿਆ।

ਸੋ ਇਸ ਤਰ੍ਹਾਂ ਦੇ ਨਾਲ ਭਾਈ ਲਹਿਣਾ ਜੀ ਬਾਣੀ ਸੁਣ ਰਹੇ ਨੇ, ਮਨ 'ਚ ਖਿਆਲ ਆ ਰਿਹਾ ਹੈ ਕਿ ਕਿਤੇ ਬੰਦ ਨਾ ਕਰ ਦੇਣ। ਉਸੇ ਵੇਲੇ ਆਪ ਜੀ ਦੇ ਸਮਝ ਵਿਚ ਆਸਾ ਦੀ ਵਾਰ ਦੀ ਅਗਲੀ ਤੁਕ ਇਸ ਤਰ੍ਹਾਂ ਆਈ –

***ਧਾਰਨਾ – ਮਨਮੁਖ ਹੋ ਕੇ ਜਨਮ ਗਵਾਇਆ,***
***ਕਾਹੇ ਆਇਆ ਜੱਗ ਤੇ –2, 2.***

*ਕਾਹੇ ਆਇਆ ਜੱਗ ਤੇ – 4, 2.*
*ਮਨਮੁਖ ਹੋ ਕੇ ਜਨਮ ਗਵਾਇਆ, ......2*

*ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ॥*
*ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨੀ ਸਚੁ ਕਮਾਇਆ॥*
*ਸਤਿਗੁਰਿ ਮਿਲਿਐ ਸਚੁ ਪਾਇਆ*
*ਜਿਨ੍ ਕੈ ਹਿਰਦੈ ਸਚੁ ਵਸਾਇਆ॥*
*ਮੂਰਖ ਸਚੁ ਨ ਜਾਣਨ੍ੀ ਮਨਮੁਖੀ ਜਨਮੁ ਗਵਾਇਆ॥*
*ਵਿਚਿ ਦੁਨੀਆ ਕਾਹੇ ਆਇਆ॥* *ਪੰਨਾ – 467*

**ਦੋ ਤਰ੍ਹਾਂ ਦੇ ਮਨੁੱਖ ਹੁੰਦੇ ਨੇ – ਇਕ ਗੁਰਮੁਖ ਹੁੰਦਾ ਹੈ ਇਕ ਮਨਮੁਖ ਹੁੰਦਾ ਹੈ। ਮਨਮੁਖ ਉਹ ਹੈ ਜਿਸ ਨੇ ਗੁਰੂ ਧਾਰਨ ਨਹੀਂ ਕਰਿਆ ਤੇ ਗੁਰੂ ਦੇ ਹੁਕਮ ਵਿਚ ਨਹੀਂ ਚਲਦਾ। ਇਕ ਮਨਮੁਖ ਉਹ ਹੁੰਦੇ ਨੇ ਜਿਨ੍ਹਾਂ ਨੇ ਗੁਰੂ ਧਾਰਨ ਕਰ ਲਿਆ ਤੇ ਫਿਰ ਵੀ ਮਨ ਦੀ ਮਰਜ਼ੀ 'ਚ ਚਲਦੇ ਨੇ, ਮਨਮੁਖ ਜਿਹੜਾ ਹੈ ਉਹ ਮਨ ਦੀ ਮਰਜ਼ੀ ਵਿਚ ਚਲ ਕੇ ਦੁਖ ਭੋਗਦਾ ਹੈ।** ਮਹਾਰਾਜ ਕਹਿੰਦੇ, "ਤੂੰ ਸੁਖੀ ਨਹੀਂ ਹੈਂ ਪ੍ਰੇਮੀਆਂ?"

ਬੇਨਤੀ ਕਰਦਾ ਹੈ ਕਿ ਮੈਂ ਤਾਂ ਦੁਖੀ ਹਾਂ। ਮੈਨੂੰ ਸੁਖ ਮਿਲ ਜਾਵੇ। ਮਹਾਰਾਜ ਕਹਿੰਦੇ, ਤੇਰੇ ਮਿਤ੍ਰ, ਤੇਰਾ ਭਾਈਚਾਰਾ ਤਾਂ ਮਨਮੁਖ ਹੈ।

*ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ॥* *ਪੰਨਾ – 1421*

ਸੁਖ ਦੀ ਗੱਲ ਕਰਦਾ ਹੈਂ, ਤੇਰਾ ਮਿਲਣਾ-ਜੁਲਨਾ, ਉਠਣਾ-ਬੈਠਣਾ ਸਾਰਾ ਮਨਮੁਖਾਂ ਦੇ ਨਾਲ ਹੈ ਤੇ ਮਨਮੁਖ ਕੋਲ ਦੁਖ ਹੀ ਹੁੰਦਾ ਹੈ –

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥* *ਪੰਨਾ – 947*

ਔਖੀਆਂ ਗੱਲਾਂ ਨਹੀਂ ਹਨ, ਸੁਖਾਲੀ ਸਮਝ 'ਚ ਆ ਜਾਂਦੀ ਹੈ ਬਾਣੀ। ਮਨ ਦੇ ਪਿਛੇ ਚਲਣ ਵਾਲਾ ਪਾਪ ਬੀਜਦਾ ਹੈ, ਨਿੰਦਿਆ ਕਰਦਾ ਹੈ, ਚੁਗਲੀ ਕਰਦਾ ਹੈ, ਈਰਖਾ ਕਰਦਾ ਹੈ। ਜੇ ਨਿੰਦਿਆਂ ਬੀਜ ਦਿਤੀ, ਮਹਾਰਾਜ ਕਹਿੰਦੇ ਪਤਾ ਹੈ ਫਲ ਕੀ ਮਿਲਣਾ ਹੈ?

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥* *ਪੰਨਾ – 755*

ਮਨਮੁਖਾਂ ਦੇ ਵਿਚ ਵੀ ਜਿਹੜੇ ਮਹਾਂਮੂਰਖ ਨੇ, ਉਹ ਨਿੰਦਿਆ ਕਰਦੇ ਨੇ –

*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥* *ਪੰਨਾ – 755*

ਬਿਖ ਬੀਜ ਦਿਤਾ।

*...........ਬਿਖ ਬੀਜੈ ਬਿਖ ਖਾਹਿ॥*

ਵਿਹੁ ਬੀਜਦਾ ਹੈ, ਵਿਹੁ (ਜ਼ਹਿਰ) ਖਾਂਦਾ ਹੈ। ਮਹਾਰਾਜ ਕਹਿੰਦੇ ਇਸ ਦਾ ਤਾਂ ਜਨਮ ਹੀ ਬਿਰਥਾ ਹੈ।

*ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ॥*
*ਪੰਨਾ – 1265*

ਲੱਜਿਆ ਆਉਣੀ ਚਾਹੀਦੀ ਹੈ ਇਸ ਨੂੰ, ਕਿਉਂਕਿ ਜਮਦੂਤਾਂ ਦੀਆਂ ਮਾਰਾਂ ਖਾਂਦਾ ਹੀ ਰਹਿੰਦਾ ਹੈ, ਹਰ ਵਕਤ ਮਾਰ ਖਾਂਦਾ ਹੈ।

*ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ॥*
*ਪੰਨਾ – 1265*

ਹਉਮੈ ਵਿਚ ਜਲਦਾ ਹੈ, ਕਾਮ-ਕ੍ਰੋਧ ਦੇ ਤਪਦੇ ਪਾਣੀ ਵਿਚ ਡੁੱਬ ਰਿਹਾ ਹੈ।

***ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ..............॥***

***ਪੰਨਾ - 1265***

ਮਨਮੁਖ ਪਾਸ ਬੁੱਧੀ ਹੀ ਨਹੀਂ ਹੈ, ਮਤ ਮੱਧਮ ਹੋ ਗਈ।

***..................... ਲੋਭ ਲਹਰਿ ਦੁਖੁ ਪਾਈ॥*** ***ਪੰਨਾ - 1265***

ਲੋਭ ਦੀ ਲਹਿਰ ਵਿਚ ਕਹਿੰਦਾ ਹੈ ਮੈਂ ਆਹ ਕਰ ਲਵਾਂ, ਮੈਂ ਓਹ ਕਰ ਲਵਾਂ, ਛੇਤੀਂ ਦੇ ਕੇ ਪੈਸਾ ਹੋ ਜਾਵੇ, ਉਹ ਕੰਮ ਕਰ ਲਵਾਂ ਤਾਂ ਮੇਰੀ ਜੇਬ ਭਰ ਜਾਵੇ ਪੈਸੇ ਨਾਲ। ਲੋਭ ਦੀਆਂ ਲਹਿਰਾਂ 'ਚ ਤੁਰਿਆ ਫਿਰਦਾ ਹੈ -

***ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ ਬਿਲਲਾਈ॥*** ***ਪੰਨਾ - 1265***

ਗੁਰੂ ਬਣਾਇਆ ਨਹੀਂ, ਜਿਸ ਕਰਕੇ ਹੱਦ ਤੋਂ ਜ਼ਿਆਦਾ ਦੁਖ ਪਾਉਂਦਾ ਹੈ। ਜਦੋਂ ਫੇਰ ਜਮਦੂਤਾਂ ਨੇ ਫੜ ਲਿਆ, ਫੇਰ ਵਿਰਲਾਪ ਕਰਦਾ ਹੈ, ਮਹਾਰਾਜ ਕਹਿੰਦੇ -

***ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ॥***
***ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ॥***

***ਪੰਨਾ - 31***

ਮਨਮੁਖ ਨੇ ਆਪਣੀ ਪਤ ਗਵਾ ਲਈ, ਆਉਂਦਾ ਹੈ ਜਾਂਦਾ ਹੈ, ਜੰਮਦਾ ਹੈ, ਮਰਦਾ ਹੈ।

***ਮਨਮੁਖ ਪਥਰੁ ਸੈਲੁ ਹੈ ...........॥*** ***ਪੰਨਾ - 419***

ਮਹਾਰਾਜ ਕਹਿੰਦੇ ਪਥਰ ਹੈ; ਪਥਰ ਨੂੰ ਭਿਉਂ ਲਓ ਕਦੇ ਜੇ ਭਿੱਜ ਜਾਵੇ; ਨਾਲ ਸੈਲ ਕਿਹਾ ਹੈ -

***ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ॥*** ***ਪੰਨਾ - 419***

ਜੀਵਣ ਧ੍ਰਿਕਾਰ ਹੈ, 100 ਵਾਰੀ ਫਿੱਟੇ ਮੂੰਹ ਮਨਮੁਖਾ, ਤੇਰਾ ਜੀਉਣਾ ਹੀ ਫਿਕਾ ਹੈ।

***ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ॥*** ***ਪੰਨਾ - 419***

ਪਾਣੀ ਵਿਚ ਪੱਥਰ ਨੂੰ ਰੱਖ ਲਓ, ਚਾਹੇ ਪੱਥਰ ਪਾਣੀ ਵਿਚ 100 ਸਾਲ ਪਿਆ ਰਹੇ, ਜਦੋਂ ਕੱਢੋਗੇ, ਵਿਚੋਂ ਸੁੱਕਾ ਹੀ ਨਿਕਲੇਗਾ। ਕੀ ਪੜ੍ਹੇ ਹੋਏ ਵੀ ਮਨਮੁਖ ਨੇ? ਕਹਿੰਦੇ, ਹਾਂ! ਉਨ੍ਹਾਂ ਦੀ ਜਿਹੜੀ ਵਿਦਿਆ ਹੈ ਉਹ ਵੀ ਵਿਹੁ ਹੀ ਹੈ - ਮਨਮੁਖਾਂ ਦੀ।

***ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥***
***ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥*** ***ਪੰਨਾ - 938***

***ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ॥***
***ਪੰਨਾ - 1284***

ਭੂਤ ਤੁਰਿਆ ਫਿਰਦਾ ਹੈ। ਬੇਤਾਲਾ ਭੂਤ ਨੂੰ ਕਹਿੰਦੇ ਨੇ, ਕੂੜ ਨੂੰ ਕਹਿੰਦੇ ਹਨ, ਪਸ਼ੂ ਤੁਰਿਆ ਫਿਰਦਾ ਹੈ।

ਮਨੁੱਖ ਦੇ ਚੰਮ (ਚਮੜੀ) ਦੇ ਅੰਦਰ ਪਸ਼ੂ ਵਲ੍ਹੇਟ ਦਿਤਾ। ਅੰਦਰੋਂ ਕਾਲੇ ਨੇ।

***ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ॥*** ***ਪੰਨਾ - 1284***

ਸੋ ਇਸ ਤਰ੍ਹਾਂ ਜਦੋਂ ਆਪ ਨੇ ਬਾਣੀ ਸੁਣੀ, ਬਹੁਤ ਗਹਿਰਾ ਅਸਰ ਹੋਇਆ ਮਨ ਦੇ ਉਤੇ, ਸੋਚਾਂ ਵਿਚ ਪੈ ਗਏ ਕਿ ਬਾਰ-ਬਾਰ ਗੁਰੂ ਦਾ ਜ਼ਿਕਰ ਆਉਂਦਾ ਹੈ। ਗੁਰੂ ਤੋਂ ਬਿਨਾ ਹਉਮੈ ਨਹੀਂ ਜਾਂਦੀ, ਗੁਰੂ ਤੋਂ ਬਿਨਾਂ ਗੁਰਮੁਖ ਨਹੀਂ ਬਣਦਾ। ਮੈਨੂੰ ਤਾਂ ਇਸ ਗੱਲ ਦਾ ਪਤਾ ਹੀ ਨਹੀਂ ਸੀ ਕਿ ਗੁਰੂ ਦੀ ਲੋੜ ਹੈ। ਮੈਂ

ਤਾਂ ਇਹ ਸਮਝਦਾ ਸੀ ਕਿ ਦੇਵੀ ਦੀ ਪੂਜਾ ਕਰ ਲਓ, ਉਸ ਦੀਆਂ ਭੇਟਾਂ ਗਾ ਲਓ ਕਿ ਤੂੰ ਆਹ ਕਰਦੀ ਹੈਂ, ਤੂੰ ਇਵੇਂ ਕਰਦੀ ਹੈਂ, ਤੂੰ ਸ਼ੇਰ ਦੇ ਉਤੇ ਸਵਾਰੀ ਕਰੀ, ਤੂੰ ਫਲਾਣੇ ਮਹੀਨੇ ਇਕ ਰਾਖਸ਼ ਨੂੰ ਮਾਰਿਆ, ਤੂੰ ਫਲਾਣੇ ਦੈਂਤ ਨੂੰ ਮਾਰਿਆ, ਢਿਮਕੇ ਨੂੰ ਮਾਰਿਆ; ਅਸੀਂ ਤਾਂ ਇਹੀ ਸਮਝਦੇ ਹਾਂ। ਮੈਂ ਅੱਜ ਤੱਕ ਸੁਣੀਆਂ ਹੀ ਨਹੀਂ ਇਹ ਬਾਤਾਂ, ਨਾ ਕਿਤੇ ਕੋਈ ਸਾਧੂ ਮਿਲਿਆ ਹੈ ਐਸਾ, ਜਿਹੜਾ ਇਹ ਬਚਨ ਕਰੇ। ਅਜੇ ਇਹ ਸੋਚਦਾ ਹੀ ਸੀ, ਜਦ ਨੂੰ ਇਸ ਭਾਵ ਦੀ ਹੋਰ ਅਵਾਜ਼ ਇਸ ਤਰ੍ਹਾਂ ਹੀ ਕੰਨ੍ਹ 'ਚ ਪੈ ਗਈ –

***ਧਾਰਨਾ – ਤੇਰਾ ਜਨਮ ਅਮੋਲਕ ਹੀਰਾ,***
***ਕੌਡੀਆਂ ਦੇ ਭਾਅ ਜਾਂਵਦਾ –2, 2.***
***ਮੇਰੇ ਪਿਆਰੇ, ਕੌਡੀਆਂ ਦੇ ਭਾਅ ਜਾਂਵਦਾਂ –2, 2.***
***ਤੇਰਾ ਜਨਮ ਅਮੋਲਕ ਹੀਰਾ .......–2***

***ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥***
***ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥*** ***ਪੰਨਾ – 156***

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥***
***ਕਈ ਜਨਮ ਸੈਲ ਗਿਰਿ ਕਰਿਆ॥***
***ਕਈ ਜਨਮ ਗਰਭ ਹਿਰਿ ਖਰਿਆ॥***
***ਕਈ ਜਨਮ ਸਾਖ ਕਰਿ ਉਪਾਇਆ॥***
***ਲਖ ਚਉਰਾਸੀਹ ਜੋਨਿ ਭ੍ਰਮਾਇਆ॥*** ***ਪੰਨਾ – 176***

ਕਿੰਨਾ ਕੀਮਤੀ ਸਰੀਰ, ਕਿੰਨੇ ਵੱਡੇ ਵਾਇਦੇ ਕਰਕੇ ਆਇਆ ਸੰਸਾਰ ਵਿਚ। ਮਹਾਰਾਜ ਕਹਿੰਦੇ, ਭੁਲ ਗਿਆ ਸਾਰੇ ਵਾਇਦੇ? ਮਾਤਾ ਦੇ ਪੇਟ ਵਿਚ ਤੈਨੂੰ ਉਸ ਵੇਲੇ ਸੌ ਜਨਮ ਦਾ ਪਤਾ ਸੀ।

ਉਦੋਂ ਤੈਨੂੰ ਪਤਾ ਸੀ ਕਿ ਮੈਂ ਤਾਂ ਕਿੰਨੀ ਵਾਰੀ ਕੀੜਾ ਬਣਿਆ, ਕਿੰਨੀ ਵਾਰੀ ਪਤੰਗਾ ਬਣਿਆ, ਕਈ ਵਾਰੀ ਹਾਥੀ ਬਣਿਆ, ਕਈ ਵਾਰੀ ਮੱਛੀਆਂ ਬਣਿਆ, ਕਈ ਵਾਰੀ ਹਿਰਨ ਬਣਿਆ। ਕਈ ਜਨਮ ਮੈਂ ਉਡਣ ਵਾਲਾ ਪੰਛੀ ਬਣਦਾ ਰਿਹਾ, ਕਿਤੇ ਮੈਂ ਸੱਪ ਬਣ ਕੇ ਖੁੱਡਾਂ ਭਾਲਦਾ ਰਿਹਾ ਚੂਹਿਆਂ ਦੀਆਂ। ਕਈ ਵਾਰੀ ਮੈਂ ਘੋੜਾ ਬਣਿਆ, ਕਈ ਵਾਰੀ ਮੈਂ ਬਲਦ ਬਣਿਆ, ਗਧਾ ਬਣਿਆ, ਬੜਾ ਔਖਾ ਹੋਇਆ।

***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥***
***ਕਈ ਜਨਮ ਸੈਲ ਗਿਰਿ ਕਰਿਆ॥*** ***ਪੰਨਾ – 176***

ਮੈ ਪਥਰ ਵੀ ਬਣਿਆ ਪਿਆ ਰਿਹਾਂ ਸਦੀਆਂ ਤੱਕ।

***ਕਈ ਜਨਮ ਗਰਭ ਹਿਰਿ ਖਰਿਆ॥*** ***ਪੰਨਾ – 176***

ਮੈਂ ਕਈ ਵਾਰੀ ਮਾਂ ਦੇ ਪੇਟ ਦੇ ਵਿਚ ਆਇਆ, ਸਰੀਰ ਨਾ ਬਣ ਸਕਿਆ, ਵਿਚ ਹੀ ਖਤਮ ਹੋ ਗਿਆ।

***ਕਈ ਜਨਮ ਸਾਖ ਕਰਿ ਉਪਾਇਆ॥*** ***ਪੰਨਾ – 176***

ਮੈਂ ਤਾਂ ਦਰਖਤ ਵੀ ਬਣਦਾ ਰਿਹਾ –

***ਲਖ ਚਉਰਾਸੀਹ ਜੋਨਿ ਭ੍ਰਮਾਇਆ॥*** ***ਪੰਨਾ – 176***

84 ਲੱਖ ਜੂਨਾਂ ਸਭ ਦੇਖ ਰਿਹਾ ਸੀ ਕਿ ਇਸ ਤਰ੍ਹਾਂ  ਹਨ, ਉਥੇ ਰੋਂਦਾ ਹੈ, ਕੰਬਦਾ ਹੈ। ਰਹਿੰਦਾ ਕਾਹਦੇ ਆਸਰੇ ਹੈ? ਮਹਾਰਾਜ ਕਹਿੰਦੇ ਉਥੇ ਨਾਮ ਦੀ ਧੁਨ ਸੁਣਦੀ ਹੈ ਇਸ ਨੂੰ, ਇਹ ਨਾਮ ਦੇ ਆਸਰੇ ਰਹਿੰਦਾ ਹੈ।

***ਗਰਭ ਕੁੰਟ ਮਹਿ ਉਰਧ ਤਪ ਕਰਤੇ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥*** ***ਪੰਨਾ - 251***

ਹਰ ਸੁਆਸ ਪ੍ਰਮੇਸਰ ਦਾ ਭਜਨ ਕਰਦਾ ਹੈ। ਹੁਣ ਯਾਦ ਕਰਾਉਂਦੇ ਨੇ। ਪੇਟ ਵਿਚ ਫੇਰ ਕਹਿੰਦਾ ਹੈ ਕਿ ਹੇ ਪ੍ਰਭੂ! ਮੈਨੂੰ ਹੁਣ ਕੱਢ ਲੈ, ਹੁਣ ਬਖਸ਼ ਦੇ। ਮੈਂ ਪੁੱਠਾ ਲਟਕ ਰਿਹਾ ਹਾਂ ਤੋਰੀ ਵਾਂਗ, ਮੈਨੂੰ ਬਖਸ਼ ਲੈ। ਮੈਂ ਹੁਣ ਤੇਰਾ ਨਾਮ 24 ਘੰਟੇ ਜਪਾਂਗਾ।

ਪ੍ਰਭੂ ਕਹਿੰਦੇ ਕਿ ਤੂੰ ਤਾਂ ਝੂਠਿਆਂ ਵਿਚ ਇਕ ਨੰਬਰ ਝੂਠਾ ਹੈਂ। ਤੇਰਾ ਇਤਬਾਰ ਨਹੀਂ। ਜਾਨਵਰਾਂ ਦਾ ਮੈਂ ਇਤਬਾਰ ਕਰ ਸਕਦਾ ਹਾਂ, ਉਨ੍ਹਾਂ ਦੀਆਂ ਆਦਤਾਂ ਹੁੰਦੀਆਂ ਨੇ, ਉਹ ਆਪਣੀ ਆਦਤ ਦੇ ਮੁਤਾਬਕ ਚਲਦੇ ਨੇ। ਉਹ ਤੇਰੇ ਵਾਂਗ ਬੇਹੁਦਰੇ ਨਹੀਂ ਚਲਦੇ। ਪੰਛੀ ਜਦੋਂ ਰੱਜ ਜਾਂਦੇ ਨੇ, ਕੋਈ ਜੋੜਦੇ ਨਹੀਂ - ਉਡਾਰੀ ਮਾਰੀ, ਦਰਖਤ ਦੇ ਉਤੇ। ਰਾਤ ਕੱਟੀ, ਸਵੇਰ ਦਾ ਫਿਕਰ ਨਹੀਂ ਹੈ। ਜਿਥੇ ਆ ਕੇ ਚੁਗਣ ਲਗ ਗਏ ਉਥੇ ਹੀ ਉਨ੍ਹਾਂ ਨੂੰ ਪੇਟ ਭਰ ਕੇ ਭੋਜਨ ਮਿਲ ਜਾਂਦਾ ਹੈ -

***ਫਰੀਦਾ ਹਉ ਬਲਿਹਾਰੀ ਤਿਨ ਪੰਖੀਆ ਜੰਗਲਿ ਜਿੰਨਾ ਵਾਸੁ॥***
***ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥*** ***ਪੰਨਾ - 1383***

ਰੱਬ ਦਾ ਆਸਰਾ ਨਹੀਂ ਛੱਡਦੇ ਤੇ ਤੂੰ ਤਾਂ ਮੈਨੂੰ ਵੀ ਭੁਲ ਜਾਂਦਾ ਹੈਂ। ਤੈਨੂੰ ਗੁਰੂ ਕਹਿਣਗੇ, ਰਿਜ਼ਕ ਰੱਬ ਦਿੰਦਾ ਹੈ -

***ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥*** ***ਪੰਨਾ - 10***

***ਨਾ ਕਰਿ ਚਿੰਤ ਚਿੰਤਾ ਹੈ ਕਰਤੇ॥*** ***ਪੰਨਾ - 1070***

ਕਿਤੇ ਤੂੰ ਮੰਨਣਾ ਹੈ? ਤੂੰ ਕਹਿਣਾ ਹੈ ਕਿ ਇਹ ਸਾਰੇ ਕੰਮ ਮੈਂ ਕਰਦਾ ਹਾਂ। ਮੈਂ ਨਾ ਕੀਤਾ ਤਾਂ ਕੀ ਹੋਏਗਾ? ਤੈਨੂੰ ਸੰਤਾਂ ਨੇ ਕਹਿਣਾ ਹੈ -

***ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥***
***ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥*** ***ਪੰਨਾ - 653***

ਉਹ ਭਾਈ ਤੈਨੂੰ ਧੱਕਾ ਲੱਗ ਜਾਣਾ ਹੈ ਉਥੇ ਦਾ ਹੀ, ਜਿਥੇ ਤੇਰਾ ਰਿਜ਼ਕ ਪਿਆ ਹੈ। ਇਸ ਕੰਮ ਦੇ ਵਿਚ ਨਾ ਪਈਂ ਉਥੇ ਜਾ ਕੇ। ਵੇਖ, ਉਲਟੇ ਕੰਮਾਂ ਵਿਚ ਜਾਨਵਰ ਨਹੀਂ ਪੈਂਦੇ। ਜੋੜਦੇ ਨਹੀਂ, ਜਮ੍ਹਾ ਨਹੀਂ ਕਰਦੇ; ਰਿਜ਼ਕ ਉਨ੍ਹਾਂ ਦਾ ਪਿਆ ਹੈ। ਤੂੰ ਕਿਤੇ ਬਹੁਤਾ ਹੈਂ? ਤੇਰੀ ਤਾਂ ਆਬਾਦੀ ਗਿਣਤੀ ਵਿਚ ਹੈ, ਉਨ੍ਹਾਂ ਦੀ ਤਾਂ ਗਿਣਤੀ-ਮਿਣਤੀ ਤੋਂ ਬਾਹਰ ਹੈ, ਉਨ੍ਹਾਂ ਨੂੰ ਵੀ ਪ੍ਰਮੇਸ਼ਰ ਸਭ ਨੂੰ ਦੇ ਰਿਹਾ ਹੈ। ਤੂੰ ਭੁਲ ਜਾਣਾ ਹੈ।

ਕਹਿੰਦਾ, "ਨਹੀਂ ਮਹਾਰਾਜ! 24 ਘੰਟੇ ਮੈਂ ਨਾਮ ਜਪਾਂਗਾ।"

ਪ੍ਰਮੇਸ਼ਰ ਜੀ ਕਹਿੰਦੇ, "ਜੇ 24 ਘੰਟੇ ਜਪੇਂਗਾ ਤਾਂ ਤੇਰਾ ਮੈ ਗੋਲਾ ਹੋ ਕੇ ਤੇਰੇ ਕੰਮ ਕਰਦਾ ਫਿਰਾਂਗਾ।"

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ॥*** ***ਪੰਨਾ - 638***

"ਸਾਰੇ ਕੰਮ ਤੇਰੇ ਮੈਂ ਕਰਾਂਗਾ। ਰੋਟੀਆਂ ਤੈਨੂੰ ਮੈਂ ਲਿਆ ਕੇ ਦੇਵਾਂਗਾ, ਕਪੜੇ ਤੇਰੇ ਮੈਂ ਧੋਵਾਂਗਾ।

ਸਭ ਕੁਝ ਮੈਂ ਕਰਾਂਗਾ। ਕਰ ਲਏਂਗਾ ਤੂੰ? ਤੇਰੇ ਕੋਲੋਂ ਨਹੀਂ ਹੋਣਾ ਪ੍ਰੇਮੀਆ, ਜਾਹ! ਤੈਨੂੰ ਮੈਂ ਮਾਫ ਕੀਤਾ। 2400 ਸਾਹ ਮੈਨੂੰ ਦੇ ਦਿਆ ਕਰ ਰੋਜ਼ ਦੇ - 24 ਹਜ਼ਾਰ ਸੁਆਸਾਂ ਵਿਚੋਂ, ਬਾਕੀ ਕਮਾਈ ਕਰੀਂ, ਜੋ ਤੇਰੀ ਬਚਤ ਹੈ ਉਸ ਦੇ ਵਿਚੋਂ ਦਸਵਾਂ ਹਿੱਸਾ ਮੇਰੇ ਨਮਿਤ ਦੇ ਦਿਆ ਕਰੀਂ। ਲਾਗਤ ਇਮਾਨਦਾਰੀ ਨਾਲ ਕੱਢ ਲਈਂ ਕਿ ਐਨੇ ਪੈਸੇ ਮੇਰੀ ਲਾਗਤ ਹੈ, ਆਹ ਮੇਰਾ ਬਚਦਾ ਹੈ, ਆਹ ਹੁਣ ਗੁਰੂ ਦਾ ਹੈ। ਜਾਹ! ਤੇਰੇ ਮੈਂ ਪਾਪ ਵੀ ਮਾਫ ਕੀਤੇ ਕਿਉਂਕਿ ਕਿਰਤ ਕਰਦੇ ਦੇ ਤੇਰੇ ਤੋਂ ਜਾਨਵਰ ਵੀ ਮਰਨੇ ਨੇ, ਦਵਾਈ ਛਿੜਕਾਓ ਕਰ ਦਏਂਗਾ, ਹਜ਼ਾਰਾਂ ਹੀ ਮਰ ਜਾਣੇ ਨੇ, ਜਿਹੜੇ ਰਾਖੀ ਵਾਲੇ ਨੇ ਉਹ ਵੀ ਮਰ ਜਾਣੇ ਨੇ, ਜਿਹੜੇ ਦੁਸ਼ਟ ਨੇ ਉਹ ਵੀ ਮਰ ਜਾਣੇ ਨੇ। ਤੇਰੇ ਤੇ ਪਾਪ ਨਹੀਂ ਮੈਂ ਚੜ੍ਹਨ ਦਿੰਦਾ, ਤੂੰ ਦਸਵੰਧ ਕੱਢੀ ਜਾਈਂ।"

ਤੇ ਜਦੋਂ ਸੰਸਾਰ ਵਿਚ ਆਇਆ - ਵਾਇਦੇ ਕਰਕੇ -

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***
***ਪੰਨਾ - 921***

ਭੁਲ ਗਿਆ ਰੱਬ ਨੂੰ -

***ਉਰਝਿ ਪਰੇ ਜੋ ਛੋਡਿ ਛਡਾਨਾ॥ ਦੇਵਨਹਾਰੁ ਮਨਹਿ ਬਿਸਰਾਨਾ॥***
***ਪੰਨਾ - 251***

ਉਸ ਨੂੰ ਬਿਲਕੁਲ ਭੁਲ ਗਿਆ, ਯਾਦ ਨਹੀਂ ਕਰਦਾ। ਸੰਤ ਯਾਦ ਕਰਾਉਂਦੇ ਨੇ, ਐਸ ਤਰ੍ਹਾਂ ਕਹਿ ਕਹਿ ਕੇ -

***ਧਾਰਨਾ - ਹੋ ਗਿਆ ਕਰਜ਼ਾਈ ਕਰਜ਼ਾ ਕਾਹਤੋਂ ਨਹੀਓਂ ਮੋੜਦਾ -2, 2.***
***ਕਾਸਤੋਂ ਨਹੀਂ ਮੋੜਦਾ ਕਰਜਾ,***
***ਕਾਸ ਤੋਂ ਨਹੀਂ ਮੋੜਦਾ -2, 2.***
***ਹੋ ਗਿਆ ਕਰਜ਼ਾਈ ............-2***

2400 ਸਵਾਸ ਦਾ ਜਦੋਂ ਤੋਂ ਪੈਦਾ ਹੋਇਆ ਹੈਂ, ਅੱਜ ਤੱਕ ਹਿਸਾਬ ਕੱਢ ਕੇ ਦੇਖ ਲਈਂ - ਦਿਨ ਬਣਾ ਕੇ, ਕਿ ਕਿੰਨਾ ਕਰਜ਼ਾ ਚੜ੍ਹ ਗਿਆ ਸੁਆਸਾਂ ਦਾ। ਮੋੜਦਾ ਹੈਂ? ਆਦਮੀ ਤਾਂ ਕਦੇ ਕਰਜ਼ਾ ਨਹੀਂ ਮੋੜੇਗਾ ਲੈ ਕੇ। ਲੈਣ ਵੇਲੇ ਤਾਂ ਬਹੁਤ ਖੁਸ਼ੀ-ਖੁਸ਼ੀਂ ਲਵੇਗਾ, ਜਦੋਂ ਦੇਣਾ ਹੈ ਫੇਰ ਪਿਟਣਾ ਪੈ ਜਾਂਦਾ ਹੈ, ਮੋੜਦਾ ਨਹੀਂ ਫੇਰ ਉਸੇ ਮੂੰਹ ਨਾਲ। ਮੂੰਹ ਵਿੰਗਾ ਹੋ ਜਾਂਦਾ ਹੈ। ਲੜਾਈਆਂ, ਝਗੜੇ, ਫਸਾਦ, ਮੁਕਦਮੇਬਾਜ਼ੀ, ਇਹ ਤਾਂ ਦੁਨੀਆਂ ਵਿਚ ਨਹੀਂ ਮੋੜਦਾ, ਤੇਰਾ ਕਿਹਨੇ ਮੋੜਨਾ ਹੈ? ਪ੍ਰਮੇਸ਼ਰ ਜੀ! ਤੇਰਾ ਕਿਸੇ ਨੇ ਨਹੀਂ ਮੋੜਨਾ। ਤੂੰ ਕਿਹੜਾ ਮੁਕਦਮਾ ਕਰਨਾ ਹੈ? ਤੇਰੇ ਨਾਲ ਵਾਇਦਾ ਕਰਿਆ ਸੀ, ਇਹ ਵਾਇਦਾ ਫਰਾਮੋਸ਼ ਹੈ, ਭੁਲਿਆ ਬੈਠਾ ਹੈ। ਦੇਖਣ ਵਾਲੀਆਂ ਚੀਜ਼ਾਂ ਪ੍ਰਮੇਸ਼ਰ ਨੇ ਦਿਤੀਆਂ - ਧੀਆਂ ਵੀ ਦਿਤੀਆਂ, ਬੱਚੇ ਵੀ ਦਿਤੇ, ਮਾਂ ਵੀ ਦਿਤੀ, ਪਿਓ ਵੀ ਦਿਤਾ, ਘਰ ਦਿਤਾ, ਸਿਹਤ ਦਿਤੀ, ਕਪੜੇ ਲੀੜੇ ਪਸ਼ੂ ਆਦਿ ਸਭ ਦਿਤੇ, ਜ਼ਮੀਨ ਜਾਇਦਾਦ। ਇਨ੍ਹਾਂ ਨੂੰ ਤਾਂ ਯਾਦ ਰੱਖਦਾ ਹੈ, ਸਾਰੀਆਂ ਚੀਜ਼ਾਂ ਯਾਦ ਰਖਦਾ ਹੈ। ਜੇ ਰੁਮਾਲ ਵੀ ਕਿਤੇ ਭੁਲ ਜਾਵੇ ਤਾਂ ਯਾਦ ਰਹਿੰਦਾ ਹੈ ਇਸ ਦੇ ਕਿ ਮੇਰਾ ਰੁਮਾਲ ਕਿਥੇ ਹੈ? ਐਨੀ ਗੱਲ ਵੀ ਯਾਦ ਰਖਦਾ ਹੈ - ਥੋੜ੍ਹੀ ਜਿੰਨੀ ਵੀ। ਜੇ ਯਾਦ ਨਹੀਂ ਰਖਦਾ ਤਾਂ ਵਾਹਿਗੁਰੂ ਨੂੰ ਯਾਦ ਨਹੀਂ ਰੱਖਦਾ -

***ਧਾਰਨਾ - ਤੈਨੂੰ ਵਿਸਰਿਆ ਕਰਤਾਰ ਮੇਰੀ ਜਿੰਦੜੀਏ -2, 2.***
***ਮੇਰੀ ਜਿੰਦੜੀਏ ਓ, ਮੇਰੀ ਜਿੰਦੜੀਏ -2, 2.***
***ਤੈਨੂੰ ਵਿਸਰਿਆ ਕਰਤਾਰ ਮੇਰੀ ਜਿੰਦੜੀਏ - 2.***

***ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰ॥***
***ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥***
***ਕੂੜੁ ਸੋਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥***

*ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥*
*ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥*
*ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥*
*ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥*
*ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥*
*ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥* *ਪੰਨਾ - 468*

ਭੁੱਲ ਗਿਆ ਕੂੜੀਆਂ (ਝੂਠੀਆਂ) ਚੀਜ਼ਾਂ 'ਚ ਪੈ ਕੇ। ਤੇਰੇ ਕੋਲ ਜ਼ਰੂਰ ਵਾਇਦਾ ਕਰਿਆ ਸੀ। ਸੰਤ ਯਾਦ ਵੀ ਕਰਾਉਂਦੇ ਨੇ, ਹਾਕਾਂ ਮਾਰ-ਮਾਰ ਦਸਦੇ ਨੇ ਪਰ ਇਹ ਜੀਵ ਨਹੀਂ ਮੰਨਦਾ।

ਸੋ ਇਸ ਤਰ੍ਹਾਂ ਦੇ ਨਾਲ ਭਾਈ ਲਹਿਣਾ ਜੀ ਨੇ ਸ੍ਰਵਣ ਕਰ ਲਿਆ। ਜੀਅ ਚਾਹੁੰਦਾ ਹੈ ਕਿ ਬੰਦ ਨਾ ਕਰ ਦੇਣ, ਕਿਤੇ ਬਾਣੀ ਮੁਕ ਨਾ ਜਾਏ ਕਿਉਂਕਿ ਪਹਿਲੀ ਵਾਰੀ ਗੁਰੂ ਨਾਨਕ ਮਹਾਰਾਜ ਦੀ ਬਾਣੀ ਅੱਜ ਭਾਈ ਲਹਿਣਾ ਜੀ ਨੇ ਸੁਣੀ ਸੀ। ਬਾਣੀ ਅੰਦਰ ਜਾਂਦੀ ਹੈ, ਇਕੱਲਾ-ਇਕੱਲਾ ਸਿਧਾਂਤ ਮਨ ਵਿਚ ਉਕਰਿਆ ਪਿਆ ਹੈ। ਜਗਿਆਸੂ ਸੀ, ਪੂਰੇ ਸੀ ਪਰ ਅਜੇ ਜਾਗ ਨਹੀਂ ਸੀ ਲੱਗੀ। ਉਸ ਵੇਲੇ ਜਦੋਂ ਆਸਾ ਦੀ ਵਾਰ ਪੂਰੀ ਪੜ੍ਹੀ ਗਈ, ਆਪ ਭਾਈ ਜੋਧ ਦੇ ਕੋਲ ਆਏ। ਆ ਕੇ ਕਹਿਣ ਲੱਗੇ, "ਭਾਈ ਜੋਧ! ਇਹ ਕਿਸ ਦਾ ਕਲਾਮ ਤੂੰ ਪੜ੍ਹ ਰਿਹਾ ਹੈਂ? ਕਿਹਦੇ ਬਿਸ਼ਨ ਪਦੇ ਨੇ ਇਹ ਜਿਹੜੇ ਤੂੰ ਪੜ੍ਹੇ ਨੇ?"

ਭਾਈ ਜੋਧ ਜੀ ਕਹਿਣ ਲੱਗੇ, "ਬਿਸ਼ਨਪਦੇ ਨਹੀਂ ਹਨ ਇਹ, ਇਹ ਗੁਰੂ ਨਾਨਕ ਸਾਹਿਬ ਦੀ ਬਾਣੀ ਹੈ।"

"ਇਹ ਤਾਂ ਰਾਹ ਖੋਲ੍ਹਦੀ ਤੁਰੀ ਜਾ ਰਹੀ ਹੈ ਬਾਣੀ। ਮੈਂ ਤਾਂ ਹੈਰਾਨ ਹਾਂ ਕਿ ਐਨੀ ਬਾਣੀ ਸਰਲ। ਇਹ ਮੇਰੇ ਤਾਂ ਇਉਂ ਲੱਗੀ ਹੈ ਜਿਵੇਂ ਬਾਣ ਲੱਗਦੇ ਹੁੰਦੇ ਨੇ। ਤੂੰ ਮੈਨੂੰ ਦੱਸ ਸਕਦਾ ਹੈਂ ਕਿ ਗੁਰੂ ਨਾਨਕ ਸਾਹਿਬ ਕਿਥੇ ਰਹਿੰਦੇ ਨੇ ਤੇ ਉਨ੍ਹਾਂ ਦੇ ਬਾਰੇ ਮੈਂ ਤੇਰੇ ਤੋਂ ਕੁਝ ਪੁਛਣਾ ਚਾਹੁੰਦਾ ਹਾਂ ਕਿਉਂਕਿ ਸਮਾਂ ਕਾਫੀ ਹੋਇਆ-ਹੋਇਆ ਹੈ, ਤੁਸੀਂ ਵੀ ਬਾਣੀ ਅੰਮ੍ਰਿਤ ਵੇਲੇ ਦੇ ਬੜੀ ਲੈਅ ਵਿਚ ਪੜ੍ਹਦੇ ਆ ਰਹੇ ਹੋ ਤੇ ਮੈਂ ਵੀ ਕੰਮ ਕਰਨਾ ਹੈ। ਜੇ ਤੁਸੀਂ ਮੈਨੂੰ ਕੁਝ ਸਮਾਂ ਦੇਵੋਂ ਤਾਂ ਮੈਂ ਤੁਹਾਡੇ ਨਾਲ ਇਸ ਮਸਲੇ ਤੇ ਗੱਲ ਕਰਨਾ ਚਾਹੁੰਦਾ ਹਾਂ। ਮੈਂ ਤੁਹਾਡੀ ਸਾਰੀ ਬਾਣੀ ਸੁਣ ਕੇ ਇਸ ਨਿਸ਼ਚੇ ਤੇ ਪਹੁੰਚਿਆ ਹਾਂ, ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਗੁਰੂ ਤੋਂ ਬਗੈਰ ਗਤ ਨਹੀਂ ਹੁੰਦੀ। ਸੁਣਦਾ ਮੈਂ ਪਹਿਲਾਂ ਤੋਂ ਹੀ ਆਇਆ ਹਾਂ - ਗੁਰੂ ਤੋਂ ਬਗੈਰ ਗਤ ਨਹੀਂ ਤੇ ਸ਼ਾਹ ਤੋਂ ਬਗੈਰ ਪਤ ਨਹੀਂ। ਇਹ ਦੋਨੋਂ ਜ਼ਰੂਰੀ ਹਨ ਪਰ ਭਾਈ ਜੋਧ ਜੀ! ਇਕ ਗੱਲ ਹੈ, ਇਸ ਨੂੰ ਤੁਸੀਂ ਬੁਰਾ ਨਾ ਮੰਨਿਓ। ਮੈਨੂੰ ਐਉਂ ਵੀ ਦਸਿਆ ਹੈ ਕਿ ਗੁਰੂ ਕੱਚੇ ਵੀ ਹੁੰਦੇ ਨੇ, ਪੱਕੇ ਵੀ ਹੁੰਦੇ ਨੇ, ਪੰਡਤ ਵੀ ਹੁੰਦੇ ਨੇ, ਅੰਨ੍ਹੇ ਵੀ ਹੁੰਦੇ ਨੇ, ਸਮਰੱਥ ਵੀ ਹੁੰਦੇ ਨੇ। ਮੈਂ ਟੋਲ੍ਹਦਾ ਫਿਰਦਾ ਹਾਂ, ਮੈਨੂੰ ਲੱਭਿਆ ਨਹੀਂ ਅੱਜ ਤੱਕ, ਤੇ ਤੁਹਾਡੀ ਇਹ ਬਾਣੀ ਜੋ ਤੁਸੀਂ ਸੁਣਾਈ ਹੈ ਇਹ ਸੁਣ ਕੇ ਮੈਨੂੰ ਇਹ ਪਤਾ ਲੱਗਿਆ ਹੈ ਕਿ ਇਹ ਕਿਸੇ ਪੂਰੇ ਦੀ ਬਾਣੀ ਹੈ ਤੇ ਇਸ ਦੇ ਬਾਰੇ ਮੈਂ ਤੇਰੇ ਨਾਲ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ ਕਿਉਂਕਿ ਜਿਹੜੇ ਮੇਰੇ ਮਨ ਵਿਚ ਸ਼ੰਕੇ ਨੇ, ਇਹ ਜੇ ਮੇਰੇ ਅੰਦਰ ਹੀ ਪਏ ਰਹਿ ਗਏ ਤਾਂ ਇਹ ਇਸ ਤਰ੍ਹਾਂ ਹੋਣਗੇ ਜਿਵੇਂ ਪਾਣੀ ਹੋਵੇ ਖੂਹ ਦਾ ਤੇ ਉਸ ਦੇ ਵਿਚ ਬਿੱਲੀ ਮਰੀ ਹੋਈ ਹੋਵੇ, ਪਾਣੀ ਜਿੰਨਾ ਜੀਅ ਕਰਦਾ ਹੈ ਕੱਢੀ ਜਾਓ, ਮੁਸ਼ਕ ਨਹੀਂ ਨਿਕਲਦਾ। ਸ਼ੰਕਾ ਮਨ ਦੇ ਵਿਚ ਪਿਆ ਹੋਵੇ, ਦਿਲ ਦੇ ਵਿਚ ਪਿਆ ਹੋਵੇ ਤੇ ਉਹ ਸ਼ੰਕਾ ਨਿਕਲਿਆ ਨਹੀਂ ਕਰਦਾ ਤੇ ਕਿਰਪਾ ਕਰੋ ਤੁਸੀਂ ਮੈਨੂੰ ਕੋਈ ਸਮਾਂ ਬਖਸ਼ੋ ਤੇ ਮੈਂ ਇਹ ਸ਼ੰਕੇ ਨਿਵਿਰਤ ਕਰਨੇ ਚਾਹੁੰਦਾ ਹਾਂ। ਗੁਰੂ ਨਾਨਕ ਪਾਤਸ਼ਾਹ ਬਾਰੇ ਜਾਣਨਾ ਚਾਹੁੰਦਾ ਹਾਂ ਕਿ ਗੁਰੂ ਨਾਨਕ ਮਹਾਰਾਜ ਕਿਹਦੇ ਚੇਲੇ ਹਨ? ਕਿਵੇਂ ਉਨ੍ਹਾਂ ਨੇ ਪੂਰਨਤਾ ਪ੍ਰਾਪਤ ਕਰੀ? ਕਿਥੋਂ ਦੇ ਰਹਿਣ ਵਾਲੇ ਨੇ ਕਿਉਂਕਿ ਮੈਂ ਆਲਾ-ਦੁਆਲਾ ਸਾਰਾ ਜਾਣਦਾ ਹਾਂ, ਅਸੀਂ ਵਪਾਰ ਕਰਦੇ ਹਾਂ, ਫਿਰ ਕੇ ਵਪਾਰ ਕਰਦੇ ਹਾਂ, ਦੂਰ ਤੱਕ ਸਾਡਾ ਲੈਣਾ ਦੇਣਾ ਫੈਲਿਆ ਹੋਇਆ ਹੈ। ਸ਼ਾਹੀ ਦਾ ਵੀ ਅਸੀਂ ਕੰਮ ਕਰਦੇ ਹਾਂ, ਥੋਕ ਦਾ ਕੰਮ ਕਰਦੇ ਹਾਂ, ਲੋਕੀ ਸਮਾਨ ਵਸਤੂਆਂ ਲੈ ਜਾਂਦੇ ਨੇ, ਕਈ ਵਾਰ ਪੈਸੇ ਨਹੀਂ ਦਿੰਦੇ, ਵੀਹ-ਵੀਹ ਤੀਹ-ਤੀਹ ਕੋਹ ਤੋਂ ਲਿਆਉਣੇ ਪੈਂਦੇ ਨੇ। ਮੈਂ ਅੱਜ ਤੱਕ ਗੁਰੂ ਨਾਨਕ ਪਾਤਸ਼ਾਹ ਦਾ ਨਾਂ

ਨਹੀਂ ਸੁਣਿਆ।"

ਉਸ ਵੇਲੇ ਭਾਈ ਜੋਧ ਜੀ ਕਹਿਣ ਲਗੇ, "ਲਹਿਣਾ ਜੀ! ਜੇ ਤੁਹਾਨੂੰ ਹੁਣ ਸਮਾਂ ਹੈ ਤਾਂ ਤੁਸੀਂ ਹੁਣੇ ਬੈਠ ਜਾਓ। ਗੁਰੂ ਨਾਨਕ ਮਹਾਰਾਜ ਦੀਆਂ ਗੱਲਾਂ ਕਰਦੇ ਚਾਹੇ ਸਾਰਾ ਦਿਨ ਲੰਘਾ ਦਿਓ –

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥ ਪੰਨਾ – 558***

ਸਾਡੇ ਪਿਆਰੇ ਦੀ ਗੱਲ ਹੋ ਜਾਵੇ, ਚਾਹੇ ਸਾਰੇ ਹੀ ਕੰਮ ਵਿਗੜ ਜਾਣ, ਅਸੀਂ ਤਾਂ ਆਪਣੇ ਪਿਆਰੇ ਦੀ ਕਥਾ ਕਰਨੀ ਹੈ। ਆਪਣੇ ਪਿਆਰੇ ਦੀ ਬਾਤ ਵੀ ਜੋ ਕਰਨੀ ਹੈ ਇਹ ਭਜਨ ਹੋਇਆ ਕਰਦਾ ਹੈ। ਅਸੀਂ ਆਪਣੇ ਗੁਰੂ ਦਾ ਜੇ ਜ਼ਿਕਰ ਕਰਦੇ ਹਾਂ, ਇਹ ਸਾਡਾ ਭਜਨ ਹੈ ਤੇ ਜੇ ਤੁਹਾਨੂੰ ਸਮਾਂ ਨਹੀਂ ਹੈ ਤਾਂ ਤੁਸੀਂ ਦੇਖ ਲਓ।"

ਕਹਿਣ ਲੱਗੇ, "ਸੰਗ ਇਕੱਠਾ ਹੋਇਆ ਹੋਇਆ ਹੈ, ਮੈਂ ਇਥੇ ਆ ਗਿਆ, ਉਥੇ ਗਰਮੀ ਸੀ ਤੇ ਮੈਂ ਉਸ ਦੇ ਵਿਚ ਨੱਚਦਾ ਸੀ, ਭੇਟਾ ਗਾਉਂਦਾ ਸੀ ਤੇ ਮੈਂ ਇਸ਼ਨਾਨ ਕਰਨ ਆਇਆ ਸੀ। ਕੁਦਰਤੀ ਭਾਗ ਜਾਗੇ, ਮੈਂ ਤੈਥੋਂ ਕੁਝ ਇਹ ਬਾਣੀ ਸਮਝਣ ਦਾ ਯਤਨ ਕਰਿਆ ਤੇ 2-3 ਘੰਟੇ ਲੱਗ ਗਏ ਨੇ। ਸੰਗ ਵਾਲਿਆਂ ਨੇ ਵੀ ਜਾਣਾ ਹੈ, ਮੈਂ ਵਿਦਾ ਕਰਨੇ ਨੇ। ਅੱਜ ਤਾਂ ਮੈਨੂੰ ਛੁੱਟੀ ਦਿਓ ਤੇ ਮੈਂ ਤੁਹਾਡੇ ਕੋਲ ਕੱਲ ਨੂੰ ਕਿਸੇ ਸਮੇਂ ਆਵਾਂਗਾ ਤੇ ਤੁਸੀਂ ਪੂਰੀ ਤਰ੍ਹਾਂ ਨਾਲ ਸਮਝਾਓ ਕਿਉਂਕਿ ਮੈਂ ਦੇਖਿਆ ਨਹੀਂ ਗੁਰੂ ਨਾਨਕ ਸਾਹਿਬ ਨੂੰ। ਇਹ ਨਾਉਂ ਸੁਣ ਕੇ ਤੁਹਾਡੇ ਤੋਂ, ਤੇ ਬਾਣੀ ਸੁਣ ਕੇ ਮੇਰੇ ਅੰਦਰ ਕੋਈ ਅਗੰਮੀ ਧੂਹ ਪੈਣੀ ਸ਼ੁਰੂ ਹੋ ਗਈ ਹੈ ਜਿਵੇਂ ਕੋਈ ਮੇਰਾ ਉਨ੍ਹਾਂ ਨਾਲ ਸਬੰਧ ਹੁੰਦਾ ਹੈ ਤੇ ਮੈਨੂੰ ਚੰਗੀ ਤਰ੍ਹਾਂ ਦੱਸੋ ਉਨ੍ਹਾਂ ਦੇ ਬਾਰੇ।"

ਸੋ ਦੂਸਰੇ ਦਿਨ ਦਾ ਸਮਾਂ ਮਿਥਿਆ ਗਿਆ। ਸੋ ਹੁਣ ਕਿਉਂਕਿ ਸਮਾਂ ਆਪਾਂ ਨੂੰ ਵੀ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਆਪਾਂ ਸਮਾਪਤ ਕਰਦੇ ਹਾਂ ਤੇ ਇਸ ਤੋਂ ਬਾਅਦ ਅਗਲੇ ਦੀਵਾਨ ਵਿਚ ਇਸ ਤੋਂ ਅੱਗੇ ਵਾਰਤਾ ਚਲੇਗੀ –

***ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥ ਪੰਨਾ – 951***

ਬਜੁਰਗਾਂ ਦੀਆਂ, ਮਹਾਂਪੁਰਸ਼ਾਂ ਦੀਆਂ ਕਹਾਣੀਆਂ ਸਾਡੇ ਵਰਗੇ ਕਪੁਤਾਂ ਨੂੰ ਵੀ ਪੁਤ ਬਣਾ ਦੇਣਗੀਆਂ। ਸੋ ਧਿਆਨ ਦੇ ਨਾਲ ਸ੍ਵਣ ਕਰਨਾ ਆਪ ਨੇ ਕਿ ਸਿੱਖੀ ਕੀ ਹੈ ਤੇ ਕਿਵੇਂ ਕਮਾਈ ਜਾਂਦੀ ਹੈ, ਕਿਹੋ-ਜਿਹੀ ਸਿੱਖੀ ਹੁੰਦੀ ਹੈ ਤੇ ਕਿੰਨੀ ਮਿੱਠੀ ਹੁੰਦੀ ਹੈ। ਪਹਿਲਾਂ ਕਿੰਨੀ ਫਿੱਕੀ ਹੁੰਦੀ ਹੈ, ਬਾਅਦ 'ਚ ਕਿੰਨੀ ਮਿੱਠੀ ਹੁੰਦੀ ਹੈ। ਇਸ ਸਾਰੀ ਚੀਜ਼ ਦਾ ਜੋ ਵਰਣਨ ਹੈ ਉਹ ਅਗਲੇ ਦੀਵਾਨ ਵਿਚ ਕੀਤਾ ਜਾਏਗਾ। ਹੁਣ ਸਾਰੇ ਪ੍ਰੇਮੀ ਗੁਰਸਤੋਤਰ ਵਿਚ ਬੋਲੋ। ਪਹਿਲਾਂ ਅਨੰਦ ਸਾਹਿਬ ਪੜ੍ਹੋ ਉਸ ਤੋਂ ਬਾਅਦ ਜਿਨ੍ਹਾਂ ਨੇ ਅਜੇ ਤੱਕ ਜ਼ਬਾਨ ਨਹੀਂ ਖੋਲ੍ਹੀ, ਉਨ੍ਹਾਂ ਅੱਗੇ ਵੀ ਬੇਨਤੀ ਹੈ ਕਿ ਭਾਈ! ਆਪਣੀ ਰਸਨਾ ਪਵਿਤਰ ਕਰ ਲਓ, ਸਮਾਂ ਬੜੀ ਮੁਸ਼ਕਲ ਨਾਲ ਆਉਂਦਾ ਹੈ।

-ਅਨੰਦ ਸਾਹਿਬ-
-ਗੁਰਸਤੋਤਰ-
-ਅਰਦਾਸ-

# 3

ਸ਼ਾਨ ..........................................।

ਸਤਿਨਾਮ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਪੰਨਾ - 256

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਪੰਨਾ - 289

ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥

ਧਾਰਨਾ - ਤੁਝ ਬਿਨ ਕਵਨ ਹਮਾਰਾ,
ਮੇਰੇ ਪ੍ਰੀਤਮ ਪ੍ਰਾਨ ਅਧਾਰਾ -2, 2.
ਮੇਰੇ ਪ੍ਰੀਤਮ ਪ੍ਰਾਨ ਅਧਾਰਾ - 4, 2.
ਤੁਝ ਬਿਨ ਕਵਨ ਹਮਾਰਾ,.........2

ਤੁਝ ਬਿਨੁ ਕਵਨੁ ਹਮਾਰਾ॥
ਮੇਰੇ ਪ੍ਰੀਤਮ ਪ੍ਰਾਨ ਅਧਾਰਾ॥
ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ॥
ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ॥
ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ॥
ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ॥
ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ॥
ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ॥
ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ॥
ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ
ਜਨ ਨਾਨਕ ਪ੍ਰਿਅ ਸੰਗਿ ਮਿਰੀਆ॥ ਪੰਨਾ - 206

ਧਾਰਨਾ - ਕੋਈ ਕਿਸੇ ਦਾ, ਕਿਸੇ ਦਾ ਕੋਈ,
ਮੇਰਾ ਤੂੰ ਹੈ ਇਕੋ ਮਾਲਕਾ -2, 2.
ਮੇਰਾ ਤੂੰ ਹੈਂ ਜੀ, ਇਕੋ ਮਾਲਕਾ -2, 2.
ਕੋਈ ਕਿਸੇ ਦਾ, ਕਿਸੇ ਦਾ ਕੋਈ, .....- 2.

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥ ਪੰਨਾ - 792

ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,
ਤਿਨ ਕੀ ਕਥਾ ਨਿਰਾਰੀ ਰੇ -2, 2.
ਤਿਨ ਕੀ ਕਥਾ ਨਿਰਾਰੀ ਰੇ -4, 2.

*ਹਰਿ ਕੇ ਸੇਵਕ ਜੋ ਹਰਿ ਭਾਏ,..-2,*
*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥*

*ਪੰਨਾ - 855*

ਪਰਵਾਨ ਹੋਈਆਂ ਰੂਹਾਂ ਦਾ ਜੋ ਜੀਵਨ ਹੈ ਉਹ ਸੰਸਾਰ ਦੇ ਬੰਦਿਆਂ ਨਾਲੋਂ ਬਿਲਕੁਲ ਨਿਆਰਾ ਹੁੰਦਾ ਹੈ, ਹਰ ਗੱਲ ਉਨ੍ਹਾਂ ਦੀ ਨਿਆਰੀ ਹੋਇਆ ਕਰਦੀ ਹੈ ਜੋ ਜੀਵਨ ਨੂੰ ਸੇਧ ਦਿੰਦੀ ਹੈ, ਬੜੀ ਦੇਰ ਤੱਕ ਕਾਇਮ ਰਹਿੰਦੀ ਹੈ, ਹਨ੍ਹੇਰੇ ਸੰਸਾਰ ਅੰਦਰ ਪ੍ਰਕਾਸ਼ (light house) ਬਣ ਕੇ ਅਗਵਾਈ ਕਰਦੀ ਹੈ। ਹਜ਼ਾਰਾਂ ਹੀ ਜੀਵਨਾਂ ਨੂੰ ਪਤਿਤ ਹੋਣ ਤੋਂ ਬਚਾਉਂਦੀ ਹੈ। ਸੋ ਐਸੀ ਇਕ ਨਿਆਰੀ ਕਥਾ ਦਾ ਆਪਾਂ ਪਿਛਲੇ ਕੁਝ ਸਮੇਂ ਤੋਂ ਜ਼ਿਕਰ ਕਰਦੇ ਆ ਰਹੇ ਹਾਂ। ਉਹ ਇਹ ਸੀ ਕਿ ਗੁਰੂ ਅੰਗਦ ਸਾਹਿਬ ਮਹਾਰਾਜ ਕਿਸ ਤਰੀਕੇ ਦੇ ਨਾਲ ਐਡੀ ਪਦਵੀ ਨੂੰ ਪਹੁੰਚੇ ਜਦੋਂ ਕਿ ਉਹ ਇਕ ਸਧਾਰਨ ਜੀਵਨ ਜੀਉਂ ਰਹੇ ਸਨ। ਅਸਾਡਾ ਤੇ ਉਨ੍ਹਾਂ ਦਾ ਜੇ ਅਸੀਂ ਫਰਕ ਦੇਖੀਏ ਤਾਂ ਬਹੁਤ ਹੈ। ਅਸੀਂ ਜਿਹੜੇ ਸਤਿਸੰਗ 'ਚ ਬੈਠੇ ਹਾਂ, ਸਾਨੂੰ ਜਮਾਂਦਰੂ ਪਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਣਾ ਹੈ, ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਗੁਰੂ ਮੰਨਣਾ ਹੈ। ਗੁਰੂ ਦਸ਼ਮੇਸ਼ ਪਿਤਾ ਦੇ ਬਾਰੇ ਅਸੀਂ ਸੁਣਦੇ ਆਏ ਹਾਂ, ਬਾਣੀ ਸੁਣਦੇ ਆਏ ਹਾਂ ਤੇ ਸਾਡੇ ਵਿਰਸੇ ਵਿਚ ਆਇਆ ਹੈ ਕਿ ਮੇਰਾ ਪਿਤਾ ਵੀ ਸਿੱਖੀ ਵਿਚ ਸੀ, ਦਾਦਾ ਵੀ ਸਿੱਖੀ ਵਿਚ ਸੀ, ਪੜਦਾਦਾ ਵੀ ਸਿੱਖੀ ਵਿਚ ਸੀ ਪਰ ਉਨ੍ਹਾਂ ਦੇ ਵਿਰਸੇ ਵਿਚ ਤਾਂ ਇਹ ਗੱਲ ਆਈ ਹੀ ਨਹੀਂ ਸੀ। ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਨੂੰ ਕੇਵਲ ਨੇਤਰਾਂ ਵਾਲੇ ਹੀ ਜਾਣਦੇ ਸਨ, ਅੰਨ੍ਹਾ ਸੰਸਾਰ ਨਹੀਂ ਸੀ ਜਾਣਦਾ, ਕੋਲ ਰਹਿਣ ਵਾਲੇ ਨਹੀਂ ਸਨ ਜਾਣਦੇ। ਸਗੋਂ ਬਹੁਤ ਸਾਰੀਆਂ ਊਜਾਂ ਲਾਉਂਦੇ ਸਨ - ਕੋਈ ਕਹਿੰਦਾ ਸੀ ਇਹ ਕੁਰਾਹੀਆ ਹੈ; ਇਸ ਨੇ ਆਪਣਾ ਅੱਡ ਰਸਤਾ ਤੋਰ ਦਿਤਾ, ਵੇਦਾਂ ਤੋਂ, ਸਾਸ਼ਤਰਾਂ ਤੋਂ ਵਿਰੁੱਧ ਗੱਲ ਕਰ ਰਿਹਾ ਹੈ, ਸ਼ਰ੍ਹਾ ਤੋਂ ਉਲਟ ਗੱਲ ਕਰ ਰਿਹਾ ਹੈ ਤੇ ਕਈ ਉਨ੍ਹਾਂ ਨੂੰ ਕਹਿੰਦੇ ਸੀ ਕਿ ਇਹ ਸੰਸਾਰ ਦੇ ਅੰਦਰ ਭੂਤਨਾ ਪੈਦਾ ਹੋ ਗਿਆ, ਕੋਈ ਕਹਿੰਦਾ ਸੀ ਬੇਤਾਲਾ ਹੈ, ਬੇਤਾਲਾ ਵੱਡੇ ਭੂਤ ਨੂੰ ਕਹਿੰਦੇ ਨੇ। ਕਾਰਨ ਕੀ ਸੀ? ਜਦੋਂ ਆਦਮੀ ਕਿਸੇ ਦਲੀਲ ਦੇ ਵਿਚੋਂ ਹਾਰ ਜਾਵੇ, ਉਹ ਝੁੰਜਲਾਹਟ ਵਿਚ ਆ ਜਾਇਆ ਕਰਦਾ ਹੈ ਤੇ ਫੇਰ ਉਹ ਦੋ ਕੰਮ ਕਰਦਾ ਹੈ; ਜਾਂ ਤਾਂ ਲੜਾਈ ਕਰਿਆ ਕਰਦਾ ਹੈ ਤੇ ਜਾਂ ਫੇਰ ਨਿੰਦਿਆ ਕਰਿਆ ਕਰਦਾ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਨੇ ਇਥੇ ਆ ਕੇ ਜੋ ਰਸਤਾ ਦੱਸਿਆ ਉਹ ਬਿਲਕੁਲ ਸਰਲ ਸੀ। ਜੇ ਆਪ ਗੰਗਾ ਦੇ ਇਸ਼ਨਾਨ ਵਾਸਤੇ ਹਰਿਦੁਆਰ ਗਏ ਨੇ ਤਾਂ ਉਥੇ ਆਮ ਲੋਕਾਂ ਦੇ ਅੰਦਰ ਇਕ ਭਾਵਨਾ ਕੰਮ ਕਰ ਰਹੀ ਸੀ ਕਿ ਅਸੀਂ ਸੂਰਜ ਨੂੰ ਪਾਣੀ ਦੇਈਏ। ਗੁਰੂ ਨਾਨਕ ਪਾਤਸ਼ਾਹ ਸਮਝਦੇ ਸੀ ਕਿ ਸੂਰਜ ਜੋ ਹੈ ਉਹ ਹਾਈਡ੍ਰੋਜਨ ਦੇ ਵਿਸਫੋਟ ਨਾਲ, ਇਕ ਅੱਗ ਦਾ ਗੋਲਾ ਹੈ ਜਿਸ ਦੀਆਂ ਲਾਟਾਂ ਪੰਜਾਹ ਲੱਖ ਮੀਲ ਤੱਕ ਜਾਂਦੀਆਂ ਹਨ। ਚੰਦ ਅਸਾਥੋਂ ਦੋ ਲੱਖ ਮੀਲ ਦੇ ਕਰੀਬ ਦੂਰ ਹੈ ਤੇ ਪੰਜਾਹ ਲੱਖ ਮੀਲ ਦੂਰ ਤਕ ਉਸ ਦੀਆਂ ਲਾਟਾਂ ਜਾਂਦੀਆਂ ਹਨ। ਜੇ ਕੋਈ ਚੀਜ਼ ਉਸ ਦੇ ਨੇੜੇ ਚਲੀ ਜਾਵੇ ਤਾਂ ਸੂਰਜ ਵਿਚ ਐਨੀ ਚੁੰਬਕ ਸ਼ਕਤੀ ਹੈ ਕਿ ਉਸੇ ਵੇਲੇ ਉਸ ਚੀਜ਼ ਨੂੰ ਖਤਮ ਕਰ ਦੇਵੇਗਾ, ਜਲਾ ਦੇਵੇਗਾ, ਕੁਝ ਵੀ ਨਹੀਂ ਰਹੇਗਾ, energy (ਸ਼ਕਤੀ) ਵਿਚ ਬਦਲ ਦੇਵੇਗਾ ਤੇ ਪਾਣੀ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਕੋਈ ਐਸੀ ਹੋਰ ਚੀਜ਼ ਨਹੀਂ ਸੀ। ਜੇ ਅਸੀਂ ਇਹ ਗੱਲ ਵੀ ਕਹੀਏ ਕਿ ਉਤੇ ਨੂੰ ਜਦੋਂ ਐਨੇ ਬੰਦੇ ਪਾਣੀ ਮਾਰਨ ਤਾਂ ਹਵਾ ਠੰਡੀ ਹੋ ਜਾਂਦੀ ਹੈ। ਹਵਾ ਤਾਂ, ਕੱਲ੍ਹ ਦਾ ਮੀਂਹ ਪੈਂਦਾ ਸੀ, ਹੁਣ ਫੇਰ ਗਰਮ ਹੋਣ ਲੱਗ ਪਈ ਹੈ। ਸੋ ਕੁਦਰਤ ਨੇ ਆਪਣਾ ਇੰਤਜ਼ਾਮ ਆਪ ਕਰਿਆ ਹੋਇਆ ਹੈ। ਸੋ ਮਹਾਰਾਜ ਜੀ ਨੇ ਇਸ ਨੂੰ ਇਕ ਵਹਿਮਪ੍ਰਸਤੀ ਜਾਣਿਆ ਕਿ ਵਹਿਮ ਦੇ ਵਿਚ ਦੁਨੀਆਂ ਪੈ ਗਈ, ਗੱਲ ਸਮਝਦੇ ਨਹੀਂ।

ਚੰਦ ਤੇ ਸੂਰਜ ਦੋਵੇਂ ਗ੍ਰਹਿ ਹਨ। ਸੂਰਜ ਦੇ ਦੁਆਲੇ ਅਸੀਂ (ਧਰਤੀ ਸਮੇਤ) ਘੁੰਮਦੇ ਹਾਂ ਤੇ ਚੰਦ ਸਾਡੀ ਧਰਤੀ ਦੁਆਲੇ ਘੁੰਮਦਾ ਹੈ ਤੇ ਇਨ੍ਹਾਂ ਦੇ ਅਭਿਮਾਨੀ ਦੇਵਤਾ ਹਨ ਪਰ ਉਨ੍ਹਾਂ ਨੂੰ ਪਾਣੀ ਦੀ ਤਾਂ ਲੋੜ ਨਹੀਂ, ਪਾਣੀ ਤਾਂ ਬੇਅੰਤ ਹੈ, ਪਾਣੀ ਉਹ ਪੀਂਦੇ ਵੀ ਨਹੀਂ ਕਿਉਂਕਿ anti-matter (ਬਿਨਾ-ਮਾਦੇ ਤੋਂ) ਸੰਸਾਰ ਹੈ, ਉਹ super matter (ਮਾਦੇ ਤੋਂ ਪਰ੍ਹੇ) ਦੇ ਬਣੇ ਹੋਏ ਨੇ। ਉਨ੍ਹਾਂ ਨੂੰ ਭੁੱਖ ਪਿਆਸ ਨਹੀਂ

ਲਗਦੀ।

ਸੋ ਗੁਰੂ ਨਾਨਕ ਪਾਤਸ਼ਾਹ ਇਨ੍ਹਾਂ ਸਾਰੀਆਂ ਗੱਲਾਂ 'ਚੋਂ ਕੱਢਣ ਵਾਸਤੇ ਉਥੇ ਇਸ਼ਨਾਨ ਕਰਨ ਲੱਗੇ ਜਿਥੇ ਵੱਡੇ-ਵੱਡੇ ਸਾਧੂ-ਮਹਾਤਮਾ ਕਰ ਰਹੇ ਸੀ, ਉਸ ਪੌੜੀ ਤੇ ਗਏ ਕਿਉਂਕਿ ਆਪ ਦਾ ਭੇਖ ਵੀ ਉਸੇ ਤਰ੍ਹਾਂ ਦਾ ਸੀ, ਨਹੀਂ ਤਾਂ ਵੜਨ ਨਹੀਂ ਸੀ ਦੇਣਾ। ਮਹਾਰਾਜ ਜੀ ਨੇ ਇਸ ਕਰਕੇ ਹੀ ਭੇਖ ਧਾਰਿਆ ਸੀ ਕਿ ਸੰਤ ਮਹਾਤਮਾ ਗ੍ਰਿਹਸਤੀਆਂ ਨਾਲ ਗੱਲ ਨਹੀਂ ਕਰਦੇ ਸਨ ਕਿ ਇਸ ਦੇ ਗ੍ਰਿਹਸਤੀ ਬਸਤ੍ਰ ਪਹਿਨੇ ਹੋਏ ਨੇ। ਸੋ ਉਸ ਤਰ੍ਹਾਂ ਦਾ ਹੀ ਬਣ ਕੇ ਜਾਂਦੇ ਸੀ, ਤਾਂ ਉਹ ਗੱਲ ਕਰਦੇ ਸੀ। ਜਦੋਂ ਆਪ ਪਾਣੀ ਵਿਚ ਵੜੇ, ਆਪ ਨੇ ਪਾਣੀ ਪੱਛਮ ਨੂੰ ਸੁੱਟਣਾ ਸ਼ੁਰੂ ਕਰ ਦਿਤਾ, ਸੂਰਜ ਵੱਲ ਪਿੱਠ ਕਰ ਲਈ। ਬਹੁਤ ਕਾਹਲੀ ਦੇ ਨਾਲ ਪਾਣੀ ਉਪਰ ਨੂੰ ਮਾਰ ਰਹੇ ਨੇ - ਪੌੜੀਆਂ ਵੱਲ ਨੂੰ। ਇਕ ਨੇ ਦੇਖਿਆ, ਦੂਜੇ ਨੇ ਦੇਖਿਆ ਤਾਂ ਗੱਲ ਕਰੀ ਕਿ ਇਸ ਨੂੰ ਕੀ ਹੋਇਆ ਹੋਇਆ ਹੈ, ਇਹ ਏਧਰ ਨੂੰ ਪਾਣੀ ਸੁਟਦਾ ਹੈ। ਵੱਡੇ-ਵੱਡੇ ਉਥੇ ਦੇ ਜਿਹੜੇ ਸੰਤ ਸੀ - ਪੁਜਾਰੀ, ਉਨ੍ਹਾਂ ਦੇ ਧਿਆਨ ਵਿਚ ਆ ਗਿਆ ਕਿ ਆਹ ਬੰਦਾ ਆਪ ਮੁਹਾਰੇ ਪਾਣੀ ਸੁੱਟੀ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਬਾਬਾ! ਤੂੰ ਏਧਰ ਨਾ ਪਾਣੀ ਸੁੱਟ, ਏਧਰ ਦੇਹ। ਮਹਾਰਾਜ ਜੀ ਨੇ ਕਿਸੇ ਦੀ ਨਹੀਂ ਸੁਣੀ, ਪਾਣੀ ਸੁੱਟੀ ਜਾਂਦੇ ਨੇ, ਬਹੁਤ ਤੇਜ਼ੀ ਨਾਲ ਸੁੱਟੀ ਜਾਂਦੇ ਨੇ। ਅਖੀਰ ਕਈਆਂ ਨੇ ਇਕੱਠੇ ਹੋ ਕੇ ਕਿਹਾ ਕਿ ਇਹ ਤੂੰ ਕੀ ਕਰਨ ਲੱਗਿਆ ਹੋਇਆ ਹੈਂ, ਸਾਹੋ-ਸਾਹ ਹੋਇਆ ਪਿਆ ਹੈਂ ਤੇ ਪਾਣੀ ਏਧਰ ਨੂੰ ਸੁੱਟ ਰਿਹਾ ਹੈਂ, ਤੇ ਜਦੋਂ ਲੋਕ ਦੋ ਉਂਜਲ ਸੁਟਦੇ ਨੇ, ਤੂੰ ਦਸ ਸੁੱਟ ਦਿੰਦਾ ਹੈਂ। ਆਪ ਨੇ ਕਿਹਾ, "ਤੁਸੀਂ ਮੈਨੂੰ ਸਮਝਾਓ ਪਹਿਲਾਂ ਕਿ ਏਧਰ ਨੂੰ ਕਿਉਂ ਸੁੱਟਦੇ ਨੇ? ਮੈਂ ਤਾਂ ਸਮਝਿਆ ਹੀ ਨਹੀਂ ਅਜੇ ਤੱਕ, ਮੈਨੂੰ ਤੁਸੀਂ ਦੱਸੋ ਕਿ ਏਧਰ ਨੂੰ ਕਿਉਂ ਸੁਟਦੇ ਹੋ?"

ਉਸ ਵੇਲੇ ਸਾਰਿਆਂ ਦਾ ਧਿਆਨ ਏਧਰ ਹੋ ਗਿਆ ਕਿ ਇਸ ਨੂੰ ਅਜੇ ਤੱਕ ਨਹੀਂ ਪਤਾ ਕਿ ਪਾਣੀ ਕਿਉਂ ਦੇਈਦੈ। ਹੁਣ ਤਾਂ ਬੜੀਆਂ ਗੱਲਾਂ ਕੱਢ ਲਈਆਂ ਕਿ ਪਾਣੀ ਉਤੇ ਨੂੰ ਮਾਰ ਕੇ ਉਸ ਦੇ ਵਿਚੀਂ ਦੇਖੋ ਤਾਂ ਨਿਗਾਹ ਤੇਜ ਹੁੰਦੀ ਹੈ। ਹੋਣਾ ਹੈ ਕੋਈ ਮੈਡੀਕਲ ਨਾਲ ਸਬੰਧਿਤ, ਇਸ ਨੂੰ ਅਸੀਂ ਗਲਤ ਨਹੀਂ ਕਹਿੰਦੇ ਪਰ ਜੇ ਇਹ ਤਰੀਕਾ (process) ਠੀਕ ਹੈ ਤਾਂ ਪਾਣੀ ਦਾ ਇੰਤਜ਼ਾਮ ਕੀਤਾ ਜਾ ਸਕਦਾ ਹੈ ਕਿ ਲਗਾਤਾਰ ਪਾਣੀ ਡੁੱਲ੍ਹੇ, ਉਸ ਦੇ ਹੇਠਾਂ, ਜਿਸਦੀ ਨਿਗ੍ਹਾ ਕਮਜ਼ੋਰ ਹੈ, ਪਾਣੀ ਦੇ ਵਿਚੀਂ ਸੂਰਜ ਨੂੰ ਘੰਟਿਆਂ ਬੱਧੀ ਦੇਖਦੇ ਰਹਿਣ। ਉਂਜਲ ਦਾ ਪਾਣੀ ਕਿੰਨਾ-ਕੁ ਚਿਰ ਸਾਡੇ ਸਾਹਮਣੇ ਰਹੇਗਾ?

ਸੋ ਇਹ ਦਲੀਲਾਂ ਨੇ ਛੋਟੀਆਂ-ਛੋਟੀਆਂ, ਫੋਕਟ ਕਰਮਾਂ ਦੀਆਂ ਦਲੀਲਾਂ ਨੇ, ਕੋਈ ਵੱਡੀ ਬਾਤ ਨਹੀਂ ਹੈ ਪਰ ਆਦਮੀ ਦਾ ਵਿਸ਼ਵਾਸ ਹੁੰਦਾ ਹੈ। ਉਸ ਨੂੰ ਵੀ ਵੰਗਾਰਨਾ ਓਨਾ ਚਿਰ ਠੀਕ ਨਹੀਂ ਹੁੰਦਾ ਜਦੋਂ ਤੱਕ ਕਿ ਉਸ ਨੂੰ ਬਦਲਾਓ ਵਿਚ ਕੋਈ ਨਵੀਂ ਚੀਜ਼ ਨਾ ਦਿਤੀ ਜਾਵੇ।

ਸੋ ਕਹਿਣ ਲੱਗੇ ਕਿ ਅਸੀਂ ਸੂਰਜ ਨੂੰ ਪਾਣੀ ਦਿੰਦੇ ਹਾਂ। ਮਹਾਰਾਜ ਜੀ ਕਹਿੰਦੇ, ਸੂਰਜ ਕਿੰਨੀ ਦੂਰ ਹੈ? ਉਨ੍ਹਾਂ ਨੇ ਉਸ ਵੇਲੇ ਦੇ ਹਿਸਾਬ ਨਾਲ ਦੱਸਿਆ ਕਿ ਕਰੋੜਾਂ ਮੀਲ ਦੂਰ ਹੈ। ਮਹਾਰਾਜ ਜੀ ਨੇ ਫੇਰ ਗੱਲ ਨਹੀਂ ਕੀਤੀ, ਤੇਜ਼-ਤੇਜ਼ ਪਾਣੀ ਸੁੱਟਣ ਲੱਗ ਗਏ।

ਉਹ ਕਹਿੰਦੇ, "ਭਾਈ! ਤੂੰ ਗੱਲ ਤਾਂ ਕਰ, ਇਹ ਪਾਣੀ ਏਧਰ ਨੂੰ ਕਿਉਂ ਦਿੰਦਾ ਹੈਂ?"

ਮਹਾਰਾਜ ਕਹਿੰਦੇ, "ਹਟਾਓ ਨਾ ਮੈਨੂੰ! ਤੁਹਾਡਾ ਕਰੋੜਾਂ ਮੀਲ ਪਾਣੀ ਜੇ ਪਹੁੰਚ ਸਕਦਾ ਹੈ ਤਾਂ ਮੇਰੇ ਖੇਤ ਤਾਂ ਸਾਰੇ ਇਥੋਂ ਤਿੰਨ ਸੌ ਮੀਲ ਤੇ ਨੇ, ਧਾਨ ਬੀਜ ਕੇ ਆਇਆ ਹੋਇਆ ਹਾਂ ਮੈਂ, ਤੇ ਮੀਂਹ ਨਹੀਂ ਪਿਆ, ਇਸ ਲਈ ਮੈਂ ਛੇਤੀਂ-ਛੇਤੀਂ ਪਾਣੀ ਦੇ ਰਿਹਾਂ ਹਾਂ।"

ਇਕੱਠ ਹੋ ਗਿਆ ਬਹੁਤ ਵੱਡਾ, ਕਹਿੰਦੇ ਦੇਖੋ! ਇਹ ਬੰਦਾ ਕੀ ਕਹਿੰਦਾ ਹੈ? ਰੋਅਬਦਾਬ ਹੈ, ਚਿਹਰੇ ਤੇ ਜਲਾਲ ਹੈ। ਇਹ ਕੋਈ ਮਾਮੂਲੀ ਬੰਦੇ ਨਹੀਂ ਹਨ, ਜਿਧਰ ਨੂੰ ਦੇਖਦੇ ਨੇ, ਫਤਹਿ ਹੀ ਕਰਦੇ ਜਾਂਦੇ ਨੇ। ਨੇਤਰਾਂ ਦੀ ਹੀ ਸ਼ਕਤੀ ਐਸੀ ਹੈ ਕਿ ਬੇਤਾਬ ਹੋ ਕੇ ਲਾਜਵਾਬ ਹੁੰਦੇ ਜਾਂਦੇ ਹਾਂ। ਗੱਲ ਸਮਝ 'ਚ ਨਹੀਂ ਆਉਂਦੀ। ਉਸ ਵੇਲੇ ਵੱਡੇ-ਵੱਡੇ ਸਾਧੂ ਪੰਡਤ ਆ ਗਏ ਜਿਹੜੇ ਧੁਰੰਦਰ ਵਿਦਵਾਨ ਸੀ। ਉਨ੍ਹਾਂ ਨੇ ਮਹਾਰਾਜ

ਜੀ ਨਾਲ ਵਿਚਾਰ ਵਟਾਂਦਰਾ ਕੀਤਾ। ਸਾਰਿਆਂ ਦਾ ਵਹਿਮ ਮਹਾਰਾਜ ਜੀ ਨੇ ਦੂਰ ਕਰ ਦਿਤਾ। ਜਿਹੜੇ ਕੱਟੜ ਹੁੰਦੇ ਹਨ ਉਹ ਚਾਹੇ ਪ੍ਰਤੱਖ ਦੇਖ ਲੈਣ, ਇਹ ਆਪਣਾ ਨਜ਼ਰੀਆ ਨਹੀਂ ਛੱਡਿਆ ਕਰਦੇ, ਇਨ੍ਹਾਂ ਕੋਲ ਬਹੁਤ ਬਹਾਨੇ ਹੁੰਦੇ ਹਨ; ਕਹਿਣਗੇ, ਚੇਟਕੀ ਹੈ, ਇਹ ਚੇਟਕ ਕਰਦਾ ਹੈ, ਉਸ ਦੀ ਬਜ਼ੁਰਗੀ ਨੂੰ ਨਹੀਂ ਮੰਨਣਾ, ਕੋਈ ਕਹਿਣਗੇ ਰਿਧੀ-ਸਿਧੀ ਦਿਖਾ ਰਿਹਾ ਹੈ; ਉਹ ਆਪਣਾ ਹੱਠ ਨਹੀਂ ਛਡਦੇ।

ਸੋ ਕਈਆਂ ਨੇ ਮੰਨਿਆ ਨਹੀਂ; ਕਹਿਣ ਲੱਗੇ ਦੇਖੋ ਪਿਤਾ-ਪੁਰਖੀ ਮਰਿਆਦਾ ਵਿਗਾੜ ਰਿਹਾ ਹੈ, ਇਹ ਤਾਂ ਭੂਤਨਾ ਹੈ, ਬੇਤਾਲਾ ਹੈ। ਸੋ ਇਹ ਸੰਸਾਰ ਦਾ ਆਮ ਵਰਤਾਰਾ ਹੈ। ਜਦੋਂ ਸਹਿਮਤ ਨਾ ਹੋਣ ਉਸ ਵੇਲੇ ਇਸ ਤਰ੍ਹਾਂ ਦੇ ਬਚਨ ਕਰਦੇ ਹੁੰਦੇ ਨੇ। ਆਪਣੀ ਸੋਚ ਅਤੇ ਨਿਸ਼ਚੇ ਨੂੰ ਹੀ ਸਹੀ ਮੰਨਦੇ ਹਨ।

ਸੋ ਉਸੇ ਤਰ੍ਹਾਂ ਇਸੇ ਸ਼੍ਰੇਣੀ ਦੇ ਵਿਚੋਂ ਗੁਰੂ ਅੰਗਦ ਸਾਹਿਬ, ਜਿਨ੍ਹਾਂ ਦਾ ਨਾਮ ਭਾਈ ਲਹਿਣਾ ਸੀ, ਪਹਿਲਾਂ ਤੋਂ ਹੀ ਆਪ ਦੇਵ ਪੂਜਾ ਨਾਲ ਸਬੰਧ ਰਖਦੇ ਸਨ। ਪਿਤਾ ਪੁਰਖੀ ਧਰਮ ਸੀ। ਆਪ ਦੇਵੀ ਦੇ ਮੰਦਰ ਨੂੰ ਜਾਇਆ ਕਰਦੇ ਸਨ, ਜਥਿਆਂ ਦੇ ਰੂਪ ਵਿਚ ਹਰ ਸਾਲ ਜਾਇਆ ਕਰਦੇ ਸਨ। ਆਪ ਸੰਗ (ਜਥੇ) ਦੇ ਮੁਖੀ ਹੋਣ ਦੇ ਨਾਤੇ ਸੈਂਕੜਿਆਂ ਦੀ ਗਿਣਤੀ ਵਿਚ ਸੰਗਤਾਂ ਨੂੰ ਲੈ ਕੇ ਜਾਇਆ ਕਰਦੇ ਸਨ। ਹਰ ਸਾਲ ਜਾਣਾ ਤੇ ਫੇਰ ਏਸ ਪ੍ਰਚਾਰ ਨੂੰ ਜਾਰੀ ਰੱਖਣ ਵਾਸਤੇ ਆਪ ਜਗਰਾਤੇ ਕਰਦੇ ਸਨ, ਕਦੇ ਉਥੇ ਕਦੇ ਇਥੇ, ਥਾਂ-ਥਾਂ ਦੇ ਉਤੇ ਜਗਰਾਤੇ ਕਰਨੇ ਤੇ ਦੇਵੀ ਦੀਆਂ ਭੇਟਾਂ ਗਾਉਣੀਆਂ ਕਿਉਂਕਿ ਸੰਸਾਰੀ ਬੰਦੇ ਸਨ। ਸੰਸਾਰੀ ਬੰਦਿਆਂ ਨੂੰ ਸੰਸਾਰ ਦੀ ਲੋੜ ਹੈ, ਪਦਾਰਥਾਂ ਦੀ ਲੋੜ ਹੈ। ਜਿੰਨੇ ਵੀ ਦੇਵਤੇ ਨੇ, ਇਨ੍ਹਾਂ ਸਾਰਿਆਂ ਨੂੰ ਤਾਂ ਹੀ ਅਰਾਧਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਕੋਲ ਪਦਾਰਥ ਨੇ। ਆਮ ਮੱਤ ਹੈ ਕਿ ਸ਼ਿਵ ਜੀ ਭੋਲੇ ਨਾਥ ਨੂੰ ਮਨਾ ਲਿਆ ਜਾਵੇ, ਇਹ ਛੇਤੀ ਮੰਨ ਜਾਂਦਾ ਹੈ ਤੇ ਛੇਤੀ ਪੈਸਾ ਟਕਾ ਆ ਜਾਂਦਾ ਹੈ। ਲੱਛਮੀ ਨੂੰ ਮਾਇਆ ਦਾ ਰੂਪ ਕਹਿੰਦੇ ਨੇ। ਦੀਵਾਲੀ ਵਾਲੀ ਰਾਤ ਨੂੰ ਜੇ ਦਰਵਾਜ਼ੇ ਖੁਲ੍ਹੇ ਰੱਖੇ ਜਾਣ ਤੇ ਇੰਤਜ਼ਾਰ ਕਰਿਆ ਜਾਵੇ ਤਾਂ ਲਛਮੀ ਆ ਜਾਂਦੀ ਹੈ। ਐਸੇ ਵਿਸ਼ਵਾਸ ਨੇ। ਗੁਰੂ-ਘਰ ਵਿਚ ਨਹੀਂ ਹਨ ਐਸੀਆਂ ਗੱਲਾਂ, ਗੁਰੂ-ਘਰ ਦੇ ਵਿਚ ਤਾਂ ਇਹ ਆਉਂਦਾ ਹੈ ਕਿ –

***ਤੀਰਥ ਕੀਏ ਏਕ ਫਲ, ਸੰਤ ਮਿਲੇ ਫਲ ਚਾਰ।***

ਮਹਾਂਪੁਰਸ਼ਾਂ ਦਾ ਮੱਤ ਹੈ ਕਿ ਤੀਰਥ ਕਰੇ ਤੇ ਇਕ ਫਲ ਹੈ, ਸੰਤਾਂ ਕੋਲ ਚਾਰ ਪਦਾਰਥ ਹੁੰਦੇ ਨੇ –

***ਗੁਰੂ ਮਿਲੇ ਫਲ ਅਨੇਕ ਹੈ ਕਹਤ ਕਬੀਰ ਵਿਚਾਰ।***

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥*** ***ਪੰਨਾ - 266***

ਜੇ ਗੁਰੂ ਮਿਲ ਜਾਵੇ ਤਾਂ ਫਲਾਂ ਦੀ ਗਿਣਤੀ ਮਿਣਤੀ ਹੀ ਨਹੀਂ ਰਹਿੰਦੀ। ਫੇਰ ਗੁਰੂ ਨੂੰ ਹੀ ਧਿਆ ਲਓ, ਗੁਰੂ ਨੂੰ ਹੀ ਮੰਨ ਲਓ। ਗੁਰੂ ਕੋਲ ਸਭ ਕੁਝ ਹੈ –

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥***
***ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥*** ***ਪੰਨਾ - 682***

***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ॥*** ***ਪੰਨਾ - 714***

ਫੇਰ ਸਾਰਿਆਂ ਨਾਲੋਂ ਵੱਡੇ ਨੂੰ ਹੀ ਮਨਾ ਲਓ ਜਿਸ ਦੇ ਕੋਲ ਸਭ ਕੁਝ ਹੈ। ਜਿਹੜਾ ਸਿਰਫ ਇਕ ਚੀਜ਼ ਹੀ ਲਈ ਫਿਰਦਾ ਹੈ ਉਸ ਦੇ ਨਾਲ ਕਾਹਦੀ ਗੱਲ? ਚਾਹੀਦੀਆਂ ਤਾਂ ਸਾਰੀਆਂ ਚੀਜ਼ਾਂ ਨੇ; ਕਿੰਨਿਆਂ-ਕੁ ਨੂੰ ਮਨਾਂ ਲਓਂਗੇ? ਇਕ ਗੋਭੀ ਵਾਲਾ ਹੈ, ਉਸ ਨੂੰ ਮਨਾ ਲਓ ਉਸ ਕੋਲੋਂ ਗੋਭੀ ਹੀ ਮਿਲੇਗੀ। ਇਕ ਹਲਦੀ ਵਾਲਾ ਹੈ ਫੇਰ ਉਸ ਨੂੰ ਮਨਾਓ ਕਿਉਂਕਿ ਹਲਦੀ ਵੀ ਗੋਭੀ ਵਿਚ ਪਾਉਣ ਨੂੰ ਚਾਹੀਦੀ ਹੈ; ਫੇਰ ਨਮਕ ਵਾਲੇ ਨੂੰ ਮਨਾਓ, ਫੇਰ ਮਿਰਚ ਵਾਲੇ ਨੂੰ ਮਨਾਓ, ਫੇਰ ਲਕੜੀਆਂ ਵਾਲੇ ਨੂੰ ਮਨਾਓ। ਸਾਰਾ ਰੌਲਾ-

ਗੌਲਾ ਮਚ ਜਾਏਗਾ; ਕਿੰਨਿਆਂ-ਕੁ ਨੂੰ ਜ਼ਿੰਦਗੀ ਦੇ ਅੰਦਰ ਮਨਾ ਲਵਾਂਗੇ? ਇਕ ਨੂੰ ਹੀ ਮਨਾ ਲਓ-

***ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥ ਪੰਨਾ - 371***

ਇਕ ਦਾ ਧਿਆਨ ਧਰ ਲਓ ਜਿਸ ਦੇ ਕੋਲ ਸਭ ਕੁਝ ਹੈ। ਪਰ ਉਸ ਵੇਲੇ ਦੇ ਪ੍ਰਚਲਤ ਰਿਵਾਜ ਦੇ ਮੁਤਾਬਕ ਆਪ ਦੇਵੀ ਦੀ ਭਗਤੀ ਕਰਿਆ ਕਰਦੇ ਸੀ। ਉਨ੍ਹਾਂ ਦਿਨਾਂ ਵਿਚ ਖੜਤਾਲਾਂ ਨਾਲ ਤੇ ਗਿੱਟਿਆਂ ਤੇ ਝਾਂਜਰਾਂ ਪਾ ਕੇ ਨਾਚ ਕੀਤਾ ਜਾਂਦਾ ਸੀ। ਸੋ ਪਿਤਾ-ਪੁਰਖੀ ਰਿਵਾਜ ਹੋਣ ਦੇ ਮੁਤਾਬਕ ਆਪ ਵੀ ਇਸੇ ਪਾਸੇ ਲੱਗ ਗਏ। ਅੱਜ ਜਗਰਾਤਾ ਕੱਟਣ ਤੋਂ ਬਾਅਦ ਗਰਮੀ ਜ਼ਿਆਦਾ ਮਹਿਸੂਸ ਹੋਈ। ਆਪ ਇਸ਼ਨਾਨ ਕਰਨ ਲਈ ਨੇੜੇ ਪਿੰਡ ਦੇ ਤਲਾਬ ਤੇ ਚਲੇ ਗਏ। ਉਨ੍ਹਾਂ ਦਿਨਾਂ ਵਿਚ ਤਲਾਬ, ਟੋਭੇ ਬਿਲਕੁਲ ਸੁੱਚੇ ਰੱਖੇ ਜਾਂਦੇ ਸਨ। ਅਸੂਲ ਸੀ ਟੋਭਿਆਂ ਦਾ, ਕੁਰਲੀਆਂ ਵੀ ਲੋਕ ਉਥੇ ਕਰ ਲਿਆ ਕਰਦੇ ਸਨ, ਦਾਤਣਾਂ ਵੀ ਕਰ ਲਿਆ ਕਰਦੇ ਸਨ, ਇਸ਼ਨਾਨ ਤਾਂ ਆਮ ਕਰਦੇ ਸਨ। ਉਥੇ ਸਵੱਛ ਥਾਂ ਹੁੰਦਾ ਸੀ, ਬੰਦਗੀ ਕਰਨ ਵਾਲੇ ਉਥੇ ਆਪਣੇ ਆਸਣ ਵਿਛਾ ਕੇ ਭਜਨ ਬੰਦਗੀ ਕਰਿਆ ਕਰਦੇ ਸਨ। ਅੱਜ ਉਥੇ ਭਾਈ ਜੋਧ, ਜੋ ਸੰਘਰ ਪਿੰਡ ਦਾ ਕਿਸਾਨ ਸੀ, ਆਪ ਇਸ਼ਨਾਨ ਕਰਕੇ ਨੇੜੇ ਹੀ ਜਪੁਜੀ ਸਾਹਿਬ ਪੜ੍ਹ ਰਹੇ ਸਨ। ਭਾਈ ਲਹਿਣਾ ਜੀ ਨੇ ਵੀ ਆ ਕੇ ਇਸ਼ਨਾਨ ਕਰਿਆ। ਇਸ਼ਨਾਨ ਕਰਨ ਤੋਂ ਬਾਅਦ ਆਪ ਭਾਈ ਜੋਧ ਦੇ ਪਿਛੇ ਹੋ ਕੇ ਹੀ ਬੈਠ ਗਏ ਅਤੇ ਜੋ ਕੁਝ ਭਾਈ ਜੋਧ ਪੜ੍ਹਦੇ ਸਨ ਉਸ ਨੂੰ ਸਮਝਣ ਦਾ ਯਤਨ ਕੀਤਾ ਕਿਉਂਕਿ ਕੁਝ ਸ਼ਬਦ ਉਨ੍ਹਾਂ ਦੇ ਕੰਨਾਂ ਵਿਚ ਪਏ ਜਿਵੇਂ-

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ਪੰਨਾ - 2***

ਸਮਝ ਗਿਆ ਕਿ ਇਹ ਕੀ ਕਹਿੰਦੇ ਨੇ। ਅੱਗੇ ਫੇਰ ਧਿਆਨ ਦਿਤਾ ਤੇ ਸੁਣਿਆ -

***ਆਪੇ ਬੀਜਿ ਆਪੇ ਹੀ ਖਾਹੁ॥ ਪੰਨਾ - 4***

ਇਹ ਵੀ ਸਮਝ 'ਚ ਆ ਗਈ, ਹੋਰ ਵੀ ਸਮਝਣ ਦਾ ਯਤਨ ਕੀਤਾ। ਸਮਾਪਤੀ ਤੋਂ ਬਾਅਦ ਉਨ੍ਹਾਂ ਨੇ ਆਸਾ ਦੀ ਵਾਰ ਪੜ੍ਹਨੀ ਸ਼ੁਰੂ ਕਰ ਦਿਤੀ। ਉਸ ਵੇਲੇ ਸਲੋਕ ਤੇ ਪਉੜੀਆਂ ਹੀ ਸਨ। ਬੜੇ ਰਹਾਅ ਦੇ ਨਾਲ ਹੌਲੀ-ਹੌਲੀ ਪੜ੍ਹਦੇ ਨੇ ਤੇ ਆਪ ਨੇ ਧਿਆਨ ਨਾਲ ਸਮਝਣ ਦਾ ਯਤਨ ਕੀਤਾ। ਫੇਰ ਮੇਲ ਹੋਇਆ, ਦੂਜੀ ਵਾਰ ਆਪ ਨੇ ਫੇਰ ਸਮਝਣ ਦਾ ਯਤਨ ਕਰਿਆ। ਬਾਣੀ ਸੁਣਨ ਦਾ ਮਨ ਵਿਚ ਇਰਾਦਾ ਕਰ ਲਿਆ। ਆਪ ਉਚੇਚਾ ਭਾਈ ਜੋਧ ਕੋਲ ਜਾਂਦੇ ਨੇ। ਮਨ ਦੇ ਅੰਦਰ ਕੁਝ ਸਮਝ ਪਈ ਕਿ ਇਥੋਂ ਰਸਤਾ ਲੱਭਦਾ ਨਜ਼ਰ ਆਉਂਦਾ ਹੈ। ਐਨਾ ਤਾਂ ਉਹ ਜਾਣਦੇ ਸਨ ਕਿ ਮਨੁੱਖ ਜਾਮਾ ਹੈ, ਜਦੋਂ ਤੱਕ ਗਿਆਨ ਨਹੀਂ ਹੁੰਦਾ, ਉਦੋਂ ਤੱਕ ਮੁਕਤੀ ਨਹੀਂ ਹੁੰਦੀ। ਜਦੋਂ ਤੱਕ ਪੂਰਨ ਸਮਰੱਥ ਗੁਰੂ ਨਹੀਂ ਮਿਲਦਾ ਉਦੋਂ ਤੱਕ ਗਿਆਨ ਨਹੀਂ ਹੁੰਦਾ। ਸੋ ਪਹਿਲਾਂ ਗੁਰੂ ਹੈ, ਗੁਰੂ ਦੇ ਬਚਨਾਂ ਤੋਂ ਮੁਕਤੀ ਹੈ। ਮੁਕਤੀ ਤੋਂ ਫੇਰ ਜੰਮਣ-ਮਰਨ ਦਾ ਚੱਕਰ ਖਤਮ ਹੁੰਦਾ ਹੈ। ਇਹ ਸਾਰੀ ਗੱਲ ਸਮਝਦੇ ਸਨ। ਉਨ੍ਹਾਂ ਦਿਨਾਂ ਦੇ ਵਿਚ ਇਕ ਰਿਵਾਜ ਸੀ ਕਿ ਪਿਤਾ-ਪੁਰਖੀ ਗੁਰੂ ਕਰਿਆ ਕਰਦੇ ਸੀ। ਹਰੇਕ ਦਾ ਗੁਰੂ ਹੁੰਦਾ ਸੀ ਪਰ ਸਮਰੱਥ ਗੁਰੂ ਨਹੀਂ ਸੀ ਹੁੰਦਾ। ਧਰਤੀ ਤੇ ਐਨਾ ਪਾਪ ਪਸਰ ਗਿਆ ਸੀ ਕਿ ਕੋਈ ਥੰਮ੍ਹਣ ਵਾਲਾ ਨਹੀਂ ਸੀ ਉਸ ਵੇਲੇ -

***ਕੋਈ ਨ ਥੰਮੈ ਸਾਧ ਬਿਨ ਸਾਧ ਨ ਦਿਸੈ ਜਗ ਵਿਚ ਕੋਆ॥ (ਭਾਈ ਗੁਰਦਾਸ ਜੀ)***

ਕੋਈ ਪੂਰਾ ਨਹੀਂ ਸੀ ਜਿਹੜਾ ਇਸ ਧਰਤੀ ਦੇ ਪਾਪ ਥੰਮ੍ਹ ਦਿੰਦਾ, ਅਗਿਆਨਤਾ ਨੂੰ ਥੰਮ੍ਹ ਦਿੰਦਾ; ਨਾਸਤਿਕਤਾ ਦਾ ਜੋ ਬਹੁਤ ਵੱਡਾ ਹਨ੍ਹੇਰ-ਗੁਬਾਰ ਪਿਆ ਹੋਇਆ ਸੀ, ਉਸ ਦੇ ਵਿਚ ਕੋਈ ਪ੍ਰਕਾਸ਼ ਕਰ ਦਿੰਦਾ, ਧੁੰਦ ਮਿਟਾ ਦਿੰਦਾ। ਐਸਾ ਸੰਸਾਰ ਤੇ ਨਜ਼ਰ ਨਾ ਆਉਣ ਕਰਕੇ ਆਪ ਦੀ ਤਲਾਸ਼ ਸੀ ਕਿ ਕੋਈ ਪੂਰਾ ਗੁਰੂ ਮਿਲੇ ਪਰ ਗੁਰੂ ਅੰਗਦ ਦੇਵ ਜੀ ਦੀ ਜੋ ਤਲਾਸ਼ ਸੀ ਉਹ ਬਹੁਤ ਜ਼ਿਆਦਾ ਸੀ। ਆਪ ਮੌਕਾ ਦੇਖਦੇ ਸੀ ਕਿ ਜੇ ਕੋਈ ਪੂਰਾ ਗੁਰੂ ਮਿਲ ਗਿਆ ਤਾਂ ਕਿਸਮਤ ਜਾਗ ਪਏਗੀ ਲੇਕਿਨ ਬਹੁਤਾ ਰੁਖ ਦੇਵ ਪੂਜਾ ਵਲ ਹੋਣ ਕਰਕੇ ਮਨ ਦੀ ਸ਼ਰਧਾ ਪੱਕ ਗਈ ਸੀ। ਦੇਵੀ ਦੀ ਪੂਜਾ ਕਰਨੀ, ਭੇਟਾਂ ਗਾਉਣੀਆਂ, ਇਸੇ ਨੂੰ ਬੜਾ ਭਾਰਾ ਕੀਰਤਨ ਸਮਝ ਕੇ ਸੰਤੁਸ਼ਟ ਰਹਿੰਦੇ ਸੀ ਲੇਕਿਨ ਅੱਜ ਜਦੋਂ ਆਪ ਨੇ ਸੁਣਿਆ,

ਉਸ ਵੇਲੇ ਆਪ ਦੇ ਮਨ ਦੇ ਅੰਦਰ ਬਹੁਤ ਕਿਸਮ ਦੇ ਨਵੇਂ ਖਿਆਲ ਜਾਗੇ। ਉਸ ਵੇਲੇ ਆਪ ਦੇ ਕੰਨਾਂ ਦੇ ਅੰਦਰ ਐਸੀ ਆਵਾਜ਼ ਪਈ –

*ਧਾਰਨਾ – ਸਾਰੇ ਕੂੜ ਦਾ ਹੋ ਗਿਆ ਵਰਤਾਰਾ,*
*ਸੱਚ ਵਾਲਾ ਕਾਲ ਪੈ ਗਿਆ –2, 2.*
*ਮੇਰੇ ਪਿਆਰੇ, ਸੱਚ ਵਾਲਾ ਕਾਲ ਪੈ ਗਿਆ–2,2*
*ਸਾਰੇ ਕੂੜ ਦਾ ਹੋ ਗਿਆ ਵਰਤਾਰਾ,..– 2*

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥*
*ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥*
*ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥*
*ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥*
*ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥*
*ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥*
*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥*
*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥*
*ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥*
*ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥*
*ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥*
*ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥*
*ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥*
*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥*
*ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥ ਪੰਨਾ – 469*

ਇਕੱਲਾ–ਇਕੱਲਾ ਅੱਖਰ, ਸਮਾਜ ਦੀ ਹਾਲਤ, ਰਾਜ ਦੀ ਹਾਲਤ, ਗੁਰੂਆਂ ਦੀ ਹਾਲਤ, ਧਰਮੀਆਂ ਦੀ ਹਾਲਤ, ਗਾਉਣ ਵਾਲਿਆਂ ਦੀ ਹਾਲਤ ਬਾਰੇ ਸੁਣਿਆ ਕਿ ਕੋਈ ਪ੍ਰਮੇਸ਼ਰ ਦੀ ਭਗਤੀ ਨਹੀਂ ਕਰਦਾ–

*ਗਿਆਨੀ ਨਚਹਿ ਵਾਜੇ ਵਾਵਹਿ ਜੋਧਾ ਕਾ ਵੀਚਾਰੁ॥ ਪੰਨਾ – 469*

ਗਿਆਨੀ ਜਿਹੜਾ ਗਿਆਨ ਦੇਣ ਵਾਲਾ ਹੈ ਉਹ ਨਾਚ ਕਰਦਾ ਹੈ।

ਗਾਉਂਦਾ ਕੀ ਹੈ? ਬ੍ਰਹਮ ਤੇ ਏਕਤਾ ਬਾਰੇ ਨਹੀਂ ਗਾ ਰਿਹਾ, ਕੋਈ ਪਿਆਰ ਦਾ ਗੀਤ ਨਹੀਂ ਗਾ ਰਿਹਾ, ਲੜਾਈ–ਝਗੜੇ ਦਾ ਗਾ ਰਿਹਾ ਹੈ ਕਿ ਫਲਾਣੇ ਰਾਜੇ ਨੇ ਐਂ ਹੱਲਾ ਕਰਿਆ, ਫਲਾਣੀਆਂ ਫੌਜਾਂ ਐਂ ਲੜੀਆਂ, ਵਾਦ ਨੂੰ ਗਾਉਂਦਾ ਹੈ।

ਜਿਹੜੇ ਦੁਨੀਆਂ ਦੇ ਵਾਸਤੇ ਲੜ ਕੇ ਮਰੇ ਨੇ ਉਨ੍ਹਾਂ ਦੀ ਵੀਚਾਰ ਕਰ ਰਿਹਾ ਹੈ। ਉਨ੍ਹਾਂ ਸੂਰਮਿਆਂ ਦਾ ਜ਼ਿਕਰ ਨਹੀਂ ਕਰਦਾ ਜਿਨ੍ਹਾਂ ਨੇ ਨਾਮ ਦੇ ਵਾਸਤੇ ਵੱਡੀਆਂ–ਵੱਡੀਆਂ ਕਮਾਈਆਂ ਕੀਤੀਆਂ ਨੇ। ਦੁਨੀਆਂ ਦੀਆਂ ਪ੍ਰਾਪਤੀਆਂ ਕਰਨ ਵਾਲਿਆਂ ਨੂੰ ਗਾਉਂਦਾ ਹੈ।

*ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥ ਪੰਨਾ – 469*

ਹੁਜਤਾਂ, ਤਰਕਾਂ ਦੇ ਨਾਲ ਗੱਲ ਸਿਧ ਕਰਦੇ ਨੇ ਤੇ ਮੂਰਖਤਾਈ ਦੀ ਹੱਦ ਹੋ ਗਈ ਹੈ।

ਸਿਰਫ ਪੈਸੇ ਜੋੜਨ ਤੱਕ ਪਿਆਰ ਪਿਆ ਹੋਇਆ ਹੈ –

*ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥ ਪੰਨਾ – 469*

ਧਰਮ ਕਰਕੇ ਆਪਣੇ ਆਪ ਨੂੰ ਨਸ਼ਰ ਕਰਦਾ ਹੈ ਕਿ ਮੈਂ ਇਹ ਕਰਿਆ, ਮੈਂ ਐਨਾ ਦਾਨ ਦਿਤਾ ਹੈ ਤੇ ਫੇਰ ਉਸ ਦੇ ਬਦਲੇ ਮੋਖ ਦੁਆਰ ਮੰਗਦਾ ਹੈ, ਮਹਾਰਾਜ ਕਹਿੰਦੇ ਮਿਲ ਜਾਏਗਾ ਤੈਨੂੰ?

***ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥ ਪੰਨਾ - 469***

***ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥ ਪੰਨਾ - 469***

ਜਤੀ ਬਣ ਗਿਆ, ਘਰ-ਬਾਰ ਛੱਡ ਦਿਤਾ, ਜਤ ਦੀ ਜੁਗਤਿ ਨਹੀਂ ਜਾਣਦਾ। ਪੰਜਾਂ ਗਿਆਨ ਇੰਦ੍ਰਿਆਂ ਦੇ ਜਤ ਬਾਰੇ ਕੁਝ ਭੀ ਨਹੀਂ ਜਾਣਦਾ ਇਸ ਤਰ੍ਹਾਂ ਜਤ ਨਹੀਂ ਰਿਹਾ ਕਰਦਾ। ਸਾਰੇ ਹੀ ਕਹਿੰਦੇ ਨੇ ਮੈਂ ਪੂਰਾ ਹਾਂ, ਮੈਂ ਪੂਰਾ ਹਾਂ, ਮੇਰਾ ਧਰਮ ਪੂਰਾ ਹੈ, ਮੇਰੇ ਖਿਆਲ ਪੂਰੇ ਨੇ। ਹੁਣ ਦੱਸੋ ਭਰੇ ਹੋਏ ਭਾਂਡਿਆਂ ਦੇ ਵਿਚ ਹੋਰ ਚੀਜ਼ ਕਿਵੇਂ ਪਾਈ ਜਾਵੇਗੀ, ਉਹ ਤਾਂ ਪਹਿਲਾਂ ਹੀ ਭਰੇ ਹੋਏ ਨੇ, ਖਾਲੀ ਹੋਣ ਤਾਂ ਹੀ ਪਏਗੀ-

***ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥ ਪੰਨਾ - 474***

ਸੋ ਐਸੀ ਹਾਲਤ ਸਮਝ ਕੇ ਹੌਲੀ-ਹੌਲੀ ਸਾਰੀ 'ਆਸਾ ਦੀ ਵਾਰ' ਸ੍ਰਵਣ ਕੀਤੀ -

***ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ॥***
***ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥ ਪੰਨਾ - 474***

ਵਿਚਾਰ ਮਨ ਵਿਚ ਬਹਿ ਗਈ। ਜਦੋਂ ਭਾਈ ਜੋਧ ਪਾਠ ਕਰ ਚੁਕੇ ਤਾਂ ਉਸ ਵੇਲੇ ਕਹਿਣ ਲੱਗੇ, "ਭਾਈ ਜੋਧ! ਆਪ ਨੇ ਜੋ ਇਹ ਬਿਸ਼ਨ ਪਦੇ ਗਾਏ ਨੇ ਜਾਂ ਕੋਈ ਬਾਣੀ ਗਾਈ ਹੈ ਇਹ ਕਿਸ ਦੀ ਹੈ? ਇਹ ਤਾਂ ਕਪਾਟ ਖੋਲ੍ਹਦੀ ਜਾਂਦੀ ਹੈ ਤੇ ਮੇਰੇ ਅੰਦਰ ਤਾਂ ਇਸ ਨੇ ਬਹੁਤ ਹਿਲਜੁਲ ਪੈਦਾ ਕਰ ਦਿੱਤੀ।"

ਸਾਡੇ ਅੰਦਰ ਨਹੀਂ ਕਰਦੀ ਕਿਉਂਕਿ ਅਸੀਂ immune (ਬੇਅਸਰੇ, ਢੀਠ) ਹੋ ਗਏ ਹਾਂ। ਪਹਿਲਾਂ-ਪਹਿਲਾਂ ਜਦੋਂ ਡੀ.ਡੀ.ਟੀ. ਆਈ ਸੀ ਤਾਂ ਮੱਛਰ ਉਈਂ ਮਰ ਜਾਂਦੇ ਸਨ। ਹੁਣ ਜਿਹੜੇ ਡੀ.ਡੀ.ਟੀ. ਵਿਚੋਂ ਹੀ ਮੱਛਰ ਜੰਮੇ ਨੇ ਉਹ ਮਰਦੇ ਹੀ ਨਹੀਂ ਹਨ, ਇਸ ਨੂੰ immune ਕਹਿੰਦੇ ਨੇ। ਜਦੋਂ ਕਿਸੇ ਦਵਾਈ ਦਾ, ਜ਼ਹਿਰ ਦਾ ਮਨੁੱਖ ਉਪਰ ਅਸਰ ਹੋਣ ਤੋਂ ਹਟ ਜਾਵੇ, ਉਹ immune ਹੋ ਜਾਂਦਾ ਹੈ, ਉਸ ਤੇ ਅਸਰ ਨਹੀਂ ਹੁੰਦਾ। ਇਵੇਂ-ਜਿਵੇਂ ਜਦੋਂ ਕੋਈ immune ਹੋ ਜਾਵੇ ਤਾਂ ਉਸ ਤੇ ਅਸਰ ਨਹੀਂ ਹੁੰਦਾ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਜੇ ਕੋਈ ਨਵਾਂ ਬੰਦਾ ਸੁਣੇ, ਉਹ ਹੈਰਾਨ ਰਹਿ ਜਾਏਗਾ ਕਿ ਐਡੀ ਵੱਡੀ ਬਾਣੀ, ਐਡੇ ਗੋਹਝ ਭੇਦ ਇਸ ਦੇ ਵਿਚ ਲਿਖੇ ਪਏ ਨੇ। ਅਸੀਂ ਰੋਜ਼ ਸੁਣਦੇ ਹਾਂ ਸਾਡੇ ਤੇ ਕੋਈ ਅਸਰ ਨਹੀਂ ਹੁੰਦਾ, ਪੜ੍ਹਨ ਵਾਲੇ ਰੋਜ਼ ਪੜ੍ਹਦੇ ਨੇ ਉਨ੍ਹਾਂ ਤੇ ਕੋਈ ਅਸਰ ਨਹੀਂ ਹੁੰਦਾ, ਉਹ ਉਥੇ ਦੇ ਉਥੇ ਹੀ ਰਹਿੰਦੇ ਨੇ। ਇਸ ਨੂੰ ਕੋਹਲੂ ਦਾ ਬੈਲ ਕਹਿੰਦੇ ਨੇ। ਸਾਰਾ ਦਿਨ ਘੁੰਮਦਾ ਹੈ ਪਰ ਜਦੋਂ ਖੋਪੇ ਖੋਲ੍ਹਦੇ ਨੇ ਤਾਂ ਉਥੇ ਹੀ ਖੜ੍ਹਾ ਹੁੰਦਾ ਹੈ।

ਇਹੀ ਬਾਣੀ ਥੋੜ੍ਹੀ ਜਿਹੀ ਸੁਣ ਕੇ ਭਾਈ ਅਨੰਦ ਸਿੰਘ ਨੇ ਇਕੋ ਤੁਕ ਵਿਚਾਰੀ ਸੀ - ਅਨੰਦ ਸਾਹਿਬ ਦੀ ਕਿ -

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥ ਪੰਨਾ - 918***

ਤੇ ਪਰਿਵਾਰ ਬਾਰੇ ਪੜ੍ਹਿਆ ਕਿ ਨਾਲ ਨਹੀਂ ਜਾਂਦਾ। ਉਸੇ ਵੇਲੇ ਵੈਰਾਗੀ ਹੋ ਕੇ ਬਹਿ ਗਿਆ। ਗੁਰੂ ਦਸਵੇਂ ਪਾਤਸ਼ਾਹ ਦੇ ਪੇਸ਼ ਕੀਤਾ ਤਾਂ ਮਹਾਰਾਜ ਜੀ ਕਹਿੰਦੇ, "ਧੰਨ ਹੈਂ ਗੁਰਸਿਖਾ! ਧੰਨ ਹੈਂ, ਤੂੰ ਬਾਣੀ ਦੀ ਤੁਕ ਫੜ ਲਈ। ਹੁਣ ਦਸ ਕੀ ਚਾਹੁੰਦਾ ਹੈਂ?"

ਕਹਿੰਦਾ, "ਮਹਾਰਾਜ ਜੀ! ***'ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥'*** ***(ਪੰਨਾ - 918)*** ਸੱਚੇ ਪਾਤਸ਼ਾਹ! ਮੈਥੋਂ ਇਸ ਤੁਕ ਦੇ ਉਪਰੋਂ ਦੀ ਲੰਘ ਨਹੀਂ ਹੁੰਦਾ, ਇਹ ਮੇਰੇ ਅੱਗੇ

ਪਹਾੜ ਬਣ ਕੇ ਖੜ੍ਹ ਗਈ, ਮੈਂ ਇਸ ਦੇ ਉਤੋਂ ਦੀ ਨਹੀਂ ਹੁਣ ਲੰਘ ਸਕਦਾ ਤੇ ਮੈਂ ਪਰਿਵਾਰ ਨਾਲ ਕਿਵੇਂ ਚਿੱਤ ਲਾ ਲਵਾਂ? ਇਸ ਨੇ ਨਾਲ ਤਾਂ ਜਾਣਾ ਨਹੀਂ, ਇਸ ਦੇ ਨਾਲ ਚਿਤ ਲਾ ਕੇ ਮੇਰਾ ਸਾਰਾ ਜੀਵਨ ਬਰਬਾਦ ਹੋ ਜਾਵੇਗਾ ਤੇ ਮੈਂ ਇਥੇ ਜੋਗਾ ਹੀ ਰਹਿ ਜਾਵਾਂਗਾ, ਬੜੀ ਮੁਸ਼ਕਲ ਦੇ ਨਾਲ ਮਾਨਸ ਜਨਮ ਪ੍ਰਾਪਤ ਹੋਇਆ ਹੈ ਪਰ ਜੇ ਮੈਂ ਹੁਣ ਗਲਤ ਕੰਮ ਕਰ ਲਿਆ ਤਾਂ ਮੈਂ ਫੇਰ ਦੁਨੀਆਂ ਦੇ ਮੋਹ ਵਿਚ ਫਸਿਆ ਪਰਮ ਪਦ ਦੀ ਪ੍ਰਾਪਤੀ ਕਰਨ ਤੋ ਰਹਿ ਜਾਵਾਂਗਾ; ਸੱਚੇ ਪਾਤਸ਼ਾਹ! ਕਿਰਪਾ ਕਰੋ।"

ਮਹਾਰਾਜ ਜੀ ਨੇ ਕਿਹਾ, "ਚਾਹੁੰਦਾ ਕੀ ਹੈਂ?"

"ਸੱਚੇ ਪਾਤਸ਼ਾਹ! ਮੈਂ ਪਰਿਵਾਰ ਵਿਚ ਤਾਂ ਨਹੀਂ ਜਾਣਾ ਚਾਹੁੰਦਾ ਤੇ ਮੈਂ ਬਾਹਰ ਇਕ-ਰਸ ਨਾਮ ਜਪਣਾ ਚਾਹੁੰਦਾ ਹਾਂ।"

"ਠੀਕ ਹੈ, ਸ਼ਾਬਾਸ਼! ਇਹ ਮਾਤਾ-ਪਿਤਾ ਤੇਰੇ ਕਹਿੰਦੇ ਨੇ ਕਿ ਪਰਿਵਾਰ ਵਿਚ ਰਹਿ।"

ਭਾਈ ਅਨੰਦ ਸਿੰਘ ਨੇ ਕਿਹਾ, "ਸੱਚੇ ਪਾਤਸ਼ਾਹ! ਆਪ ਨੇ ਹੀ ਤਾਂ ਫੁਰਮਾਨ ਕੀਤਾ ਹੈ ਕਿ ਕੋਈ ਵੀ ਨਹੀਂ, ਇਹ ਸਭ ਪੈਸੇ ਦੇ ਗਾਹਕ ਨੇ। ਜਿੰਨਾਂ ਚਿਰ ਪੈਸਾ ਹੈ ਓਨਾਂ ਚਿਰ ਨਾਲ ਰਹਿੰਦੇ ਨੇ ਤੇ ਜਦੋਂ ਪੈਸਾ ਨਾ ਹੋਇਆ, ਫੇਰ ਛੱਡ ਦਿੰਦੇ ਨੇ ਤੇ ਮੈਂ ਤਾਂ ਪ੍ਰਭੂ ਦੇ ਨਾਲ ਮਨ ਲਾਉਣਾ ਚਾਹੁੰਦਾ ਹਾਂ।"

ਮਹਾਰਾਜ ਜੀ ਕਹਿੰਦੇ, "ਚੰਗਾ! ਤੂੰ ਸਾਥੋਂ ਦੋ ਗੱਲਾਂ ਸੁਣ ਲੈ, ਅਸੀਂ ਦੋਵੇਂ ਦੱਸ ਦਿੰਦੇ ਹਾਂ - ਇਕ ਸਾਧੂ ਦੀ ਤੇ ਇਕ ਗ੍ਰਹਿਸਤੀ ਦੀ।"

ਦੋਵੇਂ - ਗ੍ਰਹਿਸਤ ਤੇ ਤਿਆਗ ਦਾ ਰਾਹ ਮਹਾਰਾਜ ਜੀ ਨੇ ਦੱਸਿਆ। ਇਥੇ ਬੜੇ ਵਿਸਥਾਰ ਦੇ ਨਾਲ ਆਪਾਂ ਨੇ ਵਿਚਾਰ ਕਰੀ ਹੈ। ਮਤਲਬ ਇਹ ਹੈ ਕਿ ਬਾਣੀ ਉਸ ਨੇ ਵਿਚਾਰ ਲਈ, ਬਾਣੀ ਦੇ ਉਪਰ ਦੀ ਨਹੀਂ ਸੀ ਲੰਘਿਆ। ਅਸੀਂ ਲੰਘਦੇ ਜਾਂਦੇ ਹਾਂ, ਬੇਅੰਤ ਪੜ੍ਹਦੇ ਜਾਂਦੇ ਹਾਂ, ਇਕ ਵੀ ਯਾਦ ਨਹੀਂ ਰਹਿੰਦਾ, ਕੋਈ ਤੁਕ ਨਹੀਂ ਹੈ ਜਿਹੜੀ ਚੌਵੀ ਘੰਟੇ ਆਪਣਾ ਅਸਰ ਰੱਖੇ ਪਰ ਭਾਈ ਲਹਿਣਾ ਜੀ ਐਸੇ ਨਹੀਂ ਸਨ ਹਾਲਾਂਕਿ ਗੁਰੂ ਨਾਨਕ ਦੇਖੇ ਨਹੀਂ ਸਨ, ਸੁਣਿਆ ਨਹੀਂ ਸੀ। ਜੇ ਦੇਖਿਆ ਸੀ ਤਾਂ ਭੁਲ ਚੁਕੇ ਸੀ ਕਿਉਂਕਿ ਇਕ ਸਮਾਂ ਸੀ ਜਿਸ ਵਕਤ ਆਪ ਨੇ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਵੀ ਕੀਤੇ ਸਨ। ਇਨ੍ਹਾਂ ਦੇ ਪਿਤਾ ਫੇਰੂ ਮੱਲ ਜੀ ਹਿਸਾਬ-ਕਿਤਾਬ ਰੱਖਿਆ ਕਰਦੇ ਸੀ - ਤਖਤ ਮੱਲ ਚੌਧਰੀ ਦਾ। ਉਹ 20-25 ਜਾਂ 30 ਪਿੰਡਾਂ ਦਾ ਚੌਧਰੀ ਸੀ, ਸਾਰਾ ਮਾਲੀਆ ਫੇਰੂ ਮੱਲ ਜੀ ਦੇ ਹੱਥਾਂ ਵਿਚੋਂ ਦੀ ਸਰਕਾਰ ਦੇ ਖਜ਼ਾਨੇ ਵਿਚ ਜਮ੍ਹਾਂ ਹੋਇਆ ਕਰਦਾ ਸੀ ਤੇ ਸਾਰੇ ਖਰਚੇ ਜਿੰਨੇ ਚਕੌਤੇ ਵਗੈਰਾ ਦੇ ਸਨ, ਇਹ ਰੱਖਿਆ ਕਰਦੇ ਸਨ ਤੇ ਘਰ ਦਾ ਖਰਚਾ ਵੀ ਉਨ੍ਹਾਂ ਦਾ ਰਖਦੇ ਸੀ। ਇਕ ਵਾਰੀ ਕਾਫੀ ਪੈਸੇ ਘਟ ਗਏ। ਇਸ ਤੇ ਚੌਧਰੀ ਨਰਾਜ਼ ਹੋ ਗਿਆ ਤੇ ਉਸ ਨੇ ਭੋਰੇ ਵਿਚ ਬੰਦ ਕਰ ਦਿਤਾ। ਭਾਈ ਲਹਿਣਾ ਜੀ ਨੇ ਦੇਖਿਆ ਕਿ ਚੌਧਰੀ ਤਖਤ ਮੱਲ ਜੀ ਬਹੁਤ ਨਰਾਜ਼ ਹਨ। ਤਾਂ ਆਪ ਚੌਧਰੀ ਦੀ ਲੜਕੀ 'ਭਰਾਈ ਜੀ' ਜੋ ਭਾਈ ਲਹਿਣਾ ਜੀ ਦੇ ਪਰਿਵਾਰ ਨਾਲ ਹਮਦਰਦੀ ਰਖਦੀ ਸੀ ਅਤੇ ਭਾਈ ਲਹਿਣਾ ਜੀ ਨੂੰ ਪਿਆਰ ਕਰਦੀ ਸੀ, ਉਸ ਤੋਂ ਆਪਣੇ ਪਿਤਾ ਲਈ ਕੋਈ ਮਦਦ ਲੈਣ ਲਈ ਖਡੂਰ ਸਾਹਿਬ ਪਹੁੰਚ ਗਏ। ਉਥੇ ਜਾ ਕੇ ਆਪਣੇ ਪਿਤਾ ਨੂੰ ਛੁਡਾਉਣ ਲਈ ਸਿਫਾਰਸ਼ ਲਾਉਣ ਲਈ ਕਿਹਾ। ਪਰ ਉਹ ਕਹਿੰਦੀ, ਮੇਰੀ ਸਿਫਾਰਸ਼ ਤਾਂ ਨਹੀਂ ਚਲਣੀ, ਇਕ ਰੱਬ ਰੂਪ ਨੇੜੇ ਹੀ ਆਏ ਹੋਏ ਨੇ ਸਾਡੇ, ਨੇੜੇ ਹੀ ਨੇ, ਚੱਲ, ਮੈਂ ਤੈਨੂੰ ਉਨ੍ਹਾਂ ਕੋਲ ਲੈ ਚੱਲਾਂ। ਚਿੱਠੀ ਮੈਂ ਲਿਖ ਦਿਆਂਗੀ ਆਪਣੇ ਪਿਤਾ ਨੂੰ ਪਰ ਜਿੰਨਾ ਚਿਰ ਹਿਸਾਬ ਕਿਤਾਬ ਦਾ ਮਾਮਲਾ ਸਾਫ ਨਾ ਹੋਵੇ, ਓਨਾਂ ਚਿਰ ਮੁੜ ਕੇ ਪਹਿਲਾ ਪਿਆਰ ਨਹੀਂ ਬਣਨਾ। ਮਨ ਵਿਚ ਸ਼ੰਕਾ ਬਣਿਆ ਹੀ ਰਹਿਣਾ ਹੈ। ਮੇਰੇ ਕਹੇ ਮੇਰਾ ਪਿਤਾ ਫੇਰੂ ਮੱਲ ਜੀ ਨੂੰ ਛੱਡ ਤਾਂ ਦੇਵੇਗਾ ਪਰ ਸ਼ੰਕਾ ਮਨੋ ਨਹੀਂ ਜਾਣਾ। ਸੋ ਹਿਸਾਬ ਕਿਤਾਬ ਦਾ ਚਿੱਠਾ ਸਹੀ ਹੋਣਾ ਚਾਹੀਦਾ ਹੈ। ਗੁਰੂ ਨਾਨਕ ਪਾਤਸ਼ਾਹ ਦੇ ਪਾਸ ਭਾਈ ਲਹਿਣਾ ਜੀ ਨੂੰ ਬੀਬੀ ਭਰਾਈ ਲੈ ਗਈ, ਬੇਨਤੀ ਕੀਤੀ। ਮਹਾਰਾਜ ਜੀ ਕਹਿੰਦੇ, "ਕੋਈ ਨਾ ਭਾਈ! ਐਵੇਂ ਹੀ ਇਕ ਗਲਤੀ ਹੋਈ ਹੋਈ ਹੈ, ਤੁਸੀਂ ਦੁਬਾਰਾ ਹਿਸਾਬ ਚੈਕ ਕਰੋ, ਵਿਚੋਂ ਨਿਕਲ ਆਏਗੀ, ਕੁਝ ਨਹੀਂ ਹੁੰਦਾ।"

ਜਾ ਕੇ ਹਿਸਾਬ ਚੈਕ ਕੀਤਾ ਤਾਂ ਗਲਤੀ ਨਿਕਲ ਆਈ, ਸਾਰਾ ਮਾਮਲਾ ਸਾਫ ਹੋ ਗਿਆ। ਉਸ ਸਮੇਂ ਇਸ ਗੱਲ ਨੂੰ ਆਪ ਨੇ ਸਾਧਾਰਨ ਹੀ ਸਮਝਿਆ। ਬਹੁਤ ਐਸੇ ਬੰਦੇ ਹੁੰਦੇ ਨੇ, ਸੰਤਾਂ ਕੋਲ ਜਾਂਦੇ ਨੇ, ਬਚਨ ਹੋ ਜਾਂਦਾ ਹੈ, ਉਸ ਨੂੰ ਆਮ ਹੀ ਗਿਣਦੇ ਨੇ ਕਿ ਇਹ ਤਾਂ ਐਵੇ ਹੀ ਬਚਨ ਕਰੀਂ ਜਾਂਦੇ ਨੇ, ਮੁੜ ਉਨ੍ਹਾਂ ਨਾਲ ਕੋਈ ਵਾਹ ਨਹੀਂ ਹੁੰਦਾ। ਆਪਣਾ ਕੰਮ ਪੂਰਾ ਹੋ ਜਾਂਦਾ ਹੈ। ਐਸਾ ਹੀ ਸੰਸਾਰ ਦਾ ਰਵੱਈਆ ਹੀ ਹੈ, ਚਾਹੇ ਸੰਤ ਹੋਣ, ਚਾਹੇ ਕੋਈ ਹੋਰ ਹੋਵੇ। ਆਹ ਵਜ਼ੀਰ ਵਗੈਰਾ ਹੁੰਦੇ ਨੇ, ਜਦੋਂ ਉਹ ਕੁਰਸੀ ਤੇ ਹੁੰਦੇ ਨੇ, ਉਦੋਂ ਤਾਂ ਉਨ੍ਹਾਂ ਦਾ ਖਹਿੜਾ ਨਹੀਂ ਛੱਡਦੇ, ਜਦੋਂ ਉਹ ਥੱਲੇ ਲਹਿ ਜਾਣ, ਫੇਰ ਡਰਦੇ ਨੇ ਕਿ ਕਿਤੇ ਪੈਸੇ ਹੀ ਨਾ ਮੰਗ ਲੈਣ ਸਾਥੋਂ ਆ ਕੇ, ਫੇਰ ਨਹੀਂ ਉਨ੍ਹਾਂ ਨਾਲ ਗੱਲ ਕਰਦੇ। ਸੋ ਉਸ ਵੇਲੇ ਗੁਰੂ ਮਹਾਰਾਜ ਦੇ ਦਰਸ਼ਨ ਕਰੇ ਸੀ ਪਰ ਹੁਣ ਭੁਲੇ ਹੋਏ ਸੀ।

ਭਾਈ ਜੋਧ ਨੂੰ ਕਹਿਣ ਲੱਗੇ, "ਭਾਈ ਜੋਧ! ਇਹ ਜੋ ਤੂੰ ਪੜ੍ਹਦਾ ਹੈਂ, ਮੈਂ ਬੜੇ ਧਿਆਨ ਦੇ ਨਾਲ ਸ੍ਵਣ ਕਰੀ ਹੈ। ਇਕ ਇਕ ਅੱਖਰ ਸਮਝਣ ਦਾ ਯਤਨ ਕਰਿਆ ਹੈ ਤੇ ਮੇਰੇ ਮਨ ਵਿਚ ਗੱਲ ਬਹਿ ਗਈ। ਮੈਨੂੰ ਐਂ ਲੱਗਣ ਲੱਗ ਗਿਆ ਕਿ ਮੇਰਾ ਰਸਤਾ ਜਿਹੜਾ ਹੈ ਉਹ ਹੋਰ ਹੈ ਤੇ ਗੁਰੂ ਵਾਲਾ ਰਸਤਾ ਕੋਈ ਹੋਰ ਹੈ। ਤੂੰ ਮੈਨੂੰ ਇਹ ਤਾਂ ਦੱਸ, ਉਹ ਕੌਣ ਨੇ ਜਿਨ੍ਹਾਂ ਨੇ ਇਹ ਬਾਣੀ ਰਚੀ ਹੈ? ਕਿਥੇ ਰਹਿੰਦੇ ਨੇ? ਕਿਹੋ-ਜਿਹੇ ਨੇ? ਮੈਨੂੰ ਉਨ੍ਹਾਂ ਬਾਰੇ ਦੱਸ ਸਕਦਾ ਹੈਂ, ਜੇ ਤੈਨੂੰ ਪਤਾ ਹੋਵੇ?"

ਭਾਈ ਜੋਧ ਕਹਿਣ ਲੱਗੇ, "ਭਾਈ ਲਹਿਣਾ ਜੀ! ਜਿਨ੍ਹਾਂ ਦੇ ਬਾਰੇ ਤੂੰ ਗੱਲ ਕਰਦਾ ਹੈਂ, ਉਨ੍ਹਾਂ ਨੂੰ ਤਾਂ ਸਾਰਾ ਸੰਸਾਰ ਜਾਣਦਾ ਹੈ, ਕੋਈ ਭੁਲਿਆ ਹੋਇਆ ਨਹੀਂ ਹੈ ਉਨ੍ਹਾਂ ਨੂੰ ਜਿਵੇਂ ਸੂਰਜ ਨੂੰ ਕੋਈ ਨਹੀਂ ਭੁਲਿਆ ਹੋਇਆ। ਦੇਸ਼ਾਂ-ਵਿਦੇਸ਼ਾਂ, ਟਾਪੂਆਂ ਵਿਚ ਹਰ ਥਾਂ ਦੇ ਉਤੇ ਰਾਜੇ-ਮਹਾਰਾਜੇ ਸਾਧੂ ਵੱਡੇ-ਵੱਡੇ ਮੱਠਾਂ ਵਾਲੇ ਸਭ ਜਾਣਦੇ ਨੇ।"

ਕਹਿੰਦੇ, "ਮੈਂ ਨਹੀਂ ਸੁਣਿਆ ਤੇ ਮੈਨੂੰ ਕਿਰਪਾ ਕਰਕੇ ਉਨ੍ਹਾਂ ਦੀ ਜਾਣ-ਪਛਾਣ ਕਰਾਓ।" ਉਸ ਵੇਲੇ ਕਹਿਣ ਲੱਗੇ, "ਚਾਰ ਉਦਾਸੀਆਂ ਉਨ੍ਹਾਂ ਨੇ ਸੰਸਾਰ ਦੀਆਂ ਕਰੀਆਂ ਨੇ ਤੇ ਪੈਦਲ ਹੀ ਗਏ ਨੇ।"

ਇਕ ਅਨੁਮਾਨ ਅਨੁਸਾਰ ਅੱਜ ਦੇ ਸਿਆਣੇ ਹਿਸਾਬ ਲਾਉਂਦੇ ਨੇ ਕਿ ਉਨ੍ਹਾਂ ਨੇ 25000 ਮੀਲ ਸਫਰ ਪੈਦਲ ਕਰਿਆ ਲੇਕਿਨ ਉਸ ਵੇਲੇ ਦੇ ਸਿਆਣੇ ਇਸ ਤਰ੍ਹਾਂ ਦਾ ਹਿਸਾਬ ਨਹੀਂ ਸੀ ਲਾਉਂਦੇ। ਉਸ ਵੇਲੇ ਤਾਂ ਇਹ ਕਹਿੰਦੇ ਸਨ ਕਿ ਗੁਰੂ ਨਾਨਕ ਪਾਤਸ਼ਾਹ ਸਾਰੀ ਧਰਤੀ ਤੇ ਘੁੰਮੇ ਜਿਥੇ ਤੱਕ ਵਸੋਂ ਸੀ, ਜਿਥੇ ਤੱਕ ਮਨੁੱਖ ਸਨ ਉਥੇ ਤੱਕ ਘੁੰਮੇ। ਉਨ੍ਹਾਂ ਦੀ ਬੋਲੀ ਵਿਚ ਹੀ ਉਨ੍ਹਾਂ ਨੂੰ ਜਾ ਕੇ ਸੋਧ ਦਿਤੀ। ਰਿਕਾਰਡ ਰਿਹਾ ਜਾਂ ਨਾ ਰਿਹਾ ਇਹ ਗੱਲ ਵੱਖਰੀ ਹੈ ਪਰ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਜਿਥੇ ਤੱਕ ਵੀ ਧਰਤੀ ਸੀ ਉਥੇ ਤੱਕ ਗੁਰੂ ਨਾਨਕ ਪਾਤਸ਼ਾਹ ਨੇ ਜਾ ਕੇ ਆਪਣਾ ਸੱਚ ਦਾ ਸੰਦੇਸ਼ ਦਿਤਾ।

***ਬਾਬੇ ਡਿਠੀ ਪਿਰਥਮੀ, ਨਵੇ ਖੰਡਿ ਜਿਥੈ ਤਕਿ ਆਹੀ।***
***ਫਿਰਿ ਜਾਇ ਚੜ੍ਹਿਆ ਸਮੇਰ ਪਰ ਸਿਧ ਮੰਡਲੀ ਦ੍ਰਿਸਟੀ ਆਈ।***
***ਭਾਈ ਗੁਰਦਾਸ ਜੀ, ਵਾਰ 1/28***

ਕਿੰਨੇ ਹਜ਼ਾਰ ਮੀਲ ਸਫਰ ਕਰਿਆ, ਇਸ ਦਾ ਕੋਈ ਅੰਦਾਜ਼ਾ ਨਹੀਂ ਲਾਉਂਦੇ ਸਨ।

ਸੋ ਆਪ ਨੇ ਕਿਹਾ ਕਿ ਚਾਰ ਉਦਾਸੀਆਂ ਕੀਤੀਆਂ। ਉਸ ਤੋਂ ਬਾਅਦ ਕਿਉਂਕਿ ਸੰਗਤ ਐਨੀ ਵਧ ਗਈ ਉਨ੍ਹਾਂ ਨੂੰ ਅੱਗੇ ਉਪਦੇਸ਼ ਦੇਣਾ ਹੈ ਇਸ ਕਰਕੇ ਕੇਂਦਰ ਬਣਾਇਆ ਤੇ ਆਪ ਕਰਤਾਰਪੁਰ ਬਿਰਾਜਦੇ ਨੇ - ਆਪਣੇ ਤੋਂ ਨੇੜੇ ਹੀ ਦਰਿਆ ਰਾਵੀ ਦੇ ਕੰਢੇ ਤੇ। ਅੱਗੇ ਵੀ ਮੈਂ ਤੁਹਾਨੂੰ ਇਕ-ਦੋ ਵਾਰੀ ਗੱਲ ਕੀਤੀ ਹੈ। ਲਹਿਣਾ ਜੀ ਕਹਿੰਦੇ, "ਮੈਂ ਗੌਲੀ ਨਹੀਂ ਸੀ ਗੱਲ ਕਿ ਐਵੇਂ ਹੀ ਸਹਿਜ ਸੁਭਾਅ ਕਰਦੇ ਨੇ ਪਰ ਮੈਨੂੰ ਅੱਜ ਡੂੰਘਿਆਈ ਦਾ ਪਤਾ ਲੱਗਿਆ ਹੈ ਕਿ ਇਹ ਤਾਂ ਬਹੁਤ ਵੱਡੇ ਨੇ। ਤੂੰ ਮੈਨੂੰ ਇਹ ਤਾਂ ਦੱਸ ਕਿ ਉਨ੍ਹਾਂ ਦਾ ਗੁਰੂ ਕੌਣ ਹੈ? ਪੂਰੇ ਨੇ ਜਾਂ ਅਧੂਰੇ ਨੇ? ਤਪੱਸਿਆ ਕੀਤੀ ਹੈ ਜਾਂ ਕਿਵੇਂ ਉਨ੍ਹਾਂ ਨੂੰ ਪ੍ਰਾਪਤੀ ਹੋਈ ਹੈ?"

ਕਹਿਣ ਲੱਗੇ, "ਤੁਸੀਂ ਗੀਤਾ ਪੜ੍ਹਦੇ ਹੋ ਨਾ? ਉਸ ਦੇ ਵਿਚ ਕ੍ਰਿਸ਼ਨ ਭਗਵਾਨ ਕਹਿੰਦੇ ਨੇ ਕਿ ਜਦੋਂ-ਜਦੋਂ ਧਰਮ ਦੀ ਗਿਲਾਨੀ ਹੁੰਦੀ ਹੈ, ਉਸ ਵੇਲੇ ਜਿਹੜੇ ਪੂਰਨ ਮਹਾਂਪੁਰਸ਼ ਨੇ, ਉਹ ਸੰਸਾਰ ਦੀ ਗਿਲਾਨੀ ਦੂਰ ਕਰਨ ਵਾਸਤੇ ਸੰਸਾਰ ਵਿਚ ਆਇਆ ਕਰਦੇ ਨੇ।"

ਗੁਰੂ ਦਸ਼ਮੇਸ਼ ਪਿਤਾ ਨੇ ਵੀ ਲਿਖਿਆ ਹੈ ਕਿ -

***ਜਬ ਜਬ ਹੋਤ ਅਰਿਸ਼ਟ ਅਪਾਰਾ॥***

ਜਦੋਂ ਜਦੋਂ ਬਹੁਤ ਗਿਲਾਨੀ ਸੰਸਾਰ ਵਿਚ ਫੈਲ ਜਾਂਦੀ ਹੈ -

***ਤਬ ਤਬ ਦੇਹ ਧਰਤਿ ਅਵਤਾਰਾ॥***

ਉਸੇ ਵੇਲੇ ਦੇਹ ਧਾਰ ਕੇ ਅਵਤਾਰ ਆਇਆ ਕਰਦੇ ਨੇ। ਅਵਤਾਰ ਕੁਝ ਤਾਂ ਦੇਵਤੇ ਹੁੰਦੇ ਨੇ, ਕੁਝ ਵਿਸ਼ਨੂੰ ਜੀ ਦੇ ਅਵਤਾਰ ਹੁੰਦੇ ਨੇ। ਅਵਤਾਰਾਂ ਦੀ ਗਿਣਤੀ ਹੋਇਆ ਕਰਦੀ ਹੈ।

ਸੋ ਆਪ ਕਹਿਣ ਲੱਗੇ ਕਿ ਗੁਰੂ ਨਾਨਕ ਪਾਤਸ਼ਾਹ ਤਾਂ ਧੁਰ ਤੋਂ ਆਏ ਹੋਏ ਨੇ ਉਹ ਕਿਸੇ ਦੇਵਤੇ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਦਾ ਅਵਤਾਰ ਨਹੀਂ ਹਨ ਤੇ ਉਨ੍ਹਾਂ ਦੇ ਬਾਰੇ ਮੈਂ ਕੁਝ ਭੀ ਦੱਸ ਨਹੀਂ ਸਕਦਾ, ਜੇ ਮੈਂ ਦੱਸਾਂ ਤਾਂ ਪੂਰੀ ਤਰ੍ਹਾਂ ਬਿਆਨ ਨਹੀਂ ਕਰ ਸਕਦਾ ਪਰ ਜੋ ਉਨ੍ਹਾਂ ਬਾਰੇ ਸੰਸਾਰ ਦਾ ਖਿਆਲ ਹੈ ਜਿਨ੍ਹਾਂ ਨੇ ਪ੍ਰਤਿਆਇਆ ਹੈ ਉਹ ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਜਾਹਰ ਪੀਰ ਜਗਤ ਗੁਰ ਬਾਬਾ -2, 2.***
***ਜਾਹਰ ਪੀਰ ਜਗਤ ਗੁਰ ਬਾਬਾ -2, 2.***

ਕਹਿਣ ਲੱਗੇ ਕਿ ਉਹ ਤਾਂ ਕਿਤੇ ਲੁਕੇ ਛਿਪੇ ਨਹੀਂ ਹਨ, ਸਾਰੇ ਸੰਸਾਰ ਦੇ ਉਤੇ ਜ਼ਾਹਰ ਨੇ ਤੇ ਇਕ-ਦੋ-ਚਾਰ ਦੇ ਗੁਰੂ ਨਹੀਂ ਹਨ, ਸਾਰੇ ਸੰਸਾਰ ਦੇ ਗੁਰੂ ਨੇ -

***ਸਤਿਗੁਰ ਸਚਾ ਪਾਤਿਸਾਹੁ ਬੇਪਰਵਾਹੁ ਅਥਾਹੁ ਸਹਾਬਾ।।***
***ਨਾਉ ਗਰੀਬ ਨਿਵਾਜੁ ਹੈ ਬੇਮੁਹਤਾਜ ਨ ਮੋਹੁ ਮੁਹਾਬਾ॥***
***ਭਾਈ ਗੁਰਦਾਸ ਜੀ, ਵਾਰ 24/3***

ਕਹਿਣ ਲੱਗੇ, "ਗਰੀਬ-ਨਿਵਾਜ ਨੇ ਉਹ, ਸਾਰੀ ਦੁਨੀਆਂ ਉਨ੍ਹਾਂ ਨੂੰ ਗਰੀਬ-ਨਿਵਾਜ ਕਹਿੰਦੀ ਹੈ। ਕਿਸੇ ਤੋਂ ਕੋਈ ਖੁਸ਼ਾਮਦ ਨਹੀਂ ਕਰਾਉਂਦੇ, ਕਿਸੇ ਤੋਂ ਕੋਈ ਚੀਜ਼ ਨਹੀਂ ਲੈਂਦੇ, ਨਾ ਕਿਸੇ ਮੋਹ ਦੇ ਵਿਚ ਫਸਦੇ ਹਨ।"

***ਬੇਸੁਮਾਰ ਨਿਰੰਕਾਰੁ ਹੈ ਅਲਖ ਅਪਾਰੁ ਅਲਾਹ ਸਿਵਾਬਾ॥***
***ਭਾਈ ਗੁਰਦਾਸ ਜੀ, ਵਾਰ 24/3***

"ਉਹ ਬੇਸ਼ੁਮਾਰ ਹੈ ਜਿਨ੍ਹਾਂ ਦੀ ਕੋਈ ਗਿਣਤੀ ਮਿਣਤੀ ਨਹੀਂ ਕੀਤੀ ਜਾ ਸਕਦੀ, ਉਹ ਆਪ ਨਿਰੰਕਾਰ ਦਾ ਰੂਪ ਨੇ, ਅਲੱਖ ਅਤੇ ਅਪਾਰ ਹਨ ਤੇ ਪ੍ਰਮੇਸ਼ਰ ਨੂੰ ਪੂਰੀ ਤਰ੍ਹਾਂ ਦੇ ਨਾਲ ਸਿਆਣਦੇ ਹਨ।"

***ਕਾਇਮੁ ਦਾਇਮੁ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ॥***
***ਭਾਈ ਗੁਰਦਾਸ ਜੀ, ਵਾਰ 24/3***

"ਉਨ੍ਹਾਂ ਦੀ ਜੋ ਹਕੂਮਤ ਹੈ ਉਹ ਇਥੇ ਵੀ ਤੇ ਅਰਸ਼ਾਂ ਤੇ ਵੀ ਚੱਲ ਰਹੀ ਹੈ।"

***ਅਗਮੁ ਅਡੋਲੁ ਅਤੋਲੁ ਹੈ ਤੋਲਣਹਾਰੁ ਨ ਡੰਡੀ ਛਾਬਾ॥***
***ਇਕੁ ਛਤਿ ਰਾਜੁ ਕਮਾਂਵਦਾ ਦੁਸਮਣੁ ਦੂਤੁ ਨ ਸੋਰ ਸਰਾਬਾ॥***
***ਭਾਈ ਗੁਰਦਾਸ ਜੀ, ਵਾਰ 24/3***

"ਇਕ ਰਸ ਸਾਰੀ ਸ੍ਰਿਸ਼ਟੀ ਦਾ, ਅਰਸ਼ ਦਾ, ਕੁਰਸ਼ ਦਾ ਰਾਜ ਕਮਾਉਂਦੇ ਨੇ ਉਹ। ਇਸ ਰਾਜ ਦੇ ਅੰਦਰ ਨਾ ਕੋਈ ਇਕ ਦੂਜੇ ਨਾਲ ਦੁਸ਼ਮਣੀ ਕਰਦਾ ਹੈ, ਨਾ ਕੋਈ ਸ਼ੋਰ ਸ਼ਰਾਬਾ ਹੈ। ਸਾਰੇ ਹੀ ***'ਬੇਗਮਪੁਰਾ ਸਹਰ ਕੋ ਨਾਉ'*** ਦੇ ਵਾਸੀ ਨੇ।

***ਆਦਲੁ ਅਦਲੁ ਚਲਾਇਦਾ ਜਾਲਮੁ ਜੁਲਮੁ ਨ ਜੋਰ ਜਰਾਬਾ॥***

***ਭਾਈ ਗੁਰਦਾਸ ਜੀ, ਵਾਰ 24/3***

ਤੇ ਇਨਸਾਫ ਪੂਰਾ ਤੁਲਦਾ ਹੈ। ਇਸ ਵਿਚ ਕੋਈ ਜ਼ਾਲਮ ਨਹੀਂ, ਕਿਸੇ ਦੇ ਉਤੇ ਜ਼ੁਲਮ ਨਹੀਂ ਚਲਦਾ, ਕੋਈ ਜ਼ੋਰ ਨਹੀਂ ਚਲਦਾ, ਕੋਈ ਦੁਖੀ ਨਹੀਂ ਹੈ।"

***ਜਾਹਰ ਪੀਰ ਜਗਤੁ ਗੁਰੁ ਬਾਬਾ॥*** ***ਭਾਈ ਗੁਰਦਾਸ ਜੀ, ਵਾਰ 24/3***

ਭਾਈ ਜੋਧ ਜੀ ਕਹਿੰਦੇ, "ਪਹਿਲਾਂ ਵਰਣ ਅੱਡ ਸੀ ਨਾ ਸਾਰੇ; ਹਿੰਦੂ ਸੀ, ਖੱਤਰੀ ਸੀ, ਵੈਸ਼ ਸੀ, ਸ਼ੂਦਰ ਸੀ, ਇਕੱਠੇ ਬੈਠ ਨਹੀਂ ਸੀ ਸਕਦੇ ਇਕ ਥਾਂ ਤੇ। ਗੁਰੂ ਨਾਨਕ ਦੀ ਦਰਗਾਹ ਦੇ ਅੰਦਰ, ਇਨ੍ਹਾਂ ਦੇ ਦਰਬਾਰ ਦੇ ਅੰਦਰ ਸਾਰੇ ਇਕ ਲੰਗਰ 'ਚੋਂ ਪ੍ਰਸ਼ਾਦਾ ਛਕਦੇ ਨੇ ਤੇ ਸੰਗਤ ਵਿਚ ਮਿਲ ਕੇ ਪ੍ਰਮੇਸ਼ਰ ਦਾ ਭਜਨ ਕਰਦੇ ਨੇ।"

***ਚੰਦਨੁ ਵਾਸੁ ਵਣਾਸਪਤਿ ਅਵਲਿ ਦੋਮ ਨ ਸੇਮ ਖਰਾਬਾ॥***

***ਭਾਈ ਗੁਰਦਾਸ ਜੀ, ਵਾਰ 24/4***

"ਉਥੇ ਕੋਈ ਅੱਵਲ, ਦੋਮ, ਤੇਮ (ਇਕ, ਦੋ, ਤਿੰਨ) ਨਹੀਂ ਹਨ, ਅੱਡ-ਅੱਡ ਪੰਗਤਾਂ ਨਹੀਂ ਲਗਦੀਆਂ, ਸਾਰੇ ਇਕੋ ਹੀ ਨੇ ਤੇ ਜਿਵੇਂ ਚੰਦਨ ਦੀ ਵਾਸ ਸਾਰੀ ਬਨਸਪਤੀ ਨੂੰ ਚੰਦਨ ਬਣਾ ਦਿੰਦੀ ਹੈ, ਐਉਂ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਤੇ ਉਨ੍ਹਾਂ ਦੇ ਬਚਨ ਸਭ ਨੂੰ ਚੰਦਨ ਬਣਾ ਦਿੰਦੇ ਨੇ।"

***ਹੁਕਮੈ ਅੰਦਰਿ ਸਭ ਕੋ ਕੁਦਰਤਿ ਕਿਸ ਦੀ ਕਰੈ ਜਵਾਬਾ॥***

***ਭਾਈ ਗੁਰਦਾਸ ਜੀ, ਵਾਰ 24/4***

"ਨਾ ਦੇਵਤਿਆਂ ਦੀ ਤਾਕਤ ਹੈ, ਨਾ ਕਿਸੇ ਹੋਰ ਦੀ ਤਾਕਤ ਹੈ ਕਿ ਉਨ੍ਹਾਂ ਨੂੰ ਜਵਾਬ ਦੇ ਦੇਵੇ, ਸਾਰੇ ਉਨ੍ਹਾਂ ਦੇ ਹੁਕਮ ਵਿਚ ਚਲਦੇ ਨੇ।"

***ਜਾਹਰ ਪੀਰੁ ਜਗਤੁ ਗੁਰ ਬਾਬਾ॥*** ***ਭਾਈ ਗੁਰਦਾਸ ਜੀ, ਵਾਰ 24/4***

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਸਾਰੀ ਗੱਲ ਸਮਝਾਈ ਕਿ ਉਥੇ ਸੰਗਤ ਆਉਂਦੀ ਹੈ, ਲੰਗਰ ਚਲਦੇ ਨੇ, ਹਰ ਵਕਤ ਸ਼ਬਦ ਦਾ ਲੰਗਰ ਚਲਦਾ ਹੈ, ਬੰਦਗੀ ਹੁੰਦੀ ਹੈ -

***ਨਿਹਚਲ ਨੀਉ ਧਰਾਈਓਨੁ ਸਾਧ ਸੰਗਤਿ ਸਚਖੰਡ ਸਮੇਉ॥***

***ਭਾਈ ਗੁਰਦਾਸ ਜੀ, ਵਾਰ 24/2***

ਨਿਹਚੇ ਕਰਕੇ ਸੁਣੋ ਕਿ ਉਥੇ ਬਿਲਕੁਲ ਸਚਖੰਡ ਲਗਦਾ ਹੈ।

***ਗੁਰਮੁਖਿ ਪੰਥ ਚਲਾਇਓਨੁ ਸੁਖ ਸਾਗਰੁ ਬੇਅੰਤੁ ਅਮੇਉ॥***

***ਭਾਈ ਗੁਰਦਾਸ ਜੀ, ਵਾਰ 24/2***

ਅਮਾਪ, ਨਾ ਮਾਪਿਆ ਜਾਣ ਵਾਲਾ ਪੰਥ ਉਨ੍ਹਾਂ ਨੇ ਗੁਰਮੁਖਾਂ ਦਾ ਚਲਾਇਆ ਹੈ।

***ਸਚਿ ਸਬਦਿ ਆਰਾਧੀਐ ਅਗਮ ਅਗੋਚਰੁ ਅਲਖ ਅਭੇਉ॥***

***ਭਾਈ ਗੁਰਦਾਸ ਜੀ, ਵਾਰ 24/2***

ਹਰ ਵਕਤ ਉਥੇ ਸੱਚੇ ਸ਼ਬਦ ਦੀ ਅਰਾਧਨਾ ਹੁੰਦੀ ਰਹਿੰਦੀ ਹੈ।

***ਚਹੁ ਵਰਨਾ ਉਪਦੇਸਦਾ ਛਿਅ ਦਰਸਨ ਸਭਿ ਸੇਵਕ ਸੇਉ।***

***ਭਾਈ ਗੁਰਦਾਸ ਜੀ, ਵਾਰ 24/2***

ਸਾਰੇ ਸੇਵਾ ਕਰਦੇ ਨੇ। ਛੇ ਦਰਸ਼ਨ - ਜੋ ਵੇਦਾਂਤ ਸਾਸ਼ਤ੍ਰ, ਪਾਤੰਜਲ ਨੂੰ ਮੰਨਣ ਵਾਲੇ, ਵਿਸ਼ੇਸ਼ਕ ਨੂੰ ਮੰਨਣ ਵਾਲੇ, ਸਾਂਖ ਨੂੰ ਮੰਨਣ ਵਾਲੇ, ਨਿਆਏ ਸਾਸ਼ਤਰ ਨੂੰ ਮੰਨਣ ਵਾਲੇ ਸਾਰੇ ਜਾ ਕੇ ਉਨ੍ਹਾਂ ਦੀ ਸੇਵਾ ਕਰਦੇ ਨੇ ਤੇ ਉਹ ਸਾਰਿਆਂ ਨੂੰ ਉਪਦੇਸ਼ ਦਿੰਦੇ ਨੇ।

***ਮਿਠਾ ਬੋਲਣੁ ਨਿਵ ਚਲਣੁ ਗੁਰਮੁਖਿ ਭਾਉ ਭਗਤਿ ਅਰਥੇਉ।***
***ਭਾਈ ਗੁਰਦਾਸ ਜੀ, ਵਾਰ 24/3***

ਦੋ ਗੱਲਾਂ ਕਹਿੰਦੇ ਨੇ ਕਿ ਪ੍ਰੇਮੀਓ! ਜੇ ਬੋਲ ਬੋਲਣਾ ਹੈ ਤਾਂ ਮਿੱਠਾ ਬੋਲੋ, ਮੂੰਹ ਫੱਟ ਕੁਹਾੜੇ ਵਾਲੀ ਗੱਲ ਨਾ ਕਰਿਓ, ਕੌੜਾ ਨਾ ਬੋਲਿਓ, ਫਿੱਕਾ ਨਾ ਬੋਲਿਓ –

***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥ ਪੰਨਾ – 473***

"ਆਹ ਸੁਣਿਆ ਸੀ ਨਾ ਹੁਣੇ ਤੁਸੀਂ।"

ਭਾਈ ਲਹਿਣਾ ਜੀ ਕਹਿੰਦੇ, "ਹਾਂ! ਮੇਰੇ ਯਾਦ ਹੈ ਕਿ ਫਿੱਕਾ ਬੋਲਣ ਨੂੰ ਐਡਾ ਬੁਰਾ ਮੰਨਿਆ ਹੈ ਕਿ ਦਰਗਾਹ ਵਿਚੋਂ ਸੁੱਟ ਦਿੱਤਾ ਜਾਏਗਾ, ਚਾਹੇ ਕੁਝ ਵੀ ਕਰਿਆ ਹੋਇਆ ਹੋਵੇ ਉਸ ਨੇ। ਇਕ ਕੇਵਲ ਫਿੱਕਾ ਬੋਲਣ ਦੇ ਨਾਲ ਸੁੱਟਿਆ ਜਾਵੇਗਾ।" ਤੇ ਉਥੇ ਮਿੱਠਾ ਬੋਲਦੇ ਨੇ। ਫੇਰ ਉਥੇ ਕੋਈ ਆਕੜ ਨਹੀਂ। ਚਾਹੇ ਕੋਈ ਬਾਦਸ਼ਾਹ ਆ ਜਾਵੇ, ਚਾਹੇ ਬਿਲਕੁਲ ਗਰੀਬ ਆ ਜਾਵੇ, ਦੋਵੇਂ ਇਕ ਦੂਜੇ ਦੇ ਅੱਗੇ ਨਿਵਦੇ ਨੇ, ਪਿਆਰ ਦੇ ਨਾਲ ਭਗਤੀ ਕਰਦੇ ਨੇ ਪਿਆਰ ਦੀ –

***ਆਦਿ ਪੁਰਖੁ ਆਦੇਸੁ ਹੈ ਅਬਿਨਾਸੀ ਅਤਿ ਅਛਲ ਅਛੇਉ॥***
***ਜਗਤੁ ਗੁਰੂ ਗੁਰੁ ਨਾਨਕ ਦੇਉ॥ ਭਾਈ ਗੁਰਦਾਸ ਜੀ, ਵਾਰ 24/2***

ਤੇ ਉਹ ਤਾਂ ਸਾਰੇ ਸੰਸਾਰ ਦੇ ਗੁਰੂ ਨੇ।

***ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ॥***
***ਪੰਨਾ – 612***

ਜਿੰਨੇ ਵੀ ਨਿਰੰਕਾਰ ਦੀ ਭਗਤੀ ਦੇ ਭੰਡਾਰ ਨੇ, ਉਹ ਸਾਰੇ ਗੁਰੂ ਮਹਾਰਾਜ ਨੂੰ ਸੌਂਪ ਦਿਤੇ ਨੇ ਤੇ ਫੇਰ ਲੇਖਾ ਨਹੀਂ ਲਿਆ। ਉਹ ਸੰਸਾਰ ਵਿਚ ਇਹ ਭੰਡਾਰੇ ਵਰਤਾ ਰਹੇ ਹਨ।

ਕਹਿਣ ਲੱਗੇ, "ਉਨ੍ਹਾਂ ਦੇ ਬਚਪਨ ਵਿਚੋਂ ਵੀ ਜੇ ਮੈਂ ਕੋਈ ਬਚਨ ਸੁਣਾਵਾਂ ਤਾਂ ਹੈ ਸਮਾਂ ਤੁਹਾਡੇ ਕੋਲ?"

ਭਾਈ ਲਹਿਣਾ ਜੀ ਕਹਿਣ ਲੱਗੇ, "ਹਾਂ, ਜਿਉਂ-ਜਿਉਂ ਤੁਸੀਂ ਸੁਣਾਉਂਦੇ ਹੋ – ਗੁਰੂ ਨਾਨਕ ਪਾਤਸ਼ਾਹ ਦੇ ਬਾਰੇ, ਭਾਵੇਂ ਮੈਂ ਦਰਸ਼ਨ ਨਹੀਂ ਕਰੇ ਪਰ ਮੈਨੂੰ ਐਉਂ ਲੱਗਣ ਲੱਗ ਗਿਆ ਜਿਵੇਂ ਮੇਰਾ ਤੇ ਉਨ੍ਹਾਂ ਦਾ ਸਬੰਧ ਕੋਈ ਪਿਛਲਾ ਹੀ ਹੈ ਤੇ ਮੇਰੇ ਅੰਦਰ ਖਿੱਚ ਪੈਣੀ ਸ਼ੁਰੂ ਹੋ ਗਈ ਉਨ੍ਹਾਂ ਦੇ ਬਚਨ ਸੁਣ ਕੇ।"

"ਭਾਈ ਜੋਧ ਜੀ ਕਹਿਣ ਲੱਗੇ, "ਜਦੋਂ ਗੁਰੂ ਨਾਨਕ ਸਾਹਿਬ ਦਾ ਜਨਮ ਹੋਇਆ ਸੀ, ਉਸ ਵੇਲੇ ਉਨ੍ਹਾਂ ਨੇ ਆਪਣੀ ਸ਼ਕਤੀ ਮਾਤਾ ਜੀ ਨੂੰ ਦਿਖਾ ਦਿਤੀ ਸੀ। ਪਹਿਲਾਂ ਦਾਈ ਨੂੰ ਦਿਖਾਈ, ਦਾਈ ਹੈਰਾਨ ਹੋ ਗਈ ਕਿ ਅਨਹਦ ਧੁਨੀਆਂ ਵੱਜ ਰਹੀਆਂ ਨੇ, ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਉਹ ਵੀ ਵਿਸਮਾਦਕ ਅਵਸਥਾ ਵਿਚ ਆ ਗਈ ਕਿ ਇਹੋ ਜਿਹਾ ਬਾਲਕ ਅਜ ਤੱਕ ਨਹੀਂ ਦੇਖਿਆ ਕਿ ਐਨਾ ਪ੍ਰਕਾਸ਼, ਐਨੀਆਂ ਪ੍ਰਕਾਸ਼ ਵਾਲੀਆਂ ਰੂਹਾਂ। ਉਹ ਜਦੋਂ ਦਸਦੀ ਸੀ ਤਾਂ ਸਾਰੇ ਆਮ ਗੱਲ ਵਾਂਗ ਸੁਣਦੇ ਸਨ। ਗੱਲ ਕੋਈ ਸਮਝਦਾ ਨਹੀਂ ਸੀ ਕਿਉਂਕਿ ਸਾਰਿਆਂ ਤੇ ਮਾਇਆ ਪਈ ਹੋਈ ਸੀ।

ਜਦੋਂ ਆਪ ਦਾ ਜਨਮ ਹੋਇਆ ਉਸ ਸਮੇਂ ਮਾਤਾ ਜੀ ਥੋੜ੍ਹੀ ਦੇਰ ਬਾਅਦ ਨੀਂਦ ਵਿਚ ਚਲੇ ਗਏ। ਅੰਦਰ ਜਾਗੋਮੀਟੀ ਵਿਚ ਦੇਖਿਆ ਕਿ ਗੁਰੂ ਨਾਨਕ ਪਾਤਸ਼ਾਹ ਦੇ ਦੁਆਲੇ ਤਾਂ ਆਰਤੀ ਉਤਾਰੀ ਜਾ ਰਹੀ ਹੈ, ਵੱਡੇ ਦੇਵਤਾ ਆਏ ਹੋਏ ਨੇ ਆਰਤੀ ਉਤਾਰਨ ਵਾਸਤੇ ਤੇ ਕੇਸਰ ਦਾ ਛਿੜਕਾਅ ਹੋ ਰਿਹਾ ਹੈ, ਫੁੱਲਾਂ ਦੇ ਨਾਲ ਪੂਜਾ ਕੀਤੀ ਜਾ ਰਹੀ ਹੈ। ਮਾਤਾ ਜੀ ਨੂੰ ਜਾਗ ਆ ਗਈ ਤੇ ਉਠ ਕੇ ਦੇਖਦੇ ਨੇ ਕਿ ਇਹ ਕੀ ਗੱਲ! ਐਨਾ ਪ੍ਰਕਾਸ਼ ਤੇ ਐਨੀਆਂ ਰੂਹਾਂ? ਇਕ ਦਮ ਮਹਾਰਾਜ ਜੀ ਨੇ ਮਾਇਆ ਪਾ ਦਿਤੀ। ਉਹ ਸਾਰਾ ਦ੍ਰਿਸ਼ ਅਲੋਪ ਹੋ ਗਿਆ ਤੇ ਇਸ ਸਭ ਕਾਸੇ ਨੂੰ ਮਾਤਾ ਨੇ ਨੀਂਦ ਵਿਚ ਆਇਆ ਸੁਪਨਾ ਹੀ ਸਮਝ ਲਿਆ ਤੇ ਆਪ ਨੇ ਉਦੋਂ ਹੀ ਦੁਧ ਮੰਗ ਲਿਆ, ਰੋਣ ਲੱਗ ਗਏ। ਉਸ ਵੇਲੇ ਮਾਤਾ ਨੇ ਸਮਝਿਆ ਕਿ

ਇਹ ਦ੍ਰਿਸ਼ ਮੇਰੇ ਮਨ ਦਾ ਕੋਈ ਵਹਿਮ ਹੀ ਸੀ। ਕਿਉਂਕਿ ਸਾਰੇ ਮਹਾਂਪੁਰਸ਼ਾਂ ਨੇ ਆਪਣੇ ਆਪ ਦੇ ਬਾਰੇ ਪਹਿਲਾਂ ਹੀ ਦੱਸ ਦਿਤਾ ਸੀ। ਮਹਾਂਪੁਰਸ਼ ਆਪਣੀ ਮਾਤਾ ਨੂੰ ਜ਼ਰੂਰ ਦਸਦੇ ਨੇ।

ਸ੍ਰੀ ਰਾਮ ਚੰਦਰ ਜੀ ਨੇ ਆਪਣੀ ਮਾਤਾ ਕੁਸ਼ਲਿਆ ਨੂੰ ਸਭ ਰੂਹਾਨੀ ਗੁਪਤ ਭੇਦ ਪ੍ਰਗਟ ਕਰ ਦਿਤੇ ਸਨ। ਕ੍ਰਿਸ਼ਨ ਮਹਾਰਾਜ ਜੀ ਜਦੋਂ ਮਿੱਟੀ ਖਾਂਦੇ ਸੀ ਤਾਂ ਮਾਤਾ ਨੇ ਆ ਕੇ ਕਿਹਾ ਕਿ ਤੂੰ ਮਿੱਟੀ ਖਾਧੀ ਹੈ? ਆਪ ਨੇ ਸਿਰ ਹਿਲਾ ਦਿਤਾ ਕਿ ਨਹੀਂ। ਉਨ੍ਹਾਂ ਨੇ ਕਿਹਾ ਗਪੌੜੂ ਨਾ ਹੋਵੇ। ਉਸ ਦਿਨ ਦਾ 'ਗਪੌੜੂ' ਨਾ ਪਿਆ ਹੋਇਆ ਹੈ। ਮੂੰਹ ਅੱਡ; ਜਦੋਂ ਮੂੰਹ ਅੱਡਿਆ ਤਾਂ ਮਾਤਾ ਕੀ ਦੇਖਦੀ ਹੈ ਕਿ ਮੂੰਹ ਵਿਚ ਤਾਂ ਫੇਰ ਸਾਰੀ ਤ੍ਰਿਲੋਕੀ ਨਜ਼ਰ ਆ ਰਹੀ ਹੈ, ਨਾਲ ਦੀ ਨਾਲ ਮਾਇਆ ਪਾ ਦਿਤੀ। ਦਿਖਾਉਂਦੇ ਨੇ ਮਹਾਂਪੁਰਸ਼ ਸ਼ਕਤੀ ਪਰ ਮਾਇਆ ਪੈ ਜਾਂਦੀ ਹੈ ਉਸੇ ਵੇਲੇ। ਪਰ ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਸ਼ਕਤੀ ਦਿਖਾਈ, ਦੁੱਧ ਮੰਗ ਲਿਆ, ਨਾਲ ਦੀ ਨਾਲ ਮਾਇਆ ਪੈ ਗਈ ਮਾਤਾ ਤੇ। ਸੋ ਭਾਈ ਜੋਧ ਜੀ ਕਹਿਣ ਲੱਗੇ ਐਸੇ ਸਮਰੱਥ ਨੇ। ਬਾਲਪਣ ਦੀਆਂ ਹੀ ਜੇ ਗੱਲਾਂ ਦੱਸੀਏ ਤੁਹਾਨੂੰ -

ਇਕ ਦਿਨ ਆਪ ਬਾਹਰ ਜਾ ਕੇ ਸੌਂ ਜਾਂਦੇ ਨੇ; ਸੌਂਦੇ ਕਾਹਨੂੰ ਸੀ? ਮਹਾਂਪੁਰਖ ਕਦੇ ਸੌਂਇਆ ਨਹੀਂ ਕਰਦੇ ਸਾਧ ਸੰਗਤ ਜੀ! ਸੰਸਾਰ ਸੌਂਦਾ ਹੈ। ਉਨ੍ਹਾਂ ਨੂੰ ਸਦਾ ਦੀ ਜਾਗ੍ਰਤ ਪ੍ਰਾਪਤ ਹੁੰਦੀ ਹੈ। ਸੰਸਾਰ ਤਾਂ ਦੋ ਤਰ੍ਹਾਂ ਦੀ ਨੀਂਦ ਸੌਂਦਾ ਹੈ। ਇਕ ਇਹ ਸਰੀਰ ਦੀ ਨੀਂਦ ਸੌਂਦਾ ਹੈ, ਇਕ ਇਸ ਦੇ ਉਤੇ ਅਗਿਆਨ ਦੀ ਨੀਂਦ ਚੜ੍ਹੀ ਹੋਈ ਹੈ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥***

***ਪੰਨਾ - 920***

ਰਜੋ ਗੁਣ, ਤਮੋ ਗੁਣ, ਸਤੋ ਗੁਣ ਦੀਆਂ ਲਹਿਰਾਂ ਦੇ ਵਿਚ ਇਹ ਆਪਣੇ ਦੇਖਦਾ ਹੈ, ਪਰਾਏ ਦੇਖਦਾ ਹੈ, ਮਿੱਤਰ ਦੇਖਦਾ ਹੈ, ਦੁਸ਼ਮਣ ਦੇਖਦਾ ਹੈ, ਘਾਟੇ ਦੇਖਦਾ ਹੈ, ਵਾਧੇ ਦੇਖਦਾ ਹੈ ਤੇ ਇਸ ਦੇ ਵਿਚ ਸੁੱਤਾ ਪਿਆ ਹੈ। ਇਕ ਤਾਂ ਨੀਂਦ ਹੁੰਦੀ ਹੈ ਸਰੀਰ ਦੀ, ਦੂਜੀ ਨੀਂਦ ਅਗਿਆਨ ਦੀ ਹੁੰਦੀ ਹੈ। ਮਹਾਂਪੁਰਖਾਂ ਵਿਚ ਨਹੀਂ ਹੁੰਦੀ, ਨੀਂਦ ਤੋਂ ਖਾਲੀ ਹੀ ਹੁੰਦੇ ਨੇ। ਆਪ ਦਰਖਤ ਦੇ ਥੱਲੇ ਮੈਦਾਨ ਵਿਚ ਪਏ ਨੇ ਤੇ ਦਿਨ ਚੜ੍ਹਦਾ ਗਿਆ। ਕਿਸ ਅਵਸਥਾ ਵਿਚ ਪਏ ਨੇ -

***ਅਨਹਤ ਸੁੰਨਿ ਰਤੇ ਸੇ ਕੈਸੇ॥ ਜਿਸ ਤੇ ਉਪਜੇ ਤਿਸ ਹੀ ਜੈਸੇ॥***
***ਪੰਨਾ - 943***

ਮਹਾਤਮਾ ਵੀ ਜੇ ਅਨਹਦ ਅਫੁਰ ਸੁੰਨ ਅਵਸਥਾ ਵਿਚ ਪਹੁੰਚ ਜਾਣ, ਕੋਈ ਫੁਰਨਾ ਨਾ ਕਰਨ ਕਰਕੇ ਸਰੀਰ ਹਰਕਤ ਨਹੀਂ ਕਰਿਆ ਕਰਦਾ। ਉਸੇ ਵੇਲੇ ਇਕ ਚਿੱਟਾ ਸੱਪ ਆਇਆ, ਆ ਕੇ ਉਸ ਨੇ ਫਣ ਖਲਾਰਿਆ ਤੇ ਮਹਾਰਾਜ ਜੀ ਦੇ ਮੁਖ ਤੇ ਛਾਂ ਕਰ ਦਿਤੀ। ਰਾਏ ਬੁਲਾਰ ਨੇ ਆ ਕੇ ਦੇਖਿਆ, ਕਹਿਣ ਲੱਗੇ, "ਹੈਰਾਨੀ ਦੀ ਗੱਲ ਹੈ, ਇਹ ਬੱਚਾ ਹੈ ਜਾਂ ਕੀ ਹੈ ਇਹ?"

ਸੱਪ ਨੇ ਡੰਗ ਨਹੀਂ ਮਾਰਿਆ ਸਗੋਂ ਧੁੱਪ ਨੂੰ ਆਪਣੇ ਉਤੇ ਰੋਕੀ ਬੈਠਾ ਹੈ ਤੇ ਪਰਛਾਵਾਂ ਮੁਖ ਦੇ ਉਤੇ ਪੈ ਰਿਹਾ ਹੈ ਤੇ ਲਾਲ ਚਿਹਰਾ ਦਗ-ਦਗ ਕਰਦਾ ਹੈ। ਸਵਾਰ ਭੇਜਿਆ ਕਿ ਜਾ ਕੇ ਦੇਖ, ਜੀਵਤ ਹੈ? ਜਦੋਂ ਸਵਾਰ ਗਿਆ ਤਾਂ ਸੱਪ ਹੌਲੀ-ਹੌਲੀ ਲਾਂਭੇ ਹੋ ਗਿਆ ਤੇ ਛਾਂਈ-ਮਾਈਂ ਹੋ ਗਿਆ।

ਕਹਿਣ ਲੱਗਿਆ, "ਮਹਾਰਾਜ! ਠੀਕ ਨੇ ਨਾਨਕ ਜੀ! ਮੇਰੀ ਵੀ ਸਮਝ 'ਚ ਨਹੀਂ ਆਉਂਦਾ ਕਿ ਕੀ ਹੈ।"

ਰਾਏ ਬੁਲਾਰ ਕਹਿੰਦੇ, "ਮੈਂ ਸਮਝ ਗਿਆ।"

ਪਹਿਲਾ ਸਿੱਖ ਰਾਏ ਬੁਲਾਰ ਹੋਇਆ ਹੈ; ਉਸ ਤੋਂ ਪਹਿਲਾਂ ਬੇਬੇ ਨਾਨਕੀ, ਨੇ ਪਛਾਣ ਕੀਤੀ, ਫੇਰ ਰਾਏ ਬੁਲਾਰ ਸਨ। ਬੇਬੇ ਨਾਨਕੀ ਨੇ ਗੁਰੂ ਨਾਨਕ ਪਾਤਿਸ਼ਾਹ ਨੂੰ ਪੂਰੀ ਤਰ੍ਹਾਂ ਸਮਝਿਆ। ਕਹਿਣ ਲੱਗੇ ਕਿ ਇਕ ਦਿਨ ਦਰਖਤ ਦੇ ਥੱਲੇ ਪਏ ਨੇ। ਸਾਰੇ ਦਰਖਤਾਂ ਦੇ ਪ੍ਰਛਾਵੇਂ ਬਦਲ ਗਏ, ਪੂਰਬ ਨੂੰ ਹੋ ਗਏ ਪਰ ਇਕ ਦਰਖਤ ਜਿਸ ਦੇ ਥੱਲੇ ਪਏ ਨੇ ਉਹ ਪਰਛਾਵਾਂ ਉਵੇਂ-ਜਿਵੇਂ ਧੁੱਪ ਰੋਕੀ ਖੜ੍ਹਾ ਹੈ। ਉਸ ਦਿਨ ਵੀ

ਰਾਇ ਬੁਲਾਰ ਆ ਗਿਆ। ਸੋ ਇਸ ਤੋਂ ਬਾਅਦ ਗੁਰੂ ਨਾਨਕ ਪਾਤਸ਼ਾਹ ਪਸ਼ੂ ਚਾਰਨ ਜਾਂਦੇ ਨੇ। ਪਿਤਾ ਨੇ ਕਿਹਾ ਕਿ ਜੇ ਤੂੰ ਹੋਰ ਕੰਮ ਨਹੀਂ ਕਰਨਾ ਤਾਂ ਪਸ਼ੂ ਹੀ ਚਾਰ ਲੈ ਪਰ ਆਪ ਆਪਣੀ ਧੁਨ ਵਿਚ ਬੈਠੇ ਨੇ। ਪਸ਼ੂ ਗਏ, ਖੁੱਲ੍ਹੇ ਖੇਤ ਖਾਂਦੇ ਫਿਰ ਰਹੇ ਨੇ। ਇਕ ਕਿਸਾਨ ਦਾ ਖੇਤ ਖਾ ਲਿਆ। ਕਿਸਾਨ ਆਇਆ, ਝਗੜਾ ਕਰਦਾ ਹੈ, ਮੱਝਾਂ ਨੂੰ ਕੁੱਟ-ਕੁੱਟ ਕੇ ਬਾਹਰ ਕੱਢਦਾ ਹੈ, ਬੜਾ ਕ੍ਰੋਧਿਤ ਹੋਇਆ, ਰਾਏ ਦੇ ਪਾਸ ਆ ਕੇ ਸ਼ਿਕਾਇਤ ਲਾਉਂਦਾ ਹੈ। ਗੁਰੂ ਨਾਨਕ ਪਾਤਿਸ਼ਾਹ ਦੀ ਪਹਿਲੀ ਪੇਸ਼ੀ ਹੁੰਦੀ ਹੈ।

ਰਾਏ ਕਹਿਣ ਲੱਗੇ, "ਨਾਨਕ ਜੀ! ਤੁਸੀਂ ਪਸ਼ੂਆਂ ਤੋਂ ਇਨ੍ਹਾਂ ਦੇ ਖੇਤ ਖਲਾ ਦਿੱਤੇ?"

ਮਹਾਰਾਜ ਜੀ ਕਹਿੰਦੇ, "ਖੇਤ ਪ੍ਰਮੇਸ਼ਰ ਦੇ ਨੇ, ਖਾਇਆਂ ਮੁਕਿਆ ਨਹੀਂ ਕਰਦੇ ਸਗੋਂ ਵਧਿਆ ਕਰਦੇ ਨੇ। ਜਾ ਕੇ ਦੇਖ ਲਓ।"

ਜਦੋਂ ਜਾ ਕੇ ਦੇਖਿਆ, ਹੈਰਾਨ ਹੋ ਗਿਆ ਉਹ ਵੀ। ਕਹਿਣ ਲੱਗਿਆ ਕਿ ਇਹ ਤਾਂ ਸਭ ਖਾਧੇ ਹੋਏ ਸਨ, ਇਹ ਕੀ ਹੋ ਗਿਆ ਇਹ ਤਾਂ ਪਹਿਲਾਂ ਨਾਲੋਂ ਵੀ ਦੂਣੇ ਨਿਕਲੇ ਹੋਏ ਨੇ। ਸੋ ਕਹਿਣ ਲੱਗੇ ਇਹੋ-ਜਿਹੀਆਂ ਅਜੀਬ ਬਾਤਾਂ ਗੁਰੂ ਨਾਨਕ ਪਾਤਿਸ਼ਾਹ ਦੀਆਂ, ਜਦੋਂ ਤੋਂ ਸੰਗਤ ਕਰਨ ਲੱਗੇ ਹਾਂ, ਉਸ ਵੇਲੇ ਤੋਂ ਆਮ ਗੁਰਸਿੱਖਾਂ ਵਿਚ ਚਲਦੀਆਂ ਰਹਿੰਦੀਆਂ ਹਨ ਤੇ ਇਨ੍ਹਾਂ ਨਾਲ ਸ਼ਰਧਾ ਵੀ ਵਧਦੀ ਹੈ।

***ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥ ਪੰਨਾ - 951***

ਸ੍ਰੀ ਰਾਮ ਚੰਦਰ ਜੀ ਵਸਿਸ਼ਟ ਜੀ ਤੋਂ 64 ਦਿਨ ਬ੍ਰਹਮ ਵਿਦਿਆ ਪੜ੍ਹਦੇ ਰਹੇ। ਅੱਠ ਦਿਨ ਆਪ ਨੇ ਵਿਸ਼ਵਾਮਿੱਤਰ ਤੋਂ ਸ਼ਸਤਰ ਵਿਦਿਆ ਦਾ ਅਭਿਆਸ ਕੀਤਾ ਤੇ ਕ੍ਰਿਸ਼ਨ ਮਹਾਰਾਜ ਜੀ ਨੇ ਅੱਠ ਦਿਨ ਦੇ ਵਿਚ ਬ੍ਰਹਮ ਗਿਆਨ ਦੀ ਵਿਦਿਆ ਲਈ ਦੁਰਬਾਸ਼ਾ ਜੀ ਤੋਂ, ਤੇ 64 ਦਿਨਾਂ ਵਿਚ ਰਿਸ਼ੀ ਸੰਦੀਪਨ ਤੋਂ ਆਪ ਨੇ ਸ਼ਸਤਰ ਵਿਦਿਆ ਧਾਰਨ ਕੀਤੀ।

ਗੁਰੂ ਨਾਨਕ ਪਾਤਸ਼ਾਹ ਜੀ ਸਕੂਲ ਵਿਚ ਭੇਜੇ ਨੇ ਤਾਂ ਆਪ ਨੇ ਸਕੂਲ ਵਾਲੇ ਆਪਣੇ ਅਧਿਆਪਕ ਨੂੰ ਹੀ ਪੜ੍ਹਾ ਦਿਤਾ, ਮਦਰਸੇ ਦੇ ਅੰਦਰ ਭੇਜੇ ਤਾਂ ਮੁੱਲਾਂ ਨੂੰ ਪੜ੍ਹਾ ਦਿਤਾ, ਸੰਸਕ੍ਰਿਤ ਪੜਨ ਭੇਜੇ ਤਾਂ ਪੰਡਤ ਬ੍ਰਿਜਨਾਥ ਨੂੰ ਪੜ੍ਹਾ ਦਿਤਾ ਤੇ ਬਿਨਾਂ ਪੜ੍ਹੇ ਹੀ ਉਹ ਪੜ੍ਹੇ ਹੋਏ ਨੇ। ਉਹ ਤਾਂ ਦੂਜਿਆਂ ਨੂੰ ਪੜ੍ਹਾਉਣ ਵਾਲੇ ਨੇ। ਇਹ ਸੰਸਾਰ ਕਹਿੰਦਾ ਹੈ ਕਿ ਗੁਰੂ ਸਾਹਿਬ ਪੜ੍ਹਨ ਨਹੀਂ ਗਏ। ਅੱਜ ਦੇ ਪ੍ਰੋਫੈਸਰ ਕਹਿੰਦੇ ਨੇ, ਨਹੀਂ! ਜ਼ਰੂਰ ਪੜ੍ਹੇ ਹੋਣਗੇ। ਆਪਣੇ ਨਾਲ ਗੁਰੂ ਸਾਹਿਬ ਨੂੰ ਮੇਲਦੇ ਨੇ, ਉਨ੍ਹਾਂ ਨੂੰ ਇਕ ਸਾਧਾਰਣ ਮਨੁੱਖ ਹੀ ਜਾਣਦੇ ਨੇ। ਜਦੋਂ ਕਿਸੇ ਮਹਾਂਪੁਰਖ ਨੂੰ ਮਨੁੱਖ ਕਰਕੇ ਜਾਣ ਲਿਆ ਤਾਂ ਅਸੀਂ ਆਪਣੀ ਬੁੱਧੀ ਦੇ ਨਾਲ ਆਪਣੇ ਆਪ ਨਾਲ ਹੀ ਮੇਚਾਂਗੇ। ਆਪਾਂ ਕਹਾਂਗੇ ਅਸੀਂ ਤਾਂ Ph.D. ਕਰੀ ਹੋਈ ਹੈ, ਗੁਰੂ ਸਾਹਿਬ ਨੇ ਤਾਂ ਪਹਿਲੀ-ਦੂਜੀ ਜਾਂ ਦਸ ਜਮਾਤਾਂ ਪੜ੍ਹੀਆਂ ਹੋਣਗੀਆਂ, ਉਸ ਵੇਲੇ ਕਿਹੜਾ Ph.D. ਕਰਦਾ ਸੀ? ਆਪਣੇ-ਆਪ ਨੂੰ ਵੱਡਾ ਕਹਿੰਦੇ ਨੇ। ਪਰ ਗੁਰੂ ਸਾਹਿਬ ਕਹਿੰਦੇ, "ਨਾ ਪਿਆਰਿਓ! ਸੁਣੋ -

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥ ਪੰਨਾ - 140***

ਪੜ੍ਹਿਆ ਹੋਇਆ ਨਾ ਉਸ ਨੂੰ ਕਹੋ, ਉਹ ਤਾਂ ਮੂਰਖ ਹੁੰਦਾ ਹੈ ਜਿਸ ਵਿਚ ਅਜੇ ਲਬ-ਲੋਭ, ਅਹੰਕਾਰ, ਕਾਮ ਪਿਆ ਹੈ, ਕ੍ਰੋਧ ਪਿਆ ਹੈ, ਮੋਹ, ਈਰਖਾ, ਨਿੰਦਿਆ-ਚੁਗਲੀ, ਆਸਾ ਤ੍ਰਿਸ਼ਨਾ ਦੀਆਂ ਡੈਣਾਂ ਅੰਦਰ ਲਈ ਬੈਠਾ ਹੈ, ਉਸ ਨੂੰ ਪੜ੍ਹਿਆ ਹੋਇਆ ਕੌਣ ਕਹਿੰਦਾ ਹੈ, ਉਹ ਤਾਂ ਅਨਪੜ੍ਹ ਹੈ। ਪੜ੍ਹਿਆ ਹੋਇਆ ਤਾਂ ਉਹ ਹੈ -

***ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ॥ ਪੰਨਾ - 938***

ਜਿਹੜਾ ਹਰ ਵਕਤ ਪ੍ਰਭੂ ਨੂੰ ਯਾਦ ਰਖਦਾ ਹੈ, ਕਿਉਂਕਿ ਪੜ੍ਹ ਕੇ ਤਾਂ ਸੋਝੀ ਆਉਂਦੀ ਹੈ, ਪੜ੍ਹ ਕੇ ਅਨ੍ਹੇਰਾ ਨਹੀਂ ਮਨ ਵਿਚ ਪੈਂਦਾ ਪਰ ਜੋ ਸਾਡੀ ਵਿਦਿਆ ਹੈ, ਇਹ ਮਨ ਵਿਚ ਅਨ੍ਹੇਰਾ ਪਾਉਂਦੀ ਹੈ। ਇਹ ਸਾਨੂੰ

ਸੱਚ ਦੀ ਪੜ੍ਹਾਈ ਵੱਲ ਨਹੀਂ ਜਾਣ ਦਿੰਦੀ, ਨਾ ਸਾਡੇ ਅੰਦਰ ਨਿਹਚਾ ਆਉਂਦਾ ਹੈ। ਇਸ ਕਰਕੇ ਇਹ ਵਿਦਿਆ ਕਿਸੇ ਕੰਮ ਨਹੀਂ ਹੈ, ਰੋਟੀ ਕਮਾਉਣ ਦੇ ਕੰਮ ਹੈ। ਰੋਟੀ ਪ੍ਰਮੇਸ਼ਰ ਦਿੰਦਾ ਹੈ, ਇਸ ਕਰਕੇ ਐਸੀ ਵਿਦਿਆ ਫਜ਼ੂਲ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਨੂੰ ਜਦੋਂ ਪਿਤਾ ਜੀ ਪੜ੍ਹਨ ਵਾਸਤੇ ਲੈ ਜਾਂਦੇ ਨੇ ਤਾਂ ਉਹ ਸਕੂਲ ਵਿਚ ਦਾਖਲ ਕਰਾ ਦਿਤੇ, ਸ਼ੱਕਰ ਦੀ ਪਰਾਤ ਦੇ ਦਿੱਤੀ, ਸਵਾ ਰੁਪਈਆ ਉਤੇ ਰੱਖ ਦਿਤਾ, ਇਕ ਫੁਲਕਾਰੀ ਰੱਖ ਦਿਤੀ। ਇਹ ਦੱਛਣਾ ਹੋਇਆ ਕਰਦੀ ਸੀ – ਪੜ੍ਹਾਈ ਦੀ ਫੀਸ। ਸ਼ੱਕਰ ਬੱਚਿਆਂ ਨੂੰ ਵੰਡ ਦਿੱਤੀ ਤੇ ਜਿਹੜਾ ਸਵਾ ਰੁਪਈਆ ਸੀ ਉਹ ਪਾਧਾ ਜੀ ਦੇ ਪਾਸ ਚਲਿਆ ਗਿਆ ਤੇ ਫੁਲਕਾਰੀ ਵੀ ਚਲੀ ਗਈ ਤੇ ਪਾਧੇ ਨੇ ਗੁਰੂ ਨਾਨਕ ਸਾਹਿਬ ਦਾ ਨਾਮ ਆਪਣੇ ਰਜਿਸਟਰ ਵਿਚ ਲਿਖ ਲਿਆ ਤੇ ਗੁਰੂ ਸਾਹਿਬ ਨੂੰ ਕਹਿਣ ਲਗਿਆ, "ਨਾਨਕ ਜੀ! ਇਥੇ ਬਹੁਤ ਪਿਆਰ ਨਾਲ ਤੁਹਾਨੂੰ ਪੜ੍ਹਾਵਾਂਗੇ। ਓਹ ਦੇਖੋ! ਬੱਚੇ ਪਹਾੜੇ ਪੜ੍ਹਦੇ ਨੇ, ਤੁਸੀਂ ਵੀ ਵਿਚ ਹੀ ਬੋਲੀ ਜਾਓ ਜਿਵੇਂ ਉਹ ਬੋਲਦੇ ਨੇ।"

ਆਪ ਖੜ੍ਹ ਗਏ। ਉਥੇ ਬੱਚੇ ਬੋਲ ਰਹੇ ਨੇ – ਇਕ ਦੂਣੀ ਦੂਣੀ, ਦੋ ਦੂਣੀ ਚਾਰ। ਇਕ ਅੱਗੇ-ਅੱਗੇ ਬੋਲਦਾ ਹੈ, ਬਾਕੀ ਪਿਛੇ-ਪਿਛੇ ਓਹੀ ਬੋਲਦੇ ਨੇ। ਗੁਰੂ ਸਾਹਿਬ ਚੁਪ ਕਰੀ ਖੜ੍ਹੇ ਨੇ। ਦੂਸਰੇ ਦਿਨ ਸਕੂਲ ਫੇਰ ਗਏ। ਪਾਧਾ ਜੀ ਕਹਿੰਦੇ, ਫੱਟੀ ਲੈ ਆਇਓ। ਫੱਟੀ ਲੈ ਆਂਦੀ। ਪਾਧਾ ਜੀ ਨੇ ਕਿਹਾ, "ਮੇਰੇ ਪਾਸ ਲੈ ਆਓ।"

ਕਲਮ ਘੜ੍ਹ ਕੇ ਦੇ ਦਿਤੀ, ਸਿਆਹੀ ਦੇ ਦਿਤੀ ਤੇ ਕਹਿੰਦਾ, "ਮੈਂ ਅੱਖਰ ਪਾਉਂਦਾ ਹਾਂ ਤੇ ਤੁਸੀਂ ਉਸੇ ਤਰ੍ਹਾਂ ਅੱਖਰ ਪਾ ਲਿਓ।"

ਉਤੇ ਸਭ ਤੋਂ ਪਹਿਲਾਂ ਲਿਖ ਦਿਤਾ – ਓਅੰ ਨਮਹ: ਸਿਧੰ। ਇਹ ਮੰਗਲ ਹੁੰਦਾ ਹੈ, ਪ੍ਰਮੇਸ਼ਰ ਨੂੰ ਨਮਸ਼ਕਾਰ ਕਰਕੇ ਕਾਰਜ ਦੀ ਸਿੱਧੀ ਵਾਸਤੇ ਲਿਖਿਆ ਹੈ ਜਿਵੇਂ ਅਸੀਂ '੧ੴ ਸਤਿਗੁਰ ਪ੍ਰਸਾਦਿ॥' ਲਿਖਦੇ ਹਾਂ। ਜਦੋਂ ਦੂਜਾ ਅੱਖਰ ਪਾਉਣ ਲੱਗੇ ਤਾਂ ਗੁਰੂ ਨਾਨਕ ਪਾਤਿਸ਼ਾਹ ਕਹਿਣ ਲੱਗੇ, "ਪਾਧਾ ਜੀ! ਇਹ ਜੋ ਕੁਝ ਤੁਸੀਂ ਲਿਖਿਆ ਹੈ ਇਸ ਦਾ ਮਤਲਬ ਤਾਂ ਤੁਸੀਂ ਮੈਨੂੰ ਸਮਝਾਇਆ ਨਹੀਂ।"

ਪਾਧਾ ਜੀ ਕਹਿਣ ਲੱਗੇ, "ਨਾਨਕ ਜੀ! ਇਹ ਜੋ 'ਓਅੰ' ਹੈ ਇਸ ਨੂੰ ਈਸ਼ਵਰ ਸਮਝ ਲਓ, ਉਸ ਦੇ ਅੱਗੇ ਨਮਸ਼ਕਾਰ ਕਰਕੇ ਅਸੀਂ ਸਿੱਧੀ ਵਾਸਤੇ ਅਰਦਾਸ ਕਰਦੇ ਹਾਂ ਕਿ ਸਾਡਾ ਕਾਰਜ ਸਿੱਧ ਹੋਵੇ।"

ਗੁਰੂ ਸਾਹਿਬ ਕਹਿਣ ਲੱਗੇ, "ਪਾਧਾ ਜੀ! ਤੁਸੀਂ ਉਸ ਈਸ਼ਵਰ ਨੂੰ ਜਾਣਦੇ ਵੀ ਹੋ?"

ਇਹ ਪਹਿਲਾ ਸਵਾਲ ਅੱਜ ਉਸ ਉਤੇ ਹੋਇਆ। ਸੱਚ ਨਿਕਲ ਗਿਆ ਉਸ ਦੇ ਮੂੰਹ ਵਿਚੋਂ, ਕਹਿੰਦਾ, "ਨਾ ਨਾਨਕ ਜੀ! ਮੈਂ ਤਾਂ ਪਿਤਾ ਪੁਰਖੀ ਰਸਮ ਕਰਦਾ ਹਾਂ, ਮੈਨੂੰ ਕੋਈ ਪਤਾ ਨਹੀਂ ਉਹ ਕੌਣ ਨੇ, ਕਿਥੇ ਰਹਿੰਦੇ ਨੇ। ਪਰ ਮੰਤਰ ਹੈ ਜੋ ਨੇਮ ਨਾਲ ਸਾਡੇ ਮੂੰਹ ਤੇ ਚੜ੍ਹਿਆ ਹੋਇਆ ਹੈ। ਅਸੀਂ ਲਿਖਦੇ ਹਾਂ।"

ਆਪਾਂ ਵੀ ਲਿਖਦੇ ਹਾਂ – '੧ੴ ਸਤਿਗੁਰ ਪ੍ਰਸਾਦਿ॥' ਚਿੱਠੀ ਲਿਖਣ ਵੇਲੇ।

ਪਾਂਧਾ ਕਹਿਣ ਲੱਗਿਆ, "ਚੰਗਾ! ਅੱਜ ਤੁਸੀਂ ਪਹਾੜੇ ਪੜ੍ਹ ਲਓ ਫੇਰ।"

ਮਹਾਰਾਜ ਜੀ ਨੇ ਕਿਹਾ, "ਪਾਧਾ ਜੀ! ਇਹ ਜੋ ਪੜ੍ਹਾਈ ਤੁਸੀਂ ਮੈਨੂੰ ਪੜ੍ਹਾਉਣ ਲੱਗੇ ਹੋ ਇਹ ਕਿਸ ਕੰਮ ਆਏਗੀ?"

ਕਹਿੰਦਾ, "ਇਸ ਦੇ ਵਿਚ ਹਿਸਾਬ-ਕਿਤਾਬ ਆ ਜਾਏਗਾ, ਜਮ੍ਹਾਂ-ਖਰਚ ਕਰਨ ਦਾ ਤੁਹਾਨੂੰ ਪਤਾ ਲੱਗ ਜਾਏਗਾ ਤੇ ਰੋਕੜ ਵਹੀ ਤੁਸੀਂ ਲਿਖਣ ਲੱਗ ਜਾਓਗੇ। ਇਹ ਲੇਖੇ ਪੱਤੇ ਤੁਹਾਨੂੰ ਕਰਨੇ ਆ ਜਾਣਗੇ।"

ਗੁਰੂ ਨਾਨਕ ਸਾਹਿਬ ਕਹਿੰਦੇ, "ਪਾਧਾ ਜੀ! ਕੀ ਇਹ ਲੇਖੇ-ਪੱਤੇ ਕਰੇ ਹੋਏ ਮੈਨੂੰ ਜਮਦੂਤਾਂ ਤੋਂ

ਛੁਡਾ ਦੇਣਗੇ? ਧਰਮਰਾਜ ਤੋਂ ਛੁਡਾ ਦੇਣਗੇ? ਉਥੇ ਤਾਂ ਨਹੀਂ ਮੈਨੂੰ ਜਾਣਾ ਪਏਗਾ?"

ਪਾਧਾ ਹੈਰਾਨ ਹੋ ਗਿਆ।

ਆਪ ਨੇ ਕਿਹਾ, "ਪਾਧਾ ਜੀ! ਜੇ ਉਹ ਵਿਦਿਆ ਤੁਸੀਂ ਜਾਣਦੇ ਹੋ ਤਾਂ ਮੈਨੂੰ ਪੜ੍ਹਾਓ, ਆਹ ਵਿਦਿਆ ਮੈਂ ਕੀ ਪੜ੍ਹਨੀ ਹੈ। ਤੁਸੀਂ ਐਸਾ ਲੇਖਾ ਜਾਣਦੇ ਹੋਂ?"

ਪਾਧਾ ਕਹਿਣ ਲੱਗਿਆ, "ਨਾ ਨਾਨਕ ਜੀ! ਮੈਂ ਤਾਂ ਲੇਖੇ-ਪੱਤੇ ਰੋਕੜ-ਵਹੀ ਵਾਲੇ ਜਾਣਦਾ ਹਾਂ। ਮੈਨੂੰ ਨਹੀਂ ਉਨ੍ਹਾਂ ਲੇਖਿਆਂ ਦਾ ਪਤਾ ਜਿਹੜੇ ਤੁਸੀਂ ਕਹਿੰਦੇ ਹੋ। ਜੇ ਤੁਸੀਂ ਜਾਣਦੇ ਹੋ ਤਾਂ ਤੁਸੀਂ ਮੈਨੂੰ ਦੱਸ ਦਿਓ।

ਵਿਅੰਗ ਭਾਵ ਨਾਲ ਉਸ ਨੇ ਸੁਆਲ ਕਰਿਆ ਕਿ ਦੇਖੋ ਇਹ ਕੀ ਕਹਿੰਦਾ ਹੈ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਲਿਖਣਾ ਤੂੰ ਜਾਣ ਲੈ,***
***ਲੇਖਾ ਇਹ ਲਿਖਣਾ ਬਾਬਾ -2, 2.***
***ਲੇਖਾ ਇਹ ਲਿਖਣਾ ਬਾਬਾ -2, 2.***
***ਲਿਖਣਾ ਤੂੰ ਜਾਣ ਲੈ, .........- 2.***

ਹੁਣ ਪਾਧੇ ਨੂੰ ਪੜ੍ਹਾ ਰਹੇ ਨੇ, ਸੱਤ ਸਾਲ ਦੀ ਆਪ ਦੀ ਉਮਰ ਹੈ -

***ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥***
***ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥***
***ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥***
***ਬਾਬਾ ਏਹੁ ਲੇਖਾ ਲਿਖਿ ਜਾਣੁ॥***
***ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥ ਪੰਨਾ - 16***

ਕਹਿਣ ਲੱਗੇ, "ਜਿਹੜੀ ਹੰਗਤਾ ਤੇ ਮਮਤਾ ਅੰਦਰ ਪਈ ਹੈ, 'ਮੈਂ ਤੇ ਮੇਰਾ' ਦੋ ਚੀਜ਼ਾਂ, ਇਹ ਮੋਹ ਦੇ ਹਿੱਸੇ ਨੇ। ਇਨ੍ਹਾਂ ਨੂੰ ਤਾਂ ਜਾਲ ਕੇ ਸਿਆਹੀ ਬਣਾ ਲੈ ਤੇ ਸਾਰ ਮੱਤ ਦਾ ਕਾਗਜ਼ ਲੈ।"

ਸਾਰ ਮੱਤ ਕੀ ਹੁੰਦੀ ਹੈ? ਕਿ ਇੱਥੇ ਸੰਸਾਰ ਵਿਚ ਸੱਚ ਕੀ ਹੈ ਤੇ ਝੂਠ ਕੀ ਹੈ। ਸੱਚ ਤਾਂ ਇਥੇ ਹੈ ਕੇਵਲ ਵਾਹਿਗੁਰੂ, ਝੂਠ ਹੈ ਜਿੰਨਾ ਕੁਝ ਤੁਸੀਂ ਅੱਖਾਂ ਨਾਲ ਦੇਖਦੇ ਹੋ, ਕੰਨਾਂ ਨਾਲ ਸੁਣਦੇ ਹੋ। ਇਹ ਰਹਿਣ ਵਾਲੀ ਚੀਜ਼ ਨਹੀਂ ਹੈ। ਇਹ ਛਿੰਨ-ਛਿੰਨ ਦੇ ਅੰਦਰ ਬਦਲਦੀ ਹੈ। ਇੱਕ ਬੰਦੇ ਨੂੰ 5-7 ਸਾਲ ਬਾਅਦ ਦੇਖ ਲਓ, ਕਿੰਨਾ ਬਦਲਿਆ ਹੋਇਆ ਲੱਗੇਗਾ; ਕਹਾਂਗੇ ਬੜਾ ਤਕੜਾ ਹੋ ਗਿਆ, ਜਾਂ ਕਹਾਂਗੇ ਬੜਾ ਮਾੜਾ ਹੋ ਗਿਆ। ਕੋਠੀ ਪਾ ਲਓ, ਪੰਜਾਹ ਸਾਲ ਤੋਂ ਬਾਅਦ ਉਸ ਦੀ ਸ਼ਕਲ ਹੀ ਬਦਲ ਜਾਏਗੀ, ਐਵੇਂ ਹੋ ਜਾਏਗੀ ਪੁਰਾਣੀ ਜਿਹੀ। ਹਰ ਚੀਜ਼ ਬਦਲਦੀ ਹੈ, ਸੂਰਜ, ਚੰਦ, ਤਾਰੇ ਜਿਹੜੀ ਚੀਜ਼ ਬਣੀ ਹੈ ਉਹ ਬਦਲਣ ਵਾਸਤੇ ਹੀ ਬਣੀ ਹੈ। ਪਹਿਲਾਂ ਚੀਜ਼ ਵਧਦੀ ਹੈ, ਫੇਰ ਠਹਿਰਦੀ ਹੈ, ਫੇਰ ਘਟਦੀ ਹੈ। ਠਹਿਰਦੀ ਨਹੀਂ ਹੈ ਪਰ ਉਸ ਦਾ ਪਤਾ ਨਹੀਂ ਲਗਦਾ ਘਟਦੀ ਦਾ। ਇਕ ਡਿਗਰੀ ਐਸੀ ਹੈ ਜਿਸ ਦਾ ਆਮ ਆਦਮੀ ਨੂੰ ਨਹੀਂ, ਸਾਇੰਸ ਨੂੰ ਪਤਾ ਹੈ ਕਿ ਇਹ ਚੀਜ਼ ਹੁਣ ਘਾਟੇ ਵੱਲ ਨੂੰ ਜਾ ਰਹੀ ਹੈ। ਸਾਇੰਸ ਨੇ ਇਹ ਗੱਲ ਜਾਣ ਲਈ ਹੈ ਕਿ ਸੂਰਜ ਹੁਣ ਘਾਟੇ ਵੱਲ ਨੂੰ ਜਾ ਰਿਹਾ ਹੈ। ਇਹ ਇਕ ਦਿਨ ਖਤਮ ਹੋ ਜਾਏਗਾ - ਅੱਠ ਅਰਬ ਚੌਹਠ ਕਰੋੜ ਸਾਲ ਬਾਅਦ ਇਸ ਦਾ ਬਿਲਕੁਲ ਨਾਸ਼ ਹੋ ਜਾਏਗਾ, ਧਰਤੀ ਦਾ ਨਾਸ਼ ਹੋ ਜਾਏਗਾ, ਕੁਝ ਨਹੀਂ ਰਹੇਗਾ ਇਥੇ। ਇਹ ਸਾਰਾ ਤਾਂ ਹੈ ਝੂਠ; ਜਿਹੜਾ ਬਦਲੀ ਨਹੀਂ ਹੁੰਦਾ, 'ਆਦਿ-ਜੁਗਾਦਿ' ਤੋਂ ਇਕ ਰਸ ਹੈ, ਉਹ ਹੈ ਵਾਹਿਗੁਰੂ। ਕਹਿੰਦੇ ਇਹ ਮਤ ਧਾਰਨ ਕਰ ਲੈ, ਇਸ ਨੂੰ ਬਿਬੇਕ ਕਹਿੰਦੇ ਨੇ। ਬਿਬੇਕ ਦੀ ਮੱਤ ਧਾਰਨ ਕਰ ਲੈ ਜਿਵੇਂ ਹੰਸ ਦੇ ਅੱਗੇ ਦੁਧ ਰੱਖ ਦਿਓ, ਚੁੰਝ ਮਾਰਦਾ ਹੈ ਪਿਛੇ ਹਟ ਜਾਂਦਾ ਹੈ। ਚੁੰਝ ਵਿਚ ਹੁੰਦੀ ਹੈ ਖਟਿਆਈ, ਦੁੱਧ ਫਟ ਜਾਂਦਾ ਹੈ ਅਤੇ ਪਾਣੀ ਪਾਸੇ ਰਹਿ ਜਾਂਦਾ ਹੈ ਤੇ ਉਹ

ਫੁੱਟੀਆਂ ਖਾ ਲੈਂਦਾ ਹੈ। ਇਸੇ ਤਰ੍ਹਾਂ ਜਿਹੜੇ ਗਿਆਨਵਾਨ ਪੁਰਸ਼ ਨੇ, ਉਹ ਵੀ ਵਿਚਾਰ ਦੀ ਚੁੰਝ ਦੇ ਨਾਲ ਮਾਇਆ ਨੂੰ ਪ੍ਰਕਿਰਤੀ ਤੇ ਜੋਤ ਨੂੰ ਵੱਖਰਾ ਕੱਢ ਲੈਂਦੇ ਨੇ, ਪ੍ਰਾਕਿਰਤੀ ਨੂੰ ਛੱਡ ਦਿੰਦੇ ਨੇ ਤੇ ਪ੍ਰਮੇਸ਼ਰ ਦੀ ਜੋਤ ਨੂੰ ਗ੍ਰਹਿਣ ਕਰ ਲੈਂਦੇ ਨੇ। ਸੋ ਇਸ ਨੂੰ ਸਾਰ ਮੱਤ ਕਹਿੰਦੇ ਨੇ।

*............. ਮਤਿ ਕਾਗਦੁ ਕਰਿ ਸਾਰੁ॥ ਪੰਨਾ - 16*

ਹੁਣ ਕਲਮ ਤੂੰ ਪਿਆਰ ਦੀ ਬਣਾ, ਭਗਤੀ ਦੀ ਬਣਾ; ਦਰਸ਼ਨ, ਫਿਲੌਸਫੀ ਦੀ ਨਾ ਬਣਾਈਂ, ਅਕਲ ਦੀ ਨਾ ਬਣਾਈਂ ਕਿਉਂਕਿ ਅਕਲ ਤੇ ਪਿਆਰ ਦਾ ਅੱਜ-ਤੱਕ ਮੇਲ ਨਹੀਂ ਹੋਇਆ। ਅਕਲ, ਪਿਆਰ ਨੂੰ ਹਮੇਸ਼ਾਂ ਪਾਗਲਪੁਣ ਕਹਿੰਦੀ ਹੈ। ਅਕਲ ਦੀ ਨਾ ਬਣਾਈਂ, ਅਕਲ ਦੀ ਰੂਹਾਨੀਅਤ ਵਿਚ ਬਿਲਕੁਲ ਲੋੜ ਨਹੀਂ, 1% ਵੀ ਨਹੀਂ, ਇਥੇ ਪਿਆਰ ਦੀ, ਜਜ਼ਬੇ ਦੀ ਲੋੜ ਹੈ।

*'ਗਜਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,*
*'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'*
*'ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,*
*'ਵਲਵਲੇ ਦੇ ਦੇਸ਼' ਸਾਡੀਆਂ ਲਗ ਗਈਆਂ ਯਾਰੀਆਂ। ਡਾ. ਭਾਈ ਵੀਰ ਸਿੰਘ ਜੀ*

ਅਸੀਂ ਤਾਂ ਪਿਆਰ ਦੇ ਮੰਡਲ ਵਿਚ ਖੇਡਦੇ ਹਾਂ। ਸੋ ਪਿਆਰ ਦੀ ਕਲਮ ਬਣਾ ਤੇ ਚਿਤ ਨੂੰ ਲਿਖਾਰੀ ਬਣਾ ਫੇਰ ਆਪੇ ਨਾ ਲਿਖੀਂ - ਊਟ ਪਟਾਂਗ -

*.............. ਗੁਰ ਪੁਛਿ ਲਿਖੁ ਬੀਚਾਰੁ॥ ਪੰਨਾ - 16*

ਗੁਰੂ ਧਾਰਨ ਕਰ - ਸਮਰੱਥ ਗੁਰੂ; ਫੇਰ ਉਸ ਤੋਂ ਵਿਚਾਰ ਲੈ ਕੇ ਲਿਖ ਇਸ ਦੇ ਉਤੇ। ਕੀ ਲਿਖਣਾ ਹੈ?

*ਲਿਖੁ ਨਾਮੁ ..................॥ ਪੰਨਾ - 16*

ਚਿੱਤ ਦੇ ਉਤੇ ਲਿਖਣਾ ਹੈ, ਚਿਤ ਲਿਖਾਰੀ ਨੇ ਲਿਖਣਾ ਹੈ ਨਾਮ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥*
*ਲਿਖੁ ਨਾਮੁ ਸਾਲਾਹ ਲਿਖੁ ....................॥ ਪੰਨਾ - 16*

ਨਾਮ ਲਿਖ ਤੇ ਉਸਤਤ ਲਿਖ ਵਾਹਿਗੁਰੂ ਦੀ -

*ਧਾਰਨਾ - ਸਤਿਨਾਮ ਸਤਿਨਾਮ ਲਿਖ ਲੈ,*
*ਹਿਰਦੇ ਲਿਖ ਲੈ, ਹਿਰਦੇ ਲਿਖ ਲੈ -2, 2.*
*ਵਾਹਿਗੁਰੂ-ਵਾਹਿਗੁਰੂ ਲਿਖ ਲੈ, ਹਿਰਦੇ ਲਿਖ ਲੈ, -2, 2*

*ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥ ਪੰਨਾ - 16*

ਲਿਖਣਾ ਕਿਥੇ ਹੈ? ਐਵੇਂ ਨਾ ਏਧਰ-ਉਧਰ ਲਿਖੀ ਜਾਵੀਂ, ਇਸ ਨੂੰ ਦਿਲ ਵਿਚ ਲਿਖ ਲੈ, ਹਿਰਦੇ ਵਿਚ ਇਕਾਗਰ ਚਿਤ ਹੋ ਕੇ ਲਿਖ ਲੈ।

*ਬਾਬਾ ਏਹੁ ਲੇਖਾ ਲਿਖਿ ਜਾਣੁ॥ ਪੰਨਾ - 16*

ਜੇ ਲਿਖਣਾ ਹੈ ਤਾਂ ਇਹ ਲੇਖਾ ਲਿਖ ਲੈ -

*ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥ ਪੰਨਾ - 16*

ਇਹ ਲੇਖਾ ਉਥੇ ਤੇਰੇ ਬਰਾਬਰ ਖੜ੍ਹ ਜਾਏਗਾ।

*ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ ਔਖੀ ਵੇਲਾ, ਔਖੀ ਵੇਲਾ -2, 2.*

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*

*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥* *ਪੰਨਾ - 264*

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*
*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*
*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥* *ਪੰਨਾ - 264*

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*
*ਸਾਹਿਬੁ ਨਿਤਾਣਿਆ ਕਾ ਤਾਣੁ॥*
*ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ॥*
*ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ॥*
*ਦਮੜਾ ਪਲੈ ਨ ਪਵੈ ਨਾ ਕੋ ਦੇਵੈ ਧੀਰ॥*
*ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥* *ਪੰਨਾ - 70*

*ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ,*
*ਔਖੀ ਵੇਲਾ-ਔਖੀ ਵੇਲਾ, -2, 2.*

*ਬਾਬਾ ਏਹੁ ਲੇਖਾ ਲਿਖਿ ਜਾਣੁ॥* *ਪੰਨਾ - 16*

ਐਸਾ ਲੇਖਾ ਲਿਖਣਾ ਸਿਖ ਲੈ। ਜਿਥੇ ਕਿਸੇ ਦਾ ਵੀ ਹੱਥ ਨਾ ਪਹੁੰਚਦਾ ਹੋਵੇ ਇਹ ਲੇਖਾ ਉਥੇ ਵੀ ਸਚਾ ਨਿਸ਼ਾਨ ਬਣ ਜਾਵੇ।

*ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥* *ਪੰਨਾ - 16*

ਦਰਗਾਹ ਵਿਚ ਜਦੋਂ ਜੀਵ ਜਾਵੇ ਤਾਂ ਨਾਮ ਦੇ ਜਾਪ, ਕੀਤੇ ਹੋਏ ਸਤਿਸੰਗ, ਪਰਉਪਕਾਰ ਦੇ ਕੰਮ, ਸੇਵਾ ਕੀਤੀ ਅਤੇ ਦਿਤੇ ਦਾਨ ਦੇ ਲੇਖ ਗਵਾਹੀ ਦੇਣ। ਅਜਿਹੇ ਲੇਖ ਲਿਖਣ ਦੀ ਸੋਝੀ ਸੰਸਾਰ ਵਿਚ ਰਹਿੰਦਿਆਂ ਹੋਣੀ ਚਾਹੀਦੀ ਹੈ। ਜਦੋਂ ਧਰਮਰਾਜ ਲੇਖਾ ਮੰਗੇ ਤਾਂ ਅਜਿਹੇ ਲੇਖ ਗਵਾਹੀ ਦਿੰਦੇ ਹੋਣ। ਸੋ ਉਸ ਵੇਲੇ ਆਪ ਨੇ ਸ਼ਬਦ ਉਚਾਰਨ ਕਰਿਆ।

ਭਾਈ ਜੋਧ ਕਹਿਣ ਲੱਗੇ, "ਭਾਈ ਲਹਿਣਾ ਜੀ! ਉਸ ਪਾਂਧੇ ਦੀ ਸਮਝ 'ਚ ਆ ਗਿਆ। ਉਹ ਪਾਂਧਾ ਕਹਿਣ ਲੱਗਿਆ, ਤੂੰ ਸਾਧਾਰਨ ਬਾਲਕ ਨਹੀਂ ਹੈਂ, ਕੋਈ ਪ੍ਰਮੇਸਰ ਦਾ ਪਿਆਰਾ ਹੈਂ। ਜਿਸ ਤਰ੍ਹਾਂ ਅਸੀਂ ਹਰਦਾਸ ਪੰਡਤ ਤੋਂ ਸੁਣਦੇ ਸੀ, ਹਰਦਾਸ ਪੰਡਿਤ ਨੇ ਜਨਮ ਪਤਰੀ ਬਣਾਈ ਸੀ, ਉਹ ਸੰਗੀਆਂ

ਸਾਥੀਆਂ ਨਾਲ ਗੁਰੂ ਨਾਨਕ ਜੀ ਦੇ ਭਵਿੱਖ ਦੀਆਂ ਗੱਲਾਂ ਕਰਿਆ ਕਰਦਾ ਸੀ। ਸਚਮੁਚ ਤੇਰੇ ਅੰਦਰ ਨਿਰੰਕਾਰ ਦੀ ਜੋਤ ਹੈ। ਮੈਨੂੰ ਵੀ ਉਹ ਲੇਖਾ ਲਿਖਣ ਦੀ ਜਾਚ ਦੱਸ ਦੇ।"

ਸੱਤ ਸਾਲ ਦੀ ਉਮਰ ਦੇ ਅੰਦਰ ਪਾਂਧੇ ਨੂੰ ਪੜ੍ਹਾਇਆ। ਫੇਰ ਆਪ ਪਏ ਰਹਿੰਦੇ ਹਨ, ਖਾਂਦੇ ਨਹੀਂ; ਪੀਂਦੇ ਨਹੀਂ, ਕੁਝ ਨਹੀਂ ਕਰਦੇ। ਬੜਾ ਫਿਕਰ ਹੋ ਗਿਆ ਘਰ ਦੇ ਅੰਦਰ। ਕੋਈ ਕਹਿੰਦਾ ਹੈ ਕਿਸੇ ਬਦਰੂਹ ਦੀ ਛਾਇਆ ਹੋ ਗਈ, ਕਿਸੇ ਭੂਤ-ਪ੍ਰੇਤ ਦੀ ਛਾਇਆ ਹੋ ਗਈ। ਇਲਾਜ ਸ਼ੁਰੂ ਹੋ ਗਏ, ਅਖੀਰ ਵੈਦ ਦੇ ਪਾਸ ਜਾ ਕੇ ਮਹਿਤਾ ਕਾਲੂ ਜੀ, ਗੁਰੂ ਨਾਨਕ ਜੀ ਬਾਰੇ ਦਸਦੇ ਹਨ।

ਵੈਦ ਆਉਂਦਾ ਹੈ ਤੇ ਗੁਰੂ ਨਾਨਕ ਮਹਾਰਾਜ ਜੀ ਦਾ ਸਵਾਸਥ ਚੈਕ ਕਰਦਾ ਹੈ। ਮਹਾਰਾਜ ਜੀ ਵੈਦ ਨੂੰ ਕਹਿੰਦੇ ਨੇ, "ਵੈਦ ਜੀ! ਤੁਸੀਂ ਤੰਦਰੁਸਤ ਹੋ?"

ਵੈਦ ਕਹਿੰਦਾ, "ਹਾਂ ਮਹਾਰਾਜ!"

ਮਹਾਰਾਜ ਜੀ ਕਹਿੰਦੇ, "ਤੂੰ ਤਾਂ ਤੂੰ, ਇਸ ਸੰਸਾਰ ਦੇ ਅੰਦਰ ਕੋਈ ਵੀ ਰਾਜ਼ੀ ਨਹੀਂ ਹੈ।

***ਜੋ ਜੋ ਦੀਸੈ ਸੋ ਸੋ ਰੋਗੀ॥***
***ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥***

***ਪੰਨਾ - 1140***

ਸਾਰਾ ਸੰਸਾਰ ਰੋਗਾਂ ਨੇ ਘੇਰਿਆ ਹੋਇਆ ਹੈ। ਦੋ ਕਿਸਮ ਦੇ ਰੋਗ ਨੇ। ਇਕ ਤਾਂ ਉਹ ਨੇ ਜਿਹੜੇ ਸਰੀਰ ਦੇ ਨੇ। ਸਰੀਰ ਦੇ ਰੋਗ ਕੁਝ ਨਹੀਂ ਵਿਗਾੜਦੇ, ਵੱਧ ਤੋਂ ਵੱਧ ਸਰੀਰ ਖਤਮ ਕਰ ਦੇਣਗੇ ਪਰ ਜੋ ਮਨ ਦੇ ਰੋਗ ਨੇ ਉਹ ਬਹੁਤ ਭਿਆਨਕ ਰੋਗ ਨੇ। ਜੋ ਹਉਮੈ ਦਾ ਰੋਗ ਹੈ ਉਹ ਕੋਹੜ ਹੋਇਆ ਹੋਇਆ ਹੈ ਮਨ ਨੂੰ, ਸਾਰੀ ਦੁਨੀਆਂ ਹੀ ਹਉਮੈ ਦੇ ਰੋਗ ਨਾਲ ਪੀੜਤ ਹੈ। ਨਿੰਦਿਆ ਦਾ ਰੋਗ ਜੋ ਹੈ ਇਹ ਹੈਜ਼ਾ ਹੈ -

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥*** ***ਪੰਨਾ - 755***

ਈਰਖਾ ਦਾ ਰੋਗ ਹੈ।

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਦਾ ਕਦੇ ਨ ਹੋਵੀ ਭਲਾ॥*** ***ਪੰਨਾ - 308***

ਕਦੇ ਵੀ ਭਲਾ ਨਹੀਂ ਉਸ ਦਾ ਹੋ ਸਕਦਾ ਕਿਉਂਕਿ ਇਹ ਮਨ ਦਾ ਤੇਜ਼ ਬੁਖਾਰ ਹੈ। ਤ੍ਰਿਸ਼ਨਾ ਜਿਹੜੀ ਹੈ ਇਹ ਤਪਦਿਕ ਹੈ ਮਨ ਨੂੰ ਹੋਈ ਹੋਈ।

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥***
***ਪਰੈ ਪਰੈ ਹੀ ਕਉ ਲੁਝੀ ਹੇ॥*** ***ਪੰਨਾ - 213***

ਕਰੋੜ ਰੁਪਿਆ ਹੋ ਗਿਆ, ਕਹਿੰਦੇ ਲੱਖ ਕਰੋੜ ਚਾਹੀਦਾ ਹੈ, ਉਹ ਵੀ ਹੋ ਗਿਆ। ਕਹਿੰਦੇ ਹੋਰ ਚਾਹੀਦਾ ਹੈ, ਦੁਨੀਆਂ ਸਾਰੀ ਹੀ ਮੇਰੀ ਹੋਣੀ ਚਾਹੀਦੀ ਹੈ। ਇਹ ਤਪਦਿਕ ਦਾ ਰੋਗ ਹੈ ਜੋ ਮਨ ਵਿਚ ਵਾਸ਼ਨਾ ਪੈਦਾ ਕਰਦਾ ਹੈ। ਵਾਸ਼ਨਾਵਾਂ ਜੀਵ ਨੂੰ ਲੱਗੀਆਂ ਹੱਥਕੜੀਆਂ ਹੁੰਦੀਆਂ ਹਨ ਜਿਸ ਕਰਕੇ ਜੀਵ ਜੰਮਣ ਤੇ ਮਰਨ ਦੇ ਚੱਕਰ ਵਿਚ ਪੈ ਜਾਂਦਾ ਹੈ। ਚੁਗਲੀ ਰੋਗ ਹੈ। ਇਸ ਤਰ੍ਹਾਂ ਮਹਾਰਾਜ ਜੀ ਨੇ ਬਹੁਤ ਰੋਗ ਸਮਝਾਏ। ਆਸਾ ਹੈ, ਅੰਦੇਸਾ ਹੈ। ਸੋ ਉਸ ਵੈਦ ਨੇ ਦੋਵੇਂ ਹੱਥ ਜੋੜ ਲਏ।

ਵੈਦ ਕਹਿਣ ਲੱਗਿਆ, "ਨਾਨਕ ਜੀ! ਅੱਜ ਮੈਂ ਪਹਿਲੇ ਦਿਨ ਸੁਣਿਆ ਹੈ ਕਿ ਸੱਚ ਦੇ ਡਾਕਟਰ ਹੋ ਤੁਸੀਂ, ਸਚਮੁੱਚ ਦੇ ਵੈਦ ਆਏ ਹੋ ਰੋਗੀਆਂ ਦਾ ਰੋਗ ਦੂਰ ਕਰਨ ਵਾਸਤੇ। ਕਿਉਂਕਿ -

***ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥*** ***ਪੰਨਾ - 687***

ਸਾਰਾ ਸੰਸਾਰ ਰੋਗਾਂ ਨੇ ਘੇਰਿਆ ਹੋਇਆ ਹੈ - ਮਾਨਸਿਕ ਰੋਗਾਂ ਨੇ। ਜਦੋਂ ਮਨ ਰੋਗੀ ਹੁੰਦਾ ਹੈ ਤਾਂ ਫੇਰ ਸਰੀਰ ਰੋਗੀ ਹੋਣਾ ਕੁਦਰਤੀ ਗੱਲ ਹੈ। ਮਨ ਦੇ ਅੰਦਰ ਕ੍ਰੋਧ ਹੋਵੇ ਤਾਂ ਇਕ ਸਾਹ ਵਿਚ ਲੱਖਾਂ ਸੈਲ ਸਰੀਰ ਦੇ ਜਾਲ ਦਿੰਦਾ ਹੈ। ਸਾਰੇ ਸਰੀਰ ਦੇ ਅੰਦਰ 14 ਖਰਬ ਪੰਦਰਾਂ ਅਰਬ ਸੈਲ ਨੇ, ਕ੍ਰੋਧ ਦਾ ਇਕ ਸਾਹ ਲੱਖਾਂ ਸੈਲ ਸਾੜਦਾ ਹੈ-

***ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥***
***ਪੰਨਾ - 932***

ਕ੍ਰੋਧੀ ਬੰਦੇ ਧਿਆਨ ਨਾਲ ਸੁਣਨ। ਉਨ੍ਹਾਂ ਦਾ ਸਰੀਰ ਘਟਦਾ ਜਾਂਦਾ ਹੈ ਤੇ ਅਖੀਰ ਖਤਮ ਹੋ ਜਾਂਦਾ ਹੈ। ਰੋਗੀ ਹੋ ਜਾਂਦੇ ਨੇ। ਪਹਿਲਾਂ ਸਹਿੰਦਾ ਰਹਿੰਦਾ ਹੈ, ਫੇਰ ਮਿਹਦਾ ਖਰਾਬ ਹੋ ਜਾਂਦਾ ਹੈ, ਫੇਰ ਗੁਰਦੇ ਖਰਾਬ ਹੋਣੇ ਸ਼ੁਰੂ ਹੋ ਜਾਂਦੇ ਨੇ, ਜਿਗਰ ਖਰਾਬ ਹੋ ਜਾਂਦਾ ਹੈ, ਫੇਰ ਤਾਂ ਬਿਮਾਰੀਆਂ ਵਿਚ ਘਿਰ ਗਿਆ ਕਿਉਂਕਿ ਸਰੀਰ ਦੇ ਅੰਦਰ ਦੋ ਚੀਜ਼ਾਂ ਬਹੁਤ ਖਤਰਨਾਕ ਤੇ ਮਾਰੂ ਹਨ, ਉਹ ਹਨ - ਕਾਮ ਤੇ ਕ੍ਰੋਧ।

ਕਾਮ ਨਹੀਂ ਸਰੀਰ ਰਹਿਣ ਦਿੰਦਾ, ਬਿਲਕੁਲ ਖਤਮ ਕਰ ਦਿੰਦਾ ਹੈ ਸਰੀਰ ਨੂੰ। ਨੌਜਵਾਨ ਛੋਟੀ ਉਮਰ ਵਿਚ ਹੀ ਬਿਮਾਰ ਹੋਏ ਤੁਰੇ ਫਿਰਦੇ ਨੇ। ਕਿਸੇ ਦਾ ਸਿਰ ਦੁਖਦਾ ਹੈ, ਕਿਸੇ ਦਾ ਲੱਕ ਦੁਖਦਾ ਹੈ, ਕੋਈ ਕਹਿੰਦਾ ਹੈ ਜੀ ਉਠ ਨਹੀਂ ਹੁੰਦਾ ਮੇਰੀਆਂ ਲੱਤਾਂ ਨਹੀਂ ਚਲਦੀਆਂ। ਤੁਸੀਂ ਖੁਦ ਗਲਤ ਕੰਮ ਕਰਕੇ ਰੋਗੀ ਹੁੰਦੇ ਹੋ ਭਾਈ! ਹੱਥ-ਰਸੀ ਵਗੈਰਾ ਜਾਂ ਕਾਮ ਭੋਗਾਂ ਦੇ ਵਹਿਣ ਤੋਂ ਬਚੋ। ਜੀਵਨ ਨੂੰ ਸੰਜਮ ਵਿਚ ਲਿਆਓ ਅਤੇ ਬ੍ਰਹਮਚਰੀਆ ਧਾਰਨ ਕਰੋ। ਅਸਾਡੇ ਬਜ਼ੁਰਗ ਸਰੀਰ ਦੀ ਪੂਰੀ ਤਰ੍ਹਾਂ ਸੰਭਾਲ ਕਰਦੇ ਸਨ। ਕੱਪੜਾ ਆਦਿ ਘਟ ਪਹਿਨਦੇ ਸਨ। ਕੁਦਰਤ ਦੇ ਪੂਰੀ ਤਰ੍ਹਾਂ ਨੇੜੇ ਰਹਿੰਦੇ ਸਨ। ਗਰਮੀਆਂ ਵਿਚ ਨ ਪੱਖੇ ਦੀ ਜ਼ਰੂਰਤ ਮਹਿਸੂਸ ਕਰਦੇ ਸਨ, ਨਾ ਹੀ ਸਰਦੀ ਵਿਚ ਹੀਟਰ ਆਦਿ ਦੀ ਲੋੜ ਸੀ। ਖੁਰਾਕ ਉਪਰ ਜ਼ੋਰ ਸੀ। ਗਰਮੀ ਸਰਦੀ ਬਹੁਤ ਘੱਟ ਮਹਿਸੂਸ ਹੁੰਦੀ ਸੀ। ਬ੍ਰਹਮਚਰੀਯਾ ਦੇ ਨਿਯਮਾਂ ਦਾ ਪਾਲਣ ਪੂਰੀ ਤਰ੍ਹਾਂ ਕੀਤਾ ਜਾਂਦਾ ਸੀ। ਸਰੀਰ ਰਿਸ਼ਟ ਪੁਸ਼ਟ ਰਹਿੰਦੇ ਸਨ।

ਸੋ ਮਹਾਰਾਜ ਜੀ ਕਹਿੰਦੇ, ਕਾਮ ਤੇ ਕ੍ਰੋਧ, ਇਹ ਤਾਂ ਰੋਗ ਪੈਦਾ ਕਰਦੇ ਨੇ। ਈਰਖਾ ਕਰਨ ਲੱਗ ਜਾਓ, ਅੰਦਰ ਪਹਿਲਾਂ ਆਪ ਜਲਦਾ ਹੈ। ਮੱਥੇ ਦੇ ਵਿਚ ਝੁਰੜੀਆਂ ਪੈ ਜਾਂਦੀਆਂ ਹਨ, ਰੰਗ ਫਿੱਕਾ ਨਿਕਲ ਆਉਂਦਾ ਹੈ। ਈਰਖਾਲੂ ਪੁਰਖ ਨੂੰ ਦੇਖ ਕੇ ਹੀ ਡਰ ਆਉਂਦਾ ਹੈ।

ਕ੍ਰੋਧ ਹੈ, ਕ੍ਰੋਧ ਨੇਤਰਾਂ ਦੇ ਅੰਦਰ ਅਸਰ ਕਰਦਾ ਹੈ, ਜਿਗਰ ਦੇ ਅੰਦਰ, ਮਿਹਦੇ ਦੇ ਅੰਦਰ ਅਸਰ ਕਰਦਾ ਹੈ। ਕਿਸੇ ਨੂੰ ਕ੍ਰੋਧ ਆਇਆ ਹੋਵੇ ਤਾਂ ਉਸ ਨੂੰ ਰੋਟੀ ਦੇ ਕੇ ਦੇਖ ਲਓ, ਜੇ ਕਦੇ ਖਾ ਲਵੇ, ਦੋ ਬੁਰਕੀਆਂ ਵੀ ਨਹੀਂ ਖਾ ਸਕੇਗਾ।

ਚਿੰਤਾ ਹੈ, ਜੇ ਚਿੰਤਾ ਹੋਵੇ ਤਾਂ ਆਦਮੀ ਰੋਟੀ ਨਹੀਂ ਖਾ ਸਕਦਾ। ਸੋ ਸਰੀਰ ਦੇ ਉਤੇ ਖਿਆਲਾਂ ਦਾ ਅਸਰ ਪੈਂਦਾ ਹੈ। ਜੇ ਖਿਆਲ ਨਰੋਏ ਹਨ ਤਾਂ ਸਰੀਰ ਵੀ ਨਰੋਆ ਹੈ। ਬਗੈਰ ਦਵਾਈ ਤੋਂ ਆਦਮੀ ਰਾਜ਼ੀ ਹੋ ਜਾਂਦਾ ਹੈ ਜੇ ਖਿਆਲ ਸ਼ੁਧ ਹੋਣ, ਮਜ਼ਬੂਤ ਖਿਆਲ ਹੋਣ। ਸੋ ਏਸ ਤਰ੍ਹਾਂ ਦੇ ਨਾਲ ਜਦੋਂ ਵੈਦ ਜੀ ਨੂੰ ਸਾਰੀ ਗੱਲ ਸਮਝਾਈ, ਵੈਦ ਜੀ ਕਹਿਣ ਲੱਗੇ, "ਹੇ ਨਾਨਕ ਜੀ! ਸਾਡੀ ਵੈਦਿਕ ਦੇ ਅੰਦਰ ਇਕ 'ਅੰਮ੍ਰਿਤ ਧਾਰਾ' ਦਵਾਈ ਹੈ ਇਹ 32 ਬਿਮਾਰੀਆਂ ਦਾ ਇਕੋ ਇਕ ਇਲਾਜ ਹੈ।"

ਮਹਾਰਾਜ ਜੀ ਕਹਿਣ ਲੱਗੇ, "ਵੈਦ ਜੀ! ਰੂਹਾਨੀਅਤ ਦੇ ਅੰਦਰ ਇਕੋ ਹੀ ਦਵਾਈ ਲੱਖਾਂ-ਕਰੋੜਾਂ ਬਿਮਾਰੀਆਂ ਦਾ ਇਲਾਜ ਕਰ ਦਿੰਦੀ ਹੈ।"

ਵੈਦ ਨੇ ਇਹ ਸੁਣ ਕੇ ਬੇਨਤੀ ਕੀਤੀ, "ਫੇਰ ਸੱਚੇ ਪਾਤਸ਼ਾਹ! ਮੈਨੂੰ ਕਿਰਪਾ ਕਰਕੇ ਉਸ ਦਵਾਈ ਦਾ ਨਾਂ ਤਾਂ ਦੱਸੋ। ਉਹ ਦਵਾਈ ਮੈਨੂੰ ਦੇ ਦਿਓ।" ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਤੇਰੇ ਸਾਰਿਆਂ ਦੁੱਖਾਂ ਦੀ ਹੈ ਦਾਰੂ,*
*ਇਕੋ ਨਾਮ ਵਾਹਿਗੁਰੂ ਦਾ -2, 2.*
*ਮੇਰੇ ਪਿਆਰੇ, ਇਕੋ ਨਾਮ ਵਾਹਿਗੁਰੂ ਦਾ-2,2*
*ਤੇਰੇ ਸਾਰਿਆਂ ਦੁੱਖਾਂ ਦੀ ਹੈ ਦਾਰੂ.. - 2.*

***ਸਰਬ ਰੋਗ ਕਾ ਅਉਖਦੁ ਨਾਮੁ॥*** *ਪੰਨਾ - 274*

ਕਹਿਣ ਲੱਗੇ, "ਇਹ ਦਵਾਈ ਮਿਲਦੀ ਕਿਥੋਂ ਹੈ?"

ਮਹਾਰਾਜ ਜੀ ਕਹਿੰਦੇ, ਇਹ ਦਵਾਈ ਤਾਂ ਹਰੇਕ ਦੇ ਸਰੀਰ ਦੇ ਅੰਦਰ ਪ੍ਰਮੇਸ਼ਰ ਨੇ ਨਾਲ ਹੀ ਰੱਖੀ ਹੈ, ਰੋਗ ਦਾ ਇਲਾਜ ਕਰਨ ਵਾਸਤੇ-

***ਹਰਿ ਅਉਖਧੁ ਸਭ ਘਟ ਹੈ ਭਾਈ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ॥***
***ਗੁਰਿ ਪੂਰੈ ਸੰਜਮੁ ਕਰਿ ਦੀਆ॥ ਨਾਨਕ ਤਉ ਫਿਰਿ ਦੂਖ ਨ ਥੀਆ॥***
*ਪੰਨਾ - 259*

ਪਰ ਸਮਰੱਥ ਗੁਰੂ ਤੋਂ ਬਗੈਰ ਉਹ ਦਵਾਈ ਹੱਥ ਨਹੀਂ ਆਉਂਦੀ, ਹੈ ਉਹ ਸਾਰਿਆਂ ਦੇ ਅੰਦਰ। ਅੰਦਰ ਹੀ ਪੂਰੇ ਗੁਰੂ ਨੂੰ ਮਿਲ ਕੇ ਖੋਜ ਕਰਨੀ ਚਾਹੀਦੀ ਹੈ।

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥*** *ਪੰਨਾ - 293*

ਉਸ ਨਾਮ ਨੂੰ ਹੀ ਅੰਮ੍ਰਿਤ ਕਹਿੰਦੇ ਨੇ, ਇਸ ਤਰ੍ਹਾਂ ਮਹਾਰਾਜ ਜੀ ਫੁਰਮਾਉਂਦੇ ਨੇ।

*ਧਾਰਨਾ - ਸੁਣ ਮੇਰੇ ਮਨਾ ਅੰਮ੍ਰਿਤ ਹਰਿ ਹਰਿ ਨਾਮ ਹੈ -2, 2.*

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤ ਗੁਰਮਤਿ ਪਾਏ ਰਾਮ॥*** *ਪੰਨਾ - 538*

ਗੁਰੂ ਦੀ ਮਤ ਧਾਰਨ ਕਰਨ ਨਾਲ ਇਸ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਇਹ ਅੰਮ੍ਰਿਤ ਕਰਦਾ ਕੀ ਹੈ? ਕਹਿੰਦੇ-

***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥*** *ਪੰਨਾ - 538*

ਇਹ ਅੰਮ੍ਰਿਤ ਜੇ ਪ੍ਰਾਪਤ ਹੋ ਜਾਵੇ ਤਾਂ ਹਉਮੈ ਤੇ ਮਾਇਆ ਦੀ ਵਿਹੁ ਲਹਿ ਕੇ ਇਨ੍ਹਾਂ ਅੱਖਾਂ ਤੇ ਜਿਹੜਾ ਅਗਿਆਨ ਦਾ ਮੋਤੀਆਬਿੰਦ ਆਇਆ ਹੋਇਆ ਹੈ, ਇਨ੍ਹਾਂ ਦੇ ਅੰਦਰ ਨਿਗ੍ਹਾ ਆ ਜਾਵੇਗੀ - ਸੱਚੀ ਨਜ਼ਰ, ਸੱਚੀ ਨਜ਼ਰ ਜਦੋਂ ਪੈਦਾ ਹੋ ਗਈ ਤਾਂ -

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥*** *ਪੰਨਾ - 407*

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ॥*** *ਪੰਨਾ - 922*

ਕਿਉਂਕਿ ਉਹ ਦਿਬਯ ਨੈਣ ਖੁਲ੍ਹ ਗਏ, ਅਸਲੀ ਨੇਤਰ ਖੁਲ੍ਹ ਗਏ, ਇਹ ਬੰਦ ਪਏ ਸੀ, ਅੰਨ੍ਹਾ ਹੋਇਆ ਹੋਇਆ ਸੀ। ਜਦੋਂ ਗੁਰੂ ਨੇ ਨਾਮ ਅੰਮ੍ਰਿਤ ਦਾ ਸੁਰਮਾ ਪਾ ਦਿਤਾ –

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ ਪੰਨਾ – 293***

ਸੋ ਇਹ ਨਾਮ ਅੰਮ੍ਰਿਤ ਸਾਰਿਆਂ ਘਟਾਂ ਦੇ ਵਿਚ ਹੈ ਪਰ ਪੂਰੇ ਗੁਰੂ ਤੋਂ ਬਗੈਰ ਬਿਧਿ ਨਹੀਂ ਬਣਿਆ ਕਰਦੀ। ਜਦੋਂ ਪੂਰਾ ਗੁਰੂ ਵਿਧੀ ਦੇ ਨਾਲ ਅੰਮ੍ਰਿਤ ਦੇ ਦਿੰਦਾ ਹੈ, ਮਹਾਰਾਜ ਜੀ ਕਹਿੰਦੇ, ਫੇਰ ਸੁਪਨੇ ਵਿਚ ਵੀ ਰੋਗ ਨਹੀਂ ਆਉਂਦੇ। ਹਉਮੈ ਹਟ ਜਾਂਦੀ ਹੈ, ਨਿੰਦਿਆ ਹਟ ਜਾਂਦੀ ਹੈ, ਈਰਖਾ ਹਟ ਜਾਂਦੀ ਹੈ, ਇਸ ਦੀ ਥਾਂ ਤੇ ਸ਼ੁਭ ਗੁਣ ਆ ਜਾਂਦੇ ਨੇ, ਹਰ ਵਕਤ ਆਦਮੀ ਦੇ ਅੰਦਰ ਖੇੜਾ ਬਣਿਆ ਰਹਿੰਦਾ ਹੈ, ਜਦੋਂ 'ਕਉਲ ਫੁਲ' ਖਿੜ ਗਿਆ ਫੇਰ ਇਸ ਦੀ ਬਿਮਾਰੀ ਆਪਣੇ-ਆਪ ਹੀ ਹਟ ਜਾਂਦੀ ਹੈ। ਝੁੰਜਲਾਹਟ ਨਹੀਂ ਰਹਿੰਦੀ, ਸਾਰੇ ਸੈਲ ਮਜ਼ਬੂਤ ਹੋ ਜਾਂਦੇ ਨੇ।

ਸੋ ਮਹਾਰਾਜ ਜੀ ਕਹਿਣ ਲੱਗੇ, "ਵੈਦ ਜੀ! ਜੇ ਸਾਰੀਆਂ ਬੀਮਾਰੀਆਂ ਦਾ ਕੋਈ ਇਲਾਜ ਹੈ ਤਾਂ ਉਹ ਨਾਮ ਹੈ ਵਾਹਿਗੁਰੂ ਦਾ।" ਅਸੀਂ ਸਵਾਲ ਕਰਦੇ ਹਾਂ ਕਿ ਇਹ ਨਾਮ ਮਿਲਦਾ ਕਿਥੋਂ ਹੈ? ਬਾਹਰੋਂ ਵੀ ਕੋਈ ਤਰੀਕਾ ਹੈ? ਮਹਾਰਾਜ ਜੀ ਕਹਿੰਦੇ ਕਿ ਹਾਂ! ਬਾਹਰੋਂ ਵੀ ਹੈ ਪਰ ਨਾਮ ਅੰਮ੍ਰਿਤ ਹੈ, ਬਾਹਰੋਂ ਗੁਰਮੰਤਰ ਮਿਲਦਾ ਹੈ –

***ਜਿਸੁ ਵਖਰ ਕਉ ਲੈਨਿ ਤੂ ਆਇਆ॥***
***ਰਾਮ ਨਾਮੁ ਸੰਤਨ ਘਰਿ ਪਾਇਆ॥***
***ਤਜਿ ਅਭਿਮਾਨੁ ਲੇਹੁ ਮਨ ਮੋਲਿ॥***
***ਰਾਮ ਨਾਮੁ ਹਿਰਦੇ ਮਹਿ ਤੋਲਿ॥ ਪੰਨਾ – 283***

ਉਥੇ ਅਭਿਮਾਨ ਛੱਡ ਦੇ ਤਾਂ ਮਿਲਦਾ ਹੈ ਕਿਉਂਕਿ ਉਸ ਦਾ ਮੁੱਲ ਦੇਣਾ ਪੈਂਦਾ ਹੈ।

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ ਪੰਨਾ – 1102***

ਜੇ 'ਮੈਂ' ਬਣ ਕੇ ਆਉਣਾ ਹੈ ਤਾਂ ਕੋਈ ਫਾਇਦਾ ਨਹੀਂ ਹੋਇਆ ਕਰਦਾ, ਫੇਰ 'ਮੈਂ' ਹੀ ਪੱਲੇ ਰਹਿ ਜਾਇਆ ਕਰਦੀ ਹੈ, ਅਭਿਮਾਨ ਤਜ –

***ਤਜਿ ਅਭਿਮਾਨੁ ਲੇਹੁ ਮਨ ਮੋਲਿ॥***
***ਰਾਮ ਨਾਮੁ ਹਿਰਦੇ ਮਹਿ ਤੋਲਿ॥***
***ਲਾਦਿ ਖੇਪ ਸੰਤਹ ਸੰਗਿ ਚਾਲੁ॥***
***ਅਵਰ ਤਿਆਗਿ ਬਿਖਿਆ ਜੰਜਾਲ॥***
***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥ ਪੰਨਾ – 283***

ਫੇਰ ਹਿਰਦੇ ਵਿਚ ਤੋਲ, ਜੇ ਨਹੀਂ ਪਤਾ ਤਾਂ ਪੁਛ ਲੈ ਕਿਸੇ ਜਾਣਕਾਰ ਨੂੰ ਕਿ ਕਿਸ ਤਰ੍ਹਾਂ ਰਾਮ-ਨਾਮ ਤੋਲੀਦਾ ਹੈ। ਫੇਰ ਸਤਿਸੰਗ ਦੇ ਵਿਚ ਆ, ਘੌਲ ਨਾ ਕਰ ਕਿ ਅੱਜ ਨਹੀਂ ਮੈਥੋਂ ਜਾ ਹੁੰਦਾ; ਘਾਟਾ ਪੈ ਜਾਏਗਾ ਬੜਾ ਜ਼ਬਰਦਸਤ, ਜਿਹੜਾ ਫੇਰ ਪੂਰਾ ਨਹੀਂ ਹੋਣਾ। ਸੋ ਸੰਤਾਂ ਦੀ ਸੰਗਤ ਵਿਚ ਰਹਿ, ਸਾਧ-ਸੰਗਤ ਵਿਚ ਰਹਿ, ਜਿਹੜੇ ਮਾਇਆ ਦੇ ਜ਼ਹਿਰੀਲੇ ਜੰਜਾਲ ਤੈਨੂੰ ਪਏ ਹੋਏ ਨੇ ਉਹ ਛੱਡ ਦੇ। ਫੇਰ ਜਦੋਂ ਏਸ ਨਾਮ ਪਦਾਰਥ ਦੇ ਨਾਲ ਭਰ ਲਈ ਨਾ ਖੇਪ, ਅਤੇ ਅਟੈਚੀ ਭਰ ਲਏ ਸੱਚੇ ਨਾਮ ਨਾਲ ਫੇਰ ਸਾਰੇ ਧੰਨ ਧੰਨ ਕਹਿਣਗੇ ਦਰਗਾਹ 'ਚ ਮੁਖ ਉਜਲਾ ਹੋ ਜਾਏਗਾ।

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠ ਆਦਰ ਸੁਭ ਦੇਊ॥ ਪੰਨਾ – 252***

ਕਿਉਂਕਿ ਨਾਮ ਦੀਆਂ ਵਸਤੂਆਂ ਲਈ ਧਨੀ ਜਾ ਰਿਹਾ ਹੈ। ਮਹਾਰਾਜ ਜੀ ਨੇ ਧਨੀ ਪੈਸੇ ਵਾਲੇ ਨੂੰ ਨਹੀਂ ਮੰਨਿਆ, ਜਾਇਦਾਦ ਵਾਲੇ ਨੂੰ ਨਹੀਂ ਮੰਨਿਆ। ਮਹਾਰਾਜ ਜੀ ਕਹਿੰਦੇ –

***ਭਾਗਠੜੇ ਹਰਿ ਸੰਤ ਤੁਮ੍ਹਾਰੇ ਜਿਨ ਘਰਿ ਧਨੁ ਹਰਿ ਨਾਮਾ॥***
***ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥***

***ਪੰਨਾ – 749***

ਨਾਮ ਤੋਂ ਹੀਣੇ ਕੰਗਾਲ ਹਨ ਅਤੇ ਪਰਵਾਣ ਹੀ ਨਹੀਂ ਹਨ। ਇਹ ਤਾਂ ਖੋਟੇ ਸਿੱਕੇ ਤੁਰੇ ਫਿਰਦੇ ਨੇ। ਪਰਵਾਣ ਓਹੀ ਨੇ ਜਿਨ੍ਹਾਂ ਨੇ ਪ੍ਰਮੇਸ਼ਰ ਦੇ ਨਾਮ ਦਾ ਧਨ ਖਟ ਲਿਆ। ਜਦੋਂ ਉਹ ਸੱਚੀ ਦਰਗਾਹ ਵਿਚ, ਸਰੀਰ ਛੱਡਣ ਉਪਰੰਤ, ਜਾਂਦੇ ਨੇ ਉਨ੍ਹਾਂ ਨੂੰ ਕੋਈ ਅਰੇ-ਅਰੇ ਨਹੀਂ ਕਰਦਾ, ਸਭ ਆਦਰ ਦਿੰਦੇ ਨੇ – ਧਰਮਰਾਜਾ ਵੀ ਕਹਿੰਦਾ ਹੈ ਕਿ ਆਓ ਮਹਾਰਾਜ! ਸਾਡਾ ਭਵਨ ਪਵਿੱਤਰ ਕਰੋ। ਨਾਮ ਦਾ ਧਨ ਖੱਟਣ ਵਾਲਿਆਂ ਨੂੰ ਤਾਂ ਕਹਿਣਾ ਹੀ ਹੈ, ਜਿਹੜੇ ਉਨ੍ਹਾਂ ਦੀ ਸੰਗਤ ਕਰਦੇ ਨੇ, ਉਨ੍ਹਾਂ ਦਾ ਵੀ ਆਦਰ ਧਰਮਰਾਜਾ ਕਰਦਾ ਹੈ।

***ਧਾਰਨਾ – ਧਰਮਰਾਜਾ ਵੀ ਕਰੇਗਾ ਸੇਵਾ,***
***ਸਾਧੂਆਂ ਦੇ ਸੰਗੀਆਂ ਦੀ –2, 2.***
***ਮੇਰੇ ਪਿਆਰੇ ਸਾਧੂਆਂ ਦੇ ਸੰਗੀਆਂ ਦੀ–2, 2.***
***ਧਰਮਰਾਜਾ ਵੀ ਕਰੇਗਾ ਸੇਵਾ, ... – 2.***

***ਸਾਧਸੰਗਿ ਧਰਮ ਰਾਇ ਕਰੇ ਸੇਵਾ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ॥*** ***ਪੰਨਾ – 271***

ਬੰਦਗੀ ਕਰਨ ਵਾਲੇ ਨੇ, ਆਪ ਤਾਂ ਆਦਰ ਪਾਉਣਾ ਹੀ ਹੈ, ਉਸ ਦੀ ਆਪਣੀ ਤਾਂ ਜੈ-ਜੈਕਾਰ ਹੋਣੀ ਹੀ ਹੈ, ਜਿਹੜੇ ਉਨ੍ਹਾਂ ਦੀ ਸੰਗਤ ਵੀ ਕਰਦੇ ਨੇ ਉਨ੍ਹਾਂ ਦੀ ਵੀ ਸੇਵਾ ਧਰਮਰਾਇ ਕਰਦਾ ਹੈ। ਨਾਮ ਦਾ ਧਨ ਐਡਾ ਵੱਡਾ ਬਣਾ ਦਿੰਦਾ ਹੈ, ਉਹ ਬਾਦਸ਼ਾਹਾਂ ਦਾ ਵੀ ਪਾਤਸ਼ਾਹ ਬਣ ਜਾਂਦਾ ਹੈ। ਉਸਦਾ ਕਿਹਾ ਦਰਗਾਹ ਵਿਚ ਮੰਨਿਆ ਜਾਂਦਾ ਹੈ। ਪਉਣ ਪਾਣੀ ਸਭ ਦੇਵਤੇ ਉਸਦਾ ਹੁਕਮ ਮੰਨਦੇ ਹਨ। ਸੋ ਇਸ ਕਰਕੇ ਮਹਾਰਾਜ ਜੀ ਕਹਿਣ ਲੱਗੇ, "ਵੈਦ ਜੀ! ਆਦਮੀ ਦੇ ਅੰਦਰ ਨਾਮ ਦੀ ਅਉਖਧ ਰੱਖੀ ਹੋਈ ਹੈ, ਦਵਾਈ ਸੰਭਾਲ ਕੇ ਰੱਖੀ ਹੋਈ ਹੈ। ਪਰ ਪੂਰੇ ਗੁਰੂ ਤੋਂ ਬਿਨਾਂ ਇਸ ਦੀ ਬਿਧ ਨਹੀਂ ਬਣਦੀ।"

***ਗੁਰਿ ਪੂਰੈ ਸੰਜਮੁ ਕਰਿ ਦੀਆ॥*** ***ਪੰਨਾ – 259***

ਜਦੋਂ ਸਮਰੱਥ ਗੁਰੂ ਸੰਜਮ ਕਰਕੇ 'ਅੰਮ੍ਰਿਤ ਨਾਮ' ਦੇ ਦਿੰਦੇ ਨੇ ਉਸ ਵੇਲੇ ਰੋਗ ਸਰੀਰ ਦੇ ਵਿਚ ਰਿਹਾ ਹੀ ਨਹੀਂ ਕਰਦਾ, ਖਤਮ ਹੋ ਜਾਂਦਾ ਹੈ।

ਸੋ ਵੈਦ ਨੇ ਬੇਨਤੀ ਕੀਤੀ, "ਪਾਤਸ਼ਾਹ! ਮੇਰੇ ਤੇ ਵੀ ਕਿਰਪਾ ਕਰੋ, ਮੈਨੂੰ ਵੀ ਉਹ ਦਵਾਈ ਦੇ ਦਿਓ।"

ਗੁਰੂ ਨਾਨਕ ਦੇਵ ਜੀ ਜਿਸ ਨੂੰ ਵੀ ਮਿਲੇ, ਉਸ ਨੂੰ ਸਿਰੇ ਲਾਇਆ ਹੈ ਵਿਚਾਲੇ ਨਹੀਂ ਛੱਡਿਆ। ਵੈਦ ਜੀ ਨੂੰ ਨਾਮ ਦੀ ਦਾਤ ਬਖਸ਼ ਦਿਤੀ।

ਸੋ ਭਾਈ ਜੋਧ ਕਹਿਣ ਲੱਗੇ, "ਭਾਈ ਲਹਿਣਾ ਜੀ! ਕਿੰਨਾ-ਕੁ ਗੁਰੂ ਨਾਨਕ ਪਾਤਸ਼ਾਹ ਬਾਰੇ ਸੁਣਾਈ ਜਾਈਏ ਤੁਹਾਨੂੰ, ਜਿੰਨੀ ਉਸਤਤ ਕਰੀ ਜਾਈਏ ਓਨੀ ਹੋਰ ਵਧਦੀ ਜਾਂਦੀ ਹੈ। ਧਿਆਨ ਨਾਲ ਸੁਣੋ, ਹੋਰ ਦਸਦੇ ਹਾਂ, ਆਪ ਜੀ ਇਕ ਦਿਨ ਆਰਾਮ ਨਾਲ ਪਲੰਘ ਤੇ ਘਰ ਹੀ ਪਏ ਸੀ। ਮਾਤਾ ਜੀ ਨੇ ਦਾਸੀ ਨੂੰ ਕਿਹਾ, ਤੂੰ ਨਾਨਕ ਜੀ ਨੂੰ ਬੁਲਾ ਲਿਆ ਤੇ ਮੈਂ ਪ੍ਰਸ਼ਾਦਾ ਤਿਆਰ ਕਰਿਆ ਹੋਇਆ ਹੈ, ਠੰਡਾ ਨਾ ਹੋ ਜਾਵੇ, ਜਾਹ ਜਗਾ ਲਿਆ, ਓਹ ਅੰਦਰ ਪਏ ਨੇ। ਮਾਤਾ ਨੂੰ ਤਾਂ ਸੁੱਤੇ ਹੀ ਨਜ਼ਰ ਆਉਂਦੇ ਸੀ, ਅੱਖਾਂ ਵਾਲਿਆਂ ਨੂੰ ਨਹੀਂ ਸੀ ਸੁੱਤੇ ਨਜ਼ਰ ਆਉਂਦੇ। ਸਚਮੁਚ ਹੀ ਤੁਲਸਾਂ ਦਾਸੀ ਸ਼ਰਧਾ ਰੱਖਦੀ ਸੀ ਕਿਉਂਕਿ ਇਸ ਨੂੰ ਬਹੁਤੀ ਸੰਗਤ ਬੇਬੇ ਨਾਨਕੀ ਦੀ ਪ੍ਰਾਪਤ ਸੀ ਜਿਹੜੀ ਹਰ ਵਕਤ ਸੁਣਾਈ ਜਾਂਦੀ ਸੀ ਕਿ ਵੀਰ ਜੀ ਤਾਂ ਪ੍ਰਮੇਸ਼ਰ ਦਾ ਹੀ ਸਰੂਪ ਨੇ, ਇਹ ਤਾਂ ਸਾਰੇ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਨੇ।

ਸੋ ਜਦੋਂ ਤੁਲਸਾਂ ਅੰਦਰ ਗਈ ਤਾਂ ਖਿਆਲ ਆਇਆ ਕਿ ਮਹਾਂਪੁਰਸ਼ਾਂ ਨੂੰ ਆਵਾਜ਼ ਨਹੀਂ ਮਾਰਨੀ ਚਾਹੀਦੀ। ਇਸ ਦਾ ਕਾਰਨ ਹੁੰਦਾ ਹੈ ਸਾਧ-ਸੰਗਤ ਜੀ! ਉਹ ਇਹ ਹੈ ਕਿ ਜਿਹੜੇ ਪੂਰਨ ਮਹਾਤਮਾ ਨੇ, ਜਦੋਂ ਉਹ ਸੰਸਾਰ ਨੂੰ ਸੁੱਤੇ ਲਗਦੇ ਨੇ, ਉਸ ਵੇਲੇ ਉਹ ਸਰੀਰ ਵਿਚ ਨਹੀਂ ਹੋਇਆ ਕਰਦੇ। ਇਕ ਵਾਰੀ ਇਹ ਗੱਲ ਮੈਨੂੰ ਵੱਡੇ ਮਹਾਰਾਜ ਜੀ ਨੇ ਦੱਸੀ ਸੀ। ਕੋਈ ਗੱਲ ਚੱਲ ਪਈ ਸੀ, ਪ੍ਰਸੰਗ ਦੇ ਉਤੇ ਗੱਲ ਆ ਗਈ - ਆਪ ਦੇ ਨਾਲ ਹੀ।

ਸੰਤ ਮਹਾਰਾਜ ਜੀ ਕਹਿਣ ਲੱਗੇ, "ਅਸੀਂ ਰਾਤ ਨੂੰ ਸੌਂਦੇ ਨਹੀਂ ਹੁੰਦੇ।"

ਮੈਂ ਕਿਹਾ, "ਮਹਾਰਾਜ! ਪਏ ਤਾਂ ਹੁੰਦੇ ਹੋ?"

ਕਹਿੰਦੇ, "ਸਰੀਰ ਪਿਆ ਹੁੰਦਾ ਹੈ। ਅਸੀਂ ਨਹੀਂ ਹੁੰਦੇ ਵਿਚ।"

ਮੈਂ ਹਿੰਮਤ ਕਰੀ, ਮੈਂ ਕਿਹਾ, "ਮਹਾਰਾਜ! ਫੇਰ ਕਿਤੇ ਚਲੇ ਜਾਂਦੇ ਹੋਂ?"

ਕਹਿੰਦੇ, "ਹਾਂ! ਫੇਰ ਅਸੀਂ ਉਨ੍ਹਾਂ ਪ੍ਰੇਮੀਆਂ ਨੂੰ ਮਿਲਦੇ ਹਾਂ ਜਿਹੜੇ ਸਾਨੂੰ ਯਾਦ ਕਰਦੇ ਨੇ; ਕਿਸੇ ਨੂੰ ਸੁਪਨੇ ਵਿਚ, ਕਿਸੇ ਦਾ ਕੋਈ ਕੰਮ ਕਰਦੇ ਹਾਂ। ਕੋਈ ਪਹਾੜਾਂ ਤੇ ਬੈਠਾ ਹੈ ਫੌਜੀ, ਉਹ ਅਰਾਧਨਾ ਕਰ ਰਿਹਾ ਹੈ, ਕੋਈ ਦੂਰ ਦੇਸਾਂ-ਪ੍ਰਦੇਸ਼ਾਂ ਵਿਚ ਬੈਠਾ ਹੈ। ਉਸ ਸਮੇਂ ਸਾਨੂੰ ਕਿਸੇ ਪਾਸਪੋਰਟਾਂ ਦੀ ਲੋੜ ਨਹੀਂ ਹੁੰਦੀ, ਸੂਖਮ ਸਰੀਰ ਨਾਲ ਹੀ ਅਸੀਂ ਕੰਮ ਕਰਦੇ ਹਾਂ, ਸਗੋਂ ਬਹੁਤਾ ਕੰਮ ਕਰਦੇ ਹਾਂ ਅਸੀਂ। ਸਰੀਰਕ ਰੂਪ ਵਿਚ ਤਾਂ ਆਹ ਸਾਢੇ ਤਿੰਨ ਹੱਥ ਦੇ ਸਰੀਰਕ ਢਾਂਚੇ ਜਿਹੇ ਨੂੰ ਨਾਲ ਲੈ ਜਾਣਾ ਪੈਂਦਾ ਹੈ। ਸੂਖਮ ਸਰੀਰ ਨਾਲ ਚੁਟਕੀ ਦੇ ਵਿਚ ਜਿਥੇ ਜੀਅ ਕਰਦਾ ਹੈ ਚਲੇ ਜਾਈਦੈ।"

ਮੈਂ ਕਿਹਾ, "ਮਹਾਰਾਜ! ਫੇਰ ਸਰੀਰ ਕਿਵੇਂ ਕਾਇਮ ਰਹਿੰਦਾ ਹੈ?"

ਕਹਿੰਦੇ, ਇਕ silver cod (ਇਕ ਚਾਨਣੀ ਤਾਰ) ਹੁੰਦੀ ਹੈ, ਜਦੋਂ ਮਹਾਂਪੁਰਸ਼ ਸਰੀਰ ਤੋਂ ਬਾਹਰ ਹੁੰਦੇ ਹਨ ਤਾਂ silver cod ਨਾਲ ਰੂਹ ਦਾ ਸਬੰਧ ਸਰੀਰ ਦੇ ਨਾਲ ਜੁੜਿਆ ਰਹਿੰਦਾ ਹੈ, ਜਿੰਨੀ ਦੂਰ ਜਾਂਦੇ ਹਾਂ, ਉਹ ਓਨੀ ਹੀ ਵਧ ਜਾਂਦੀ ਹੈ, ਸਕਿੰਟਾਂ ਵਿਚ ਹੀ ਵਧ-ਘਟ ਜਾਂਦੀ ਹੈ। ਜਿੰਨੇ ਬ੍ਰਹਿਮੰਡਾਂ ਵਿਚ ਜਾਓ ਓਨਾਂ ਹੀ ਵਧ ਜਾਂਦੀ ਹੈ।"

ਇਸੇ ਕਰਕੇ ਸਾਰੇ ਮਹਾਂਪੁਰਸ਼ਾਂ ਦਾ ਮੱਤ ਹੈ ਕਿ ਉਨ੍ਹਾਂ ਨੂੰ ਐਵੇਂ ਹੀ ਇਕ ਦਮ ਨਾ ਜਗਾਓ, ਬੜੇ ਅਰਾਮ ਦੇ ਨਾਲ ਹੌਲੀ-ਹੌਲੀ ਕੋਈ ਖੜਕਾ ਕਰੋ ਜਿਸ ਦੇ ਕਰਕੇ ਉਹ ਸਰੀਰ ਵਿਚ ਵਾਪਸ ਆ ਜਾਣ। ਉਡਦੇ ਤਾਂ ਅਸੀਂ ਵੀ ਹਾਂ ਪਰ ਸਾਨੂੰ ਸੂਖਮ ਸਰੀਰ ਨਾਲ ਉਡਣਾ ਨਹੀਂ ਆਉਂਦਾ, ਖਿਆਲ ਦੇ ਨਾਲ ਉਡਦੇ ਹਾਂ, ਸਾਡਾ ਸੂਖਮ ਸਰੀਰ ਸਥੂਲ ਸਰੀਰ ਵਿਚੋਂ ਵਖਰਾ ਨਹੀਂ ਹੁੰਦਾ ਪਰ ਅਸੀਂ ਸੁਤੇ ਹੋਏ ਖਿਆਲ ਰਾਹੀਂ ਨਿਕਲ ਜਾਂਦੇ ਹਾਂ, ਅਸੀਂ ਸੁਪਨਾ ਦੇਖਦੇ ਹਾਂ, ਹੁੰਦੇ ਸਰੀਰ ਦੇ ਵਿਚ ਹੀ ਹਾਂ। ਐਨਾ ਸਾਡਾ ਤੇ ਮਹਾਂਪੁਰਖਾਂ ਦਾ ਫਰਕ ਹੈ।

ਸੋ ਉਥੇ ਤੁਲਸਾਂ ਨੇ ਆ ਕੇ ਦੇਖਿਆ, ਦੇਖ ਕੇ ਆਪ ਨੇ ਕੋਈ ਗੱਲ ਨਹੀਂ ਕੀਤੀ, ਸਿਰਫ ਆਪਣਾ ਮਸਤਕ ਮਹਾਰਾਜ ਜੀ ਦੇ ਚਰਨਾਂ ਦੇ ਅੰਗੂਠੇ ਨਾਲ ਲਾ ਦਿਤਾ। ਅੰਗੂਠਾ ਮਸਤਕ ਦੇ ਨਾਲ ਛੋਹਣ ਦੀ ਦੇਰ ਸੀ, ਇਕ-ਦਮ ਤੜੱਕ ਦੇ ਕੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ, ਬੱਜਰ ਕਪਾਟ ਖੁਲ੍ਹ ਗਏ, ਤ੍ਰਿਭਵਣ ਦੀ ਸੋਝੀ ਹੋ ਗਈ। ਸਾਰੀ ਗੁਪਤ ਦੁਨੀਆਂ ਦੇਖ ਰਹੀ ਹੈ। ਗੁਰੂ ਨਾਨਕ ਜੀ ਨੂੰ ਦੇਖ ਰਹੀ ਹੈ। ਇਕ ਸਿਖ ਅਰਦਾਸ ਕਰ ਰਿਹਾ ਹੈ ਭਾਈ ਮਨਸੁਖ, ਲੰਕਾ ਨੂੰ ਸਮਾਨ ਲੈ ਕੇ ਜਾ ਰਿਹਾ ਹੈ - ਜਹਾਜ਼ ਵਿਚ। ਜਹਾਜ਼ ਡੋਲ ਰਿਹਾ ਹੈ, ਸਮੁੰਦਰ ਵਿਚ ਇਹੋ ਜਿਹੇ ਵਰੋਲੇ ਨੇ ਘੇਰਿਆ, ਉਸ ਵੇਲੇ ਮਲਾਹ ਕਹਿੰਦੇ ਨੇ ਕਿ ਅਸੀਂ ਆਪਣਾ ਜ਼ੋਰ ਲਾ ਰਹੇ ਹਾਂ ਪਰ ਸਾਨੂੰ ਜਹਾਜ਼ ਦੇ ਬਚਣ ਦਾ ਕੋਈ ਭਰੋਸਾ ਨਹੀਂ। ਹੁਣ ਤੁਸੀਂ ਆਪਣੇ ਪੀਰਾਂ-ਫਕੀਰਾਂ ਨੂੰ ਧਿਆਨ ਵਿਚ ਲਿਆਓ। ਜਹਾਜ਼ ਵਿਚ ਮਨਸੁਖ ਦਾ ਸਮਾਨ ਜ਼ਿਆਦਾ ਭਰਿਆ ਹੋਇਆ ਸੀ। ਆਪ ਇਕਾਗਰ ਚਿਤ ਹੋ ਕੇ ਉਸ ਵੇਲੇ -

***ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ ਪੰਨਾ - 750***

ਉਨ੍ਹਾਂ ਦੇ ਅੱਗੇ ਅਰਦਾਸ ਕਰਦੇ ਨੇ, ਹੇ ਪ੍ਰਭੂ! ਆਪ ਦਾ ਆਸਰਾ ਲੈ ਕੇ ਚੱਲਿਆ ਸੀ ਤੇ ਹੁਣ ਬੜਾ ਭਾਰੀ ਸੰਕਟ ਆ ਗਿਆ ਤੇ ਹੁਣ ਸਹਾਇਤਾ ਕਰਨ ਵਾਲਾ ਕੋਈ ਨਹੀਂ। ਮੈਂ ਕਿਸੇ ਖਵਾਜ਼ਾ ਖਿਜ਼ਰ ਨੂੰ ਨਹੀਂ ਮੰਨਣਾ ਪਾਤਸ਼ਾਹ! ਹੋਰ ਸਾਰਿਆਂ ਦਾ ਤਾਂ ਕਿਸੇ ਦਾ ਕੋਈ ਹੈ ਤੇ ਕਿਸੇ ਦਾ ਕੋਈ, ਮੇਰਾ ਤਾਂ ਤੂੰ ਹੀ ਹੈਂ ਪਾਤਸ਼ਾਹ।

ਤੁਲਸਾਂ ਦਾਸੀ ਦੇਖ ਰਹੀ ਸੀ ਕਿ ਗੁਰੂ ਨਾਨਕ ਪਾਤਿਸ਼ਾਹ ਜਹਾਜ਼ ਨੂੰ ਥੰਮ੍ਹ ਕੇ ਕੱਢ ਰਹੇ ਨੇ। ਚੁੱਪ ਕਰਕੇ ਵਾਪਸ ਮੁੜ ਗਈ ਕਿ ਜੇ ਮੈਂ ਹੁਣ ਜਗਾ ਲਿਆ ਤਾਂ ਜਹਾਜ਼ ਡੁੱਬ ਜਾਏਗਾ। ਵਾਪਸ ਆ ਗਈ, ਮਾਤਾ ਜੀ ਕਹਿੰਦੇ, "ਤੂੰ ਜਗਾ ਕੇ ਨਹੀਂ ਆਈ, ਪ੍ਰਸ਼ਾਦਾ ਠੰਡਾ ਹੋ ਰਿਹਾ ਹੈ।"

ਕਹਿੰਦੀ, "ਮਾਤਾ ਜੀ! ਉਹ ਤਾਂ ਇਥੇ ਨਹੀਂ ਹਨ, ਉਹ ਤਾਂ ਆਪਣੇ ਕਿਸੇ ਗੁਰਸਿਖ ਦਾ ਜਹਾਜ਼ ਬੰਨੇ ਲਾ ਰਹੇ ਨੇ, ਜੋ ਡੁੱਬ ਰਿਹਾ ਹੈ। ਥੋੜ੍ਹੀ ਦੇਰ ਠਹਿਰੋ ਉਹ ਆਪੇ ਆ ਜਾਣਗੇ।"

ਮਾਤਾ ਜੀ ਕਹਿੰਦੇ, "ਤੇਰੀ ਇਹ ਹਿੰਮਤ! ਘਰ ਦੀ ਦਾਸੀ ਹੋ ਕੇ ਤੂੰ ਵੀ ਲੋਕਾਂ ਵਾਂਗ ਗੱਲਾਂ ਕਰਨ ਲੱਗ ਗਈ? ਲੋਕਾਂ ਨੇ ਤਾਂ ਕਹਿਣੀਆਂ ਹੀ ਨੇ ਤੂੰ ਵੀ ਕਹਿਣ ਲੱਗ ਗਈ? ਨਾਰਾਜ਼ ਹੋ ਗਏ ਮਾਤਾ ਜੀ। ਜਾ ਕੇ ਉਚੀ-ਉਚੀ ਆਵਾਜ਼ਾਂ ਮਾਰਨ ਲੱਗ ਗਏ। ਮਹਾਰਾਜ ਜੀ ਸਾਵਧਾਨ ਹੋ ਗਏ।

ਕਹਿੰਦੀ, "ਪੁੱਤਰ! ਅੱਗੇ ਤਾਂ ਲੋਕ ਹੀ ਕਹਿੰਦੇ ਸੀ ਤੇ ਹੁਣ ਘਰ ਦੇ ਦਾਸ ਵੀ ਕਹਿਣ ਲੱਗ ਗਏ।"

ਮਹਾਰਾਜ ਜੀ ਕਹਿੰਦੇ, "ਕੀ ਕਹਿੰਦੇ ਨੇ ਦਾਸ? ਕਿਸਨੇ ਤੁਹਾਨੂੰ ਸਤਾਇਆ ਹੈ?"

"ਆਹ ਜਿਹੜੀ ਖੜ੍ਹੀ ਹੈ - ਤੁਲਸਾਂ, ਮੈਂ ਇਸ ਨੂੰ ਕਿਹਾ ਸੀ ਕਿ ਜਗਾ ਲਿਆ, ਪ੍ਰਸ਼ਾਦਾ ਛਕ ਲੈਣ। ਮੈਨੂੰ ਹੋਰ ਹੀ ਸੁਣਾਉਂਦੀ ਹੈ ਕਿ ਉਹ ਤਾਂ ਕਿਸੇ ਸਿੱਖ ਦਾ, ਜਿਸ ਦਾ ਨਾਂ ਮਨਸੁਖ ਹੈ, ਜਹਾਜ਼ ਕੱਢ ਰਹੇ ਨੇ।"

ਹੁਣ ਗੱਲ ਤਾਂ ਸਹੀ ਸੀ। ਮਹਾਰਾਜ ਜੀ ਨੇ ਸੋਚਿਆ ਕਿ ਜਰ ਨਾ ਸਕੀ ਤੇ ਕਹਿੰਦੇ, "ਇਹ ਤਾਂ ਝੱਲੀ ਹੈ, ਇਸਦਾ ਕੀ ਹੈ?"

ਉਹ ਉਸੇ ਵੇਲੇ ਮਸਤਾਨੀ ਹੋ ਗਈ।

ਐਨੇ ਨੂੰ ਬੇਬੇ ਜੀ ਆ ਗਏ, ਕਹਿਣ ਲੱਗੇ, "ਵੀਰ ਜੀ! ਤਰਸ ਕਰੋ ਏਸ ਉਤੇ।"

ਮਹਾਰਾਜ ਜੀ ਕਹਿੰਦੇ, "ਬੇਬੇ! ਦੁਨੀਆਂ ਵਲੋਂ ਅਣਜਾਣ ਰਹੇਗੀ, ਪ੍ਰਮੇਸ਼ਰ ਵਲੋਂ ਬਿਲਕੁਲ ਸੁਰਤ ਵਿਚ ਰਹੇਗੀ, ਕਿਰਿਆ ਸਾਧੇਗੀ, ਅਜਰ ਨੂੰ ਜਰੇਗੀ। ਤਾਕਤ ਹੁੰਦੀ ਹੋਈ ਅੰਦਰ ਜਰ ਜਾਏਗੀ।"

ਸੋ ਕਹਿਣ ਲੱਗੇ ਕਿ ਚਰਨ ਮਸਤਕ ਨੂੰ ਛੋਹਣ ਦੇ ਨਾਲ ਹੀ ਕਿੱਡਾ ਵੱਡਾ ਪ੍ਰਕਾਸ਼ ਹੋ ਗਿਆ, ਕਿਡੇ ਵੱਡੇ ਸਤਿਗੁਰੂ ਨਾਨਕ ਪਾਤਸ਼ਾਹ ਨੇ ਕਿ ਉਨ੍ਹਾਂ ਦੀ ਮਹਿਮਾ ਕਹੀ ਨਹੀਂ ਜਾਂਦੀ।

ਭਾਈ ਲਹਿਣਾ ਜੀ ਕਹਿਣ ਲੱਗੇ, "ਤੁਸੀਂ ਕਿਰਪਾ ਕਰਕੇ ਮੈਨੂੰ ਇਹ ਦੱਸ ਸਕਦੇ ਹੋ ਕਿ ਕਿਹੜੀ ਸੰਪਰਦਾ ਵਿਚੋਂ ਨੇ ਗੁਰੂ ਪਾਤਸ਼ਾਹ? ਕਿਉਂਕਿ ਸੰਪਰਦਾ ਨੂੰ ਦੇਖ ਕੇ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਹ ਵੈਰਾਗੀ ਸੰਪਰਦਾ ਦੇ ਨੇ, ਜਾਂ ਕਿਸੇ ਸੰਨਿਆਸੀ ਸੰਪਰਦਾ ਨਾਲ ਸਬੰਧ ਰਖਦੇ ਨੇ ਜਾਂ ਕਿਸੇ ਹੋਰ ਸੰਪਰਦਾ ਦੇ ਨਾਲ ਨੇ; ਤੇ ਇਨ੍ਹਾਂ ਦੇ ਗੁਰੂ ਦਾ ਨਾਉਂ ਕੀ ਹੈ?"

ਆਪ ਕਹਿਣ ਲੱਗੇ, "ਲਹਿਣਾ ਜੀ! ਵਿਸ਼ਵਾਸ ਕਰੋ ਕਿ ਗੁਰੂ ਨਾਨਕ ਦੇਵ ਜੀ ਆਪ ਹੀ ਗੁਰੂ ਪ੍ਰਮੇਸ਼ਰ ਹਨ ਪਰ ਫੇਰ ਵੀ ਆਪਣੇ ਗੁਰੂ ਦਾ ਪਤਾ ਵੀ ਦਿਤਾ ਹੈ ਗੁਰਬਾਣੀ ਦੇ ਅੰਦਰ ਅਤੇ ਕਿਹਾ ਹੈ -

***ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥***

***ਪੰਨਾ - 599***

ਸੋ ਮਹਾਰਾਜ ਜੀ ਕਹਿੰਦੇ, ਸਾਨੂੰ ਤਾਂ ਆਪ ਨਿਰੰਕਾਰ ਗੁਰੂ ਮਿਲਿਆ ਹੈ ਭਾਈ! ਪਰ ਆਪ ਵੀ ਨਿਰੰਕਾਰ ਦਾ ਸਰੂਪ ਨੇ। ਆਪ ਇਸ ਧਰਤੀ ਉਤੇ ਸਰੀਰ ਧਾਰਨ ਕਰਕੇ ਵੀ ਕੰਮ ਕਰ ਰਹੇ ਨੇ ਤੇ ਆਪ ਹੀ ਦਰਗਾਹ ਦੇ ਵਿਚ ਨਿਰੰਕਾਰ ਰੂਪ ਹੋ ਕੇ ਬਿਰਾਜਮਾਨ ਹਨ। ਆਪ ਹੀ ਸਿੱਖ ਬਣੇ ਹੋਏ ਨੇ ਤੇ ਆਪ ਹੀ ਗੁਰੂ ਬਣੇ ਹੋਏ ਨੇ।"

ਕਹਿਣ ਲੱਗੇ, "ਕਿਸ ਤਰ੍ਹਾਂ?"

ਭਾਈ ਜੋਧ ਕਹਿਣ ਲੱਗਿਆ, "ਮੈਂ ਤੁਹਾਨੂੰ ਦਸਦਾ ਹਾਂ, ਧਿਆਨ ਨਾਲ ਸੁਣਿਓ। ਜਦੋਂ ਆਪ ਮੋਦੀਖਾਨੇ ਦਾ ਕੰਮ ਕਰ ਰਹੇ ਸੀ ਸੁਲਤਾਨਪੁਰ, ਉਸ ਵੇਲੇ ਬਿਲਕੁਲ ਸੰਸਾਰੀ ਲਗਦੇ ਸੀ। ਸੰਸਾਰੀਆਂ ਵਾਂਗੂ ਮੋਦੀਖਾਨੇ ਅਧੀਨ ਵਸਤੂਆਂ ਦਾ ਹਿਸਾਬ-ਕਿਤਾਬ ਰੱਖਦੇ, ਚੀਜ਼ਾਂ ਦਿੰਦੇ-ਲੈਂਦੇ ਸੀ।

ਉਨ੍ਹਾਂ ਦਿਨਾਂ ਦੇ ਅੰਦਰ ਅੱਠ ਵਜ਼ੀਰ ਹੋਇਆ ਕਰਦੇ ਸਨ। ਜਿਹੜਾ ਵੱਡਾ ਵਜ਼ੀਰ ਹੁੰਦਾ ਉਸ ਨੂੰ ਵਜ਼ੀਰ-ਏ-ਆਜ਼ਮ ਕਹਿੰਦੇ ਸਨ, ਜਿਹੜਾ ਖਜ਼ਾਨਾ ਮੰਤਰੀ ਹੁੰਦਾ ਉਸ ਨੂੰ ਦੀਵਾਨ ਕਹਿੰਦੇ ਸਨ, ਰੱਖਿਆ ਮੰਤਰੀ ਨੂੰ ਬਖਸ਼ੀ ਕਿਹਾ ਕਰਦੇ ਸਨ। ਇਸੇ ਤਰ੍ਹਾਂ ਜਿਹੜਾ ਗ੍ਰਹਿ ਮੰਤਰੀ ਹੁੰਦਾ ਉਸ ਨੂੰ ਖਾਨ-ਏ-ਖਾਨਾ ਕਹਿੰਦੇ ਸਨ। ਜਿਹੜਾ ਰਾਸ਼ਨ ਆਦਿ ਨਾਲ ਸਬੰਧਿਤ ਹੁੰਦਾ ਉਸ ਨੂੰ ਮੋਦੀ ਆਖਿਆ ਕਰਦੇ ਸਨ।

"ਭਾਈ ਲਹਿਣਾ ਜੀ! ਆਪ ਮੋਦੀ ਦਾ ਕੰਮ ਕਰ ਰਹੇ ਸੀ ਪਰ ਇਕ ਦਿਨ ਆਪ ਅਚਾਨਕ ਇਸ਼ਨਾਨ ਕਰਨ ਜਾਂਦੇ ਨੇ। ਉਸ ਵੇਲੇ ਆਪ ਜੀ ਦਾਸ ਨੂੰ ਆਪਣੇ ਵਸਤਰ ਫੜਾ ਦਿੰਦੇ ਨੇ ਤੇ ਹਰ ਰੋਜ਼ ਦੇ ਵਾਂਗ ਆਪ ਨੇ ਪਾਣੀ ਵਿਚ ਚੁੱਭੀ ਮਾਰੀ ਤੇ ਪਹਿਲਾਂ ਤਾਂ ਹਰ ਰੋਜ਼ ਪਾਣੀ ਵਿਚੋਂ ਬਾਹਰ ਆ ਜਾਂਦੇ ਸਨ ਤੇ ਅੱਜ ਬਾਹਰ ਨਹੀਂ ਆਏ, ਨਾ ਕੋਈ ਖੜਕਾ ਹੋਇਆ। ਬਾਹਰ ਦਾਸ ਇੰਤਜ਼ਾਰ ਕਰਦਾ ਰਿਹਾ ਕਿ ਹੁਣ ਆਉਂਦੇ ਨੇ, ਹੁਣ ਆਉਂਦੇ ਨੇ। ਖਿਆਲ ਹੋਇਆ ਕਿਤੇ ਪਾਰ ਨਾ ਨਿਕਲ ਗਏ ਹੋਣ। ਫੇਰ ਸੋਚਦਾ ਹੈ ਕਿ ਖੜਕਾ ਨਹੀਂ ਹੋਇਆ, ਅਨੁਮਾਨ ਲਾਉਂਦਾ ਹੈ ਕਿ ਚੁੱਭੀ ਹੀ ਐਡੀ ਮਾਰੀ ਹੋਵੇ ਕਿ ਪਰਲੇ ਕੰਢੇ ਚਲੇ ਗਏ ਹੋਣ। ਦਿਨ ਚੜ੍ਹੇ ਤੱਕ ਉਡੀਕੀ ਗਿਆ। ਜਿੱਧਰ ਨੂੰ ਵੇਈ ਨਦੀ ਦਾ ਪਾਣੀ ਜਾਂਦਾ ਸੀ ਕਦੇ ਉਧਰ ਨੂੰ ਜਾਂਦਾ ਹੈ ਤੇ ਮੀਲ ਦੋ ਮੀਲ ਓਧਰ ਨੂੰ ਚਲਿਆ ਗਿਆ ਕਿ ਸ਼ਾਇਦ ਤੈਰਦੇ-ਤੈਰਦੇ ਚਲੇ ਗਏ ਹੋਣ। ਜਦੋਂ ਕੁਝ ਵੀ ਸਮਝ ਵਿਚ ਨਾ ਆਇਆ ਤਾਂ ਉਸ ਵੇਲੇ ਰੋਣ ਲੱਗ ਗਿਆ, ਉਚੀ-ਉਚੀ ਰੋਂਦਾ ਹੈ। ਉਸੇ ਤਰ੍ਹਾਂ ਰੋਂਦਾ-ਰੋਂਦਾ ਜਦੋਂ ਉਹ ਸ਼ਹਿਰ ਵਿਚ ਗਿਆ ਤਾਂ ਲੋਕਾਂ ਨੇ ਪੁਛਿਆ ਕਿ ਤੂੰ ਕਿਉਂ ਰੋਂਦਾ ਹੈਂ?"

ਕਹਿੰਦਾ, "ਨਾਨਕ ਜੀ ਅੱਜ ਵੇਈ ਵਿਚੋਂ ਬਾਹਰ ਨਹੀਂ ਆਏ। ਪਾਣੀ ਵਿਚ ਵੜੇ ਨੇ, ਮੈਨੂੰ ਬਸਤਰ ਫੜਾਏ ਨੇ ਪਰ ਆਪ ਪਾਣੀ ਵਿਚੋਂ ਬਾਹਰ ਨਹੀਂ ਆਏ।"

ਉਸ ਵੇਲੇ ਸਾਰਿਆਂ ਦੀ ਰੁਚੀ ਏਧਰ ਹੋ ਗਈ ਕਿਉਂਕਿ ਆਪ ਦੀ ਮਹਿਮਾ ਬਹੁਤ ਫੈਲੀ ਹੋਈ ਸੀ ਤੇ ਚਲਦੀ-ਚਲਦੀ ਗੱਲ ਨਵਾਬ ਦੌਲਤ ਖਾਂ ਕੋਲ ਪਹੁੰਚ ਗਈ।

ਉਹ ਕਹਿੰਦਾ, "ਗੁਰੂ ਨਾਨਕ! ਗੁਰੂ ਨਾਨਕ (ਪਾਤਸ਼ਾਹ) ਵਰਗਾ ਬੰਦਾ ਤਾਂ ਮੈਂ ਦੇਖਿਆ ਹੀ ਨਹੀਂ। ਉਹ ਤਾਂ ਖੁਦਾ ਦਾ ਨੂਰ ਹੈ ਤੇ ਪੂਰਾ ਈਮਾਨਦਾਰ ਹੈ, ਲੁਟਾਈ ਜਾਂਦਾ ਹੈ ਤੇ ਫੇਰ ਵਾਧਾ ਨਿਕਲਦਾ ਹੈ। ਇਨ੍ਹਾਂ ਤੋਂ ਪਹਿਲੇ ਜਿਹੜੇ ਸਨ ਉਹ ਘਾਟਾ ਪਾਉਂਦੇ ਸਨ ਤੇ ਉਨ੍ਹਾਂ ਤੋਂ ਵਸੂਲੀ ਕਰਨ ਲਈ, ਉਨ੍ਹਾਂ ਨੂੰ 'ਕਾਠ' ਲਾਉਣਾ ਪੈਂਦਾ ਸੀ।" ਕਾਠ ਲਾਉਣਾ ਇਕ ਸਜ਼ਾ ਹੁੰਦੀ ਸੀ। ਇਕ ਪਹੀਏ ਦੇ ਅੰਦਰ ਇਕ ਪੈਰ ਤੇ ਦੂਜੇ ਦੇ ਅੰਦਰ ਦੂਜਾ ਪੈਰ ਫਸਾ ਦਿੰਦੇ ਸਨ। ਇਕ ਪਹੀਆ ਇਕ ਪਾਸੇ ਨੂੰ ਘੁਮਾ ਦਿੰਦੇ ਸਨ ਤੇ ਦੂਜਾ ਦੂਜੇ ਪਾਸੇ ਨੂੰ, ਲੱਤਾਂ ਟੁੱਟਣ ਵਾਲੀਆਂ ਹੋ ਜਾਂਦੀਆਂ ਸਨ।

ਸੋ ਕਹਿਣ ਲੱਗਿਆ ਕਿ ਨਾਨਕ ਜੀ ਤਾਂ ਬਹੁਤ ਚੰਗੇ ਨੇ, ਇਹ ਤਾਂ ਬੜਾ ਮਾੜਾ ਕੰਮ ਹੋਇਆ। ਉਸੇ ਵੇਲੇ ਆ ਕੇ ਵੇਈ ਵਿਚ ਇਧਰ-ਓਧਰ ਲਭਦੇ ਨੇ, ਡੁਬੋਲੀਏ, ਤੈਰਾਕ ਵੀ ਲਭਦੇ ਫਿਰਦੇ ਨੇ, ਕਿਤੇ

ਪਤਾ ਨਾ ਲੱਗਿਆ, ਜਾਲ ਪਵਾਏ ਤਾਂ ਵੀ ਪਤਾ ਨਾ ਲੱਗਿਆ।

ਸਾਧਸੰਗਤ ਜੀ! ਅੱਜ ਦੇ ਸਾਡੇ ਲਿਖਾਰੀ ਇਹ ਗੱਲ ਕਹਿੰਦੇ ਨੇ ਕਿ ਗੁਰੂ ਨਾਨਕ ਸਾਹਿਬ ਵੇਈ ਦੇ ਪਰਲੇ ਪਾਸੇ ਤੈਰ ਕੇ ਨਿਕਲ ਗਏ ਤੇ ਉਥੇ ਕੋਈ ਜੰਗਲ ਹੋਏਗਾ ਤੇ ਉਹ ਉਥੇ ਬਹਿ ਗਏ ਹੋਣਗੇ। ਕਿਉਂਕਿ ਇਨ੍ਹਾਂ ਨੂੰ ਇਨ੍ਹਾਂ ਗੱਲਾਂ ਦਾ ਕੋਈ ਥਹੁ-ਪਤਾ ਨਹੀਂ ਹੈ ਤੇ ਗੁਰੂ ਮਹਾਰਾਜ ਦੀ ਕ੍ਰਿਆ ਨੂੰ ਆਪਣੀ ਅਕਲ ਨਾਲ ਮਾਪਦੇ ਨੇ। ਹੁਣ ਦੱਸੋ ਕਿ ਉਥੇ ਹਨ੍ਹੇਰਾ ਸੀ? ਚਾਰੇ ਪਾਸੇ ਤਲਾਸ਼ ਹੋ ਰਹੀ ਸੀ, ਪੈੜੂਏ ਲੱਗੇ ਹੋਏ ਸਨ, ਕਿਤੇ ਪਾਰ ਨਾ ਨਿਕਲ ਗਏ ਹੋਣ, ਕੀ ਐਨੀ ਵੀ ਉਨ੍ਹਾਂ ਨੂੰ ਸੋਝੀ ਨਾ ਆਈ? ਉਹ ਅਣਜਾਣ ਸਨ ਕਿ ਪਾਣੀ ਵਿਚ ਹੀ ਖੜ੍ਹੇ ਨੇ? ਕਿਸੇ ਨੇ ਤਾਂ ਕਿਹਾ ਹੋਣੈ ਕਿ ਪਾਰ ਦੇਖੋ, ਕਿਤੇ ਪਰਲੇ ਪਾਸੇ ਨਾ ਚਲੇ ਗਏ ਹੋਣ। ਕਿਤੇ ਖੁਰਾ-ਪੈੜ ਨਹੀਂ ਮਿਲਦੀ, ਕੋਈ ਨਿਸ਼ਾਨ ਨਹੀਂ ਮਿਲਦਾ, ਦੂਰ-ਦਰਾਜ ਤੱਕ ਤਲਾਸ਼ ਕਰੀ। ਜਾਲ ਪੁਆਏ ਗਏ, ਵੱਡੇ-ਵੱਡੇ ਮੱਛ ਜਾਲ ਵਿਚ ਫਸ ਗਏ, ਕੱਟ ਕੱਟ ਕੇ ਦੇਖੇ ਪਰ ਆਪ ਕਿਤੇ ਨਾ ਮਿਲੇ। ਅਖੀਰ ਸਭ ਨਿਰਾਸ਼ ਹੋ ਗਏ। ਭਾਈਆ ਜੈ ਰਾਮ ਜੀ ਬਹੁਤ ਉਦਾਸ ਨੇ। ਨਵਾਬ ਨੇ ਮੋਦੀਖਾਨੇ ਨੂੰ ਤਾਲਾ ਲਗਵਾ ਦਿਤਾ ਤੇ ਬੜੇ ਅਫਸੋਸ ਵਿਚ ਨੇ। ਇਕ ਬੇਬੇ ਨਾਨਕੀ ਹੈ ਜਿਹੜੀ ਆਪਣੇ ਵਿਸ਼ਵਾਸ ਵਿਚ ਸਲਾਮਤ ਰਹੀ ਤੇ ਕਹਿਣ ਲੱਗੀ, "ਨਾ! ਮੇਰੇ ਵੀਰ ਨੂੰ ਕੋਈ ਦਰਿਆ ਡੋਬ ਨਹੀਂ ਸਕਦਾ, ਕੋਈ ਅੱਗ ਜਲਾ ਨਹੀਂ ਸਕਦੀ, ਕੋਈ ਸ਼ਸਤਰ ਉਨ੍ਹਾਂ ਨੂੰ ਕੱਟ ਨਹੀਂ ਸਕਦਾ ਕਿਉਂਕਿ ਉਸ ਦੇ ਭੈ ਵਿਚ ਸਭ ਕੁਝ ਵਰਤ ਰਿਹਾ ਹੈ।

***ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥***
***ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥***
***ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮੁ ਦੁਆਰੁ॥***
***ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥***

***ਪੰਨਾ - 464***

ਕਹਿੰਦੇ, ਜਦੋਂ ਸਾਰੀ ਸ੍ਰਿਸ਼ਟੀ ਭੈ ਵਿਚ ਹੈ ਤੇ ਉਹ ਤਾਂ ਆਪ ਨਿਰੰਕਾਰ ਦਾ ਰੂਪ ਨੇ, ਉਨ੍ਹਾਂ ਨੂੰ ਕੋਈ ਨਹੀਂ ਡੋਬ ਸਕਦਾ। ਨਿਹਚਾ ਕਰੋ ਇਹ ਉਨ੍ਹਾਂ ਦਾ ਕੋਈ ਕੌਤਕ ਹੈ।

ਤੇ ਉਧਰ ਆਪ ਜੀ (ਗੁਰੂ ਨਾਨਕ ਪਾਤਸ਼ਾਹ) ਦਰਗਾਹ ਦੇ ਅੰਦਰ ਪਹੁੰਚਦੇ ਨੇ, ਜਿਸ ਦਾ ਪਤਾ ਆਪ ਨੇ ਆਪ ਆਪਣੀ ਬਾਣੀ ਦੇ ਅੰਦਰ ਦਿਤਾ ਹੈ -

***ਧਾਰਨਾ - ਸਚਖੰਡ 'ਚ ਬੁਲਾਇਆ ਨਿਰੰਕਾਰ ਨੇ,***
***ਜਗਤ ਗੁਰੂ ਨਾਨਕ ਨੂੰ -2, 2.***
***ਮੇਰੇ ਪਿਆਰੇ, ਜਗਤ ਗੁਰੂ ਨਾਨਕ ਨੂੰ-2, 2.***
***ਸਚਖੰਡ 'ਚ ਬੁਲਾਇਆ ਨਿਰੰਕਾਰ ਨੇ,...2***

ਆਪ ਨੂੰ ਸੁਨੇਹਾ ਆਇਆ, ਆਪ ਫੁਰਮਾਨ ਕਰਦੇ ਨੇ ਬਾਣੀ ਵਿਚ ਕਿ-

***ਹਉ ਢਾਢੀ ਵੇਕਾਰੁ ਕਾਰੈ ਲਾਇਆ॥***
***ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥*** ***ਪੰਨਾ - 150***

ਇਥੋਂ ਨਹੀਂ, ਦਰਗਾਹ ਵਿਚੋਂ ਹੀ ਫੁਰਮਾਨ ਹੋਇਆ ਸੀ -

***ਢਾਢੀ ਸਚੈ ਮਹਲਿ ਖਸਮਿ ਬੁਲਾਇਆ॥*** ***ਪੰਨਾ - 150***

"ਮਾਲਕ ਨੇ ਮੈਨੂੰ ਸੱਚੇ ਮਹਲ ਵਿਚ ਬੁਲਾਇਆ ਤੇ ਉਥੇ ਪ੍ਰਮੇਸ਼ਰ ਨੇ ਪੁੱਛਣਾ ਕੀਤਾ।" ਕਿਉਂਕਿ ਦੋਏ ਇਕੋ ਰੂਪ ਨੇ। ਇਕ ਵਾਰੀ ਤਾਂ ਪ੍ਰਕਾਸ਼ ਹੀ ਪ੍ਰਕਾਸ਼ ਦਿਸਦਾ ਹੈ, ਦੂਜੀ ਵਾਰੀ ਸਾਕਾਰ ਰੂਪ ਦੇ ਅੰਦਰ ਨਿਰੰਕਾਰ ਤੇ ਗੁਰੂ ਨਾਨਕ ਪਾਤਸ਼ਾਹ ਨਜ਼ਰ ਆਉਂਦੇ ਨੇ।

ਕਹਿੰਦੇ, "ਹੇ ਨਾਨਕ! ਸੰਸਾਰ ਦੇ ਉਤੇ ਆਪ ਗਏ ਸੀ ਤੇ ਅਜੇ ਤੱਕ ਆਪ ਨੇ ਕੰਮ ਸ਼ੁਰੂ ਨਹੀਂ ਕਰਿਆ।"

ਗੁਰੂ ਨਾਨਕ ਦੇਵ ਜੀ ਕਹਿੰਦੇ, "ਨਿੰਰਕਾਰ ਜੀ! ਜਗਤ ਬੁਰੀ ਤਰ੍ਹਾਂ ਜਲ ਰਿਹਾ ਹੈ। ਮੱਸਿਆ ਦੀ ਰਾਤ ਪਈ ਹੋਈ ਹੈ ਤੇ ਧਰਮ ਕਿਤੇ ਦਿਸਦਾ ਨਹੀਂ, ਸਾਰੇ ਕੂੜ ਦੀ ਹਨ੍ਹੇਰੀ ਰਾਤ ਪਸਰ ਚੁੱਕੀ ਹੈ –

***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ ਪੰਨਾ – 145***

ਰਾਜੇ ਕਲਜੁਗ ਅੰਦਰ ਕਸਾਈ ਹੋ ਗਏ ਤੇ ਜਿੰਨੇ ਸਾਧੂ, ਸੰਤ, ਆਚਾਰੀਆ ਨੇ, ਸਭ ਤੇਰੇ ਪਿਆਰ ਤੋਂ ਹੀਣੇ ਹੋ ਕੇ ਕੇਵਲ ਭੇਖਾਂ ਦੇ ਅੰਦਰ, ਰੂਪਾਂ, ਰੇਖਾਂ ਦੇ ਵਿਚ ਫਸੇ ਹੋਏ ਨੇ। ਸੱਚ ਨਹੀਂ ਲੱਭਦਾ, ਬਹਿਸਾਂ ਕਰਦੇ ਨੇ –

***ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ॥***
***ਭਾਈ ਗੁਰਦਾਸ ਜੀ, ਵਾਰ 1/21***

ਲੜਾਈ ਹੈ ਕੇਵਲ। ਤੇਰੇ ਨਾਮ ਦੀ ਗੱਲ ਚਲ ਨਹੀਂ ਰਹੀ, ਪ੍ਰਭੂ ਤੇਰੇ ਨਾਲ ਕਿਸੇ ਦਾ ਪਿਆਰ ਨਹੀਂ। ਜਿਹੜੇ ਜੋਗੀ ਨੇ, ਇਹ ਸ਼ਕਤੀਆਂ ਦੇ ਵਿਚ ਪਰਚੇ ਹੋਏ ਨੇ, ਜਿਹੜੇ ਵੱਡੇ–ਵੱਡੇ ਡੇਰੇਦਾਰ ਨੇ ਉਹ ਮਾਇਆ ਵਿਚ ਪਰਚੇ ਹੋਏ ਨੇ, ਏਸ ਵਿਉਂਤ ਵਿਚ ਨੇ ਕਿ ਮਾਇਆ ਕਿਵੇਂ ਬਹੁਤੀ ਆਵੇ। ਉਹ ਮਾਇਆ ਦੇ ਪੁਜਾਰੀ ਨੇ, ਤੇਰੇ ਨਹੀਂ। ਸੋ ਪਾਤਸ਼ਾਹ! ਅਨ੍ਹੇਰਾ ਹੀ ਅਨ੍ਹੇਰਾ ਪਿਆ ਹੈ। ਰਾਜੇ, ਕਰਮਚਾਰੀ ਪਰਜਾ ਦਾ ਲਹੂ ਪੀ ਰਹੇ ਹਨ।

ਦੂਸਰਾ ਆਪ ਦੀ ਇਹ ਮਰਿਆਦਾ ਹੈ ਕਿ ਜਦੋਂ ਤੱਕ ਗੁਰੂ ਧਾਰਨ ਨਾ ਕੀਤਾ ਜਾਵੇ ਉਨੀ ਦੇਰ ਤੱਕ ਇਹ ਮਿਸ਼ਨ ਨਹੀਂ ਚੱਲ ਸਕਦਾ। ਸੋ ਮੈਂ ਸੰਸਾਰ ਵਿਚ ਨਿਗ੍ਹਾ ਮਾਰ ਕੇ ਦੇਖਿਆ ਪਰ –

***ਬੀਜਉ ਸੂਝੈ ਕੋ ਨਹੀ ਬਹੈ ਦਲੀਚਾ ਪਾਇ॥ ਪੰਨਾ – 936***

ਮੈਨੂੰ ਕੋਈ ਨਜ਼ਰ ਨਹੀਂ ਆਇਆ ਜਿਹੜਾ ਦਲੀਚਾ ਪਾ ਕੇ ਬੈਠ ਜਾਏ। ਸੋ ਮੈਂ ਆਪ ਨੂੰ, ਨਿਰੰਕਾਰ ਨੂੰ ਗੁਰੂ ਧਾਰਨ ਕਰਨ ਵਾਸਤੇ ਆਇਆ ਹਾਂ।" ਆਪਨੇ ਫੁਰਮਾਨ ਕੀਤਾ ਹੈ–

***ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥***
***ਪੰਨਾ – 599***

ਕਹਿੰਦੇ, "ਓਹੀ ਮੈਨੂੰ ਗੁਰੂ ਮਿਲਿਆ।"

***ਆਦਿ ਅੰਤਿ ਏਕੈ ਅਵਤਾਰਾ॥ਸੋਈ ਗੁਰੂ ਸਮਝਿਯਹੁ ਹਮਾਰਾ॥***
***(ਚੌਪਈ)***

ਗੁਰੂ ਨਿਰੰਕਾਰ ਹੈ ਤੇ ਨਿਰੰਕਾਰ ਤੋਂ ਚਲਦੀ ਹੈ ਇਹ ਸੰਪਰਦਾ, ਜਿਸ ਨੂੰ ਸਿਖਮਤ ਕਹਿੰਦੇ ਹਨ।

ਸੋ ਗੁਰੂ ਮਹਾਰਾਜ ਜੀ ਕਹਿਣ ਲੱਗੇ, "ਮੈਨੂੰ ਦੀਕਸ਼ਾ ਦਿਓ, ਸੰਸਾਰ ਨੂੰ ਆਪ ਦਾ ਸਰੂਪ ਕੀ ਦੱਸਿਆ ਜਾਵੇ ਜਿਸ ਦੀ ਅਰਾਧਨਾ ਕਰਕੇ ਸੰਸਾਰ ਆਪ ਤੱਕ ਪਹੁੰਚ ਸਕੇ।"

ਨਿਰੰਕਾਰ ਜੀ ਕਹਿੰਦੇ, "ਹੇ ਨਾਨਕ! ਮੈਨੂੰ ਪ੍ਰਾਕ੍ਰਿਤਕ ਲੋਕਾਂ ਨੇ ਪ੍ਰਾਕਿਰਤੀ ਵਾਂਗ ਦੇਖਣ ਦਾ ਯਤਨ ਕੀਤਾ ਹੈ – ਕੋਈ ਚਾਰ ਬਾਹਾਂ ਵਾਲਾ ਮੈਨੂੰ ਦੇਖਦਾ ਹੈ, ਕੋਈ ਗਦਾ, ਸੰਖ ਤੇ ਚੱਕਰ ਵਾਲਾ ਦੇਖਦਾ ਹੈ, ਕੋਈ ਕਿਸੇ ਤਰ੍ਹਾਂ ਦੀ ਭਾਵਨਾ ਮੇਰੇ ਤੇ ਬਣਾ ਰਿਹਾ ਹੈ ਤੇ ਕੋਈ ਕਿਸੇ ਤਰ੍ਹਾਂ ਦੀ।

ਮੇਰਾ ਅਸਲੀ ਸਰੂਪ ੧ੳ (ਏਕੰਕਾਰ) ਦਾ ਹੈ। ਓਅੰਕਾਰ ਦਾ ਜੋ ਮੇਰਾ ਸਰੂਪ ਹੈ ਉਹ ਸ਼ਬਦ ਧੁਨ ਹੈ, ਜਿਸ ਨੂੰ 'ਸ਼ਬਦ ਬ੍ਰਹਮ' ਕਹਿੰਦੇ ਨੇ। ਉਹ ਰੂਪ, ਰੰਗ, ਰੇਖ, ਭੇਖ, ਚੱਕਰ, ਚਿਹਨ, ਜਾਤ–ਪਾਤ ਤੋਂ ਨਿਆਰਾ ਕੇਵਲ ਹੋਂਦ ਮਾਤਰ ਹੈ।

ਜੋ ਮੇਰਾ 'ਏਕੰਕਾਰ' ਦਾ ਸਰੂਪ ਹੈ ਉਹ ਹੈ ਕੇਵਲ ਇਕ (੧), ਓਅੰਕਾਰ (ੳ) ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂੰਨੀ ਸੈਭੰ ਗੁਰਪ੍ਰਸਾਦਿ॥ ਇਥੇ ਮੈਂ ਏਕੰਕਾਰ ਹੀ ਹਾਂ। ਮੇਰਾ

ਇਹ ਰੂਪ, ਮੇਰੀ ਹੋਂਦ ਸਤ ਹੈ, ਨਾਮ ਸ਼ਕਤੀ ਹੈ, ਮੈਂ ਆਪ ਹੀ ਇਕ ਤੋਂ ਅਨੇਕ ਹੋਇਆ ਹਾਂ। ਇਕ ਕਰਤਾ ਹਾਂ। ਸਾਰੇ ਦ੍ਰਿਸ਼ਟਮਾਨ ਵਿਚ ਮੈਂ ਵਿਆਪਕ ਹੁੰਦਾ ਪੁਰਖ ਹਾਂ, ਮੈਥੋਂ ਬਿਨਾਂ ਕੋਈ ਹੋਰ ਨ ਹੋਣ ਕਰਕੇ ਨਿਰਭਉ, ਨਿਰਵੈਰ ਹਾਂ। ਕਾਲ ਮੇਰਾ ਹੀ ਪੈਦਾ ਕੀਤਾ ਹੋਇਆ ਹੈ, ਮੈਂ ਕਾਲ ਰਹਿਤ ਹਾਂ। ਮੈਂ ਕਾਲ ਰਹਿਤ ਹੋਂਦ (ਹਸਤੀ) ਹਾਂ। ਜੂਨਾਂ ਵਿਚ ਮੈਂ ਨਹੀਂ ਆਉਂਦਾ। ਮੈਂ ਗਿਆਨ ਹਾਂ ਪਰ ਮੈਂ ਆਪਣੇ ਵਿਚ ਪੂਰੀ ਤਰ੍ਹਾਂ ਅਭੇਦ ਹੋਏ, ਮੇਰਾ ਹੀ ਰੂਪ ਬਣੇ, ਗੁਰੂ ਦੀ ਕ੍ਰਿਪਾ ਹੋਣ ਤੇ ਹੀ ਸ਼ਾਖਸ਼ਾਤ ਹੁੰਦਾ ਹਾਂ। ਸਾਰਾ ਦ੍ਰਿਸ਼, ਅਦ੍ਰਿਸ਼ ਮੈਂ ਆਪ ਹੀ ਹਾਂ।"

ਸਾਰਾ ਸਮਝਾ ਦਿਤਾ ਕਿ ਇਹ ਸਰੂਪ ਮੇਰਾ ਸੰਸਾਰ ਵਿਚ ਦੱਸੀਂ। ਹੁਣ ਤੁਸੀਂ ਇਸ ਤੇ ਆਪਣੀ ਮੋਹਰ ਲਾਓ ਕਿਉਂਕਿ ਤੁਹਾਡਾ ਸਿੱਕਾ ਚਲਣਾ ਹੈ ਸੰਸਾਰ ਦੇ ਅੰਦਰ, ਮੋਹਰ ਤੁਹਾਡੀ ਹੋਣੀ ਚਾਹੀਦੀ ਹੈ।

ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਨੇ ਦੋਵੇਂ ਹੱਥ ਜੋੜੇ, ਨਿਰੰਕਾਰ ਦੇ ਸਾਹਮਣੇ ਹੋ ਕੇ ਕਿਹਾ, ***"ਆਦਿ ਸਚਿ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥*** ਹੇ ਪ੍ਰਭੂ! ਤੂੰ ਅਨਾਦ ਹੈਂ, ਜਦੋਂ ਸੰਸਾਰ ਦਾ ਆਦਿ ਹੋਇਆ ਉਸ ਵੇਲੇ ਵੀ ਤੂੰ ਆਪ ਹੀ ਸੀ, ਤੈਥੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ। ਜਦੋਂ ਸਮੇਂ ਦੀ ਹੋਂਦ ਹੋਈ ਉਸ ਸਮੇਂ ਵੀ ਤੂੰ ਆਪ ਹੀ ਸੀ, ਹੁਣ ਵੀ ਤੁਸੀਂ ਆਪ ਹੀ ਹੋ; ਮਾਇਆ, ਪਸਾਰੇ ਦੀ ਸਾਜਨਾਂ ਆਪਣੇ ਆਪ ਤੋਂ ਹੀ ਕੀਤੀ, ਜਦੋਂ ਰਚਨਾ ਤੇਰੇ ਵਿਚ ਲੈਅ ਹੋਵੇਗੀ ਉਸ ਵੇਲੇ ਵੀ ਤੂੰ ਆਪ ਹੀ ਹੋਵੇਂਗਾ, ਆਪਣਾ ਖੇਲ੍ਹ ਆਪ ਹੀ ਕਰ ਰਿਹਾ ਹੈਂ। ਜਦੋਂ ਸੰਕੋਚਦਾ ਹੈਂ ਤਾਂ ਵੀ ਆਪ ਹੀ ਆਪਣੀ ਮਹਿਮਾਂ ਵਿਚ ਸਥਿਤ ਹੋ ਜਾਂਦਾ ਹੈਂ। ਤੂੰ ਆਪ ਹੀ ਪਸਰ ਕੇ ਦ੍ਰਿਸ਼ਟਮਾਨ ਹੋ ਜਾਂਦਾ ਹੈਂ ਅਤੇ ਸੁੰਗੜ ਕੇ ਆਪ ਹੀ ਰਹਿ ਜਾਂਦਾ ਹੈਂ।"

ਹੁਕਮ ਹੋਇਆ ਕਿ ਤਾਰਕ ਮੰਤਰ ਜੋ ਹੈ ਕਲਜੁਗ ਦਾ, ਉਹ ਵਾਹਿਗੁਰੂ ਮੰਤਰ ਹੈ। ਵਾਹਿਗੁਰੂ ਮੰਤਰ ਵਿਚ ਮੇਰਾ ਅਦ੍ਵੈਤ ਰੂਪ ਸੰਮਿਲਤ ਹੈ ਤੇ ਉਸ ਵੇਲੇ ਨਿਰੰਕਾਰ ਜੀ ਨੇ ਇਕ ਪਿਆਲਾ ਲੈ ਆਂਦਾ। ਕਿਹੋ-ਜਿਹਾ ਪਿਆਲਾ ਹੈ, ਉਹ ਸਾਡੇ ਪਿਆਲੇ ਵਰਗਾ ਨਹੀਂ ਹੈ। ਸਾਨੂੰ ਦੱਸਣ ਵਾਸਤੇ ਇਹ ਸ਼ਬਦ ਵਰਤਿਆ ਹੈ ਜਨਮ ਸਾਖੀ ਵਿਚ। ਉਹ ਨਾਮ ਅੰਮ੍ਰਿਤ ਦਾ ਲਬਾਲਬ ਭਰਿਆ ਹੋਇਆ ਪਿਆਲਾ ਸੀ।

ਨਿਰੰਕਾਰ ਜੀ ਕਹਿੰਦੇ, "ਹੇ ਨਾਨਕ! ਇਹ ਮੇਰੇ 'ਨਾਮ ਅੰਮ੍ਰਿਤ' ਦਾ ਪਿਆਲਾ ਮੈਂ ਤੈਨੂੰ ਦਿੰਦਾ ਹਾਂ, ਤੂੰ ਇਹ ਪੀ।"

ਉਸੇ ਵੇਲੇ ਗੁਰੂ ਨਾਨਕ ਪਾਤਿਸ਼ਾਹ ਨੇ 'ਨਾਮ ਅੰਮ੍ਰਿਤ' ਦਾ ਪਿਆਲਾ ਪੀਤਾ ਤੇ ਪੀਂਦੇ ਸਾਰ ਵਾਹਿਗੁਰੂ ਜੀ ਦਾ ਪਰੀਪੂਰਨ ਹੁਕਮ ਪ੍ਰਗਟ ਹੋ ਗਿਆ।

ਫੇਰ ਨਿਰੰਕਾਰ ਨੇ ਬਚਨ ਕੀਤਾ, "ਹੇ ਨਾਨਕ! ਤੇਰੀ ਸਾਰੀ ਪਵਿੱਤਰਤਾ, ਮੇਰੀ ਹੋਏਗੀ ਤੇ ਤੇਰੇ ਸਾਰੇ ਚਰਿਤ੍ਰ ਮੇਰੇ ਹੋਣਗੇ, ਜਿੰਨੇ ਤੂੰ ਕੰਮ ਕਰੇਂਗਾ ਉਹ ਮੈਂ ਕਰਦਾ ਹੋਵਾਂਗਾ ਤੇ ਤੁਹਾਨੂੰ ਕੋਈ ਲੇਪ ਨਹੀਂ ਲਗੇਗੀ -

***ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ ॥***
***ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਤੇ ॥*** ***ਪੰਨਾ - 1357***

ਸੋ ਹੁਣ ਤੁਸੀਂ ਜਾਓ ਸੰਸਾਰ ਦੇ ਅੰਦਰ। ਹੇ ਨਾਨਕ! ਜੋ ਤੇਰੇ ਤੇ ਯਕੀਨ ਕਰੇਗਾ, ਇਹ ਮੇਰਾ ਬਚਨ ਰਿਹਾ ਕਿ ਮੈਂ ਉਸ ਨੂੰ ਕਾਲ ਦੇ ਚੱਕਰ ਵਿਚੋਂ ਕੱਢ ਲਵਾਂਗਾ। ਜੋ ਤੇਰੇ ਤੇ ਵਿਸ਼ਵਾਸ ਲਿਆਏਗਾ, ਤੇਰੀ ਬਾਣੀ ਤੇ ਵਿਸ਼ਵਾਸ ਲਿਆਏਗਾ ਉਹ ਮੇਰੇ ਤੱਕ ਪਹੁੰਚ ਜਾਏਗਾ। ਸੋ ਜੋ ਮੈਂ ਤੈਨੂੰ ਮੰਤਰ ਦਿਤਾ ਹੈ ਇਸ ਦਾ ਜੋ ਜਾਪ ਕਰੇਗਾ, ਸਮਝੇਗਾ, ਉਹ ਮੇਰੇ ਹੁਕਮ ਨੂੰ ਸਮਝ ਜਾਏਗਾ। ਉਹ ਹਉਮੈਂ ਦੇ ਚੱਕਰ ਵਿਚੋਂ ਨਿਕਲ ਜਾਏਗਾ-

***ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥*** ***ਪੰਨਾ - 1***

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ ਕਿ ਮੈਨੂੰ ਨਿਰੰਕਾਰ ਨੇ ਸਿਫਤ ਸਲਾਹ ਦਾ ਕਪੜਾ ਬਖਸ਼ਿਆ –

***ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥*** ***ਪੰਨਾ – 150***

ਮੈਂ ਤਾਂ ਬੇਕਾਰ ਸੀ। ਸਾਨੂੰ ਬੇਕਾਰ ਕਹਿੰਦੇ ਨੇ; ਅਸੀਂ ਬੇਕਾਰ ਹਾਂ, ਮਹਾਰਾਜ ਬੇਕਾਰ ਨਹੀਂ ਸੀ। ਅਸੀਂ ਬੇਕਾਰ ਫਿਰਦੇ ਹਾਂ, ਦੁਨੀਆਂ ਦੇ ਕੰਮ ਕਰਦੇ ਫਿਰਦੇ ਹਾਂ, ਪ੍ਰਮੇਸ਼ਰ ਦੇ ਕੰਮ ਵਲੋਂ ਬਿਲਕੁਲ ਬੇਕਾਰ ਹਾਂ। ਪ੍ਰਮੇਸ਼ਰ ਲਾਉਂਦਾ ਹੈ, ਅਸੀਂ ਲੱਗ ਜਾਂਦੇ ਹਾਂ। ਸਮਝ ਨਹੀਂ ਆ ਰਹੀ, ਹੈਰਾਨ ਹੋਈਦਾ ਹੈ ਕਿ ਇਹ ਕਿੰਨੇ ਭਾਗਾਂ ਵਾਲਾ ਬੰਦਾ ਹੈ ਮਾਇਆ ਵਿਚੋਂ ਨਿਕਲ ਕੇ ਪ੍ਰਮੇਸ਼ਰ ਵੱਲ ਲੱਗ ਰਿਹਾ ਹੈ ਲੇਕਿਨ ਲੱਗਣ ਨਹੀਂ ਦੇ ਰਹੀ ਮਾਇਆ ਇਸ ਨੂੰ। ਮੁੜ-ਮੁੜ ਕੇ ਫੇਰ ਉਥੇ ਨੂੰ ਜਾਂਦਾ ਹੈ ਕਿਉਂਕਿ 'ਮੇਰਾ-ਮੇਰਾ' ਅਤੇ 'ਮਮਤ੍ਵ' ਨਹੀਂ ਛਡਦਾ ਇਹ। ਮੈਂ ਤੇ ਮੇਰੀ ਨੂੰ ਛੱਡਣ ਵਾਸਤੇ ਤਿਆਰ ਨਹੀਂ, ਮੁਰਦਾ ਬਣਨ ਨੂੰ ਤਿਆਰ ਨਹੀਂ, ਜੀਉਂਦਾ ਰਹਿਣਾ ਚਾਹੁੰਦਾ ਹੈ। ਸੋ ਬੇਕਾਰੀ ਦੇ ਵਿਚ ਰਹਿਣਾ ਚਾਹੁੰਦਾ ਹੈ, ਕਾਰ ਨਹੀਂ ਲਗਣਾ ਚਾਹੁੰਦਾ। ਮਹਾਰਾਜ ਜੀ ਕਹਿੰਦੇ-

***ਹਉ ਢਾਢੀ ਵੇਕਾਰੁ ਕਾਰੈ ਲਾਇਆ॥***
***ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥***
***ਢਾਢੀ ਸਚੈ ਮਹਲਿ ਖਸਮਿ ਬੁਲਾਇਆ॥***
***ਸਚੀ ਸਿਫਤਿ ਸਾਲਾਹ ਕਪੜਾ ਪਾਇਆ॥***
***ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥***
***ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥***
***ਢਾਢੀ ਕਰੇ ਪਸਾਉ ਸਬਦੁ ਵਜਾਇਆ॥***
***ਨਾਨਕ ਸਚੁ ਸਾਲਾਹਿ ਪੂਰਾ ਪਾਇਆ॥***
***ਪੰਨਾ – 150***

ਮੈਨੂੰ ਤਾਂ ਕਾਰ ਤੇ ਲਾ ਦਿਤਾ। ਹੁਣ ਦਿਨ ਰਾਤ ਮੈਂ ਨਿਰੰਕਾਰ ਦੀ ਕਾਰ ਕਰ ਰਿਹਾ ਹਾਂ। ਮੈਨੂੰ ਸੱਚੇ ਮਹੱਲ ਬੁਲਾ ਕੇ ਸਿਰੋਪਾ ਦਿਤਾ, ਸਿਫਤ ਸਲਾਹ ਦਾ ਮੈਨੂੰ ਕੱਪੜਾ ਬਖਸ਼ਿਆ, ਸਿਰੋਪਾ ਬਖਸ਼ਿਆ ਤੇ ਅੰਮ੍ਰਿਤ ਨਾਮ ਦਾ ਭੋਜਨ ਮੈਨੂੰ ਉਥੋਂ ਪ੍ਰਾਪਤ ਹੋਇਆ, ਜਿਹੜਾ ਇਸ ਭੋਜਨ ਨੂੰ ਲੈਣ ਸਾਡੇ ਕੋਲ ਆਏਗਾ ਉਹ ਗੁਰੂ ਦੀ ਮੱਤ ਧਾਰਨ ਕਰਕੇ ਰੱਜ ਕੇ ਖਾਏਗਾ, ਉਸ ਨੂੰ ਸੁਖ ਦੀ ਪ੍ਰਾਪਤੀ ਹੋਏਗੀ। ਅਸੀਂ ਇਥੇ ਆ ਕੇ ਪ੍ਰਮੇਸ਼ਰ ਦਾ ਅਨਹਦ-ਨਾਦ ਵਜਾਇਆ ਹੈ, ਸ਼ਬਦ ਵਜਾਇਆ ਹੈ, ਨਿਰੰਕਾਰ-ਓਅੰਕਾਰ ਦਾ, ਵਾਹਿਗੁਰੂ ਸ਼ਬਦ ਦਾ, ਤੇ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਕੀ ਦੇਖਦੇ ਨੇ ਕਿ ਅੰਤ ਹੀ ਨਹੀਂ, ਜਿੱਧਰ ਵੀ ਦੇਖਦੇ ਨੇ ਸ੍ਰਿਸ਼ਟੀਆਂ ਹੀ ਸ੍ਰਿਸ਼ਟੀਆਂ ਕੇਵਲ ਮਾਦੇ ਦੀਆਂ ਹੀ ਨਹੀਂ, ਪਤਾ ਨਹੀਂ ਕਾਹਦੀਆਂ ਬਣੀਆਂ ਹੋਈਆਂ, ਬੇਅੰਤ ਖਾਣੀਆਂ, ਬੇਅੰਤ ਬਾਣੀਆਂ, ਬੇਅੰਤ ਪਾਣੀ, ਬੇਅੰਤ ਪੌਣਾਂ, ਬੇਅੰਤ ਅਗਨੀਆਂ ਕੋਈ ਅੰਤ ਹੀ ਨਹੀਂ ਕਿਉਂਕਿ ਹੁਕਮ ਦੀ ਪਛਾਣ ਹੋ ਗਈ, ਹੁਕਮ ਦੀ ਪਛਾਣ ਹੋਣ ਦੇ ਨਾਲ ਕੀ ਦੇਖਦੇ ਹਨ ਕਿ –

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥***
***ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥***
***ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥***
***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥*** ***ਪੰਨਾ – 5***

ਅਵਾਜ਼ ਆਈ, "ਹੇ ਨਾਨਕ! ਤੂੰ ਮੇਰੇ ਹੁਕਮ ਨੂੰ ਸਮਝਿਆ ਹੈ, ਇਸ ਨੂੰ ਪ੍ਰਗਟ ਕਰ।" ਉਸ ਵੇਲੇ ਮਹਾਰਾਜ ਐਸਾ ਫੁਰਮਾਨ ਕਰਦੇ ਨੇ –

***ਧਾਰਨਾ – ਕੀਮਤ ਤੇਰੀ ਜੀ, ਨਾ ਪੈਂਦੀ,***
***ਕੀਮਤ ਤੇਰੀ ਓ, ਨਾ ਪੈਂਦੀ –2, 2.***
***ਹਉ ਕੇਵਡ ਆਖਾ ਨਾਉ ਮਾਲਕਾ, ਨਾ ਪੈਂਦੀ–***

***ਕੀਮਤ ਤੇਰੀ ਜੀ, ਨਾ ਪੈਂਦੀ -2, 2.***

***ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥***
***ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥***
***ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ਪੰਨਾ - 14***

"ਨਿਰੰਕਾਰ ਜੀ! ਕੋਈ ਵੀ ਯਤਨ ਨਹੀਂ ਸੰਸਾਰ ਦਾ ਜਿਸ ਦੇ ਨਾਲ ਤੇਰੇ ਨਾਮ ਦੀ ਕੀਮਤ ਪੈ ਜਾਏ, ਤੇਰੇ ਹੁਕਮ ਦੀ ਕੀਮਤ ਪੈ ਜਾਏ ਤੇ ਤੇਰੀ ਕੀਮਤ ਪੈ ਜਾਏ।"

ਉਸ ਵੇਲੇ ਨਿਰੰਕਾਰ ਜੀ ਨੇ ਬਚਨ ਕੀਤਾ, "ਹੇ ਨਾਨਕ! ਤੈਨੂੰ ਮੇਰਾ ਹੁਕਮ ਪੂਰੀ ਤਰ੍ਹਾਂ ਦੇ ਨਾਲ ਸਮਝ ਆਇਆ ਹੈ ਤੇ ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰ ਪ੍ਰਮੇਸ਼ਰ। ਜੋ ਕੋਈ ਤੇਰੇ ਉਤੇ ਵਿਸ਼ਵਾਸ ਲਿਆਏਗਾ, ਉਸ ਦੇ ਮੈਂ ਗੁਨਾਹ ਮਾਫ ਕਰ ਦੇਵਾਂਗਾ, ਰਿਆਇਤ ਕਰ ਦੇਵਾਂਗਾ ਤੇ ਜੋ ਤੇਰੀ ਬਾਣੀ ਦੇ ਉਤੇ ਅਮਲ ਕਰੇਗਾ, ਉਸ ਨੂੰ ਦਰਗਾਹ ਵਿਚ ਵਾਸਾ ਮਿਲ ਜਾਏਗਾ।"

ਸੋ ਇਸ ਤਰ੍ਹਾਂ ਆਪ ਜੀ ਸਾਰਾ ਦ੍ਰਿਸ਼ ਦੇਖ ਰਹੇ ਨੇ ਕਿਉਂਕਿ ਮਹਾਂਪੁਰਸ਼ ਸਾਰੇ ਹੀ ਓਥੇ ਪਹੁੰਚੇ ਨੇ। ਮੁਹੰਮਦ ਸਾਹਿਬ ਨੂੰ ਚਾਲ੍ਹੀਵੇਂ ਸਾਲ ਵਿਚ ਜਾ ਕੇ ਇਕ ਗਾਰ (ਗੁਫਾ) ਦੇ ਅੰਦਰ ਐਸਾ ਤਜਰਬਾ ਹੋਇਆ ਸੀ ਤੇ ਈਸਾ ਜੀ ਨੂੰ ਵੱਡੀ ਉਮਰ ਵਿਚ ਜਾ ਕੇ ਹੋਇਆ ਸੀ। ਪਹਿਲੀਆਂ ਉਮਰਾਂ ਸਧਾਰਨ ਬੰਦਿਆਂ ਵਾਂਗ ਲੰਘੀਆਂ ਸਨ ਲੇਕਿਨ ਗੁਰੂ ਨਾਨਕ ਪਾਤਸ਼ਾਹ ਪਹਿਲੇ ਦਿਨ ਤੋਂ ਹੀ ਇਸ ਪਾਸੇ ਸਨ ਯਾਨੀ ਆਪ ਗੁਰੂ ਅਵਤਾਰ ਸਨ। ਸਤਿਗੁਰੂ ਰੂਪ ਹੋ ਕੇ ਨਿਰੰਕਾਰ ਆਪ ਹੀ ਪ੍ਰਗਟ ਹੋਏ ਸਨ ਤੇ ਜਦੋਂ ਨਿਰੰਕਾਰ ਜੀ ਦੀ ਦਰਗਾਹ ਵਿਚ ਹੁਕਮ ਦੀ ਸੋਝੀ ਹੋਈ ਤਾਂ ਆਪ ਬੇਅੰਤ ਬੇਅੰਤ ਦੇਖਦੇ ਹਨ, ਇਕ, ਦੋ, ਚਾਰ, ਦਸ ਨਹੀਂ, ਗਿਣਤੀ ਤੋਂ ਬਾਹਰ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਬ੍ਰਹਮਾ ਬਿਸ਼ਨ ਤੇ ਮਹੇਸ਼ ਪੀਰ ਔਲੀਏ,***
***ਸੱਚੇ ਦਰ ਖੜ੍ਹੇ ਪਿਆਰਿਓ -2, 2.***
***ਸੱਚੇ ਦਰ ਜੀ, ਖੜ੍ਹੇ ਪਿਆਰਿਓ -2, 2.***
***ਬ੍ਰਹਮਾ ਬਿਸ਼ਨ ਤੇ ਮਹੇਸ਼ ਪੀਰ ਔਲੀਏ,.. -2***

ਦਰਗਾਹ ਦਾ ਵੇਰਵਾ ਜਨਮ ਸਾਖੀ ਦੇ ਅੰਦਰ ਏਸ ਤਰ੍ਹਾਂ ਨਾਲ ਅੰਕਿਤ ਕੀਤਾ ਹੈ ਕਿ ਲੱਖXਲੱਖ, ਜਦੋਂ ਕਰੋੜ-ਕਰੋੜ ਕਹਿ ਦੇਈਏ ਤਾਂ ਇਸ ਦਾ ਮਤਲਬ ਹੁੰਦਾ ਹੈ ਕਿ ਇਹ ਸਹੀ ਰਕਮ ਨਹੀਂ ਹੈ, ਇਹ ਇਸ ਤੋਂ ਵੀ ਵੱਧ ਹੈ। ਸਾਰੇ ਮਹਾਂਪੁਰਸ਼ ਦਰਗਾਹ ਵਿਚ ਗਏ ਨੇ।

ਮੁਹੰਮਦ ਸਾਹਿਬ ਨੂੰ ਜਿਸ ਵਕਤ ਦਰਗਾਹ ਵਿਚ ਸੱਦਿਆ ਗਿਆ ਤਾਂ ਉਨ੍ਹਾਂ ਨੇ ਸੱਤ ਅਰਸ਼ ਤੇ ਕੁਰਸ਼ ਦੱਸੇ ਤੇ ਪੰਜਵੇਂ ਦੇ ਅੰਦਰ ਉਨ੍ਹਾਂ ਨੂੰ ਈਸਾ ਜੀ ਮਿਲੇ, ਚੌਥੇ ਦੇ ਵਿਚ ਇਬਰਾਹੀਮ ਪੈਗੰਬਰ ਮਿਲੇ, ਕੁਝ ਦੂਸਰੇ ਵਿਚ ਮਿਲੇ, ਕੁਝ ਤੀਸਰੇ ਵਿਚ ਮਿਲੇ, ਕੁਝ ਪਹਿਲੇ 'ਚ ਮਿਲੇ ਤੇ ਆਪ ਸੱਤਵੇਂ ਵਿਚ ਪਹੁੰਚਦੇ ਨੇ ਤੇ ਅੱਲਾ-ਤਾਲਾ ਨਾਲ ਗੱਲ ਹੁੰਦੀ ਹੈ ਲੇਕਿਨ ਇਕ ਪੜਦਾ ਵਿਚਾਲੇ ਪਿਆ ਹੈ। ਹੁਕਮ ਆਉਂਦਾ ਹੈ, ਐਸਾ ਜ਼ਿਕਰ ਆਉਂਦਾ ਹੈ ਕਿ ਸਾਂਗੋ-ਪਾਂਗ ਆਮ੍ਹਣੇ-ਸਾਮ੍ਹਣੇ ਹੋਏ ਤੇ ਹੁਕਮ ਆਇਆ ਕਰਦਾ ਸੀ। ਉਹ ਹੁਕਮ ਜੋ ਆਉਂਦਾ ਸੀ ਉਸ ਦੇ ਮੁਤਾਬਕ ਕੁਰਾਨ-ਸ਼ਰੀਫ ਦੀ ਰਚਨਾ ਹੋਈ।

ਗੁਰੂ ਨਾਨਕ ਪਾਤਸ਼ਾਹ ਜਦੋਂ ਆਪ ਪਹੁੰਚਦੇ ਨੇ ਤਾਂ ਆਪ ਨੇ ਬਗਦਾਦ ਵਿਚ ਇਹ ਗੱਲ ਦੱਸੀ ਸੀ ਪੀਰ ਦਸਤਗੀਰ ਨੂੰ ਕਿ ਪੀਰ ਜੀ! ਜਿੰਨੀ ਨਦਰ ਪ੍ਰਮੇਸ਼ਰ ਬਖਸ਼ਦਾ ਹੈ ਓਨਾ ਦਿਸਣ ਲੱਗ ਜਾਂਦਾ ਹੈ। ਜਿਸ ਨੇ ਸੱਤ ਦੇਖੇ ਉਸ ਨੇ ਸੱਤ ਕਹਿ ਦਿਤੇ, ਜਿਸ ਨੇ ਬੇਅੰਤ ਦੇਖੇ ਉਸ ਨੇ ਬੇਅੰਤ ਕਹਿ ਦਿਤੇ। ਸੋ ਗੁਰੂ ਨਾਨਕ ਪਾਤਸ਼ਾਹ ਨੇ ਬੇਅੰਤ-ਬੇਸ਼ੁਮਾਰ ਦੇਖਿਆ ਕਿ ਕੋਈ ਅੰਤ ਹੀ ਨਹੀਂ ਹੈ -

***ਜਿਤੁ ਦਰਿ ਲਖ ਮੁਹੰਮਦਾ ਲਖ ਬ੍ਰਹਮੇ ਬਿਸਨ ਮਹੇਸ॥***
***ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ॥***

*ਲਖ ਲਖ ਓਥੈ ਗੋਰਖਾ ਲਖ ਲਖ ਨਾਥਾ ਨਾਥ॥*
*ਲਖ ਲਖ ਓਥੈ ਆਸਣਾ ਗੁਰ ਚੇਲੇ ਰਹਿਰਾਸ॥*
*ਲਖ ਲਖ ਦੇਵੀ ਦੇਵਤੇ ਲਖ ਦਾਨੋਂ ਲਖ ਨਿਵਾਸ॥*
*ਲਖ ਪੀਰ ਪੈਗੰਬਰ ਅਉਲੀਏ ਲਖ ਕਾਜ਼ੀ ਮੁਲਾ ਸੇਖ॥*
*ਕਿਸ ਹੀ ਸਾਂਤਿ ਨ ਆਈਆ ਬਿਨੁ ਸਤਿਗੁਰ ਕੇ ਉਪਦੇਸ॥*
*ਸਾਧਕ ਸਿਧ ਅਗਨਤ ਹੈ ਕੇਤੇ ਲਖ ਅਪਾਰ॥*
*ਏਤੜਿਆ ਅਪਵਿਤ ਹੈ ਬਿਨ ਸਤਿਗੁਰ ਕੇ ਸਬਦ ਬੀਚਾਰ॥*
*ਸਿਰ ਨਾਥਾ ਕੈ ਇਕ ਨਾਥ ਸਤਿਨਾਮ ਕਰਤਾਰ॥*
*ਨਾਨਕ ਤਾਕੀ ਕੀਮਤ ਨ ਪਵੈ ਬੇਅੰਤ ਬੇਸੁਮਾਰ॥* *ਜਨਮਸਾਖੀ*

ਇਕ ਦੋ ਚਾਰ ਨਹੀਂ ਹੈ, ਬੇਅੰਤ ਹੀ ਬੇਅੰਤ ਹੈ। ਲੇਕਿਨ ਜੋ ਅਸੀਂ ਜਾਣਦੇ ਹਾਂ, ਸਾਨੂੰ ਪਤਾ ਹੈ, ਉਹ ਗਿਣਤੀ ਦੇ ਵਿਚ ਹੈ ਕਿਉਂਕਿ ਇਸ ਸੰਸਾਰ ਤੋਂ ਬਾਅਦ ਜਿਹੜਾ ਸੁਖਸ਼ਮ ਹੈ ਉਸ ਨੂੰ 'ਗੰਧਰਵ ਲੋਕ' ਕਹਿੰਦੇ ਨੇ, ਉਸ ਨੂੰ ਪਹਿਲਾ ਅਰਸ਼ ਕਹਿ ਲਓ। ਦੂਸਰਾ ਜੋ ਹੈ ਉਹ ਦੇਵ ਗੰਧਰਵ ਹੈ। ਗਿਣੀ ਜਾਓ ਆਪੇ ਹੀ ਤੀਸਰਾ ਜਿਹੜਾ ਹੈ ਉਹ 'ਪਿਤਰ ਲੋਕ' ਹੈ। ਚੌਥਾ ਹੈ 'ਸਵਰਗ ਲੋਕ', ਪੰਜਵਾਂ 'ਇੰਦਰ ਲੋਕ' ਹੈ, ਛੇਵਾਂ 'ਕਰਮਦੇਵ ਲੋਕ' ਹੈ, ਸੱਤਵਾਂ 'ਅਜਾਨ ਦੇਵ ਲੋਕ' ਹੈ, ਅੱਠਵਾਂ 'ਪ੍ਰਜਾਪਤਿ ਲੋਕ' ਹੈ, ਨੌਵਾਂ 'ਬ੍ਰਹਮ ਲੋਕ' ਹੈ, ਦੱਸਵਾਂ 'ਸ਼ਿਵ ਲੋਕ' ਹੈ, ਗਿਆਰ੍ਹਵਾਂ 'ਬੈਕੁੰਠ ਧਾਮ' ਹੈ। ਤੇਰ੍ਹਵਾਂ ਅਸੀਂ 'ਸਚਖੰਡ' ਨੂੰ ਕਹਿੰਦੇ ਹਾਂ। ਲੇਕਿਨ ਗੁਰੂ ਨਾਨਕ ਸਾਹਿਬ ਕਹਿੰਦੇ ਨੇ ਗਿਣਤੀ ਨਾ ਕਰੋ, ਗਿਣਤੀਆਂ ਉਥੇ ਫੇਲ੍ਹ ਹੋ ਜਾਂਦੀਆਂ ਨੇ।

*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥* *ਪੰਨਾ – 5*

ਉਥੇ ਤਾਂ ਲੱਖਾਂ ਆਕਾਸ਼, ਲੱਖਾਂ ਪਾਤਾਲ ਨੇ, ਕੋਈ ਅੰਤ ਨਹੀਂ, ਕਿਸੇ ਪਾਸੇ ਵੀ ਅੰਤ ਨਹੀਂ ਹੈ। ਸੋ ਇਸ ਦੇ ਨਾਲ ਕੀ ਹੁੰਦਾ ਹੈ 'ਵਿਸਮਾਦ' ਵਿੱਚ ਆ ਜਾਂਦਾ ਹੈ ਤੇ ਗਿਣਤੀਆਂ-ਮਿਣਤੀਆਂ ਛੁਟ ਜਾਂਦੀਆਂ ਨੇ। ਜਿਹੜੇ ਸਵਰਗ ਦੇ ਵਿਚ ਨੇ, ਜਦੋਂ ਲੱਖਾਂ ਹੀ ਸਵਰਗ ਨੇ ਤਾਂ ਕਿਥੇ-ਕਿਥੇ ਕੋਈ ਟਿਕਿਆ ਹੋਇਆ ਹੈ? ਸੋ ਐਸੀ ਦ੍ਰਿਸ਼ਟੀ ਗੁਰੂ ਨਾਨਕ ਪਾਤਸ਼ਾਹ ਨੂੰ ਪ੍ਰਾਪਤ ਹੋਈ ਕਿਉਂਕਿ ਨਿਰੰਕਾਰ ਨੇ ਕਿਹਾ ਕਿ ਹੇ ਨਾਨਕ! ਤੇਰੇ ਤੇ ਮੇਰੇ ਵਿਚ ਜਿਹੜਾ ਫਰਕ ਜਾਣੇਗਾ ਉਹ ਪਰਵਾਣ ਨਹੀਂ ਹੋਏਗਾ ਤੇ ਮੈਂ 'ਪਾਰਬ੍ਰਹਮ ਪ੍ਰਮੇਸ਼ਰ' ਤੇ ਤੂੰ 'ਗੁਰੂ ਪ੍ਰਮੇਸ਼ਰ', ਤੂੰ ਸੰਸਾਰ ਦਾ ਉਧਾਰ ਕਰ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ –

*ਅਨਿਕ ਕਲਾ ਲੈ ਠਾਕੁਰ ਚੜਿਆ॥*

ਚੌਦਾਂ ਕਲਾਂ ਲੈ ਕੇ ਸ੍ਰੀ ਰਾਮ ਜੀ ਆਏ ਸੀ। ਸੋਲ੍ਹਾਂ ਕਲਾਂ ਸੰਪੂਰਨ ਅਵਤਾਰ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਸਨ। ਉਨ੍ਹਾਂ ਦੇ ਵੇਲੇ ਦੁਨੀਆਂ ਐਨੀ ਮਾੜੀ ਨਹੀਂ ਸੀ। ਭੁੱਲੜ ਦੁਨੀਆਂ ਥੋੜ੍ਹੀ ਹੀ ਸੀ – ਰਾਵਣ ਸੀ, ਇਕੋ ਹੀ ਜਿਹੜਾ ਗਲਤ ਚਲਦਾ ਸੀ, ਬਾਕੀ ਬਹੁਤ ਆਪਣੇ ਕਰਮ-ਧਰਮ ਵਾਲੇ ਸਨ। ਉਦੋਂ ਚੌਦਾਂ ਕਲਾਂ ਲੈ ਕੇ ਹੀ ਕੰਮ ਚਲਦਾ ਸੀ। ਜੋ ਹਰਨਾਖਸ਼ ਨੂੰ ਮਾਰਨ ਵਾਲਾ ਨਰਸਿੰਘ ਅਵਤਾਰ ਆਇਆ ਉਸ ਨੂੰ ਵੀ ਇਕੋ ਹੀ ਤਾਕਤ ਦੀ ਲੋੜ ਸੀ, ਬਹੁਤੀਆਂ ਕਲਾਂ ਦੀ ਲੋੜ ਨਹੀਂ ਸੀ। ਕ੍ਰਿਸ਼ਨ ਮਹਾਰਾਜ ਜੀ ਨੂੰ ਸੋਲ੍ਹਾਂ ਸੰਪੂਰਨ ਕਲਾਂ ਦੀ ਲੋੜ ਸੀ ਲੇਕਿਨ ਹੁਣ ਸੰਸਾਰ ਦੇ ਅੰਦਰ ਐਨਾ ਅਨਰਥ ਹੋਣ ਲੱਗ ਗਿਆ ਸੀ ਕਿ ਪਾਪ ਨੂੰ ਧਰਮ ਕਹਿੰਦੇ ਸਨ। ਲੱਖ-ਲੱਖ ਬੰਦੇ ਨੂੰ ਖੜ੍ਹਾ ਕਰਕੇ ਇਕ ਦਿਨ ਵਿਚ ਮਾਰ ਦੇਣਾ ਇਸ ਨੂੰ ਪੁੰਨ ਕਹਿੰਦੇ ਸੀ, 'ਸਵਾਬ' ਕਹਿੰਦੇ ਸੀ। ਬਾਬਰ ਲਿਖਦਾ ਹੈ ਆਪਣੀ 'ਤੌਜ਼ਕ-ਏ-ਬਾਬਰੀ' ਵਿਚ ਕਿ ਅੱਜ ਮੈਂ ਇਕ ਲੱਖ ਕਾਫਰ ਮਥਰਾ ਦੇ ਅੰਦਰ ਮਾਰ ਕੇ ਨਜ਼ਾਰਾ ਦੇਖਿਆ ਤੇ ਉਥੇ ਵਹਿਣ ਵਾਲਾ ਖ਼ੂਨ ਐਨਾ ਉਚਾ ਹੋ ਗਿਆ, ਮੇਰੇ ਖੇਮੇ (ਤੰਬੂ) ਵਿਚ ਦਾਖਲ ਹੋਣ ਲਗਿਆ ਤੇ ਮੈਂ ਬਦਲ ਕੇ ਖੇਮਾ ਲਗਵਾਇਆ। ਸੋ ਅੱਜ ਮੈਂ ਤਿੰਨ ਵਾਰੀ ਆਪਣਾ ਤੰਬੂ ਬਦਲਿਆ, ਐਨਾ ਖ਼ੂਨ ਚੱਲਿਆ। ਹੁਣ ਇਸ ਨੂੰ ਧਰਮ ਕਿਹਾ ਜਾਂਦਾ ਸੀ ਤਾਂ ਫੇਰ 'ਅਧਰਮ' ਕਿਹੜੀ ਚੀਜ਼ ਨੂੰ ਕਹਾਂਗੇ। ਮਹਾਰਾਜ ਜੀ ਕਹਿੰਦੇ-

*ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥* *ਪੰਨਾ –*

ਜੀਵਾਂ ਨੂੰ ਮਾਰ ਕੇ ਤੁਸੀਂ ਕਹਿੰਦੇ ਹੋ ਕਿ ਅਸੀਂ ਧਰਮ ਕਰਦੇ ਹਾਂ। ਫੇਰ 'ਅਧਰਮ' ਕਿਹੜੀ ਗੱਲ ਨੂੰ ਕਹੋਂਗੇ ਤੁਸੀਂ? ਫੇਰ ਤਾਂ ਕੋਈ ਗੱਲ ਰਹਿ ਹੀ ਨਾ ਗਈ ਜਦੋਂ ਜੀਅ ਮਾਰ ਕੇ ਧਰਮ ਥਾਪਣਾ ਹੈ -

***ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥ ਪੰਨਾ - 1103***

ਤੇ ਹੁਣ ਕਸਾਈ ਕਿਸਨੂੰ ਕਹੋਗੇ? ਸੋ ਏਸ ਤਰ੍ਹਾਂ ਗੁਰੂ ਨਾਨਕ ਨੇ ਪ੍ਰਮੇਸ਼ਰ ਦਾ ਹੁਕਮ ਸਮਝਿਆ ਤੇ ਭਾਈ ਜੋਧ ਨੇ ਕਿਹਾ, "ਭਾਈ ਲਹਿਣਾ ਜੀ! ਕੀ ਵਡਿਆਈ ਕਰੀ ਜਾਵੇ ਆਪ ਜੀ ਦੀ ਤੇ ਆਪ ਨੇ ਉਨ੍ਹਾਂ ਦੀ ਸਤਿ ਬਾਣੀ ਨੂੰ ਸੁਣਿਆ ਹੈ, ਭਾਗ ਜਾਗੇ ਨੇ ਆਪ ਦੇ ਤੇ ਫੇਰ ਉਨ੍ਹਾਂ ਦੀ ਕਥਾ ਆਪ ਨੇ ਸੁਣੀ ਹੈ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਹੁਣ ਸਾਰੇ ਪ੍ਰੇਮੀ ਪਹਿਲਾਂ ਅਨੰਦ ਸਾਹਿਬ ਵਿਚ ਬੋਲੋ ਤੇ ਉਸ ਤੋਂ ਬਾਅਦ ਗੁਰ-ਸਤੋਤਰ ਵਿਚ ਆਪਣੀ ਰਸਨਾ ਪਵਿੱਤਰ ਕਰੋ।

-ਅਨੰਦ ਸਾਹਿਬ-

-ਗੁਰ ਸਤੋਤਰ-

-ਅਰਦਾਸ-

# 4

ਸ਼ਾਨ ....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਪੰਨਾ - 289*

*ਧਾਰਨਾ - ਕਵਨੁ ਅਨਾਥੁ ਬਿਚਾਰਾ,*
*ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ -2, 2.*
*ਕਵਨੁ ਅਨਾਥੁ ਬਿਚਾਰਾ, ਕਵਨੁ ਅਨਾਥੁ ਬਿਚਾਰਾ- 2, 2.*
*ਕਵਨੁ ਅਨਾਥੁ ਬਿਚਾਰਾ - 2.*

*ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ॥*
*ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ॥*
*ਜੀਅ ਪ੍ਰਾਣ ਸਰਬ ਕੇ ਦਾਤੇ ਗੁਣ ਕਹੇ ਨ ਜਾਹਿ ਅਪਾਰਾ॥*
*ਸਭ ਕੇ ਪ੍ਰੀਤਮ ਸ੍ਰਬ ਪ੍ਰਤਿਪਾਲਕ ਸਰਬ ਘਟਾਂ ਆਧਾਰਾ॥*
*ਕੋਇ ਨ ਜਾਣੈ ਤੁਮਰੀ ਗਤਿ ਮਿਤਿ ਆਪਹਿ ਏਕ ਪਸਾਰਾ॥*
*ਸਾਧ ਨਾਂਵ ਬੈਠਾਵਹੁ ਨਾਨਕ ਭਵ ਸਾਗਰੁ ਪਾਰਿ ਉਤਾਰਾ॥ ਪੰਨਾ - 1220*

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ ਕੀ ਕਥਾ ਨਿਰਾਰੀ ਰੇ -2, 2.*
*ਤਿਨ ਕੀ ਕਥਾ ਨਿਰਾਰੀ ਰੇ,*
*ਤਿਨ ਕੀ ਕਥਾ ਨਿਰਾਰੀ ਰੇ -2, 2.*
*ਹਰਿ ਕੇ ਸੇਵਕ ਜੋ ਹਰਿ ਭਾਏ ..........-2.*

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥ ਪੰਨਾ - 855*

ਸਾਧ-ਸੰਗਤ ਜੀ ਗਜ ਕੇ ਬੋਲਣਾ 'ਸਤਿਨਾਮ ਸ੍ਰੀ ਵਾਹਿਗੁਰੂ।' ਪ੍ਰਮੇਸ਼ਰ ਦੇ ਪਿਆਰਿਆਂ ਦੀਆਂ, ਜੋ ਪ੍ਰਮੇਸ਼ਰ ਨੂੰ ਭਾਅ ਜਾਂਦੇ ਹਨ, ਉਹਨਾਂ ਦੀਆਂ ਕਥਾਵਾਂ ਤੇ ਸਾਡੀਆਂ ਕਥਾਵਾਂ ਦੇ ਵਿਚ ਬਹੁਤ ਫਰਕ ਹੁੰਦਾ ਹੈ। ਸਾਡੀ ਜੋ ਕਥਾ ਹੈ ਇਹ ਕ੍ਰੋਧ ਪੈਦਾ ਕਰਦੀ ਹੈ, ਈਰਖਾ ਪੈਦਾ ਕਰਦੀ ਹੈ, ਨਿੰਦਿਆ ਨੂੰ, ਹਉਮੈ ਨੂੰ ਪੈਦਾ ਕਰਦੀ ਹੈ, ਅਭਿਮਾਨ ਪੈਦਾ ਕਰਦੀ ਹੈ ਤੇ ਇਹਦੇ ਫਲਸਰੂਪ ਅਸੀਂ ਜਮਾਂ ਦੇ ਦੁਆਰੇ ਜਾ ਕੇ ਧੱਕੇ ਖਾਂਦੇ ਹਾਂ ਕਿਉਂਕਿ ਮਹਾਰਾਜ ਜੀ ਨੇ ਵਾਦ ਨੂੰ ਗਾਉਣਾ ਪ੍ਰਵਾਨ ਨਹੀਂ ਕੀਤਾ। ਝਗੜਿਆਂ ਦੀਆਂ ਗੱਲਾਂ ਗਾ ਗਾ ਕੇ ਸੁਣਾਉਣੀਆਂ, ਉਹਦੇ ਵਿਚ ਤਮੋ ਗੁਣ ਪ੍ਰਧਾਨ ਹੋ ਜਾਂਦਾ ਹੈ, ਸਤੋ ਗੁਣ ਬਿਰਤੀ ਅਲੋਪ ਹੋ ਜਾਂਦੀ ਹੈ। ਭਜਨ-ਬੰਦਗੀ ਨੇੜੇ ਤੇੜੇ ਨਹੀਂ ਰਹਿੰਦੀ। ਬੰਦਾ ਖੁਸ਼ਕ ਹੋ ਜਾਂਦਾ ਹੈ, ਅੰਦਰ ਕ੍ਰੋਧ ਆ ਜਾਂਦਾ ਹੈ। ਹੋਰ ਤਰ੍ਹਾਂ ਦਾ ਬਣ ਜਾਂਦਾ ਹੈ। ਉਸ ਤੋਂ ਪਹਿਲਾਂ ਹੀ ਆਦਮੀ ਬਹੁਤ ਗਿਰਿਆ ਪਿਆ ਹੈ,

ਇਹਨੂੰ ਉਚਾ ਚੁਕਣਾ ਹੈ। ਇਹਨੂੰ ਰੋੜ੍ਹ 'ਚ ਰੋੜ੍ਹਨਾ ਨਹੀਂ ਹੈ। ਜਿਹੜੇ ਵਾਹਿਗੁਰੂ ਦੇ ਪਿਆਰੇ ਹੁੰਦੇ ਹਨ ਜਦੋਂ ਉਨ੍ਹਾਂ ਦੀਆਂ ਕਥਾਵਾਂ ਕਰੋ, ਉਹ ਸੁਣੀਆਂ ਜਾਣ। ***'ਬਾਬਾਣੀਆ ਕਹਾਣੀਆ ਪੁਤ-ਸਪੁਤ ਕਰੇਨਿ'*** ਬਹੁਤ ਵੱਡਾ ਫਰਕ ਪਾਉਂਦੀਆਂ ਹਨ, ਪੁੱਤਰਾਂ ਨੂੰ ਸਪੁੱਤਰ ਬਣਾ ਦਿੰਦੀਆਂ ਨੇ, ਕਪੁੱਤਰਾਂ ਨੂੰ ਪੁੱਤਰ ਬਣਾ ਦਿੰਦੀਆਂ ਨੇ।

ਸੋ ਇਸ ਤਰ੍ਹਾਂ ਦੀ ਇਕ ਵਾਰਤਾ ਪਿਛਲੇ ਤਿੰਨ ਦੀਵਾਨਾਂ ਤੋਂ ਚਲ ਰਹੀ ਹੈ, ਜਿਹੜੇ ਪ੍ਰੇਮੀ ਪਹਿਲਾਂ ਨਹੀਂ ਆਏ, ਉਹਨਾਂ ਦੀ ਗਿਆਤ ਵਾਸਤੇ ਬੇਨਤੀ ਹੈ ਕਿ ਗੁਰੂ ਨਾਨਕ ਪਾਤਿਸ਼ਾਹ ਨੂੰ ਰਿਝਾਉਣਾ ਸਭ ਤੋਂ ਔਖਾ ਸੀ ਕਿਉਂਕਿ ਨਾ ਤਾਂ ਕੋਈ ਓਨੀ ਤਪੱਸਿਆ ਕਰ ਸਕਦਾ ਸੀ, ਨਾ ਹੀ ਕੋਈ ਸੰਸਾਰ ਦੇ ਅੰਦਰ ਐਸਾ ਹੋਇਆ ਹੈ ਜਿਹੜਾ ਉਹਨਾਂ ਜਿੰਨੀ ਖੇਚਲ ਸਹਿ ਸਕੇ ਤੇ ਨਾ ਸਾਰੀ ਦੁਨੀਆਂ ਵਿਚ ਪ੍ਰਚਾਰ ਕਰਨ ਵਾਲਾ ਕੋਈ ਆਇਆ ਤੇ ਨਾ ਕੋਈ ਉਹਨਾਂ ਦੇ ਮੁਕਾਬਲੇ ਤੇ ਸੰਸਾਰ ਵਿਚ ਅੱਜ ਤੱਕ ਕੋਈ ਵਿਦਵਾਨ ਹੋਇਆ ਹੈ। ਵੱਡੀਆਂ ਵੱਡੀਆਂ ਫਿਲਾਸਫੀਆਂ, ਉਹਨਾਂ ਦੀ ਜਪੁਜੀ ਦੀ ਇਕ ਲਾਇਨ ਦੇ ਅੱਗੇ ਫਿਕੀਆਂ ਪੈ ਜਾਂਦੀਆਂ ਹਨ। ਸਾਨੂੰ ਕਿਉਂ ਨਹੀਂ ਪਤਾ ਲਗਦਾ? ਸਾਨੂੰ ਇਸ ਕਰਕੇ ਨਹੀਂ ਪਤਾ ਕਿਉਂਕਿ ਅਸੀਂ ਗੁਰੂ ਨਾਨਕ ਨੂੰ ਕਹਿੰਦੇ ਹਾਂ ਕਿ ਸਾਡੇ ਹੀ ਸੀਗੇ, ਆਪਣੇ ਬਾਪ-ਦਾਦੇ ਦੀ ਜੋ ਪ੍ਰਭਤਾ ਹੁੰਦੀ ਹੈ, ਉਸ ਨੂੰ ਪੋਤੇ ਨਹੀਂ ਜਾਣਦੇ ਹੁੰਦੇ, ਬਾਹਰਲੇ ਲੋਕ ਜਾਣਦੇ ਹੁੰਦੇ ਹਨ। ਉਹਨਾਂ ਨੂੰ ਪਤਾ ਹੈ ਕਿ ਇਹ ਬਜ਼ੁਰਗ ਕਿਹੋ ਜਿਹਾ ਸੀ। ਜਦੋਂ ਚੜ੍ਹਾਈ ਕਰ ਜਾਂਦਾ ਹੈ, ਦੂਸਰਿਆਂ ਦੇ ਮੁਖ ਤੋਂ ਜੋ ਬਚਨ ਸੁਣਦਾ ਹੈ, ਫੇਰ ਉਸ ਨੂੰ ਥੋੜ੍ਹਾ ਮਹਿਸੂਸ ਹੁੰਦਾ ਹੈ ਕਿ ਸਾਡਾ ਬਜ਼ੁਰਗ ਐਨਾ ਵੱਡਾ ਸੀ, ਅਸੀਂ ਤਾਂ ਉਹਦੀ ਕਦਰ ਹੀ ਨਹੀਂ ਪਾਈ।

ਸਾਡੇ ਕੋਲ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਦੀ ਕਦਰ ਨਹੀਂ। ਜਪੁਜੀ ਸਾਹਿਬ ਨਹੀਂ ਅਸੀਂ ਸਮਝ ਸਕਦੇ। ਸਾਰੀ ਜ਼ਿੰਦਗੀ ਲਾ ਲਓ, ਪਹਿਲਾਂ ਤਾਂ ਜਪੁਜੀ ਸਾਹਿਬ ਨੂੰ ਪੜ੍ਹਦੇ ਹੀ ਨਹੀਂ ਹਾਂ। ਗੁਰੂ ਦਸਵੇਂ ਪਾਤਸ਼ਾਹ ਨੇ ਬਚਨ ਕੀਤਾ ਕਿ ਜਿਸ ਘਰ ਦੇ ਅੰਦਰ ਜਪੁਜੀ ਸਾਹਿਬ ਦਾ ਪਾਠ ਬਿਨਾ ਨਾਗਾ ਨਿਤਨੇਮ ਨਾਲ ਸ਼ੁਧ ਹਿਰਦੇ ਦੇ ਨਾਲ ਹੁੰਦਾ ਰਹੇਗਾ, ਉਸ ਘਰ 'ਚ ਕੋਈ ਵਿਘਨ ਨਹੀਂ ਆਏਗਾ, ਕਲੇਸ਼ ਨਹੀਂ ਆਏਗਾ, ਝਗੜੇ-ਝਾਟੇ ਨਹੀਂ ਹੋਣਗੇ। ਕਿਉਂ ਨਹੀਂ ਆਉਣਗੇ? ਕਿਉਂਕਿ ਉਥੇ ਕਲਜੁਗ ਪੈਰ ਨਹੀਂ ਰੱਖ ਸਕਦਾ। ਕਲਜੁਗ ਜਿਹੜਾ ਹੈ ਕਲਾ ਤੇ ਕਲੇਸ਼ ਦਾ ਯੁੱਗ ਹੈ। ਗੁਰੂ ਦਸਵੇਂ ਪਾਤਿਸ਼ਾਹ ਜੀ ਪਾਸ ਇਕ ਸਿੱਖ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ! ਮੇਰੀ ਜੋ ਸਿਖਣੀ ਹੈ, ਉਸ ਨੂੰ ਪਤਾ ਨਹੀਂ ਕੀ ਹੋ ਜਾਂਦਾ ਹੈ। ਇਕ ਦਮ ਹਾਰ-ਸ਼ਿੰਗਾਰ ਕਰਕੇ ਤੁਰ ਪੈਂਦੀ ਹੈ ਅਤੇ ਇਕ ਤਾਂਤਰੀ ਮੁੱਲਾਂ ਪਾਸ ਚਲੀ ਜਾਂਦੀ ਹੈ। ਉਸਨੂੰ ਸਮਝਾਉਂਦੇ ਭੀ ਹਾਂ ਪਰ ਉਹ ਕਹਿੰਦੀ ਹੈ ਕਿ ਮੈਂ ਸਭ ਗੱਲਾਂ ਜਾਣਦੀ ਹਾਂ ਅਤੇ ਮੈਂ ਆਪਣੇ ਇਸ ਕਰਮ ਨਾਲ ਕਦਾਂਚ ਭੀ ਸਹਿਮਤ ਨਹੀਂ ਹਾਂ ਪਰ ਕੀ ਹੋ ਜਾਂਦਾ ਹੈ, ਮੈਨੂੰ ਕੋਈ ਚੀਜ਼ ਖਿੱਚ ਕੇ ਲੈ ਜਾਂਦੀ ਹੈ, ਮੇਰੀ ਹੋਸ਼ ਖਤਮ ਹੋ ਜਾਂਦੀ ਹੈ। ਜਦੋਂ ਮੈਂ ਘਰ ਵਾਪਸ ਆ ਜਾਵਾਂ ਤਾਂ ਬਹੁਤ ਪਛਤਾਉਂਦੀ ਹਾਂ। ਮਹਾਰਾਜ ਕਹਿੰਦੇ, ਉਸ ਨੂੰ ਉਹਨੇ ਮੰਤਰਿਆ ਹੋਇਆ ਹੈ। ਮਹਾਰਾਜ! ਬੜੇ ਇਲਾਜ ਕਰਾਏ ਨੇ, ਕੋਈ ਫਰਕ ਨਹੀਂ ਪੈ ਰਿਹਾ। ਜਦੋਂ ਵਾਪਸ ਆ ਜਾਂਦੀ ਹੈ ਉਹ ਆਪ ਹੀ ਕਹਿੰਦੀ ਹੈ ਕਿ ਹੈਰਾਨੀ ਦੀ ਗੱਲ ਹੈ ਕਿ ਮੈਨੂੰ ਕੋਈ ਪਤਾ ਨਹੀਂ ਮੈਂ ਕਦੋਂ ਤੁਰੀ, ਮੈਨੂੰ ਕਦੋਂ ਲੈ ਗਏ, ਕਿਥੇ ਲੈ ਗਏ। ਪਛਤਾਉਂਦੀ ਹੈ, ਰੋਂਦੀ ਹੈ ਜਦੋਂ ਉਸ ਨੂੰ ਦੱਸਿਆ ਜਾਂਦਾ ਹੈ ਕਿ ਤੂੰ ਤਾਂ ਉਥੇ ਮੁਲਾਣਿਆਂ ਪਾਸ ਚਲੀ ਗਈ ਸੀ। ਮਹਾਰਾਜ ਜੀ ਕਹਿੰਦੇ, ਪ੍ਰੇਮੀਆਂ! ਸਭ ਮੰਤਰਾਂ ਤੋਂ ਵੱਡਾ ਅਤੇ ਸ੍ਰੇਸ਼ਟ ਮੰਤਰ 'ਜਪੁਜੀ ਸਾਹਿਬ' ਹੈ। ਸੋ ਤੂੰ ਭੀ ਅਤੇ ਉਹ ਭੀ ਜਪੁਜੀ ਸਾਹਿਬ ਪੜ੍ਹਿਆ ਕਰੋ। ਇਹ ਦਸ ਭਾਈ ਤੂੰ ਜਪੁਜੀ ਸਾਹਿਬ ਪੜ੍ਹਦਾ ਹੁੰਦਾ ਹੈਂ? ਮੈਂ ਵੀ ਇਥੇ ਪੁਛਦਾ ਹਾਂ, ਪ੍ਰੇਮੀਆਂ! ਤੂੰ ਜਪੁਜੀ ਸਾਹਿਬ ਪੜ੍ਹਦਾ ਹੁੰਦਾ ਹੈਂ? ਕਹਿੰਦੇ ਜੀ, ਯਾਦ ਨਹੀਂ ਹੈ। ਕਮਾਲ ਦੀ ਗੱਲ ਹੈ, ਮਨੁੱਖ ਦਾ ਜਾਮਾ, ਗੁਰੂ ਦੀ ਸਿੱਖੀ ਤੁਹਾਨੂੰ ਪ੍ਰਾਪਤ ਹੈ। ਤੁਸੀਂ ਕਹਿੰਦੇ ਹੋ ਕਿ ਅਸੀਂ ਗੁਰੂ ਦੇ ਸਿੱਖ ਹਾਂ, ਫੇਰ ਜਪੁਜੀ ਸਾਹਿਬ ਨਹੀਂ ਯਾਦ। ਐਸਾ ਫੁਰਮਾਨ ਹੈ -

***ਬਿਨ ਜਪੁ ਜਾਪ ਜਪੈ ਜੋ ਜੇਵੇ ਪ੍ਰਸਾਦਿ॥***
***ਸੋ ਬਿਸਟਾ ਕਾ ਜੰਤ ਹੋਇ ਜਨਮ ਗਵਾਵੈ ਬਾਦਿ॥*** ***ਰਹਿਤਨਾਮਾ***

ਜਿਹੜਾ ਜਪੁਜੀ ਸਾਹਿਬ ਤੇ ਜਾਪੁ ਸਾਹਿਬ ਪੜ੍ਹੇ ਬਗੈਰ ਪ੍ਰਸ਼ਾਦਾ ਛਕਦਾ ਹੈ, ਕਹਿੰਦੇ ਉਹ ਬਿਸਟਾ ਦਾ ਜੰਤ ਬਣ ਜਾਂਦਾ ਹੈ। ਸੋ ਮਹਾਰਾਜ ਕਹਿੰਦੇ, ਜਪੁਜੀ ਸਾਹਿਬ ਪੜ੍ਹਦੇ ਹੁੰਦੇ ਹੋ? ਕਹਿੰਦੇ, 'ਜੀ ਨਹੀਂ,

ਮਹਾਰਾਜ ਜੀ ਯਾਦ ਨਹੀਂ।'

ਕਹਿੰਦੇ, ਕਾਹਦੀ ਸਿਖੀ ਹੈ ਤੁਹਾਡੀ ਫੇਰ ਜੇ ਜਪੁਜੀ ਸਾਹਿਬ ਹੀ ਨਹੀਂ ਯਾਦ? ਕਿਹੜੀ ਗੱਲ ਦੇ ਸਿੱਖ ਹੋ ਤੁਸੀਂ? ਕੋਈ ਔਖਾ ਨਹੀਂ ਹੁੰਦਾ, ਜੇ ਕੋਈ ਕਹੇ ਮੈਂ ਪੜ੍ਹਿਆ ਹੀ ਨਹੀਂ, ਇਹ ਪੜ੍ਹਿਆਂ ਦੇ ਕਿਹੜਾ ਯਾਦ ਹੈ? ਪੜ੍ਹਿਆਂ ਨੂੰ ਪੁਛ ਲਓ ਕਾਲਜ ਵਿਚ ਚਲੇ ਜਾਓ, ਪੁਛ ਲਓ ਸਿੱਖਾਂ ਦੇ ਮੁੰਡਿਆਂ ਨੂੰ ਕਿ ਤੇਰੇ ਜਪੁਜੀ ਸਾਹਿਬ ਯਾਦ ਹੈ? ਕਹਿੰਦੇ, ਅਸੀਂ ਤਾਂ ਦੇਖਿਆ ਹੀ ਨਹੀਂ, ਜਪੁਜੀ ਸਾਹਿਬ ਕੀ ਹੁੰਦਾ ਹੈ। ਕਿਉਂ? ਕਹੀਂ ਤਾਂ ਜਾਂਦੇ ਹਾਂ ਅਸੀਂ ਸਿੱਖ ਹਾਂ, ਸਿੱਖ ਹੈ ਨਹੀਂ, ਸਿੱਖ ਤਾਂ ਕੋਈ ਵਿਰਲਾ-ਵਿਰਲਾ ਹੈ, ਸਾਰੇ ਨਹੀਂ ਹੁੰਦੇ। ਇਹ ਤਾਂ ਵੋਟਾਂ ਵਾਲਿਆਂ ਨੂੰ ਲੋੜ ਹੈ ਸਿੱਖਾਂ ਦੀ। ਸਗੋਂ ਇਹਨਾਂ ਦੇ ਕਰਕੇ ਦੂਸਰੇ ਵੀ ਔਖੇ ਹੋ ਰਹੇ ਹਨ।

ਗੁਰਸਿਖੀ ਦਾ ਮਾਰਗ ਤਾਂ ਬਹੁਤ ਆਸਾਨ ਹੈ। ਹੁਣੇ ਤੁਸੀਂ ਵਿਆਹ ਦੇਖਿਆ ਹੈ, ਬਾਰਾਤ ਆ ਗਈ ਹੈ, ਸਾਰੇ ਸਤਿਸੰਗੀ ਬਣ ਕੇ ਆਏ ਹਨ। ਗੁਰੂ ਘਰ ਨੂੰ ਸ਼ਰਧਾ ਦੇ ਨਾਲ ਆਏ ਹਨ ਤੇ ਬੀਬੀ ਦਾ ਪਰਿਵਾਰ ਹੈ ਤੇ ਉਹ ਵੀ ਪੂਰੀ ਸ਼ਰਧਾ ਦੇ ਨਾਲ ਗੁਰੂ ਘਰ 'ਚ ਆਏ ਹਨ। ਕੋਈ ਅਡੰਬਰ ਨਹੀਂ, ਕੋਈ ਦਿਖਾਵਾ ਨਹੀਂ। ਗੁਰੂ ਮਹਾਰਾਜ ਜੀ ਦੀ ਹਜ਼ੂਰੀ 'ਚ ਆ ਕੇ ਪ੍ਰਣ ਕਰ ਲਿਆ ਤੇ ਵਿਆਹ ਹੋ ਗਿਆ। ਕਿੰਨਾ ਸੁਖਾਲਾ ਹੈ। ਕੋਈ ਵਾਜੇ ਨਹੀਂ ਵਜਾਉਣੇ, ਕੋਈ ਦਾਜ-ਕੱਪੜੇ, ਕੁਛ ਵੀ ਨਹੀਂ ਦੇਣਾ, ਲੈਣਾ; ਨਾਲੇ ਸੰਗਤਾਂ ਦੀਆਂ ਖੁਸ਼ੀਆਂ, ਨਾਲੇ ਗੁਰੂ ਦੀਆਂ ਖੁਸ਼ੀਆਂ, ਨਾਲੇ ਉਹਨਾਂ ਦੀ ਅਕੀਦਤ ਕਿ ਜਦੋਂ ਵੱਡਾ ਕੰਮ ਕਰਨਾ ਹੋਵੇ ਤਾਂ ਗੁਰੂ ਦੇ ਦੁਆਰੇ ਆ ਕੇ ਕਰੋ, ਸੰਗਤ ਦੇ ਵਿਚ ਆ ਕੇ ਕਰੋ। ਸੰਗਤ ਦੀ ਥਾਂ ਤੇ ਜਦੋਂ ਸ਼ਰਾਬੀ-ਕਬਾਬੀ ਇਕੱਠੇ ਹੋ ਜਾਂਦੇ ਹਨ - ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ, ਰਾਤ ਨੂੰ ਸ਼ਰਾਬ ਪੀਤੀ ਜਾਂ ਪਹਿਲਾਂ ਪੀਤੀ, ਪੀ ਕੇ ਆਉਂਦੇ ਹਨ ਮਹਾਰਾਜ ਜੀ ਦੀ ਕਿੰਨੀ ਬੇ-ਅਦਬੀ ਕਰਦੇ ਹਨ। ਫੇਰ ਉਹ ਵਿਆਹ ਰਹਿ ਜਾਏਗਾ? ਗਲਤ ਹੋ ਜਾਏਗਾ। ਸੋ ਇਹ ਬੜਾ ਹੀ ਸਧਾਰਨ ਤਰੀਕਾ ਸੀ ਗੁਰੂ ਮਹਾਰਾਜ ਜੀ ਦਾ। ਸਹਿਜ ਦੇ ਨਾਲ ਚੱਲਣ ਵਾਸਤੇ ਸਾਨੂੰ ਹੁਕਮ ਸੀ। ਔਖੇ ਨਾ ਹੋਵੋ ਕਿਸੇ ਗੱਲ ਦੇ ਉਤੇ, ਦੇਖ ਦਿਖਾਵਾ ਨਾ ਕਰੋ। ਨੱਕ-ਨਮੂਜ਼ ਦੀ ਗੱਲ ਮਨਮੁਖ ਕਰਿਆ ਕਰਦੇ ਹਨ, ਗੁਰਮੁਖ ਨਹੀਂ ਕਰਿਆ ਕਰਦੇ। ਗੁਰਮੁਖਾਂ ਦਾ ਗੁਰੂ ਨਾਲ ਪਿਆਰ ਹੁੰਦਾ ਹੈ। ਸੋ ਜਦੋਂ ਵੀ ਕੋਈ ਕਾਰਜ ਕਰਨਾ ਹੈ -

***ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥*** ***ਪੰਨਾ - 91***

ਆਪਣੇ ਗੁਰੂ ਕੋਲ ਆ ਜਾਂਦੇ ਹਨ, ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੋ ਜਾਂਦੀਆਂ ਹਨ। ਸੋ ਇਸ ਤਰ੍ਹਾਂ ਦੇ ਨਾਲ ਅਡੰਬਰ ਸਾਡੀ ਜ਼ਿੰਦਗੀ ਦੇ ਵਿਚ ਬਹੁਤ ਆ ਗਿਆ। ਅਸੀਂ ਸਿੱਖ ਹਾਂ ਨਹੀਂ, ਆਪਣੇ ਆਪ ਨੂੰ ਕਹਿੰਦੇ ਹਾਂ, ਅਸੀਂ ਸਿੱਖ ਹਾਂ। ਜਿੰਨਾ ਚਿਰ ਅੰਮ੍ਰਿਤ ਨਹੀਂ ਛਕਦਾ, ਪੰਜ ਪਿਆਰਿਆਂ ਤੋਂ ਨਾਮ ਨਹੀਂ ਲੈਂਦਾ, ਓਨਾਂ ਚਿਰ ਉਹ ਕੁਝ ਵੀ ਨਹੀਂ ਹੈ। ਮਹਾਰਾਜ ਜੀ ਤਾਂ ਇਸ ਤਰ੍ਹਾਂ ਕਹਿੰਦੇ ਹਨ -

***ਬਿਨ ਪਾਹੁਲ ਧਰੇ ਕੇਸ ਭੇਖੀ ਮੂਰਖ ਸਿੱਖ।***
***ਮੇਰਾ ਦਰਸਨ ਨਾਹੀ ਤਿਸ.................।***

ਕਹਿੰਦੇ ਨਾਲੇ ਤਾਂ ਭੇਖੀ ਹੈ ਨਾਲੇ ਮੂਰਖ। ਮੇਰਾ ਦਰਸ਼ਨ ਨਹੀਂ ਕਦੇ ਵੀ ਉਸ ਨੂੰ ਹੋਏਗਾ, ਨਾ ਨਾਮ ਨੂੰ ਫਲ ਲਗੇ ਕਿਉਂਕਿ ਉਹ ਨਿਗੁਰਾ ਨਾਮ ਜਪਦਾ ਹੈ। ਸੋ ਜਦ ਤੱਕ ਬਾਣੀ ਸਾਡੇ ਯਾਦ ਨਹੀਂ ਹੁੰਦੀ ਅਸੀਂ ਗੁਰੂ ਦੇ ਸਿੱਖ ਕਿਵੇਂ ਕਹਾ ਲਵਾਂਗੇ? ਜੇ ਕਹੇ ਮੈਂ ਤਾਂ ਪੜ੍ਹਿਆ ਨਹੀਂ ਹੋਇਆ।

ਮੇਰੇ ਯਾਦ ਹੈ ਤੁਹਾਡੇ ਬੀਬੀ ਜੀ ਦੇ ਮਾਤਾ ਜੀ ਕੋਈ ਅੱਖਰ ਨਹੀਂ ਸੀ ਜਾਣਦੇ। ਉਹਨਾਂ ਨੇ ਗਰਮੀਆਂ ਦੇ ਮਹੀਨੇ ਅੰਮ੍ਰਿਤ ਵੇਲੇ ਉਠ ਕੇ ਦੋ ਵਜੇ ਇਸ਼ਨਾਨ ਕਰਕੇ ਕੋਠੇ ਤੇ ਬੈਠ ਜਾਣਾ, ਬਨੇਰੇ ਦੇ ਕੋਲ ਮੰਜੇ ਤੋਂ ਉਤਰ ਕੇ ਬੈਠ ਜਾਂਦੇ ਸੀ, ਫੇਰ ਉਹਨਾਂ ਨੇ ਗਾ ਗਾ ਕੇ ਬਾਣੀਆਂ ਪੜ੍ਹਨੀਆਂ, ਜਪੁਜੀ ਸਾਹਿਬ ਪੜ੍ਹਨਾ, ਜਾਪੁ ਸਾਹਿਬ ਪੜ੍ਹਨਾ ਤੇ ਅਨੰਦ ਸਾਹਿਬ ਪੜ੍ਹਨਾ, ਸਵੱਈਏ ਪੜ੍ਹਨੇ, ਸ਼ਬਦ ਹਜ਼ਾਰੇ ਪੜ੍ਹਨੇ, ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਜੀ ਦੇ ਸਲੋਕ ਉਹ ਸਾਰੇ ਪੜ੍ਹਨੇ, ਆਸਾ ਜੀ ਦੀ ਵਾਰ ਸ਼ਬਦਾਂ ਛੱਕਿਆਂ ਸਮੇਤ ਪੜ੍ਹਨੀ, ਕਿੰਨੀਆਂ ਬਾਣੀਆਂ ਹੋ ਗਈਆਂ। ਅੱਠ ਨੌ ਬਾਣੀਆਂ ਰੋਜ਼ ਹੀ ਕਰਨੀਆਂ। ਅਸੀਂ

ਕਹਿਣਾ, ਬੇਬੇ ਜੀ ਤੁਹਾਡੇ ਕਿਵੇਂ ਯਾਦ ਹੋ ਗਈਆਂ? ਕਹਿੰਦੀ ਮੈਂ ਇਕ-ਇਕ, ਦੋ-ਦੋ ਤੁਕਾਂ ਪੜ੍ਹਿਆਂ ਹੋਇਆਂ ਤੋਂ ਪੁਛ ਕੇ ਯਾਦ ਕਰ ਲੈਂਦੀ ਸੀ।

ਜਿਸ ਦੇ ਮਨ 'ਚ ਲਗਨ ਹੈ, ਸ਼ੌਕ ਹੈ ਕਿ ਦਰਗਾਹ ਦੇ ਵਿਚ ਜਾ ਕੇ ਸਾਡੇ ਡੰਡੇ ਨਾ ਪੈਣ, ਸਾਡਾ ਆਦਰ ਹੋਵੇ, ਉਹ ਤਾਂ ਜ਼ਰੂਰ ਹਾਸਲ ਕਰਦਾ ਹੈ। ਜਿਵੇਂ ਦੁਨੀਆਂ ਦੀ ਚੀਜ਼ ਵਾਸਤੇ ਨੱਠੇ ਫਿਰਦੇ ਹੋ, ਇਸੇ ਤਰ੍ਹਾਂ ਗੁਰੂ ਦੀ ਬਾਣੀ ਰਤਨ, ਜਵਾਹਰ ਤੇ ਲਾਲ ਨੇ। ਜਿਨ੍ਹਾਂ ਨੂੰ ਕਦਰ ਹੈ ਉਹ ਜਾਣਦੇ ਹਨ। ਉਹ ਹਰ ਵਕਤ ਬਾਣੀ ਪੜ੍ਹਦੇ ਹਨ ਜਾਂ ਵਾਹਿਗੁਰੂ ਦਾ ਮੰਤਰ ਜਪਦੇ ਹਨ ਜਾਂ ਮੂਲ ਮੰਤਰ ਜਪਦੇ ਹਨ ਜਾਂ ਬਾਣੀ ਪੜ੍ਹਦੇ ਹਨ। ਹੁਕਮ ਹੈ ਕਿ -

> ***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
> ***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
> ***ਉਦਮੁ ਕਰੇ ਭਲਕੇ ਪਰਭਾਤੀ***
> ***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
> ***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ..........॥*** ***ਪੰਨਾ - 305***

ਜਿਹੜੇ ਪੰਜ ਪਿਆਰੇ ਨਾਮ ਦਿੰਦੇ ਨੇ ਫੇਰ ਉਹ ਜਪਣਾ।

> ***........ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*** ***ਪੰਨਾ - 305***

ਸਾਰੇ ਪਾਪਾਂ ਦਾ ਖਾਤਮਾ ਹੋ ਜਾਂਦਾ ਹੈ ਜਦੋਂ ਦਿਨ ਚੜ੍ਹ ਗਿਆ। ਬਾਣੀ ਪੜ੍ਹਦੇ ਰਹੋ -

> ***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥***
> ***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥***
>
> ***ਪੰਨਾ - 306***

ਉਹ ਭਾਉਂਦਾ ਹੈ ਗੁਰੂ ਨੂੰ, ਬਾਕੀ ਤਾਂ ਭਾਉਂਦੇ ਨਹੀਂ। ਅਸੀਂ ਆਪਣਾ ਫਰਜ਼ ਪੂਰਾ ਨਹੀਂ ਕਰਦੇ। ਗੁਰੂ ਤੋਂ ਮੰਗਦੇ ਹਾਂ ਕਿ ਮੇਰਾ ਆਹ ਕੰਮ ਹੋ ਜਾਏ, ਮੇਰਾ ਆਹ ਕੰਮ ਹੋ ਜਾਏ, ਮੇਰੀ ਬੀਮਾਰੀ ਜਾਂਦੀ ਰਹੇ, ਮੇਰਾ ਮੁੰਡਾ ਸ਼ਰਾਬ ਪੀਣ ਤੋਂ ਹਟ ਜਾਏ, ਮੇਰਾ ਪਤੀ ਸ਼ਰਾਬ ਤੋਂ ਹਟ ਜਾਏ। ਮੈਂ ਪੁਛਦਾ ਹਾਂ, ਬੀਬੀ! ਜਪੁਜੀ ਸਾਹਿਬ ਯਾਦ ਹੈ? ਕਹਿੰਦੇ, ਨਾ ਜੀ, ਉਹ ਤਾਂ ਯਾਦ ਨਹੀਂ, ਬੀਮਾਰੀ ਹੱਟ ਜਾਏ ਬਾਬਾ ਜੀ। ਮੈਂ ਕਿਹਾ, ਤੁਸੀਂ ਜਪੁਜੀ ਯਾਦ ਕਰ ਲਓ, ਤੁਹਾਡੀ ਬੀਮਾਰੀ ਹਟ ਜਾਏਗੀ। ਚਲੋ ਐਨਾ ਹੀ ਸੀ, ਮੈਂ ਕੋਈ ਅਸ਼ੀਰਵਾਦ ਤਾਂ ਨਹੀਂ ਦੇਣੀ, ਸਿਰ ਤੇ ਕੋਈ ਹੱਥ ਨਹੀਂ ਰੱਖਣਾ। ਤੁਸੀਂ ਗੁਰੂ ਦੀ ਸ਼ਰਨ ਵਿਚ ਆਓ, ਗੁਰੂ ਦਾ ਲੜ ਫੜੋ, ਬੀਮਾਰੀਆਂ ਆਪੇ ਹਟ ਜਾਣਗੀਆਂ।

ਸੋ ਇਸ ਤਰ੍ਹਾਂ ਦੇ ਨਾਲ ਸਾਡਾ ਪਿਆਰ ਨਹੀਂ ਗੁਰੂ ਦੇ ਨਾਲ। ਸੋ ਗੁਰੂ ਦਸਵੇਂ ਪਾਤਿਸ਼ਾਹ ਕਹਿਣ ਲੱਗੇ, ਗੁਰਸਿਖਾ! ਜਪੁਜੀ ਸਾਹਿਬ ਯਾਦ ਹੈ? ਕਹਿੰਦੇ, "ਮਹਾਰਾਜ! ਚੰਗੀ ਤਰ੍ਹਾਂ ਨਹੀਂ ਯਾਦ।" ਕਹਿੰਦੇ, "ਇਹ ਤਾਂ ਬੜੀ ਮਾੜੀ ਗੱਲ ਹੈ, ਜਪੁਜੀ ਸਾਹਿਬ ਤਾਂ ਯਾਦ ਕਰਦਾ? ਇਸ ਤਰ੍ਹਾਂ ਕਰ, ਪੰਜ ਪਾਠ ਜਪੁਜੀ ਸਾਹਿਬ ਦੇ ਕਰਕੇ ਇਹਨੂੰ ਜਲ ਪਿਲਾ ਦੇ, ਨਾਲੇ ਉਹ ਜਲ ਜਿਹੜਾ ਸਾਹਮਣੇ ਰੱਖਿਆ ਹੋਏਗਾ, ਉਹ ਇਸ ਦੇ ਸਿਰ 'ਚ ਪਾ ਦੇਵੀਂ, ਉਹਦੇ ਨਾਲ ਕੇਸੀ ਨਹਾ ਲਵੇ, ਉਹਦੇ ਨਾਲ ਪਿੰਡਾ ਨਹਾ ਲਵੇ, ਉਸ ਨੂੰ ਹੋਸ਼ ਆ ਜਾਏਗੀ। ਜਿਹੜਾ ਮੰਤਰ ਕੀਤਾ ਹੋਇਆ ਹੈ, ਉਹ ਖਤਮ ਹੋ ਜਾਏਗਾ। ਉਸੇ ਵੇਲੇ ਗਿਆ, ਜਾ ਕੇ ਗੁਰਸਿਖ ਨੂੰ ਨਾਲ ਲੈ ਗਿਆ, ਪੰਜ ਜਪੁਜੀ ਸਾਹਿਬ ਦੇ ਪਾਠ ਕਰਾਏ, ਉਸ ਤੋਂ ਬਾਅਦ ਜਲ ਬਣਾ ਲਿਆ, ਪਲਾਇਆ ਉਸ ਨੂੰ ਕੇਸੀ ਇਸ਼ਨਾਨ ਕਰਾਇਆ, ਇਕ ਦਮ ਹੋਸ਼ ਆ ਗਈ, ਜਿਵੇਂ ਕਿਸੇ ਚੀਜ਼ ਨੇ ਛੱਡ ਦਿਤੀ ਹੁੰਦੀ ਹੈ। ਕਹਿੰਦੀ ਮੈਨੂੰ ਮਹਾਰਾਜ ਕੋਲ ਲੈ ਚਲੋ। ਕਹਿੰਦੇ ਤੂੰ ਅੱਜ ਤਕ ਨਹੀਂ ਕਿਹਾ, ਮੈਨੂੰ ਮਹਾਰਾਜ ਕੋਲ ਲੈ ਚਲੋ। ਜਦੋਂ ਕਹਿੰਦੇ ਸੀ ਚਲ, ਤੂੰ ਕਹਿੰਦੀ ਸੀ, ਨਾ ਮੈਂ ਨਹੀਂ ਜਾਣਾ, ਮੇਰਾ ਨਹੀਂ ਜੀਅ ਕਰਦਾ।

ਕਹਿੰਦੀ, ਅੱਜ ਪਤਾ ਨਹੀਂ ਕੀ ਹੋ ਗਿਆ, ਮੇਰੇ ਸਿਰ ਤੋਂ ਬੋਝ ਲਹਿ ਗਿਆ, ਮੈਂ ਤਾਂ ਕਿਸੇ ਚੀਜ਼ ਨੇ ਫੜੀ ਹੋਈ ਸੀ। ਹੁਣ ਕਿੱਡਾ ਜਪੁਜੀ ਸਾਹਿਬ ਦਾ ਫਲ ਹੈ। ਇਥੇ ਬੀਮਾਰ ਰਾਜ਼ੀ ਹੁੰਦੇ ਹਨ। ਅਸੀਂ ਕਹਿੰਦੇ ਹਾਂ ਜਪੁਜੀ ਸਾਹਿਬ ਦੇ ਪਾਠ ਕਰੋ, 25 ਪਾਠ ਰੋਜ਼ ਕਰੋ, ਸਾਰੇ ਮਹਾਂਪੁਰਸ਼ ਕਹਿੰਦੇ ਹਨ, ਗੁਰੂ ਦੀ ਬਾਣੀ ਪੜ੍ਹਨ ਨਾਲ ਰਾਜ਼ੀ ਹੋ ਜਾਂਦਾ ਹੈ। ਸੇਵਾ ਕਰਨ ਨਾਲ ਰਾਜ਼ੀ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਜਦੋਂ ਤੱਕ ਅਸੀਂ ਬਾਣੀ ਨਹੀਂ ਪੜ੍ਹਦੇ, ਓਨੀ ਦੇਰ ਤੱਕ ਬਾਤ ਨਹੀਂ ਬਣਿਆ ਕਰਦੀ।

ਸੋ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੀ ਵਾਰਤਾ ਦਾ ਜ਼ਿਕਰ ਕਰ ਰਹੇ ਸੀ। ਤੁਸੀਂ ਤਾਂ ਗੁਰੂ ਨੂੰ ਮੰਨਦੇ ਹੋ, ਬਾਣੀ ਪੜ੍ਹਦੇ ਹੋ, ਮੱਥਾ ਟੇਕਦੇ ਹੋ, ਗੁਰਦੁਆਰੇ ਆਉਂਦੇ ਹੋ, ਉਸ ਵੇਲੇ ਆਪ ਬਿਲਕੁਲ ਨਹੀਂ ਸੀ ਆਇਆ ਕਰਦੇ। ਭਾਈ ਲਹਿਣਾ ਜੀ ਉਹਨਾਂ ਦਾ ਨਾਮ ਸੀ ਤੇ ਭਾਈ ਫੇਰੂ ਮਲ ਉਹਨਾਂ ਦੇ ਪਿਤਾ ਜੀ ਸੀ, ਮਾਤਾ ਦਾ ਨਾਮ ਦਿਆ ਕੌਰ ਸੀ, ਬੜੇ ਰੱਜੇ-ਪੁੱਜੇ ਖਾਨਦਾਨ ਦੇ ਵਿਚੋਂ, ਵਪਾਰੀ ਸਨ ਤੇ ਦੂਰ-ਦੂਰ ਤੱਕ ਇਹਨਾਂ ਦਾ ਵਾਪਾਰ ਹੁੰਦਾ ਸੀ, ਪੈਸੇ ਦੀ ਕੋਈ ਘਾਟ ਨਹੀਂ ਸੀ। ਆਪ ਨੇ ਇਕ ਦਿਨ ਦੇਵੀ ਦੀਆਂ ਭੇਟਾਂ ਦਾ ਜਗਰਾਤਾ ਲਾਇਆ ਤੇ ਉਸ ਤੋਂ ਬਾਅਦ ਅੰਮ੍ਰਿਤ ਵੇਲੇ ਜੀਅ ਕਰਿਆ ਕਿ ਇਸ਼ਨਾਨ ਕਰੀਏ। ਟੋਭੇ ਵਿਚ ਨਹਾਉਣ ਚਲੇ ਗਏ। ਉਥੇ ਇਕ ਗੁਰਸਿਖ ਇਸ਼ਨਾਨ ਕਰਦਾ ਸੀ ਤੇ ਉਸ ਗੁਰਸਿਖ ਨੇ ਬਾਣੀ ਪੜ੍ਹੀ, ਇਹਨਾਂ ਨੇ ਧਿਆਨ ਨਾਲ ਸੁਣੀ। ਮਨ ਨੂੰ ਐਨੀ ਖਿੱਚ ਪਈ, ਅਛੋਪਲੇ ਜਿਹੇ ਜਾ ਕੇ ਪਿਛਲੇ ਪਾਸੇ ਬੈਠ ਗਏ ਕਿ ਜੇ ਸਾਮ੍ਹਣੇ ਬੈਠਿਆ ਤਾਂ ਸ਼ਾਇਦ ਚੁਪ ਨਾ ਕਰ ਜਾਣ। ਜਪੁਜੀ ਸਾਹਿਬ ਦਾ ਪਾਠ ਸੁਣਿਆ, ਆਸਾ ਜੀ ਦੀ ਵਾਰ ਸੁਣਦੇ ਸਾਰ ਮਨ ਦੇ ਅੰਦਰ ਖਿਆਲ ਹੋ ਗਿਆ ਕਿ ਇਹ ਤਾਂ ਬਾਣੀ ਬਹੁਤ ਉਚੀ ਹੈ, ਅੱਜ ਤੱਕ ਮੈਂ ਐਸੀ ਬਾਤ ਹੀ ਨਹੀਂ ਸੁਣੀ। ਉਸ ਵੇਲੇ ਭਾਈ ਜੋਧ ਨੂੰ, ਜੋ ਉਥੇ ਦਾ ਕਿਰਸਾਨ ਸੀ, ਕਹਿਣ ਲੱਗੇ, ਭਾਈ ਜੋਧ! ਆਹ ਅੰਮ੍ਰਿਤ ਤੂੰ ਕਿਥੋਂ ਲਿਆ ਹੈ? ਜਦੋਂ ਤੂੰ ਅੰਮ੍ਰਿਤ ਦੀ ਬਾਣੀ ਦੀ ਬਾਰਸ਼ ਕਰਦਾ ਰਿਹਾ ਹੈਂ ਤਾਂ ਇਸ ਨੇ ਮੇਰੇ ਹਿਰਦੇ ਨੂੰ ਪ੍ਰਫੁਲਤ ਕਰ ਦਿਤਾ ਹੈ ਤੇ ਮੇਰਾ ਮਨ ਬਹੁਤ ਪ੍ਰਸੰਨ ਹੋਇਆ ਹੈ। ਉਹਨੇ ਦੱਸਿਆ ਕਿ ਇਹ ਗੁਰੂ ਨਾਨਕ ਪਾਤਿਸ਼ਾਹ ਦੀ ਬਾਣੀ ਹੈ। ਕੌਣ ਨੇ ਗੁਰੂ ਨਾਨਕ ਸਾਹਿਬ? ਅਜੇ ਤੱਕ ਨਹੀਂ ਸੀ ਸੁਣਿਆ, ਕਿਉਂਕਿ ਖਡੂਰ ਸਾਹਿਬ ਤੇ ਕਰਤਾਰਪੁਰ ਦਾ ਬਹੁਤਾ ਫਰਕ ਨਹੀਂ, ਇਕੋ ਜ਼ਿਲ੍ਹੇ ਵਿਚ ਨੇੜੇ ਨੇੜੇ ਹਨ। ਉਹ ਗੁਰਦਾਸਪੁਰ ਜ਼ਿਲ੍ਹੇ ਵਿਚ ਹੈ, ਇਹ ਅੰਮ੍ਰਿਤਸਰ 'ਚ ਹੈ, ਫਾਸਲਾ ਬਹੁਤਾ ਨਹੀਂ ਹੈ। ਗੁਰੂ ਨਾਨਕ ਨੂੰ ਸਾਰਾ ਸੰਸਾਰ ਜਾਣਦਾ ਸੀ ਲੇਕਿਨ ਕੋਲ ਰਹਿੰਦੇ ਹੀ ਪਤਾ ਨਹੀਂ ਸੀ ਗੁਰੂ ਨਾਨਕ ਸਾਹਿਬ ਕੌਣ ਨੇ। ਕਹਿਣ ਲੱਗੇ, ਉਹ ਕੌਣ ਹੋਏ? ਉਹਨਾਂ ਦੇ ਬਾਰੇ ਉਸ ਨੇ ਬੜਾ ਪੁਛਿਆ ਕਿ ਮੈਨੂੰ ਦੱਸ, ਉਹਨਾਂ ਦਾ ਜੀਵਨ ਕਿਵੇਂ ਹੈ? ਜਦ ਤੱਕ ਕਿਸੇ ਦੀ ਬਾਤ ਨਹੀਂ ਕਰਦੇ, ਉਨੀ ਦੇਰ ਤੱਕ ਉਹਦਾ ਪਤਾ ਨਹੀਂ ਲਗਦਾ ਤੇ ਬਾਤ ਦੀ ਕੀਮਤ ਦੇਣ ਵਾਸਤੇ ਜਿਸ ਦੇ ਮਨ ਵਿਚ ਸ਼ੌਂਕ ਹੈ ਉਹ ਕਹਿੰਦਾ ਹੈ, ਮੈਨੂੰ ਗੱਲ ਸੁਣਾ। ਜਿਉਂ ਜਿਉਂ ਸ਼ੌਂਕ ਵਧਦਾ ਹੈ ਉਹ ਤਿਉਂ ਤਿਉਂ ਗੱਲ ਕਰਦਾ ਹੈ। ਸਾਡਾ ਮਹਾਰਾਜ ਜੀ (ਰਾੜੇ ਵਾਲੇ ਮਹਾਂਪੁਰਸ਼ਾਂ) ਨਾਲ ਪਿਆਰ ਸੀ। ਹਰ ਵਕਤ ਸਾਡੇ ਘਰ 'ਚ ਉਹਨਾਂ ਦੀ ਗੱਲ ਚਲਦੀ ਰਹਿਣੀ। ਇਕ ਵਾਰ ਕਰ ਲੈਣੀ, ਦੋ ਵਾਰ ਕਰ ਲੈਣੀ, ਦੱਸ ਵਾਰੀ, ਸੌ ਵਾਰੀ ਉਹੀ ਗੱਲਾਂ ਸੁਣ ਕੇ ਸਾਨੂੰ ਅਨੰਦ ਆਈ ਜਾਣਾ, ਕਿਉਂਕਿ ਪਿਆਰੇ ਦੀ ਗੱਲ ਸੁਣਨ ਵਾਸਤੇ ਜੀਅ ਕਰਦਾ ਹੈ ਕਿ ਇਕ ਵਾਰੀ ਹੋਰ ਦੱਸੇ। ਤੁਹਾਡਾ ਬੱਚਾ ਇੰਗਲੈਂਡ ਗਿਆ ਹੋਵੇ, ਉਹਦੇ ਪਾਸੋਂ ਕੋਈ ਬੰਦਾ ਮਿਲ ਕੇ ਆਇਆ ਹੋਵੇ, ਉਹਨੇ ਕੁਝ ਗੱਲਾਂ, ਕੁਝ ਸੁਨੇਹੇ ਦਿਤੇ ਹੋਣ, ਕੁਝ ਜ਼ਿਕਰ ਕਰਿਆ ਹੋਵੇ ਕਿ ਮਾਤਾ ਜੀ ਨੂੰ ਇਸ ਤਰ੍ਹਾਂ ਕਹਿਣਾ, ਬੀਬੀ ਜੀ ਨੂੰ ਤੇ ਬਾਪੂ ਜੀ ਨੂੰ ਆਹ ਕਹਿਣਾ, ਜਦੋਂ ਸਾਰੀ ਗੱਲ ਸੁਣ ਹਟਾਂਗੇ ਫੇਰ ਪੁਛ ਲਈਦਾ ਹੈ ਕਿ ਹੋਰ ਕੀ ਕਹਿੰਦਾ ਸੀ, ਹਾਲਾਂਕਿ ਉਹ ਸਾਰੀਆਂ ਦੱਸ ਚੁਕਿਆ ਹੈ। ਉਹ ਫੇਰ ਓਹੀ ਦੱਸ ਦਿੰਦਾ ਹੈ ਜਿਹੜੀਆਂ ਪਹਿਲੀਆਂ ਦੱਸੀਆਂ ਸਨ। ਉਨ੍ਹਾਂ ਨੂੰ ਫੇਰ ਓਨਾ ਹੀ ਅਨੰਦ ਆਉਂਦਾ ਹੈ। ਫੇਰ ਉਹਨੂੰ ਦੂਜੇ ਦਿਨ ਮਿਲੀਏ, ਫੇਰ ਹੋਰ ਕੀ ਕਿਹਾ ਉਹਨੇ? ਯਾਨਿ ਬਾਰ-ਬਾਰ ਆਪਣੇ ਪਿਆਰੇ ਦੀਆਂ ਗੱਲਾਂ ਸੁਣਨ ਨੂੰ ਜੀਅ ਕਰਦਾ ਹੈ। ਇਕ ਕਾਫਲਾ ਈਰਾਨ ਤੋਂ ਆ ਰਿਹਾ ਸੀ। ਮਜਨੂੰ ਨੂੰ ਪਤਾ ਲੱਗਿਆ ਕਿ ਇਹ ਲੈਲਾ ਦੇ ਸ਼ਹਿਰ ਤੋਂ ਆਏ ਹਨ। ਉਸ ਵੇਲੇ ਕਾਫਲਿਆਂ ਵਾਲਿਆਂ ਨੂੰ ਜਾ ਕੇ ਮਿਲਦਾ ਹੈ। ਮਜਨੂੰ ਇਕੱਲੇ ਇਕੱਲੇ ਨੂੰ ਪੁਛਦਾ ਹੈ, ਹੋਰ ਲੈਲਾ ਕੀ ਕਹਿੰਦੀ ਸੀ, ਤੁਸੀਂ ਦੇਖੀ ਸੀ, ਕਿਥੇ ਫਿਰਦੀ ਸੀ, ਕੀ ਕਰਦੀ ਸੀ? ਗੱਲਾਂ ਸੁਣਦਾ ਸੁਣਦਾ ਅੰਦਾਜ਼ੇ ਲਾਈ ਜਾਂਦਾ ਹੈ। ਦਿੱਲੀ ਜਾ ਪਹੁੰਚਿਆ, ਰੋਜ਼ ਹੀ ਪੁਛ ਲਿਆ ਕਰੇ। ਉਹਨਾਂ ਨੇ ਕਿਹਾ ਕਿ ਕੋਈ ਮਸਤਾਨਾ ਜਿਹਾ ਹੈ। ਕਦੇ ਕਿਸੇ ਨੂੰ ਪੁਛ ਲਏ, ਕਦੇ

ਕਿਸੇ ਨੂੰ ਪੁਛ ਲਏ, ਗੱਲਾਂ ਪੁਛਦਾ ਪੁਛਦਾ ਉਥੇ ਚਲਿਆ ਗਿਆ। ਮਹਾਰਾਜ ਜੀ ਕਹਿੰਦੇ, ਪਿਆਰੇ ਦੀਆਂ ਗੱਲਾਂ ਜੇ ਕੋਈ ਸੁਣਾਉਂਦਾ ਹੈ ਤਾਂ ਉਹਦਾ ਮੁਲ ਨਹੀਂ ਕੋਈ ਹੁੰਦਾ, ਉਹਦਾ ਤਾਂ ਬਹੁਤ ਮੁੱਲ ਦੇਣਾ ਪੈਂਦਾ ਹੈ।

***ਧਾਰਨਾ - ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ,***
***ਗੱਲਾਂ ਜੋ ਸੁਣਾਵੇ ਤੇਰੀਆਂ -2, 2.***
***ਮੇਰੇ ਪਿਆਰੇ, ਗੱਲਾਂ ਜੋ ਸੁਣਾਵੇ ਤੇਰੀਆਂ -2, 2.***
***ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ ....... -2.***

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥ ਪੰਨਾ - 558***

**ਪਿਆਰ ਦੀ ਜੋ ਗੱਲ ਸੁਣਾਉਂਦਾ ਹੈ, ਕਹਿੰਦੇ ਕੀ ਦੇਈਏ ਉਸਨੂੰ? ਆਲਾ-ਦੁਆਲਾ ਦੇਖਦੇ ਹਾਂ ਕਿ ਸੋਨਾ ਦੇ ਦੇਈਏ, ਚਾਂਦੀ ਦੇ ਦੇਈਏ ਕਿਉਂਕਿ ਉਹ ਪਿਆਰੇ ਦੀ ਬਾਤ ਸੁਣਾ ਰਿਹਾ ਹੈ। ਮਹਾਰਾਜ ਕਹਿੰਦੇ, "ਨਹੀਂ ਉਹਦੇ ਬੈਠਣ ਵਾਸਤੇ ਆਪਣਾ ਸੀਸ ਵੱਢ ਕੇ ਦੇ ਦੇਓ ਯਾਨਿ ਅਭਿਮਾਨ ਛੱਡ ਦਿਓ, ਉਹਦੇ ਚਰਨਾਂ ਦੇ ਦਾਸ ਬਣ ਜਾਓ ਜਿਹੜਾ ਪਿਆਰੇ ਦੀ ਬਾਤ ਸੁਣਾਉਂਦਾ ਹੈ।**

ਸੋ ਐਸੀ ਜੋ ਬਾਤ ਹੁੰਦੀ ਹੈ ਆਪਣੇ ਬਜੁਰਗਾਂ ਦੀ, ਪਿਆਰਿਆਂ ਦੀ, ਉਹ ਸਾਨੂੰ ਰਾਹ ਦਿਖਾਇਆ ਕਰਦੀ ਹੈ। ਸੋ **ਭਾਈ ਲਹਿਣਾ ਜੀ ਭਾਈ ਜੋਧ ਨੂੰ ਬਾਰ-ਬਾਰ ਪੁਛਦੇ ਹਨ ਕਿ ਕੋਈ ਹੋਰ ਦੱਸੋ ਗੁਰੂ ਨਾਨਕ ਦੀ ਬਾਤ। ਸੋ ਆਪ ਨੇ ਬਚਪਨ ਤੋਂ ਸਾਰੀ ਬਾਤ ਦੱਸੀ। ਪਾਂਧੇ ਨੂੰ ਕਿਵੇਂ ਪੜ੍ਹਾਇਆ, ਵੈਦ ਨੂੰ ਕਿਸ ਤਰ੍ਹਾਂ ਦੱਸਿਆ ਕਿ ਸਾਰਿਆਂ ਰੋਗਾਂ ਦੀ ਦਾਰੂ ਨਾਮ ਹੋਇਆ ਕਰਦਾ ਹੈ ਤੇ ਸਾਰੀਆਂ ਚੀਜ਼ਾਂ ਦੱਸਦੇ ਹੋਏ ਫੇਰ ਅਖੀਰ ਵਿਚ ਦੱਸਿਆ ਕਿ ਗੁਰੂ ਨਾਨਕ ਪਾਤਿਸ਼ਾਹ ਜਦੋਂ ਸੁਲਤਾਨਪੁਰ ਮੋਦੀ ਦਾ ਕੰਮ ਕਰਦੇ ਸਨ ਉਸ ਵੇਲੇ ਆਪ ਅਕਾਲ ਪੁਰਖ ਦੀ ਦਰਗਾਹ 'ਚ ਪਹੁੰਚਦੇ ਹਨ। ਨਿਰੰਕਾਰ ਜੀ ਨੇ ਸੁਨੇਹਾ ਭੇਜ ਕੇ ਬੁਲਾਏ ਤੇ ਉਸ ਵੇਲੇ ਗੁਰੂ ਮਹਾਰਾਜ ਜੀ ਨੂੰ ਪੁਛਿਆ, "ਹੇ ਨਾਨਕ ਜੀ! ਤੁਸੀਂ ਉਹ ਕੰਮ ਨਹੀਂ ਸ਼ੁਰੂ ਕਰਿਆ।"** ਕਹਿੰਦੇ, "ਸੱਚੇ ਪਾਤਸ਼ਾਹ! ਸੰਸਾਰ ਦੇ ਅੰਦਰ ਆਪ ਦੀ ਮਰਿਆਦਾ ਹੈ ਕਿ ਜਦ ਤਕ ਗੁਰੂ ਧਾਰਨ ਨਹੀਂ ਕੀਤਾ ਜਾਂਦਾ, ਓਨਾਂ ਚਿਰ ਆਦਮੀ ਨਿਗੁਰਾ ਕਹਾਉਂਦਾ ਹੈ ਤੇ ਨਿਗੁਰੇ ਦੀ ਗਤ ਨਹੀਂ ਹੁੰਦੀ -

***........... ਨਿਗੁਰੇ ਕਾ ਹੈ ਨਾਉ ਬੁਰਾ॥ ਪੰਨਾ - 434***

ਜਿਥੇ ਨਿਗੁਰਾ ਬੈਠੇਗਾ, ਸਵਾ ਗਜ ਧਰਤੀ ਭ੍ਰਿਸ਼ਟ ਹੋ ਜਾਂਦੀ ਹੈ।

"ਫੇਰ ਗੁਰੂ ਧਾਰਨ ਕਰ ਲੈਣਾ ਸੀ।"

"ਪਾਤਸ਼ਾਹ! ਸੰਸਾਰ ਦੇ ਅੰਦਰ ਸਾਰੇ ਨਿਗ੍ਹਾ ਮਾਰ ਕੇ ਦੇਖੀ ਹੈ।"

***ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ॥ ਪੰਨਾ - 936***

ਪਾਤਸ਼ਾਹ, ਐਸਾ ਕੋਈ ਵੀ ਨਜ਼ਰ ਨਹੀਂ ਆਇਆ, ਜਿਹੜਾ ਬਿਲਕੁਲ ਸੁੱਚਾ ਹੋਵੇ। (ਐਸਾ ਕੋਈ ਨਹੀਂ ਸੀ ਜਿਹੜਾ ਗੁਰੂ ਨਾਨਕ ਦਾ ਗੁਰੂ ਬਣ ਜਾਵੇ)। ਇਸ ਕਰਕੇ ਮੈਂ ਆਪ ਦੀ ਚਰਨ ਸ਼ਰਨ ਆਇਆ ਹਾਂ। ਆਪ ਗੁਰੂ ਬਣ ਕੇ ਮੈਨੂੰ ਉਪਦੇਸ਼ ਦਿਓ, ਦੀਕਸ਼ਾ ਦਿਓ। ਉਸ ਵੇਲੇ ਨਿਰੰਕਾਰ ਜੀ ਨੇ ਮੂਲ ਮੰਤਰ ਦਾ ਪਾਠ 'ਗੁਰ ਪ੍ਰਸਾਦਿ॥' ਤੱਕ ਆਪਣੇ ਮੁਖਾਰਬਿੰਦ ਤੋਂ ਉਚਾਰਿਆ। ਗੁਰੂ ਨਾਨਕ ਪਾਤਿਸ਼ਾਹ ਨੂੰ ਕਿਹਾ ਮੋਹਰ ਲਾਵੋ, ਆਪ ਨੇ ***"ਆਦਿ ਸੁਚ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*** ਉਚਾਰਨ ਕਰਕੇ ਮੋਹਰ ਲਾਈ ਕਹਿੰਦੇ, ਨਾਨਕ ਜੀ! ਇਸ ਮੰਤਰ ਨੂੰ ਜੋ ਪੜ੍ਹੇਗਾ, ਮਨ ਚਿਤ ਲਾ ਕੇ ਮੂਲ ਮੰਤਰ ਦਾ ਪਾਠ ਕਰੇਗਾ, ਉਹ ਮੇਰੀ ਦਰਗਾਹ 'ਚ ਵਾਸਾ ਪਾ ਲਏਗਾ। ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਆਪਣੇ ਦੋਹਾਂ ਵਿਚ ਜੋ ਭੇਦ ਮੰਨੇਗਾ, ਉਸਦਾ ਕਲਿਆਣ ਨਹੀਂ ਹੋਏਗਾ। ਗੁਰੂ ਤੇ ਪ੍ਰਮੇਸ਼ਰ 'ਚ

ਕੋਈ ਭੇਦ ਨਹੀਂ ਹੋਇਆ ਕਰਦਾ। ਸੋ ਨਾਨਕ ਜਿਸ ਉਤੇ ਤੇਰੀ ਨਦਰ, ਉਸ ਉਤੇ ਮੇਰੀ ਨਦਰ, ਜਿਸ ਦੇ ਉਤੇ ਤੇਰੀ ਮੇਹਰ, ਉਸ ਉਤੇ ਮੇਰੀ ਮੇਹਰ।"

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਉਸ ਵੇਲੇ ਇਕ ਪਿਆਲਾ ਮੰਗਵਾਇਆ, ਗੁਰੂ ਨਾਨਕ ਪਾਤਸ਼ਾਹ ਨੂੰ ਆਪ ਅਕਾਲ ਪੁਰਖੁ ਨੇ ਹੱਥੀਂ ਦਿਤਾ। ਕਹਿਣ ਲੱਗੇ, ਨਾਨਕ ਇਸ ਨੂੰ ਪੀ; ਆਪਣੇ ਨਾਮ ਦਾ ਪਿਆਲਾ, ਅੰਮ੍ਰਿਤ ਦਾ ਪਿਆਲਾ ਪਿਲਾਇਆ। ਪੀਣ ਦੇ ਨਾਲ ਸਾਰੇ ਹੁਕਮ ਦੀ ਸੋਝੀ ਹੋ ਗਈ। ਪ੍ਰਮੇਸ਼ਰ ਕਹਿਣ ਲੱਗੇ, "ਹੁਕਮ ਦੀ ਵਿਆਖਿਆ ਕਰ।" ਸੋ ਉਸ ਵੇਲੇ ਮਹਾਰਾਜ ਜੀ ਨੇ ਦੋ ਸ਼ਬਦ ਉਚਾਰਣ ਕਰੇ ਤੇ ਨਿਰੰਕਾਰ ਜੀ ਨੇ ਪ੍ਰਸੰਨ ਹੋ ਕੇ ਕਿਹਾ, "ਹੁਣ ਤੁਸੀਂ ਜਾਓ, ਜਾ ਕੇ ਸੰਸਾਰ ਦਾ ਉਧਾਰ ਕਰੋ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ, ਠੀਕ ਉਸੇ ਸਮੇਂ ਜਦੋਂ ਵੇਈਂ ਨਦੀ ਵਿਚ ਟੁਬੀ ਮਾਰੀ, ਤਿੰਨ ਦਿਨਾਂ ਪਿਛੋਂ ਬਾਹਰ ਨਿਕਲ ਆਏ। ਜੋ ਦਾਸ ਸੀ ਉਹਨਾਂ ਦਾ ਸੇਵਾਦਾਰ; ਵਿਰਲੇ ਵਿਰਲੇ ਸੇਵਾਦਾਰ ਹੁੰਦੇ ਹਨ, ਸਾਰੇ ਨਹੀਂ ਹੋਇਆ ਕਰਦੇ – ਨਾ ਮਹਾਂਪੁਰਸ਼ਾਂ ਦੇ, ਨਾ ਗੁਰੂਆਂ ਦੇ। ਜਿਸ ਦੇ ਉਤੇ ਅਤਿ ਦੀ ਕ੍ਰਿਪਾ ਹੋਵੇ ਉਹ ਸੇਵਾ ਕਰ ਸਕਦਾ ਹੈ, ਦੂਸਰਾ ਨਹੀਂ ਕਰ ਸਕਦਾ। ਸਾਰੀ ਦੁਨੀਆਂ ਕਹਿੰਦੀ ਸੀ (ਗੁਰੂ) ਨਾਨਕ ਡੁੱਬ ਗਿਆ, ਉਸ ਨੂੰ ਕੋਈ ਮੱਛ ਖਾ ਗਿਆ। ਬੇਬੇ ਨਾਨਕੀ ਜੀ ਕਹਿੰਦੇ ਸੀ, ਨਹੀਂ, ਮੇਰੇ ਵੀਰ ਨੂੰ ਕੁਛ ਨਹੀਂ ਹੋ ਸਕਦਾ। ਕੇਵਲ ਉਹਨਾਂ ਦਾ ਕੋਈ ਕੌਤਕ ਹੈ। ਗੁਰੂ ਮਹਾਰਾਜ ਜੀ ਦਾ ਸੇਵਾਦਾਰ, ਇਹ ਵੀ ਰੋਜ਼ ਅੰਮ੍ਰਿਤ ਵੇਲੇ ਦੋ ਵਜੇ ਵੇਈ ਨਦੀ ਤੇ ਚਲਿਆ ਜਾਇਆ ਕਰੇ। ਜਿਥੇ ਮਹਾਰਾਜ ਜੀ ਨੇ ਬਸਤ੍ਰ ਫੜਾਏ ਸੀ, ਉਥੇ ਹੀ ਜਾ ਪਹੁੰਚਿਆ ਕਰੇ ਤੇ ਅੱਜ ਤੀਸਰੇ ਦਿਨ ਗੁਰੂ ਨਾਨਕ ਪਾਤਸ਼ਾਹ ਵੇਈਂ ਵਿਚੋਂ ਬਾਹਰ ਨਿਕਲੇ। ਦੇਖਦੇ ਸਾਰ ਐਨੇ ਪ੍ਰਸੰਨ ਹੋਏ ਕਿ ਇਹ ਕਿਹੋ ਜਿਹਾ ਦਾਸ ਹੈ, ਤਿੰਨ ਦਿਨ ਹੋ ਗਏ ਸਾਨੂੰ ਗਿਆਂ ਨੂੰ, ਫੇਰ ਇਥੇ ਨਦੀ ਕਿਨਾਰੇ ਉਪਰ ਅਤੇ ਹੇਠਾਂ ਨੂੰ ਵਸਤਰ ਚੁੱਕੀ ਘੁੰਮਦਾ ਰਹਿੰਦਾ ਹੈ। ਉਸੇ ਵੇਲੇ ਮਹਾਰਾਜ ਜੀ ਨੇ ਨਦਰੀ ਨਦਰ ਨਿਹਾਲ ਕਰ ਦਿਤਾ। ਜਪ, ਤਪ ਕਰਨ ਦੀ ਲੋੜ ਨਹੀਂ ਪਈ। ਦ੍ਰਿਸ਼ਟੀ ਕੀਤੀ ਤੇ ਬ੍ਰਹਮ ਗਿਆਨ ਦੇ ਵਿਚ ਪਹੁੰਚਾ ਦਿਤਾ, ਅਗਮ-ਨਿਗਮ ਦੀ ਸੋਝੀ ਦੇ ਦਿਤੀ। ਘਟ ਘਟ ਵਿਚ ਵਿਆਪਕ ਪ੍ਰਮੇਸ਼ਰ ਦੇ ਦਰਸ਼ਨ ਕਰਾ ਦਿਤੇ।

ਕਹਿਣ ਲੱਗੇ, ਪੁਰਖਾ! ਤੇਰੇ ਤੇ ਅਸੀਂ ਬਹੁਤ ਪ੍ਰਸੰਨ ਹੋਏ ਹਾਂ, ਤੂੰ ਪ੍ਰਸੰਨ ਕਰ ਲਿਆ। ਉਸ ਦੇ ਮਨ ਵਿਚ ਨਿਹਚਾ ਸੀ ਕਿ ਬਾਹਰ ਆਉਣਗੇ। ਸੋ ਇਸ ਤਰ੍ਹਾਂ ਦੇ ਨਾਲ ਆਪ ਬਾਹਰ ਨਿਕਲੇ ਤੇ ਚੜ੍ਹਦੇ ਵਾਲੇ ਪਾਸੇ ਜਿਥੇ ਗੁਰਦੁਆਰਾ ਬਣਿਆ ਹੋਇਆ ਹੈ – ਉਪਰਲੇ ਪਾਸੇ, ਉਸ ਥਾਂ ਤੇ ਸੰਤ ਘਾਟ ਤੇ ਜਾ ਕੇ ਆਪ ਮਸਾਣਾਂ 'ਚ ਬੈਠ ਗਏ, ਕਬਰਸਤਾਨ 'ਚ ਬੈਠ ਗਏ ਤੇ ਸਾਰਿਆਂ ਨੇ ਕਿਹਾ, ਨਾਨਕ ਜੀ ਨਿਕਲ ਆਏ, ਮੋਦੀ ਨਿਕਲ ਆਇਆ। ਦਰਸ਼ਨ ਕਰਨ ਜਾਂਦੇ ਹਨ। ਗੁਰੂ ਨਾਨਕ ਕੋਈ ਗੱਲ ਨਹੀਂ ਕਰਦੇ, ਇਕੋ ਬਚਨ ਕਰਦੇ ਹਨ –

***ਨਾ ਹਮ ਹਿੰਦੂ ਨ ਮੁਸਲਮਾਨ॥***
***ਅਲਹ ਰਾਮ ਕੇ ਪਿੰਡੁ ਪਰਾਨ॥*** ***ਪੰਨਾ – 1136***

ਹਿੰਦੂਆਂ ਨੇ ਸੁਣਿਆ, ਮੁਸਲਮਾਨਾਂ ਨੇ ਗੁੱਸਾ ਕੀਤਾ ਕਿ ਇਹ ਕਹਿੰਦਾ ਕੋਈ ਮੁਸਲਮਾਨ ਨਹੀਂ ਹੈ। ਨਵਾਬ ਦੇ ਸ਼ਕਾਇਤ ਹੋਈ, ਨਵਾਬ ਦੇ ਪੇਸ਼ੀ ਪਈ। ਗੁਰੂ ਨਾਨਕ ਨੂੰ ਕਚਹਿਰੀ 'ਚ ਬੁਲਾਇਆ ਗਿਆ। ਗੁਰੂ ਨਾਨਕ ਪਾਤਸ਼ਾਹ ਕਚਹਿਰੀ ਵਿਚ ਜਾਂਦੇ ਹਨ। ਨਵਾਬ ਕਹਿਣ ਲੱਗਿਆ, ਨਾਨਕ ਜੀ! ਤੁਹਾਡੇ ਉਤੇ ਸ਼ਕਾਇਤ ਕੀਤੀ ਗਈ ਹੈ ਕਿ ਤੁਸੀਂ ਇਹ ਕਹਿੰਦੇ ਹੋ ਕਿ ਨਾ ਕੋਈ ਹਿੰਦੂ ਨਾ ਮੁਸਲਮਾਨ ਤੇ ਸ਼ਿਕਾਇਤ ਕਰਨ ਵਾਲਾ ਕਹਿੰਦਾ ਹੈ ਇਥੇ ਸਾਰੇ ਹਿੰਦੂ ਤੇ ਮੁਸਲਮਾਨ ਨੇ, ਹੋਰ ਹੈ ਕੋਈ ਨਹੀਂ, ਇਨ੍ਹਾਂ ਬਿਨਾਂ ਹੋਰ ਤੀਜਾ ਇਥੇ ਕੋਈ ਨਹੀਂ ਤੇ ਇਸਲਾਮ ਵਾਲਿਆਂ ਨੇ ਇਸ ਗੱਲ ਦਾ ਗੁੱਸਾ ਕੀਤਾ ਕਿ ਨਾਨਕ ਜੀ ਅਸਾਡੇ ਅਕੀਦੇ ਦੀਆਂ ਧੱਜੀਆਂ ਉਡਾਉਂਦਾ ਹੈ। ਸਾਡੇ ਕੁਰਾਨ ਸ਼ਰੀਫ ਦੇ ਮੁਤਾਬਿਕ ਅਸੀਂ ਸਹੀ ਮੁਸਲਮਾਨ ਹਾਂ। ਮਹਾਰਾਜ ਕਹਿੰਦੇ, "ਠੀਕ ਹੈ ਨਵਾਬ ਸਾਹਿਬ। ਨਾਉਂ ਰਖਾਇਆ ਜਾ ਸਕਦਾ ਹੈ ਲੇਕਿਨ –

***ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥***
***ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥***

*ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥*
*ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥*
*ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥*
*ਪੰਨਾ - 141*

ਗੁਰੂ ਨਾਨਕ ਪਾਤਸ਼ਾਹ ਜੀ ਨੇ ਨਵਾਬ ਨੂੰ ਕਿਹਾ ਕਿ ਕਿਸੇ ਭੀ ਧਰਮ ਦਾ ਧਾਰਨੀ ਜੇ ਉਹ ਦੱਸੇ ਹੋਏ ਅਸੂਲਾਂ ਤੇ ਚਲਦਾ ਹੈ ਤਾਂ ਹੀ ਉਸ ਧਰਮ ਦਾ ਅਨੁਆਈ ਕਹਾ ਸਕਦਾ ਹੈ।

ਮੁਸਲਮਾਨ ਕਹਾਉਣਾ ਬਹੁਤ ਮੁਸ਼ਕਲ ਹੈ। ਜੇ ਉਸ ਦੇ ਅੰਦਰ ਮੁਸਲਮਾਨਾਂ ਵਾਲੇ ਗੁਣ ਹੋਣ ਤਾਂ ਹੀ ਮੁਸਲਮਾਨ ਕਹਾ ਸਕਦਾ ਹੈ। ਜਦੋਂ ਪਹਿਲਾਂ ਅਉਲੀਆ, ਪੀਰ, ਸੰਤ ਫਕੀਰਾਂ ਦਾ ਦੀਨ ਮਿੱਠਾ ਕਰਕੇ ਮੰਨੇ। ਸੰਤ ਫਕੀਰ ਸਾਰੀ ਸ੍ਰਿਸ਼ਟੀ ਵਿਚ ਇਕ ਖੁਦਾ ਵੇਖਦੇ ਹਨ। ਫੇਰ ਜਿਵੇਂ ਲੋਹੇ ਤੋਂ ਜੰਗਾਲ ਲਾਹ ਦੇਈਦਾ ਹੈ, ਇਵੇਂ ਆਪਣਾ ਮਾਲ ਧਨ ਲੁਟਾ ਦੇਵੇ। ਇਸ ਦਾ ਭਾਵ ਇਹ ਹੈ ਕਿ ਆਪਣਾ ਵਿਕਾਰ ਰੂਪੀ ਧਨ ਖ਼ੁਰਚ ਕੇ ਲਾਹ ਦੇਵੇ ਜਿਵੇਂ ਮੁਸਕਲਾ ਜੰਗਾਲ ਲਾਹ ਦਿੰਦਾ ਹੈ। ਆਪਣੇ ਦੀਨ ਦੇ ਆਗੂ ਦਾ ਬਚਨਾਂ ਨਾਲ ਜੰਮਣ ਮਰਣ ਦਾ ਭਰਮ ਮਿਟਾ ਦੇਵੇ। ਰੱਬ ਦੀ ਰਜ਼ਾਅ ਨੂੰ ਪਛਾਣੇ ਅਤੇ ਧੁਰ ਹਿਰਦੇ ਤੋਂ ਮੰਨ ਕੇ ਆਪਣਾ ਆਪ ਮਿਟਾ ਦੇਵੇ ਕਿਉਂਕਿ ਸਭ ਕੁਛ ਰੱਬੀ ਰਜ਼ਾਅ ਵਿਚ ਹੀ ਹੋ ਰਿਹਾ ਹੈ।

ਫੇਰ ਸਭਨਾਂ ਜੀਆਂ ਤੇ ਦਇਆ ਕਰੇ। ਜੇ ਇਹ ਗੁਣ ਹੋਣ ਫੇਰ ਆਪਣੇ ਆਪ ਨੂੰ ਮੁਸਲਮਾਨ ਕਹਾ ਸਕਦਾ ਹੈ।

*ਮੁਸਲਮਾਣੁ ਮੋਮ ਦਿਲ ਹੋਵੈ॥ ਅੰਤਰ ਕੀ ਮਲੁ ਦਿਲ ਤੇ ਧੋਵੈ॥*
*ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ॥*
*ਪੰਨਾ - 1084*

ਮੁਸਲਮਾਨ ਦਾ ਦਿਲ ਮੋਮ ਵਰਗਾ ਨਰਮ ਹੋਣਾ ਚਾਹੀਦਾ ਹੈ ਪਰ ਇਹ ਸਾਰੇ ਇਸ ਦੇ ਵਿਪਰੀਤ ਵਰਤਦੇ ਹਿੰਦੂਆਂ ਨਾਲ ਨਫਰਤ, ਧੱਕਾ, ਜ਼ੋਰ ਜ਼ੁਲਮ ਕਰ ਰਹੇ ਹਨ। ਮੁਸਲਮਾਨ ਦੇ ਅੰਦਰ ਪਾਪਾਂ ਦੀ ਮਲ ਨਹੀਂ ਹੋਣੀ ਚਾਹੀਦੀ, ਇਬਾਦਤ ਕਰਕੇ ਦੁਨੀਆਂ ਵਿਚ ਖਚਿਤ ਹੋਣ ਦੀ ਥਾਂ ਅਲਾਹ ਨਾਲ ਪ੍ਰੀਤ ਚਾਹੀਦੀ ਹੈ ਅਤੇ ਉਸ ਦਾ ਦਿਲ, ਫੁੱਲ, ਰੇਸ਼ਮ ਅਤੇ ਘਿਉ ਵਰਗਾ ਸ਼ੁਧ ਹੋਣਾ ਚਾਹੀਦਾ ਹੈ।

ਕਹਿੰਦੇ ਇਹਨਾਂ ਦੇ ਮੋਮ ਦਿਲ ਨੇ? ਇਹ ਤਾਂ ਪੱਥਰਾਂ ਨਾਲੋਂ ਵੀ ਸਖਤ ਹਨ, ਬੰਦੇ ਨੂੰ ਮਾਰਨ ਵੇਲੇ ਬਿਲਕੁਲ ਘੌਲ ਨਹੀਂ ਕਰਦੇ ਤੇ ਤੁਹਾਡੇ ਰਾਜਿਆਂ ਨੇ ਕਿੰਨੇ ਬੰਦੇ ਮਾਰ ਦਿਤੇ। ਇਕ ਦਿਨ 'ਚ 30-30 ਹਜ਼ਾਰ ਬ੍ਰਾਹਮਣ ਮਾਰਿਆ। ਮਥਰਾ 'ਚ ਬਾਬਰ ਵਰਗਿਆਂ ਨੇ ਇੱਕ ਲੱਖ ਬੰਦਾ ਮਾਰਿਆ ਹੈ। ਉਸ ਵੇਲੇ ਆਪ ਨੇ ਸਾਰੀ ਗੱਲ ਸਮਝਾਈ, ਨਮਾਜ਼ ਦੀਆਂ ਗੱਲਾਂ ਵੀ ਸਮਝਾਈਆਂ ਕਿ ਅਸਲੀ ਨਮਾਜ਼ ਕੀ ਹੁੰਦੀ ਹੈ। ਨਵਾਬ ਕਹਿਣ ਲੱਗਿਆ, ਹੇ ਨਾਨਕ! ਮੈਂ ਇਹ ਸਹੀ ਕਰ ਲਿਆ ਕਿ ਤੂੰ ਸਾਰੀ ਦੁਨੀਆਂ ਦਾ ਸਾਂਝਾ ਰਹਿਬਰ ਹੈ ਤੇ ਸਾਡਾ ਚਿੱਤ ਤਾਂ ਹੀ ਖੁਸ਼ ਹੁੰਦਾ ਹੈ ਕਿ ਜੇ ਤੂੰ ਸਾਡੇ ਨਾਲ ਜਾ ਕੇ ਮਸਜਿਦ 'ਚ ਨਮਾਜ਼ ਪੜ੍ਹੇਂ। ਤੇਰੀ ਜਾਤ ਹਿੰਦੂ ਹੈ, ਹਿੰਦੂ ਹੋਣ ਕਰਕੇ ਦੇਹੁਰੇ ਤਾਂ ਜ਼ਰੂਰ ਚਲਿਆ ਜਾਏਂਗਾ, ਕੋਈ ਰੁਕਾਵਟ ਨਹੀਂ, ਪਰ ਸਾਡਾ ਵੀ ਮਨ ਲੋਚਦਾ ਹੈ, ਤੇਰੇ ਵਰਗਾ ਬੰਦਾ ਨਮਾਜ਼ ਵਿਚ ਸਾਡੇ ਨਾਲ ਹੋਵੇ, ਸਾਨੂੰ ਸੋਝੀ ਪਵੇ, ਅੱਲਾਹ-ਤਾਲਾ ਖੁਸ਼ ਹੋਵੇ। ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, "ਕਦੋਂ?" ਕਹਿੰਦੇ, "ਮਹਾਰਾਜ ਅੱਜ ਹੀ ਜੁਮਾਰਾਤ (ਵੀਰਵਾਰ ਰਾਤ) ਦੀ ਨਮਾਜ਼ ਪੜ੍ਹੀ ਜਾਣੀ ਹੈ।" ਕਹਿੰਦੇ, "ਮਸਜਿਦ ਵਿਚ ਨਮਾਜ਼ ਪੜ੍ਹਾਂਗੇ।" ਉਥੇ ਚਲੇ ਜਾਂਦੇ ਹਨ। ਨਮਾਜ਼ ਦੇ ਵਿਚ ਖੜ੍ਹੇ ਹੋ ਜਾਂਦੇ ਹਨ, 'ਇਲ-ਇਲਾ' ਅਜੇ ਐਨਾ ਪੜ੍ਹਿਆ ਗਿਆ, ਅੱਗੇ ਕਲਮਾ ਨਹੀਂ ਸੀ ਚਲਿਆ। ਬੜੇ ਲੰਮੇ ਰਹਾਅ ਨਾਲ ਉਹਨੇ ਕਿਹਾ। ਗੁਰੂ ਨਾਨਕ ਪਾਤਸ਼ਾਹ ਖੜ੍ਹੇ ਰਹੇ ਤੇ ਜਦੋਂ 'ਲਾ-ਇਲਾਹ' ਕਿਹਾ ਉਸ ਵੇਲੇ ਆਪ ਨਿਕਲ ਕੇ ਬਾਹਰ ਚਲੇ ਗਏ। ਉਦੋਂ ਨਮਾਜ਼ ਸ਼ੁਰੂ ਹੋ ਚੁਕੀ ਸੀ। ਮੁਸਲਮਾਨਾਂ ਦਾ ਇਹ ਹਿਸਾਬ ਹੈ ਕਿ ਜੇ ਇਹ ਨਮਾਜ਼ ਪੜ੍ਹਨ ਲਗ ਜਾਣ, ਇਹਨੂੰ ਕਜ਼ਾ ਨਹੀਂ ਕਰਦੇ ਯਾਨੀ ਖੰਡਤ ਨਹੀਂ ਕਰਦੇ। ਇਹਦੇ ਉਲਟ ਸਾਡਾ ਇਹ ਹਿਸਾਬ ਹੈ ਕਿ ਅਸੀਂ ਜਪੁਜੀ ਸਾਹਿਬ ਪੜ੍ਹਦੇ ਪੜ੍ਹਦੇ ਜਦ ਤਕ ਵੀਹ ਬੰਦਿਆਂ ਨਾਲ ਗੱਲਾਂ ਨਹੀਂ ਕਰ ਲੈਂਦੇ, ਸਾਡਾ ਜਪੁਜੀ ਸਾਹਿਬ ਦਾ ਪਾਠ ਹੀ ਪੂਰਾ ਨਹੀਂ ਹੁੰਦਾ। ਗੱਲਾਂ ਕਰਾਂਗੇ, ਵਿਚੇ ਹਾਕਾਂ ਮਾਰਾਂਗੇ।

ਇਕ ਮੇਰੇ ਮਿਲਣ ਵਾਲਾ ਸੀ, ਮੈਂ ਸਵੇਰੇ ਹੀ ਉਹਨਾਂ ਦੇ ਘਰ ਚਲਿਆ ਗਿਆ। ਸੁਖਮਨੀ ਸਾਹਿਬ ਪੜ੍ਹਦਾ ਸੀ, ਬੱਚੇ ਖੇਲਦੇ ਫਿਰਦੇ ਸੀ। ਸਕੂਲ ਦਾ ਕੋਈ ਕੰਮ ਸੀ, ਗੁਟਕਾ ਹੱਥ 'ਚ ਸੀ, ਜਦ ਉਹਨੂੰ ਬਹੁਤਾ ਹੀ ਗੁੱਸਾ ਆਇਆ, ਉਥੇ ਗਿਲਾਸ ਪਿਆ ਸੀ, ਉਹਨੇ ਉਹੀ ਵਗਾਹ ਕੇ ਮਾਰਿਆ ਤੇ ਵਿਚੇ ਮਾਵਾਂ, ਭੈਣਾਂ ਦੀਆਂ ਗਾਲ੍ਹਾਂ ਕੱਢੇ।

ਇਹ ਇਸਲਾਮ ਵਾਲਿਆਂ 'ਚ ਖ਼ੂਬੀ ਹੈ ਕਿ ਫੇਰ ਨਹੀਂ ਉਹ ਬੋਲਦੇ, ਚਾਹੇ ਧੱਕੇ ਮਾਰੀ ਜਾਓ, ਕੁਛ ਕਰੀ ਜਾਓ। ਸੋ ਨਮਾਜ਼ ਪੜ੍ਹੀ ਗਈ। ਕਾਜ਼ੀ ਨੇ ਕਿਹਾ, "ਗੁਰੂ ਨਾਨਕ ਜੀ ਨੇ ਸਾਡੇ ਨਾਲ ਨਮਾਜ਼ ਨਹੀਂ ਪੜ੍ਹੀ।" ਮਹਾਰਾਜ ਜੀ ਕਹਿੰਦੇ, "ਅਸੀਂ ਤਾਂ ਪੜ੍ਹੀ ਹੈ, ਇਥੇ ਪੜ੍ਹਨ ਵਾਲਾ ਹੋਰ ਕੋਈ ਹੈ ਨਹੀਂ, ਅਸੀਂ ਤਾਂ ਪੜ੍ਹ ਲਈ।" ਕਹਿਣ ਲੱਗੇ, "ਮਹਾਰਾਜ ਜੀ! ਅਸੀਂ ਸਾਰੇ ਸੀਗੇ।" ਨਵਾਬ ਕਹਿਣ ਲੱਗਿਆ, "ਮੈਂ ਪੜ੍ਹੀ ਹੈ, ਕਾਜ਼ੀ ਸਾਹਿਬ ਨੇ ਪੜ੍ਹੀ ਹੈ।" ਮਹਾਰਾਜ ਕਹਿੰਦੇ ਤੂੰ ਨਮਾਜ਼ ਨਹੀਂ ਪੜ੍ਹੀ, ਤੂੰ ਤਾਂ ਕੰਧਾਰ ਵਿਚ ਘੋੜੇ ਖਰੀਦ ਰਿਹਾ ਸੀ। ਤੇਰੀ ਹਾਜ਼ਰੀ ਅੱਲਾਹ ਦੇ ਦਰ ਤੇ ਨਹੀਂ ਪਈ। ਕਿਹੜੇ ਕਿਹੜੇ ਖਿਆਲ ਮਨ 'ਚ ਲੰਘ ਜਾਂਦੇ ਹਨ, ਇਕ ਚਿਤ ਹੋ ਕੇ ਜਪੁਜੀ ਸਾਹਿਬ ਦਾ ਇਕ ਪਾਠ ਕਰ ਲਿਆ ਜਾਵੇ, ਉਹਦਾ ਤਾਂ ਕੋਈ ਹਿਸਾਬ ਕਿਤਾਬ ਨਹੀਂ ਹੈ।

ਗੁਰੂ ਛੇਵੇਂ ਪਾਤਿਸ਼ਾਹ ਮਹਾਰਾਜ, ਜਦੋਂ ਕਰਤਾਰਪੁਰ ਦਾ ਯੁੱਧ ਲੱਗਿਆ, ਉਥੇ ਬਹੁਤ ਬੰਦੇ ਮਾਰੇ ਗਏ ਤੇ ਉਹਨਾਂ ਨੇ ਹਜ਼ਾਰਾਂ ਮੁਸਲਮਾਨਾਂ ਦੀਆਂ ਕਬਰਾਂ ਬਣਾ ਕੇ ਦਬਾਅ ਦਿਤੇ ਤੇ ਦੂਸਰਿਆਂ ਦਾ ਸਸਕਾਰ ਕਰ ਦਿਤਾ। ਮਹਾਰਾਜ ਕਹਿਣ ਲੱਗੇ, "ਭਾਈ! ਇਹ ਐਨੇ ਜੀਆਂ ਦੀਆਂ ਰੂਹਾਂ ਭਟਕ ਰਹੀਆਂ ਹਨ, ਇਹਨਾਂ ਦਾ ਉਧਾਰ ਕਰਨਾ ਹੈ। ਕਹਿੰਦੇ, ਸੰਗਤ ਦੇ ਅੰਦਰੋਂ ਇਕ ਸਿੱਖ ਉਠੋ ਜਿਹੜਾ ਮਨ-ਚਿਤ ਲਾ ਕੇ ਸ਼ੁਧ ਜਪੁਜੀ ਸਾਹਿਬ ਦਾ ਪਾਠ ਕਰ ਦੇਵੇ। ਉਸ ਪਾਠ ਕਰਨ ਦੇ ਨਾਲ ਇਨ੍ਹਾਂ ਸਾਰੀਆਂ ਰੂਹਾਂ ਦਾ ਉਧਾਰ ਹੋ ਜਾਏਗਾ। ਉਸ ਵੇਲੇ ਸਭ ਨੇ ਨੀਵੀਆਂ ਪਾ ਲਈਆਂ, ਕਿਉਂਕਿ ਪਤਾ ਸੀ ਕਿ ਇਕ ਚਿਤ ਤਾਂ ਬਹੁਤ ਔਖਾ ਹੈ ਕਿ ਫੁਰਨਾ ਹੀ ਨਾ ਆਵੇ, ਪੂਰਾ ਜਪੁਜੀ ਸਾਹਿਬ ਪਿਆਰ ਨਾਲ ਪੜ੍ਹ ਦੇਈਏ। ਇਕ ਗੁਰਸਿਖ ਉਠਿਆ ਹਾਫਜ਼ਾਬਾਦ ਦਾ। ਉਹ ਕਹਿਣ ਲੱਗਿਆ, "ਮਹਾਰਾਜ! ਜੇ ਆਪ ਦਾ ਹੁਕਮ ਹੋਵੇ ਤੇ ਪਿੱਠ ਤੇ ਹੱਥ ਰਹੇ ਤਾਂ ਮੈਂ ਸੇਵਾ ਕਰਨੀ ਚਾਹੁੰਦਾ ਹਾਂ।" ਗੁਰੂ ਮਹਾਰਾਜ ਨੇ ਕਿਹਾ, "ਆ ਜਾ।" ਉਸ ਵੇਲੇ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿਤਾ। ਜਦੋਂ ਉਹ ਗੁਰਸਿੱਖ ਪੜ੍ਹ ਰਿਹਾ ਸੀ, ਮਹਾਰਾਜ ਕਹਿ ਰਹੇ ਸੀ, "ਸ਼ਾਬਾਸ਼।" ਮਹਾਰਾਜ ਕਿਤੇ ਕਿਤੇ ਇਸ ਤਰ੍ਹਾਂ ਦੇ ਸ਼ਬਦ ਉਚਾਰਦੇ ਹਨ - ਬਲਿਹਾਰ, ਬਲਿਹਾਰ, ਪਉੜੀਆਂ ਪੜ੍ਹਦਾ ਜਾਂਦਾ ਹੈ। ਅਖੀਰ ਜਦੋਂ ਆਖਰੀ ਸਲੋਕ ਪੜ੍ਹਨ ਲੱਗਿਆ, ਉਸ ਵੇਲੇ ਮਹਾਰਾਜ ਜੀ ਖਿਸਕਦੇ, ਖਿਸਕਦੇ ਆਪਣੇ ਸਿੰਘਾਸਣ ਤੋਂ ਪਿਛੇ ਚਲੇ ਗਏ ਤੇ ਜਦੋਂ ਇਹਨੇ ਸਲੋਕ ਸ਼ੁਰੂ ਕਰਿਆ-

***ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥***
***ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥***
***ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥*** ***(ਜਪੁਜੀ ਸਾਹਿਬ)***

ਇਥੇ ਜਦ ਪਹੁੰਚਿਆ ਤਾਂ ਇਹਦੇ ਮਨ 'ਚ ਖਿਆਲ ਆਇਆ ਕਿ ਗੁਰੂ ਮਹਾਰਾਜ ਕਿਉਂ ਉਠ ਰਹੇ ਹਨ, ਇਹ ਤਾਂ ਬੈਠੇ ਸੀ। ਬੈਠੇ ਬੈਠੇ ਕਿਉਂ ਉਠ ਰਹੇ ਹਨ? ਨਾਲ ਹੀ ਦੂਜਾ ਫੁਰਨਾ ਆ ਗਿਆ ਕਿ ਜੇ ਮਹਾਰਾਜ ਜੀ ਨੇ ਕਿਹਾ ਕਿ ਕੀ ਇਨਾਮ ਦੇਈਏ, ਫੇਰ ਮੈਂ ਮਹਾਰਾਜ ਜੀ ਤੋਂ ਸਵਾ ਲੱਖ ਵਾਲਾ ਘੋੜਾ ਮੰਗਣਾ ਹੈ। ਜਦ ਸਵਾ ਲੱਖ ਘੋੜੇ ਵਾਲੀ ਗੱਲ ਦਾ ਫੁਰਨਾ ਆਇਆ, ਉਸ ਵੇਲੇ ਮਹਾਰਾਜ ਜੀ ਨੇ ਇਕ ਚਰਨ ਤਾਂ ਧਰਤੀ ਤੇ ਲਾ ਲਿਆ ਸੀ, ਸਿਰਫ ਇਕ ਚਰਨ ਉਤੇ ਸੀਗਾ, ਆਪ ਫੇਰ ਆਸਣ ਤੇ ਬੈਠ ਗਏ ਅਤੇ ਮੁੜ ਕੇ ਬਿਰਾਜਮਾਨ ਹੋ ਗਏ। ਉਸ ਵੇਲੇ ਪਾਠ ਦਾ ਭੋਗ ਪਾਇਆ। ਗੁਰੂ ਮਹਾਰਾਜ ਨੇ ਕਿਹਾ, "ਬਲਿਹਾਰ ਸਿੱਖਾ, ਬਲਿਹਾਰ, ਕੁਰਬਾਨ ਜਾਂਦੇ ਹਾਂ। ਤੇਰੇ ਅੱਗੇ ਸਾਨੂੰ ਵੀ ਨਮਸ਼ਕਾਰ ਕਰਨੀ ਚਾਹੀਦੀ ਹੈ। ਤੂੰ ਸ਼ੁਧ ਚਿੱਤ, ਅਰਥਾਂ ਸਮੇਤ ਵਿਚਾਰ ਕੇ ਜਪੁਜੀ ਸਾਹਿਬ ਦਾ ਪਾਠ ਕਰਿਆ ਹੈ, ਪਰ ਗੱਲ ਇਹ ਹੈ ਕਿ ਅਸੀਂ ਵਿਚਾਰਦੇ ਸੀ ਕਿ ਇਹਨੂੰ ਕੀ ਦੇਈਏ। ਗੁਰੂ ਨਾਨਕ ਦੀ ਬਖਸ਼ੀ ਹੋਈ ਸਭ ਤੋਂ ਵੱਡੀ ਚੀਜ਼ ਅਸੀਂ ਤੈਨੂੰ ਦੇਣਾ ਚਾਹੁੰਦੇ ਸੀ। ਉਹ ਹੈ ਗੁਰ ਗੱਦੀ, ਤੇ ਜਿਉਂ ਜਿਉਂ ਤੂੰ ਪਾਠ ਕਰਦਾ ਗਿਆ ਅਸੀਂ ਪਿੱਛੇ ਹਟਦੇ ਗਏ ਕਿ -

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*** ***(ਜਪੁਜੀ ਸਾਹਿਬ)***

ਭਾਈ ਗੋਪਾਲਾ? ਜਦੋਂ ਤੂੰ ਜਪੁਜੀ ਸਾਹਿਬ ਦਾ ਪਾਠ ਸਮਾਪਤ ਕਰ ਲੈਣਾ ਸੀ ਅਸੀਂ ਉਸ ਸਮੇਂ ਇਕ ਦਮ ਮੁਹਰੇ ਦੀ ਹੋ ਕੇ ਨਮਸ਼ਕਾਰ ਕਰ ਦੇਣੀ ਸੀ ਤੇ ਏਸ ਗੱਦੀ ਦੇ ਉਤੇ ਤੁਹਾਨੂੰ ਬਿਠਾ ਦੇਣਾ ਸੀ। ਪੁਰਖਾ! ਅੱਜ ਅਸੀਂ ਤੈਨੂੰ ਗੁਰੂ ਨਾਨਕ ਦੀ ਗੱਦੀ ਦੇਣੀ ਸੀ ਪਰ ਤੇਰੀ ਕਿਸਮਤ ਹਲਕੀ ਹੋਣ ਕਰਕੇ ਤੂੰ ਸਾਡੇ ਤੋਂ ਘੋੜਾ ਮੰਗ ਲਿਆ। ਸਿਰਫ ਅੱਧੀ ਤੁਕ ਰਹਿ ਗਈ ਸੀ। ਨਾਨਕ ਤੇ ਮੁਖ ਉਜਲੇ......॥ ਇਥੋਂ ਤੱਕ ਤਾਂ ਸਾਬਤ ਰਹਿ ਗਿਆ '.......ਕੇਤੀ ਛੁਟੀ ਨਾਲਿ॥' ਕਹਿੰਦੇ ਕਹਿੰਦੇ ਘੋੜੇ ਦਾ ਖਿਆਲ ਦਿਮਾਗ 'ਚ ਫਿਰ ਗਿਆ। ਮਹਾਰਾਜ ਕਹਿੰਦੇ, "ਜਾਓ ਸਵਾ ਲਖ ਵਾਲਾ ਘੋੜਾ ਲਿਆਓ। ਸੋਨੇ ਦੀ ਕਾਠੀ ਤੇ ਜ਼ਰੀ ਬਾਦਲੇ ਦੇ ਝੁੱਲ ਸਹਿਤ ਸਜਾਇਆ ਹੋਇਆ ਘੋੜਾ ਲਿਆਂਦਾ ਗਿਆ। ਮਹਾਰਾਜ ਜੀ ਨੇ ਕਿਹਾ ਕਿ ਲੈ ਭਾਈ, ਤੂੰ ਜੋ ਪਾਠ ਕਰਿਆ ਹੈ, ਤੂੰ ਘੋੜਾ ਲੈ ਲੈ। ਅਸੀਂ ਤਾਂ ਪ੍ਰੇਮੀਆਂ ਤੈਨੂੰ ਗੁਰੂ ਨਾਨਕ ਦੀ ਗੱਦੀ ਦੇਣ ਲੱਗੇ ਸੀ।

ਸੋ ਮਹਾਰਾਜ ਬਾਰ ਬਾਰ ਕਹਿੰਦੇ ਹਨ ਕਿ ਤੁਸੀਂ ਜਪੁਜੀ ਸਾਹਿਬ ਪੜ੍ਹਿਆ ਕਰੋ, ਜਪੁਜੀ ਸਾਹਿਬ ਪੜ੍ਹਿਆ ਕਰੋ, ਕੱਚੇ ਨਾ ਰਹੋ, ਪੱਕੇ ਹੋਵੋ। ਸਾਧ ਸੰਗਤ ਜੀ, ਤੁਸੀਂ ਸੰਗਤ ਵਿਚ ਆਉਂਦੇ ਹੋ। ਸਤਿਸੰਗਤ ਕਰਨ ਦਾ ਫਲ ਬਹੁਤ ਅਧਿਕ ਹੈ। ਬਾਣੀ ਵਿਚ ਫੁਰਮਾਨ ਹੈ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*** ***ਪੰਨਾ – 546***

ਗਾ ਕੇ, ਸੁਣ ਕੇ ਕਈ ਜੱਗਾਂ ਦਾ ਫਲ ਪ੍ਰਾਪਤ ਕਰਦੇ ਹੋ ਪਰ ਅਗਾਹਾਂ ਚਲੋ, ਬਾਣੀ ਯਾਦ ਕਰੋ, ਜਪੁਜੀ ਸਾਹਿਬ ਪੜ੍ਹਿਆ ਕਰੋ।

ਸੋ ਇਸ ਤਰ੍ਹਾਂ ਇਕ ਚਿੱਤ ਭਜਨ ਕਰਨ ਦਾ ਫਲ ਹੁੰਦਾ ਹੈ। ਮਹਾਰਾਜ ਕਹਿਣ ਲੱਗੇ, "ਅਸੀਂ ਤਾਂ ਨਮਾਜ਼ ਪੜ੍ਹੀ ਹੈ ਤੇ ਤੁਸੀਂ ਨਹੀਂ ਪੜ੍ਹੀ। ਨਵਾਬ ਕਹਿੰਦਾ, "ਮਹਾਰਾਜ! ਮੈਂ ਤਾਂ ਇਥੇ ਸੀ।" ਮਹਾਰਾਜ ਕਹਿੰਦੇ, "ਨਹੀਂ ਨਵਾਬ ਸਾਹਿਬ! ਨਮਾਜ਼ ਸਰੀਰ ਨਹੀਂ ਪੜ੍ਹਿਆ ਕਰਦਾ, ਨਮਾਜ਼ ਮਨ ਪੜ੍ਹਿਆ ਕਰਦਾ ਹੈ। ਇਹ ਠੀਕ ਹੈ ਕਿ ਤੁਸੀਂ ਗੋਡੇ ਲਾ ਲਏ, ਕਦੇ ਸਿਜਦਾ ਕਰਦੇ ਰਹੇ, ਕਦੇ ਮੱਥਾ ਟੇਕ ਦਿੱਤਾ, ਫੇਰ ਖੜ੍ਹੇ ਹੋ ਗਏ, ਫੇਰ ਮੱਥਾ ਟੇਕ ਦਿੱਤਾ, ਫੇਰ ਗੋਡਿਆਂ ਭਾਰ ਹੋ ਗਏ, ਫੇਰ ਮੱਥਾ ਟੇਕ ਦਿੱਤਾ, ਸਰੀਰਕ ਕਿਰਿਆ ਤਾਂ ਤੁਸੀਂ ਸਾਰੀ ਕਰ ਲਈ, ਤੁਹਾਡੇ ਸਰੀਰ ਨੇ ਤਾਂ ਸਾਥ ਦਿਤਾ ਹੈ ਸਹੀ, ਲੇਕਿਨ ਮਨ ਨੇ ਨਹੀਂ ਦਿਤਾ, ਉਹ ਤਾਂ ਕਾਬਲ ਕੰਧਾਰ ਦੇ ਅੰਦਰ ਘੋੜੇ ਖਰੀਦ ਰਿਹਾ ਸੀ।" ਨਵਾਬ ਨੇ ਮੂੰਹ ਵਿਚ ਉਂਗਲੀ ਲੈ ਲਈ ਤੇ ਕਹਿਣ ਲੱਗਿਆ, ਕਾਜ਼ੀ ਸਾਹਿਬ, ਗੁਰੂ ਨਾਨਕ ਵਲੀ ਅੱਲਾਹ ਹੈ, ਇਹ ਅੰਦਰ ਦੀਆਂ ਗੱਲਾਂ ਜਾਣਦਾ ਹੈ। ਮੈਂ ਸੱਚਮੁੱਚ ਘੋੜੇ ਖਰੀਦ ਰਿਹਾ ਸੀ। ਕਾਜ਼ੀ ਢੀਠ ਸੀ, ਗੁਰੂ ਪਾਤਸ਼ਾਹ ਨੂੰ ਕਹਿਣ ਲੱਗਿਆ ਕਿ ਫੇਰ ਮੇਰੇ ਨਾਲ ਨਮਾਜ਼ ਪੜ੍ਹ ਲੈਂਦੇ? ਮਹਾਰਾਜ ਕਹਿੰਦੇ, "ਤੂੰ ਤਾਂ ਇਥੇ ਪਹਿਲਾਂ ਵੀ ਨਹੀਂ ਸੀਗਾ, ਇਹ ਤਾਂ ਅਜੇ ਅੱਧੇ ਕਲਮੇ ਵਿਚ ਸੀਗਾ ਵੀ, ਪਰ ਤੂੰ ਤਾਂ ਹੈ ਹੀ ਨਹੀਂ ਸੀ। ਕਹਿਣ ਲੱਗਿਆ, "ਮੈਂ ਕਿਥੇ ਸੀ?" ਕਹਿੰਦੇ, "ਤੇਰੇ ਘਰ ਘੋੜੀ ਸੂਈ ਹੈ ਤੇ ਵਿਹੜੇ ਵਿਚ ਖੂਹ ਹੈ ਜਿਸ ਦੇ ਉਤੇ ਮੌਣ ਨਹੀਂ ਹੈ, ਤੂੰ ਤਾਂ ਨਮਾਜ਼ ਲਈ ਇਧਰ ਨੂੰ ਤੁਰਿਆ ਆਉਂਦਾ ਸੀ। ਉਸ ਵੇਲੇ ਤੋਂ ਹੀ ਸੋਚਦਾ ਸੀ ਕਿ ਵਛੇਰੀ ਖੂਹ 'ਚ ਨਾ ਗਿਰ ਜਾਵੇ। ਤੂੰ ਤਾਂ ਖੂਹ ਤੇ ਖੜ੍ਹਾ ਵਛੇਰੀ ਮੋੜਦਾ ਰਿਹਾ ਹੈਂ, ਨਮਾਜ਼ ਕਦ ਪੜ੍ਹੀ ਹੈ ਤੂੰ? ਇਹ ਸੁਣ ਕੇ ਸਾਰਿਆਂ ਨੇ ਨਮਸ਼ਕਾਰ ਕਰ ਦਿਤੀ ਗੁਰੂ ਨਾਨਕ ਦੇ ਚਰਨਾਂ 'ਚ। ਦੌਲਤ ਖਾਨ ਨਵਾਬ ਨੇ ਗੁਰੂ ਚਰਨਾਂ ਵਿਚ ਬੇਨਤੀ ਕੀਤੀ ਕਿ ਪਾਤਸ਼ਾਹ! ਮਨ ਥਿਰ ਨਹੀਂ ਰਹਿੰਦਾ, ਮਨ ਕਿਵੇਂ ਕਾਬੂ ਕੀਤਾ ਜਾਵੇ?

***ਅਦਭੁਤ ਰਸ ਨਰ ਭਏ ਕਛੁਕ ਰਸ ਹਾਸ ਸੋਂ***
***ਹੋ ਤਬ ਨਿਬਾਬ ਗਹਿ ਚਰਨ ਰਹਯੋ ਹ੍ਵੈ ਦਾਸ ਸੋਨਾਤ।***
***ਸਿਰ ਪੀਰਨ ਕੇ ਪੀਰ! ਪੀਰ ਹਰਿ ਮੇਰੀਆ***
***ਗੁਨੀ ਗਹੀਰ ਸਰੀਰ, ਸ਼ਰਨ ਮੈਂ ਤੇਰੀਆ***
***ਭ੍ਰਮ ਕਰਿ ਭੂਲੇ ਭਨਯੋ, ਭੇਵ ਨਹਿੰ ਜਾਨਿਆ***

*ਹੋ ਬਖਸ਼ਹੁ ਔਗੁਨ ਮੋਰ ਅਜਾਨ ਬਖਾਨਿਆ*
*ਪੂਰਬ ਔਗਨ ਬਖਸ਼ ਕੈ ਅਬ ਦਿਹੁ ਨਿਜ ਉਪਦੇਸ਼*
*ਬੰਦਿ ਹਾਥ ਬਿਨਤੀ ਕਰਤ ਦੌਲਤ ਖਾਨ ਨਰੇਸ਼*
*ਤੁਮ ਖੁਦਾਇ ਕੋ ਰੂਪ ਹੋ, ਅੰਤਰਜਾਮੀ ਸਰਬ*
*ਮੈਂ ਅਤਿ ਮੂਢ ਨ ਲਖਿ ਸਕਯੋ ਨਿਜ ਅਸੂਰਜਹਿੰ ਗਰਬ*
*ਹੌਂ ਸਮੀਪ ਚਿਰਕਾਲ ਕੇ ਛੂਛ ਨ ਛੋਰਹੁ ਆਪ*
*ਬਿਬਸਿ ਮਨਿ ਕੋ ਬਸ ਕਰੋ ਹਰੀਏ ਤੀਨਹੁ ਤਾਪ॥*
*ਬਿਸ਼ਯ ਅਧੀਨਹਿੰ ਦੀਨ ਮੈਂ, ਹਰਖ ਸ਼ੋਕ ਅਨੁਸਾਰਿ।*
*ਅਸ ਸੁਨਕੈ ਤਿਹ ਕੇ ਬਚਨ ਬੋਲੇ ਗੁਰ ਉਦਾਰ॥*

*ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 398*

ਗੁਰੂ ਨਾਨਕ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਕਿ ਮਨ ਨੂੰ ਵਸ ਕਰਨਾ ਅਤਿ ਕਠਿਨ ਹੈ ਕਿਉਂਕਿ ਇਹ ਵਾਸ਼ਨਾਵਾਂ ਦੀਆਂ ਅਨੇਕ ਤਰੰਗਾਂ ਉਤੇ ਨਚਦਾ ਹੈ। ਮਨ ਰੋਕੇ ਬਿਨਾਂ ਪਿਆਰ, ਵੈਰਾਗ ਪੈਦਾ ਨਹੀਂ ਹੁੰਦਾ ਅਤੇ ਰਸ ਤੋਂ ਹੀਣਾ ਰਹਿੰਦਾ ਹੈ। ਪਾਰਾ ਕਦੇ ਭੀ ਉਂਗਲੀ ਹੇਠ ਨਹੀਂ ਆਉਂਦਾ, ਭਾਵੇਂ ਕਿੰਨੇ ਯਤਨ ਕਰ ਲਵੋ। ਜਦੋਂ ਗੰਧਕ ਵਰਗੀ ਔਸ਼ਧੀ ਵਰਤ ਕੇ ਮਾਰ ਲਿਆ ਜਾਵੇ ਫਿਰ ਉਂਗਲੀ ਹੇਠ ਆਉਂਦਾ ਹੈ। ਜਿਵੇਂ ਚੰਚਲ ਘੋੜਾ ਅਣਜਾਣ ਸਵਾਰ ਨੂੰ ਦੌੜ ਦੌੜ ਕੇ ਸੁੱਟ ਦਿੰਦਾ ਹੈ, ਦੁਖੀ ਕਰਦਾ ਹੈ। ਪਰ ਜੇ ਸਵਾਰ ਘੋੜੇ ਦੇ ਮੂੰਹ ਵਿਚ ਕੰਡਿਆਲਾ ਪਾ ਲਵੇ, ਤੰਗ ਕਸ ਲਵੇ ਅਤੇ ਹੱਥ ਵਿਚ ਚਾਬੁਕ ਲੈ ਲਵੇ, ਫਿਰ ਘੋੜਾ ਕਾਬੂ ਹੋ ਜਾਂਦਾ ਹੈ।

**ਇਸੇ ਤਰ੍ਹਾਂ ਮਨ ਸਤਿਗੁਰੂ ਮਿਲੇ ਤੇ ਸਥਿਰ ਹੁੰਦਾ ਹੈ। ਦੋਜ਼ਕ ਦਾ ਧਿਆਨ ਕਰੇ, ਬੁਰੇ ਕਰਮਾਂ ਵਿਚ ਪ੍ਰਵਿਰਤ ਨਾ ਹੋਵੇ ਅਤੇ ਗੁਰੂ ਦੇ ਸ਼ਬਦ ਦਾ ਕੰਡਿਆਲਾ ਪਾਵੇ। ਵਿਸ਼ਿਆਂ ਵਿਚੋਂ ਬਿਰਤੀ ਖਿਚੇ, ਪ੍ਰਭੂ ਦਾ ਭਾਣਾ ਮੰਨੇ ਅਤੇ ਹਰ ਰੋਜ਼ ਵਾਹਿਗੁਰੂ ਦਾ ਸਿਮਰਨ ਕਰੇ। ਸਤਿਗੁਰੂ ਦੇ ਉਪਦੇਸ਼ ਨੂੰ ਹਿਰਦੇ ਵਿਚ ਧਾਰੇ। ਰਾਗ ਦ੍ਵੈਸ਼ ਤੋਂ ਬਚ ਕੇ ਰਹੇ।**

ਸੋ ਮਹਾਰਾਜ ਜੀ ਨੇ ਫੁਰਮਾਨ ਕਰਿਆ, "ਪ੍ਰੇਮੀਓ! ਜੇ ਭਜਨ ਕਰਨ ਆਉਂਦੇ ਹੋ, ਨਾਮ ਜਪਦੇ ਹੋ, ਬੰਦਗੀ ਕਰਦੇ ਹੋ, ਜਪੁਜੀ ਸਾਹਿਬ ਪੜ੍ਹਦੇ ਹੋ ਤਾਂ ਇਕ ਗੱਲ ਕਰਿਆ ਕਰੋ। ਉਸ ਸਮੇਂ ਨੂੰ ਸੰਭਾਲ ਕੇ ਰੱਬ ਦੇ ਲੇਖੇ ਲਾਇਆ ਕਰੋ ਤੇ ਚਿਤ ਇਕਾਗਰ ਕਰਕੇ ਹਰੀ ਦਾ ਜਸ ਕਰਿਆ ਕਰੋ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਜਸ ਕਰੋ ਵਾਹਿਗੁਰੂ ਦਾ, ਪਿਆਰਿਓ,*
*ਚਿਤ ਨੂੰ ਇਕਾਗਰ ਕਰਕੇ –2, 2.*
*ਚਿੱਤ ਨੂੰ ਇਕਾਗਰ ਕਰਕੇ ਪਿਆਰੇ, – 2, 2.*
*ਜਸ ਕਰੋ ਵਾਹਿਗੁਰੂ ਦਾ ਪਿਆਰਿਓ,.........2*

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥* *ਪੰਨਾ – 295*

ਸੋ ਇਸ ਤਰ੍ਹਾਂ ਜਦੋਂ ਜਪੁਜੀ ਸਾਹਿਬ ਪੜ੍ਹਦੇ ਹਾਂ, ਸੁਖਮਨੀ ਸਾਹਿਬ ਪੜ੍ਹਦੇ ਹਾਂ, ਥੋੜ੍ਹਾ ਪੜ੍ਹ ਲਓ ਪਰ ਚਿਤ ਨੂੰ ਇਕਾਗਰ ਕਰੋ। ਜਦ ਤੱਕ ਚਿਤ ਦੇ ਇਕਾਗਰ ਕਰਨ ਦੀ ਜੁਗਤੀ ਨਹੀਂ ਆਉਂਦੀ ਤਾਂ ਨਤੀਜਾ ਪੂਰਾ ਪ੍ਰਾਪਤ ਨਹੀਂ ਹੋਇਆ ਕਰਦਾ। ਫੇਰ ਕਹਿੰਦੇ, "ਪੜ੍ਹਦੇ ਤਾਂ ਹਾਂ।" ਮੈਂ ਤਾਂ 25 ਪਾਠ ਜਪੁਜੀ ਸਾਹਿਬ ਦੇ ਦਸਦਾ ਹੁੰਦਾ ਹਾਂ ਕਿ 25 ਪਾਠ ਦੇ ਵਿਚ ਕਿਤੇ ਬਾਣੀ ਦੇ ਵਿਚ ਮਨ ਇਕਾਗਰ ਹੋਏਗਾ, ਜਦੋਂ ਹੋ ਗਿਆ ਉਦੋਂ ਹੀ ਇਹਦਾ ਕੰਮ ਬਣ ਜਾਣਾ ਹੈ। ਉਸੇ ਵੇਲੇ ਇਸ ਨੇ ਰਾਜ਼ੀ ਹੋ ਜਾਣਾ ਹੈ, ਬੀਮਾਰੀ ਹਟ ਜਾਣੀ ਹੈ, ਕਾਰਜ ਸਿੱਧ ਹੋ ਜਾਣਾ ਹੈ। ਕਦੇ ਤਾਂ ਇਹਦਾ ਮਨ ਮਾੜਾ ਮੋਟਾ ਲਗੇਗਾ, ਕਦੇ ਕਿਸੇ ਤੁਕ ਤੇ ਇਕਾਗਰ ਹੋ ਗਿਆ, ਕਦੇ ਕਿਸੇ ਤੇ ਹੋ ਗਿਆ, ਚੱਲੋ ਸਾਰੇ ਤੇ ਜੇ ਨਹੀਂ ਵੀ ਹੁੰਦਾ। ਬਾਣੀ ਨੇ ਫਲ ਤਾਂ ਦੇਣਾ ਹੀ ਦੇਣਾ ਹੈ।

ਸੋ ਮਹਾਰਾਜ ਜੀ ਨੇ ਇਹ ਦੱਸਿਆ ਕਿ ਜੇ ਪ੍ਰਮੇਸ਼ਰ ਦਾ ਜੱਸ ਕਰਨਾ ਹੈ, ਨਮਾਜ਼ ਪੜ੍ਹਨੀ ਹੈ, ਗਾਇਤ੍ਰੀ ਪੜ੍ਹਨੀ ਹੈ, ਸੰਧਿਆ ਕਰਨੀ ਹੈ ਤਾਂ ਚਿਤ ਦੀ ਇਕਾਗਰਤਾ ਜ਼ਰੂਰੀ ਹੈ। ਸੋ ਨਾਲ ਤਰੀਕਾ ਵੀ ਦਸਿਆ ਕਿ ਚਿੱਤ ਇਕਾਗਰ ਕਿਵੇਂ ਹੁੰਦਾ ਹੈ। ਸੋ ਇਸ ਤੋਂ ਬਾਅਦ ਭਾਈ ਜੋਧ ਕਹਿਣ ਲੱਗੇ, ਲਹਿਣਾ ਜੀ! ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਨ ਕੀਤਾ ਕਿ ਸੰਸਾਰ ਪ੍ਰਮੇਸ਼ਰ ਨੂੰ ਭੁੱਲ ਗਿਆ ਹੈ, ਬਿਲਕੁਲ ਨਹੀਂ ਪਤਾ, ਨਾਸਤਕ ਹੈ ਦੁਨੀਆਂ। ਵਾਹਿਗੁਰੂ ਹਾਜ਼ਰ ਨਾਜ਼ਰ ਹੈ, ਸਭ ਦੇ ਅੰਦਰ ਹੈ। ਕੋਈ ਮੰਨਦਾ ਹੈ ਕਿ ਮੇਰੇ ਅੰਦਰ ਵਾਹਿਗੁਰੂ ਹੈ? ਹਰ ਵਕਤ ਭੁੱਲੇ ਰਹਿੰਦੇ ਹਾਂ-

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*** ***ਪੰਨਾ - 677***

ਮਹਾਰਾਜ ਜੀ ਕਹਿੰਦੇ, "ਜਿਧਰ ਨੂੰ ਦੇਖਦਾ ਹੈ ਉਧਰ ਹੀ ਵਾਹਿਗੁਰੂ ਹੈ, ਉਹ ਦੂਰ ਨਹੀਂ ਜਾਂਦਾ।"

***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*** ***ਪੰਨਾ - 677***

ਉਹ ਸਾਰਿਆਂ ਦੇ ਅੰਦਰ ਬਾਹਰ ਰਵਿਆ ਹੋਇਆ ਹੈ, ਉਸਦਾ ਧਿਆਨ ਰੱਖ, ਐਨੀ ਹੀ ਗੱਲ ਹੈ। ਜੇ ਐਨੀਓ ਗੱਲ ਸਮਝ 'ਚ ਆ ਜਾਵੇ, ਉਸ ਸਿੱਖ ਦੇ ਚਰਨਾਂ ਤੇ ਮਸਤਕ ਨਿਵਾ ਦਿਓ, ਨਿਵਾ ਦਿਓ ਸੀਸ, ਕੋਈ ਹਰਜ ਨਹੀਂ ਹੁੰਦਾ ਕਿਉਂਕਿ ਉਹ ਬਹੁਤ ਉਚਾ ਹੋ ਗਿਆ। ਦੋ ਗੱਲਾਂ ਉਹਨੇ ਪੱਕੀ ਤਰ੍ਹਾਂ ਨਾਲ ਸਮਝ ਲਈਆਂ, ਇਕ ਤਾਂ ਇਹ ਕਿ ਮੈਂ ਜਿਧਰ ਦੇਖਦਾ ਹਾਂ ਵਾਹਿਗੁਰੂ ਹੈ, ਤੇ ਦੂਜਾ ਉਹ ਮੇਰੇ ਨਾਲ ਰਹਿੰਦਾ ਹੈ।

***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*** ***ਪੰਨਾ - 677***

ਉਹ ਵਾਹਿਗੁਰੂ ਜੀ ਹਰੇਕ ਦੇ ਨਾਲ ਹੈ ਪਰ ਅਸੀਂ ਵਾਹਿਗੁਰੂ ਨੂੰ ਭੁੱਲ ਗਏ। ਐਨਾ ਭੁੱਲੇ ਕਿ ਸਾਡੇ ਧਿਆਨ 'ਚ ਨਹੀਂ ਆਉਂਦਾ। ਇਕ ਮਿਸਾਲ ਦੇ ਨਾਲ ਤੁਹਾਨੂੰ ਗੱਲ ਸਮਝ 'ਚ ਆ ਜਾਏਗੀ। ਉਹ ਇਹ ਹੈ ਕਿ ਜਦੋਂ ਸ੍ਰਿਸ਼ਟੀ ਨਹੀਂ ਸੀ ਬਣੀ, ਜਿੰਨਾਂ ਤੁਸੀ ਮਹਿਸੂਸ ਕਰਦੇ ਹੋ, ਚੰਦ, ਤਾਰੇ, ਸੂਰਜ ਜਿੰਨਾ ਵੀ ਦੇਖਦੇ ਹੋ, ਹਵਾ ਦੇਖਦੇ ਹੋ, ਪਾਣੀ ਦੇਖਦੇ ਹੋ, ਅੱਗ ਦੇਖਦੇ ਹੋ, ਮਿੱਟੀ ਦੇਖਦੇ ਹੋ ਤੇ ਆਕਾਸ਼ ਦੇਖਦੇ ਹੋ ਇਹ ਇਕ ਸਮਾਂ ਸੀ ਜਦੋਂ ਇਥੇ ਕੁਛ ਵੀ ਨਹੀਂ ਸੀ, ਆਪਣੀ ਮੌਜ ਦੇ ਵਿਚ ਇਕੱਲਾ ਹੀ ਵਾਹਿਗੁਰੂ ਸੀ ਤੇ ਜਿਹੜੇ ਪੜ੍ਹੇ ਲਿਖੇ ਨੇ ਉਸ ਸਮੇਂ ਨੂੰ ਇਹ ਕਹਿੰਦੇ ਹਨ ਕਿ ਉਸ ਵੇਲੇ ਉਹ ਸੁੰਨ ਸਮਾਧ ਵਿਚ ਸੀ, ਅਫੁਰ ਅਵਸਥਾ ਵਿਚ ਸੀ। ਠੀਕ ਹੈ ਇਹਨਾਂ ਦੀ ਗੱਲ ਮੰਨ ਲੈਂਦੇ ਹਾਂ ਕਿ ਅਫੁਰ ਅਵਸਥਾ ਵਿਚ ਹੋਣਾ ਹੈ। ਪਰ ਵਾਹਿਗੁਰੂ ਦੇ ਅੰਦਰ ਦੀ ਗੱਲ ਕੋਈ ਜਾਣ ਨਹੀਂ ਸਕਦਾ ਕਿਉਂਕਿ ਉਹ ਇਕੱਲਾ ਹੀ ਸੀ, ਉਹ ਕਿਸ ਅਵਸਥਾ 'ਚ ਸੀ, ਇਹਦੇ ਬਾਰੇ ਕੁਛ ਕਿਹਾ ਨਹੀਂ ਜਾ ਸਕਦਾ। ਇਹ ਤਾਂ ਗੁਰੂ ਮਹਾਰਾਜ ਜੀ ਨੇ ਲਿਖਿਆ ਹੈ ਉਹ ਆਪਣੇ ਆਪ ਵਿਚ ਸੀ, ਇਕੱਲਾ ਸੀ। ਉਹ ਕਿਵੇਂ ਸੀ? ਉਸ ਵੇਲੇ ਉਹਦੀ ਬਾਤ ਕੋਈ ਨਹੀਂ ਜਾਣਦਾ। ਮੇਰੇ ਮਨ ਦੀ ਗੱਲ ਜੇ ਕੀੜਾ ਜਾਨਣਾ ਚਾਹੇ, ਕਦੇ ਨਹੀਂ ਜਾਣ ਸਕਦਾ। ਰਾਤ ਨੂੰ ਜਦੋਂ ਅਸੀਂ ਸੌਂਦੇ ਹਾਂ ਜਾਂ ਇਥੇ ਬੈਠ ਕੇ ਭਜਨ ਕਰੀਏ, ਕੀੜੇ ਨੂੰ ਕੀ ਪਤਾ ਹੈ ਕਿ ਕੀ ਕਰ ਰਹੇ ਹਾਂ। ਇਸੇ ਤਰ੍ਹਾਂ ਸਾਨੂੰ ਨਹੀਂ ਪਤਾ ਕਿ ਵਾਹਿਗੁਰੂ ਉਸ ਵੇਲੇ ਕਿਸ ਤਰ੍ਹਾਂ ਦੀ ਹਾਲਤ ਵਿਚ ਸੀ। ਪਰ ਇਹ ਹੈ ਕਿ ਜਦ ਸੰਸਾਰ ਨਹੀਂ ਸੀ ਹੁੰਦਾ, ਇਹ ਪਦਾਰਥ ਨਹੀਂ ਸੀ ਹੁੰਦਾ, ਪ੍ਰਕਿਰਤੀ ਰੂਪ ਸ੍ਰਿਸ਼ਟੀ ਨਹੀਂ ਸੀ ਹੁੰਦੀ, ਉਸ ਸਮੇਂ ਨਿਰੰਕਾਰ ਅਵਸਥਾ ਵਿਚ ਪ੍ਰਭੂ ਮੌਜ ਆਈ ਕਿ ਪ੍ਰਕਿਰਤੀ ਦੀ ਸ੍ਰਿਸ਼ਟੀ ਰਚਾਂ, ਉਸ ਵੇਲੇ ਜਦੋਂ ਮੌਜ ਆਈ ਜਿਵੇਂ ਬੈਠਾ ਬੈਠਾ ਬੰਦਾ ਉਠ ਕੇ ਕੰਮ ਲੱਗ ਜਾਂਦਾ ਹੈ, ਇਸ ਤਰ੍ਹਾਂ ਅਕਾਲ ਪੁਰਖ ਨੇ ਏਕੰਕਾਰ ਦਾ ਰੂਪ ਧਾਰ ਲਿਆ - ਸਾਕਾਰ ਰੂਪ, ਉਹਦੇ ਬਾਰੇ ਤਾਂ ਕੋਈ ਨਹੀਂ ਦੱਸ ਸਕਦਾ। ਕਈਆਂ ਨੇ ਤਾਂ ਅਨੁਮਾਨ ਲਾ ਲਿਆ ਕਿ ਉਸ ਦੇ ਚਾਰ ਬਾਹਾਂ ਹਨ, ਉਸ ਦੇ ਇਕ ਹੱਥ ਦੇ ਵਿਚ ਸੰਖ ਹੈ, ਇਕ 'ਚ ਗਦਾ ਹੈ, ਇਕ 'ਚ ਚੱਕਰ ਹੈ, ਇਕ 'ਚ ਕਮਲ ਦਾ ਫੁੱਲ ਹੈ, ਠੀਕ ਹੈ ਚਿੱਤ ਟਿਕਾਉਣ ਵਾਸਤੇ ਆਪਣਾ ਅਨੁਮਾਨ ਬਹੁਤ ਸੋਹਣਾ ਹੈ। ਲੇਕਿਨ ਮਹਾਰਾਜ ਕਹਿੰਦੇ, ਰੂਪ, ਰੰਗ, ਰੇਖ, ਭੇਖ ਚੱਕਰ, ਚਿਹਨ, ਜਾਤ ਪਾਤ ਉਹਦੀ ਕੋਈ ਨਹੀਂ ਦੱਸ ਸਕਦਾ।

***ਨਹੀਂ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾਂ ਬਾਸੁ ਤਾਂ ਕੋ, ਫਿਰਿ ਕਉਨ ਭੇਖੰ॥***
***ਕਹਾ ਨਾਮ ਤਾਂ ਕੈ, ਕਹਾਂ ਕੈ ਕਹਾਵੈ॥***

***ਕਹਾ ਕੈ ਬਖਾਨੋ, ਕਹੇ ਮੋ ਨਾ ਆਵੈ॥*** ***(ਅਕਾਲ ਉਸਤਤਿ)***

ਕਹਿੰਦੇ, ਕੋਈ ਨਹੀਂ ਕਹਿ ਸਕਦਾ ਲੇਕਿਨ ਇਹ ਹੈਗਾ ਕਿ ਉਹ ਹਸਤੀ ਹੋ ਗਈ 'ਏਕੰਕਾਰ', ਸੱਚ ਹੋ ਗਿਆ, ਸੱਚ ਨੂੰ ਕਹਿੰਦੇ ਹਨ 'ਹਸਤੀ'। ਜਿਵੇਂ ਮੈਂ ਬੈਠਾ ਹਾਂ, ਇਹ ਮੇਰੀ ਹਸਤੀ ਹੈ, ਇਹ ਸਤ ਹੈ, ਇਹ ਠੀਕ ਹੈ, ਮੈਂ ਜੋ ਕੁਛ ਬੈਠਾ ਨਜ਼ਰ ਆਉਂਦਾ ਹਾਂ, ਏਵੇਂ ਹੀ ਹੈ। ਇਕ ਮਾਇਕ ਕ੍ਰਿਸ਼ਮਾ ਹੈ।

ਇਸੇ ਤਰ੍ਹਾਂ ਵਾਹਿਗੁਰੂ ਸਰਗੁਨ ਹੋ ਗਿਆ ਤੇ ਸਰਗੁਨ ਹੋਣ ਨਾਲ ਹਸਤੀ ਹੋ ਗਈ ਲੇਕਿਨ ਕੋਈ ਦਸ ਨਹੀਂ ਸਕਦਾ, ਉਹ ਕਿਹੋ ਜਿਹਾ ਸੀ ਤੇ ਉਸ ਨੇ ਆਪਣਾ ਰੂਪ ਅਗਾਹਾਂ ਹੋਰ ਧਾਰਿਆ, ਓਅੰਕਾਰ ਸਰੂਪ ਹੋ ਗਿਆ, ਏਕੰਕਾਰ ਤੋਂ ਸਬਦ ਧੁਨ ਬਣ ਗਿਆ। ਇਹਦਾ ਇਹ ਮਤਲਬ ਨਹੀਂ ਕਿ ਪਹਿਲਾ ਏਕੰਕਾਰ ਰੂਪ ਖਤਮ ਹੋ ਗਿਆ ਤੇ ਓਅੰਕਾਰ ਹੋ ਗਿਆ, ਸ਼ਬਦ ਰੂਪ ਹੋ ਕੇ ਫੇਰ ਉਹ ਖਤਮ ਹੋ ਗਿਆ, ਹੁਣ ਉਹ ਏਕੰਕਾਰ ਨਹੀਂ ਰਿਹਾ, ਉਹ ਸ਼ਬਦ ਰੂਪ ਹੈ। ਉਹ ਸਾਰੇ ਹੀ ਰੂਪਾਂ ਵਿਚ ਹੈ, ਫੇਰ ਉਹ ਸ੍ਰਿਸ਼ਟੀ ਬਣ ਗਿਆ। ਉਹ ਸਾਰਾ ਹੀ ਆਪ ਹੈ, ਮਾਇਆ ਕਿਤੋਂ ਨਹੀਂ ਲਈ, ਇਕ ਫੁਰਨਾ ਕੀਤਾ। ਸਾਡੇ ਸੁਪਨੇ 'ਚ ਅਤੇ ਇਸ ਗੱਲ 'ਚ ਫਰਕ ਹੈ। ਜੇ ਮੈਂ ਕਹਿੰਦਾਂ ਕਿ ਇਕ ਸੁਪਨਾ ਲਿਆ, ਸੁਪਨਾ ਨਹੀਂ –

***ਸਚੇ ਤੇਰੇ ਖੰਡ ਸਚੇ ਬ੍ਰਹਮੰਡ॥*** ***ਪੰਨਾ – 463***

ਇਹ ਹੈ ਤਾਂ ਸੱਚੀਆਂ ਚੀਜ਼ਾਂ ਦਿਸਦੀਆਂ ਨੇ। ਹੱਥ ਲਗਾਉਣ ਤੇ ਅਸੀਂ ਮਹਿਸੂਸ ਕਰਦੇ ਹਾਂ, ਛਾਈਂ-ਮਾਈਂ ਤਾਂ ਨਹੀਂ ਹੈਗਾ, ਪਰ ਇਵੇਂ ਜਿਵੇਂ ਸਤਿ ਨਹੀਂ ਰਹਿੰਦੀਆਂ, ਸਾਰੀਆਂ ਬਦਲ ਜਾਂਦੀਆਂ ਹਨ, ਇਕ ਰਸ ਨਹੀਂ ਰਹਿੰਦੀਆਂ। ਨਾ ਸਰੀਰ ਰਹੇ, ਨਾ ਕੋਈ ਸੰਬੰਧੀ ਰਹੇ, ਨਾ ਘਰ ਰਹੇ, ਨਾ ਜ਼ਮੀਨ, ਨਾ ਸੂਰਜ, ਨਾ ਚੰਦ, ਨਾ ਤਾਰੇ, ਇਹ ਸਭ ਆਪਣੇ-ਆਪਣੇ ਸਮੇਂ ਤੇ ਖਤਮ ਹੋ ਜਾਂਦੇ ਹਨ, ਲੇਕਿਨ ਇਸ ਤਰ੍ਹਾਂ ਕਰਨ ਨਾਲ ਵਾਹਿਗੁਰੂ ਜੀ ਵੰਡ ਨਹੀਂ ਹੁੰਦਾ। ਉਹ ਆਪਣੀਆਂ ਸ਼ਕਤੀਆਂ ਸਹਿਤ ਉਸੇ ਤਰ੍ਹਾਂ ਰਹਿੰਦਾ ਹੈ, ਨਿਰਲੇਪ ਰਹਿੰਦਾ ਹੈ। ਇਹ ਸਾਰੀ ਕ੍ਰਿਆ ਬਦਲਦੇ ਰਹਿਣ ਦੀ, ਉਸਦੇ ਅਗੰਮ ਹੁਕਮ ਦੀ ਕ੍ਰਿਆ ਹੈ, ਸਾਰੇ ਹੁਕਮ ਵਰਤ ਰਿਹਾ ਹੈ। ਹੁਕਮ ਵਿਚ ਸ੍ਰਿਸ਼ਟੀ ਦੇ ਅਨੇਕਾਂ ਰੂਪਾਂ ਰੰਗਾਂ ਵਿਚ ਸਮੱਸ਼ਟ, ਵਿਅਸ਼ਟ ਦੀ ਕ੍ਰਿਆ ਹੋ ਰਹੀ ਹੈ। ਸ਼ਬਦ ਸ਼ਕਤੀ ਜਾਂ ਕਹੋ ਨਾਮ ਸ਼ਕਤੀ ਹੀ ਹੁਕਮ ਹੈ। ਨਾਮ ਪ੍ਰਕ੍ਰਿਤੀ ਦੀ ਉਤਪਤੀ ਅਤੇ ਤਿੰਨਾਂ ਗੁਣਾਂ ਰਜੋ, ਸਤੋ, ਤਮੋ ਦਾ ਸੋਮਾ ਹੈ, ਨਾਮ ਸਾਰੇ ਪਰੀਪੂਰਨ ਹੈ। ਇਥੇ ਨਿਰੰਕਾਰ ਹੀ ਏਕੰਕਾਰ ਹੈ ਅਤੇ ਓਅੰਕਾਰ ਰੂਪ ਵਿਚ ਸ਼ਬਦ ਅਤੇ ਨਾਮ ਸ਼ਕਤੀ ਹੈ ਜੋ ਸਤਿ ਦਾ ਹੀ ਇਕ ਅਨਿਖੜਵਾਂ ਕ੍ਰਿਸ਼ਮਾਂ ਹੈ ਅਤੇ ਕਰਤਾ ਹੈ, ਸਾਰੇ ਘਟ ਘਟ ਵਿਚ ਰਮਿਆ ਪੁਰਖ ਹੈ, ਸਦਾ ਸਤਿ ਦੀ ਮੂਰਤ ਹੈ, ਪੂਰਨ ਗਿਆਨ ਹੈ।

ਮਾਇਆ ਸੁਤੰਤਰ ਅਨਾਦੀ ਤੱਤ ਨਹੀਂ ਹੈ। ਇਸ ਦਾ ਪਸਾਰਾ ਭੀ ਪ੍ਰਭੂ ਹੁਕਮ ਵਿਚ ਹੀ ਹੈ। ਮਾਇਆ ਨੂੰ ਸੱਤਾ ਦੇਣ ਵਾਲਾ ਵਾਹਿਗੁਰੂ, ਬ੍ਰਹਮ ਹੀ ਹੈ। ਗੁਰਮਤਿ ਦੇ ਪ੍ਰਕਾਸ਼ ਤੋਂ ਪਹਿਲਾਂ ਹੋਂਦ ਵਿਚ ਆਈ ਵਿਚਾਰ ਵਿਚ ਚਿੰਤਕਾਂ ਨੇ ਵਾਹਿਗੁਰੂ ਜੀ ਤੋਂ ਵਖਰੀ ਉਸੇ ਦੀ ਇਕ ਸ਼ਕਤੀ ਜੋ ਸ਼ੁਧ ਮਾਇਆ ਦੇ ਸੰਗ ਕਰਕੇ ਹੋਂਦ ਵਿਚ ਆਈ ਉਸ ਨੂੰ ਈਸ਼ਰ ਆਖਿਆ, ਜੋ ਸਰਬ ਕਲਾ ਸਮਰਥ ਕਰਮਾਂ ਦੇ ਫਲ ਭੁਗਤਾਉਣ ਅਤੇ ਸ੍ਰਿਸ਼ਟੀ ਦਾ ਮਾਲਕ ਅਨੁਮਾਨਿਆ ਗਿਆ। ਪਰ ਗੁਰਮਤਿ ਵਾਹਿਗੁਰੂ ਜੀ ਨੂੰ ਹੀ ਸਰਬ ਕਲਾ ਸਮਰੱਥ ਕਰਨ ਕਾਰਨ ਅਤੇ ਕਰਤਾ ਮੰਨਦੀ ਹੈ ਅਤੇ ਕੇਵਲ ੴ ਨੂੰ ਮਾਇਆ ਦੀ ਤ੍ਰਿਗੁਣੀ ਸ੍ਰਿਸ਼ਟੀ ਤੋਂ ਨਿਰਲੇਪ ਦਸਦੀ ਹੈ। ਵਾਹਿਗੁਰੂ ਜੀ ਦੀ ਸ਼ਕਤੀ ਮਾਇਆ ਸਹਿਤ (ਜੋ ਉਸੇ ਦੀ ਹੀ ਸ਼ਕਤੀ ਹੈ) ਨਾਨਾ ਰੂਪ ਧਾਰ ਕੇ ਕ੍ਰਿਆ ਕਰ ਰਹੀ ਹੈ ਅਤੇ ਆਦਿ ਸ਼ਕਤੀ ਨਿਆਰੀ ਹੈ, ਨਿਰਲੇਪ ਹੈ, ਪ੍ਰਕ੍ਰਿਤੀ, ਮਾਇਆ ਦਾ ਉਸ ਤੇ ਕੋਈ ਅਸਰ ਨਹੀਂ ਹੈ। ਉਹ ਮਾਇਆ ਦਾ ਸੰਗ ਨਹੀਂ ਕਰਦਾ ਕਿਉਂਕਿ ਮਾਇਆ ਦੀ ਵਾਹਿਗੁਰੂ ਜੀ ਤੋਂ ਬਿਨਾਂ ਕੋਈ ਹੋਂਦ ਨਹੀਂ ਹੈ, ਮਾਇਆ ਉਸ ਦੀ ਸ਼ਕਤੀ ਹੈ ਜੋ ਹੁਕਮ ਵਿਚ ਕ੍ਰਿਆ ਕਰ ਰਹੀ ਹੈ। ਇਸ ਤਰ੍ਹਾਂ ਵਾਹਿਗੁਰੂ ਘਟ ਘਟ ਵਿਚ ਵਿਆਪਕ ਹੁੰਦੇ ਹੋਏ ਨਿਰਲੇਪ ਹਨ, ਅਛੋਹ ਹਨ, ਆਪਣੇ ਆਪ ਵਿਚ ਹੀ ਸਥਿਤ ਹਨ, ਸੰਸਾਰਕ ਖੇਲ੍ਹ ਉਸੇ ਤਰ੍ਹਾਂ ਹੈ ਜਿਵੇਂ ਇਕ ਜਾਦੂਗਰ (ਬਾਜੀਗਰ) ਇਕ ਹੁੰਦਾ ਹੋਇਆ ਆਪਣੇ ਫੁਰਨੇ ਨਾਲ ਨਾਨ੍ਹਾ ਰੂਪ ਵਿਚ ਪ੍ਰਗਟ ਹੋਇਆ ਦਿਸ ਰਿਹਾ ਹੈ। ਉਸ ਦੀ ਇਸ ਗਤੀ ਨੂੰ ਅਲਪੱਗ ਜੀਵ ਕਿਸੇ ਤਰ੍ਹਾਂ ਦੀ ਕਲਪਣਾ ਕਰਕੇ ਸਮਝਣੋਂ ਅਸਮਰੱਥ ਹੈ, 'ਕਰਤੇ' ਦੀ ਖੇਡ ਨੂੰ 'ਕੀਤਾ' ਨਹੀਂ ਜਾਣ

ਸਕਦਾ। ਭਾਂਡੇ ਘੁਮਿਆਰ ਬਣਾਉਂਦਾ ਹੈ, ਭਾਂਡਾ ਘੁਮਿਆਰ ਦੀ ਕੋਈ ਭੀ ਕ੍ਰਿਆ ਸਮਝਣੋਂ ਅਸਮਰੱਥ ਹੈ।

***ਅਪਨੀ ਮਾਇਆ ਆਪ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*** ***ਪੰਨਾ - 537***

ਜਦੋਂ ਸ੍ਰਿਸ਼ਟੀ ਰਚ ਗਈ, ਮਨੁੱਖ ਬਣ ਗਏ, ਹਰੇਕ ਚੀਜ਼ ਬਣ ਗਈ, 84 ਲੱਖ ਜੂਨੀਆਂ ਇਹ ਤਾਂ ਇਕੱਲੀ ਸਾਡੀ ਧਰਤੀ ਦੀਆਂ ਹਨ। ਐਹੋ ਜਿਹੀਆਂ ਖਰਬਾਂ ਖਰਬਾਂ, ਸਾਰੀ ਜ਼ਿੰਦਗੀ ਇਉਂ ਕਹੀ ਜਾਓ, ਫੇਰ ਵੀ, ਇਸ ਤੋਂ ਵੀ ਜ਼ਿਆਦਾ ਧਰਤੀਆਂ ਹਨ, ਕੋਈ ਕਹਿ ਨਹੀਂ ਸਕਦਾ।

***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥*** ***(ਜਪੁਜੀ ਸਾਹਿਬ)***

ਇਹ ਸਿਰਫ ਵਾਹਿਗੁਰੂ ਜੀ ਹੀ ਜਾਣਦਾ ਹੈ ਕਿ ਕਿੱਡਾ ਕੁ ਪਸਾਰਾ ਹੈ, ਕੋਈ ਨਹੀਂ ਜਾਣ ਸਕਦਾ, ਕਰਤੇ ਦੀ ਗੱਲ ਨੂੰ ਕੋਈ ਨਹੀਂ ਜਾਣ ਸਕਦਾ। ਉਹ ਜੋ ਵਾਹਿਗੁਰੂ ਹੈ ਹਰੇਕ ਦੇ ਅੰਦਰ ਹੈ, ਹਰੇਕ ਦੀ ਗੱਲ ਸੁਣਦਾ ਹੈ, ਹਰੇਕ ਦੀ ਗੱਲ ਮੰਨਦਾ ਹੈ। ਪਰ ਜੇ ਉਹਨੂੰ ਮਨੁੱਖਾਂ ਵਰਗਾ ਦੇਖਣਾ ਹੈ ਤਾਂ ਉਸ ਤਰ੍ਹਾਂ ਦਾ ਭੀ ਰੂਪ ਧਾਰ ਕੇ ਦਿਖਾ ਦਿੰਦਾ ਹੈ। ਗੁਰੂ ਨਾਨਕ ਵਰਗਾ ਦੇਖਣਾ ਹੈ ਉਹੋ ਜਿਹਾ ਦਿਸ ਜਾਏਗਾ, ਗੁਰੂ ਦਸਵੇਂ ਪਾਤਸ਼ਾਹ ਵਰਗਾ ਦੇਖਣਾ ਹੋਵੇ ਉਹੋ ਜਿਹਾ ਦਿਸ ਜਾਏਗਾ। ਕ੍ਰਿਸ਼ਨ ਮਹਾਰਾਜ ਵਰਗਾ ਦੇਖਣਾ ਹੋਵੇ ਉਹੋ ਜਿਹਾ ਦਿਸ ਜਾਏਗਾ। ਉਹ ਤੁਹਾਡੀ ਭਾਵਨਾ ਦੇ ਨਾਲ ਦਿਸਦਾ ਹੈ। ਨਾਲ ਐਂ ਕਹਿ ਦਿੰਦਾ ਹੈ, ਇਹ ਮੇਰਾ ਰੂਪ ਨਹੀਂ ਹੈ, ਤੁਹਾਡੀ ਭਾਵਨਾ ਦਾ ਰੂਪ ਹੈ, ਮੈਂ ਇਸ ਤੋਂ ਵਖਰਾ ਹਾਂ।

ਜਦੋਂ ਨਾਮਦੇਵ ਜੀ ਨੂੰ ਇਹ ਗੱਲ ਕਹੀ, ਨਾਮਦੇਵ ਜੀ ਕਹਿਣ ਲੱਗੇ, ਪ੍ਰਭੂ! ਫੇਰ ਮੈਨੂੰ ਦੱਸ ਦਿਓ ਤੁਹਾਡਾ ਰੂਪ ਕੀ ਹੈ? ਤੁਸੀਂ ਕਿਥੇ ਰਹਿੰਦੇ ਹੋ? ਕਹਿਣ ਲੱਗੇ, ਨਾਮਦੇਵ! ਜੇ ਮੈਂ ਇਹ ਗੱਲ ਦੱਸ ਦਿਆਂ, ਫਿਰ ਨਾ ਤੂੰ ਰਹਿਣਾ ਹੈ, ਨਾ ਮੈਂ ਰਹਿਣਾ ਹੈ, ਨਾ ਸੰਸਾਰ ਰਹੇ। ਇਹ ਗੱਲ ਸਮਝ 'ਚ ਆਉਣੀ ਬੜੀ ਔਖੀ ਹੈ ਕਿ ਕੀ ਕਹਿ ਦਿਤਾ। ਵਾਹਿਗੁਰੂ ਜੀ ਦੇ ਹੀ ਸਭ ਸਾਕਾਰ ਰੂਪ ਨੇ। ਵਾਹਿਗੁਰੂ ਤਾਂ ਰਹਿੰਦੈ, ਸਦਾ ਹੀ ਰਹਿੰਦਾ ਹੈ, ਇਹਦੇ 'ਚ ਸਵਾਲ ਕੀ ਹੋ ਗਿਆ ਕਿ ਮੈਂ ਨਾ ਰਹਾਂ ਤੇ ਦੂਜਾ ਇਹ ਕਿ ਨਾ ਦੁਨੀਆਂ ਰਹੇ। ਦੁਨੀਆਂ ਤਾਂ ਹੈਗੀ, ਐਨਾ ਦੱਸਣ ਨਾਲ ਹੀ ਖਤਮ ਹੋ ਜਾਵੇਗੀ? ਕਹਿੰਦੇ, ਮੈਂ ਆਪ ਨਹੀਂ ਮੂੰਹੋਂ ਦਸਦਾ ਹੁੰਦਾ, ਮੇਰੇ ਸੰਤ ਦਸਦੇ ਹੁੰਦੇ ਨੇ, ਮੈਂ ਕਿਹੋ ਜਿਹਾ ਹਾਂ।' ਕਹਿੰਦੇ, ਮੈਂ ਕਿਥੇ ਟੋਲ੍ਹਾਂ ਸੰਤਾਂ ਨੂੰ? ਕਹਿੰਦੇ, ਸੰਤ ਤੇਰੇ ਕੋਲ ਹੀ ਨੇ। ਗਿਆਨੇਸ਼ਵਰ ਜੀ ਹੈ ਉਸ ਦਾ ਨਾਮ। ਉਹਦੇ ਕੋਲ ਚਲਿਆ ਜਾਹ। ਨਾਮਦੇਵ ਜੀ ਬੀਠਲ ਨੂੰ ਮੰਨਦਾ ਹੁੰਦਾ ਸੀ। ਬੀਠਲ ਇਕ ਪੱਥਰ ਹੁੰਦਾ ਹੈ ਜਿਸ ਦੇ ਵਿਚ ਚਿੱਟੀ ਧਾਰੀ ਹੁੰਦੀ ਹੈ, ਉਸ ਨੂੰ ਸਾਲਗ੍ਰਾਮ ਵੀ ਕਹਿੰਦੇ ਹਨ। ਨਦੀ 'ਚ ਚਲੇ ਜਾਓ ਉਥੇ ਇਸ ਤਰ੍ਹਾਂ ਦੇ ਕਈ ਮਿਲਣਗੇ ਤੇ ਉਹਨੂੰ ਮੰਨਦਾ ਸੀ। ਗਿਆਨੇਸ਼ਵਰ ਨਦੀ ਵਿਚ ਇਸ਼ਨਾਨ ਕਰਕੇ ਉਸ ਪੱਥਰ ਦੇ ਉਤੇ ਪੈਰ ਧਰੀ ਖੜ੍ਹਾ ਸੀ। ਇਹ ਜਦੋਂ ਗਿਆ, ਕਹਿੰਦਾ, ਮੇਰੇ ਇਸ਼ਟ ਦੇ ਉਤੇ ਪੈਰ ਧਰੀ ਖੜ੍ਹਾ ਹੈ, ਇਹ ਨੂੰ ਗਲਾਨੀ ਆਈ। ਤਰਕ ਕਰਕੇ ਮੁੜ ਆਇਆ। ਜਦੋਂ ਵਾਪਸ ਆ ਗਿਆ, ਪ੍ਰਭੂ ਆ ਗਏ, ਕਹਿੰਦੇ, "ਨਾਮਦੇਵ! ਤੂੰ ਜਿੰਨੀ ਭਗਤੀ ਕੀਤੀ ਹੋਈ ਹੈ ਸਭ ਗਵਾ ਲਈ।"

ਕਹਿੰਦੇ, "ਮਹਾਰਾਜ! ਕਿਉਂ?"

ਕਹਿੰਦੇ, "ਤੂੰ ਬ੍ਰਹਮਗਿਆਨੀ ਦੇ ਉਤੇ ਤਰਕ ਕਰ ਦਿਤੀ। ਬ੍ਰਹਮਗਿਆਨੀ ਤੇ ਤਰਕ ਕਰਨ ਨਾਲ ਛੇ ਕਲਾ ਬੈਰਾਗ ਦੀਆਂ ਉਸੇ ਵੇਲੇ ਖਤਮ ਹੋ ਜਾਂਦੀਆਂ ਹਨ। ਤੂੰ ਫਿਕਾ ਪੈ ਜਾਏਂਗਾ। ਜਾਹ ਸ਼ਰਧਾ ਧਾਰ। ਫੇਰ ਜਾਹ, ਉਸੇ ਤੋਂ ਪੁਛ, ਫੇਰ ਤੈਨੂੰ ਉਹ ਦਸੇਗਾ।" ਕਹਿੰਦਾ, "ਹੇ ਪ੍ਰਭੂ, ਉਹ ਤਾਂ ਤੇਰੇ ਉਤੇ ਪੈਰ ਖੜ੍ਹਾ ਪਿਆ ਹੈ।"

ਕਹਿੰਦੇ, "ਨਾਮਦੇਵ ਤੈਨੂੰ ਪਤਾ ਨਹੀਂ ਮੈਂ ਕੌਣ ਹਾਂ, ਜੇ ਪਤਾ ਲਗ ਗਿਆ ਫੇਰ ਤੈਨੂੰ ਆਪੇ ਗਿਆਨ ਹੋ ਜਾਊ।" ਉਸ ਵੇਲੇ ਨਾਮਦੇਵ ਜੀ ਦੁਬਾਰਾ ਗਏ, ਗਿਆਨੇਸ਼ੂਰ ਜੀ ਨੇ ਹਾਕ ਮਾਰੀ। ਕਹਿੰਦੇ, ਆ ਜਾ ਤੇਰੀ ਸ਼ਿਫਾਰਸ਼ ਪਹੁੰਚ ਗਈ ਮੇਰੇ ਕੋਲ, ਆ ਜਾ ਤੇਰਾ ਰੱਬ ਮੈਨੂੰ ਦੱਸ ਗਿਆ ਜਿਹੜੀ ਗੱਲ ਤੈਨੂੰ ਦੱਸਣੀ ਹੈ। ਕਿਉਂਕਿ ਜਿਥੇ ਬ੍ਰਹਮਗਿਆਨ ਹੋਏਗਾ, ਉਥੇ ਤਾਕਤਾਂ ਸਾਰੀਆਂ ਨਾਲ ਹੋਣਗੀਆਂ, ਨਿਸ਼ਾਨੀ

ਹੁੰਦੀ ਹੈ। ਗੱਲਾਂ ਨਾਲ ਨਹੀਂ ਗਿਆਨੀ ਹੋਇਆ ਕਰਦਾ –

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥* *ਪੰਨਾ – 465*

ਉਸ ਦੀ ਅਵਸਥਾ ਹੁੰਦੀ ਹੈ।

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥*
*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥* *ਪੰਨਾ – 634*

ਬ੍ਰਹਮ ਦਾ ਉਸ ਵਿਚ ਨਿਵਾਸ ਹੋਇਆ ਕਰਦਾ ਹੈ, ਉਹਦੇ 'ਚ ਸਾਰੀਆਂ ਸ਼ਕਤੀਆਂ ਹੁੰਦੀਆਂ ਹਨ –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥* *ਪੰਨਾ – 649*

ਕਹਿੰਦੇ, "ਆ ਜਾ, ਆ ਜਾ, ਤੇਰਾ ਰੱਬ ਮੈਨੂੰ ਦੱਸ ਗਿਆ ਜਿਹੜੀ ਗੱਲ ਪੁਛਣੀ ਹੈ। ਕੱਲ੍ਹ ਕਿਉਂ ਮੁੜ ਗਿਆ ਸੀ?" ਕਹਿੰਦਾ, ਮਹਾਰਾਜ ਤੁਸੀਂ ਬੀਠਲ ਤੇ ਪੈਰ ਧਰਿਆ ਹੋਇਆ ਸੀ। ਕਹਿੰਦੇ ਤੇਰੇ ਰੱਬ ਨੇ ਤੇਰੇ ਨਾਲ ਗੱਲ ਕਰੀ ਹੈ ਕਿ ਮੈਂ ਕਿਥੇ ਰਹਿੰਦਾ ਹਾਂ। ਕਹਿਣ ਲੱਗਿਆ, ਕਦੇ-ਕਦੇ ਕਹਿੰਦੇ ਹੁੰਦੇ ਨੇ ਕਿ ਮੈਂ ਸਾਰੇ ਹੀ ਰਹਿੰਦਾ ਹਾਂ, ਹਰ ਥਾਂ ਰਹਿੰਦਾ ਹਾਂ। ਕਹਿੰਦੇ, ਫੇਰ ਮੇਰੇ ਸਰੀਰ ਵਿਚ ਵੀ ਰਹਿੰਦਾ ਹੋਇਆ ਨਾ? ਕਹਿੰਦੇ, "ਹਾਂ।" ਕਹਿੰਦੇ, "ਫੇਰ ਮੇਰੇ ਪੈਰ 'ਚ ਤਾਂ ਨਹੀਂ ਰਹਿੰਦਾ?" ਕਹਿੰਦਾ, "ਨਾ ਜੀ, ਪੈਰ 'ਚ ਵੀ ਰਹਿੰਦਾ ਹੈ।"

ਕਹਿੰਦੇ, "ਫੇਰ ਇਸ ਪੱਥਰ ਵਿਚ ਵੀ ਰਹਿੰਦਾ ਹੈ?" ਕਹਿੰਦੇ, "ਹਾਂ ਜੀ! ਇਹਨੂੰ ਤਾਂ ਮੈਂ ਮੱਥਾ ਟੇਕਦਾ ਹਾਂ, ਇਹ ਮੇਰਾ ਇਸ਼ਟ ਹੈ।" ਕਹਿੰਦੇ ਫੇਰ ਮੇਰੇ ਸਾਰੇ ਵਿਚ ਰੱਬ ਹੈ, ਪੱਥਰ ਵਿਚ ਰੱਬ ਹੈ, ਕੌਣ ਕਿਸਦੇ ਉਤੇ ਪੈਰ ਧਰੀਂ ਖੜ੍ਹਾ ਸੀ?

ਐਨੀ ਗੱਲ ਜਦੋਂ ਕਹੀ, ਤੜੱਕ ਦੇ ਕੇ ਅਗਿਆਨ ਦਾ ਪੜਦਾ, ਜਿਸ ਨੂੰ ਬਜਰ ਕਪਾਟ ਕਹਿੰਦੇ ਨੇ, ਉਹ ਖੁਲ੍ਹ ਗਿਆ। ਖੁਲ੍ਹਦੇ ਸਾਰ ਕੀ ਦੇਖਦਾ ਹੈ ਕਿ ਇਹ ਤਾਂ ਸਾਰਾ ਹੀ ਸੰਸਾਰ ਵਾਹਿਗੁਰੂ ਹੀ ਹੈ। ਇਥੇ ਤਾਂ ਹੈ ਹੀ ਨਹੀਂ ਕੋਈ। ਇਹ ਤਾਂ ਆਪ ਹੀ ਹੈ, ਬੋਲਦਾ ਵੀ ਆਪ ਹੈ। ਉਸ ਵੇਲੇ ਆਪ ਦੇ ਮੁਖ ਤੋਂ ਇਸ ਤਰ੍ਹਾਂ ਉਚਾਰਨ ਹੋਇਆ –

*ਧਾਰਨਾ – ਰਾਮ ਬੋਲੇ ਰਾਮ ਬੋਲੇ ਰਾਮ ਬੋਲਦਾ,*
*ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ -2, 2.*
*ਰਾਮ ਬੋਲੇ ਰਾਮ ਬੋਲੇ ਰਾਮ ਬੋਲਦੈ,*
*ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ -2, 2.*

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥*
*ਰਾਮ ਬਿਨਾ ਕੋ ਬੋਲੈ ਰੇ॥*
*ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥*
*ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥*
*ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ॥*
*ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ॥*

*ਪੰਨਾ – 988*

ਕਹਿੰਦੇ, ਸਾਰਿਆਂ ਦੇ ਅੰਦਰ ਪ੍ਰਮੇਸ਼ਰ ਬੋਲਦਾ ਹੈ, ਦਰਸ਼ਨ ਹੋ ਗਏ ਉਸਦੇ। ਦਿਬਯ ਦ੍ਰਿਸ਼ਟਿ ਪ੍ਰਾਪਤ ਹੋ ਗਈ, ਇਹ ਸੰਸਾਰ ਪ੍ਰਭੂ ਰੂਪ ਹੋ ਕੇ ਭਾਸ ਗਿਆ ਜੋ ਸਤਿ ਅਵਸਥਾ ਹੈ –

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥* *ਪੰਨਾ – 922*

ਕਿਉਂਕਿ ਨੈਣ ਖੁਲ੍ਹ ਗਏ ਜੋ ਬੰਦ ਪਏ ਸੀ। ਚਲੋ ਨੇਤਰ ਤਾਂ ਨਹੀਂ ਸਾਡੇ ਖੁਲ੍ਹਦੇ, ਇਹ ਤਾਂ ਬੜੀ ਔਖੀ ਬਾਤ ਹੈ, ਮੰਨ ਤਾਂ ਅਸੀਂ ਸਕਦੇ ਹਾਂ ਨਾ ਕਿ ਵਾਹਿਗੁਰੂ ਮੇਰੇ ਨਾਲ ਹੈ। ਜਿਥੇ ਮੈਂ ਜਾਂਦਾ ਹਾਂ, ਉਥੇ ਵਾਹਿਗੁਰੂ ਨਾਲ ਹੈ। ਦਰਵਾਜ਼ੇ ਬੰਦ ਕਰ ਲਵਾਂ ਤਾਂ ਵੀ ਵਾਹਿਗੁਰੂ ਨਾਲ ਹੈ। ਪਾਣੀ ਦੇ ਵਿਚ ਟੁੱਭੀ ਮਾਰ ਲਵਾਂ ਤਾਂ ਵੀ ਮੇਰੇ ਨਾਲ ਹੈ। ਹਵਾਈ ਜਹਾਜ਼ 'ਚ ਬੈਠ ਜਾਵਾਂ ਤਾਂ ਵੀ ਮੇਰੇ ਨਾਲ ਹੈ। ਇਸ ਗੱਲ ਨੂੰ ਯਾਦ ਰੱਖ ਲਓ–

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥* *ਪੰਨਾ – 677*

ਸਾਰਿਆਂ ਦੇ ਅੰਦਰ ਰਵਿਆ ਹੋਇਆ ਹੈ। ਇਸ ਦਾ ਧਿਆਨ ਰੱਖ ਸਦਾ ਸਦਾ, ਇਹ ਧਿਆਨ ਰੱਖਣ ਦੇ ਨਾਲ ਇਹ ਕੰਮ ਬਣ ਜਾਏਗਾ –

*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥* *ਪੰਨਾ – 677*

ਜਿਹੜਾ ਸਾਹ ਬਾਹਰ ਨੂੰ ਚਲਿਆ ਗਿਆ, ਮੋੜ ਕੇ ਦਿਖਾ ਦਿਓ ਕੋਈ ਆਪਣੇ ਆਪ। ਜਦੋਂ ਵਾਹਿਗੁਰੂ ਖਿੱਚ ਲੈਂਦਾ ਹੈ ਜੋਤ, ਫੇਰ ਲਾ ਲਵੇ ਜ਼ੋਰ, ਕਦੇ ਸਾਹ ਅੰਦਰ ਨੂੰ ਨਹੀਂ ਜਾਂਦਾ, ਪੰਪ ਕਰਦੇ ਨੇ ਜਾਂਦਾ ਹੀ ਨਹੀਂ, ਪਾਣੀ ਵੀ ਨਹੀਂ ਜਾਂਦਾ, ਕੁਛ ਵੀ ਨਹੀਂ ਜਾਂਦਾ। ਸੋ ਮਹਾਰਾਜ ਕਹਿੰਦੇ ਉਦੋਂ ਹੀ ਮੋੜਦਾ ਹੈ ਦਿਲ ਨੂੰ, ਪਹਿਲਾਂ ਚਲਾਈ ਜਾਂਦਾ ਹੈ। ਹਰ ਵਕਤ, ਸਾਰੀ ਜ਼ਿੰਦਗੀ ਤਾਂ ਮਨੁੱਖ ਦਾ ਬਣਾਇਆ ਕੋਈ ਇੰਜਨ ਨਹੀਂ ਚਲਦਾ, ਆਦਮੀ ਕਿੰਨਾ ਹੀ ਬਣਾ ਲਵੇ। ਉਹ ਇਕ ਵਾਰੀ ਬਣਾ ਦਿੰਦਾ ਹੈ, ਇਹੋ ਜਿਹਾ ਸੈਲ ਲਾ ਦਿੰਦਾ ਹੈ, ਸਾਰੀ ਜ਼ਿੰਦਗੀ ਦਿਲ ਦਾ ਕਾਰਜ ਚਲਦਾ ਰਹਿੰਦਾ ਹੈ। ਚਲਦਾ ਵੀ ਕਿੰਨਾਂ ਤੇਜ਼ ਹੈ ਇਕ ਮਿੰਟ ਦੇ ਅੰਦਰ 35 ਗੈਲਨ ਖ਼ੂਨ ਘੁਮਾ ਦਿੰਦਾ ਹੈ। 35 ਗੈਲਨ, ਇਕ ਗੈਲਨ ਦੇਖ ਲਓ ਕਿੰਨਾ ਹੁੰਦਾ ਹੈ। ਐਨਾ ਖ਼ੂਨ ਐਨੀ ਛੇਤੀ ਘੁਮਾ ਦਿੰਦਾ ਹੈ, ਦੌੜਿਆ ਹੀ ਫਿਰਦਾ ਹੈ। ਖ਼ੂਨ ਵਾਲੀ ਨਬਜ਼ ਦੇਖਦੇ ਹਾਂ ਨੱਠਿਆ ਜਾਂਦਾ ਹੈ। ਫੇਰ ਕਿੰਨੀ ਛੇਤੀ ਉਸ ਨੂੰ ਸਾਫ ਕਰ ਦਿੰਦਾ ਹੈ। ਜਦੋਂ ਪੈਰਾਂ ਵੱਲ ਨੂੰ ਹੋ ਕੇ ਮੁੜਦਾ ਹੈ ਇਹਦਾ ਨੀਲਾ ਰੰਗ ਹੋ ਜਾਂਦਾ ਹੈ। ਨੀਲੀਆਂ ਨਾੜਾਂ 'ਚ ਹੀ ਆਉਂਦਾ ਹੈ। ਪਹਿਲਾਂ ਲਾਲ 'ਚ ਜਾਂਦਾ ਹੈ। ਉਥੋਂ ਦਿਲ ਦੇ ਅੰਦਰ ਆਉਂਦਾ ਹੈ, ਆਉਂਦੇ ਨੂੰ ਸਾਫ ਕਰ ਦਿੰਦਾ ਹੈ। ਉਸੀ ਵਕਤ ਫੇਰ ਤੋਰ ਦਿੰਦਾ ਹੈ। ਮਹਾਰਾਜ ਕਹਿੰਦੇ–

*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥* *ਪੰਨਾ – 677*

ਮੇਰਾ ਵਾਹਿਗੁਰੂ ਜਿਹੜਾ ਤੈਨੂੰ ਸਾਸ ਸਾਸ ਸੰਭਾਲਦਾ ਹੈ ਐਨੀ ਗੱਲ ਯਾਦ ਰੱਖ ਲੈ। ਬਾਬਾ ਜੀ ਕੋਲ ਆ ਕੇ ਕਹਿੰਦੇ ਹਨ ਜੀ ਦੁਖੀ ਹਾਂ। ਦੁਖ ਤਾਂ ਉਸ ਦੇ ਭੁੱਲਣ ਵਿਚ ਹੈ –

*ਦੁਖੁ ਤਦੇ ਜਾ ਵਿਸਰਿ ਜਾਵੈ॥* *ਪੰਨਾ – 98*

ਦੁਖ ਤਾਂ ਹੀ ਆਉਂਦੇ ਨੇ ਜਦ -

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*** ***ਪੰਨਾ - 135***

ਸਾਰੇ ਰੋਗ, ਸਾਰੇ ਘਾਟੇ, ਸਾਰੀਆਂ ਪ੍ਰੇਸ਼ਾਨੀਆਂ, ਪ੍ਰਮੇਸ਼ਰ ਨੂੰ ਭੁਲ ਕੇ ਆਉਂਦੀਆਂ ਹਨ, ਜੇ ਤੁਸੀਂ ਅਭਿਆਸ ਕਰਕੇ ਵਾਹਿਗੁਰੂ ਨੂੰ ਸਦਾ ਯਾਦ ਰੱਖ ਲਵੋਂ, ਸਾਰੀਆਂ ਪ੍ਰੇਸ਼ਾਨੀਆਂ ਖਤਮ ਹੋ ਜਾਣਗੀਆਂ।

ਸੋ ਇਸ ਕਰਕੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਦਸਿਆ ਕਿ ਨਵਾਬ ਸਾਹਿਬ ਨਮਾਜ਼ ਜ਼ਰੂਰ ਪੜ੍ਹੋ ਪਰ ਨਮਾਜ਼ ਅਖਰਾਂ ਦੀ ਨਾ ਪੜ੍ਹੋ, ਨਮਾਜ਼ ਧਿਆਨ ਦੀ ਪੜ੍ਹੋ, ਉਹਦੇ ਵਿਚ ਧਿਆਨ ਰੱਖੋ। ਜਪੁਜੀ ਸਾਹਿਬ ਜ਼ਰੂਰ ਪੜ੍ਹੋ ਪਰ ਜਪੁਜੀ ਸਾਹਿਬ ਕਿਸ ਦੇ ਸਾਮ੍ਹਣੇ ਪੜ੍ਹ ਰਹੇ ਹਾਂ, ਉਹ ਵੀ ਤਾਂ ਧਿਆਨ 'ਚ ਰੱਖੋ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਉਪਦੇਸ਼ ਦਿਤੇ। ਭਾਈ ਜੋਧ ਨੇ ਭਾਈ ਲਹਿਣਾ ਜੀ ਨੂੰ ਸਮਝਾਇਆ, ਗੱਲ ਸਮਝ 'ਚ ਆ ਗਈ। ਭਾਈ ਜੋਧ ਕਹਿੰਦੇ, "ਤੂੰ ਬਹੁਤ ਪਤੇ ਦੀਆਂ ਗੱਲਾਂ ਕਰਦਾ ਹੈਂ, ਮੇਰੀ ਐਨੀ ਉਮਰ ਹੋ ਗਈ, ਇਹ ਤਾਂ ਮੈਂ ਅੱਜ ਤਾਈਂ ਨਹੀਂ ਸੁਣਿਆ। 1561 ਵਿਚ ਆਪ ਦਾ ਜਨਮ ਹੋਇਆ ਸੀ। ਕਹਿੰਦੇ, ਮੇਰੀ ਐਨੀ ਉਮਰ ਹੋ ਗਈ। ਇਹ ਜਿਹੜਾ ਮੈਂ ਜ਼ਿਕਰ ਕਰਦਾ ਹਾਂ ਇਹ 1589 ਦਾ ਹੈ। 28 ਸਾਲ ਦੀ ਉਮਰ ਹੋ ਗਈ। ਕਹਿੰਦੇ, "28 ਸਾਲ ਦੀ ਉਮਰ 'ਚ ਮੈਂ ਇਹ ਬਚਨ ਨਹੀਂ ਸੁਣੇ, ਭੇਟਾਂ ਦਿੰਦੇ ਰਹੇ ਹਾਂ। ਅਸੀਂ ਗਾਉਂਦੇ ਰਹੇ ਹਾਂ। ਮਸਤ ਹੁੰਦੇ ਰਹੇ ਹਾਂ ਤੇ ਘੁੰਘਰੂ ਬੰਨ੍ਹ ਕੇ ਨਚਦੇ ਰਹੇ ਹਾਂ। ਅਸੀਂ ਖੜਤਾਲਾਂ ਫੜ ਕੇ, ਛੈਣੇ ਹੱਥਾਂ ਵਿਚ ਫੜ ਕੇ, ਵਜਾ ਕੇ, ਵਜਦ 'ਚ ਆਉਂਦੇ ਰਹੇ ਹਾਂ। ਪਰ ਆਹ ਅਨੰਦ ਨਹੀਂ ਆਇਆ ਜਿਹੜਾ ਤੁਸੀਂ ਹੁਣ ਦੱਸਿਆ ਹੈ। ਇਹ ਤਾਂ ਸਾਡੀ ਸਮਝ 'ਚ ਨਹੀਂ ਹੈ।" ਭਾਈ ਜੋਧ ਕਹਿਣ ਲੱਗੇ, "ਗੁਰੂ ਨਾਨਕ ਪਾਤਸ਼ਾਹ ਨੇ ਹੋਰ ਆ ਕੇ ਦਸਿਆ ਕਿ ਭਾਈ ਲਹਿਣਾ ਜੀ! ਮੰਨੋ ਇਕ ਨੂੰ ਜਿਹੜਾ ਸਾਰਿਆਂ ਦਾ ਸ਼੍ਰੋਮਣੀ ਹੈ, ਛੋਟੇ ਮੋਟਿਆਂ ਨੂੰ ਕਿਉਂ ਮੰਨਦੇ ਹੋ।" ਜੇ ਕਿਸੇ ਦਾ ਰਾਸ਼ਟਰਪਤੀ ਜਾਣਨ ਵਾਲਾ ਹੋਵੇ, ਮਿਲਣ ਵਾਲਾ ਹੋਵੇ, ਫੇਰ ਉਹ ਇਕ ਚਪੜਾਸੀ ਦੀਆਂ ਜਾ ਕੇ ਮਿੰਨਤਾਂ ਕਰੇ, ਫੇਰ ਤਾਂ ਗਲਤ ਗੱਲ ਹੈ। ਕਿਉਂਕਿ ਜਦੋਂ ਵੱਡੇ ਨੂੰ ਫੜ ਲਿਆ, ਹਾਥੀ ਦੀ ਪੈੜ 'ਚ ਸਾਰੀਆਂ ਪੈੜਾਂ ਆ ਜਾਂਦੀਆਂ ਹਨ। ਸ਼ੇਰ ਦੀ ਸ਼ਰਨ ਜਾ ਕੇ ਗਿੱਦੜਾਂ ਦੀ ਕੀ ਖੁਸ਼ਾਮਦ, ਮਿੰਨਤ ਕਰਨੀ ਹੋਈ। ਵਾਹਿਗੁਰੂ ਜੀ ਸਦਾ ਹੀ ਅਦ੍ਰਿਸ਼ਟ ਰੂਪ ਵਿਚ ਹਰ ਇਕ ਦੇ ਨਾਲ ਰਹਿੰਦੇ ਹਨ। ਦੇਵਤੇ ਦੇਵ ਲੋਕਾਂ ਵਿਚ ਰਹਿੰਦੇ ਹਨ, ਉਹ ਹਰ ਸਮੇਂ ਦੇ ਸੰਗੀ ਨਹੀਂ ਹੁੰਦੇ।

ਜਿਹੜੇ ਦੇਵਤੇ ਹਨ ਇਹ ਪਦਾਰਥ ਤਾਂ ਦੇ ਦਿੰਦੇ ਹਨ। ਇਹਨਾਂ ਕੋਲ ਇਕੋ ਪਦਾਰਥ ਹੁੰਦਾ ਹੈ, ਬਹੁਤੇ ਨਹੀਂ ਹੁੰਦੇ। ਜਿਸ ਨੂੰ ਜਿਹੜੀ ਚੀਜ਼ ਸੰਭਾਲੀ ਹੋਈ ਹੈ ਉਹਦੇ ਕੋਲ ਉਹੀ ਹੈ, ਸਾਰੀਆਂ ਨਹੀਂ ਹੁੰਦੀਆਂ। ਦੇਵਤਿਆਂ ਕੋਲ ਨਾ ਨਾਮ ਹੈ, ਨਾ ਮੁਕਤੀ ਹੈ; ਦੋ ਚੀਜ਼ਾਂ ਨਹੀਂ ਹਨ, ਪਦਾਰਥ ਹੈ, ਮਾਇਆ ਹੈ।

ਭਾਈ ਜੋਧ ਕਹਿੰਦੇ, ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਜਿਸ ਨੇ ਸੰਸਾਰ ਨੂੰ ਬਣਾਇਆ ਹੈ ਉਸ ਨੂੰ ਤਾਂ ਬਿਲਕੁਲ ਭੁਲ ਗਿਆ ਤੇ ਜੋ ਉਸਦੀਆਂ ਬਣਾਈਆਂ ਹੋਈਆਂ ਸ਼ਕਤੀਆਂ ਸੀ ਉਹਨਾਂ ਨੂੰ ਹਰ ਵਕਤ ਯਾਦ ਰੱਖਦਾ ਹੈ।

***ਧਾਰਨਾ - ਦੁਨੀਆਂ ਭੁੱਲ ਕੇ ਹਰੀ ਦੇ ਨਾਮ ਨੂੰ,***
***ਦੇਵੀ ਦੇਵ ਪੂਜਣ ਲਗ ਗਏ -2, 2.***
***ਮੇਰੇ ਪਿਆਰੇ ਦੇਵੀ ਦੇਵ ਪੂਜਣ ਲਗ ਗਏ -2, 2.***
***ਦੁਨੀਆਂ ਭੁੱਲ ਕੇ ਹਰੀ ਦੇ ਨਾਮ ਨੂੰ ....... - 2.***

***ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥*** ***ਪੰਨਾ - 637***

ਕੀ ਮੰਗ ਲਓਗੇ? ਕੀ ਦਏਗਾ; ਕੋਈ ਹੈ?

***ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥*** ***ਪੰਨਾ - 637***

ਪੱਥਰ ਨੂੰ ਪਾਣੀ ਵਿਚ ਰੱਖ ਦਿਓ, ਕਹਿੰਦੇ, ਤੈਰੇਗਾ? ਕਹਿੰਦੇ, "ਜਲ ਮਹਿ ਬੁਡਤ" ਉਹ ਤਾਂ

ਪਾਣੀ 'ਚ ਡੁੱਬ ਜਾਂਦਾ ਹੈ। ਤੈਨੂੰ ਕਿਵੇਂ ਤਾਰ ਦਏਗਾ? ਬਣਾਈਆਂ ਹੋਈਆਂ ਚੀਜ਼ਾਂ ਨੂੰ ਅਸੀਂ ਮੰਨਣ ਲਗ ਗਏ, ਜਿਹੜਾ ਬਣਾਉਣ ਵਾਲਾ ਹੈ ਉਹਨੂੰ ਭੁਲ ਗਏ।

"ਗੁਰੂ ਨਾਨਕ ਪਾਤਿਸ਼ਾਹ ਇਸ ਗੱਲ ਦੇ ਉਤੇ ਜ਼ੋਰ ਦਿੰਦੇ ਹਨ ਕਿ ਅਕਾਲ ਪੁਰਖ, ਜਿਸ ਨੇ ਇਹ ਸ਼ਕਤੀਆਂ ਬਣਾਈਆਂ ਹਨ, ਉਸ ਨੂੰ ਤੁਸੀਂ ਕਿਉਂ ਨਹੀਂ ਪੂਜਦੇ? ਉਸ ਨੂੰ ਕਿਉਂ ਭੁੱਲੇ ਫਿਰਦੇ ਹੋ? ਫੇਰ ਮੰਗੋਗੇ ਕੀ, ਇਹ ਦੇਣਗੇ ਕੀ? ਇਹ ਸ਼ਕਤੀਆਂ ਰੱਬ ਨਹੀਂ ਦਿਖਾ ਸਕਦੀਆਂ, ਨਾ ਮੁਕਤੀ ਦੇ ਸਕਦੀਆਂ ਹਨ–

***ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ॥***

***ਪੰਨਾ - 637***

ਆਪਣੀ ਪਤ ਖੋਹਣ ਲੱਗੇ ਪਏ ਹਨ, ਗੁਰੂ ਤੋਂ ਬਗੈਰ ਰੱਬ ਦੇ ਦਰਸ਼ਨ ਨਹੀਂ ਹੁੰਦੇ -

***ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ॥*** ***ਪੰਨਾ - 637***

ਇਹ ਤਾਂ ਜਿਹੜੇ ਦੇਵਤੇ ਨੇ, ਵੱਡੇ ਤੋਂ ਵੱਡੇ ਦੇਵਤੇ, ਜਿਥੇ ਸਤਿਸੰਗ ਲਗਿਆ ਹੋਏਗਾ, ਪ੍ਰਮੇਸ਼ਰ ਦੇ ਪਿਆਰਿਆਂ ਦੇ ਦਰਸ਼ਨ ਕਰਨ ਆਉਂਦੇ ਹਨ। ਉਸ ਥਾਂ ਤੇ ਠੀਕ ਹੈ ਅਸੀਂ ਆਦਰ ਕਰਦੇ ਹਾਂ, ਕਿਸੇ ਦਾ ਨਿਰਾਦਰ ਨਹੀਂ ਕਰਦੇ ਪਰ ਜਦੋਂ ਬਰਾਬਰੀ ਕਰਦੇ ਹਾਂ, ਤੁਲਨਾ ਕਰਦੇ ਹਾਂ ਤਾਂ ਅਕਾਲਪੁਰਖ ਦੀ ਰੀਸ, ਬਰਾਬਰੀ ਕੋਈ ਦੇਵਤਾ, ਕੋਈ ਨਹੀਂ ਕਰ ਸਕਦਾ। ਸੰਸਾਰੀ ਜੀਵਾਂ ਨੂੰ ਪ੍ਰਮੇਸ਼ਰ ਨੂੰ ਹੀ ਮੰਨਣਾ ਚਾਹੀਦਾ ਹੈ, ਨਾ ਕਿ ਬਣਾਈਆਂ ਹੋਈਆਂ ਚੀਜ਼ਾਂ ਨੂੰ ਮੰਨਣਾ ਚਾਹੀਦਾ ਹੈ। ਕਰਤਾਰ ਨੂੰ ਮੰਨੋ, ਪੂਜੋ, ਪਿਆਰ ਕਰੋ। ਕ੍ਰਿਤਮ ਵਲ ਰੁਖ ਕਰਕੇ ਕਿਉਂ ਸਮਾਂ ਬਰਬਾਦ ਕੀਤਾ ਜਾ ਰਿਹਾ ਹੈ।

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਐਸੇ ਹੀ ਬਚਨ ਕਰ ਰਹੇ ਸੀ ਕਿ ਜਿਥੇ ਪ੍ਰਭੂ ਦਾ ਜਸ ਹੁੰਦਾ ਹੋਏ ਉਥੇ ਬੈਕੁੰਠ ਧਾਮ ਦੇ ਸਾਰੇ ਦੇਵਤੇ ਆ ਜਾਇਆ ਕਰਦੇ ਹਨ, ਨਾਲ ਸਾਖੀ ਦੱਸੀ। ਇਕ ਵਾਰੀ ਨਾਰਦ ਨੇ ਵਰਤ ਰੱਖਿਆ। ਉਸ ਦਾ ਫੁਰਨਾ ਇਹ ਹੋਇਆ ਕਿ ਮੈਂ ਅੱਜ ਬੈਕੁੰਠ ਧਾਮ 'ਚ ਜਾ ਕੇ ਵਿਸ਼ਨੂੰ ਜੀ ਦੇ ਸਾਮ੍ਹਣੇ ਵਰਤ ਖੋਲ੍ਹਣਾ ਹੈ। ਉਸ ਵੇਲੇ ਆਪ ਬੈਕੁੰਠ ਧਾਮ ਚਲੇ ਗਏ। ਉਥੇ ਜਾ ਕੇ ਲੱਛਮੀ ਜੀ ਨੂੰ ਪੁਛਿਆ ਕਿ ਭਗਵਾਨ ਕਿਥੇ ਗਏ ਹਨ। ਉਸ ਨੇ ਕਿਹਾ, "ਪਤਾ ਨਹੀਂ।" "ਪਰ ਨਾਰਦ ਜੀ! ਤੁਸੀਂ ਤਾਂ ਤ੍ਰਿਕਾਲ ਦਰਸ਼ੀ ਹੋ, ਦੇਖ ਲਓ ਕਿਸੇ ਭਗਤ ਨੂੰ ਤਾਰਨ ਗਏ ਹੋਣੇ ਹਨ।" ਸਾਰੇ ਧਿਆਨ ਮਾਰਿਆ, ਸਮੁੰਦਰ 'ਚ ਵੀ ਦੇਖਿਆ, ਜੋਗੀਆਂ ਦੇ ਹਿਰਦਿਆਂ ਵਿਚ ਦੇਖਿਆ, ਸਵਰਨ ਮੰਦਰਾਂ 'ਚ ਦੇਖਿਆ, ਵੱਡੇ ਵੱਡੇ ਅਸਥਾਨਾਂ ਤੇ, ਪੂਜਣਯੋਗ ਥਾਵਾਂ ਤੇ, ਸੈਂਕੜੇ ਤੀਰਥਾਂ ਤੇ ਦੇਖਿਆ, ਕਿਤੇ ਨਾ ਨਜ਼ਰ ਆਏ। ਕਹਿਣ ਲੱਗੇ ਮੇਰਾ ਵਕਤ ਹੋ ਰਿਹਾ ਹੈ ਤੇ ਪ੍ਰਭੂ ਤਾਂ ਕਿਤੇ ਨਜ਼ਰ ਨਹੀਂ ਆਉਂਦੇ। ਜਦੋਂ ਆਦਮੀ ਦਾ ਯਤਨ ਖਤਮ ਹੋ ਜਾਏ ਉਸ ਵੇਲੇ ਅਰਦਾਸ ਕੰਮ ਕਰਿਆ ਕਰਦੀ ਹੈ। ਲੱਛਮੀ ਜੀ ਨੇ ਕਿਹਾ, "ਤੁਸੀਂ ਅਰਦਾਸ ਕਰੋ, ਉਸ ਵੇਲੇ ਅਰਦਾਸ ਕਰੀ ਕਿ ਹੇ ਭਗਵਾਨ! ਕਿਥੇ ਚਲੇ ਗਏ, ਤੁਸੀਂ ਦਰਸ਼ਨ ਤਾਂ ਦਿਓ।" ਕੀ ਆਉਂਦੈ ਸਾਮ੍ਹਣੇ ਸਤਿਸੰਗ ਹੋ ਰਿਹਾ ਹੈ। ਤੱਪੜ ਵਿਛਾਏ ਹੋਏ ਹਨ ਤੇ ਸੰਗਤ ਬੈਠੀ ਹੈ। ਹਰੀ ਦਾ ਜਸ ਹੋ ਰਿਹਾ ਹੈ ਤੇ ਸਾਰਿਆਂ ਤੋਂ ਪਿਛੇ ਜਿਥੇ ਤੱਪੜ ਮੁੱਕਦੇ ਸੀ ਵਿਸ਼ਨੂੰ ਜੀ ਭੁੰਜੇ ਹੀ ਮਿੱਟੀ ਤੇ ਬੈਠੇ ਹਨ। ਉਸ ਵੇਲੇ ਆਪ ਨੇ ਫੁਰਨਾ ਕੀਤਾ, ਉਥੇ ਹੀ ਪਹੁੰਚ ਗਏ। ਭਗਵਾਨ ਨੇ ਦੇਖ ਲਿਆ ਕਿ ਨਾਰਦ ਵੀ ਆ ਗਿਆ, ਭੇਤੀ ਆ ਗਿਆ। ਕਹਿੰਦੇ, "ਹੇ ਭਗਵਾਨ! ਐਡੇ ਐਡੇ ਸਵਰਨ ਮੰਦਰ ਤੁਹਾਡੇ ਵਾਸਤੇ ਬਣਾਏ ਨੇ ਸੰਸਾਰ ਨੇ, ਐਨੇ ਪਲੰਘ ਤੁਹਾਡੇ ਬੈਠਣ ਵਾਸਤੇ ਬਣਾਏ, ਆਹ ਕੀ ਕੰਮ ਕਰਦੇ ਹੋ ਤੁਸੀਂ। ਤਪੜਾਂ ਤੇ ਵੀ ਨਹੀਂ ਬੈਠੇ, ਭੁੰਜੇ ਬੈਠੇ ਹੋ ਜਿਥੇ ਮਿੱਟੀ ਪਈ ਹੈ।" ਭਗਵਾਨ ਨੇ ਕਿਹਾ, "ਨਾਰਦ! ਸੰਸਾਰ ਇਹ ਕਹਿੰਦਾ ਹੈ ਕਿ ਮੇਰੀ ਕੋਈ ਮਾਂ ਨਹੀਂ, ਮੇਰਾ ਕੋਈ ਪੁੱਤਰ ਨਹੀਂ, ਮੇਰਾ ਕੋਈ ਭਰਾ ਨਹੀਂ, ਮੇਰਾ ਕੋਈ ਥਾਂ ਨਹੀਂ। ਪਰ ਸੰਸਾਰ ਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਜਿਥੇ ਹਰੀ ਦਾ ਜੱਸ ਹੁੰਦਾ ਹੈ ਉਹ ਮੇਰਾ ਪਿਆਰਾ ਸਥਾਨ ਹੁੰਦਾ ਹੈ, ਸਤਿਸੰਗੀ ਮੇਰੇ ਸਨਬੰਧੀ ਹੁੰਦੇ ਹਨ, ਉਥੇ ਮੈਂ ਤੇ ਸਾਰੇ ਦੇਵਤੇ ਆ ਜਾਂਦੇ ਹਾਂ।"

***ਨਿਜ ਘਰ ਮੇਰੋ ਸਾਧ ਸੰਗਤਿ ਨਾਰਦ ਮੁਨਿ,***
***ਦਰਸਨ ਸਾਧ ਸੰਗ ਮੇਰੋ ਨਿਜ ਰੂਪ ਹੈ।***

*ਸਾਧ ਸੰਗ ਮੇਰੋ ਮਾਤਾ ਪਿਤਾ ਔ ਕੁਟੰਬ ਸਖਾ,*
*ਸਾਧ ਸੰਗ ਮੇਰੋ ਸੁਤ ਸ੍ਰੇਸਟ ਅਨੂਪ ਹੈ॥*
*ਸਾਧ ਸੰਗ ਸਰਬ ਨਿਧਾਨ ਪ੍ਰਾਨ ਜੀਵਨ ਮੈ,*
*ਸਾਧ ਸੰਗ ਨਿਜ ਪਦ ਸੇਵਾ ਦੀਪ ਧੂਪ ਹੈ॥*
*ਸਾਧ ਸੰਗ ਰੰਗ ਰਸ ਭੋਗ ਸੁਖ ਸਹਜ ਮੈ,*
*ਸਾਧ ਸੰਗ ਸੋਭਾ ਅਤਿ ਉਪਮਾ ਔ ਊਪ ਹੈ॥੩੦੩॥ ਕਬਿੱਤ ਭਾਈ ਗੁਰਦਾਸ ਜੀ*

*ਹਰਿ ਕੀ ਕਥਾ ਹੋਤ ਹੈ ਜਹਾਂ ਗੰਗਾ ਭੀ ਚਲ ਆਵਤ ਤਹਾਂ।*

ਤੇ ਸਾਰੇ ਦੇਵਤੇ ਆ ਜਾਂਦੇ ਹਨ ਤੇ ਆਪਣਾ ਆਪਣਾ ਫਲ ਕੱਢੀ ਬੈਠੇ ਹੁੰਦੇ ਹਨ ਕਿ ਕਿਹੜਾ ਸਤਿਸੰਗੀ ਕੀ ਮੰਗਦਾ ਹੈ ਤੇ ਮੈਂ ਛੇਤੀ ਦੇ ਦੇਵਾਂ। ਸੇਵਾ ਕਰਕੇ ਖੁਸ਼ ਹੁੰਦੇ ਹਨ। ਇਕ ਵਾਰੀ ਮੈਂ ਏਹੀ ਬਚਨ ਰਤਨਗੜ੍ਹ ਕਰ ਰਿਹਾ ਸੀ। ਉਥੇ ਮੇਰੇ ਮੂੰਹ 'ਚੋਂ ਨਿਕਲ ਗਿਆ, ਇਥੇ ਸਾਰੇ ਦੇਵਤੇ ਬੈਠੇ ਹਨ, ਗੁਰੂ ਸਾਹਿਬ ਵੀ ਹਨ, ਮੰਗ ਲਓ ਕੀ ਮੰਗਦੇ ਹੋ। ਕਿਸੇ ਤੋਂ ਨਾ ਮੰਗ ਹੋਇਆ। ਇਕ ਮਾਈ ਨੇ ਮੰਗ ਲਿਆ। ਉਹ 40 ਕੁ ਦਿਨ ਬਾਅਦ ਮੇਰੇ ਪਾਸ ਚੰਡੀਗੜ੍ਹ ਆ ਗਈ। ਇਕ ਰੁਮਾਲਾ ਉਹਦੇ ਕੋਲ ਤੇ 50 ਰੁਪਏ। ਇਹ ਤੁਹਾਡੇ ਬੀਬੀ ਜੀ ਨੂੰ ਆ ਕੇ ਕਹਿਣ ਲੱਗੀ, "ਮੈਂ ਸੁਖਣਾ ਦੇਣ ਆਈ ਹਾਂ।" ਉਨ੍ਹਾਂ ਕਿਹਾ, "ਕਾਹਦੀ ਸੁਖਨਾ ਹੈ ਤੇਰੀ ਭਾਈ।" ਕਹਿੰਦੀ, "ਰਤਨਗੜ੍ਹ ਦੀਵਾਨ ਲਗਿਆ ਹੋਇਆ ਸੀ, ਉਥੇ ਬਾਬਾ ਜੀ ਨੇ ਕਿਹਾ ਕਿ ਜੋ ਮੰਗਣਾ ਹੈ, ਮੰਗ ਲਓ, ਤੁਹਾਨੂੰ ਮਿਲ ਜਾਊ।" ਕਹਿੰਦੀ, "ਮੈਨੂੰ ਬਚਪਨ ਤੋਂ ਦਮਾ ਹੋਇਆ ਹੋਇਆ ਸੀ। ਇਸ ਦਾ ਕੋਈ ਇਲਾਜ ਨਹੀਂ ਸੀ ਹੁੰਦਾ। ਮੈਂ ਸੁਣ ਕੇ ਕਿਹਾ ਕਿ ਹੋਰ ਤਾਂ ਕੁਛ ਨਹੀਂ ਮੰਗਦੀ, ਮੇਰਾ ਦਮਾਂ ਹਟ ਜਾਏ।" ਕਹਿੰਦੀ ਉਸੀ ਵਕਤ ਹਟ ਗਿਆ। ਦੂਜੇ ਦਿਨ ਹੋਇਆ ਹੀ ਨਹੀਂ। ਅੱਜ ਤੱਕ ਨਹੀਂ ਹੋਇਆ ਤੇ ਮੈਂ 40 ਦਿਨ ਇੰਤਜ਼ਾਰ ਕਰਕੇ ਫੇਰ ਇਥੇ ਆਈ ਹਾਂ ਕਿ ਕੋਈ ਕਸਰ ਤਾਂ ਨਹੀਂ ਹੈ। ਜਿਥੇ ਸਹੀ ਰੂਪ ਵਿਚ ਸਤਿਸੰਗ ਹੋ ਰਿਹਾ ਹੋਵੇ ਤਾਂ ਸੰਗਤ ਵਿਚ ਸ਼ਕਤੀ ਵਰਤਦੀ ਹੈ। ਇਹ ਇਸ ਕਰਕੇ ਹੈ ਕਿ ਇਥੇ ਸਾਰੀਆਂ ਮੁਕਤ ਆਤਮਾਵਾਂ, ਦੇਵੀ ਦੇਵਤੇ ਸਾਰੇ ਆ ਕੇ ਬਿਰਾਜਮਾਨ ਹੋ ਜਾਂਦੇ ਨੇ। ਹਰੀ ਦਾ ਜਸ ਸੁਣਦੇ ਨੇ। ਗੁਰੂ ਗ੍ਰੰਥ ਸਾਹਿਬ ਕੋਈ ਛੋਟੀ ਮੋਟੀ ਚੀਜ਼ ਨਹੀਂ। ਇਹ ਓਅੰਕਾਰ ਦਾ ਸਰੂਪ ਹੈ, ਆਪ ਹੀ ਅਕਾਲ ਪੁਰਖ ਹੈ। ਇਹ ਗੱਲ ਹਰੇਕ ਦੇ ਸਮਝ 'ਚ ਆਉਣ ਵਾਲੀ ਚੀਜ਼ ਨਹੀਂ ਹੈ। ਇਸ ਨੂੰ ਸ਼ਬਦ ਬ੍ਰਹਮ ਕਹਿੰਦੇ ਹਨ।

ਓਅੰਕਾਰ ਦਾ ਸਰੂਪ ਦੁਨੀਆਂ ਵੀ ਹੈ ਪਰ ਇਹ ਤਿੰਨਾਂ ਗੁਣਾਂ ਦਾ ਮਿਸ਼ਰਤ ਹੈ। ਇਹ ਦੂਸ਼ਤ (pollute) ਹੋ ਗਈ, ਮੈਲੀ ਹੋ ਗਈ। ਜੋ ਸ਼ਬਦ ਹੈ - ਗੁਰੂ ਗ੍ਰੰਥ ਸਾਹਿਬ ਦਾ, ਇਹ ਬਿਲਕੁਲ ਨਿਰਮਲ ਤੇ ਸ਼ੁਧ ਨਿਰੰਕਾਰ ਦੇ 'ਓਅੰਕਾਰ' ਦਾ ਸਰੂਪ ਹੀ ਹੈ। ਇਹ ਵੱਡਾ ਹੋਇਆ ਹੈ ਇਸ ਨੂੰ ਵਿਅਕਤ ਹੋਣਾ (menifestation) ਕਹਿੰਦੇ ਨੇ। ਇਹ ਓਅੰਕਾਰ ਆਪ ਹੀ ਵਿਅਕਤ ਹੋਇਆ ਹੈ (This is the manifestation of the Oangkar. ਸੋ ਇਸ ਦੇ ਦਰਬਾਰ 'ਚ ਸਾਰੇ ਦੇਵਤੇ ਆ ਜਾਣਾ ਆਪਣਾ ਫਖਰ ਸਮਝਦੇ ਹਨ। ਜਦੋਂ ਮਹਾਰਾਜ ਜੀ ਨੇ ਇਹ ਬਚਨ ਕਰਿਆ, ਇਕ ਸਿਖ ਕਹਿੰਦਾ, ਸੱਚੇ ਪਾਤਸ਼ਾਹ! ਸਾਨੂੰ ਵੀ ਕਦੇ ਦਰਸ਼ਨ ਕਰਾ ਦਿਓ। ਮਹਾਰਾਜ ਜੀ ਨੇ ਫੁਰਮਾਨ ਕੀਤਾ -

*ਸਰਬ ਭੂਤ ਆਪ ਵਰਤਾਰਾ॥ ਸਰਬ ਨੈਨ ਆਪਿ ਪੇਖਨਹਾਰਾ॥*
*ਪੰਨਾ - 295*

ਇਕ ਦਮ ਸਾਰਿਆਂ ਦੀਆਂ ਅੱਖਾਂ ਖੁਲ੍ਹ ਗਈਆਂ, ਦਿਬਯ ਦ੍ਰਿਸ਼ਟ ਪ੍ਰਾਪਤ ਹੋ ਗਈ। ਮਾਇਆ ਦਾ ਪੜਦਾ ਹੀ ਪਿਆ ਹੋਇਆ ਹੈ। ਮਾਇਆ ਨੇ ਮੋਤੀਆਬਿੰਦ ਨਾਲ ਪਰਦਾ ਪਾਇਆ ਹੋਇਆ ਹੈ। ਅੱਖਾਂ ਤਾਂ ਹੈਗੀਆਂ ਦੇਖਣ ਵਾਲੀਆਂ ਪਰ ਮੋਤੀਆ ਬਿੰਦ ਆਇਆ ਹੋਇਆ ਹੈ। ਗੁਰੂ ਨੇ ਪਰਦਾ ਖੋਲ੍ਹ ਦਿੱਤਾ। ਕੀ ਦੇਖਦੇ ਹਨ, ਝਿਲ-ਮਿਲ, ਝਿਲ-ਮਿਲ ਹੁੰਦੀ ਹੈ। ਪ੍ਰਕਾਸ਼ ਹੀ ਪ੍ਰਕਾਸ਼ ਨਜ਼ਰ ਆਉਣ ਲੱਗ ਗਿਆ। ਦੇਵਤੇ ਬੈਠੇ ਹਨ। ਐਨੇ ਨੂੰ ਇਕ ਰਾਜਾ ਸਤਿਸੰਗ ਵਿਚ ਆਇਆ। ਉਹਨੇ ਮੱਥਾ ਟੇਕ ਦਿਤਾ। ਉਹਦੇ ਨਾਲ ਦੋ

ਤਿੰਨ ਅਫਸਰ ਸਨ। ਮਹਾਰਾਜ ਜੀ ਕਹਿੰਦੇ, ਭਾਈ ਕੇਉੜਾ ਲਿਆਓ, ਖੁਸ਼ਬੂਆਂ ਲਿਆਓ, ਛੜਕਾਓ ਕਰੋ, ਛਿੜਕੋ ਸੰਗਤ ਤੇ। ਇਕ ਦਮ ਛਿੜਕਣਾ ਸ਼ੁਰੂ ਕਰ ਦਿਤਾ। ਪਰ ਉਹ ਜਿਹੜੇ ਦੇਵਤੇ ਸੀ ਉਹਨਾਂ 'ਚ ਭਗਦੜ ਮੱਚ ਗਈ। ਦੌੜੇ ਹੀ ਜਾਂਦੇ ਹਨ। ਦੇਖਦੇ ਦੇਖਦੇ ਸਾਰੇ ਹੀ ਚਲੇ ਜਾਂਦੇ ਹਨ। ਸਾਰੀ ਸੰਗਤ ਹੈਰਾਨ ਹੋ ਗਈ।

ਪਾਤਸ਼ਾਹ, "ਇਹ ਕੀ ਹੋਇਆ? ਦਰਸ਼ਨ ਵੀ ਹੋਏ ਤੇ ਫੇਰ ਐਨੀ ਨੱਠ-ਭੱਜ ਕਿਉਂ ਪਈ?"

ਮਹਾਰਾਜ ਨੇ ਕਿਹਾ, "ਇਹ ਜਿਹੜਾ ਰਾਜਾ ਆਇਆ ਹੈ, ਇਸ ਨੇ ਤਿੰਨ ਦਿਨ ਹੋਏ ਹਨ ਤੰਬਾਕੂ ਪੀਤਾ ਸੀ। ਇਕ ਬੰਦਾ ਵੀ ਸੰਗਤ ਵਿਚ ਤੰਬਾਕੂ ਪੀ ਕੇ ਆ ਜਾਵੇ, ਫੇਰ ਦੇਵਤੇ ਨਹੀਂ ਆਇਆ ਕਰਦੇ ਕਿਉਂਕਿ ਉਹ ਇਸ ਦੁਰਗੰਧ ਨੂੰ ਬਹੁਤ ਬੁਰਾ ਮੰਨਦੇ ਹਨ।" ਇਹ ਤੰਬਾਕੂ ਤਿੰਨ ਸੌ ਸਾਲ ਤੋਂ ਆਇਆ ਹੈ ਹਿੰਦੁਸਤਾਨ 'ਚ, ਸਾਢੇ ਤਿੰਨ ਸੌ ਸਾਲ ਤੋਂ। ਉਸ ਤੋਂ ਪਹਿਲਾਂ ਕੋਈ ਕੋਈ ਬੋਧੀ ਪੀਂਦਾ ਹੁੰਦਾ ਸੀ। ਅਰਜਨਟਾਈਨਾ 'ਚ ਇਹ ਬੂਟੀ ਸੀ, ਭ੍ਰਿਸ਼ਟਿਆ ਹੋਇਆ ਦੇਸ਼ ਸੀ ਉਹ, ਉਥੋਂ ਇਹ ਬੂਟੀ ਚੁਕ ਲਿਆਏ। ਜਿਹੜੇ ਬੁੱਧ ਧਰਮ ਦੇ ਮਹਾਤਮਾ ਗਏ, ਉਹ ਸਾਏਬੇਰੀਆ ਦੇ ਵਿਚ ਦੀ ਲੰਘਦੇ ਹੁੰਦੇ ਸੀ, ਇਲਾਸਕਾ ਵਿਚੀਂ ਹੋ ਕੇ ਬਰਫਾਂ ਦੇ ਉਪਰ ਦੀ ਹੋ ਕੇ ਅਮਰੀਕਾ ਜਾਂਦੇ ਹੁੰਦੇ ਸੀ, ਉਹ ਇਸ ਨੂੰ ਲਿਆ ਕੇ ਪੀਣ ਲੱਗ ਗਏ, ਲੇਕਿਨ ਇਹਨੂੰ ਭਾਰਤ ਵਰਸ਼ ਦੇ ਆਰੀਆ ਲੋਕ ਜਾਣਦੇ ਸੀ ਕਿ ਇਹ ਤਾਂ ਬਹੁਤ ਬੁਰੀ ਚੀਜ਼ ਆ ਗਈ। ਉਹਨਾਂ ਨੇ ਪਹਿਲਾਂ ਹੀ ਸਕੰਦ ਪੁਰਾਣ ਦੇ ਅੰਦਰ ਇਹਦੇ ਬਾਰੇ ਲਿਖਣਾ ਸ਼ੁਰੂ ਕਰ ਦਿਤਾ।

ਨਾਰਦ ਜੀ ਤੇ ਬ੍ਰਹਮਾ ਜੀ ਦੀ ਗੱਲ ਹੁੰਦੀ ਹੈ। ਨਾਰਦ ਜੀ ਪੁੱਛੀ ਜਾਂਦੇ ਨੇ, ਬ੍ਰਹਮਾ ਜਵਾਬ ਦੇਈਂ ਜਾਂਦੇ ਹਨ। ਨਾਰਦ ਕਹਿਣ ਲੱਗਿਆ, "ਕਿ ਮਹਾਰਾਜ! ਜਦੋਂ ਕਲਜੁਗ ਆਏਗਾ, ਫੇਰ ਕੀ ਵਰਤਾਰਾ ਹੋਏਗਾ?"

ਬ੍ਰਹਮਾ ਜੀ ਨੇ ਕਿਹਾ, "ਪੁੱਤਰ! ਇਕ ਨਖਿਧ ਬੂਟੀ ਹੈ, ਉਹਦਾ ਧੂਮਰਪਾਨ ਕਰਿਆ ਕਰਨਗੇ, ਹੁਕਾ ਪੀਆ ਕਰਨਗੇ ਉਸਦਾ।

ਕਹਿੰਦੇ, "ਉਸਦਾ ਅਸਰ ਕੀ ਹੋਏਗਾ?"

ਬ੍ਰਹਮਾ ਜੀ ਕਹਿੰਦੇ, "ਜਿਹੜੀ ਸਾਰੀ ਰੂਹਾਨੀਅਤ ਹੈ, ਇਕ ਦਮ ਖਤਮ ਹੋ ਜਾਵੇਗੀ। ਕਰਮ, ਧਰਮ ਕਿਸੇ ਨੂੰ ਫਲ ਨਹੀਂ ਲਗਣਾ। ਉਹ ਬੰਦਾ ਨਰਕਾਂ 'ਚ ਜਾਏਗਾ ਤੇ ਬ੍ਰਾਹਮਣ ਵੀ ਪੀਣ ਲੱਗ ਜਾਣਗੇ।"

ਨਾਰਦ ਜੀ ਕਹਿੰਦੇ, "ਮਹਾਰਾਜ! ਬ੍ਰਾਹਮਣਾਂ ਦੇ ਪੀਤਿਆਂ ਫੇਰ ਕਰਮ, ਧਰਮ ਦਾ ਕੀ ਬਣੇਗਾ?"

ਕਹਿੰਦੇ, "ਕਰਮ, ਧਰਮ ਤਾਂ ਛੱਡੋ, ਜਿਹੜਾ ਤੰਬਾਕੂ ਪੀਣ ਵਾਲੇ ਬ੍ਰਾਹਮਣ ਨੂੰ ਦਾਨ ਦਏਗਾ, ਉਹ ਸੱਤ ਜਨਮ ਪਿੰਡ ਦਾ ਸੂਰ ਹੋ ਕੇ ਵਿਸ਼ਟਾ ਖਾਏਗਾ।"

ਤੁਸੀਂ ਇਹ ਸਕੰਦ ਪ੍ਰਾਣ ਦੇ ਵਿਚ ਪੜ੍ਹ ਲਓ। ਉਸਦੇ ਵਿਚ ਬਾਰ-ਬਾਰ ਅਜਿਹੀਆਂ ਗੱਲਾਂ ਲਿਖੀਆਂ ਹੋਈਆਂ ਹਨ। ਆਪਣੇ ਵੀ ਰਹਿਤਨਾਮੇ ਦੇ ਅੰਦਰ ਆਉਂਦਾ ਹੈ –

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥***

ਕਹਿੰਦੇ, ਮਾੜਾ ਜਿੰਨਾ ਵੀ ਮੂੰਹ 'ਚ ਜੇ ਪੈ ਗਿਆ, ਤੰਬਾਕੂ ਹੱਥ ਨੂੰ ਲੱਗ ਗਿਆ, ਜਿਹੜੇ ਸਵਰਗਾਂ 'ਚ ਬਜ਼ੁਰਗ ਬੈਠੇ ਹਨ, ਉਹ ਉਸੇ ਵੇਲੇ ਬੇਦਾਵਾ ਦੇ ਦੇਣਗੇ। ਫੇਰ ਅਸੀਂ ਭੂਤਾਂ ਦੇ ਕਾਬੂ ਆ ਜਾਵਾਂਗੇ। ਸਾਡੇ ਘਰ 'ਚ ਕਲੇਸ਼ ਰਹੇਗਾ, ਝਗੜੇ ਰਹਿਣਗੇ, ਲੜਾਈਆਂ ਰਹਿਣਗੀਆਂ ਕਿਉਂਕਿ ਭੂਤਾਂ ਦਾ ਵਾਸਾ ਹੋ ਗਿਆ। ਬੰਦੇ ਸ਼ਰਾਬੀ-ਕਬਾਬੀ ਬਣ ਜਾਣਗੇ।

ਬ੍ਰਹਮਾ ਜੀ ਨੇ ਕਿਹਾ, ਉਹਦੇ ਹੱਥ ਦਾ ਪਾਣੀ ਜਿਹੜਾ ਪੀਣਾ ਹੈ ਨਾ –

***ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥***

ਜਿਹੋ ਜਿਹਾ ਉਹਦੇ ਹੱਥ ਦਾ ਪਾਣੀ ਪੀ ਲਿਆ ਸਮਝੋ ਜਿਹੋ ਜਿਹੀ ਸ਼ਰਾਬ ਪੀ ਲਈ।

ਆਪ ਨੇ ਕਿਹਾ, "ਮਹਾਰਾਜ ਫੇਰ ਸ਼ਰਾਬ ਦਾ ਕੀ ਬਣੇਗਾ?"

***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***

ਜਿਹੜਾ ਸ਼ਰਾਬ ਪੀਂਦਾ ਹੈ ਸਤ ਕੁਲਾਂ ਦਾ ਖਾਤਮਾ, ਬੇੜਾ ਗਰਕ ਕਰ ਦਿੰਦਾ ਹੈ। ਤਿੰਨ ਜਿਹੜੀਆਂ ਆਉਣੀਆਂ ਹਨ, ਤਿੰਨ ਜਿਹੜੇ ਲੰਘ ਗਏ ਬਾਪ, ਦਾਦਾ ਤੇ ਪੜਦਾਦਾ, ਇਕ ਆਪ ਦਾ। ਜਿਹੜਾ ਭੰਗ ਪੀਂਦਾ ਹੈ ਉਹ ਆਪਣੇ ਤਨ ਦਾ ਨਾਸ਼ ਕਰ ਲੈਂਦਾ ਹੈ।

***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥***

ਤੰਬਾਕੂ ਜਿਹੜਾ ਹੈ ਉਹ ਸੌ ਕੁਲ ਦਾ ਨਾਸ਼ ਕਰ ਦਿੰਦਾ ਹੈ। ਨਿੰਦਾ ਵਾਲਾ ਜਿਹੜਾ ਹੈ ਉਹ ਗਿਣਤੀਆਂ ਮਿਣਤੀਆਂ ਤੋਂ ਬਾਹਰ ਹੀ ਕੁਲਾਂ ਦਾ ਨਾਸ਼ ਕਰ ਦਿੰਦਾ ਹੈ।

ਗੱਲ ਸੁਣ ਲਈ ਸਾਰਿਆਂ ਨੇ ਤੇ ਝੱਟ ਮੰਨ ਲੈਂਦੇ ਹਨ ਪਰ ਸਾਡੇ ਬੰਦੇ ਨਹੀਂ ਮੰਨਦੇ। ਮਹਾਰਾਜ ਕਹਿੰਦੇ, ਦੇਖਣ ਨੂੰ ਤਾਂ ਇਹ ਬੰਦੇ ਹਨ। ਭੁਲੇਖਾ ਪੈਂਦਾ ਹੈ ਕਿ ਮਨੁੱਖ ਹੈ ਪਰ ਮਨੁੱਖ ਤਾਂ ਹੈ ਨਹੀਂ। ਇਹ ਤਾਂ ਮਨੁੱਖ ਦੇ ਹੱਡ ਤੇ ਚੰਮ ਦੇ ਵਿਚ ਪਸ਼ੂ ਦੀ ਰੂਹ ਵਲ੍ਹੇਟੀ ਹੋਈ ਹੈ, ਜਿਹੜਾ ਸਮਝਦਾ ਹੀ ਨਹੀਂ, ਪਸ਼ੂ ਤਾਂ ਸਮਝ ਜਾਂਦੈ। ਬਲਦ ਸਿਆਣੇ ਹਨ; ਜਦੋਂ ਮੈਂ ਖੇਤੀ ਕਰਿਆ ਕਰਦਾ ਸੀ ਮੇਰੇ ਪਾਸ ਇਕ ਬਲਦ ਸੀ, ਉਸਦੇ ਜੇ ਹਲ ਚਲਾਉਣ ਵੇਲੇ ਸੋਟੀ ਮਾਰ ਦਿਓ ਨਾ, ਸਾਰਾ ਦਿਨ ਨਰਾਜ਼ ਰਹਿੰਦਾ ਸੀ। ਬਹੁਤ ਉਚਾ ਸੀ। ਤੁਹਾਡੇ ਬੀਜੀ (ਬੀਬੀ ਰਣਜੀਤ ਕੌਰ ਜੀ) ਉਸ ਬੈਲ ਨੂੰ ਬਹੁਤ ਪਿਆਰ ਕਰਦੇ ਸਨ। ਇਸਦੇ ਕਹੇ ਲਗਦਾ ਸੀ ਤੇ ਮੈਨੂੰ ਨਹੀਂ ਉਹ ਪਛਾਣਦਾ ਸੀ। ਮੈਂ ਹਲ ਚਲਾਉਂਦਾ ਹੁੰਦਾ ਸੀ ਤੇ ਮੈਂ ਕਹਿਣਾ ਕਿ ਕਿੰਨਾ ਸਿਆਣਾ ਹੈ ਇਸਨੂੰ ਪਤਾ ਹੈ ਕਿ ਇਹ ਮੈਨੂੰ ਪਿਆਰ ਕਰਦੀ ਹੈ। ਇਸਦੇ ਕੋਲ ਨੂੰ ਆ ਜਾਣਾ, ਪਿੱਠ ਤਾਈਂ ਹੱਥ ਮਸਾਂ ਪਹੁੰਚਦਾ ਸੀ, ਐਡਾ ਵੱਡਾ ਸੀ। ਜੇ ਉਹਦੇ ਨੌਕਰਾਂ ਨੇ ਸੋਟੀ ਮਾਰ ਦਿਤੀ ਤਾਂ ਸਾਨੂੰ ਦੱਸਣ ਆਉਣਾ ਕਿ ਇਹਨੇ ਮੇਰੇ ਸੋਟੀ ਮਾਰੀ ਹੈ। ਬੋਲ ਨਹੀਂ ਸੀ ਸਕਦਾ ਪਰ ਉਂਵ ਬਹੁਤ ਸਿਆਣਾ ਸੀ। ਕੁੱਤਾ ਸਿਆਣਾ ਹੈ। ਮੰਗਲਵਾਰ ਨੂੰ ਰੋਟੀ ਨਹੀਂ ਖਾਂਦੇ ਕੁੱਤੇ। ਜਲੇਬੀਆਂ ਪਾ ਦਿਓ, ਕੁਛ ਪਾ ਦਿਓ, ਨਹੀਂ ਖਾਂਦੇ ਲੇਕਿਨ ਮਨੁੱਖ ਹੈ ਜਿਸ ਨੂੰ ਐਨਾ ਵੀ ਪਤਾ ਨਹੀਂ ਹੈ। ਮਹਾਰਾਜ ਜੀ ਕਹਿੰਦੇ, ਉਸ ਨੂੰ ਮਨੁੱਖ ਨਾ ਕਹੋ। ਕਹਿੰਦੇ, ਕੀ ਕਹੀਏ? ਇਸ ਤਰ੍ਹਾਂ ਕਹਿੰਦੇ ਨੇ ਮਹਾਰਾਜ –

***ਧਾਰਨਾ – ਆਵਨ ਨੂੰ ਜੱਗ ਵਿਚ ਆ ਗਏ ਨੇ –2, 2.***
***ਬਿਨ ਬੂਝੇ ਪਸ ਢੋਰ,***
***ਆਵਨ ਨੂੰ ਜਗ ਵਿਚ ਆ ਗਏ ਨੇ –2, 2.***

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥ ਪੰਨਾ – 251***

ਦੁਨੀਆਂ 'ਚ ਪੈਦਾ ਤਾਂ ਹੋ ਗਏ ਮਾਂ ਤੋਂ, ਮਨੁੱਖ ਦੀ ਸ਼ਕਲ ਧਾਰਨ ਕਰ ਲਈ। ਮਹਾਰਾਜ ਕਹਿੰਦੇ, ਜੇ ਪਰਮ ਸਤ ਦੀ ਗੱਲ ਹੀ ਨਹੀਂ ਬੁੱਝੀ –

***................ ਬਿਨੁ ਬੂਝੇ ਪਸੁ ਢੋਰ॥ ਪੰਨਾ – 251***

ਕਹਿੰਦੇ, ਉਹਨਾਂ ਨੂੰ ਮਨੁੱਖ ਨਾ ਕਹੋ, ਉਹ ਤਾਂ ਪਸ਼ੂ ਹੈ, ਪਸ਼ੂਆਂ ਦੇ ਵਿਚ ਵੀ ਢੋਰ ਗਧੇ ਨੂੰ ਕਹਿੰਦੇ ਹਨ।

***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥ ਪੰਨਾ – 251***

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓ, ਤੰਮਾਕੂ ਦਾ ਕਿੰਨਾ ਮਾੜਾ ਅਸਰ ਹੈ ਤੇ ਨਾਲ ਆਪ ਨੇ ਫੁਰਮਾਇਆ ਕਿ ਇਕ ਦਿਨ ਸਾਡਾ ਘੋੜਾ ਤੁਰੇ ਨਾ, ਪੈਰ ਅੜਾ ਕੇ ਖੜ੍ਹ ਗਿਆ। ਅਸੀਂ ਸੋਚਿਆ ਕਿ ਤੁਰਦਾ ਕਿਉਂ ਨਹੀਂ? ਕਿਉਂਕਿ ਗੁਰੂ ਮਹਾਰਾਜ ਜੀ ਦਾ ਘੋੜਾ ਤੇ ਬਾਜ ਐਵੇਂ ਨਹੀਂ

ਸਨ, ਉਹਨਾਂ ਨੂੰ ਸਾਰਾ ਗਿਆਨ ਸੀ। ਉਸੇ ਸਰੀਰ ਦੇ ਨਾਲ ਦਰਗਾਹ ਵਿਚ ਗਏ ਹਨ। ਗੁਰੂਆਂ ਦੀ ਮੇਹਰ ਦੇ ਨਾਲ ਸਚਖੰਡ 'ਚ ਘੋੜੇ ਵੀ ਪਹੁੰਚ ਗਏ। ਜਦੋਂ ਹੁਣ ਦਰਸ਼ਨ ਹੁੰਦੇ ਹਨ ਦਿਬਜ ਘੋੜਾ ਹੁੰਦਾ ਹੈ, ਪ੍ਰਕਾਸ਼ ਦਾ ਘੋੜਾ। ਕਹਿੰਦੇ, ਘੋੜਾ ਤੁਰੇ ਨਾ। ਅਸੀਂ ਭਾਈ ਦਇਆ ਸਿੰਘ ਨੂੰ ਕਿਹਾ ਕਿ ਰਾਕਾ ਅੜ ਕੇ ਖੜ੍ਹ ਗਿਆ, ਦੇਖ ਤਾਂ ਕੀ ਹੈ?"

ਕਹਿੰਦਾ, "ਸੱਚੇ ਪਾਤਿਸ਼ਾਹ, ਇਸ ਖੇਤ 'ਚ ਤਾਂ ਤੰਬਾਕੂ ਬੀਜਿਆ ਹੋਇਆ ਸੀ ਪਹਿਲਾਂ।"

ਕਹਿੰਦੇ, "ਦੇਖੋ ਸਾਧ ਸੰਗਤ ਜੀ! ਤੰਬਾਕੂ ਦੇ ਖੇਤ 'ਚੋਂ ਸਾਡਾ ਘੋੜਾ ਨਹੀਂ ਲੰਘਿਆ ਤੇ ਜਿਹੜਾ ਪੀਂਦਾ ਹੈ, ਉਹਦਾ ਕੀ ਹਾਲ ਹੋਏਗਾ?"

ਸੁਣ ਲਓ ਸਾਇੰਸ ਦੀ, ਡਾਕਟਰਾਂ ਦੀ। ਡਾਕਟਰਾਂ ਨੂੰ ਇਹ ਪਤਾ ਲੱਗ ਗਿਆ ਹੈ ਕਿ ਜੇ ਬੰਦੇ ਮਾਰਨੇ ਹੋਣ, ਜਿਹੜਾ ਇਹ ਤੰਬਾਕੂ ਹੈ, ਇਹ ਪਿਲਾਈ ਜਾਓ। ਆਪੇ ਹੀ ਮਰ ਜਾਣਗੇ। ਨਾ ਕਿਸੇ ਬੰਬ ਦੀ ਲੋੜ ਹੈ, ਨਾ ਕਿਸੇ ਚੀਜ਼ ਦੀ ਲੋੜ ਹੈ। ਆਪਣੇ-ਆਪ ਹੀ ਖਾਤਮਾ ਹੋ ਜਾਏਗਾ। ਦੋ ਸੌ ਸਾਲ ਵਿਚ ਸਭ ਮਰ ਜਾਣਗੇ ਜਿਵੇਂ ਹੁਣ ਪੀਂਦੇ ਨੇ। ਅਮਰੀਕਾ ਤੇ ਯੂਰਪ ਵਿਚ ਪੀਂਦੇ ਸਨ। ਉਨ੍ਹਾਂ ਨੇ ਕਿਹਾ ਕਿ ਬੜਾ ਮਾੜਾ ਕੰਮ ਹੋਇਆ ਤੇ ਇਨ੍ਹਾਂ ਨੂੰ ਹਟਾਈਏ ਕਿਵੇਂ? ਡਾਕਟਰਾਂ ਕੋਲ ਗੱਲ ਚਲੀ ਗਈ। ਉਨ੍ਹਾਂ ਨੇ ਖੋਜ ਕਰਨੀ ਸ਼ੁਰੂ ਕਰ ਦਿਤੀ ਤੇ ਇਹ ਨਤੀਜਾ ਕੱਢਿਆ ਕਿ ਤੰਬਾਕੂ ਨੂੰ ਜਿਹੜਾ ਖਾਂਦਾ ਹੈ, ਜਿਸ ਨੂੰ ਜਰਦਾ ਕਹਿੰਦੇ ਹਨ ਇਹ ਪਹਿਲਾਂ ਤਾਂ ਦੰਦਾਂ ਦਾ ਕੈਂਸਰ ਕਰਦਾ ਹੈ, ਫੇਰ ਜੀਭ ਤੇ ਕੈਂਸਰ ਕਰਦਾ ਹੈ। ਡਾਕਟਰ ਜੀਭ ਕੱਟ ਦਿੰਦੇ ਹਨ। ਫੇਰ ਕਹਿੰਦੇ, ਉਸ ਤੋਂ ਬਾਅਦ ਕੈਂਸਰ ਮਿਹਦੇ ਅੰਦਰ ਚਲਿਆ ਜਾਂਦਾ ਹੈ। ਫੇਰ ਬਲੈਡਰ ਵਿਚ ਅਸਰ ਕਰਦਾ ਹੈ। ਜਿਥੇ ਸਾਹ ਲੈਂਦੇ ਹਾਂ, ਫੇਫੜੇ ਵਿਚ ਕੈਂਸਰ ਕਰਦਾ ਹੈ। ਚਾਰ ਕੈਂਸਰ ਤੰਬਾਕੂ ਖਾਣ ਵਾਲਾ ਕਰਦਾ ਹੈ। ਜਿਹੜਾ ਪੀਂਦਾ ਹੈ ਉਸ ਦੇ ਮਿਹਦੇ ਵਿਚ ਹੁੰਦਾ ਹੈ ਕਿਉਂਕਿ ਧੂੰਆਂ ਅੰਦਰ ਨੂੰ ਲੈ ਕੇ ਜਾਂਦੇ ਨੇ। ਉਨ੍ਹਾਂ ਨੇ ਤਸਵੀਰਾਂ ਬਣਾਈਆਂ। ਇਕ ਤੰਬਾਕੂ ਪੀਣ ਵਾਲਾ ਲਿਆ, ਇਕ ਦੂਜਾ ਲਿਆ। ਹਰ ਰੋਜ਼ ਉਨ੍ਹਾਂ ਦੇ ਐਕਸਰੇ ਲਈ ਜਾਣ। ਐਕਸਰੇ ਰੰਗੀਨ ਲੈ ਲੈ ਕੇ ਉਨ੍ਹਾਂ ਨੇ ਸਾਬਿਤ ਕਰਕੇ ਦੱਸਿਆ ਕਿ ਤੰਬਾਕੂ ਪੀਣ ਵਾਲੇ ਦਾ ਫੇਫੜਾ ਆਹ ਦੇਖੋ ਕਾਲਾ-ਸਿਆਹ ਹੋਇਆ ਪਿਆ ਹੈ ਤੇ ਦੂਜਾ ਦੇਖੋ ਕਿਵੇਂ ਸੋਨੇ ਵਾਂਗ ਚਮਕਦਾ ਹੈ। ਉਥੇ ਸਰਕਾਰ ਦੀ ਸਮਝ ਵਿਚ ਗੱਲ ਆ ਗਈ ਤੇ ਸਰਕਾਰ ਨੇ ਤੰਬਾਕੂ ਤੇ ਨਸ਼ੀਲੀਆਂ ਦਵਾਈਆਂ ਦੇ ਖਿਲਾਫ ਲੜਾਈ ਦਾ ਐਲਾਨ ਕਰ ਦਿਤਾ। ਜਿਵੇਂ ਦੂਜਾ ਸੰਸਾਰ ਯੁੱਧ ਹੋਇਆ ਸੀ ਇਸੇ ਤਰ੍ਹਾਂ ਕਹਿੰਦੇ ਯੁੱਧ ਕਰੋ ਇਸ ਦੇ ਖਿਲਾਫ। ਜਿਥੇ drug ਬਣਦੀ ਸੀ ਦੂਜੇ ਦੇਸ਼ ਵਿਚ, ਜਾ ਕੇ ਬੰਬਾਰੀ ਸ਼ੁਰੂ ਕਰ ਦਿਤੀ। ਫੌਜਾਂ ਭੇਜ ਦਿਤੀਆਂ, ਲੜਾਈ ਮੁਲ ਲੈ ਲਈ ਅਮਰੀਕਾ ਨੇ। ਕੰਬੋਡੀਆ ਦੇ ਅੰਦਰ ਜਾ ਕੇ ਦਰਖਤ ਪੁੱਟਣੇ ਸ਼ੁਰੂ ਕਰ ਦਿਤੇ। ਸਾਰੇ ਦੀ ਪੁਟਾਈ ਸ਼ੁਰੂ ਕਰ ਦਿਤੀ, ਟਰੈਕਟਰ ਲੈ ਗਏ। ਉਨ੍ਹਾਂ ਨੇ ਪੁਛਿਆ ਕਿ ਤੁਸੀਂ ਇਹ ਕੀ ਕਰਦੇ ਹੋ? ਉਨ੍ਹਾਂ ਨੇ ਜਵਾਬ ਦਿਤਾ ਕਿ ਪੈਸਾ ਤਾਂ ਤੁਹਾਡੇ ਦੇਸ਼ ਵਿਚ ਆਉਂਦਾ ਹੈ ਪਰ ਬੰਦੇ ਸਾਡੇ ਮਰਦੇ ਹਨ। ਹੁਕਮ ਕਰ ਦਿਤਾ ਕਿ ਕੋਈ ਵੀ local flight (ਸਥਾਨਕ ਉਡਾਣ) ਜਿਹੜੇ ਜਹਾਜ਼ ਅਮਰੀਕਾ ਵਿਚ ਘੁੰਮਦੇ ਹਨ ਉਨ੍ਹਾਂ ਵਿਚ ਕੋਈ ਬੰਦਾ ਸਿਗਰਟ ਨਹੀਂ ਪੀ ਸਕਦਾ। ਸਾਰੀਆਂ ਫੈਕਟਰੀਆਂ ਵਾਲਿਆਂ ਨੇ ਹੁਕਮ ਕਰ ਦਿਤਾ ਕਿ ਕੋਈ ਬੰਦਾ drug (ਨਸ਼ੀਲੀ ਦਵਾਈ) ਨਹੀਂ ਖਾ ਸਕਦਾ, ਕੋਈ ਸਿਗਰਟ ਨਹੀਂ ਪੀ ਸਕਦਾ। ਜੇ ਪਤਾ ਲੱਗ ਜਾਵੇ ਕਿ ਤਿੰਨ ਮਹੀਨੇ ਪਹਿਲਾਂ ਇਸ ਨੇ drug ਖਾਧੀ ਹੈ, ਇਹ ਪਿਸ਼ਾਬ ਵਿਚੋਂ ਪਤਾ ਲੱਗ ਜਾਂਦਾ ਹੈ, ਭਾਵੇਂ ਉਹ ਕਿੱਡਾ ਹੀ ਮੈਨੇਜਰ ਹੋਵੇ ਉਸ ਨੂੰ ਫੌਰਨ ਨੌਕਰੀ 'ਚੋਂ ਕੱਢ ਦਿਓ। ਕਿਸੇ public place (ਜਨ ਸਾਧਾਰਣ ਥਾਂ, ਸਾਂਝੀ ਥਾਂ) ਵਿਚ, ਗੱਡੀ ਵਿਚ, ਬੱਸਾਂ ਵਿਚ ਕਿਤੇ ਵੀ ਸਿਗਰਟ ਨਹੀਂ ਪੀ ਸਕਦਾ।

ਉਨ੍ਹਾਂ ਨੇ ਤਾਂ ਗੱਲ ਸਮਝ ਲਈ। ਹੁਣ ਸਾਡੀ ਵਾਰੀ ਆਈ ਹੈ ਤੇ ਅਸੀਂ ਜ਼ੋਰ ਦਿਤਾ ਹੋਇਆ ਹੈ ਜਰਦਾ ਖਾਣ ਤੇ। ਖਾਈ ਜਾਓ ਮਰ ਜਾਓਗੇ। ਬਾਬਾ ਜੀ ਨੇ ਤਾਂ ਬਾਤ ਸਹੀ ਕਹਿਣੀ ਹੈ, ਰੋਜ਼ ਦੇਖੋ ਤੁਸੀਂ, ਕਿੰਨੇ ਮਰਦੇ ਹਨ। ਸ਼ਰਾਬ ਪੀਣ ਵਾਲੇ ਮਰਦੇ ਹਨ। ਸੋ ਇਹ ਚੀਜ਼ਾਂ ਸਾਮ੍ਹਣੇ ਨੁਕਸਾਨ ਕਰ ਰਹੀਆਂ ਹਨ। ਆਦਮੀ ਡੱਕੇ ਵਾਂਗ ਹਿਲਦਾ ਹੈ, ਕੋਈ ਕੰਮ ਨਹੀਂ ਕਰ ਸਕਦਾ; ਜੇ ਜ਼ਰਦਾ ਖਾਏਗਾ ਤਾਂ ਹੀ ਕੋਈ ਕੰਮ ਸਕੇਗਾ। ਮੈਂ ਕਹਿੰਦਾਂ ਕਿ ਭਾਈ ਇਨ੍ਹਾਂ ਨੂੰ ਚਾਰ ਕਿਲੋ ਘਿਓ ਖਿਲਾਓ, ਇਸ ਦੀ ਭਲਕ ਜਿਹੀ ਹਟ ਜਾਵੇ,

ਨਹੀਂ ਤਾਂ ਇਹ ਬੁਰੀ ਤਰ੍ਹਾਂ ਨਸ਼ੇ ਦੇ ਕਾਬੂ ਆ ਗਿਆ। ਆਹ ਜਿਹੜੇ brown sugar ਖਾ ਲੈਂਦੇ ਹਨ ਜੇ ਦੋ ਦਿਨ ਖਾ ਲੈਣ ਤਾਂ ਮੁੜ ਕੇ ਨਹੀਂ ਹਟ ਸਕਦੇ। ਫੇਰ ਚੀਕਾਂ ਮਾਰਦੇ ਹਨ ਜੇ ਨਾ ਮਿਲੇ। ਪੁਲਿਸ ਉਨ੍ਹਾਂ ਨੂੰ ਸਵਾ ਮਹੀਨਾ ਅੰਦਰ ਰਖਦੀ ਹੈ, ਕਿਸੇ ਨੂੰ ਨਹੀਂ ਮਿਲਣ ਦਿੰਦੀ, ਤਾਂ ਜਾ ਕੇ ਉਹ ਠੀਕ ਹੁੰਦੇ ਨੇ। ਆਪਣੇ ਸਰੀਰ ਦੇ ਵੈਰੀ ਬਣਨਾ ਹੈ? ਸੋ ਇਹ ਤੰਬਾਕੂ ਹੋਇਆ, ਸ਼ਰਾਬ ਹੋਈ ਇਨ੍ਹਾਂ ਦਾ ਕਿੰਨਾ ਮਾੜਾ ਨਤੀਜਾ ਹੈ ਪਰ ਫੇਰ ਵੀ ਪੀਈ ਜਾਂਦੇ ਹਨ। ਮਹਾਰਾਜ ਜੀ ਕਹਿੰਦੇ, ਫੇਰ ਇਨ੍ਹਾਂ ਨੂੰ ਬੰਦੇ ਕਹਿੰਦੇ ਓ? ਬੰਦੇ ਨਾ ਕਹੋ, ਇਹ ਤਾਂ ਢੋਰ ਨੇ, ਪਸ਼ੂ ਨੇ। ਬੰਦੇ ਨਾ ਸਮਝਣ ਇਹ ਲੋਕ ਆਪਣੇ-ਆਪ ਨੂੰ, ਪਸ਼ੂ ਸਮਝਿਆ ਕਰਨ, ਖੁਰਲੀਆਂ ਤੇ ਖਾਣਾ ਖਾਇਆ ਕਰਨ।

ਸੋ ਇਸ ਤਰ੍ਹਾਂ ਦਸ਼ਮੇਸ਼ ਪਿਤਾ ਜੀ ਕਹਿੰਦੇ ਦੇਖੋ ਪ੍ਰੇਮੀਓਂ! ਜਿਥੇ ਹਰੀ ਦਾ ਜਸ ਹੁੰਦਾ ਹੈ ਉਥੇ ਸਾਰੇ ਦੇਵਤੇ ਹੁੰਦੇ ਹਨ, ਉਹ ਵੀ ਹਰੀ ਦਾ ਜਸ ਸੁਣਨ ਲਈ ਆਉਂਦੇ ਹਨ। ਦੂਸਰਾ ਜਿਹੜਾ ਪ੍ਰਭੂ ਦਾ ਪਿਆਰਾ ਹੈ, ਬੰਦਗੀ ਕਰਦਾ ਹੈ, ਨਾਮ ਜਪਦਾ ਹੈ ਉਨ੍ਹਾਂ ਨੂੰ ਦੇਵਤੇ ਵੀ ਟੋਲ੍ਹਦੇ ਫਿਰਦੇ ਹਨ ਕਿ ਕਿਤੇ ਕੋਈ ਰੱਬ ਦਾ ਪਿਆਰਾ ਸਤਿਸੰਗ ਕਰਦਾ ਹੋਵੇ, ਸਾਨੂੰ ਪਤਾ ਲੱਗੇ ਤੇ ਉਥੇ ਜਾ ਕੇ ਉਸ ਦੇ ਬਚਨ ਸੁਣੀਏ, ਉਸ ਦੇ ਦਰਸ਼ਨ ਕਰੀਏ। ਗੁਰੂ ਮਹਾਰਾਜ ਜੀ ਆਪਣੇ ਮੁਖਾਰਬਿੰਦ ਤੋਂ ਏਸ ਤਰ੍ਹਾਂ ਕਹਿੰਦੇ ਹਨ -

***ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ, ਬ੍ਰਹਮਗਿਆਨੀ ਨੂੰ -2, 4.***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ - 273***

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ - 397***

***ਹਰਿ ਕਾ ਸੇਵਕੁ ਸੋ ਹਰਿ ਜੇਹਾ॥***
***ਭੇਦੁ ਨ ਜਾਣਹੁ ਮਾਣਸ ਦੇਹਾ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ॥ ਪੰਨਾ - 1076***

ਕਹਿੰਦੇ ਕਿਉਂਕਿ ਉਹ ਬੰਦਗੀ ਕਰਕੇ, ਨਾਮ ਜਪ ਕੇ -

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥ ਪੰਨਾ - 1369***

ਆਪ ਹੀ ਪ੍ਰਮੇਸ਼ਰ ਹੋ ਗਿਆ। ਫੇਰ ਦਰਸ਼ਨ ਕਰਨ ਨੂੰ ਫਿਰਦੇ ਹਨ ਕਿ ਪ੍ਰਮੇਸ਼ਰ ਦੇ ਦਰਸ਼ਨ ਕਰੀਏ ਕਿਉਂਕਿ ਦੇਵਤਿਆਂ ਨੂੰ ਪ੍ਰਭੂ ਦੇ ਦਰਸ਼ਨ ਨਹੀਂ ਹੁੰਦੇ। ਰੋਜ਼ ਪੜ੍ਹਦੇ ਹਾਂ ਆਪਾਂ -

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥***
***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥***
***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ ਪੰਨਾ - 7***

ਕਹਿੰਦੇ ਤਿੰਨ ਦੇਵਤੇ ਨੇ ਵੱਡੇ - ਇਕ ਪੈਦਾ ਕਰਨ ਵਾਲਾ, ਇਕ ਰਿਜ਼ਕ ਦੇਣ ਵਾਲਾ ਤੇ ਇਕ ਮਾਰਨ ਵਾਲਾ। ਇਕ ਨੂੰ ਬ੍ਰਹਮਾ ਜੀ ਕਹਿੰਦੇ ਹਨ, ਦੂਜੇ ਨੂੰ ਵਿਸ਼ਨੂੰ ਜੀ ਤੇ ਤੀਜੇ ਨੂੰ ਸ਼ਿਵ ਜੀ। ਮਹਾਰਾਜ ਜੀ ਕਹਿੰਦੇ ਦੇਖੋ! ਹੁਕਮ ਵਿਚ ਚਲਦੇ ਹਨ, ਓਹੀ ਕੰਮ ਕਰਦੇ ਹਨ। ਬ੍ਰਹਮਾ ਜਗਤ ਦੀ ਉਤਪਤੀ ਕਰ ਰਹੇ ਹਨ, ਇੱਕ-ਦੋ-ਚਾਰ ਨਹੀਂ, ਅਨੇਕਾਂ ਹਨ-

***ਕੋਟਿ ਬ੍ਰਹਮੇ ਜਗੁ ਸਾਜਣ ਲਾਏ॥ ਪੰਨਾ - 1156***

ਲੱਖਾਂ ਬ੍ਰਹਮਾ ਹਨ, ਪਰ ਉਹ ਨਿਰੰਕਾਰ ਦੇ ਦਰਸ਼ਨ ਨਹੀਂ ਕਰ ਸਕਦੇ, ਵਿਸ਼ਨੂੰ ਜੀ ਦਰਸ਼ਨ ਨਹੀਂ ਕਰ ਸਕਦੇ, ਸ਼ਿਵ ਜੀ ਦਰਸ਼ਨ ਨਹੀਂ ਕਰ ਸਕਦੇ।

*ਨਾਰਦ ਸੇ ਚਤੁਰਾਨਨ ਸੇ, ਰੁਮਨਾ ਰਿਖ ਸੇ, ਸਭ ਹੂ ਮਿਲਿ ਗਾਇਓ॥*
*ਬੇਦ ਕਤੇਬ ਨ ਭੇਦ ਲਖਿਓ, ਸਭ ਹਾਰਿ ਪਰੇ ਹਰਿ ਹਾਥ ਨ ਆਇਓ॥*
*ਪਾਇ ਸਕੈ ਨਹੀ ਪਾਰ ਉਮਾਪਤਿ, ਸਿੱਧ ਸਨਾਥ ਸਨੰਤਨ ਧਿਆਇਓ॥*
*ਧਿਆਨ ਧਰੋ ਤਿਹ ਕੋ ਮਨ ਮੈਂ, ਜਿਹ ਕੋ ਅਮਿਤੋਜਿ ਸਭੈ ਜਗੁ ਛਾਇਓ॥*
*(ਅਕਾਲ ਉਸਤਤਿ)*

ਇਕ ਥਾਂ ਮਹਾਰਾਜ ਜੀ ਲਿਖਦੇ ਨੇ ਕਿ ਸ਼ਿਵ ਜੀ ਅਜੇ ਤੱਕ ਧਿਆਨ ਲਾਈ ਬੈਠਾ ਹੈ ਪਰ ਪ੍ਰਭੂ ਦੇ ਦਰਸ਼ਨ ਨਹੀਂ ਹੋ ਰਹੇ। ਫੇਰ ਪ੍ਰਭੂ ਦੇ ਦਰਸ਼ਨ ਕਰਨ ਵਾਸਤੇ ਜਿਹੜਾ ਬ੍ਰਹਮਗਿਆਨੀ ਆਪ ਹੀ ਪ੍ਰਮੇਸ਼ਰ ਹੈ–

*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥* *ਪੰਨਾ - 273*

ਫੇਰ ਉਸ ਦੇ ਦਰਸ਼ਨ ਕਰਨ ਆਉਂਦੇ ਹਨ ਕਿ ਚਲੋ ਉਸ ਜੋਤ ਦੇ ਦਰਸ਼ਨ ਤਾਂ ਨਹੀਂ ਹੋਏ, ਸਰੀਰ ਵਿਚ ਦਰਸ਼ਨ ਕਰਾਂਗੇ, ਬਚਨ ਸੁਣਾਂਗੇ ਪ੍ਰਭੂ ਦੇ। ਖੋਜਦੇ ਫਿਰਦੇ ਹਨ।

ਇਕ ਵਾਰੀ ਸ਼ਿਵ ਜੀ ਤੇ ਪਾਰਬਤੀ ਜਾ ਰਹੇ ਹਨ। ਜਾਂਦੇ-ਜਾਂਦੇ ਜਦੋਂ ਇਕ ਉਜਾੜ ਥਾਂ ਤੇ ਪਹੁੰਚੇ, ਝਾੜੀਆਂ ਉਗੀਆਂ ਹੋਈਆਂ ਹਨ ਤੇ ਜੰਗਲ ਬਣਿਆ ਹੋਇਆ ਹੈ। ਉਥੇ ਸ਼ਿਵ ਜੀ ਆਪਣੇ ਵਾਹਨ ਤੋਂ ਉਤਰ ਗਏ ਤੇ ਮੱਥਾ ਟੇਕਣਾ ਸ਼ੁਰੂ ਕਰ ਦਿਤਾ। ਜਦੋਂ ਦੋ-ਚਾਰ ਵਾਰੀ ਮਸਤਕ ਨਿਵਾਇਆ, ਪਾਰਬਤੀ ਦੇਖ ਰਹੀ ਹੈ ਕਿ ਇਥੇ ਨਾ ਤਾਂ ਕੋਈ ਦੇਹੁਰਾ ਹੈ, ਨਾ ਕੋਈ ਮੰਦਰ ਹੈ, ਫੇਰ ਇਹ ਮੱਥਾ ਕਿਸ ਨੂੰ ਟੇਕੀ ਜਾਂਦੇ ਹਨ।

ਉਸ ਵੇਲੇ ਪਾਰਬਤੀ ਨੇ ਪੁਛਿਆ ਕਿ ਕਿਰਪਾ ਕਰਕੇ ਮਹਾਂਦੇਵ ਜੀ ਆਪ ਦੱਸੋ! ਇਥੇ ਸਾਹਮਣੇ ਕੁਝ ਨਜ਼ਰ ਤਾਂ ਆਉਂਦਾ ਨਹੀਂ, ਤੁਸੀਂ ਮੱਥਾ ਕਿਸਨੂੰ ਟੇਕਦੇ ਹੋ?

ਸ਼ਿਵ ਜੀ ਬੋਲੇ, "ਪਾਰਬਤੀ! ਬੜਾ ਸਮਾਂ ਹੋਇਆ ਇਥੇ ਇਕ ਪ੍ਰਮੇਸ਼ਰ ਦੇ ਪਿਆਰੇ ਨੇ, ਪ੍ਰਮੇਸ਼ਰ ਦੇ ਪਿਆਰ ਵਿਚ ਆਪਣੀ ਆਯੂ ਬਤੀਤ ਕੀਤੀ ਸੀ, ਉਸ ਦੇ ਸਦਕੇ ਕਣ-ਕਣ ਵਿਚੋਂ ਪਿਆਰ ਦੀ ਸੁਗੰਧੀ ਆ ਰਹੀ ਹੈ, ਮੈਂ ਉਸ ਨੂੰ ਨਮਸ਼ਕਾਰ ਕਰ ਰਿਹਾ ਹਾਂ ਕਿਉਂਕਿ ਇਹ ਪਵਿੱਤਰ ਸਥਾਨ ਹੈ, ਇਥੇ ਪ੍ਰਮੇਸ਼ਰ ਦਾ ਪਿਆਰਾ ਬੈਠਿਆ ਸੀ।"

ਸੋ ਮਹਾਰਾਜ ਜੀ ਕਹਿੰਦੇ ਕਿ ਉਹ ਦੇਖਦੇ ਫਿਰਦੇ ਹਨ, ਟੋਲ੍ਹਦੇ ਫਿਰਦੇ ਹਨ ਪ੍ਰਭੂ ਦੇ ਪਿਆਰਿਆਂ ਨੂੰ –

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥* *(ਸਰਬ ਲੋਹ ਗ੍ਰੰਥ 'ਚੋਂ)*

ਉਹ ਤਾਂ ਪ੍ਰਭੂ ਦਾ ਰੂਪ ਹੁੰਦੇ ਹਨ। ਵਾਹਿਗੁਰੂ ਜੀ ਕਹਿੰਦੇ ਕਿ ਜਿਹੜੇ ਮੇਰੇ ਬਣ ਜਾਂਦੇ ਹਨ, ਹਰ ਵਕਤ ਮੇਰਾ ਹੀ ਧਿਆਨ ਰੱਖਦੇ ਹਨ ਤੇ ਮੈਨੂੰ ਸਾਰੇ ਪਸਰਿਆ ਹੋਇਆ ਪਰੀਪੂਰਨ ਦੇਖਦੇ ਹਨ ਉਨ੍ਹਾਂ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ ਹੈ। ਤੁਸੀਂ ਐਉਂ ਸਮਝ ਲਓ ਕਿ ਮੈਂ ਨਿਰਾਕਾਰ ਹਾਂ, ਨਿਰਗੁਣ ਹਾਂ ਤੇ ਮੇਰੇ ਪਿਆਰੇ ਸਰਗੁਣ ਨੇ, ਸੋ ਉਨ੍ਹਾਂ ਨੂੰ ਮੇਰਾ ਹੀ ਰੂਪ ਜਾਣੋ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਮੇਰਾ ਹੀ ਰੂਪ ਹੈ, ਮੇਰੇ ਹੀ ਬਣ ਗਏ ਜਿਹੜੇ -2, 2.*
*ਮੇਰੇ ਹੀ ਬਣ ਗਏ ਜਿਹੜੇ -2, 2.*
*ਮੇਰਾ ਹੀ ਰੂਪ ਹੈ,............... -2.*

*ਦਾਸ ਅਨਿੰਨ ਮੇਰੋ ਨਿਜ ਰੂਪ॥*
*ਦਰਸਨ ਨਿਮਖ ਤਾਪ ਤ੍ਰਈ ਮੋਚਨ*
*ਪਰਸਤ ਮੁਕਤਿ ਕਰਤ ਗ੍ਰਿਹ ਕੂਪ॥* *ਪੰਨਾ - 1252*

ਕਹਿੰਦੇ ਮੇਰਾ ਹੀ ਸਾਕਾਰ ਰੂਪ ਹੈ ਜਿਹੜੇ ਮੇਰੇ ਪਿਆਰੇ ਹਰ ਵਕਤ ਮੇਰੇ ਨਾਲ ਅਭੇਦ ਅਵਸਥਾ ਵਿਚ ਰਹਿੰਦੇ ਹਨ। ਉਨ੍ਹਾਂ ਦੇ ਚਰਨ ਪਰਸਣ ਨਾਲ ਗ੍ਰਹਿਸਤ ਦੇ ਅੰਧੇ ਖੂਹ ਵਿਚੋਂ ਪ੍ਰਾਣੀ ਮੁਕਤ ਹੋ ਜਾਂਦਾ ਹੈ।

***ਅਬ ਤਉ ਜਾਇ ਚਢੇ ਸਿੰਘਾਸਨਿ ਮਿਲ ਹੈ ਸਾਰਿੰਗਪਾਨੀ॥***
***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥*** ***ਪੰਨਾ - 969***

ਕਬੀਰ ਸਾਹਿਬ ਕਹਿੰਦੇ ਹਨ, ਨਾ ਰਾਮ ਦਾ ਅਤੇ ਨਾ ਮੇਰਾ, ਪਤਾ ਹੀ ਨਹੀਂ ਲਗਦਾ। ਇਕੋ ਰੂਪ ਹੋ ਗਏ ਹਾਂ। ਕਹਿੰਦੇ ਭੋਰਾ ਜਿੰਨਾ ਵੀ ਫਰਕ ਨਹੀਂ ਹੁੰਦਾ। ਸੋ ਉਸ ਦੇ ਦਰਸ਼ਨ ਕਰਨ ਵਾਸਤੇ ਦੇਵਤੇ ਆਇਆ ਕਰਦੇ ਹਨ। ਸੋ ਦਸ਼ਮੇਸ਼ ਜੀ ਕਹਿੰਦੇ ਉਨ੍ਹਾਂ ਨੂੰ ਪੂਜਦੇ ਹੋ? ਬੰਦਾ ਕਿਥੇ ਚਲਿਆ ਗਿਆ? ਮਾਤਾ ਇਕ ਬਿਮਾਰੀ ਹੈ ਜਿਸ ਨੂੰ ਸੀਤਲਾ ਕਹਿੰਦੇ ਹਨ। ਅੰਗਰੇਜ਼ੀ ਵਿਚ small pox ਕਹਿੰਦੇ ਹਨ। ਹਿੰਦੋਸਤਾਨ ਦੇ ਲੋਕ ਮੰਨਦੇ ਸੀ, ਹੋਰ ਕੋਈ ਨਹੀਂ ਦੁਨੀਆਂ ਵਿਚ ਮੰਨਦਾ। ਜੇ ਮਾਤਾ ਨਿਕਲ ਆਵੇ ਫੇਰ ਦੌੜਦੇ ਸਨ। ਗਧਾ ਏਸ ਦਾ ਵਾਹਨ ਹੈ ਤੇ ਇਸ ਨੂੰ ਮੰਨਦੇ ਸਨ। ਬਾਹਰਲਿਆਂ ਨੇ ਨਾ ਮੰਨਿਆ, ਉਹ ਕਹਿੰਦੇ ਫਜ਼ੂਲ ਬਾਤ ਹੈ, ਬਿਮਾਰੀ ਵੀ ਕਦੇ ਦੇਵਤਾ ਹੁੰਦੀ ਹੈ? ਅਮਰੀਕਾ ਵਾਲਿਆਂ ਨੇ ਖੋਜ ਕੀਤੀ - World Health Organization (ਸੰਸਾਰ ਸਿਹਤ ਸੰਸਥਾ) ਨੇ। ਉਹ ਕਹਿੰਦੇ ਇਹ ਇਕ ਕੀਟਾਣੂ ਹੈ ਛੋਟਾ ਜਿਹਾ, ਉਹ ਉਡ ਕੇ ਲਗਦਾ ਹੈ। ਸੌ ਮੀਲ ਤੇ ਵੀ ਜਾਂਦਾ ਹੈ, ਹਜ਼ਾਰ ਮੀਲ ਤੇ ਵੀ ਜਾਂਦਾ ਹੈ, ਦਸ-ਹਜ਼ਾਰ ਮੀਲ ਤੇ ਵੀ ਜਾਂਦਾ ਹੈ। ਜਾਂਦਾ ਕਾਹਦੇ ਨਾਲ ਲੱਗ ਕੇ ਹੈ, ਕਿਸੇ ਚੀਜ਼ ਨਾਲ ਲੱਗ ਕੇ ਜਾਂਦਾ ਹੈ। ਜੇ ਹਿੰਦੋਸਤਾਨ ਵਿਚ small pox ਫੈਲ ਜਾਵੇ ਅਤੇ ਇਥੋਂ ਤੰਦਰੁਸਤ ਬੰਦਿਆਂ ਨੇ ਜਹਾਜ਼ ਚੜ੍ਹਨਾ ਹੋਵੇ ਤਾਂ, ਉਨ੍ਹਾਂ ਦੇ ਕਪੜਿਆਂ ਨਾਲ ਲੱਗ ਕੇ ਚਲਿਆ ਜਾਏਗਾ। ਪਹਿਲਾਂ-ਪਹਿਲਾਂ ਤਾਂ ਉਹ ਬਹੁਤ ਇੰਤਜ਼ਾਮ ਕਰਦੇ ਸਨ। ਜਾਣ ਸਮੇਂ ਰੋਗਾਣੂਆਂ ਤੋਂ ਸ਼ੁਧੀ ਕਰਨੀ, ਦਵਾਈਆਂ ਛਿੜਕਣੀਆਂ, ਤਾਂ ਜਾ ਕੇ ਲੰਘਣ ਦਿੰਦੇ ਸਨ। ਕਹਿੰਦੇ ਤੁਹਾਡੇ ਦੇਸ਼ ਵਿਚ ਤਾਂ ਮਾਤਾ ਫੈਲੀ ਹੋਈ ਹੈ। ਫੇਰ ਇਨ੍ਹਾਂ ਨੇ ਇਕ ਟੀਕਾ ਕੱਢ ਲਿਆ ਤੇ ਉਹ ਟੀਕਾ ਸਾਰੀ ਦੁਨੀਆਂ ਵਿਚ ਹੀ ਲਾ ਦਿਤਾ ਤੇ ਨਾਲ ਇਹ ਵੀ ਕਹਿ ਦਿਤਾ ਕਿ ਹੁਣ ਕਦੇ ਵੀ ਮਾਤਾ ਨਹੀਂ ਨਿਕਲੇਗੀ। ਜੇ ਕਿਸੇ ਦੇ ਨਿਕਲੇ ਤਾਂ ਜਿਹੜਾ ਇਹ ਦਸੇਗਾ ਉਸਨੂੰ ਹਜ਼ਾਰ ਰੁਪਿਆ ਇਨਾਮ। ਮੁੜ ਕੇ ਨਿਕਲੀ ਹੀ ਨਹੀਂ। ਸਾਡੇ ਲੋਕ ਇਹੋ ਜਿਹੇ ਨੇ, ਮੁੜ ਕੇ ਫੇਰ ਉਸ ਨੂੰ ਯਾਦ ਕਰੀ ਜਾਂਦੇ ਹਨ।

ਮੈਂ ਦੀਵਾਨ ਲਾਉਣ ਜਾ ਰਿਹਾ ਸੀ, ਇਕ ਪਿੰਡ ਕੋਲੋਂ ਦੀ ਲੰਘਿਆ, ਦੁਭਰੀ ਪਿੰਡ ਸੀ ਉਹ। ਉਥੇ ਦੇਖਿਆ ਦੋ-ਦੋ ਇੱਟਾਂ ਜੋੜ ਕੇ ਹਰੇਕ ਦੇ ਥੱਲੇ ਇਕ ਦੀਵਾ ਰੱਖਿਆ ਹੋਇਆ ਹੈ। ਦੀਵਾਲੀ ਦੇ ਨੇੜੇ ਦੀ ਗੱਲ ਹੈ। ਅਸੀਂ ਕਿਹਾ ਕਿ ਭਾਈ, ਐਨੇ ਦੀਵੇ ਰੱਖੇ ਨੇ, ਇਹ ਤਾਂ 100-200 ਦੀਵਾ ਹੈ ਐਨਾ ਤੇਲ ਪਿਆ ਹੈ ਇਨ੍ਹਾਂ ਦੇ ਵਿਚ। ਇਹ ਕਿਉਂ ਰੱਖੇ ਹਨ? ਕਹਿਣ ਲੱਗੇ ਜੀ! ਇਹ ਮਾਤਾ ਰਾਣੀ ਦੇ ਥਾਨ ਹਨ। ਦੀਵਾਨ ਨੇੜੇ ਹੀ ਸੀ, ਮੈਂ ਕਿਹਾ ਕਿ ਤੁਸੀਂ ਮਾਤਾ ਨੂੰ ਯਾਦ ਕਰਦੇ ਹੋ ਕਿ ਫੇਰ ਆ ਜਾਵੇ? ਤੁਹਾਡੇ ਬੱਚਿਆਂ ਨੂੰ ਮਿਲ ਪਵੇ ਆ ਕੇ? ਜਿਸ ਨੂੰ ਯਾਦ ਕਰੋਗੇ ਉਸ ਨੇ ਤਾਂ ਆਉਣਾ ਹੀ ਹੈ। ਤੁਸੀਂ ਛੱਡ ਦਿਓ ਖਹਿੜਾ। ਉਸ ਦਾ ਤਾਂ ਬਿਸਤਰਾ ਗੋਲ ਕਰਕੇ ਅਸਮਾਨੀ ਦੁਨੀਆਂ ਵਿਚ ਭੇਜ ਦਿਉ। ਹੁਣ ਦੁਨੀਆਂ ਵਿਚ ਨਹੀਂ ਰਹੀ। ਇਹ ਲਗਦੀ ਕਿਵੇਂ ਹੁੰਦੀ ਹੈ। ਇਹ ਇਕ viral disease (ਛੂਤ ਦੀ ਬੀਮਾਰੀ) ਹੈ। ਅੱਜ ਕੱਲ੍ਹ ਦੇ ਲੋਕ ਜਾਨਣ ਲੱਗ ਗਏ ਕਿ ਵਾਇਰਸ ਕੀ ਹੁੰਦੀ ਹੈ। ਮੈਂ ਇਕ ਵਾਰੀ ਸੋਇਆਬੀਨ ਬੀਜੀ। ਉਸ ਦਾ ਪੱਤਾ ਪੀਲਾ ਹੋ ਗਿਆ। ਮੈਂ ਬੜਾ ਹੈਰਾਨ ਹੋਇਆ ਕਿ ਪਤਾ ਪੀਲਾ ਕਿਉਂ ਹੋ ਗਿਆ। ਉਹ ਯੂਨੀਵਰਸਿਟੀ ਦਾ ਬੀਜ ਸੀ ਤੇ ਨਾਲ ਮੈਨੂੰ ਪਤਾ ਸੀ ਕਿ ਉਹ ਰੱਦ (reject) ਕਰ ਦੇਣਗੇ ਕਿਉਂਕਿ ਪੱਤਾ ਪੀਲਾ ਹੋ ਚਲਿਆ। ਉਹ ਆਏ ਤੇ ਕਹਿੰਦੇ ਜੀ! ਇਹ ਸੋਇਆਬੀਨ ਤਾਂ ਕਿਸੇ ਕੰਮ ਦੀ ਨਹੀਂ ਰਹੀ ਇਸ ਦਾ ਤਾਂ ਪੱਤਾ ਪੀਲਾ ਹੋ ਗਿਆ।

ਮੈਂ ਕਿਹਾ, "ਇਹ ਹੋਇਆ ਕਿਉਂ? ਮੈਨੂੰ ਇਹ ਦੱਸੋ।"

ਕਹਿੰਦੇ, "ਤਿੰਨ ਸੌ ਗਜ਼ ਦੂਰ ਕਿਸੇ ਨੇ ਮਾਂਹ ਬੀਜੇ ਹੋਏ ਹਨ।" ਸਾਡੇ ਹੀ ਭਰਾ ਨੇ ਬੀਜੇ ਹੋਏ ਸਨ।

ਮੈਂ ਕਿਹਾ, "ਹਾਂ! ਮਾਂਹ ਤਾਂ ਬੀਜੇ ਹੋਏ ਹਨ।"

ਕਹਿੰਦੇ, "ਉਥੋਂ ਉਡ ਕੇ ਬਿਮਾਰੀ ਆ ਜਾਂਦੀ ਹੈ।"

ਇਸੇ ਤਰ੍ਹਾਂ ਕਲਿਆਨ ਕਣਕ ਹੁੰਦੀ ਸੀ, ਉਸ ਦੇ ਪੱਤੇ ਲਾਲ ਹੋ ਜਾਂਦੇ ਸਨ, ਉਸ ਦੀ ਬੀਮਾਰੀ ਉਡ ਕੇ ਦੂਜੇ ਖੇਤਾਂ ਵਿਚ ਚਲੀ ਜਾਂਦੀ ਸੀ। ਜਦੋਂ ਮੈਂ ਬੀਜ ਬੀਜਣਾ ਤਾਂ ਉਨ੍ਹਾਂ ਨੇ ਇਹ ਸ਼ਰਤ ਰੱਖਣੀ ਕਿ ਸੌ ਗਜ਼ ਤੱਕ ਕਿਸੇ ਹੋਰ ਦਾ ਖੇਤ ਬਿਮਾਰ ਨਾ ਹੋਵੇ। ਵਿਚਾਲੇ ਬੀਜਣੀ ਹੈ ਖੇਤਾਂ ਦੇ, ਸੌ ਗਜ਼ ਛੱਡ ਕੇ। ਇਹ ਮਾਤਾ ਇਕ ਛੂਤ ਦਾ ਰੋਗ ਹੁੰਦਾ ਹੈ, ਕਪੜਿਆਂ ਨਾਲ ਲੱਗ ਕੇ, ਚਿੱਠੀਆਂ ਨਾਲ ਲੱਗ ਕੇ, ਜਾਨਵਰਾਂ-ਪੰਛੀਆਂ ਦੇ ਰਾਹੀਂ, ਹਵਾ ਦੇ ਰਾਹੀਂ ਸਾਰੀ ਦੁਨੀਆਂ ਵਿਚ ਫੈਲ ਸਕਦਾ ਹੈ। ਇਸ ਨੂੰ ਅਸੀਂ ਦੇਵਤਾ ਬਣਾ ਲਿਆ, ਦੇਵਤਾ ਬਣਾ ਕੇ ਪੂਜਣਾ ਸ਼ੁਰੂ ਕਰ ਦਿਤਾ। ਇਸ ਦੇ ਗੀਤ ਗਾਉਣੇ ਸ਼ੁਰੂ ਕਰ ਦਿਤੇ ਤੇ ਜਿਹੜੇ ਸੋਝੀ ਵਾਲੇ ਬੰਦੇ ਸਨ, ਉਹ ਕਹਿੰਦੇ ਤੁਸੀਂ ਏਸ ਨੂੰ ਮੰਨਦੇ ਹੋ? ਜਿਸ ਨੂੰ ਮੰਨੋਗੇ ਉਹ ਤਾਂ ਦਰਸ਼ਨ ਬਾਰ-ਬਾਰ ਦਏਗਾ। ਇਸ ਦਾ ਉਨ੍ਹਾਂ ਨੇ ਇਲਾਜ ਹੀ ਕੱਢ ਦਿਤਾ ਅਤੇ ਸੰਸਾਰ ਵਿਚ ਇਸਨੂੰ ਖਤਮ ਹੀ ਕਰ ਦਿਤਾ।

ਇਸੇ ਤਰ੍ਹਾਂ ਸੱਪ ਨੂੰ ਮੰਨਦੇ ਹਨ। ਮੈਂ ਬੜੀਆਂ ਕਹਾਣੀਆਂ ਸੁਣੀਆਂ ਹਨ। ਕਹਿੰਦੇ ਗੁੱਗੇ ਨੂੰ ਮੰਨਦੇ ਹਾਂ। ਗੁੱਗੇ ਦਾ ਪਤਾ ਹੈ ਨਹੀਂ ਕਿ ਉਹ ਕੀ ਸੀ। ਗੁੱਗਾ ਚੌਹਾਨ ਸੀ, ਹਾਂਸੀ ਹਿਸਾਰ ਦੇ ਰਹਿਣ ਵਾਲਾ। ਇਕ ਵਾਰੀ ਉਸ ਦੀ ਮਾਂ ਨਰਾਜ਼ ਹੋ ਗਈ। ਮਾਂ ਨੂੰ ਛੱਡ ਕੇ ਜਰਗ ਆ ਗਿਆ, ਵਿਆਹਿਆ ਹੋਇਆ ਸੀ। ਜਰਗ ਜਗਦੇਵ ਰਹਿੰਦਾ ਸੀ - ਔਲਖ ਗੋਤ ਦਾ ਵਡੇਰਾ। ਉਹ ਦੋਨੋਂ ਆਪਸ ਵਿਚ ਮਿੱਤਰ ਸਨ। ਜਗਦੇਵ ਵੀ ਸਿੱਧ ਸੀ ਤੇ ਗੁੱਗਾ ਵੀ ਸਿੱਧ ਸੀ। ਦੋਹਾਂ ਨੇ ਬੜੇ ਹਠ ਯੋਗ ਕੀਤੇ ਤੇ ਸਿੱਧੀਆਂ ਆ ਗਈਆਂ। ਇਹ ਬੈਠੇ-ਬੈਠੇ ਗਾਇਬ ਹੋ ਜਾਂਦੇ ਸਨ। ਜਦੋਂ ਗੁੱਗਾ ਘਰੋਂ ਨਿਕਲਣ ਲੱਗਿਆ ਤਾਂ ਗੁੱਗੇ ਦੀ ਘਰਵਾਲੀ ਕਹਿਣ ਲੱਗੀ ਕਿ ਮੇਰਾ ਤਾਂ ਕੋਈ ਕਸੂਰ ਨਹੀਂ ਹੈ। ਤੂੰ ਮਾਂ ਨੂੰ ਛੱਡ ਕੇ ਜਾ ਰਿਹਾ ਹੈਂ, ਮੈਂ ਤਾਂ ਕੁਝ ਨਹੀਂ ਕਿਹਾ, ਮੇਰਾ ਤਾਂ ਕੁਝ ਸੋਚੋ। ਉਹ ਕਹਿੰਦਾ ਚੰਗਾ ਮੈਂ ਆ ਜਾਇਆ ਕਰਾਂਗਾ ਪਰ ਜਿਸ ਦਿਨ ਤੂੰ ਇਹ ਗੱਲ ਕਿਸੇ ਹੋਰ ਨੂੰ ਦਸ ਦੇਵੇਂਗੀ, ਫੇਰ ਨਹੀਂ ਮੈ ਆਉਂਣਾ। ਇਹ ਉਦਾਸ ਹੀ ਨਾ ਹੋਈ, ਉਹ ਰੋਜ਼ ਇਸ ਦੇ ਕੋਲ ਆ ਜਾਇਆ ਕਰੇ। ਇਕ ਦਿਨ ਮਾਂ ਕਹਿਣ ਲੱਗੀ ਕਿ ਕਿੰਨੇ ਮਹੀਨੇ ਹੋ ਗਏ, ਤੇਰਾ ਪਤੀ ਗਿਆ ਹੋਇਆ ਹੈ, ਤੈਨੂੰ ਭੋਰਾ ਫਿਕਰ ਨਹੀਂ। ਤੂੰ ਤਾਂ ਓਹੋ-ਜਿਹੇ ਹੀ ਕੱਪੜੇ ਪਾਉਂਦੀ ਹੈਂ, ਉਵੇਂ ਜਿਵੇਂ ਸੁਰਮਾ ਪਾਉਂਦੀ ਹੈਂ, ਸ਼ਿੰਗਾਰ ਲਾਉਂਦੀ ਹੈਂ। ਇਸ ਦੇ ਮੂੰਹੋਂ ਨਿਕਲ ਗਿਆ ਕਿ ਉਹ ਤਾਂ ਕਿਤੇ ਨਹੀਂ ਗਿਆ ਉਹ ਤਾਂ ਰੋਜ਼ ਆਉਂਦੇ ਹਨ ਮੇਰੇ ਕੋਲ। ਮਾਂ ਨੇ ਸੋਚਿਆ ਕਿ ਕੋਈ ਗਲਤ ਗੱਲ ਹੈ, ਮੈਂ ਨਹੀਂ ਮੰਨਦੀ। ਉਸ ਨੇ ਮਾਂ ਨੂੰ ਪੜਦੇ ਓਹਲੇ ਲੁਕੋ ਦਿਤਾ। ਐਨੇ ਨੂੰ ਗੁੱਗਾ ਆਇਆ ਤੇ ਜਦੋਂ ਮਾਂ ਦੇ ਕੋਲੋਂ ਲੰਘਣ ਲੱਗਿਆ ਤਾਂ ਉਸ ਨੇ ਬਾਂਹ ਫੜ੍ਹ ਲਈ। ਕਹਿੰਦੀ, "ਪੁੱਤ ਤੂੰ ਐਨਾ ਨਰਾਜ਼? ਉਹ ਸਿੱਧ ਸੀ, ਉਸੇ ਵੇਲੇ ਬਾਂਹ ਛੁਡਾ ਕੇ ਗਾਇਬ ਹੋ ਗਿਆ ਤੇ ਏਧਰ ਉਸ ਦੇ ਜਾਣ ਤੋਂ ਪਿਛੋਂ ਜਗਦੇਵ ਚੜ੍ਹਾਈ ਕਰ ਗਿਆ। ਉਸ ਦੇ ਪੁੱਤਰ ਸਨ ਬੋਪਾ ਰਾਏ ਤੇ ਛੱਪਾ ਰਾਏ। ਛੱਪਾ ਰਾਏ ਦਾ ਛਪਾਰ ਹੈ, ਬੋਪਾ ਰਾਏ ਪਿੰਡ ਹੈ। ਬੋਪਾਰਾਏ ਗੋਤ ਹੈ ਘੁਢਾਣੀ ਦਾ। ਉਹ ਉਥੇ ਬੈਠੇ ਸਨ। ਜਦੋਂ ਮਿਲਣ ਆਇਆ ਜਿਥੇ ਛਪਾਰ ਦਾ ਮੇਲਾ ਲਗਦਾ ਹੈ, ਇਹ ਉਥੇ ਬੈਠੇ ਸਨ, ਉਥੇ ਮੜ੍ਹੀ ਬਣੀ ਹੋਈ ਸੀ। ਗੁੱਗਾ ਕਹਿੰਦਾ, "ਕਿਥੇ ਹੈ ਮੇਰਾ ਮਿੱਤਰ? ਉਹ ਬੋਲੇ ਤਾਂ ਹੈ ਨਾ ਤੇ ਮੜ੍ਹੀ ਵੱਲ ਇਸ਼ਾਰਾ ਕਰ ਦਿਤਾ ਕਿ ਇਸ ਦੇ ਵਿਚ ਹੈ। ਗੁੱਗਾ ਕਹਿਣ ਲੱਗਿਆ, ਜੇ ਮਿੱਤਰ ਚਲਿਆ ਗਿਆ ਤਾਂ ਹੁਣ ਅਸੀਂ ਵੀ ਨਹੀਂ ਰਹਿਣਾ। ਉਥੇ ਹੀ ਸਮਾਅ ਗਿਆ। ਉਸ ਨੂੰ ਮੰਨਣਾ ਸ਼ੁਰੂ ਕਰ ਦਿਤਾ ਤੇ ਲੋਕਾਂ ਨੇ ਸੱਪ ਦਾ ਨਾਂ ਗੁੱਗਾ ਰੱਖ ਲਿਆ। ਸੱਪ ਨੂੰ ਹੀ ਸੇਵੀਆਂ ਪਾਈ ਜਾਂਦੇ ਹਨ, ਸੱਪ ਨੂੰ ਹੀ ਦੁੱਧ ਪਿਲਾਈ ਜਾਂਦੇ ਹਨ। ਸੱਪ ਕਦੇ ਲਿਹਾਜ਼ ਕਰਦਾ ਹੈ? ਜਦੋਂ ਮੌਕਾ ਮਿਲੇ, ਉਦੋਂ ਹੀ ਡੰਗ ਮਾਰਦਾ ਹੈ -

***ਸਪੈ ਦੁਧੁ ਪਿਆਲੀਐ ਵਿਹੁ ਮੁਖਹੁ ਸਟੈ॥ ਭਾਈ ਗੁਰਦਾਸ ਜੀ ਵਾਰ 35/1***

ਸੋ ਇਸ ਤਰ੍ਹਾਂ ਦੇ ਨਾਲ ਅਸੀਂ ਪ੍ਰਮੇਸ਼ਰ ਨੂੰ ਤਾਂ ਗਏ ਭੁੱਲ, ਹੋਰ ਚੀਜ਼ਾਂ ਨੂੰ ਮੰਨਣ ਲੱਗ ਗਏ। ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਨੂੰ ਆ ਕੇ ਦੱਸਿਆ ਕਿ ਭਾਈ -

***ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥ ਪੰਨਾ - 637***

ਤੁਹਾਨੂੰ ਕੀ ਦੇ ਦਏਗਾ ਉਹ?

***ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥ ਪੰਨਾ - 637***

ਪਾਣੀ ਵਿਚ ਸੁਟ ਦਿਓ ਪੱਥਰ ਨੂੰ, ਵਿਚੇ ਹੀ ਡੁੱਬ ਜਾਏਗਾ।

***ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ॥ ਪੰਨਾ - 637***

ਸੰਸਾਰ ਆਪਣੀ ਪਤ ਖੋ ਕੇ ਡੁੱਬਦਾ ਜਾਂਦਾ ਹੈ। ਗੁਰੂ ਤੋਂ ਬਗੈਰ ਵਾਹਿਗੁਰੂ ਨਹੀਂ ਮਿਲਦਾ -

***ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ॥ ਪੰਨਾ - 637***

***ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥ ਪੰਨਾ - 909***

ਮਾਇਆ ਵਿਚ ਤਿੰਨੇ ਭਰਮ ਵਿਚ ਭੁੱਲੇ ਫਿਰਦੇ ਹਨ। ਬ੍ਰਹਮਗਿਆਨੀ ਜਿਹੜਾ ਸੰਤ ਹੈ ਉਹ ਮਾਇਆ ਤੋਂ ਉਪਰ ਲੰਘ ਜਾਂਦਾ ਹੈ -

***ਕੋਟਿ ਸੂਰ ਜਾ ਕੈ ਪਰਗਾਸੁ॥***
***ਕੋਟਿ ਮਹਾਦੇਵ ਅਰੁ ਕਬਿਲਾਸ॥ ਪੰਨਾ - 1162***

ਕਰੋੜਾਂ ਬ੍ਰਹਮਾ, ਕਰੋੜਾਂ ਸ਼ਿਵ ਜੀ, ਕਰੋੜਾਂ ਸੂਰਜ ਵਾਹਿਗੁਰੂ ਦੇ ਦਰ ਤੇ ਹੱਥ ਬੰਨ੍ਹੀਂ ਖੜ੍ਹੇ ਹਨ।

***ਦੁਰਗਾ ਕੋਟਿ ਜਾ ਕੈ ਮਰਦਨੁ ਕਰੈ॥ ਪੰਨਾ - 1162***

ਕਰੋੜਾਂ ਦੇਵੀਆਂ ਸੇਵਾ ਕਰ ਰਹੀਆਂ ਨੇ ਦਰਗਾਹ ਦੇ ਅੰਦਰ-

***ਬ੍ਰਹਮਾ ਕੋਟਿ ਬੇਦ ਉਚਰੈ॥ ਪੰਨਾ - 1162***

ਕਰੋੜਾਂ ਬ੍ਰਹਮੇ ਵੇਦ ਉਚਰਣ ਲੱਗੇ ਹੋਏ ਹਨ - ਬ੍ਰਹਮਗਿਆਨ ਦੇ -

***ਜਉ ਜਾਚਉ ਤਉ ਕੇਵਲ ਰਾਮ॥ ਪੰਨਾ - 1162***

ਕਹਿੰਦੇ ਸਾਡਾ ਕੀ ਕੰਮ ਹੈ ਦੂਜੇ ਦੇਵਤਿਆਂ ਨਾਲ? ਜਦੋਂ ਵੀ ਅਸੀਂ ਮੰਗਣਾ ਹੈ ਵਾਹਿਗੁਰੂ ਤੋਂ ਮੰਗਣਾ ਹੈ, ਰਾਮ ਤੋਂ ਮੰਗਣਾ ਹੈ। ਫੇਰ ਕਹਿੰਦੇ ਇਨ੍ਹਾਂ ਦੀ ਭਗਤੀ ਦਾ ਫਲ ਕੀ ਹੁੰਦਾ ਹੈ?

***ਸਿਵ ਸਿਵ ਕਰਤੇ ਜੋ ਨਰੁ ਧਿਆਵੈ॥***
***ਬਰਦ ਚਢੇ ਡਉਰੂ ਢਮਕਾਵੈ॥ ਪੰਨਾ - 874***

ਕਹਿੰਦੇ ਸ਼ਿਵ ਦਾ ਉਪਾਸ਼ਕ ਬਲਦ ਤੇ ਚੜ੍ਹੇਗਾ ਤੇ ਡੌਰੂ ਡਮਕਾਉਂਦਾ ਫਿਰੇਗਾ।

***ਮਹਾ ਮਾਈ ਕੀ ਪੂਜਾ ਕਰੈ॥***
***ਨਰ ਸੈ ਨਾਰਿ ਹੋਇ ਅਉਤਰੈ॥ ਪੰਨਾ - 874***

ਮਹਾਂ ਮਾਈ ਦੇਵੀ ਦੀ ਪੂਜਾ ਕਰ ਲਓ ਤਾਂ ਕਹਿੰਦੇ ਆਦਮੀ ਦੀ ਜੂਨੀ ਤੋਂ ਔਰਤ ਦੀ ਜੂਨੀ ਵਿਚ ਪੈ ਜਾਏਗਾ-

***ਤੂ ਕਹੀਅਤ ਹੀ ਆਦਿ ਭਵਾਨੀ॥***
***ਮੁਕਤਿ ਕੀ ਬਰੀਆ ਕਹਾ ਛਪਾਨੀ॥ ਪੰਨਾ - 874***

ਜਦੋਂ ਮੁਕਤੀ ਮੰਗੀ ਉਦੋਂ ਤੂੰ ਕਿਥੇ ਛੁਪ ਗਈ?

***ਗੁਰਮਤਿ ਰਾਮ ਨਾਮ ਗਹੁ ਮੀਤਾ॥ ਪੰਨਾ - 874***

ਪੰਜ ਪਿਆਰਿਆਂ ਤੋਂ ਨਾਮ ਜਿਹੜਾ ਮਿਲਦਾ ਹੈ ਉਸ ਨੂੰ ਫੜ੍ਹ ਲਓ ਜਾਂ ਕਿਸੇ ਪੂਰਨ ਮਹਾਂਪੁਰਸ਼ ਤੋਂ ਨਾਮ ਲਿਆ ਹੋਇਆ, ਉਸ ਨਾਮ ਨੂੰ ਫੜ ਲਓ -

***ਪ੍ਰਣਵੈ ਨਾਮਾ ਇਉ ਕਹੈ ਗੀਤਾ॥ ਪੰਨਾ - 874***

ਕਹਿੰਦੇ ਇਹ ਬਾਤ ਅਸੀਂ ਕਹਿ ਰਹੇ ਹਾਂ ਪ੍ਰੇਮੀਓ!

ਸੋ ਭਾਈ ਜੋਧ ਨੇ ਦੱਸਿਆ ਕਿ ਭਾਈ ਲਹਿਣਾ ਜੀ! ਗੁਰੂ ਨਾਨਕ ਸਾਹਿਬ ਦਰਗਾਹ ਤੋਂ ਪੂਰੇ ਆਏ ਹਨ। ਉਹ ਗੁਰੂ ਪ੍ਰਮੇਸ਼ਰ ਹਨ ਪ੍ਰਮੇਸ਼ਰ ਨਿਰਗੁਣ ਰੂਪ ਹੈ, ਗੁਰੂ ਨਾਨਕ ਸਰਗੁਣ ਸਰੂਪ ਹੈ, ਉਥੇ

ਪੁਕਾਰ ਕਰੀ ਧਰਤੀ ਨੇ ਜਾ ਕੇ –

***ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ॥ ਪੰਨਾ – 1281***

ਧਰਤੀ ਦੁਖੀ ਹੋ ਗਈ ਕਿਉਂਕਿ ਲੱਖਾਂ ਬੰਦੇ ਕਤਲ ਹੋਣੇ ਸ਼ੁਰੂ ਹੋ ਗਏ। ਅਯੁਧਿਆ ਵਿਚ ਇਕ ਦਿਨ ਵਿਚ ਸਤਾਈ ਹਜ਼ਾਰ ਪੜ੍ਹਿਆ-ਲਿਖਿਆ ਬ੍ਰਾਹਮਣ ਇਕੋ ਦਿਨ ਵਿਚ ਕੁਤੁਬਦੀਨ ਐਬਕ ਨੇ ਕਤਲ ਕਰਾ ਦਿਤਾ ਸੀ। ਮਥਰਾ ਵਿਚ ਇਕ ਦਿਨ ਦੇ ਅੰਦਰ ਇਕ ਲੱਖ ਬੰਦਾ ਬਾਬਰ ਨੇ ਕਤਲ ਕਰਾ ਦਿਤਾ ਤੇ ਨਾਲ ਇਉਂ ਲਿਖਦਾ ਹੈ ਕਿ ਮੈਂ ਤੰਬੂ ਲਾ ਕੇ ਦੇਖ ਰਿਹਾ ਸੀ ਕਿ ਕਿਸ ਤਰ੍ਹਾਂ ਨਾਲ ਮਾਰੇ ਜਾ ਰਹੇ ਹਨ। ਅੱਜ ਮੈਂ ਉਹ ਬੰਦੇ ਮੁਸਲਮਾਨ ਨਹੀਂ ਸੀ ਬਣਾਉਂਣੇ, ਅੱਜ ਮੇਰੇ ਮਨ ਵਿਚ ਆ ਗਿਆ ਕਿ ਇਨ੍ਹਾਂ ਨੂੰ ਮਾਰ ਦੇਈਏ ਸਾਰਿਆਂ ਨੂੰ। ਬੱਚੇ, ਬੁੱਢੇ, ਜਵਾਨ, ਬੀਬੀਆਂ ਸਭ ਵਾਰੀ-ਵਾਰੀ ਮਾਰ ਦਿਤੇ ਤੇ ਮਾਰਨ ਵਾਲੇ ਸੈਂਕੜੇ ਲੱਗੇ ਹੋਏ ਹਨ, ਅੱਡੇ ਬਣੇ ਹੋਏ ਹਨ, ਮਾਰ-ਮਾਰ ਸੁੱਟੀ ਜਾਂਦੇ ਸਨ। ਕਹਿੰਦਾ ਐਨਾ ਖ਼ੂਨ ਉਚਾ ਚੜ੍ਹਿਆ ਕਿ ਮੈਨੂੰ ਤੰਬੂ ਪਿਛੇ ਹਟਾਉਣਾ ਪਿਆ, ਖ਼ੂਨ ਮੇਰੇ ਤੰਬੂ ਵਿਚ ਵੜਨ ਲੱਗਿਆ। ਫੇਰ ਹੋਰ ਬੰਦੇ ਮਰੇ, ਖ਼ੂਨ ਦਾ ਦਰਿਆ ਫੇਰ ਉਚਾ ਹੋ ਗਿਆ ਤੇ ਮੇਰੇ ਤੰਬੂ ਵਿਚ ਫੇਰ ਆ ਗਿਆ। ਕਹਿੰਦਾ ਮੈਂ ਤਿੰਨ ਵਾਰੀ ਤੰਬੂ ਬਦਲ ਕੇ ਖ਼ੂਨ ਤੰਬੂ ਵਿਚ ਵੜਨ ਤੋਂ ਬਚਾਇਆ। ਮੈਂ ਅੱਜ ਅੱਲਾ-ਤਾਲਾ ਕੋਲ ਅਰਦਾਸ ਕਰਦਾ ਹਾਂ ਕਿ ਹੇ ਅੱਲ੍ਹਾ! ਤੂੰ ਤਾਂ ਮੇਰੇ ਤੇ ਅੱਜ ਐਨਾ ਪ੍ਰਸੰਨ ਹੋਇਆ ਹੋਵੇਂਗਾ ਜਿੰਨਾ ਕਦੇ ਨਹੀਂ ਹੋਇਆ ਕਿਉਂਕਿ ਮੈਂ ਲੱਖ ਕਾਫਰ ਮਾਰ ਦਿਤਾ। ਇਸਲਾਮ ਕਦੇ ਨਹੀਂ ਕਹਿੰਦਾ ਕਿ ਕਿਸੇ ਨੂੰ ਮਾਰੋ। ਇਸਲਾਮ ਬਾਰੇ ਤਾਂ ਮਹਾਰਾਜ ਜੀ ਕਹਿੰਦੇ ਹਨ –

***ਮੁਸਲਮਾਣੁ ਮੋਮ ਦਿਲ ਹੋਵੈ॥ ਪੰਨਾ – 1084***

ਮੁਸਲਮਾਨ ਤਾਂ ਮੋਮ ਦਿਲ ਹੁੰਦਾ ਹੈ । ਉਹ ਤਾਂ ਜ਼ਕਾਤ (ਧਰਮ, ਅਰਥ, ਪੈਸਾ, ਦਸਵੰਧ) ਕੱਢਦਾ ਹੈ। ਦਾਨ ਕੱਢਦਾ ਹੈ ਜਿਵੇਂ ਅਸੀਂ ਦਸਵੰਧ ਕੱਢਦੇ ਹਾਂ। ਭਲਾ ਮਨਾਉਂਦਾ ਹੈ ਸਾਰੇ ਸੰਸਾਰ ਦਾ ਪਰ ਇਹ ਤਾਂ ਧਰਮ ਦਾ ਕੰਮ ਨਹੀਂ, ਇਹ ਤਾਂ ਪਾਗਲਾਂ ਦੇ ਕੰਮ ਸਨ। ਸੋ ਐਨਾ ਜ਼ਿਆਦਾ ਜਦੋਂ ਧਰਮ ਦੇ ਨਾਂ ਤੇ ਉਪਦਰਵ ਹੋ ਕੇ ਬੰਦੇ ਮਾਰੇ ਜਾਣ ਫੇਰ ਮਹਾਰਾਜ ਜੀ, ਗੁਰੂ ਦਸਵੇਂ ਪਾਤਸ਼ਾਹ ਕਹਿੰਦੇ, ਫੇਰ ਧਰਮਰਾਜ ਨੂੰ ਫਿਕਰ ਪੈ ਜਾਂਦਾ ਹੈ ਕਿ ਮੈਂ ਕਿਹੜਾ ਨਰਕ ਬਣਾਵਾਂ ਇਨ੍ਹਾਂ ਵਾਸਤੇ।

***ਪਾਪ ਕਰੈ ਪਰਮਾਰਥ ਕੈ...........॥***

ਕਹਿੰਦੇ ਪਰਮਾਰਥ ਵਾਸਤੇ ਪਾਪ ਕਰਦੇ ਨੇ। ਕਹਿੰਦੇ ਫੇਰ ਧਰਮਰਾਜ ਡਰ ਜਾਂਦਾ ਹੈ ਤੇ ਅਕਾਲ ਪੁਰਖ ਨੂੰ ਪੁਛਦਾ ਹੈ ਕਿ ਸੱਚੇ ਪਾਤਸ਼ਾਹ! ਇਹ ਧਰਮ ਦੇ ਨਾਂ ਤੇ ਪਾਪ ਕਰ ਰਹੇ ਹਨ ਇਨ੍ਹਾਂ ਲਈ ਮੈਂ ਕਿਹੜਾ ਨਰਕ ਬਣਾਵਾਂ? ਮੇਰੇ ਚੌਰਾਸੀ ਨਰਕਾਂ ਵਿਚ ਤਾਂ ਕੋਈ ਨਰਕ ਨਹੀਂ ਜਿਥੇ ਮੈਂ ਇਨ੍ਹਾਂ ਨੂੰ ਸੁੱਟਾਂ। ਸਭ ਤੋਂ ਭਿਆਨਕ ਕੁੰਭੀ ਨਰਕ ਹੈ, ਉਹ ਬੇਮੁਖਾਂ ਤੇ ਮਨਮੁਖਾਂ ਵਾਸਤੇ ਹੈ। ਇਹ ਤਾਂ ਉਨ੍ਹਾਂ ਤੋਂ ਵੀ ਟੱਪ ਗਏ ਤੈਨੂੰ ਵੀ ਮੰਨਦੇ ਹਨ ਤੇ ਪਾਪ ਵੀ ਕਰਦੇ ਹਨ।

ਸੋ ਪੁਕਾਰ ਹੋਈ ਦਰਗਾਹ ਵਿਚ। ਧਰਤੀ ਨੇ ਬ੍ਰਹਮਾ ਜੀ ਕੋਲ ਕਰੀ। ਬ੍ਰਹਮਾ ਕਹਿੰਦਾ ਮੇਰਾ ਨਹੀਂ ਵਸ ਚਲਦਾ, ਸ਼ਿਵ ਜੀ ਕੋਲ ਜਾਹ। ਸ਼ਿਵ ਜੀ ਕੋਲ ਪੁਕਾਰ ਕਰੀ। ਸ਼ਿਵ ਜੀ ਕਹਿੰਦੇ, ਮੈਂ ਨਹੀਂ ਮੱਥਾ ਲਾ ਸਕਦਾ, ਇਹ ਤਾਂ ਸਥਿਤੀ ਬਹੁਤ ਵਿਗੜ ਗਈ ਹੈ। ਸਾਡੇ ਅਵਤਾਰ ਗਏ ਪਰ ਉਨ੍ਹਾਂ ਦੇ ਛੋਟੇ-ਛੋਟੇ ਕੰਮ ਸਨ ਕਿਉਂਕਿ ਅਵਤਾਰ ਛੇ ਤਰ੍ਹਾਂ ਦੇ ਹੁੰਦੇ ਨੇ – ਪਹਿਲਾ ਹੁੰਦਾ ਹੈ ਅੰਸਾ ਅਵਤਾਰ। ਅੰਸਾ ਅਵਤਾਰ ਉਹ ਰਾਜਾ ਹੁੰਦਾ ਹੈ ਜਿਸ ਨੂੰ ਸਾਰੀ ਪਰਜਾ ਰੱਬ ਵਰਗਾ ਜਾਣ ਕੇ ਮੰਨੇ। ਦੂਸਰਾ ਹੋਇਆ ਕਰਦਾ ਹੈ ਆਵੇਸ਼ਾ ਅਵਤਾਰ। ਆਵੇਸ਼ਾ ਅਵਤਾਰ ਉਹ ਹੁੰਦਾ ਹੈ ਕਿ ਪਹਿਲਾਂ ਸਧਾਰਨ ਬੰਦਾ ਸੀ, ਬਾਅਦ ਵਿਚ ਕਮਾਈ ਕੀਤੀ, ਨਾਮ ਜਪਿਆ, ਵੱਡੀਆਂ-ਵੱਡੀਆਂ ਪ੍ਰਾਪਤੀਆਂ ਕਰਕੇ ਫੇਰ ਮਹਾਂਪੁਰਸ਼ ਬਣ ਗਿਆ। ਉਸ ਨੂੰ ਆਵੇਸ਼ਾਵਤਾਰ ਕਹਿੰਦੇ ਹਨ, ਉਸ ਦੇ ਵਿਚ ਸ਼ਕਤੀਆਂ ਆ ਜਾਂਦੀਆਂ ਹਨ।

ਤੀਸਰਾ ਹੋਇਆ ਕਰਦਾ ਹੈ ਕਲਾ ਅਵਤਾਰ ਜੋ ਖਾਸ ਕੰਮ ਕਰਨ ਵਾਸਤੇ ਆਉਂਦਾ ਹੈ ਜਿਵੇਂ ਪ੍ਰਹਿਲਾਦ ਨੂੰ ਰੱਖਣਾ ਸੀ, ਨਰਸਿੰਘ ਦਾ ਰੂਪ ਧਾਰ ਕੇ ਆ ਗਿਆ। ਬਾਵਨ ਰੂਪ ਧਾਰ ਕੇ ਆਇਆ। ਇਸ ਤਰ੍ਹਾਂ ਜਦੋਂ ਇਕ ਕੰਮ ਕਰਨ ਵਾਸਤੇ ਆਉਂਦੇ ਹਨ ਉਸ ਨੂੰ ਕਲਾ ਅਵਤਾਰ ਕਹਿੰਦੇ ਹਨ ਜਿਵੇਂ ਮੱਛ,

ਕੱਛ, ਬਰਾਹ ਆਦਿ ਆਪਣੇ-ਆਪਣੇ ਕੰਮ ਕਰਨ ਵਾਸਤੇ ਇਕ ਕਲਾ ਲੈ ਕੇ ਆ ਗਏ।

ਚੌਥਾ ਹੋਇਆ ਕਰਦਾ ਹੈ ਨਿੱਤ ਅਵਤਾਰ। ਨਿੱਤ ਅਵਤਾਰ ਕਹਿੰਦੇ ਹਨ ਮਹਾਂਪੁਰਸ਼ਾਂ ਨੂੰ। ਉਨ੍ਹਾਂ ਦਾ ਹਰ ਵਕਤ ਯੁੱਧ ਲਗਿਆ ਰਹਿੰਦਾ ਹੈ ਕਿ ਲੋਕਾਂ ਦੇ ਮਨਾਂ 'ਚੋਂ ਕਦੂਰਤ ਕਢਣੀ ਹੈ, ਈਰਖਾ ਕੱਢਣੀ ਹੈ, ਨਿੰਦਿਆ ਕੱਢਣੀ ਹੈ, ਚੁਗਲੀਆਂ ਕੱਢਣੀਆਂ ਹਨ, ਜਿਹੜੇ ਗਲਤ ਨਸ਼ੇ ਪੀਂਦੇ ਹਨ ਉਨ੍ਹਾਂ ਤੋਂ ਇਨ੍ਹਾਂ ਨੂੰ ਹਟਾਉਣਾ ਹੈ, ਸੁਖੀ ਕਰਨਾ ਹੈ ਸੰਸਾਰ ਨੂੰ। ਉਹ ਪ੍ਰਮੇਸ਼ਰ ਦਾ ਕੰਮ ਕਰਦੇ ਹਨ ਤੇ ਉਹ ਨਿੱਤ ਅਵਤਾਰ ਹੋਇਆ ਕਰਦੇ ਹਨ, ਉਹ ਸਾਧੂ ਹੋਇਆ ਕਰਦੇ ਹਨ।

ਪੰਜਵਾਂ ਹੋਇਆ ਕਰਦਾ ਹੈ ਪੂਰਨ ਅਵਤਾਰ। ਪੂਰਨ ਅਵਤਾਰ ਕਲਾ ਲੈ ਕੇ ਆਉਂਦਾ ਹੈ। ਸ਼ਕਤੀ ਕਲਾ ਨੂੰ ਕਹਿੰਦੇ ਹਨ। ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਮਹਾਰਾਜ ਪੂਰਨ ਅਵਤਾਰ ਸਨ। ਰਾਮ ਚੰਦਰ ਜੀ ਚੌਦਾਂ ਕਲਾਂ ਸੰਪੂਰਨ ਸਨ ਤੇ ਕ੍ਰਿਸ਼ਨ ਮਹਾਰਾਜ ਜੀ ਦੇ ਅੰਦਰ ਸੋਲਾਂ ਕਲਾਂ ਸੰਪੂਰਨ ਸਨ। ਧਰਤੀ ਨੇ ਪੁਕਾਰ ਕੀਤੀ, ਸ਼ਿਵ ਜੀ ਨੇ ਵੀ ਜਵਾਬ ਦੇ ਦਿਤਾ। ਫੇਰ ਵਿਸ਼ਨੂੰ ਜੀ ਕੋਲ ਗਈ। ਉਹ ਕਹਿੰਦੇ ਦੇਖੋ! ਜਦੋਂ ਮੈਂ ਕ੍ਰਿਸ਼ਨ ਅਵਤਾਰ ਬਣਿਆ ਉਸ ਵੇਲੇ ਬਹੁਤਾ ਵਿਗਾੜ ਨਹੀਂ ਸੀ, ਧਰਮ ਕਾਇਮ ਸੀ, ਅਧਰਮ ਐਨਾ ਨਹੀਂ ਸੀ ਆਇਆ ਜਿੰਨਾਂ ਹੁਣ ਫੈਲ ਗਿਆ ਹੈ। ਇਹ ਤਾਂ ਪਾਪ ਹੀ ਪਰਮਾਰਥ ਵਾਸਤੇ ਕਰ ਰਹੇ ਹਨ ਤੇ ਮੈਂ ਹੁਣ ਕੋਈ ਅਵਤਾਰ ਨਹੀਂ ਭੇਜ ਸਕਦਾ। ਮੇਰਾ ਅਵਤਾਰ ਇਕ ਹੋਏਗਾ ਕਲਕੀ ਅਵਤਾਰ। ਜਿਸ ਵਕਤ ਕਲਜੁਗ ਖਤਮ ਹੋਣਾ ਹੈ ਉਸ ਵਕਤ ਮੈਂ ਤਬਾਹੀ ਲਿਆ ਦੇਣੀ ਹੈ ਤੇ ਸਭ ਖਤਮ ਕਰ ਦੇਣੇ ਹਨ, ਪਰ ਹੁਣ ਨਹੀਂ ਮੈਂ ਜਾ ਸਕਦਾ। ਨਿਰੰਕਾਰ ਦੇ ਦਰ ਤੇ ਪੁਕਾਰ ਪਹੁੰਚੀ, ਨਿਰੰਕਾਰ ਨੇ ਪੁਕਾਰ ਸੁਣੀ ਤੇ ਕਹਿਣ ਲੱਗੇ ਕਿ ਠੀਕ ਹੈ। ਹੁਣ ਸਮਾਂ ਐਸਾ ਆ ਗਿਆ ਹੈ ਕਿ ਮੈਨੂੰ ਆਪ ਹੀ ਸਤਿਗੁਰ ਰੂਪ ਹੋ ਕੇ ਪ੍ਰਗਟ ਹੋਣਾ ਪੈਣਾ ਹੈ। ਇਸ ਨੂੰ ਸਤਿਗੁਰੂ ਅਵਤਾਰ ਕਹਿੰਦੇ ਹਨ। ਪਹਿਲਾਂ ਸੰਸਾਰ ਵਿਚੋਂ ਸਤਿਗੁਰੂ ਅਵਤਾਰ ਨਹੀਂ ਸੀ ਹੋਇਆ। ਗੁਰੂ ਜ਼ਰੂਰ ਆਉਂਦੇ ਰਹੇ, ਵਸ਼ਿਸ਼ਟ ਜੀ ਆਏ, ਵਿਸ਼ਵਾਮਿਤਰ ਜੀ ਆਏ, ਸੰਦੀਪਨ ਜੀ ਆਏ, ਦੁਰਬਾਸਾ ਜੀ ਆਏ, ਹੋਰ ਅਨੇਕਾਂ ਗੁਰੂ ਆਏ ਤੇ ਆਉਂਦੇ ਰਹਿਣਗੇ ਪਰ ਸਤਿਗੁਰੂ ਨਹੀਂ ਆਇਆ। ਉਸ ਵੇਲੇ ਸਤਿਗੁਰੂ ਸਰੂਪ ਕੇਵਲ ਸਤਿਗੁਰੂ ਨਾਨਕ ਪਾਤਿਸ਼ਾਹ ਪ੍ਰਗਟ ਹੋਏ, ਉਨ੍ਹਾਂ ਨੇ ਦਸ ਜਾਮਿਆਂ ਵਿਚ ਸਤਿਗੁਰੂ ਸਰੂਪ ਧਾਰਨ ਕਰਨ ਤੋਂ ਬਾਅਦ ਨਿੱਤ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਣਾ ਦਿਤਾ ਕਿਉਂਕਿ ਸ਼ਬਦ ਸਾਰਾ ਅਕਾਲ-ਪੁਰਖ ਨੂੰ ਹੀ ਸੌਂਪ ਦਿਤਾ ਮੁੜ ਕੇ, ਓਅੰਕਾਰ ਨੂੰ ਸੰਭਾਲ ਦਿਤਾ - ਸ਼ਬਦ-ਬ੍ਰਹਮ ਨੂੰ। ਸ਼ਬਦ-ਬ੍ਰਹਮ ਜਿਹੜਾ ਅਵਤਾਰ ਹੈ, ਏਸ ਰੂਪ ਵਿਚ ਹੋ ਗਿਆ। ਕਹਿੰਦੇ ਕਿੰਨੀਆਂ ਕੁ ਕਲਾਂ ਲੈ ਕੇ ਆਏ? ਕਹਿੰਦੇ ਹੁਣ ਤਾਕਤਾਂ ਦੀ ਕੋਈ ਗਿਣਤੀ ਹੈ? ਐਸਾ ਫੁਰਮਾਨ ਹੈ -

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥***
***ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥*** ***ਪੰਨਾ - 1395***

***ਅਨਿਕ ਕਲਾ ਲੈ ਠਾਕੁਰ ਚੜ੍ਹਿਆ॥***

ਠਾਕੁਰ ਨੇ ਚੜ੍ਹਾਈ ਕਰੀ, ਕਿਉਂ? ਕਿਉਂਕਿ ਪੁਕਾਰ ਸੁਣੀ ਤੇ ਪੁਕਾਰ ਸੁਣ ਕੇ ਪ੍ਰਭੂ ਸਤਿਗੁਰੂ ਨਾਨਕ ਰੂਪ ਵਿਚ ਪ੍ਰਗਟ ਹੋਇਆ -

***ਧਾਰਨਾ - ਦਰਗਾਹ ਸੁਣ ਕੇ ਪੁਕਾਰਾਂ ਨਿਰੰਕਾਰ ਨੇ,***
***ਸਤਿਗੁਰ ਨਾਨਕ ਰੂਪ ਧਾਰਿਆ -2, 2.***
***ਮੇਰੇ ਪਿਆਰੇ, ਸਤਿਗੁਰੂ ਨਾਨਕ ਰੂਪ ਧਾਰਿਆ - 2.***
***ਵਾਹਵਾ-ਵਾਹਵਾ ਸਤਿਗੁਰੂ ਨਾਨਕ ਰੂਪ ਧਾਰਿਆ - 2.***
***ਦਰਗਾਹ ਸੁਣ ਕੇ ਪੁਕਾਰਾਂ ਨਿਰੰਕਾਰ ਨੇ........... -2.***

ਕਹਿਣ ਲੱਗੇ ਕਿ ਜਾਹ! ਸਤਿਗੁਰੂ ਰੂਪ ਹੋ ਕੇ ਮੈਂ ਪ੍ਰਗਟ ਹੋਵਾਂਗਾ। ਹੁਣ ਮੈਂ ਏਸ ਰੂਪ ਵਿਚ ਕਿਸੇ ਨੂੰ ਨਹੀਂ ਭੇਜ ਸਕਦਾ ਕਿ ਇਕ ਦਾ ਨਾਸ਼ ਕਰਨਾ ਹੈ, ਜਾਂ ਦੋ ਦਾ ਨਾਸ਼ ਕਰਨਾ ਹੈ। ਨਰਸਿੰਘ ਰੂਪ ਧਾਰਿਆ ਸੀ - ਵਿਸ਼ਨੂੰ ਜੀ ਨੇ, ਕੇਵਲ ਪ੍ਰਹਿਲਾਦ ਨੂੰ ਉਬਾਰਨ ਵਾਸਤੇ। ਹੁਣ ਮੈਂ ਸਤਿਗੁਰੂ ਦਾ ਰੂਪ

ਧਾਰ ਕੇ ਆਵਾਂਗਾ-

***ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ॥***
***ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ॥***
***ਪਾਰਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰਿ ਇਕ ਦਿਖਾਇਆ॥***

***ਭਾਈ ਗੁਰਦਾਸ ਜੀ ਵਾਰ 1/23***

ਸਾਰੇ ਅਦ੍ਵੈਤ ਸਿਧਾਂਤ ਦਾ ਪ੍ਰਚਾਰ ਕਰਿਆ ਕਿ ਇਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਹੈ ਨਹੀਂ -

***ਚਾਰੇ ਪੈਰ ਧਰਮ ਦੇ, ਚਾਰਿ ਵਰਨ ਇਕ ਵਰਨੁ ਕਰਾਇਆ॥***

***ਭਾਈ ਗੁਰਦਾਸ ਜੀ ਵਾਰ 1/23***

ਨਾਮ ਦੇ ਅਧਾਰ ਤੇ ਚਾਰੇ ਪੈਰ ਧਰਮ ਦੇ ਕਾਇਮ ਕਰ ਦਿਤੇ। ਚਾਰੇ ਵਰਨਾਂ ਨੂੰ, ਆਦਮੀਆਂ ਦੇ ਅੰਦਰ ਜਿਹੜਾ ਭੇਦ ਸੀ ਕਿ ਇਹ ਬ੍ਰਾਹਮਣ ਹੈ, ਖਤਰੀ ਹੈ, ਇਹ ਵੈਸ਼ ਹੈ, ਇਹ ਸ਼ੂਦਰ ਹੈ, ਉਚੇ-ਨੀਵੇਂ ਨੂੰ ਖਤਮ ਕਰ ਦਿਤਾ -

***ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ॥***

***ਭਾਈ ਗੁਰਦਾਸ ਜੀ ਵਾਰ 1/23***

ਨਮਸ਼ਕਾਰ ਚਰਨਾਂ ਤੇ ਕਰਨਾ ਸਿਖਾ ਦਿਤਾ-

***ਉਲਟਾ ਖੇਲੁ ਪਿਰੰਮ ਦਾ, ਪੈਰਾ ਉਪਰਿ ਸੀਸ ਨਿਵਾਇਆ॥***
***ਕਲਿਜੁਗੁ ਬਾਬੇ ਤਾਰਿਆ, ਸਤਿਨਾਮੁ ਪੜਿ ਮੰਤ੍ਰ ਸੁਣਾਇਆ॥***
***ਕਲਿ ਤਾਰਣਿ ਗੁਰੁ ਨਾਨਕ ਆਇਆ॥*** ***ਭਾਈ ਗੁਰਦਾਸ ਜੀ ਵਾਰ 1/23***

ਜਦੋਂ ਆਪ ਨੇ ਇਸ ਤਰ੍ਹਾਂ ਦੇ ਬਚਨ ਸੁਣੇ, ਉਸ ਵੇਲੇ ਕਹਿਣ ਲੱਗੇ ਕਿ ਗੁਰੂ ਨਾਨਕ ਸਾਹਿਬ ਸਾਰੇ ਵੱਡੇ-ਵੱਡੇ ਥਾਵਾਂ ਤੇ ਗਏ ਤੇ ਤੁਹਾਨੂੰ ਪਤਾ ਹੀ ਹੈ, ਲਹਿਣਾ ਜੀ! ਸਾਰਿਆਂ ਨਾਲੋਂ ਵੱਧ ਬੋਲਬਾਲਾ ਅੱਜ ਸਿੱਧਾਂ ਦਾ ਹੈ। ਜਦੋਂ ਲੇਖਕ ਛੋਟਾ ਜਿਹਾ ਹੁੰਦਾ ਓਦੋਂ ਦਸਦੇ ਹੁੰਦੇ ਸੀ ਕਿ ਐਸੀਆਂ ਮੰਡਲੀਆਂ ਆਉਂਦੀਆਂ ਹੁੰਦੀਆਂ ਸਨ। ਬੀਬੀਆਂ ਨੇ ਡਰ ਜਾਣਾ ਕਿ ਸਿੱਧ ਆਏ ਹੋਏ ਹਨ, ਨਾਥ ਆਏ ਹੋਏ ਹਨ। ਇਨ੍ਹਾਂ ਨੇ ਪਿੰਡ ਵਿਚ ਆ ਜਾਣਾ ਤੇ ਕਾੜ੍ਹਨੀਆਂ ਚੁਕ ਲੈਣੀਆਂ ਦੁਧ ਦੀਆਂ, ਨਿਆਣੇ ਬਿਮਾਰ ਕਰ ਦੇਣੇ, ਡੰਗਰ ਬਿਮਾਰ ਕਰ ਦੇਣੇ, ਕਰਮਾਤਾਂ ਦਿਖਾਈ ਜਾਂਦੇ ਹੁੰਦੇ। ਸਭ ਡਰਦੇ ਹੁੰਦੇ ਸਨ ਇਨ੍ਹਾਂ ਤੋਂ।

ਸਤਿਗੁਰੂ ਨਾਨਕ ਪਾਤਿਸ਼ਾਹ ਇਨ੍ਹਾਂ ਨੂੰ ਸੁਮੱਤ ਦੇਣ ਵਾਸਤੇ ਸੁਮੇਰ ਪਰਬਤ ਤੇ ਪਹੁੰਚੇ ਜਿਥੇ ਬਰਫਾਂ ਤੋਂ ਬਗੈਰ ਹੋਰ ਕੋਈ ਚੀਜ਼ ਨਹੀਂ ਹੈ। ਉਥੇ ਜਦੋਂ ਸਿੱਧਾਂ ਨੇ ਦੇਖਿਆ ਕਿ ਤਿੰਨ ਮਨੁੱਖ ਆ ਗਏ। ਇਹ ਬਰਫਾਂ ਕਿਵੇਂ ਲੰਘ ਕੇ ਆ ਗਏ? ਅਸੀਂ ਤਾਂ ਉਡ ਕੇ ਆ ਜਾਂਦੇ ਹਾਂ। ਜਦੋਂ ਨੇੜੇ ਗਏ ਤਾਂ ਦੇਖਿਆ ਕਿ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਸਰੀਰਕ ਉਮਰ ਛੋਟੀ ਹੈ ਤੇ ਉਹ ਹਜ਼ਾਰਾਂ ਸਾਲਾਂ ਦੇ ਹਨ। ਉਹ ਮਹਾਰਾਜ ਜੀ ਨੂੰ ਬਾਲਾ ਕਹਿੰਦੇ ਹਨ, ਬਾਲਕ ਕਹਿੰਦੇ ਹਨ ਕਿ ਇਹ ਕਿਵੇਂ ਆ ਗਿਆ ਇਥੇ? ਕਿਹੜੀ ਸ਼ਕਤੀ ਲੈ ਕੇ ਆਇਆ ਹੈ? ਮਹਾਰਾਜ ਜੀ ਕਹਿੰਦੇ, "ਸ਼ਕਤੀ ਤਾਂ ਸਾਡੇ ਵਿਚ ਕੋਈ ਨਹੀਂ ਹੈ, ਸਾਡੇ ਕੋਲ ਤਾਂ ਗੁਰਬਾਣੀ ਤੇ ਨਾਮ ਦੀ ਸ਼ਕਤੀ ਹੈ ਤੇ ਜਾਂ ਸਾਧ-ਸੰਗਤ ਦੀ ਸੇਵਾ ਦੀ ਸ਼ਕਤੀ ਹੈ। ਤੁਹਾਡੇ ਵਾਂਗ ਅਸੀਂ ਕੋਈ ਸਾਧਨ ਕਰਕੇ ਸਿੱਧੀਆਂ ਨਹੀਂ ਹਾਸਲ ਕਰੀਆਂ ਕਿ ਉਡ ਕੇ ਆ ਜਾਈਏ।"

ਬਹੁਤ ਲੰਮੀ ਚੌੜੀ ਵਿਆਖਿਆ ਹੋਈ ਸਿਧ ਗੋਸ਼ਟ ਦੀ ਤੇ ਜਦੋਂ ਬਚਨ ਸੁਣੇ ਤਾਂ ਉਨ੍ਹਾਂ ਨੇ -

***ਸਿਧੀ ਮਨੇ ਬੀਚਾਰਿਆ, ਕਿਵੈ ਦਰਸਨ ਏ ਲੇਵੈ ਬਾਲਾ॥***

***ਭਾਈ ਗੁਰਦਾਸ ਜੀ ਵਾਰ 1/31***

ਇਹ ਸੋਚਿਆ ਇਹ ਕਿਸੇ ਤਰੀਕੇ ਨਾਲ ਸਾਡਾ ਸੇਵਕ ਬਣ ਜਾਵੇ, ਜੋਗੀ ਬਣ ਜਾਵੇ ਤੇ ਫੇਰ ਸਾਡਾ ਪੰਥ ਮੁੜ ਕੇ ਰੋਸ਼ਨ ਹੋ ਜਾਏਗਾ ਕਿਉਂਕਿ ਐਡਾ ਕਾਬਲ ਅਸੀਂ ਕੋਈ ਦੇਖਿਆ ਨਹੀਂ। ਉਸ ਵੇਲੇ

ਨਾਮ ਪੁਛਿਆ ਤੇ ਮਹਾਰਾਜ ਜੀ ਨੇ ਜਦੋਂ ਸ਼ਬਦ ਦੇ ਅੰਦਰ ਆਪਣਾ ਨਾਮ ਦਸਿਆ 'ਨਾਨਕ' ਤਾਂ ਉਹ ਕਹਿੰਦੇ ਕਿ ਕਿਤੇ ਤੂੰ ਓਹੀ ਨਾਨਕ ਤਾਂ ਨਹੀਂ ਜਿਸ ਨੇ ਕਲਜੁਗ ਨੂੰ ਤਾਰਨ ਵਾਸਤੇ ਆਉਣਾ ਸੀ? ਸਿੱਧਾਂ ਨੇ ਮਨ ਵਿਚ ਵਿਚਾਰ ਕਰ ਲਈ ਕਿ ਇਹ ਤਾਂ ਓਹੀ ਆ ਗਿਆ ਤੇ ਹੁਣ ਇਸ ਨੂੰ ਜ਼ਰੂਰ ਬਣਾਓ ਆਪਣਾ ਚੇਲਾ। ਉਸ ਵੇਲੇ ਗੋਰਖਨਾਥ ਨੇ ਆਪਣੀ ਚਿੱਪੀ ਦੇ ਦਿਤੀ ਤੇ ਕਹਿਣ ਲੱਗਿਆ, "ਹੇ ਨਾਨਕ! ਓਹ ਦੇਖ ਸਾਹਮਣੇ ਪਾਣੀ ਨਜ਼ਰ ਆਉਂਦਾ ਹੈ ਪਹਾੜ ਦੇ ਹੇਠਾਂ।"

ਮਹਾਰਾਜ ਜੀ ਕਹਿੰਦੇ, "ਹਾਂ!"

ਕਹਿੰਦਾ, "ਜਾਓ! ਉਥੋਂ ਇਕ ਚਿੱਪੀ ਪਾਣੀ ਦੀ ਭਰ ਲਿਆਓ।"

ਮਹਾਰਾਜ ਜੀ ਚਲ ਪਏ, ਜਦੋਂ ਉਥੇ ਪਹੁੰਚੇ ਤਾਂ ਕੀ ਦੇਖਦੇ ਨੇ ਉਥੇ ਹੀਰੇ, ਲਾਲ, ਜਵਾਹਰਾਤ ਬਣਾ ਦਿਤੇ, ਪਾਣੀ ਹੈ ਹੀ ਨਹੀਂ ਤੇ ਮਹਾਰਾਜ ਜੀ ਵਾਪਸ ਮੁੜ ਆਏ। ਜਦੋਂ ਵਾਪਸ ਆਏ ਤਾਂ ਗੋਰਖਨਾਥ ਨੇ ਪੁਛਿਆ ਕਿ ਪਾਣੀ ਨਹੀਂ ਲਿਆਏ ਆਪ?

ਮਹਾਰਾਜ ਕਹਿੰਦੇ, "ਉਥੇ ਹੈ ਹੀ ਨਹੀਂ ਪਾਣੀ।"

ਕਹਿੰਦਾ, "ਦੇਖ ਨਾਨਕ! ਇਕ ਫੁਰਨਾ ਕਰਿਆ ਹੈ ਤੇ ਸਾਰੀ ਝੀਲ ਹੀਰੇ, ਲਾਲ, ਜਵਾਹਰਾਤਾਂ ਦੀ ਬਣਾ ਦਿਤੀ, ਕਿੱਡੀ ਸ਼ਕਤੀ ਹੈ ਜੋਗ ਵਿਚ! ਤੂੰ ਜੋਗ ਲੈ ਲੈ।"

ਮਹਾਰਾਜ ਜੀ ਨੇ ਦ੍ਰਿਸ਼ਟੀ ਕਰੀ ਕਹਿੰਦੇ, "ਕਿਹੜੀ ਝੀਲ ਬਣਾ ਦਿਤੀ?"

ਕਹਿੰਦੇ, "ਉਹ।"

ਮਹਾਰਾਜ ਜੀ ਕਹਿੰਦੇ, "ਦੇਖੋ ਤਾਂ।"

ਜਦੋਂ ਦੇਖਿਆ ਤਾਂ ਉਹ ਪਾਣੀ। ਜ਼ੋਰ ਲਾ ਹਟਿਆ ਗੋਰਖਨਾਥ, ਮੁੜ ਕੇ ਹੀਰੇ ਜਵਾਹਰਾਤ ਬਣਾ ਹੀ ਨਾ ਸਕਿਆ। ਸਮਝ ਲਿਆ ਉਸ ਨੇ ਕਿ ਮੈਥੋਂ ਤਾਂ ਇਹ ਕੋਈ ਬਹੁਤ ਮਹਾਂਬਲੀ ਆ ਗਿਆ। ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਨੇ ਸ਼ਬਦ ਰਾਹੀਂ ਚਰਚਾ ਕਰੀ ਨਾਮ ਦੀ, ਕਿ ਨਾਮ ਸਾਰਿਆਂ ਦਾ ਅਧਾਰ ਹੈ। ਸਭ ਚੀਜ਼ਾਂ ਨਾਮ ਦੇ ਆਸਰੇ ਖੜ੍ਹੀਆਂ ਹਨ। ਨਾਮ ਹਰ ਬੰਦੇ ਦੇ ਅੰਦਰ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥*** ***ਪੰਨਾ - 293***

ਸੋ ਅਖੀਰ ਉਨ੍ਹਾਂ ਨੇ ਹਾਰ ਮੰਨ ਲਈ। ਮਹਾਰਾਜ ਜੀ ਕਹਿੰਦੇ ਤੁਸੀਂ ਸਮਾਧੀਆਂ ਲਾ ਸਕਦੇ ਹੋ, ਸੰਪਰਗਿਆਤ ਸਮਾਧੀ ਤੁਸੀਂ ਲਾ ਲਓਗੇ, ਰਾਜਮੇਧ ਸਮਾਧੀ ਲਾ ਲਓਗੇ ਪਰ ਗਿਆਨ ਤਾਂ ਹੋਣਾ ਨਹੀਂ। ਜਿੰਨਾਂ ਚਿਰ ਗਿਆਨ ਨਹੀਂ ਹੁੰਦਾ, ਓਨਾਂ ਚਿਰ ਮੁਕਤੀ ਨਹੀਂ ਹੁੰਦੀ। ਨਾਥ ਜੀ, ਅਸਲ ਮਸਲਾ ਤਾਂ ਮਾਨਵ ਸਾਮ੍ਹਣੇ ਹਉਮੈ ਦਾ ਹੈ ਜਿਸ ਦੇ ਅਸਰ ਅਧੀਨ ਇਹ ਜੰਮਦਾ ਹੈ ਮਰਦਾ ਹੈ ਤੇ ਚੌਰਾਸੀ ਲੱਖ ਦੇ ਚੱਕਰ ਵਿਚ ਅਨੰਤ ਕਾਲ ਤੋਂ ਘੁੰਮੇਟਣੀਆਂ ਖਾ ਰਿਹਾ ਹੈ। ਹਉਮੈ ਦਾ ਨਾਸ਼ ਨਾਮ ਬਿਨਾਂ ਨਹੀਂ ਹੁੰਦਾ, ਨਾਮ ਰਾਹੀਂ ਪ੍ਰਤੱਖ ਗਿਆਨ ਅਨੁਭਵ ਵਿਚ ਪ੍ਰਕਾਸ਼ ਕਰਦਾ ਹੈ। ਗਿਆਨ ਸਮਰੱਥ ਗੁਰੂ ਬਿਨਾਂ ਨਹੀਂ ਹੁੰਦਾ ਜਿਵੇਂ ਕਿ –

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥*** ***ਪੰਨਾ - 59***

ਤੁਸੀਂ ਤਾਂ ਗਿਆਨ ਦੇ ਰਾਹ ਹੀ ਨਹੀਂ ਪਏ, ਤੁਸੀਂ ਤਾਂ ਨਾਟਕ ਚੇਟਕਾਂ ਵਿਚ ਪਏ ਹੋਏ ਹੋ।

***ਨਾਟਕ ਚੇਟਕ ਕੀਏ ਕੁਕਾਜਾ।***

***ਪ੍ਰਭ ਲੋਗਨ ਕਹ ਆਵਤ ਲਾਜਾ॥*** ***ਬਚਿਤ੍ਰ ਨਾਟਕ***

ਪ੍ਰਭੂ ਦੇ ਲੋਕਾਂ ਨੂੰ ਸ਼ਰਮ ਆਉਂਦੀ ਹੈ ਸ਼ਕਤੀਆਂ ਦਿਖਾਉਂਦਿਆਂ। ਰਿੱਧੀ ਸਿੱਧੀ ਕਰਾਮਾਤਾਂ ਮਾਇਆ ਮੰਡਲ ਦੇ ਚਮਤਕਾਰੇ ਹਨ ਇਨ੍ਹਾਂ ਦੀ ਖਿੱਚ ਮੋਹ ਪੈਦਾ ਕਰਦੀ ਹੈ ਅਤੇ ਨਾਮ ਮਨ ਵਿਚ ਨਹੀਂ ਵਸ ਸਕਦਾ, ਪੂਰਨ ਗਿਆਨ ਨਹੀਂ ਹੋ ਸਕਦਾ। ਤੁਹਾਡੇ ਸਾਧਨ ਕੁੰਡਲਨੀ, ਛੇ ਚੱਕਰ ਵੇਧ ਕੇ ਪ੍ਰਾਣ ਦਸਵੇਂ ਦੁਆਰ ਤੀਕਰ ਲੈ ਜਾਣੇ, ਉਮਰਾਂ ਵਧਾ ਲੈਣੀਆਂ, ਨਾਟਕ ਚੇਟਕ ਕਰ ਲੈਣੇ, ਮਾਇਆ ਮੰਡਲ ਦੀਆਂ ਖੇਡਾਂ ਹਨ, ਜੋ ਅਗਿਆਨ ਦਾ ਨਾਸ਼ ਨਹੀਂ ਕਰ ਸਕਦੀਆਂ। ਅਵਿਦਿਆ ਕੇਵਲ ਪ੍ਰਭੂ ਨਾਮ ਹੀ ਦੂਰ ਕਰ ਸਕਦਾ ਹੈ। ਸੋ ਨਾਮ ਸਭ ਤੋਂ ਸ੍ਰੇਸ਼ਟ ਹੈ, ਨਾਮ ਅੰਮ੍ਰਿਤ ਪੂਰੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ ਅਤੇ ਉਹ ਅਭਿਆਸ ਰਾਹੀਂ ਅੰਦਰ ਰਮੇ ਹੋਏ ਨਾਮ ਤੀਕਰ ਰੁਸਵਾਈ ਕਰਾ ਦਿੰਦਾ ਹੈ। ਇਹ ਕਲਜੁਗ ਦਾ ਸੁਖੈਨ ਮਾਰਗ ਹੈ। ਸੋ ਮਹਾਰਾਜ ਜੀ ਨੇ ਜਦੋਂ ਇਹ ਸਿੱਧ ਕਰ ਦਿਤਾ ਕਿ –

***ਕਲਿਜੁਗਿ ਨਾਨਕ ਨਾਮੁ ਸੁਖਾਲਾ॥*** ***ਭਾਈ ਗੁਰਦਾਸ ਜੀ ਵਾਰ 1/31***

ਕੇਵਲ ਨਾਮ ਨੇ ਹੀ ਫਲੀਭੂਤ ਹੋਣਾ ਹੈ। ਇਕ ਵਾਰੀ ਵੀ ਜੇ ਵਾਹਿਗੁਰੂ ਮੂੰਹ ਵਿਚੋਂ ਨਿਕਲ ਜਾਵੇ ਤੇ ਚਿੱਤ ਇਕਾਗਰ ਹੋਵੇ –

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ॥***

ਕਹਿੰਦੇ ਫੇਰ ਇਹ ਦੱਸੋ ਕਿ ਇਹ ਮਾਰਗ ਸ੍ਰੇਸ਼ਟ ਹੈ ਜਾਂ ਕਿ ਤੁਹਾਡਾ ਜਿਹੜਾ ਹਠ ਯੋਗ ਹੈ – ਨੇਤੀ, ਧੋਤੀ, ਬਸਤੀ, ਕਪਾਲੀ ਇਹ ਸਾਧਨ ਕਰਦੇ ਹੋ; ਫੇਰ ਇਕੱਲੀਆਂ ਜਗ੍ਹਾਂ ਭਾਲਣੀਆਂ ਪੈਂਦੀਆਂ ਹਨ। ਕਲਜੁਗ ਦਾ ਸਮਾਂ ਹੈ, ਤੁਹਾਨੂੰ ਇਕਾਂਤ ਕਿਹੜਾ ਦਏਗਾ? ਤੁਸੀਂ ਤਾਂ ਪਹਾੜਾਂ ਤੇ ਆ ਕੇ ਬਹਿ ਗਏ। ਇਹ ਕੁਝ ਹੋ ਨਹੀਂ ਸਕਦਾ ਨਾਥ ਜੀ! ਅਸੀਂ ਨਾਮ ਲੈ ਕੇ ਆਏ ਹਾਂ, ਨਿਰੰਕਾਰ ਦੇ ਨਾਮ ਨੇ ਉਧਾਰ ਕਰਨਾ ਹੈ ਸੰਸਾਰ ਦਾ। ਸੋ ਹਾਰ ਮੰਨ ਲਈ ਸਿੱਧਾਂ ਨੇ; ਗੁਰੂ ਨਾਨਕ ਸਾਹਿਬ ਦੇ ਚਰਨਾਂ ਤੇ ਸਭ ਨੇ ਸੀਸ ਨਿਵਾ ਦਿਤਾ। ਉਸ ਘਟਨਾ ਨੂੰ ਭਾਈ ਗੁਰਦਾਸ ਜੀ ਏਸ ਤਰ੍ਹਾਂ ਲਿਖਦੇ ਹਨ –

***ਧਾਰਨਾ – ਬਾਬੇ ਜਿਤ ਲਈ ਸਿੱਧਾਂ ਵਾਲੀ ਮੰਡਲੀ,***
***ਸ਼ਬਦਾਂ ਦੇ ਬਾਣ ਮਾਰ ਕੇ – 2, 2.***
***ਮੇਰੇ ਪਿਆਰੇ, ਸ਼ਬਦਾਂ ਦੇ ਬਾਣ ਮਾਰ ਕੇ – 2.***
***ਵਾਹਵਾ ਵਾਹਵਾ, ਸ਼ਬਦਾਂ ਦੇ ਬਾਣ ਮਾਰ ਕੇ – 2.***
***ਬਾਬੇ ਜਿਤ ਲਈ ਸਿਧਾਂ ਵਾਲੀ ਮੰਡਲੀ –...... –2.***

***ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ।***
***ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।***
***ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।***
***ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।***
***ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।***
***ਫਿਰਿ ਆਇਆ ਗੁਰ ਨਾਥ ਜੀ ਪਾਣੀ ਠਉੜ ਨਹੀ ਉਸਿ ਤਾਲਾ।***
***ਸਬਦਿ ਜਿਤੀ ਸਿਧਿ ਮੰਡਲੀ, ਕੀਤੋਸੁ ਅਪਣਾ ਪੰਥੁ ਨਿਰਾਲਾ॥***
***ਕਲਿਜੁਗਿ ਨਾਨਕ ਨਾਮੁ ਸੁਖਾਲਾ॥*** ***ਭਾਈ ਗੁਰਦਾਸ ਜੀ ਵਾਰ 1/31***

ਸੋ ਕਹਿਣ ਲੱਗੇ ਐਡੇ ਵੱਡੇ-ਵੱਡੇ ਸਿੱਧਾਂ ਦੇ ਕੋਲ, ਗੁਰੂ ਨਾਨਕ ਪਾਤਿਸ਼ਾਹ ਨੇ ਜਾ ਕੇ ਨਾਮ ਦਾ ਡੰਕਾ ਵਜਾਇਆ ਤੇ ਸਭ ਨੂੰ ਜਿਤਿਆ। ਮੱਕੇ ਵਿਚ ਗਏ ਤੇ ਮੱਕੇ ਦੇ ਜਿੰਨੇ ਸੇਵਾ ਕਰਨ ਵਾਲੇ ਸਨ – ਵੱਡੇ-ਵੱਡੇ ਇਮਾਮ, ਸਾਰਿਆਂ ਨੇ ਗੁਰੂ ਨਾਨਕ ਪਾਤਿਸ਼ਾਹ ਤੋਂ ਉਪਦੇਸ਼ ਸੁਣਿਆ। ਉਨ੍ਹਾਂ ਨੇ ਦਸਿਆ ਕਿ ਕੇਵਲ ਮੱਕੇ ਦੇ ਅੰਦਰ ਹੀ ਖੁਦਾ ਨਹੀਂ ਹੈ, ਖੁਦਾ ਦਾ ਤਾਂ ਸਾਰਾ ਹੀ ਸੰਸਾਰ, ਜਿੰਨੀ ਦੁਨੀਆਂ ਹੈ, ਸਾਰੀ ਪ੍ਰਮੇਸ਼ਰ ਦੀ ਹੈ, ਸਾਰੀ ਵਿਚ ਹੀ ਪਰੀਪੂਰਨ ਹੈ ਉਹ। ਸੋ ਏਸ ਤਰ੍ਹਾਂ ਦੇ ਨਾਲ ਬਹੁਤ ਵਿਆਖਿਆ

ਦੇ ਨਾਲ ਆਪ ਨੇ ਗੁਰੂ ਨਾਨਕ ਪਾਤਿਸ਼ਾਹ ਦੇ ਬਚਨ ਲਹਿਣਾ ਜੀ ਨੂੰ ਸੁਣਾਏ। ਪਹਿਲਾਂ ਬਾਣੀ ਸੁਣਾਈ, ਫੇਰ ਉਨ੍ਹਾਂ ਦੇ ਕੌਤਕ ਸੁਣਾਏ। ਫੇਰ ਲਹਿਣਾ ਪੁਛਦੇ ਹਨ ਕਿ ਉਹ ਸਰਬ ਵਿਆਪੀ ਹੈ ਜਾਂ ਇਕ ਦੇਸੀ?। ਉਹ ਹੁਣ ਕੀ ਕਰਾਉਂਦੇ ਹਨ?

ਭਾਈ ਜੋਧ ਜੀ ਨੇ ਕਿਹਾ, "ਭਾਈ ਲਹਿਣਾ ਜੀ! ਗੁਰੂ ਨਾਨਕ ਪਾਤਿਸ਼ਾਹ ਦੇ ਸਾਰੇ ਹੀ ਕੌਤਕ ਨਿਰਾਲੇ ਨੇ ਤੇ ਉਨ੍ਹਾਂ ਨੇ ਚਾਰ ਉਦਾਸੀਆਂ ਕਰਕੇ ਸਾਰੀ ਸ੍ਰਿਸ਼ਟੀ ਜਿਥੋਂ ਤੱਕ ਸੀ, ਉਥੋਂ ਤੱਕ ਉਪਦੇਸ਼ ਕਰਨ ਤੋਂ ਬਾਅਦ ਕਰਤਾਰਪੁਰ ਪੱਕਾ ਨਿਵਾਸ ਕਰ ਲਿਆ ਹੈ।

ਹੁਣ ਸੰਗਤਾਂ ਬੇਅੰਤ ਹੋ ਗਈਆਂ ਹਨ। ਹੁਣ ਸੰਗਤਾਂ ਕਿਥੇ ਟੋਲ੍ਹਦੀਆਂ ਫਿਰਨ ਕਿ ਹੁਣ ਲੰਕਾ ਵਿਚ ਹਨ ਗੁਰੂ ਸਾਹਿਬ ਜਾਂ ਅਰਬ ਵਿਚ ਹਨ ਜਾਂ ਬਰ੍ਹਮਾਂ ਵਿਚ ਹਨ ਜਾਂ ਚੀਨ ਵਿਚ ਗਏ ਹੋਏ ਹਨ। ਕੋਈ ਸੁਖਾਲਾ ਸੀ ਉਨ੍ਹਾਂ ਦਿਨਾਂ ਵਿਚ ਟੋਲ੍ਹਣਾ? ਕਹਿੰਦੇ ਫੇਰ ਉਨ੍ਹਾਂ ਨੇ ਆ ਕੇ ਇਕ ਪਿੰਡ ਵਸਾਇਆ ਜਿਸ ਦਾ ਨਾਮ ਕਰਤਾਰਪੁਰ ਹੈ, ਨੇੜੇ ਹੀ ਹੈ ਇਥੋਂ ਦੂਰ ਨਹੀਂ ਹੈ। ਜਦੋਂ ਮੱਕੇ ਗਏ ਉਸ ਵੇਲੇ ਭੇਸ ਮੁਸਲਮਾਨਾਂ ਵਾਲਾ ਬਣਾਇਆ ਹੋਇਆ ਸੀ, ਹਰੇ ਕੱਪੜੇ ਪਹਿਨ ਲਏ ਸਨ। ਜਦੋਂ ਜੋਗੀਆਂ ਨੂੰ ਮਿਲਣ ਗਏ, ਉਦੋਂ ਲੱਕ ਦੇ ਦੁਆਲੇ ਛਾਤੀ ਤੱਕ ਰੱਸੇ ਲਪੇਟ ਲਏ ਸਨ। ਜਦੋਂ ਹਿੰਦੂਆਂ ਦੇ ਮੰਦਰਾਂ ਵਿਚ ਗਏ, ਫੇਰ ਉਨ੍ਹਾਂ ਦਾ ਭੇਸ ਧਾਰਿਆ। ਪੂਰਾ ਭੇਖ ਨਹੀਂ ਸੀ ਬਣਾਉਂਦੇ। ਇਕ ਪੈਰ ਵਿਚ ਖੜਾਂਵ ਹੈ ਦੂਜੇ ਵਿਚ ਜੁੱਤੀ ਹੈ। ਤੱਸਬੀ ਹੱਥ ਵਿਚ ਫੜੀ ਹੋਈ ਹੈ ਪਰ ਉਪਰਲੇ ਪਾਸੇ ਹਿੰਦੂਆਂ ਵਾਲਾ ਭੇਖ ਹੈ। ਸੋ ਹੁਣ ਸਾਰਾ ਲਾਹ ਦਿਤਾ –

***ਫਿਰਿ ਬਾਬਾ ਆਇਆ ਕਰਤਾਰ ਪੁਰਿ ਭੇਖੁ ਉਦਾਸੀ ਸਗਲ ਉਤਾਰਾ॥***
***ਭਾਈ ਗੁਰਦਾਸ ਜੀ ਵਾਰ 1/38***

ਉਦਾਸੀਆਂ ਵਾਲਾ ਜਿਹੜਾ ਭੇਖ ਸੀ, ਜਦੋਂ ਉਦਾਸੀਆਂ ਕਰਨ ਜਾਂਦੇ ਸਨ ਉਹ ਸਾਰਾ ਹੀ ਉਤਾਰ ਦਿਤਾ–

***ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ॥***
***ਭਾਈ ਗੁਰਦਾਸ ਜੀ***
***ਵਾਰ 1/38***

ਜਦੋਂ ਮਹਾਰਾਜ ਜੀ ਨੇ ਆ ਕੇ ਫੇਰ ਸੰਸਾਰੀ ਕੱਪੜੇ ਪਹਿਨੇ ਤਾਂ ਐਨੇ ਸੋਹਣੇ ਲੱਗਣ ਕਿ ਓਹੀ ਰੂਪ ਸਾਡੇ ਮਨ ਵਿਚ ਵਸ ਗਿਆ ਤੇ ਹੁਣ ਉਥੇ ਬੈਠ ਕੇ ਉਪਦੇਸ਼ ਕਰਦੇ ਹਨ। ਸੋ ਐਨੇ ਬਚਨ ਜਦੋਂ ਸੁਣੇ ਤਾਂ ਭਾਈ ਲਹਿਣਾ ਜੀ ਦੇ ਮਨ ਵਿਚ 100% ਖਿੱਚ ਪੈ ਗਈ। ਜਿਉਂ-ਜਿਉਂ ਬਚਨ ਸੁਣਦੇ ਚਲੇ ਗਏ, ਤਿਵੇਂ ਤਿਵੇਂ ਦੇਵੀ ਅੰਦਰੋਂ ਨਿਕਲਦੀ ਚਲੀ ਗਈ ਤੇ ਗੁਰੂ ਵਸਦਾ ਚਲਿਆ ਗਿਆ। ਇਹ ਕੋਈ ਛੋਟੀ ਜਿਹੀ ਬਾਤ ਨਹੀਂ ਹੈ।

ਭਾਈ ਜੋਧ ਕਹਿਣ ਲੱਗੇ, "ਭਾਈ ਲਹਿਣਾ ਜੀ, ਗੁਰੂ ਨਾਨਕ ਪਾਤਸ਼ਾਹ ਜੀ ਦਾ ਸਿਧਾਂਤ ਬਹੁਤ ਹੀ ਸੁਖੈਨ ਹੈ, ਬਹੁਤ ਸਿੱਧਾ ਹੈ। ਇਸ ਦੇ ਵਿਚ ਨਾ ਪੜ੍ਹੇ-ਲਿਖੇ ਹੋਣ ਦੀ ਲੋੜ ਹੈ, ਨਾ ਕਿਸੇ ਫਿਲਾਸਫੀ ਦੀ, ਨਾ ਸੰਸਕ੍ਰਿਤ ਜਾਨਣ ਦੀ ਤੇ ਨਾ ਕੋਈ ਹੋਰ। ਭਾਵੇਂ ਕੋਈ ਪੜ੍ਹਿਆ ਹੋਵੇ ਜਾਂ ਅਨਪੜ੍ਹ ਹੋਵੇ, ਬਿਲਕੁਲ ਸਿੱਧਾ ਸਿਧਾਂਤ ਹੈ ਕਿ ਕਿਰਤ ਕਰਨੀ ਧਰਮ ਦੀ, ਦਸਾਂ ਨਹੁੰਆਂ ਦੀ ਕਿਰਤ ਕਰਨੀ, ਫੇਰ ਉਸ ਤੋਂ ਬਾਅਦ ਨਾਮ ਜਪਣਾ। ਫੇਰ ਨਾਮ ਨੇ ਸਾਂਝ ਪਾ ਦੇਣੀ ਹੈ ਸਾਰੀ ਦੁਨੀਆਂ ਨਾਲ ਤੇ ਫੇਰ ਵੰਡ ਕੇ ਛਕਣਾ। ਕਿਰਤ ਤਾਂ ਕਰਦੇ ਹੀ ਹੋ ਤੁਸੀਂ ਵੀ ਪਰ ਨਾਮ ਨਾ ਜਪਣ ਕਰਕੇ ਦੁਨੀਆਂ ਨਾਲ ਨਹੀਂ ਸਾਂਝ ਪੈ ਰਹੀ। ਆਪਣੇ ਵਾਸਤੇ ਤੁਸੀਂ ਕਿਰਤ ਕਰ ਰਹੇ ਹੋ। ਜਿੰਨਾ ਕਮਾਉਂਦੇ ਹੋ ਆਪਣੇ ਘਰ ਵਾਸਤੇ ਕਮਾਉਂਦੇ ਹੋ, ਹੋਰ ਵਪਾਰ ਵਧਾ ਲੈਂਦੇ ਹੋ ਪਰ ਗੁਰੂ ਦਾ ਸਿੱਖ ਆਪਣੇ ਵਾਸਤੇ ਨਹੀਂ ਕਰਦਾ। ਉਹ ਪਹਿਲਾਂ ਕਿਰਤ ਕਰਦਾ ਹੈ ਤੇ ਗੁਰੂ ਨਾਨਕ ਸਾਹਿਬ ਨੇ ਤਾਂ ਇਹ ਬਚਨ ਵੀ ਕਹਿ ਦਿਤਾ।

***ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥***
***ਪੰਨਾ – 1245***

ਕਿਰਤ ਵਾਲਾ ਜਿਹੜਾ ਬੰਦਾ ਹੈ ਉਸ ਨੂੰ ਰੱਬ ਦੇ ਰਾਹ ਦਾ ਗਿਆਨ ਹੋ ਜਾਵੇਗਾ।"

ਕਿਰਤ ਇਕ ਤਾਂ ਨਹੀਂ ਹੁੰਦੀ, ਇਹ ਤਾਂ ਅਨੇਕ ਕਿਸਮ ਦੀ ਹੈ। ਕਿਸਾਨ ਕਿਰਤ ਕਰਦਾ ਹੈ ਖੇਤੀਬਾੜੀ ਅਨਾਜ ਪੈਦਾ ਕਰਦਾ ਹੈ, ਜਿਹੜਾ ਅਧਿਆਪਕ ਹੈ ਉਹ ਬੱਚਿਆਂ ਨੂੰ ਪੜ੍ਹਾ ਕੇ ਕਿਰਤ ਕਰਦਾ ਹੈ, ਜਿਹੜਾ ਡਾਕਟਰ ਹੈ ਉਹ ਦਵਾਈਆਂ ਦੇ ਕੇ ਮਰੀਜ਼ਾਂ ਦੀ ਸੇਵਾ ਕਰਕੇ ਕਿਰਤ ਕਰਦਾ ਹੈ। ਜਿਹੜੇ ਗੁਰੂ ਦੇ ਸਿੱਖਾਂ ਨੂੰ ਗੁਰੂ ਨੇ ਦਾਤ ਦਿਤੀ ਹੋਈ ਹੈ ਕੀਰਤਨ ਦੀ, ਪ੍ਰਚਾਰ ਦੀ, ਉਹ ਪ੍ਰਚਾਰ ਕਰਕੇ ਕਿਰਤ ਕਰਦੇ ਹਨ, ਜਿਸ ਨੂੰ ਸਾਜ ਵਜਾਉਣ ਦੀ ਸੇਵਾ ਦਿਤੀ ਹੋਈ ਹੈ ਉਹ ਸਾਜ ਵਜਾ ਕੇ ਕਿਰਤ ਕਰਦੇ ਹਨ। ਇਹ ਸਾਰੀ ਧਰਮ ਦੀ ਕਿਰਤ ਹੈ - ਦਸਾਂ-ਨਹੁੰਆਂ ਦੀ ਕਿਰਤ ਪਰ ਗੁਰੂ ਦਾ ਸਿੱਖ ਆਪਣੇ ਕੋਲ ਕੁਝ ਨਹੀਂ ਰੱਖਦਾ, ਸਭ ਕੁਝ ਸਾਂਝਾ ਰੱਖਦਾ ਹੈ ਤੇ ਫੇਰ ਉਹ ਨਾਮ ਜਪਦਾ ਹੈ, ਅੰਮ੍ਰਿਤ ਵੇਲੇ ਨੂੰ ਸੰਭਾਲਦਾ ਹੈ। ਜਦੋਂ ਸਾਰਾ ਸੰਸਾਰ ਸੁੱਤਾ ਪਿਆ ਹੁੰਦਾ ਹੈ ਉਦੋਂ ਉਹ ਜਾਗਦਾ ਹੈ। ਸੋ ਉਹ ਉਸ ਵੇਲੇ ਸਮੇਂ ਨੂੰ ਸੰਭਾਲ ਕੇ ਫੇਰ ਇਕ ਚਿੱਤ ਹੋ ਕੇ ਪ੍ਰਮੇਸ਼ਰ ਦਾ ਭਜਨ ਕਰਦਾ ਹੈ। ਜਦੋਂ ਭਜਨ ਕਰਦਾ ਹੈ ਫੇਰ ਉਸ ਦੇ ਅੰਦਰ ਪਿਆਰ ਆਉਂਦਾ ਹੈ, ਪਿਆਰ ਜਿਹੜਾ ਹੈ ਉਹ ਸਾਂਝ ਪਾਉਂਦਾ ਹੈ। ਜਦੋਂ ਸਾਂਝ ਪੈਂਦੀ ਹੈ ਫੇਰ ਦੁਖੀ ਨੂੰ ਦੇਖ ਨਹੀਂ ਸਕਦਾ ਫੇਰ ਉਸ ਦੇ ਜੀਅ ਵਿਚ ਆਉਂਦਾ ਹੈ ਕਿ ਮੈਂ ਇਸ ਨੂੰ ਕੀ ਦੇਵਾਂ? ਕੀ ਮਦਦ ਕਰਾਂ? ਫੇਰ ਜਿਹੜੀ ਉਹ ਮਦਦ ਕਰਦਾ ਹੈ ਉਸ ਦੇ ਨਾਲ ਮੋਹ, ਲਗਾਓ ਨਹੀਂ ਰਖਦਾ। ਉਹ ਸ਼ੁਕਰ ਕਰਦਾ ਹੈ ਕਿ ਹੇ ਵਾਹਿਗੁਰੂ! ਤੇਰਾ ਸ਼ੁਕਰ ਹੈ ਕਿ ਮੇਰੇ ਰਾਹੀਂ ਤੂੰ ਏਸ ਪ੍ਰੇਮੀ ਦੀ ਮਦਦ ਕਰਾ ਦਿਤੀ, ਮੈਂ ਨਹੀਂ ਕਰੀ, ਤੂੰ ਹੀ ਕਰਾਈ ਹੈ। ਤੇਰਾ ਦਿਤਾ ਹੋਇਆ ਹੀ ਮੈਂ ਅੱਗੇ ਦੇ ਰਿਹਾ ਹਾਂ, ਆਪਣੇ ਕੋਲੋਂ ਤਾਂ ਮੈਂ ਕੁਝ ਨਹੀਂ ਦੇ ਰਿਹਾ। ਕਹਿੰਦੇ ਫੇਰ ਨਿਰਮਾਣ ਰਹਿੰਦਾ ਹੈ ਤੇ ਫੇਰ ਵੰਡ ਕੇ ਛਕਦਾ ਹੈ। ਫੇਰ ਦੂਸਰਾ ਪਾਸਾ ਕਹਿੰਦੇ -

***ਗੁਰਮੁਖਿ ਨਾਮੁ ਦਾਨੁ ਇਸਨਾਨੁ॥*** ***ਪੰਨਾ - 942***

ਨਾਮ ਜਪਦਾ ਹੈ, ਬਾਣੀ ਪੜ੍ਹਦਾ ਹੈ। ਰਸਨਾ ਨਾਲ ਨਾਮ ਜਪਦਾ ਹੈ, ਸੁਆਸ ਨਾਲ ਨਾਮ ਜਪਦਾ ਹੈ, ਕੰਠ ਵਿਚ ਨਾਮ ਜਪਦਾ ਹੈ, ਹਿਰਦੇ ਵਿਚ ਨਾਮ ਜਪਦਾ ਹੈ, ਨਾਭੀ ਵਿਚ ਨਾਮ ਜਪਦਾ ਹੈ, ਆਗਿਆ ਚੱਕਰ ਵਿਚ ਨਾਮ ਜਪਦਾ ਹੈ, ਤ੍ਰਿਕੁਟੀ ਵਿਚ ਨਾਮ ਜਪਦਾ ਹੈ, ਦਸਵੇਂ ਦੁਆਰ ਵਿਚ ਨਾਮ ਜਪ ਕੇ ਪ੍ਰਮੇਸ਼ਰ ਨੂੰ ਪ੍ਰਾਪਤ ਕਰ ਲੈਂਦਾ ਹੈ। ਇਹ ਤਾਂ ਹੈ ਪਹਿਲਾ ਕੰਮ। ਦੂਸਰਾ ਹੈ - ਨਾਮ ਜਪਣ ਕਰਕੇ ਵਿਘਨ ਘਰੋਂ ਹਟਣੇ ਸ਼ੁਰੂ ਹੋ ਜਾਂਦੇ ਹਨ ਤੇ ਘਰ ਦੇ ਅੰਦਰ ਰੰਗ ਲੱਗ ਜਾਂਦਾ ਹੈ, ਪਿਆਰ ਪੈਦਾ ਹੋ ਜਾਂਦਾ ਹੈ ਜਿਨ੍ਹਾਂ ਨੇ ਵੀ ਕਰਿਆ ਹੈ, ਏਥੇ ਸੰਗਤ ਵਿਚ ਕਰਦੇ ਰਹੇ ਹਨ। ਦਸ ਸਾਲ ਤੋਂ ਮੈਂ ਇਹੋ ਹੀ ਦਸਦਾ ਜਾ ਰਿਹਾ ਹਾਂ। ਸੰਗਤ ਨਾਲ ਸਬੰਧ ਰੱਖਣ ਵਾਲੇ ਸੈਂਕੜੇ ਪ੍ਰੇਮੀ ਅੰਮ੍ਰਿਤ ਵੇਲਾ ਸੰਭਾਲਦੇ ਹਨ, ਅਭਿਆਸ ਕਰਦੇ ਹਨ, ਮੂਲਮੰਤ੍ਰ ਦੇ ਲੱਖਾਂ ਪਾਠ ਕਰਦੇ ਹਨ, ਨਾਮ ਜਪਦੇ ਹਨ, ਸੁੱਚੀ ਕਿਰਤ ਕਰਕੇ ਪ੍ਰਭੂ ਨਮਿਤ ਮਾਇਆ ਭੀ ਕਢਦੇ ਹਨ, ਦੇਵਤਿਆਂ ਵਰਗਾ ਜੀਵਨ ਪ੍ਰਾਪਤ ਹੋ ਗਿਆ ਹੈ, ਗੁਰਮੁਖ ਦੇ ਤਿੰਨ ਮੁਖ ਕੰਮ ਹਨ - ਨਾਮ-ਦਾਨ-ਇਸ਼ਨਾਨ।

***ਧਾਰਨਾ - ਗੁਰਮੁਖ ਨਾਮ ਦਾਨ ਇਸ਼ਨਾਨ -2, 2.***
***ਗੁਰਮੁਖ ਨਾਮ ਦਾਨ ਇਸ਼ਨਾਨ -2, 4.***

ਭਾਈ ਜੋਧ ਕਹਿਣ ਲੱਗੇ ਕਿ ਭਾਈ ਲਹਿਣਾ ਜੀ! ਗੁਰੂ ਮਹਾਰਾਜ ਜੀ ਨੇ ਬਹੁਤ ਝੰਜਟਾਂ ਵਿਚ ਨਹੀਂ ਪਾਇਆ। ਜੀਵਨ ਤਾਂ ਏਸ ਤਰ੍ਹਾਂ ਬਣਾ ਦਿਤਾ ਕਿ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ। ਇਹ ਤਾਂ ਇਕ ਪੱਖ ਸਮਝੋ। ਦੂਸਰਾ ਪੱਖ ਇਹ ਹੈ ਕਿ "ਗੁਰਮੁਖ ਨਾਮ ਦਾਨ ਇਸ਼ਨਾਨ॥"

ਨਾਮ ਜਪਣਾ ਤੇ ਦਾਨ ਕਰਨਾ। ਦਾਨ ਦੀ ਮੈਂ ਬੇਨਤੀ ਕਰਦਾ ਸੀ ਕਿ ਇਕ ਤਾਂ ਕਾਮਨਾ ਸਹਿਤ ਦਾਨ ਹੁੰਦਾ ਹੈ ਉਸ ਦਾ ਫਲ ਮਿਲਦਾ ਹੈ - ਜਿਹੋ-ਜਿਹਾ ਖੇਤ, ਓਹੋ-ਜਿਹਾ ਫਲ। ਜੇ ਤਾਂ ਬ੍ਰਹਮਗਿਆਨੀ ਮਹਾਂਪੁਰਸ਼ਾਂ ਦੇ ਰਾਹੀਂ ਪੈਸਾ ਖਰਚ ਹੁੰਦਾ ਹੈ, ਉਥੇ ਤਾਂ ਦਾਨ ਲੱਖਾਂ ਗੁਣਾਂ ਵਧ ਜਾਂਦਾ ਹੈ ਤੇ ਜਿਥੇ ਕੱਲਰ ਵਾਲੀ ਧਰਤੀ ਹੈ ਉਥੇ ਦਾਨ ਦਿਤਾ ਹੋਇਆ ਆਪ ਨੂੰ ਵੀ ਫਸਾ ਦਿੰਦਾ ਹੈ। ਦਾਨ ਲੈ ਲਿਆ, ਸ਼ਰਾਬ ਪੀ ਲਈ, ਪਾਰਟੀਬਾਜ਼ੀ ਕਰ ਲਈ, ਲੜਾਈਆਂ-ਝਗੜੇ ਕਰ ਲਏ ਤੇ ਪ੍ਰਮੇਸ਼ਰ ਦੇ ਨਮਿਤ ਲਾਉਣਾ ਨਹੀਂ, ਫੇਰ

ਦਾਨ ਫਲੇਗਾ ਕਿਵੇਂ? ਉਸ ਦਾ ਤਾਂ ਦਾਤਾ (ਦਾਨ ਦੇਣ ਵਾਲਾ) ਵੀ ਨਾਲ ਹੀ ਮਰਦਾ ਹੈ। ਸੋ –

***ਖੇਤੁ ਪਛਾਣੈ ਬੀਜੈ ਦਾਨੁ॥*** ***ਪੰਨਾ – 1411***

ਕਹਿੰਦੇ ਖੇਤ ਪਛਾਣ ਕੇ ਦਾਨ ਦਿਓ। ਪਛਾਣ ਕਰਕੇ 'ਤੁਰਤ ਦਾਨ ਮਹਾਂ ਕਲਿਆਣ' ਠੀਕ ਥਾਂ ਤੇ ਦਿਤਾ ਦਾਨ, ਜਿਥੇ ਛੇਤੀ ਹੀ ਲੱਗ ਜਾਵੇ ਉਹ ਦਾਨ ਠੀਕ ਹੋਇਆ ਕਰਦਾ ਹੈ। ਸੋ ਦਾਨ ਬੜੀ ਜ਼ਰੂਰੀ ਚੀਜ਼ ਹੈ ਕਿਉਂਕਿ ਦਾਨ ਜਦੋਂ ਨਿਕਲਦਾ ਹੈ ਉਹ ਵਿਘਨ ਕੱਢਦਾ ਹੈ। ਸੰਤਾਂ ਨੂੰ ਕੋਈ ਲੋੜ ਨਹੀਂ ਹੁੰਦੀ ਦਾਨ ਦੀ, ਉਨ੍ਹਾਂ ਨੇ ਕੀ ਕਰਨਾ ਹੈ? ਉਹ ਤਾਂ ਸਾਰੀਆਂ ਚੀਜ਼ਾਂ ਦੇ ਮਾਲਕ ਹੁੰਦੇ ਹਨ, ਸਭ ਕੁਝ ਉਨ੍ਹਾਂ ਕੋਲ ਹੁੰਦਾ ਹੈ। ਲੋਕ ਤਾਂ ਮੰਗਦੇ ਨੇ ਆ–ਆ ਕੇ, ਮਾਇਆ ਪਿੱਛੇ ਲੱਗੀ ਫਿਰਦੀ ਹੈ ਉਨ੍ਹਾਂ ਦੇ, ਤੇ ਉਹ ਠੇਡੇ ਮਾਰਦੇ ਹਨ ਕਿ ਮੈਨੂੰ ਨਹੀਂ ਚਾਹੀਦੀ ਪਰ ਪਰਉਪਕਾਰੀ ਸੰਤ ਕਹਿੰਦੇ ਕੋਈ ਨਹੀਂ ਇਨ੍ਹਾਂ ਦਾ ਵੀ ਭਲਾ ਕਰਨਾ ਹੈ। ਜਿਹੜੇ ਪੈਸਾ–ਦੋ ਪੈਸੇ ਦਿੰਦੇ ਨੇ ਉਸ ਨੂੰ ਇਕੱਠਾ ਕਰਕੇ ਲਾ ਦਿੰਦੇ ਹਨ ਕਿ ਇਕ ਤਾਂ ਇਨ੍ਹਾਂ ਨੂੰ ਪਤਾ ਨਾ ਲੱਗੇ। ਇਥੇ ਰਤਵਾੜਾ ਸਾਹਿਬ ਡਿਸਪੈਂਸਰੀ ਚੱਲ ਰਹੀ ਹੈ। ਇਥੇ ਦਸ ਜਾਂ ਗਿਆਰਾਂ ਹਜ਼ਾਰ ਦੀਆਂ ਦਵਾਈਆਂ ਮਹੀਨੇ ਵਿਚ ਮੁਫਤ ਦਿਤੀਆਂ ਜਾਂਦੀਆਂ ਹਨ। ਇਕ ਲੱਖ ਵੀਹ ਪੱਚੀ ਹਜ਼ਾਰ ਇਕ ਸਾਲ ਵਿਚ ਇਕੱਲੀ ਡਿਸਪੈਂਸਰੀ ਦਾ ਖਰਚਾ ਹੈ। ਇਹ ਆਉਂਦਾ ਕਿਥੋਂ ਹੈ – ਕਿਸੇ ਦਾ ਇਕ, ਕਿਸੇ ਦੇ ਦੋ, ਕਿਸੇ ਨੇ ਬੰਨ੍ਹਵੇ ਰੂਪ ਵਿਚ ਦਾਨ ਦੇ ਪੈਸੇ ਰੱਖੇ ਹੋਏ ਹਨ। ਪੈਸਾ ਆਉਂਦਾ ਹੈ, ਲੱਗੀ ਜਾਂਦਾ ਹੈ। ਕੋਈ ਇਕ ਬੰਦਾ ਨਹੀਂ ਕਹਿ ਸਕਦਾ ਕਿ ਉਹ ਡਿਸਪੈਂਸਰੀ ਚਲਾਉਂਦਾ ਹਾਂ। ਇਕ ਬੰਦੇ ਨੂੰ ਮਾਣ ਹੋ ਜਾਏਗਾ–

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥*** ***ਪੰਨਾ – 1428***

ਇਹ ਤਾਂ ਫੇਰ ਠੱਗੀ ਦਾ ਮਾਮਲਾ ਹੋ ਗਿਆ ਕਿ ਇਕ ਅਮੀਰ ਬੰਦਾ ਡਿਸਪੈਂਸਰੀ ਚਲਾਈ ਜਾਂਦਾ ਹੈ। ਕੌਣ ਕਹਿ ਦਏਗਾ ਕਿ ਉਸ ਨੂੰ ਮਾਣ ਨਹੀਂ ਹੋਏਗਾ? ਜਿਸ ਦਿਨ ਉਸ ਦਾ ਨਿਰਾਦਰ ਹੋ ਗਿਆ ਉਸੇ ਦਿਨ ਪੈਸੇ ਦੇਣੇ ਬੰਦ ਕਰ ਦਏਗਾ ਕਿ ਮੈਂ ਨਹੀਂ ਦੇਣੇ। ਸੋ ਇਹ ਗੁਪਤ ਦਾਨ ਲੱਗੀ ਜਾਂਦਾ ਹੈ। ਲੰਗਰ ਚਲਦਾ ਹੈ – ਕਿਸ ਦਾ ਆਇਆ ਹੈ, ਕਿਥੋਂ ਆਇਆ ਹੈ, ਵਾਹਿਗੁਰੂ ਜਾਣਦਾ ਹੈ। ਛਕਣ ਵਾਲੇ ਗੁਰੂ ਨਾਨਕ ਸਾਹਿਬ ਦਾ ਰੂਪ ਧਾਰ ਕੇ ਆਈ ਜਾਂਦੇ ਹਨ ਤੇ ਛਕਾਉਣ ਵਾਲੇ ਸੇਵਾ ਕਰਕੇ ਆਪਣਾ ਸੇਵਾ ਫਲ ਉਠਾਈ ਜਾਂਦੇ ਹਨ। ਸੋ ਇਸ ਦਾਨ ਦੇ ਨਾਲ ਵੱਡੇ–ਵੱਡੇ ਸਮਾਜ ਦੇ ਕੰਮ ਚਲਦੇ ਹਨ, ਭਾਈਚਾਰੇ ਦੇ ਕੰਮ ਚਲਦੇ ਹਨ, ਰੂਹਾਨੀਅਤ ਦੇ ਕੰਮ ਚਲਦੇ ਹਨ। ਕਹਿੰਦੇ ਗੁਰੂ ਮਹਾਰਾਜ ਜੀ ਨੇ ਐਂ ਨਹੀਂ ਕਿਹਾ ਕਿ ਪੈਸੇ ਨੂੰ ਠੇਡੇ ਮਾਰੀਂ ਜਾਓ; ਨਹੀਂ, ਲੈ ਕੇ ਉਨ੍ਹਾਂ ਨੂੰ ਸ਼ੁਭ ਥਾਵਾਂ ਤੇ ਲਾ ਦਿਓ। ਆਪਣੇ ਗੁਰਸਿੱਖਾਂ ਦੀ ਸੇਵਾ ਲਾ ਦਿਤੀ ਇਹ। ਇਸ ਦੇ ਨਾਲ ਸੰਸਾਰ ਦਾ ਦਲਿੱਦਰ ਦੂਰ ਜਾਂਦਾ ਹੈ ਤੇ ਉਨ੍ਹਾਂ ਦੇ ਘਰਾਂ ਦੇ ਅੰਦਰੋਂ ਵਿਘਨਾਂ ਦਾ ਖਾਤਮਾ ਹੁੰਦਾ ਹੈ। ਵਿਘਨ ਦੂਰ ਹੁੰਦੇ ਹਨ ਤੇ ਸਮਾਜ ਦਾ ਕਲਿਆਣ ਹੁੰਦਾ ਹੈ।

ਤੀਸਰਾ ਹੈ ਇਸ਼ਨਾਨ। ਗੁਰੂ ਮਹਾਰਾਜ ਜੀ ਨੇ ਕੇਵਲ ਸਰੀਰ ਧੋਣ ਨੂੰ ਕੋਈ ਮਹਤੱਤਾ ਨਹੀਂ ਦਿਤੀ। ਆਪ ਦਾ ਫੁਰਮਾਨ ਹੈ –

***ਮਨ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥*** ***ਪੰਨਾ – 558***

ਜਿੰਨਾਂ ਚਿਰ ਮਨ ਦੇ ਵਿਚ ਮੈਲ ਈਰਖਾ, ਨਿੰਦਿਆ, ਚੁਗਲੀ, ਕ੍ਰੋਧ, ਦੂਜੇ ਨੂੰ ਘਿਰਣਾ ਕਰਨੀ, ਛੋਟਾ ਸਮਝਣਾ, ਵੈਰ ਕਰਨਾ ਹੈ, ਕਹਿੰਦੇ ਜਿਥੇ ਮਰਜ਼ੀ ਇਸ਼ਨਾਨ ਕਰ ਲੈ ਪਰ ਸਰੀਰ ਧੋਣ ਨਾਲ ਨਹੀਂ ਕੁਛ ਬਣਦਾ, ਤੇਰੀ ਹਾਲਤ ਕੌੜੀ ਤੂੰਬੀ ਵਾਲੀ ਹੀ ਰਹੇਗੀ।

ਕਬੀਰ ਸਾਹਿਬ ਜੀ ਪਾਸ ਕੁਝ ਪ੍ਰੇਮੀ ਆਏ, ਉਨ੍ਹਾਂ ਨੇ ਕਬੀਰ ਜੀ ਨੂੰ ਬੇਨਤੀ ਕੀਤੀ ਕਿ ਆਪ ਭੀ ਅਸਾਡੇ ਨਾਲ ਚੱਲੋ, ਅਸੀਂ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਕੇ ਵਾਪਸ ਆਉਣਾ ਹੈ। ਉਨ੍ਹਾਂ ਨੇ ਕਿਹਾ ਕਿ ਤੀਰਥਾਂ ਦਾ ਇਸ਼ਨਾਨ ਕਰਕੇ ਸਾਰੇ ਪਾਪਾਂ ਦਾ ਨਾਸ਼ ਹੋ ਜਾਵੇਗਾ। ਕਬੀਰ ਜੀ ਨੇ ਕਿਹਾ ਕਿ ਮੈਥੋਂ ਤਾਂ ਜਾ ਨਹੀਂ ਹੋਣਾ, ਇਹ ਅਸਾਡੀ ਤੂੰਬੀ ਲੈ ਜਾਵੋ ਤੇ ਸਾਰੇ ਤੀਰਥਾਂ ਤੇ ਨਹਾਉਣ ਸਮੇਂ ਅਸਾਡੀ

ਤੂੰਬੀ ਦਾ ਖੂਬ ਇਸ਼ਨਾਨ ਕਰਾਉਂਦੇ ਰਹਿਣਾ। ਜਦੋਂ ਉਹ ਸਾਰੇ ਤੀਰਥਾਂ ਤੇ ਇਸ਼ਨਾਨ ਕਰਕੇ ਵਾਪਸ ਆ ਗਏ, ਕਬੀਰ ਜੀ ਦੀ ਤੂੰਬੀ ਉਨ੍ਹਾਂ ਨੂੰ ਦੇ ਦਿਤੀ। ਕਬੀਰ ਜੀ ਨੇ ਤੂੰਬੀ ਤੋੜ ਕੇ ਉਸਦਾ ਪ੍ਰਸ਼ਾਦ ਸਭਨਾਂ ਨੂੰ ਵੰਡ ਦਿਤਾ। ਜਿਹੜਾ ਮੂੰਹ ਵਿਚ ਪਾਉਂਦਾ ਹੈ ਥੂ-ਥੂ ਕਰਦਾ ਹੈ, ਕਹਿੰਦੇ ਕੌੜੀ ਹੈ। ਉਹ ਕਹਿੰਦੇ ਅਠਾਹਠ ਤੀਰਥਾਂ ਤੇ ਨਹਾ ਕੇ ਵੀ ਕੌੜੀ ਰਹਿ ਗਈ। ਸੋ ਇਸ ਦੇ ਨਾਲ ਜੇ ਮਨ ਵਿਚ ਫਰਕ ਨਹੀਂ ਪਿਆ ਤਾਂ ਨਹਾਉਣਾ ਕੀ ਕਰੂ ਤੁਹਾਡਾ? ਨਹਾ ਆਓ, ਤੁਹਾਡਾ ਜੀਅ ਕਰਦਾ ਹੈ, ਜੇ ਮਨ ਨਿਰਮਲ ਨਹੀਂ ਹੋਇਆ ਫੇਰ ਨਹਾਉਣ ਦਾ ਕੀ ਫਾਇਦਾ? ਮਹਾਰਾਜ ਜੀ ਕਹਿੰਦੇ ਸਰੀਰ ਦਾ ਇਸ਼ਨਾਨ ਹੋਰ ਹੈ, ਬਚਨਾਂ ਦਾ ਇਸ਼ਨਾਨ ਹੋਰ ਹੈ, ਬੁੱਧੀ ਦਾ ਇਸ਼ਨਾਨ ਹੋਰ ਹੈ, ਆਤਮਿਕ ਇਸ਼ਨਾਨ ਹੋਰ ਹੈ। ਸੋ ਪੰਜਾਂ ਤਰ੍ਹਾਂ ਦੀ ਜੁਗਤ ਆਉਂਦੀ ਹੋਵੇ। ਸਰੀਰ ਦਾ ਇਸ਼ਨਾਨ ਸਭ ਜਾਣਦੇ ਹਨ ਪਰ ਇਸ ਦੇ ਵੇਲੇ ਦਾ ਫਰਕ ਹੈ। ਜਿਹੜਾ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਦਾ ਹੈ ਵਿਧੀ ਨਾਲ, ਵਿਧੀ ਹੁੰਦੀ ਹੈ, ਤਰੀਕਾ ਹੁੰਦਾ ਹੈ ਇਸ਼ਨਾਨ ਦਾ, ਉਹ ਸਵਾ ਮਣ ਸੋਨਾ ਰੋਜ਼ ਪੁੰਨ ਕਰਦਾ ਹੈ। ਐਨਾ ਹੋ ਜਾਏਗਾ ਸਾਥੋਂ? ਕੇਵਲ ਇਸ਼ਨਾਨ ਕਰਨ ਨਾਲ ਹੋ ਜਾਂਦਾ ਹੈ। ਦੋ ਘੜੀ ਬਾਅਦ ਕਰਦਾ ਹੈ ਉਸ ਨੂੰ ਸਵਾ ਮਣ ਚਾਂਦੀ ਦਾ ਫਲ ਮਿਲਦਾ ਹੈ, ਜਿਹੜਾ ਫੇਰ ਘੜੀ ਬਾਅਦ ਕਰਦਾ ਹੈ, ਉਸ ਨੂੰ ਸਵਾ ਮਣ ਤਾਂਬੇ ਦਾ ਫਲ ਮਿਲਦਾ ਹੈ। ਜਿਹੜਾ ਉਸ ਤੋਂ ਬਾਅਦ ਦਿਨ ਚੜ੍ਹੇ ਤੋਂ ਕਰਦਾ ਹੈ ਥੋੜ੍ਹਾ ਜਿਹਾ ਘੜੀ ਪਹਿਲਾਂ, ਉਸ ਨੂੰ ਸਵਾ ਮਣ ਦੁਧ ਪੁੰਨ ਕਰਨ ਦਾ ਫਲ ਮਿਲਦਾ ਹੈ। ਜਿਹੜਾ ਦਿਨ ਚੜ੍ਹੇ ਨਹਾਉਂਦਾ ਹੈ - ਪਹੁ ਫੁਟੀ ਤੇ, ਉਹ ਨਾ ਪੁੰਨ ਕਰਦਾ ਹੈ, ਨਾ ਪਾਪ ਕਰਦਾ ਹੈ, ਉਹ ਆਪਣੇ ਸਰੀਰ ਦੀ ਸ਼ੁੱਧੀ ਕਰਦਾ ਹੈ। ਸੋ ਇਹ ਕੇਵਲ ਸਰੀਰ ਦਾ ਇਸ਼ਨਾਨ ਹੈ।

*ਜਾਮ ਜਾਮਨੀ ਨ੍ਹਾਵਨ ਕਰਿ ਹੀ। ਕੰਚਨ ਭਾਰ ਦਾਨ ਫਰ ਫਰਿਹੀ।*
*ਚਤੁਰ ਘਟੀ ਨਿਸ ਤੇ ਜੋ ਨ੍ਹਾਵੈ। ਤਿਤਨੋ ਦਾਨ ਰਜਤ ਫਲ ਪਾਵੈ।*
*ਘਟੀ ਰੈਨ ਤੇ ਕਰਹਿ ਸ਼ਨਾਨ। ਫਲ ਹ੍ਵੈ ਖੀਰ ਸਵਾਮਨ।*
*ਪ੍ਰਾਤਿਕਾਲ ਉਠ ਕਰਿ ਜੋ ਨ੍ਹਾਵੈ। ਮਨ ਜਲ ਦਾਨ ਕਰੇ ਫਲ ਪਾਵੈ।*
*ਦਿਵਸ ਚਰੇ ਤੇ ਨਾਵਹਿ ਜੋਊ। ਤਾਂ ਕੋ ਹ੍ਵੈ ਨ ਪੁੰਨ ਫਲ ਕੋਊ।*
*ਫਲ ਏਤੋ ਹੀ ਦੇਹਿ ਪਨੀਤਾ। ਨਿਸ ਤੇ ਨ੍ਹਾਵਨ ਆਦੀ ਗੀਤਾ।*

*ਸ੍ਰੀ ਨਾਨਕ ਪ੍ਰਕਾਸ਼, ਪੰਨਾ 496*

ਬਚਨ ਦਾ ਇਸ਼ਨਾਨ ਹੈ। ਕਦੇ ਭੁਲ ਕੇ ਵੀ ਮੁਖ ਤੋਂ ਕੋਈ ਕੌੜਾ ਬਚਨ, ਤਾਹਨਾ-ਮੇਹਣਾ, ਕੋਈ ਚੁਭਵੀਂ ਗੱਲ ਬਿਲਕੁਲ ਨਾ ਕਰੇ। ਇਸ ਦੇ ਨਾਲ ਜ਼ੁਬਾਨ ਜੂਠੀ ਹੋ ਜਾਂਦੀ ਹੈ, ਬੋਲ ਜੂਠਾ ਹੋ ਜਾਂਦਾ ਹੈ, ਮਹਾਰਾਜ ਜੀ ਕਹਿੰਦੇ -

*ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ॥* *ਪੰਨਾ - 473*

ਤਨ ਵੀ ਫਿੱਕਾ ਤੇ ਮਨ ਵੀ ਫਿੱਕਾ -

*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥* *ਪੰਨਾ - 473*

ਤੇ ਫਿਕੇ ਨੂੰ ਮੂਰਖ ਕਹਿੰਦੇ ਨੇ। ਕਹਿੰਦੇ ਰਸਨਾ ਨੂੰ ਵਾਹਿਗੁਰੂ ਨਾਮ ਦਾ ਇਸ਼ਨਾਨ ਕਰਾਓ, ਵਾਹਿਗੁਰੂ-ਵਾਹਿਗੁਰੂ, ਮੂਲ ਮੰਤ੍ਰ, ਬਾਣੀ ਪੜ੍ਹੋ, ਸੁਖਮਨੀ ਸਾਹਿਬ ਪੜ੍ਹੋ, ਜਪੁਜੀ ਸਾਹਿਬ ਪੜ੍ਹੋ। ਇਸ ਦੇ ਨਾਲ ਤੁਹਾਡਾ ਬੋਲ, ਰਸਨਾ ਪਵਿੱਤਰ ਹੋ ਜਾਏਗੀ। ਫੇਰ ਇਹ ਮਿੱਠੇ ਬੋਲ ਬੋਲੇਗੀ। ਮਿੱਠਾ ਬੋਲ ਦਰਗਾਹ ਦੇ ਵਿਚ ਭਾਉਂਦਾ ਹੈ -

*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥* *ਪੰਨਾ - 1384*

ਦੇਖੀਂ ਕੌੜਾ ਬੋਲ ਬੋਲ ਕੇ ਕਿਸੇ ਦਾ ਦਿਲ ਨਾ ਤੋੜ ਦੇਈਂ। ਰੱਬ ਨੂੰ ਮਿਲਣ ਦੀ ਲੋਚਾ ਰੱਖਦਾ ਹੈਂ, ਜੇ ਕਿਸੇ ਦਾ ਦਿਲ ਟੁਟ ਗਿਆ ਫੇਰ ਰੱਬ ਨਹੀਂ ਮਿਲਣਾ।

ਸੋ ਤੀਸਰਾ ਇਸ਼ਨਾਨ ਕਹਿਣ ਲੱਗੇ ਮਨ ਦਾ ਹੈ। ਮਨ ਦੇ ਅੰਦਰ ਮੈਲ ਪਈ ਹੈ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥ ਪੰਨਾ - 651***

ਭਾਈ ਲਹਿਣਾ ਜੀ ਕਹਿਣ ਲੱਗੇ, "ਭਾਈ ਜੋਧ ਜੀ! ਮਨ ਦਾ ਵੀ ਇਸ਼ਨਾਨ ਹੁੰਦਾ ਹੈ?"

ਕਹਿੰਦੇ, "ਹਾਂ।"

ਕਹਿਣ ਲੱਗੇ, "ਗੁਰੂ ਸਾਹਿਬ ਨੇ ਦੱਸਿਆ ਹੈ?"

ਕਹਿੰਦੇ, "ਹਾਂ! ਤੁਸੀਂ ਜਪੁਜੀ ਸਾਹਿਬ ਸੁਣਿਆ ਸੀ ਨਾ!"

ਭਾਈ ਲਹਿਣਾ ਜੀ ਕਹਿੰਦੇ, "ਸੁਣਿਆ ਸੀ ਪਰ ਮੇਰੇ ਧਿਆਨ ਵਿਚ ਨਹੀਂ ਆਇਆ ਕਿਉਂਕਿ ਮੈਂ ਬਹੁਤਾ ਵਾਕਫ ਨਹੀਂ ਬਾਣੀ ਦਾ। ਇੱਕ ਵਾਰੀ ਸੁਣੀ ਹੋਈ ਸਾਰੀ ਚੀਜ਼ ਸਮਝ ਨਹੀਂ ਆਈ ਤੇ ਮੈਨੂੰ ਕਿਰਪਾ ਕਰਕੇ ਆਪ ਦੱਸ ਦਿਓ।"

ਕਹਿਣ ਲੱਗੇ ਕਿ ਗੁਰੂ ਨਾਨਕ ਪਾਤਿਸ਼ਾਹ ਏਸ ਤਰ੍ਹਾਂ ਦਸਦੇ ਨੇ -

***ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥***
***ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥***
***ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥***

***ਪੰਨਾ - 4***

ਕਹਿੰਦੇ ਪਿਆਰ ਦੇ ਨਾਲ ਜਦੋਂ ਅਸੀਂ ਨਾਮ ਜਪਦੇ ਹਾਂ, ਬਾਣੀ ਪੜ੍ਹਦੇ ਹਾਂ ਫੇਰ ਸਾਡਾ ਮਨ ਨਿਰਮਲ ਹੋ ਜਾਂਦਾ ਹੈ, ਮੈਲ ਲਹਿ ਜਾਂਦੀ ਹੈ। ਬੁੱਧੀ ਦਾ ਇਸ਼ਨਾਨ ਕਰਾਉਂਦੇ ਹਾਂ ਤਾਕਿ ਵਿਚਾਰ ਕਰੀਏ ਕਿ ਮੈਂ ਕੌਣ ਹਾਂ? ਮੈਂ ਸਰੀਰ ਹਾਂ ਜਾਂ ਸਰੀਰ ਵਿਚ ਰਹਿਣ ਵਾਲਾ ਕੋਈ ਹੋਰ ਹਾਂ? ਕਹਿੰਦੇ ਇਹ ਜਿਹੜੀ ਬ੍ਰਹਮ ਵਿਚਾਰ ਹੈ ਇਹ ਬੁੱਧੀ ਦਾ ਇਸ਼ਨਾਨ ਕਹਾਉਂਦੀ ਹੈ। ਆਤਮਾ ਨਿਰਮਲ ਹੈ ਪਰ ਜੀਵ ਆਤਮਾ ਦਾ ਇਸ਼ਨਾਨ ਕਰਾਉਣਾ ਪੈਂਦਾ ਹੈ - ਭਗਤੀ ਭਾਵ ਨਾਲ, ਸੇਵਾ ਨਾਲ।

ਸੋ ਗੁਰੂ ਨਾਨਕ ਦੇਵ ਜੀ ਉਸ ਤਰ੍ਹਾਂ ਰਸਮੋ-ਰਸਮੀ ਨਹੀਂ ਕਰਦੇ ਕਿ ਮੂੰਹ ਦੇ ਵਿਚ ਰਾਮ ਤੇ ਬਗਲ ਵਿਚ ਛੁਰੀ। ਐਸੀ ਬਾਤ ਨਹੀਂ ਹੈ। ਦੇਖਣਾ ਚਾਹੁੰਦੇ ਨੇ ਸਹੀ ਅਰਥਾਂ ਵਿਚ - ਨਾਮ ਵੀ ਜਪੋ, ਦਾਨ ਵੀ ਕਰੋ, ਤੇ ਇਸ਼ਨਾਨ ਵੀ ਕਰੋ।

ਸੋ ਇਸ ਤਰ੍ਹਾਂ ਦੇ ਬਚਨ ਜਦੋਂ ਆਪ ਨੇ ਸ੍ਰਵਣ ਕਰੇ ਤਾਂ ਆਪ ਗੰਭੀਰ ਹੋ ਗਏ। ਉਸ ਤੋਂ ਬਾਅਦ ਕਹਿਣ ਲੱਗੇ ਕਿ ਜੇ ਤੁਹਾਡੇ ਕੋਲ ਸਮਾਂ ਹੋਵੇ ਤਾਂ ਮੈਂ ਤੁਹਾਨੂੰ ਮਿਲਦਾ ਰਹਾਂ? ਕਹਿੰਦੇ ਕਿ ਜ਼ਰੂਰ ਆਓ ਕਿਉਂਕਿ ਗੁਰੂ ਸਾਹਿਬ ਨੇ ਸੰਗਤ ਦਾ ਰੂਪ ਦੱਸਿਆ ਹੈ ਕਿ ਸਤਿਸੰਗ ਜਿਹੜਾ ਹੈ -

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥***
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥ ਪੰਨਾ - 1377***

ਤੇ ਸੰਗਤ ਨੂੰ ਬਹੁਤ ਵੱਡੀ ਮਹੱਤਤਾ ਦਿੱਤੀ ਹੈ।

***ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ॥ ਭਾਈ ਗੁਰਦਾਸ ਜੀ ਵਾਰ 13/19***

ਜਦੋਂ ਦੋ ਗੁਰਸਿਖ ਇਕੱਠੇ ਹੋ ਜਾਂਦੇ ਹਨ ਤਾਂ ਸਾਧੂ-ਸੰਗਤ ਸ਼ੁਰੂ ਹੋ ਜਾਂਦੀ ਹੈ, ਸਤਿਸੰਗ ਸ਼ੁਰੂ ਹੋ ਜਾਂਦਾ ਹੈ, ਦੋ ਗੁਰਸਿੱਖ ਮਿਲ ਜਾਣ ਠੀਕ ਹੈ। ਲਹਿਣਾ ਜੀ! ਤੁਸੀਂ ਆਓ, ਸਤਿਸੰਗ ਹੋ ਜਾਇਆ ਕਰੇਗਾ। ਸੋ ਆਪ ਬਾਰ-ਬਾਰ ਜਾਂਦੇ ਹਨ। ਬੇਅੰਤ ਬਚਨ ਸੁਣਦੇ ਹਨ ਕਿੰਨੇ ਕੁ ਬਚਨ ਦੱਸੀ ਜਾਈਏ? ਸਾਰੀ ਜ਼ਿੰਦਗੀ ਲੱਗੇ ਰਹੀਏ ਤਾਂ ਗੁਰੂ ਨਾਨਕ ਸਾਹਿਬ ਦੇ ਬਚਨ ਨਹੀਂ ਦਸ ਸਕਦੇ।

ਸੋ ਸੁਣਦੇ-ਸੁਣਦੇ ਆਪ ਦੇ ਮਨ ਵਿਚ ਐਨੀ ਖਿੱਚ ਪਈ ਕਿ ਗੁਰੂ ਨਾਨਕ ਸਾਹਿਬ ਦੇ ਦਰਸ਼ਨ

ਛੇਤੀ ਕਰਾਂ। ਅਜੇ ਗੁਰੂ ਧਾਰਨ ਨਹੀਂ ਕੀਤਾ ਪਰ ਪਿਆਰ ਜਾਗ ਪਿਆ, ਅਣਡਿੱਠਾ ਪਿਆਰ ਲੱਗ ਗਿਆ। ਇਕ ਤਾਂ ਦੇਖੇ ਤੋਂ ਪਿਆਰ ਲਗਦਾ ਹੁੰਦਾ ਹੈ, ਇਕ ਬਿਨਾਂ ਦੇਖੇ ਤੋਂ ਹੀ ਪਿਆਰ ਲੱਗ ਜਾਂਦਾ ਹੈ, ਉਸ ਨੂੰ ਅਣਡਿੱਠਾ ਪਿਆਰ ਕਹਿੰਦੇ ਨੇ। ਅਜੇ ਦੇਖਿਆ ਨਹੀਂ, ਕੇਵਲ ਸੁਣ ਕੇ ਹੀ ਲੱਗ ਗਿਆ। ਸੋ ਆਪ ਦੇ ਮਨ ਦੀ ਹਰ ਵਕਤ ਐਸੀ ਹਾਲਤ ਰਹਿੰਦੀ ਹੈ ਕਿ ਉਹ ਕਿਹੜਾ ਵੇਲਾ ਹੋਵੇ ਕਿ ਮੈਂ ਗੁਰੂ ਨਾਨਕ ਪਾਤਸ਼ਾਹ ਦੇ ਜਾ ਕੇ ਖੁਲ੍ਹੇ ਦਰਸ਼ਨ ਕਰਾਂ। ਉਸ ਵੇਲੇ ਦੇਵੀ ਦੇ ਦਰਸ਼ਨਾਂ ਨੂੰ ਜਾਣ ਵਾਲੇ ਸੰਗ ਵਿਚ ਵੀ ਆਪ ਨੇ ਬਚਨ ਕਰਨੇ ਸ਼ੁਰੂ ਕਰ ਦਿਤੇ। ਕਈਆਂ ਨੇ ਬੁਰਾ ਮਨਾਇਆ। ਕਹਿਣ ਲੱਗੇ ਕਿ ਭਾਈ ਲਹਿਣਾ ਜੀ! ਨਾਨਕ ਤਪੇ ਨੂੰ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਤੁਸੀਂ ਦੇਵੀ ਦੇ ਭਗਤ ਹੋ, ਉਹ ਦੇਵਤਿਆਂ ਨੂੰ ਮੰਨਦੇ ਨਹੀਂ, ਹੋਰ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ, ਸਾਡਾ ਨਹੀਂ ਜੀਅ ਕਰਦਾ ਉਥੇ ਜਾਣ ਨੂੰ। ਪਰ ਭਾਈ ਲਹਿਣਾ ਜੀ ਦੇ ਮਨ ਦੇ ਅੰਦਰ ਹਰ ਵਕਤ ਇਹ ਖਿਆਲ ਰਹਿੰਦਾ ਹੈ –

***ਧਾਰਨਾ – ਗੁਰਾਂ ਦੇ ਦਰਸ਼ਨ ਤਾਈਂ ਮੇਰਾ ਮਨ ਲੋਚਦੈ –2, 2.***

***ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ .......॥ ਪੰਨਾ – 836***

ਜਿਹੜਾ ਦੇਖਿਆ ਨਹੀਂ, ਮੇਰੇ ਮਨ ਤੇ ਤਨ ਦੇ ਵਿਚ ਉਸ ਦਾ ਪਿਆਰ ਜਾਗ ਪਿਆ।

***........... ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ॥ ਪੰਨਾ – 836***

ਜਿਉਂ ਜਿਉਂ ਸਮਾਂ ਲੰਘਦਾ ਜਾਂਦਾ ਹੈ ਤਿਉਂ-ਤਿਉਂ ਸ਼ਰਧਾ ਤੇ ਪਿਆਰ ਮਨ ਦੇ ਅੰਦਰ ਉਠ ਉਠ ਕੇ ਖੜ੍ਹਾ ਹੁੰਦਾ ਹੈ।

***ਗੁਰ ਦੇਖੇ ਸਰਧਾ ਮਨ ਪੂਰੀ ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ॥***

***ਪੰਨਾ – 836***

ਪਪੀਹਾ ਹੈ ਬੱਦਲਾਂ ਨੂੰ ਦੇਖਦਾ ਹੈ – ਪ੍ਰਿਹੁ-ਪ੍ਰਿਹੁ ਰੱਟ ਲਾ ਦਿੰਦਾ ਹੈ। ਤਰਸ ਆਉਂਦਾ ਹੈ ਉਸ ਦੇ ਉਤੇ ਕਿ ਵਿਚਾਰਾ ਇਕ ਪਾਣੀ ਦੀ ਬੂੰਦ ਨੂੰ ਤਰਸ ਰਿਹਾ ਹੈ। ਮੀਂਹ ਪਈ ਜਾਂਦਾ ਹੈ ਪਰ ਉਹ ਨਹੀਂ ਰੱਜਦਾ। ਜਦੋਂ ਤੱਕ 'ਸ੍ਵਾਂਤੀ ਬੂੰਦ' ਉਸ ਦੇ ਮੁੱਖ ਰਾਹੀਂ ਅੰਦਰ ਨਹੀਂ ਜਾਂਦੀ ਉਨਾਂ ਚਿਰ ਉਸ ਨੂੰ ਰੱਜ ਨਹੀਂ ਆਉਂਦਾ। ਇਕ ਵਾਰੀ ਚਲੀ ਜਾਵੇ ਫੇਰ ਸਾਲ ਭਰ ਕੱਟ ਲੈਂਦਾ ਹੈ। ਕਹਿੰਦੇ ਇਸ ਤਰ੍ਹਾਂ ਦੇ ਨਾਲ –

***ਗੁਰ ਦੇਖੇ ਸਰਧਾ ਮਨ ਪੂਰੀ ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ॥***
***ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ॥ ਪੰਨਾ – 836***

ਕਥਾ ਸੁਣਾਉਂਦੇ ਨੇ ਗੁਰੂ ਨਾਨਕ ਪਾਤਸ਼ਾਹ ਦੀ ਮਿਲ-ਮਿਲ ਕੇ –

***ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ***
***ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ॥ ਪੰਨਾ – 836***

ਜਿਹੜਾ ਮੈਨੂੰ ਗੁਰੂ ਮਿਲਾ ਦੇਵੇ ਮੈਂ ਸਿਰ ਕੱਟ-ਕੱਟ ਕੇ ਉਸ ਦੇ ਪੈਰਾਂ ਥੱਲੇ ਵਿਛਾ ਦੇਵਾਂ –

***ਰੋਮਿ ਰੋਮਿ ਮਨਿ ਤਨਿ ਇਕ ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ॥***
***ਬੈਦਕ ਨਾਟਿਕ ਦੇਖਿ ਭੁਲਾਨੇ ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ॥***

***ਪੰਨਾ – 836***

ਮੇਰੇ ਤਾਂ ਰੋਮ-ਰੋਮ ਦੇ ਵਿਚ ਵੇਦਨ ਹੈ। ਕੋਈ ਜਾਣਦਾ ਹੁੰਦਾ ਹੈ ਦੂਜੇ ਦੀ ਵੇਦਨ? ਨਾ, ਸਾਧ-ਸੰਗਤ ਜੀ! ਜਿਸ ਨੂੰ ਲੱਗੀ ਹੈ ਓਹੀ ਜਾਣਦਾ ਹੈ –

***ਧਾਰਨਾ – ਜਿਸ ਤਨ ਲੱਗੀਆਂ ਸੋਈ ਤਨ ਜਾਣੇ,***

*ਕਿਸੇ ਦੀ ਲੱਗੀ ਕੌਣ ਜਾਣਦੈ -2, 2.*
*ਮੇਰੇ ਪਿਆਰੇ, ਕਿਸੇ ਦੀ ਲੱਗੀ ਕੌਣ ਜਾਣਦੈ -2, 2.*
*ਜਿਸ ਤਨ ਲੱਗੀਆਂ ਸੋਈ ਤਨ ਜਾਣੇ.......... -2.*

*ਲਾਗੀ ਹੋਇ ਸੁ ਜਾਨੈ ਪੀਰ॥* *ਪੰਨਾ - 327*

ਦੂਜੇ ਨੂੰ ਤਾਂ ਪਤਾ ਹੀ ਨਹੀਂ ਹੈ ਕਿ ਕਿੰਨੀ-ਕੁ ਲੱਗੀ ਹੋਈ ਹੈ। ਪੀੜ ਓਹੀ ਜਾਣਦਾ ਹੈ ਜਿਸ ਦੇ ਤਨ ਨੂੰ ਲੱਗੀ ਹੋਵੇ -

*ਰਾਮ ਭਗਤਿ ਅਨੀਆਲੇ ਤੀਰ॥* *ਪੰਨਾ - 327*

ਅਣੀਆਂ ਵਾਲੇ ਤੀਰ ਨੇ; ਜਿਸ ਦੇ ਹਿਰਦੇ ਨੂੰ ਵਿੰਨ੍ਹ ਕੇ ਰੱਖ ਦਿੰਦੇ ਹਨ ਉਹ ਲੋਟ-ਪੋਟ ਹੋ ਜਾਂਦਾ ਹੈ। ਸੋ ਮਹਾਰਾਜ ਜੀ ਕਹਿੰਦੇ-

*ਰੋਮਿ ਰੋਮਿ ਮਨਿ ਤਨਿ ਇਕ ਬੇਦਨ*
*ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ॥*
*ਬੈਦਕ ਨਾਟਿਕ ਦੇਖਿ ਭੁਲਾਨੇ*
*ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ॥* *ਪੰਨਾ - 836*

ਪੀੜ ਲੱਗ ਗਈ ਮੇਰੇ ਹਿਰਦੇ ਦੇ ਅੰਦਰ -

*ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ*
*ਜਿਉ ਬਿਨੁ ਅਮਲੈ ਅਮਲੀ ਮਰਿ ਗਈਆ॥* *ਪੰਨਾ - 836*

ਜਿਵੇਂ ਅਮਲੀ ਅਮਲ ਤੋਂ ਬਗੈਰ ਮਰਦਾ ਹੈ, ਕਹਿੰਦੇ, ਐਂ ਮੈਂ ਇਕ ਖਿਨ ਵੀ ਨਹੀਂ ਰਹਿ ਸਕਦਾ।

*ਜਿਨ ਕਉ ਪਿਆਸ ਹੋਇ ਪ੍ਰਭ ਕੇਰੀ*
*ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ॥* *ਪੰਨਾ - 836*

ਜਿਨ੍ਹਾਂ ਦੇ ਹਿਰਦੇ ਵਿਚ ਪਿਆਸ ਲੱਗੀ ਹੋਈ ਹੈ ਉਹ ਤਾਂ ਨਾਮ ਜਪਦੇ ਹਨ। ਉਹ ਤਾਂ ਵਕਤ ਨਹੀਂ ਦੇਖਦੇ, ਹਰ ਵਕਤ ਲੱਗੇ ਰਹਿੰਦੇ ਹਨ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

*ਜਿਨ ਕਉ ਪਿਆਸ ਹੋਇ ਪ੍ਰਭ ਕੇਰੀ*
*ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ॥* *ਪੰਨਾ - 836*

ਹੋਰ ਨਹੀਂ ਕੋਈ ਚੀਜ਼ ਪਿਆਰੀ ਲਗਦੀ, ਕੇਵਲ ਪ੍ਰਭੂ ਦੀ ਬਾਤ ਹੀ ਅੱਛੀ ਲਗਦੀ ਹੈ -

*ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ .........॥* *ਪੰਨਾ - 836*

ਕਹਿੰਦੇ ਕੋਈ ਆਓ ਤੇ ਆ ਕੇ ਮੈਨੂੰ ਮਿਲਾਓ ਪ੍ਰਮੇਸ਼ਰ ਦੇ ਨਾਲ -

*..........ਹਉ ਤਿਸੁ ਵਿਟਹੁ ਬਲਿ ਬਲਿ ਘੁਮਿ ਗਈਆ॥*
*ਅਨੇਕ ਜਨਮ ਕੇ ਵਿਛੁੜੇ ਜਨ ਮੇਲੇ*
*ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ॥* *ਪੰਨਾ - 836*

ਸੋ ਐਸੀ ਹਾਲਤ ਆਪ ਦੇ ਮਨ ਵਿਚ ਹੈ। ਸਾਰਿਆਂ ਨੇ ਦੇਖ ਲਈ ਕਿ ਭਾਈ ਲਹਿਣਾ ਜੀ ਨੂੰ ਦਿਨੋ-ਦਿਨ ਕੀ ਹੁੰਦਾ ਜਾਂਦਾ ਹੈ ਕਿਉਂਕਿ ਮੁਖੀ ਇਹੀ ਸਨ। ਜਗਰਾਤੇ ਘਟਾ ਦਿਤੇ। ਵਪਾਰ ਫੈਲਿਆ ਹੋਇਆ

ਹੈ, ਕੰਮ ਐਨਾ ਜ਼ਿਆਦਾ ਹੈ ਕਿ ਇਕ ਸਕਿੰਟ ਦਾ ਵਿਹਲ ਨਹੀਂ ਮਿਲਦਾ। ਅਖੀਰ ਦੇਵੀ ਦੇ ਚਾਲੇ ਦਾ ਸਮਾਂ ਆ ਗਿਆ। ਪ੍ਰਬੰਧ ਕਰਨਾ ਸੀ, ਕਮੇਟੀ ਜਿਹੜੀ ਬਣੀ ਹੋਈ ਹੈ, ਮੁਖੀ ਇਹੋ ਹਨ, ਕਹਿੰਦੇ ਭਾਈ ਲਹਿਣਾ ਜੀ! ਹੁਣ ਪ੍ਰਬੰਧ ਕਰੋ। ਚੀਜ਼ਾਂ ਸਾਰੀਆਂ ਨਾਲ ਚਾਹੀਦੀਆਂ ਹਨ ਕਿਉਂਕਿ ਜਦੋਂ ਕੈਂਪ ਤੁਰਿਆ ਕਰਦੇ ਸਨ ਤਾਂ ਵਾਧੂ ਛੋਲਦਾਰੀਆਂ ਲੈ ਕੇ ਜਾਂਦੇ ਸਨ। ਕੁਝ ਗੱਡੇ ਜਾ ਕੇ ਅੱਗੇ ਕੈਂਪ ਲਾ ਦਿੰਦੇ ਤੇ ਕੁਝ ਗੱਡੇ ਪਿਛਲੇ ਕੈਂਪਾਂ ਨੂੰ ਚੁਕ ਕੇ ਅਗਲੇ ਪੜਾਅ ਤੇ ਲਾ ਦਿੰਦੇ। ਦਸ ਮੀਲ ਤੇ ਜਾ ਕੇ ਰਿਹਾ ਕਰਦੇ ਸਨ ਜਾਂ ਪੰਦਰਾਂ ਤੇ, ਹੌਲੀ-ਹੌਲੀ ਜਾਂਦਾ ਹੁੰਦਾ ਸੰਗ ਤੁਰ ਕੇ, ਰਸਤੇ ਵਿਚ ਭੇਟਾ ਗਾਉਂਦੇ ਹੋਏ ਜਾਂਦੇ ਸਨ।

ਸੋ ਅੱਜ ਆਪ ਦਾ ਕੁਝ ਮਨ ਨਹੀਂ ਕਰ ਰਿਹਾ ਜਾਣ ਨੂੰ ਪਰ ਬੱਧੋ-ਰੁਧੀ ਜਾ ਰਹੇ ਹਨ ਕਿਉਂਕਿ ਸੰਗ ਦੇ ਮੁਖੀਏ ਸੀ। ਮੁਖੀਏ ਹੋਣ ਦੇ ਨਾਤੇ ਆਪ ਚਲੇ ਜਾ ਰਹੇ ਹਨ ਤੇ ਨਾਲਦਿਆਂ ਨੂੰ ਕਹਿੰਦੇ ਕਿ ਦੇਖੋ ਭਾਈ! ਇਕ ਗੱਲ ਮੈਂ ਤੁਹਾਨੂੰ ਦੱਸਣੀ ਹੈ। ਉਹ ਕਹਿੰਦੇ ਦਸੋ। ਕਹਿਣ ਲੱਗੇ ਕਿ ਆਪਾਂ ਐਤਕੀਂ ਕਰਤਾਰਪੁਰ ਵੱਲ ਦੀ ਹੋ ਕੇ ਲੰਘਣਾ ਹੈ ਤੇ ਉਥੇ ਗੁਰੂ ਨਾਨਕ ਪਾਤਸ਼ਾਹ ਹਨ। ਸਾਥੀ ਕਹਿੰਦੇ ਕਿ ਅਸੀਂ ਭੀ ਸੁਣੇ ਹੋਏ ਹਨ ਨਾਨਕ ਤਪਾ। ਕਹਿਣ ਲੱਗੇ ਕਿ ਉਨ੍ਹਾਂ ਦੇ ਦਰਸ਼ਨ ਕਰਕੇ ਜਾਣਾ ਹੈ। ਉਹ ਕਹਿੰਦੇ ਐਵੇਂ ਹੀ ਦਰਸ਼ਨਾਂ ਦਾ ਕੀ ਫਾਇਦਾ, ਐਵੇ ਸਾਧਾਂ-ਸੰਤਾਂ ਨੂੰ ਮਿਲਣ ਦਾ ਕੀ ਫਾਇਦਾ? ਆਪਾਂ ਦੇਵੀ ਨੂੰ ਮਨਾਈਏ, ਆਪਾਂ ਤਾਂ ਦੇਵੀ-ਮਾਤਾ ਦੀ ਭਗਤੀ ਕਰਨੀ ਹੈ, ਸੰਤ ਕਿਤੇ ਉਤੇ ਦੀ ਹੁੰਦੇ ਹਨ? ਕਹਿੰਦੇ, ਕਿ ਨਾ, ਮੈਂ ਤਾਂ ਜ਼ਰੂਰ ਜਾਣਾ ਹੈ। ਸਾਰਾ ਸੰਗ ਤੁਰਿਆ ਤੇ ਜਾ ਕੇ ਕਰਤਾਰਪੁਰ ਦੇ ਬਾਹਰਲੇ ਪਾਸੇ ਡੇਰਾ ਲਾ ਲਿਆ। ਭਾਈ ਲਹਿਣਾ ਜੀ ਕਹਿਣ ਲੱਗੇ ਕਿ ਪ੍ਰੇਮੀਓ! ਮੈਂ ਚੱਲਿਆ ਹੁਣ, ਆਪਾਂ ਅੱਜ ਤਾਂ ਇਥੇ ਠਹਿਰਨਾ ਹੀ ਹੈ ਤੇ ਕੱਲ੍ਹ ਦਾ ਪ੍ਰੋਗਰਾਮ ਬਣਾ ਲਵਾਂਗੇ। ਉਸ ਵੇਲੇ ਆਪ ਘੋੜੇ ਤੇ ਚੜ੍ਹ ਕੇ ਗੁਰੂ ਨਾਨਕ ਪਾਤਿਸ਼ਾਹ ਦੇ ਦਰਸ਼ਨ ਕਰਨ ਜਾ ਰਹੇ ਹਨ ਤੇ ਗੁਰੂ ਨਾਨਕ ਪਾਤਿਸ਼ਾਹ ਨੇ ਵੀ ਜਾਣ ਲਿਆ ਕਿ ਅੱਜ ਮੇਰੇ ਰਾਜ ਦਾ ਧਨੀ ਆਉਣ ਵਾਲਾ ਹੈ। ਮਹਾਂਪੁਰਸ਼ਾਂ ਨੂੰ ਪਤਾ ਹੁੰਦਾ ਹੈ।

ਜਦੋਂ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲੇ) ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਦਰਸ਼ਨ ਕਰਨ ਗਏ ਤਾਂ ਉਸ ਵੇਲੇ ਆਪ ਦਸਵੀਂ ਜਮਾਤ ਵਿਚ ਪੜ੍ਹਦੇ ਸਨ ਤੇ ਅਠਾਰ੍ਹਾਂ ਸਾਲ ਤੋਂ ਘੱਟ ਉਮਰ ਸੀ, ਬੜੇ ਹੀ ਸ਼ਾਨਦਾਰ ਕੱਪੜੇ, ਆਪ ਨੇ ਰੇਸ਼ਮ ਪਹਿਨਿਆ ਹੋਇਆ ਸੀ ਪਰ ਆਪ ਦੇ ਮਨ ਵਿਚ ਲਗਨ ਸੀ, ਬਚਨ ਸੁਣ-ਸੁਣ ਕੇ ਐਨਾ ਪਿਆਰ ਲੱਗਿਆ, ਬਾਬਾ ਹੀਰਾ ਸਿੰਘ ਜੀ ਨੂੰ ਨਾਲ ਲੈ ਕੇ ਕਹਿਣ ਲੱਗੇ ਕਿ ਮਹਾਂਪੁਰਸ਼ਾਂ ਦੇ ਦਰਸ਼ਨ ਕਰਾਓ ਕਿਉਂਕਿ ਵਿਚੋਲੇ ਤੋਂ ਬਗੈਰ ਹੋਇਆ ਨਹੀਂ ਕਰਦੇ। ਜੇ ਤਕੜਾ ਵਿਚੋਲਾ ਹੋਵੇ ਫੇਰ ਦਰਸ਼ਨ ਸੁਖਾਲੇ ਹੋ ਜਾਂਦੇ ਹਨ, ਜੇ ਮਾੜਾ ਹੋਵੇ ਫੇਰ ਵਿਚਾਰਾ ਆਪ ਵੀ ਰਹਿ ਜਾਂਦਾ ਹੈ। ਮਹਾਂਪੁਰਸ਼ਾਂ ਨੂੰ ਮਿਲਣਾ ਕੋਈ ਖੇਡ ਨਹੀਂ ਹੋਇਆ ਕਰਦੀ, ਬੜਾ ਔਖਾ ਹੈ ਕਿਉਂਕਿ ਉਹ ਮਰਜ਼ੀ ਦੇ ਮਾਲਕ ਹੁੰਦੇ ਨੇ –

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥*** ***ਪੰਨਾ - 473***

ਜਦੋਂ ਮਹਾਰਾਜ ਜੀ ਜਾ ਕੇ ਮਿਲੇ ਉਸ ਵੇਲੇ ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਇਕ ਦਮ ਨਵੇਂ ਨੌਜਵਾਨ ਯਾਤਰੂ ਵਲ ਦੇਖਿਆ। ਨੇਤਰਾਂ ਵੱਲ ਝਾਤ ਪਾਈ, ਕਹਿੰਦੇ, "ਆ ਗਿਆ! ਬੜੀ ਦੇਰ ਲਾਈ ਹੈ ਤੂੰ ਇਥੇ ਪਹੁੰਚਣ ਨੂੰ।" ਇਸ ਗੱਲ ਨੂੰ ਕੋਈ ਨਹੀਂ ਸਮਝ ਸਕਿਆ ਕਿ ਕੀ ਕਿਹਾ ਹੈ, ਮਹਾਂਪੁਰਸ਼ਾਂ ਨੇ ਰਮਜ਼ ਮਾਰ ਦਿਤੀ ਤੇ ਮਹਾਰਾਜ ਜੀ ਸਮਝ ਗਏ।

ਬਾਬਾ ਜੀ ਕਹਿੰਦੇ, "ਹੁਣ ਕੀ ਵਿਚਾਰ ਹੈ?"

ਕਹਿੰਦੇ, "ਮਹਾਰਾਜ! ਹੁਣ ਮੈਂ ਕਿਤੇ ਨਹੀਂ ਜਾਣਾ।"

ਇਕ ਵਾਰ ਦਰਸ਼ਨ ਕਰਕੇ ਨਮਸ਼ਕਾਰ ਕਰੀ ਹੈ, ਕੋਈ ਉਪਦੇਸ਼ ਨਹੀਂ ਸੁਣੇ, ਦਿਲ ਨਾਲ ਦਿਲ ਰਲ ਗਿਆ ਉਸੇ ਵੇਲੇ, ਕਹਿੰਦੇ ਹੁਣ ਨਹੀਂ ਮੈਂ ਜਾਣਾ, ਜਿਥੇ ਆਉਣਾ ਸੀ ਆ ਗਿਆ। ਮਹਾਂਪੁਰਸ਼ ਕਹਿਣ

ਲੱਗੇ ਕਿ ਘਰ ਦੇ ਫਿਰਨਗੇ, ਇਥੇ ਆਉਣਗੇ ਸਾਨੂੰ ਤੰਗ ਕਰਨਗੇ। ਜਾਹ! ਇਮਤਿਹਾਨ ਦੇ ਆ ਦਸਵੀਂ ਦਾ। ਮਹਾਰਾਜ ਜੀ ਦਸਦੇ ਸਨ ਕਿ ਸਾਡਾ ਚਿੱਤ ਐਨਾ ਉਦਾਸ ਹੋਇਆ ਜਿਵੇਂ ਸਾਨੂੰ ਰਾਜ ਦੇ ਕੇ ਕਿਸੇ ਨੇ ਖੋਹ ਲਿਆ ਹੋਵੇ। ਕਹਿੰਦੇ ਇਮਤਿਹਾਨ ਕੀ ਦੇਣਾ ਸੀ? ਦੋ ਵਜੇ ਉਠਿਆ ਕਰਦੇ ਸਨ ਆਪ, ਸੁਧਾਸਰ ਦੇ ਤਲਾਬ ਤੇ ਜਾ ਕੇ ਪੰਜ ਘੰਟੇ ਸਮਾਧੀ ਲਾਇਆ ਕਰਦੇ ਸਨ - ਅੱਠਵੀਂ ਜਮਾਤ ਵਿਚ, ਤੇਰਾਂ ਸਾਲ ਦੀ ਉਮਰ ਵਿਚ। ਉਨ੍ਹਾਂ ਦਿਨਾਂ ਦੀਆਂ ਗੱਲਾਂ ਆਪ ਨੇ ਮੇਰੇ ਕੋਲ ਖੋਲ੍ਹੀਆਂ ਸਨ ਕਿ ਕਿਸ ਤਰ੍ਹਾਂ ਸਾਡੀ ਸਮਾਧੀ ਲਗਦੀ ਸੀ, ਕਿਸ ਤਰ੍ਹਾਂ ਦੀ ਹਾਲਤ ਹੁੰਦੀ ਸੀ। ਲਗਨ ਸੀ ਪਰ ਪੂਰਾ ਨਹੀਂ ਸੀ ਕੋਈ ਮਿਲਿਆ। ਜਦੋਂ ਪੂਰਾ ਮਿਲਿਆ ਤਾਂ ਪੂਰੇ ਨੇ ਕਿਹਾ ਕਿ ਇਮਤਿਹਾਨ ਦੇ ਆਓ। ਉਹ ਵਿਜੋਗ ਦੇ ਦਿਨ ਕੱਟਣੇ ਕਿੰਨੇ ਔਖੇ ਹੁੰਦੇ ਹਨ ਜਗਿਆਸੂ ਨੂੰ, ਵੈਰਾਗੀ ਪੁਰਸ਼ ਨੂੰ ਉਹ ਹੀ ਜਾਣਦਾ ਹੈ, ਹੋਰ ਕੋਈ ਬੰਦਾ ਨਹੀਂ ਜਾਣਦਾ। ਮਹਾਰਾਜ ਜੀ ਕਹਿੰਦੇ ਕਿ ਫੇਰ ਸਾਡਾ ਦਿਲ ਨਾ ਲੱਗਿਆ, ਕਿਤਾਬ ਅਸੀਂ ਪੜ੍ਹਨੀ ਛੱਡ ਦਿਤੀ। ਜਮਾਤ ਵਿਚ ਜਾਣਾ, ਕਿਤਾਬ ਦੇ ਵਿਚ ਗੁਟਕਾ ਰੱਖ ਲੈਣਾ, ਪਿਛਲੀਆਂ ਸੀਟਾਂ ਤੇ ਬਹਿਣ ਲੱਗ ਗਏ। ਬਥੇਰਾ ਕਹਿਣਾ ਮਾਸਟਰ ਨੇ ਕਿ ਤੁਸੀਂ ਪਹਿਲੀਆਂ ਲਾਇਨਾਂ ਵਿਚ ਬਹਿੰਦੇ ਸੀ, ਤੁਸੀਂ ਅਵਲ ਆਉਂਦੇ ਸੀ। ਮਾਸਟਰ ਨੂੰ ਕੀ ਪਤਾ ਕਿ ਆਪ ਨੂੰ ਕਿਹੜਾ ਵੱਡਾ ਮਾਸਟਰ ਮਿਲ ਗਿਆ। ਕਹਿੰਦੇ ਫੇਰ ਇਮਤਿਹਾਨ ਹੋਏ ਤੇ ਅਸੀਂ ਕੋਈ ਸਵਾਲ ਦਾ ਜਵਾਬ ਨਹੀਂ ਲਿਖਿਆ। ਸਾਰੇ ਪੇਪਰਾਂ ਤੇ ਵਾਹਿਗੁਰੂ-ਵਾਹਿਗੁਰੂ ਲਿਖੀ ਜਾਣਾ। ਜਦੋਂ ਕਹਿਣਾ ਕਿ ਸਮਾਂ ਹੋ ਗਿਆ, ਪਰਚਾ ਹੱਥ ਤੋਂ ਫੜ ਲੈਣਾ, ਕਹਿੰਦੇ ਫੇਰ ਅਸੀਂ ਉਠ ਖੜ੍ਹਨਾ। ਐਨੀ ਵਾਹਿਗੁਰੂ ਦੇ ਨਾਮ ਦੀ ਧੁਨੀ ਲੱਗੀ। ਸੋ ਏਸ ਤਰ੍ਹਾਂ ਦੇ ਨਾਲ ਜਿਸ ਨੇ ਏਸ ਤਰ੍ਹਾਂ ਦੇ ਦਰਸ਼ਨ ਕਦੇ ਕੀਤੇ ਹੋਣ, ਉਹ ਹੀ ਜਾਣਦਾ ਹੈ, ਸਾਧ-ਸੰਗਤ ਜੀ! ਜਿਨ੍ਹਾਂ ਦਾ ਪਿਆਰ ਪੈ ਜਾਂਦਾ ਹੈ ਤੇ ਫੇਰ ਦਰਸ਼ਨ ਹੋ ਜਾਣ, ਉਹ ਜਾਣਦੇ ਹਨ।

ਸੋ ਗੁਰੂ ਨਾਨਕ ਪਾਤਸ਼ਾਹ ਨੇ ਅੰਦਰੋਂ ਹੀ ਦੇਖ ਲਿਆ ਤੇ ਦੇਖ ਕੇ ਬਹੁਤ ਦੂਰ ਨਿਕਲ ਗਏ ਰੋਹੀ ਵਿਚ। ਇਕੱਲੇ ਹੀ ਖੜ੍ਹੇ ਨੇ ਤੇ ਗੁਰੂ ਅੰਗਦ ਸਾਹਿਬ ਭਾਈ ਲਹਿਣਾ ਦੇ ਰੂਪ ਵਿਚ ਜਾਂਦੇ ਹਨ ਤੇ ਜਾ ਕੇ ਕੋਲ ਖੜ੍ਹੇ ਹੋ ਗਏ। ਦਰਸ਼ਨ ਕਰੇ, ਦਰਸ਼ਨ ਕਰਦੀ ਸਾਰ ਇਕ ਵਾਰੀ ਤਾਂ ਸਾਰਾ ਸਰੀਰ ਝਰਨਾਟਿਆ ਗਿਆ ਕਿ ਕੋਈ ਭਲਾ ਬੰਦਾ ਹੈ। ਉਨ੍ਹਾਂ ਦੇ ਮਨ ਵਿਚ ਸੀ ਕਿ ਗੁਰੂ ਨਾਨਕ ਦੇਵ ਸ਼ਾਇਦ ਕੋਈ ਲੰਗੋਟੀ ਵਾਲਾ ਸਾਧ ਹੋਏਗਾ ਤੇ ਅੱਠ-ਦੱਸ ਬੰਦੇ ਨਾਲ ਫਿਰਦੇ ਹੋਣਗੇ - ਕਿਸੇ ਨੇ ਗੜਵਾ ਫੜਿਆ ਹੋਏਗਾ, ਕਿਸੇ ਨੇ ਚਿੱਪੀ ਫੜੀ ਹੋਏਗੀ ਕਿਉਂਕਿ ਉਹ ਤਾਂ ਇਸ ਤਰ੍ਹਾਂ ਹੀ ਮਸ਼ਹੂਰ ਹੁੰਦੇ ਹਨ। ਕੀ ਪਤਾ ਸੀ ਇਨ੍ਹਾਂ ਨੂੰ ਕਿ ਗੁਰੂ ਨਾਨਕ ਸਾਹਿਬ ਤਾਂ ਰੱਬੀ ਮੌਜ ਵਿਚ ਇਕੱਲੇ ਹੀ ਵਿਚਰਨ ਵਾਲੇ ਹਨ, ਕਿਸੇ ਨੂੰ ਵੀ ਨਾਲ ਨਹੀਂ ਰੱਖਦੇ, ਕੋਈ ਗੜਵਈ ਨਹੀਂ ਰੱਖਦੇ ਜੇ ਰੱਖਿਆ ਹੈ ਤਾਂ ਸਿਤਾਰ ਵਾਲਾ ਨਾਲ ਰਖਿਆ ਹੈ ਭਾਈ ਮਰਦਾਨਾ। ਆਪ ਸੁਤੰਤਰ ਰਹੇ ਹਨ ਤੇ ਆਪ ਰੋਹੀ ਵਿਚ ਦੂਰ ਖੜ੍ਹੇ ਹਨ। ਉਥੇ ਭਾਈ ਲਹਿਣੇ ਨੇ ਕੋਲ ਆ ਕੇ ਘੋੜਾ ਰੋਕ ਲਿਆ, ਦੇਖਿਆ ਦੇਖ ਕੇ ਬਚਨ ਮਨ ਵਿਚ ਬਣਾਏ, ਤੋਲੇ ਕਿ ਮੈਂ ਕਿਸ ਤਰ੍ਹਾਂ ਨਾਲ ਗੱਲ ਕਰਾਂ।

ਕਹਿਣ ਲੱਗੇ, "ਬਜ਼ੁਰਗ ਜੀ! ਇਥੇ ਜਿਹੜੇ ਮਹਾਂਪੁਰਸ਼ ਨੇ ਗੁਰੂ ਨਾਨਕ ਜੀ, ਜਿਨ੍ਹਾਂ ਨੂੰ ਨਾਨਕ ਤਪਾ ਕਹਿੰਦੇ ਹਨ। ਮੇਰੇ ਮਨ ਵਿਚ ਬੜੀ ਰੀਝ ਉਠੀ ਹੈ ਕਿ ਮੈਂ ਉਨ੍ਹਾਂ ਦੇ ਦਰਸ਼ਨ ਕਰਾਂ। ਕੀ ਕਿਰਪਾ ਕਰਕੇ ਤੁਸੀਂ ਮੈਨੂੰ ਦੱਸ ਦੇਓਗੇ ਕਿ ਜਿਸ ਰਸਤੇ ਮੈਂ ਜਾ ਰਿਹਾ ਹਾਂ ਇਹੀ ਠੀਕ ਹੈ?"

ਏਧਰ ਗੁਰੂ ਨਾਨਕ ਸਾਹਿਬ ਅੱਗੇ ਹੋ ਕੇ ਮਿਲਦੇ ਨੇ। ਭਾਈ ਗੁਰਦਾਸ ਜੀ ਏਸ ਤਰ੍ਹਾਂ ਕਹਿੰਦੇ ਹਨ ਪੜ੍ਹੋ ਪਿਆਰ ਦੇ ਨਾਲ -

***ਧਾਰਨਾ - ਸਤਿਗੁਰੂ ਕੋਟ ਪੈਂਡਾ ਅੱਗੇ ਹੋਇ ਮਿਲਦੇ ਨੇ,***<br>
***ਸਿੱਖਾ ਤੇਰਾ ਪਿਆਰ ਦੇਖ ਕੇ -2, 2.***

***ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,***<br>
***ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ।***<br>
***ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,***

*ਸਿਮਰਨ ਤਾਂਹਿ ਬਾਰੰਬਾਰ ਗੁਰੁ ਹੇਤ ਹੈ।*
*ਭਾਵਨੀ ਭਗਤਿ ਭਾਇ ਕੌਡੀ ਅਗ੍ਰਭਾਗ ਰਾਖੈ,*
*ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ।*
*ਸਤਿਗੁਰੁ ਦਯਾ ਨਿਧਿ, ਮਹਿਮਾ ਅਗਾਧਿ ਬੋਧ,*
*ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥* *(ਕਬਿੱਤ)*

ਇਕ ਵਾਰੀ ਪੂਰੀ ਭਾਵਨਾ ਦੇ ਨਾਲ ਕਦਮ ਵਧਾ ਕੇ ਤਾਂ ਦੇਖ, ਗੁਰੂ ਅੱਗੇ ਹੋ ਕੇ ਮਿਲਦਾ ਹੈ। ਗੁਰੂ ਨਾਨਕ ਪਾਤਸ਼ਾਹ ਚਲਦੇ ਨੇ ਘਰੋਂ, ਕਹਿੰਦੇ ਮੇਰੇ ਰਾਜ ਦਾ ਧਨੀ ਆ ਰਿਹਾ ਹੈ, ਲੈ ਆਵਾਂ ਜਾ ਕੇ। ਇਹ ਬਚਨ ਸੀ ਗੁਰੂ ਨਾਨਕ ਪਾਤਸ਼ਾਹ ਦੇ ਤੇ ਜਦੋਂ ਭਾਈ ਲਹਿਣਾ ਜੀ ਦਰਸ਼ਨ ਕਰਨ ਆਏ, ਇਨ੍ਹਾਂ ਨੇ ਗੁਰੂ ਨਾਨਕ ਜੀ ਨੂੰ ਇਕੱਲੇ ਖੜ੍ਹੇ ਵੇਖ ਕੇ ਸਮਝਿਆ ਕਿ ਇਹ ਕੋਈ ਭਲਾ ਬੰਦਾ ਹੈ। ਇਥੇ ਰਹਿਣ ਵਾਲਾ ਤੇ ਇਥੋਂ ਦੇ ਰਹਿਣ ਵਾਲੇ ਸਾਰੇ ਹੀ ਚੰਗੇ ਬੰਦੇ ਨੇ। ਉਸ ਵੇਲੇ ਭਾਈ ਲਹਿਣਾ ਜੀ ਨੇ ਪੁਛਿਆ –

*ਧਾਰਨਾ – ਦਸੀਂ ਪਿਆਰਿਆ, ਰਸਤਾ ਗੁਰਾਂ ਦੇ ਦੁਆਰੇ ਦਾ –2, 2.*
*ਗੁਰਾਂ ਦੇ ਦੁਆਰੇ ਦਾ – 4, 2.*
*ਦਸੀਂ ਪਿਆਰਿਆ, ਰਸਤਾ ਗੁਰਾਂ ਦੇ ਦੁਆਰੇ ਦਾ –2.*

ਕਹਿਣ ਲੱਗੇ, "ਬਜ਼ੁਰਗੋ! ਮੈਂ ਗੁਰੂ ਨਾਨਕ ਸਾਹਿਬ ਨੂੰ ਮਿਲਣਾ ਚਾਹੁੰਦਾ ਹਾਂ ਜਿਨ੍ਹਾਂ ਨੂੰ ਲੋਕ 'ਨਾਨਕ ਤਪਾ' ਕਹਿੰਦੇ ਨੇ। ਪਹਿਲੀ ਵਾਰ ਆਇਆ ਹਾਂ ਤੇ ਅੱਜ ਤੱਕ ਮੈਂ ਇਥੇ ਆਇਆ ਨਹੀਂ, ਮੇਰੀ ਵਾਕਫੀ ਕੋਈ ਨਹੀਂ ਹੈ, ਚੰਗਾ ਹੋਵੇ ਜੇ ਮੈਨੂੰ ਰਾਹ ਦੱਸ ਦਿਓ।"

ਖਿਆਲ ਸੀ ਭਾਈ ਲਹਿਣਾ ਜੀ ਦਾ ਕਿ ਮੈਨੂੰ ਰਸਤੇ ਪਾ ਦੇਣਗੇ।

ਮਹਾਰਾਜ ਜੀ ਕਹਿੰਦੇ, "ਪੁਰਖਾ! ਤੂੰ ਗੁਰੂ ਨੂੰ ਮਿਲਣਾ ਹੈ?"

ਕਹਿੰਦੇ, "ਹਾਂ ਜੀ!"

ਕਹਿਣ ਲੱਗੇ, "ਆ ਤੈਨੂੰ ਰਸਤਾ ਦੱਸੀਏ।"

ਉਸ ਵੇਲੇ ਆਪ ਗੁਰੂ ਨਾਨਕ ਪਾਤਿਸ਼ਾਹ ਅੱਗੇ-ਅੱਗੇ ਤੁਰਦੇ ਨੇ। ਘੋੜੇ ਦੀ ਚਾਲ ਜ਼ਿਆਦਾ ਹੁੰਦੀ ਹੈ – ਮਨੁੱਖ ਨਾਲੋਂ, ਤੇ ਜੇ ਬਹੁਤ ਤੇਜ਼ ਤੁਰੋ ਤਾਂ ਘੋੜੇ ਨਾਲ ਰਲ ਹੁੰਦਾ ਹੈ, ਹੌਲੀ-ਹੌਲੀ ਨਹੀਂ ਕਦੇ ਰਲ ਹੁੰਦਾ। ਗੁਰੂ ਨਾਨਕ ਪਾਤਸ਼ਾਹ ਕਦੇ ਚਾਰ ਕਦਮਾਂ ਨੱਠ ਪੈਂਦੇ ਹਨ, ਅੱਗੇ ਫੇਰ ਘੋੜਾ ਨਾਲ ਰਲ ਜਾਂਦਾ ਹੈ, ਫੇਰ ਆਪ ਤੇਜ਼ੀ ਨਾਲ ਦੌੜਦੇ ਹਨ, ਬਹੁਤ ਤੇਜ਼ੀ-ਤੇਜ਼ੀ ਨਾਲ ਜਾਂਦੇ ਹਨ।

ਸੋ ਇਹ ਨਕਸ਼ਾ ਆਪਣੇ ਮਨਾ ਵਿਚ ਰਖੋ, ਅਗਲੇ ਐਤਵਾਰ ਇਸ ਤੋਂ ਅੱਗੇ ਵਿਚਾਰ ਕਰਾਂਗੇ। ਹੁਣ ਸਾਰੇ ਪ੍ਰੇਮੀ ਪਹਿਲਾਂ ਅਨੰਦ ਸਾਹਿਬ ਵਿਚ ਬੋਲੋ, ਉਸ ਤੋਂ ਬਾਅਦ ਗੁਰਸਤੋਤਰ ਵਿਚ ਤੇ ਫੇਰ ਅਰਦਾਸ ਹੋਏਗੀ।

–ਅਨੰਦ ਸਾਹਿਬ–

–ਗੁਰ ਸਤੋਤਰ–

–ਅਰਦਾਸ–

# 5

ਸ਼ਾਨ..........................................।

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥* ਪੰਨਾ - 256

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥* ਪੰਨਾ - 289

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥*
*ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨਹੇਰਾ॥*
ਪੰਨਾ - 827

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ, ਮੈਂ ਕਿਛੁ ਨਾਹੀ - 2, 2.*
*ਮੈਂ ਕਿਛੁ ਨਾਹੀ, ਮੈਂ ਕਿਛੁ ਨਾਹੀ - 2, 2.*
*ਪ੍ਰਭ ਸਭ ਕਿਛ ਤੇਰਾ ਜੀ, .........- 2.*

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ - 2, 2.*
*ਮੇਰੇ ਪਿਆਰੇ, ਸੇਵਾ ਕਰਕੇ ਮਾਣ ਪਾਈਦੈ - 2, 2*
*ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,...- 2.*

ਕਲਜੁਗ ਦੇ ਅੰਦਰ ਸਤਿਸੰਗ ਦਾ ਬਹੁਤ ਹੀ ਵੱਡਾ ਮਹਾਤਮ ਹੈ। ਸਤਿਸੰਗਤ ਸਿਰਫ ਉਸ ਨੂੰ ਹੀ ਆਖਿਆ ਜਾਂਦਾ ਹੈ ਜਿਥੇ ਪਾਰਬ੍ਰਹਮ ਪ੍ਰਮੇਸ਼ਰ, ਗੁਰੂ ਦੀ ਬੰਦਗੀ ਕਰਨ ਵਾਲੇ ਗੁਰਸਿੱਖ, ਸੰਤ, ਮਹਾਂਪੁਰਸ਼, ਰਿਸ਼ੀ ਮੁਨੀ ਅਤੇ ਹੋਰ ਪਹੁੰਚੇ ਹੋਏ ਜੀਵਨਾਂ ਉਤੇ ਵਿਚਾਰ ਕੀਤੀ ਜਾਵੇ। ਉਹ ਸਮਾਂ ਪ੍ਰਮੇਸ਼ਰ ਦੀ ਦਰਗਾਹ ਵਿਚ ਲੇਖੇ ਵਿਚ ਪੈਂਦਾ ਹੈ ਪਰ ਇਸ ਵਿਚ ਕੁਝ ਖਾਸ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ। ਪਹਿਲੀ ਗੱਲ ਸ਼ਰਧਾ ਹੋਇਆ ਕਰਦੀ ਹੈ। ਜਦੋਂ ਸ਼ਰਧਾ ਧਾਰ ਕੇ ਅਸੀਂ ਘਰ ਤੋਂ ਚਲਦੇ ਹਾਂ ਉਸ ਸਮੇਂ ਤੋਂ ਹੀ ਸਾਡਾ ਸਮਾਂ ਪ੍ਰਭੂ ਦੇ ਦਰਬਾਰ ਵਿਚ ਲੇਖੇ ਵਿਚ ਲਗਣਾ ਸ਼ੁਰੂ ਹੋ ਜਾਂਦਾ ਹੈ। ਇਸ ਦੇ ਨਾਲ ਨਾਲ ਜੇ ਅਸੀਂ ਵਾਹਿਗੁਰੂ ਮੰਤਰ ਦਾ ਜਾਂ ਕਿਸੇ ਦਿਤੇ ਹੋਏ ਪ੍ਰਭੂ ਦੇ ਨਾਮ ਦਾ ਜਾਪ ਕਰਦੇ ਤੁਰੇ ਆਈਏ ਤਾਂ ਇਹ ਸਮਾਂ ਪੂਰੀ ਤਰ੍ਹਾਂ ਸਫਲ ਹੋ ਜਾਂਦਾ ਹੈ। ਜਦੋਂ ਤੁਸੀਂ ਸਤਿਸੰਗ ਵਿਚ ਪਹੁੰਚ ਗਏ ਉਸ ਵੇਲੇ ਪੂਰੀ ਨਿਮਰਤਾ ਦੇ ਨਾਲ ਨਮਸਕਾਰ ਕਰੋ, ਨਮਸਕਾਰ ਇਕ ਕਿਸਮ ਦੀ ਭਗਤੀ ਹੁੰਦੀ ਹੈ ਜੋ ਨੌਧਾ ਭਗਤੀ ਵਿਚ ਗਿਣੀ

ਜਾਂਦੀ ਹੈ। ਇਸ ਦੇ ਬਾਰੇ ਮਹਾਂਪੁਰਸ਼ਾਂ ਦਾ ਐਸਾ ਮਤ ਹੈ ਕਿ ਆਦਮੀ ਦੇ ਪੁੱਠੇ ਲੇਖ ਸਿੱਧੇ ਹੋ ਜਾਂਦੇ ਹਨ, ਜੀਵਨ ਵਿਚ ਆਉਣ ਵਾਲੇ ਵਿਘਨ, ਦੁਖ ਨਰਮ ਪੈ ਜਾਂਦੇ ਹਨ। ਸੂਲੀ ਦੀ ਸੂਲ ਬਣ ਜਾਂਦੀ ਹੈ। ਨਮਸਕਾਰ ਭਗਤੀ ਵਾਸਤੇ ਬਾਣੀ ਵਿਚ ਬਾਰ-ਬਾਰ ਦੱਸਿਆ ਗਿਆ ਹੈ-

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*** ***ਪੰਨਾ - 256***

ਨਮਸਕਾਰ ਕਰਕੇ ਜੋ ਵੀ ਅਸੀਂ ਆਪਣੇ ਸਤਿਗੁਰੂ ਤੋਂ ਮੰਗਦੇ ਹਾਂ ਉਸ ਦੀ ਰਹਿਮਤ ਨਾਲ ਸਾਨੂੰ ਪ੍ਰਾਪਤ ਹੋ ਜਾਂਦਾ ਹੈ ਅਤੇ ਹੋਰ ਅਨੇਕ ਕਿਸਮ ਦੀਆਂ ਤਕਲੀਫਾਂ ਦੇ ਜਾਲ ਵਿਚੋਂ ਅਸੀਂ ਨਿਕਲ ਜਾਂਦੇ ਹਾਂ। ਜਦੋਂ ਅਸਾਡਾ ਮਸਤਕ ਗੁਰੂ ਚਰਨਾਂ ਦੇ ਨਾਲ ਲਗਦਾ ਹੈ ਤਾਂ ਅਸਾਡੇ ਸੁੱਤੇ ਪਏ ਭਾਗ ਉਸੇ ਤਰ੍ਹਾਂ ਜਾਗ ਪੈਂਦੇ ਹਨ ਜਿਵੇਂ ਧਰਤੀ ਵਿਚ ਬੀਜਿਆ ਹੋਇਆ ਦਾਣਾ ਉਗਣਾ ਸ਼ੁਰੂ ਹੋ ਜਾਂਦਾ ਹੈ ਅਤੇ ਪਾਪਾਂ ਦਾ ਥਰ ਟੁੱਟ ਕੇ ਸਾਨੂੰ ਪ੍ਰਭੂ ਚਿੱਤ ਆਉਣ ਲਗ ਜਾਂਦਾ ਹੈ।

ਤੀਸਰਾ ਸਾਧਨ ਇਹ ਹੋਇਆ ਕਰਦਾ ਹੈ ਕਿ ਆਪਣੇ ਮਨ ਵਿਚ ਪੂਰੀ ਤਰ੍ਹਾਂ ਨਿਮਰਤਾ ਧਾਰਨ ਕਰਕੇ ਆਪਣੇ ਅਭਿਮਾਨ ਨੂੰ ਕੋਈ ਥਾਂ ਨਹੀਂ ਦੇਣੀ। ਜਦੋਂ ਆਪ ਸਤਿਸੰਗ ਵਿਚ ਬੈਠ ਜਾਵੋ, ਫੇਰ ਉਸਦਾ ਪੂਰਾ ਅਸਰ ਤਾਂ ਹੀ ਹੋਇਆ ਕਰਦਾ ਹੈ ਜੇ ਚਿਤ ਨੂੰ ਇਕਾਗਰ ਕਰਿਆ ਜਾਵੇ। ਚਿੱਤ ਇਕਾਗਰ ਕਰਕੇ ਜਦੋਂ ਅਸੀਂ ਬੰਦਗੀ ਕਰਦੇ ਹਾਂ ਤਾਂ ਉਸ ਦਾ ਬਹੁਤ ਵੱਡਾ ਫਲ ਪ੍ਰਾਪਤ ਹੋਇਆ ਕਰਦਾ ਹੈ। ਚਿੱਤ ਇਕਾਗਰ ਕਰਨ ਦਾ ਸਹਿਲ ਤਰੀਕਾ ਕੰਨਾਂ ਨਾਲ ਗੁਰੂ ਦੀ ਬਾਣੀ ਸਰਵਣ ਕਰਨਾ, ਬੁੱਧੀ ਨਾਲ ਵਿਚਾਰ ਕਰਕੇ ਮੰਨਨ ਕਰੋ, ਹਿਰਦੇ ਵਿਚ ਧਾਰਨ ਕਰੋ ਫੇਰ ਰਸਨਾ ਦੇ ਨਾਲ ਜੋ ਬਾਣੀ ਪੜ੍ਹੀ ਜਾਂਦੀ ਹੈ ਗੱਜ ਵੱਜ ਕੇ ਸ਼ਬਦਾਂ ਵਿਚ ਬੋਲੋ। ਇਥੇ ਕਿਉਂਕਿ ਧਾਰਨਾ ਨਾਲ ਕੀਰਤਨ ਕੀਤਾ ਜਾਂਦਾ ਹੈ, ਇਸ ਕਰਕੇ ਪੜ੍ਹਿਆ-ਅਨਪੜ੍ਹਿਆ, ਜਾਣ-ਅਣਜਾਣ ਸਭ ਹੀ ਧਾਰਨਾ ਸਮਝ ਸਕਦੇ ਹਨ, ਬੋਲ ਸਕਦੇ ਹਨ। ਗੁਰਬਾਣੀ ਵਿਚੋਂ ਬਾਣੀ ਸੁਣ ਕੇ, ਗਾਉਣ ਤੇ ਮੰਨਨ ਦਾ ਮਹਾਤਮ ਦੱਸਿਆ ਹੋਇਆ ਹੈ -

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥*** ***ਪੰਨਾ - 669***

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਧੁਰ ਦਰਗਾਹ ਤੋਂ ਗੁਰੂਆਂ ਦੇ ਰਾਹੀਂ ਆ ਕੇ ਪ੍ਰਗਟ ਹੋਈ ਹੈ। ਇਹ ਓਅੰਕਾਰ ਦਾ ਸ਼ਬਦ ਰੂਪ ਹੈ। ਸੋ ਇਸ ਵਿਚ ਜੋ ਕੁਝ ਵੀ ਫੁਰਮਾਨ ਕੀਤਾ ਹੋਇਆ ਹੈ ਅਸੀਂ ਉਸ ਉਪਰ ਕਿੰਤੂ ਨਹੀਂ ਕਰ ਸਕਦੇ, ਸਤਿ ਸਤਿ ਕਰਕੇ ਹੀ ਮੰਨਣੀ ਹੈ। ਇਸ ਤਰ੍ਹਾਂ ਸਤਿਸੰਗ ਕਰਦਿਆਂ ਕਈ ਕ੍ਰੋੜ ਜਗਾਂ ਦਾ ਫਲ ਅਸੀਂ ਆਪਣੇ ਪੱਲੇ ਬੰਨ੍ਹ ਲੈਂਦੇ ਹਾਂ।

***ਕਈ ਕੋਟਕ ਜਗ ਫਲਾ ਸੁਣ ਗਾਵਣਹਾਰੇ ਰਾਮ।।*** ***ਪੰਨਾ - 546***

ਕਈ ਦਿਨ ਤੋਂ ਆਪ ਬਹੁਤ ਵਿਚਾਰਾਂ ਸਰਵਣ ਕਰ ਰਹੇ ਹੋ। ਇਹ ਵਿਚਾਰਾਂ ਗੁਰੂ ਦੇ ਪ੍ਰਵਾਨ ਹੋਏ ਹੋਏ ਗੁਰਸਿੱਖਾਂ ਦੀਆਂ, ਗੁਰੂ ਦੇ ਇਤਿਹਾਸ ਦੀਆਂ, ਬਾਣੀ ਦੇ ਸਿਧਾਂਤਾਂ ਦੀਆਂ ਜੋ ਆਪ ਨੇ ਸਰਵਣ ਕੀਤੀਆਂ ਹਨ, ਇਨ੍ਹਾਂ ਦੀ ਰੋਸ਼ਨੀ ਵਿਚ ਆਪ ਨੇ ਆਪਣਾ ਜੀਵਨ ਗੁਜ਼ਾਰਨਾ ਹੈ। ਜਿਸ ਤਰ੍ਹਾਂ ਪੜ੍ਹਿਆ ਗਿਆ ਹੈ ਨਾਮ ਜਪਣ ਨਾਲ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ, ਸੇਵਾ ਕਰਨ ਨਾਲ ਦਰਗਾਹ ਵਿਚ ਮਾਣ ਪ੍ਰਾਪਤ ਹੁੰਦਾ ਹੈ।

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥*** ***ਪੰਨਾ - 26***

ਸੇਵਾ ਕਰਨ ਵਾਲੇ ਦੀ ਦਰਗਾਹ ਵਿਚ ਜੈ ਜੈਕਾਰ ਹੁੰਦੀ ਹੈ, ਨਾਮ ਜਪਣ ਵਾਲੇ ਨੂੰ ਸੰਸਾਰ ਦੇ

ਵਿਚ ਦੁਖ ਪੋਹ ਨਹੀਂ ਸਕਦੇ, ਅਨੇਕ ਤਰ੍ਹਾਂ ਦੇ ਦੁਖ ਹਨ। ਦਰਗਾਹ ਵਿਚ ਜਾਣ ਵੇਲੇ ਪੂਰਾ ਮਾਣ ਪ੍ਰਾਪਤ ਹੁੰਦਾ ਹੈ ਜਿਸ ਤਰ੍ਹਾਂ ਕਿ ਫੁਰਮਾਨ ਹੈ –

*ਰੇ ਰੇ ਦਰਗਹ ਕਹੈ ਨ ਕੋਊ॥*
*ਆਉ ਬੈਠੁ ਆਦਰੁ ਸੁਭ ਦੇਊ॥* *ਪੰਨਾ – 252*

ਜਿਸ ਤਰ੍ਹਾਂ ਆਪ ਸਤਿਸੰਗ ਵਿਚ ਆਏ ਹੋਂ ਅਤੇ ਹੁਣ ਬੈਠ ਕੇ ਸੁਣ ਰਹੇ ਹੋਂ, ਇਸ ਨੂੰ ਬਹਿਰੰਗ ਸਤਿਸੰਗ ਕਹਿੰਦੇ ਹਨ। ਇਸ ਬਹਿਰੰਗ ਸਤਿਸੰਗ ਨੂੰ ਬਹੁਤ ਦੇਰ ਤਕ ਯਾਦਦਾਸ਼ਤ ਵਿਚ ਥਾਂ ਨਹੀਂ ਦੇ ਸਕਦੇ ਪਰ ਜਿਸ ਨੂੰ ਅੰਤਰੰਗ ਸਤਿਸੰਗ ਦੀ ਜਾਚ ਆਉਂਦੀ ਹੈ ਉਹਦੇ ਅੰਦਰ ਸਤਿਸੰਗ ਦੇ ਭਾਵ ਬੈਠ ਜਾਂਦੇ ਹਨ, ਗੁਰੂ ਦਾ ਸਿਧਾਂਤ ਯਾਦਾਸ਼ਤ ਵਿਚ ਚਲਿਆ ਜਾਂਦਾ ਹੈ ਜੋ ਸਾਡੇ ਜੀਵਨ ਨੂੰ ਸ਼ੁਧ ਮਾਰਗ ਦਰਸ਼ਨ ਕਰਾਉਂਦਾ ਹੈ। ਬਹਿਰੰਗ ਨਾਲੋਂ ਅੰਤਰੰਗ ਸਤਿਸੰਗ ਦਾ ਫਲ ਬਹੁਤ ਹੀ ਜ਼ਿਆਦਾ ਹੁੰਦਾ ਹੈ। ਵਿਚਾਰ ਚਲ ਰਹੀ ਹੈ ਕਿ ਨਾਮ ਜਪਣ ਨਾਲ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਸੇਵਾ ਕਰਨ ਨਾਲ ਇਥੇ ਅਤੇ ਦਰਗਾਹ ਵਿਚ ਦੋਹੀਂ ਥਾਈਂ ਮਾਣ ਪ੍ਰਾਪਤ ਹੁੰਦਾ ਹੈ।

ਕਲਜੁਗ ਦਾ ਸਮਾਂ ਬਹੁਤ ਭਿਆਨਕ ਹੈ। ਇਸ ਵਿਚ ਬਿਰਤੀਆਂ ਦਾ ਖਿੰਡਾਉ ਐਨਾ ਹੋ ਗਿਆ ਹੈ ਕਿ ਪੁਰਾਤਨ ਧਰਮ ਰੀਤਾਂ ਦੀ ਜਾਣਕਾਰੀ ਦਾ ਬੋਝ ਚੁੱਕਣ ਵਿਚ ਸਾਡੀ ਸ਼ਕਤੀ ਡਾਵਾਂਡੋਲ ਹੋ ਰਹੀ ਹੈ। ਜੋ ਪੁਰਾਣੇ ਸਾਧਨ ਮਹਾਂਪੁਰਸ਼ਾਂ ਨੇ ਪ੍ਰਚਲਤ ਕੀਤੇ ਹਨ ਜਿਨ੍ਹਾਂ ਵਿਚ ਤਪ, ਯੱਗ, ਪੂਜਾ, ਦਾਨ, ਤੀਰਥ ਇਸ਼ਨਾਨ ਅਤੇ ਯੋਗ ਦੀਆਂ ਸਾਧਨਾਵਾਂ ਸ਼ਾਮਲ ਹਨ, ਉਹ ਇਸ ਕਲਜੁਗ ਦੇ ਸਮੇਂ ਵਿਚ ਹੋਣੀਆਂ ਅਸੰਭਵ ਹਨ ਕਿਉਂਕਿ ਗੁਰਮਤਿ ਮਾਰਗ ਦੁਨੀਆਂ ਛੱਡਣ ਦੇ ਹੱਕ ਵਿਚ ਨਹੀਂ ਹੈ। ਸੰਸਾਰ ਤੋਂ ਇਕ ਪਾਸੇ ਹੋ ਕੇ ਬਹਿ ਜਾਣਾ ਗੁਰਮਤਿ ਨੇ ਪ੍ਰਵਾਨ ਨਹੀਂ ਕੀਤਾ ਪਰ ਬਾਲ ਬੱਚੇ ਪਾਲਦਿਆਂ, ਸਾਰੇ ਕਾਰੋਬਾਰ ਕਰਦਿਆਂ ਸਾਨੂੰ ਇਸ ਸੰਸਾਰ ਰੂਪੀ ਭਵਜਲ ਵਿਚੋਂ ਤਰਨ ਵਾਸਤੇ ਬਹੁਤ ਹੀ ਸੁਖੈਨ ਮਾਰਗ ਗੁਰੂ ਮਹਾਰਾਜ ਨੇ ਦੱਸਿਆ ਹੈ ਜਿਸ ਨੂੰ ਨਾਮ ਮਾਰਗ, ਸੁਰਤਿ ਸਬਦਿ ਮਾਰਗ ਆਦਿ ਕਹਿ ਸਕਦੇ ਹਾਂ। ਕਲਜੁਗ ਦੇ ਅੰਦਰ ਗੁਰਮਤਿ ਸਿਧਾਂਤ ਅਨੁਸਾਰ ਸਿਰਫ ਨਾਮ ਜਾਪ ਨੇ ਹੀ ਫਲੀਭੂਤ ਹੋਣਾ ਹੈ, ਪਿਛਲੇ ਜੁਗਾਂ ਵਿਚ ਬਹੁਤ ਵੱਡੇ ਵੱਡੇ ਸਾਧਨ ਕੀਤੇ ਜਾਂਦੇ ਸਨ। ਉਮਰਾਂ ਵੀ ਬਹੁਤ ਸਨ, ਸਤੋ ਗੁਣੀ ਸੁਭਾਅ ਵਾਲੇ ਆਦਮੀ ਸਨ, ਉਸ ਵੇਲੇ ਸਾਰੇ ਕਠਨ ਤੋਂ ਕਠਨ ਸਾਧਨ ਕਰ ਸਕਦੇ ਸਨ ਕਿਉਂਕਿ ਆਦਮੀ ਦਾ ਮਨ ਸਤੋ ਗੁਣੀ ਸੀ, ਖੁਰਾਕ ਸਤੋਗੁਣੀ ਸੀ, ਅਹਾਰ ਵਿਚਾਰ ਸ਼ੁਧ ਸੀ ਪਰ ਕਲਜੁਗ ਵਿਚ ਇਨ੍ਹਾਂ ਚੀਜ਼ਾਂ ਦੀ ਅਣਹੋਂਦ ਹੈ। ਗੁਰੂ ਮਹਾਰਾਜ ਨੇ ਕਲਜੁਗ ਦੇ ਬੰਦਿਆਂ ਦੀ ਮਾਨਸਿਕ ਸਥਿਤੀ ਭੂਤਾਂ ਪ੍ਰੇਤਾਂ ਵਰਗੀ ਦੱਸੀ ਹੈ। ਸਤਿਜੁਗ ਅੰਦਰ ਸਤਿ ਦਾ ਗਿਆਨ ਹੋਇਆ ਕਰਦਾ ਸੀ, ਉਹ ਪ੍ਰਮੇਸ਼ਰ ਨੂੰ ਹਰ ਥਾਂ ਹਾਜ਼ਰ ਨਾਜ਼ਰ ਦੇਖਦੇ ਸਨ। ਤ੍ਰਿਸ਼ਨਾ ਨਾ ਹੋਣ ਕਰਕੇ ਕਲਪਨਾਵਾਂ ਬੇਅੰਤ ਘੱਟ ਸਨ ਅਤੇ ਨਾਮ ਵਿਚ ਬਿਰਤੀ ਲੱਗੀ ਰਹਿੰਦੀ ਸੀ। ਉਸ ਸਮੇਂ ਮਹਾਂਪੁਰਸ਼ਾਂ ਦੇ ਮਤ ਅਨੁਸਾਰ ਧਰਮ ਦੇ ਚਾਰੇ ਪੈਰ ਕਾਇਮ ਸਨ, ਜਿਨ੍ਹਾਂ ਵਿਚ ਰਾਜਾ ਵੀ ਪੂਰੀ ਤਰ੍ਹਾਂ ਨਾਲ ਧਰਮੀ ਸੀ, ਵੇਦ ਸ਼ਾਸਤਰ ਵਿਚਾਰਨ ਵਾਲੇ ਪੰਡਤ ਕਰਮ ਧਰਮ ਵਿਚ ਪੂਰਨ ਸਨ। ਸਾਧੂ, ਮਹਾਂਪੁਰਸ਼, ਗਿਆਨਵਾਨ ਪੂਰਨ ਤਿਆਗੀ ਸਨ, ਤੀਰਥ ਫਲ ਦਿੰਦੇ ਸਨ, ਤੀਰਥਾਂ ਉਤੇ ਬ੍ਰਹਮਗਿਆਨੀ ਮਹਾਂਪੁਰਸ਼ਾਂ ਦੇ ਸਤਿਸੰਗ ਆਮ ਲੱਗਿਆ ਕਰਦੇ ਸਨ। ਪਰ ਕਲਜੁਗ ਵਿਚ ਧਰਮ ਲੰਗੜਾ ਹੋ ਗਿਆ ਹੈ ਸਿਰਫ ਇਕ ਪੈਰ ਰਹਿ ਗਿਆ। ਮਹਾਰਾਜ ਜੀ ਨੇ ਤਾਂ ਇਥੋਂ ਤਕ ਫੁਰਮਾਇਆ ਕਿ ਧਰਮ ਅਲੋਪ ਹੀ ਹੋ ਗਿਆ ਜਿਵੇਂ ਕਿ –

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥* *ਪੰਨਾ – 145*

ਰਾਜੇ ਜੋ ਧਰਮ ਦੇ ਰਾਖੇ ਸਨ, ਨਿਆਂ ਕਰਿਆ ਕਰਦੇ ਸੀ, ਉਨ੍ਹਾਂ ਨੇ ਪਰਜਾ ਨੂੰ ਕੋਹਣਾ ਸ਼ੁਰੂ ਕਰ ਦਿਤਾ। ਬੇਅੰਤ ਕਿਸਮ ਦੇ ਟੈਕਸ, ਬੇਅੰਤ ਕਿਸਮ ਦੀਆਂ ਪਾਬੰਧੀਆਂ ਪਰਜਾ ਉਪਰ ਲਾ ਦਿਤੀਆਂ।

ਜੋ ਵਿਦਵਾਨ ਸਨ, ਵੇਦਾਂ ਦਾ ਪ੍ਰਕਾਸ਼ ਕਰਨ ਵਾਲੇ, ਉਨ੍ਹਾਂ ਦੇ ਅੰਦਰ ਅਗਿਆਨ ਦਾ ਹਨ੍ਹੇਰਾ ਛਾ ਗਿਆ। ਵੇਦਾਂਤ ਦੇ ਅਸਲੀ ਸਿਧਾਂਤਾਂ ਨੂੰ ਨਾ ਜਾਣਦੇ ਹੋਏ ਕਰਮਕਾਂਡ ਵਲ ਜ਼ਿਆਦਾ ਜ਼ੋਰ ਦਿਤਾ। ਜਦੋਂ ਸਾਧੂ ਮਹਾਂਪੁਰਸ਼ ਤਤਿਕਸ਼ਾ ਤੋਂ ਖਾਲੀ ਹੋ ਗਏ, ਗਿਆਨ ਗੱਲਾਂ ਦਾ ਹੀ ਰਹਿ ਗਿਆ, ਕਰਨੀ ਕਮਾਈ ਵਾਲੇ ਮਹਾਂਪੁਰਸ਼ ਅਲੋਪ ਹੋ ਗਏ, ਤੀਰਥ ਅਪਵਿਤਰ ਹੋ ਗਏ। ਸੋ ਧਰਮ ਅਧਰਮ ਦੇ ਅੰਧਕਾਰ ਵਿਚ ਅਲੋਪ ਹੋ ਗਿਆ, ਜਿਸ ਸਤਿ ਦਾ ਪ੍ਰਕਾਸ਼ ਦੁਨੀਆਂ ਉਤੇ ਪੈ ਰਿਹਾ ਸੀ, ਉਹ ਵੀ ਅਲੋਪ ਹੋ ਗਿਆ।

ਗੁਰੂ ਮਹਾਰਾਜ ਜੀ ਫ਼ੁਰਮਾਨ ਕਰਦੇ ਹਨ ਕਿ ਸੱਚ ਦਾ ਰਾਹ ਕਿਤੇ ਨਜ਼ਰ ਨਹੀਂ ਆ ਰਿਹਾ। ਆਪ ਨੇ ਸਾਰੀ ਸ੍ਰਿਸ਼ਟੀ ਦਾ ਭ੍ਰਮਣ ਕੀਤਾ। ਅੱਜ ਕਲ੍ਹ ਦੇ ਵਿਚਾਰਵਾਨ ਗੁਰੂ ਮਹਾਰਾਜ ਦੀਆਂ ਉਦਾਸੀਆਂ ਦਾ ਜ਼ਿਕਰ ਕਰਦੇ ਐਨਾ ਹੀ ਦਸਦੇ ਹਨ ਕਿ ਆਪ ਨੇ 24000 ਮੀਲ ਦਾ ਸਫਰ ਪੈਦਲ ਕੀਤਾ, 24 ਸਾਲ ਚਲਦੇ ਰਹੇ, ਭਾਈ ਬਾਲਾ ਤੇ ਭਾਈ ਮਰਦਾਨਾ ਜੀ ਗੁਰੂ ਜੀ ਦੇ ਬਹੁਤ ਨਿਕਟੀ ਸਨ। ਭਾਈ ਗੁਰਦਾਸ ਜੀ ਥੋੜ੍ਹਾ ਸਮਾਂ ਪਿਛੋਂ ਹੋਏ ਹਨ, ਆਪ ਨੇ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਜਿਥੇ ਤਕ ਵੀ ਸ੍ਰਿਸ਼ਟੀ ਸੀ, ਦੁਨੀਆਂ ਸੀ, ਉਥੇ ਤਕ ਪਹੁੰਚੇ। ਜਿਸ ਦੇਸ਼ ਵਿਚ ਗਏ ਉਸੇ ਬੋਲੀ ਵਿਚ ਆਪ ਨੇ ਉਪਦੇਸ਼ ਦਿਤਾ। ਅਰਬ ਦੇਸ਼ ਵਿਚ ਗਏ ਤਾਂ ਅਰਬੀ ਵਿਚ ਬਾਤ ਕਰੀ, ਲੰਕਾਂ ਵਿਚ ਗਏ ਤਾਂ ਲੰਕਾ ਦੀ ਬੋਲੀ ਵਿਚ ਉਪਦੇਸ਼ ਦਿਤਾ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਕੀ ਸਾਰੀਆਂ ਬੋਲੀਆਂ ਜਾਣਦੇ ਸਨ? ਇਸ ਬਾਰੇ ਬੇਨਤੀ ਹੈ ਕਿ ਭਜਨ ਬੰਦਗੀ ਕਰਕੇ ਇਕ ਐਸੀ ਅਵਸਥਾ ਆਉਂਦੀ ਹੈ ਜਿਥੇ ਸਰਬ ਵਿਦਿਆ ਦਾ ਗਿਆਨ ਹੋ ਜਾਂਦਾ ਹੈ। ਬੋਲੀ ਦੀਆਂ ਚਾਰ ਅਵਸਥਾ ਹਨ - ਪਹਿਲੀ ਬੋਲੀ ਜੋ ਸਾਰਿਆਂ ਦੀ ਸਾਂਝੀ ਬੋਲੀ ਕਹਾਉਂਦੀ ਹੈ, ਉਸ ਨੂੰ ਪਰਾ ਬੋਲੀ ਆਖਿਆ ਜਾਂਦਾ ਹੈ, ਉਹ ਨਾਭੀ ਵਿਚੋਂ ਸ਼ੁਰੂ ਹੁੰਦੀ ਹੈ; ਦੂਸਰੀ ਬੋਲੀ ਜੋ ਹਿਰਦੇ ਦੀ ਬੋਲੀ ਕਹਾਉਂਦੀ ਹੈ ਜਿਸ ਨੂੰ ਪਸੰਤੀ ਆਖਦੇ ਹਨ ਉਹ ਭਾਵਾਂ ਦੀ ਬੋਲੀ ਹੁੰਦੀ ਹੈ। ਤੀਸਰਾ ਦਰਜਾ ਬੋਲੀ ਦਾ ਮਧਮਾ ਕਹਾਉਂਦਾ ਹੈ ਜੋ ਕੰਠ ਵਿਚੋਂ ਬਣਦੀ ਹੈ। ਚੌਥੀ ਨੂੰ ਬੈਖਰੀ ਆਖਦੇ ਹਨ ਜੋ ਜ਼ੁਬਾਨ ਨਾਲ ਬੋਲੀ ਜਾਂਦੀ ਹੈ। ਸਾਧਨਾ ਸੰਪੰਨ ਪੁਰਸ਼, ਪਸ਼ੂਆਂ, ਦਰਖਤਾਂ ਆਦਿ ਦੀ ਬੋਲੀ ਜਿਸ ਨੂੰ ਪਰਾ ਬੋਲੀ ਆਖਦੇ ਹਨ ਉਸ ਵਿਚ ਵੀ ਪਹੁੰਚ ਰਖਦੇ ਹਨ। ਉਹ ਇਸ ਨੂੰ dicipher ਕਰਕੇ ਸਮਝ ਲੈਂਦੇ ਹਨ, ਪਸੰਤੀ ਬੋਲੀ ਨੂੰ ਟੈਲੀਪੈਥੀ ਕਹਿੰਦੇ ਹਨ। ਸੋ ਮਧਮਾ ਬੋਲੀ ਵਿਚ ਫੁਰਨਾ ਹੋਇਆ ਕਰਦਾ ਹੈ, ਅਜੇ ਅੱਖਰਾਂ ਦਾ ਰੂਪ ਨਹੀਂ ਧਾਰਨ ਕੀਤਾ ਹੁੰਦਾ। ਬੈਖਰੀ ਬੋਲੀ ਸਮੇਂ ਦੇ ਮੁਤਾਬਿਕ, ਦੇਸ਼ ਦੇ ਮੁਤਾਬਿਕ ਵਖਰੇ ਵਖਰੇ ਰੂਪ ਧਾਰਨ ਕਰ ਲੈਂਦੀ ਹੈ। ਸਰਬ ਵਿਦਿਆ ਯੋਗ ਨੂੰ ਜਾਨਣ ਵਾਲਾ ਸਭਨਾਂ ਬੋਲੀਆਂ ਵਿਚ ਗੱਲ ਕਰ ਸਕਦਾ ਹੈ।

ਇਸ ਸਬੰਧ ਵਿਚ ਇਕ ਵਾਰੀ ਡਾ. ਸਵਾਮੀ ਵੇਦ ਭਾਰਤੀ ਜੀ ਰਿਸ਼ੀਕੇਸ਼ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਨੇ ਹਾਲੈਂਡ ਵਿਚੋਂ ਡੀ. ਲਿਟ. ਕੀਤੀ ਸੀ। ਹਾਲੈਂਡ ਵਾਲਿਆਂ ਨੇ ਕਿਹਾ ਕਿ ਤੁਸੀਂ ਸਾਡੇ ਦੇਸ਼ ਦੀ ਬੋਲੀ ਤਾਂ ਪੜ੍ਹੀ ਨਹੀਂ, ਕਿਸ ਤਰ੍ਹਾਂ ਆਪਣੀ ਪੜ੍ਹਾਈ ਪੂਰੀ ਕਰੋਂਗੇ। ਉਨ੍ਹਾਂ ਨੇ ਕਿਹਾ ਕਿ ਮੈਨੂੰ ਬੋਲੀ ਦੀ ਸਮੱਸਿਆ ਕੋਈ ਨਹੀਂ, ਥੋੜ੍ਹੇ ਦਿਨ ਚਾਹੀਦੇ ਹਨ। ਉਹ ਦਸਦੇ ਸਨ ਕਿ 10 ਦਿਨ ਪਿਛੋਂ ਉਨ੍ਹਾਂ ਨੇ ਉਸ ਬੋਲੀ ਦਾ ਇਮਤਿਹਾਨ ਦਿਤਾ ਅਤੇ ਡੀ. ਲਿਟ. ਕਰ ਲਈ। ਉਨ੍ਹਾਂ ਨੇ ਦੱਸਿਆ ਕਿ ਗੁਰੂ ਨਾਨਕ ਪਾਤਸ਼ਾਹ ਆਪ ਹੀ ਪ੍ਰਮੇਸ਼ਰ ਸਨ ਉਨ੍ਹਾਂ ਨੂੰ ਬੋਲੀ ਦੀ ਕੋਈ ਔਖ ਨਹੀਂ ਸੀ। ਭਾਈ ਬਾਲਾ, ਭਾਈ ਗੁਰਦਾਸ ਜੀ ਨੇ ਨਿਰਣਾ ਕਰਕੇ ਦੱਸਿਆ ਕਿ ਜਿਥੇ ਤਕ ਸ੍ਰਿਸ਼ਟੀ ਸੀ ਉਥੋਂ ਤਕ ਗੁਰੂ ਨਾਨਕ ਪਾਤਸ਼ਾਹ ਗਏ। ਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਦੇ ਉਧਾਰ ਵਾਸਤੇ ਸੇਵਾ ਤੇ ਸਿਮਰਨ ਦਾ ਮਾਰਗ ਦੱਸਿਆ। ਜਿਸ ਤਰ੍ਹਾਂ ਹਵਾਈ ਜਹਾਜ਼ ਉਡਦਾ ਹੈ ਉਸ ਦੇ ਦੋ ਪਰ ਹੁੰਦੇ ਹਨ ਅਤੇ ਉਨ੍ਹਾਂ ਕਰਕੇ ਜਹਾਜ਼ ਦਾ ਸੰਤੁਲਨ ਕਾਇਮ ਰਹਿੰਦਾ ਹੈ ਇਸੇ ਤਰ੍ਹਾਂ ਗੁਰਸਿੱਖ ਦੇ ਜੀਵਨ ਦਾ ਸੰਤੁਲਨ ਬਹੁਤ ਉਚੀ ਉਡਾਰੀ ਲੈ ਸਕਦਾ ਹੈ। ਇਕ ਆਦਮੀ ਗੋਸ਼ਾਨਸ਼ੀਨ (ਇਕਾਂਤੀ) ਹੋ ਕੇ ਨਾਮ ਜਪਦਾ ਹੈ, ਬਹੁਤ ਅੱਛੀ ਗੱਲ ਹੈ ਪਰ ਸੰਸਾਰ ਨੂੰ ਉਸ ਤੋਂ ਕੋਈ ਫਾਇਦਾ ਨਹੀਂ। ਪਰ ਉਸ ਨੇ ਆਪਣੀ ਖੇਤੀ ਨੂੰ ਸਿੰਜਣ ਲਈ ਖੂਹ ਲਾ ਲਿਆ। ਜੇ ਨਾਲ ਟਿਊਬਵੈਲ ਲਾ ਲਵੇ ਤਾਂ ਨਾਲ ਦੇ ਖੇਤਾਂ ਨੂੰ ਵੀ ਸਿੰਜ ਸਕਦਾ ਹੈ। ਜੇ ਆਦਮੀ ਇਕੱਲੀ ਸੇਵਾ ਕਰਦਾ ਹੈ, ਸਾਰੇ ਉਸ ਦਾ ਆਦਰ ਸਤਿਕਾਰ ਕਰਦੇ ਹਨ, ਹਰ ਥਾਂ ਉਸ ਨੂੰ ਮਾਣ ਪ੍ਰਾਪਤ ਹੁੰਦਾ ਹੈ। ਇਸ ਨਾਲ

ਅੰਦਰਲਾ ਰੋਗ ਨਹੀਂ ਕੱਟਿਆ ਜਾਂਦਾ ਅਤੇ ਉਸ ਨੂੰ ਸ਼ਕਤੀ ਪ੍ਰਾਪਤ ਨਹੀਂ ਹੋ ਸਕਦੀ। ਜੇ ਉਹ ਸੇਵਾ ਦੇ ਨਾਲ ਨਾਮ ਦਾ ਜਾਪ ਵੀ ਕਰਦਾ ਹੈ ਤਾਂ ਉਹ ਨਾਮ ਉਸ ਨੂੰ ਐਨੀ ਉਚਿਆਈ ਤੇ ਲੈ ਜਾਂਦਾ ਹੈ ਜਿਥੇ 'ਹਉਮੈ' ਦਾ ਲੇਸ ਮਾਤਰ ਵੀ ਨਹੀਂ ਰਿਹਾ ਕਰਦਾ। ਉਹ ਆਪ ਵੀ ਤਰਦਾ ਹੈ ਤੇ ਦੁਨੀਆਂ ਨੂੰ ਵੀ ਤਾਰਦਾ ਹੈ।

ਇਕੱਲੀ ਸੇਵਾ ਕਰਨ ਨਾਲ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਇਕ ਆਦਮੀ ਗੁਰਦੁਆਰਾ ਬਣਾਉਂਦਾ ਹੈ, ਹੋਰ ਕੋਈ ਸਾਂਝੀ ਚੀਜ਼ ਬਣਾਉਂਦਾ ਹੈ ਪਰ ਜੇ ਉਸ ਨੂੰ ਸੰਗਤ ਨੇ ਮਾਣ ਨਾ ਦਿਤਾ ਤੇ ਹੋਰ ਹੀ ਕੋਈ ਪ੍ਰੈਜ਼ੀਡੈਂਟ ਬਣਾ ਲਿਆ ਤਾਂ ਉਸ ਦਾ ਦਿਲ ਐਨਾ ਟੁੱਟ ਜਾਂਦਾ ਹੈ ਕਿ ਉਹ ਗੁਰਦੁਆਰੇ ਆਉਣਾ ਛੱਡ ਦਿੰਦਾ ਹੈ। ਇਸ ਵਿਚ ਗੱਲ ਇਹ ਸੀ ਕਿ ਉਹ ਸੇਵਾ ਤੋਂ ਮਿਲੇ ਮਾਣ ਦੇ ਰਸ ਨੂੰ ਮਾਣ ਰਿਹਾ ਸੀ। ਸੇਵਾ ਦੀ ਪਦਵੀ ਖੋਹ ਲੈਣ ਤੇ ਉਹ ਝੁੰਝਲਾਹਟ ਵਿਚ ਆ ਗਿਆ। ਗੁਰੂ ਮਹਾਰਾਜ ਨੇ ਪ੍ਰਮੇਸ਼ਰ ਦਾ ਨਾਮ ਸਾਰੀਆਂ ਹੀ ਹੋਣ ਵਾਲੀਆਂ ਬਿਮਾਰੀਆਂ ਦਾ ਇਲਾਜ ਦੱਸਿਆ ਹੈ।

ਜਦੋਂ ਗੁਰੂ ਨਾਨਕ ਪਾਤਸ਼ਾਹ ਅਜੇ ਤਲਵੰਡੀ ਵਿਚ ਹੀ ਸਨ ਉਸ ਵੇਲੇ ਆਪ ਕੁਝ ਸਮਾਂ ਚੁੱਪ ਕਰਕੇ ਪਏ ਰਹਿੰਦੇ ਸਨ ਪਰ ਕਦੇ ਕਦੇ ਉਪਰ ਕਪੜਾ ਲੈ ਕੇ ਅਚਾਨਕ ਹੀ ਤਲਵੰਡੀ ਦੀ ਜੂਹ ਵਿਚ ਪੈਂਦੇ, ਜੰਗਲ ਵਿਚ ਚਲੇ ਜਾਂਦੇ ਸਨ ਜਿਥੇ ਉਨ੍ਹਾਂ ਦਿਨਾਂ ਵਿਚ ਬਹੁਤ ਸਾਧੂ ਆ ਕੇ ਰਿਹਾ ਕਰਦੇ ਸਨ। ਆਪ ਹਰ ਵਕਤ ਪਿਆਰ ਰਸ ਮਾਣਦੇ ਚੁੱਪ ਰਹਿੰਦੇ ਸਨ। ਪਿਤਾ ਨੇ ਸਮਝਿਆ ਕਿ ਮੇਰਾ ਪੁਤਰ ਬਿਮਾਰ ਹੈ। ਉਸ ਨੇ ਹਰਿਦਾਸ ਵੈਦ ਨੂੰ ਬੁਲਾਇਆ, ਉਸ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਕਈ ਆਵਾਜ਼ਾਂ ਦਿਤੀਆਂ ਪਰ ਆਪ ਆਪਣੀ ਚਾਰਪਾਈ ਤੇ ਬਿਰਾਜੇ ਹੋਏ ਸਨ। ਵੈਦ ਨੇ ਆ ਕੇ ਕਲਾਈ ਫੜ ਲਈ ਅਤੇ ਬਿਮਾਰੀ ਦੇਖਣ ਲੱਗਿਆ ਕਿਉਂਕਿ ਸਿਆਣੇ ਵੈਦ ਨਬਜ਼ ਦੇਖ ਕੇ ਰੋਗ ਦਾ ਅਨੁਮਾਨ ਲਾ ਲੈਂਦੇ ਹਨ। ਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਕਲਾਈ ਖਿੱਚ ਲਈ ਅਤੇ ਕਿਹਾ ਕਿ ਵੈਦ ਜੀ! ਕੀ ਗੱਲ ਹੈ ਤੁਸੀਂ ਮੇਰੀ ਕਲਾਈ ਫੜੀ ਹੈ? ਵੈਦ ਨੇ ਕਿਹਾ ਕਿ ਨਾਨਕ ਜੀ, ਤੁਹਾਡੇ ਪਿਤਾ ਨੇ ਕਿਹਾ ਹੈ ਤੁਸੀਂ ਬਿਮਾਰ ਹੋ। ਕਹਿਣ ਲੱਗਿਆ ਕਿ ਅਸੀਂ ਸਰੀਰ ਦੇ ਤਿੰਨੇ ਤੱਤ, ਪਿੱਤ, ਵਾਏ, ਕਫ ਦਾ ਸੰਤੁਲਨ ਦੇਖ ਕੇ ਬਿਮਾਰੀ ਟੋਲ੍ਹ ਲੈਂਦੇ ਹਾਂ। ਮਹਾਰਾਜ ਜੀ ਨੇ ਕਿਹਾ ਵੈਦ ਜੀ ਤੁਸੀਂ ਕਿੰਨੀਆਂ ਬਿਮਾਰੀਆਂ ਦਾ ਇਲਾਜ ਜਾਣਦੇ ਹੋਂ? ਵੈਦ ਨੇ ਕਿਹਾ ਕਿ 99 ਰੋਗ ਜਿਨ੍ਹਾਂ ਦਾ ਚਕਿਤਸਾ ਦੇ ਗ੍ਰੰਥਾਂ ਵਿਚ ਵਰਨਨ ਹੈ, ਉਹ ਮੈਂ ਸਾਰੇ ਹੀ ਰੋਗ ਦੂਰ ਕਰਨ ਦੀ ਸਮਰਥਾ ਰਖਦਾ ਹਾਂ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਮੈਨੂੰ ਕੋਈ ਇਨ੍ਹਾਂ ਰੋਗਾਂ ਵਿਚੋਂ ਰੋਗ ਨਹੀਂ। ਮੇਰਾ ਰੋਗ ਤੁਹਾਡੇ ਤੋਂ ਪਛਾਣਿਆ ਨਹੀਂ ਜਾਣਾ ਕਿਉਂਕਿ ਮੈਨੂੰ ਪ੍ਰਮੇਸ਼ਰ ਦੇ ਪਿਆਰ ਦੀ ਧੁਨ ਲੱਗੀ ਹੋਈ ਹੈ ਅਤੇ ਮੈਂ ਉਸ ਧੁਨ ਵਿਚ ਰਹਿੰਦਾ ਹਾਂ। ਐਸਾ ਫੁਰਮਾਨ ਆਉਂਦਾ ਹੈ –

***ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥***
***ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥*** ***ਪੰਨਾ – 1279***

ਵੈਦ ਜੀ! ਮੇਰੇ ਸੀਨੇ ਵਿਚ ਖਿੱਚ ਪਈ ਹੋਈ ਹੈ। ਇਸਦੀਆਂ ਨਿਸ਼ਾਨੀਆਂ ਮਹਾਂਪੁਰਸ਼ ਦਸਦੇ ਹਨ –

***ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,***
***ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।***
***ਕਮਗੁਫ਼ਤਨੋ, ਕਮ ਖੁਰਦਨੋਂ,***
***ਖੁਆਬਸ਼-ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤਸਰ।***

ਪਿਆਰ ਕਰਨ ਵਾਲੇ ਬੈਰਾਗੀ ਪੁਰਸ਼ਾਂ ਦੀਆਂ ਨੌ ਨਿਸ਼ਾਨੀਆਂ ਹੁੰਦੀਆਂ ਹਨ – ਠੰਢੇ ਸਾਹ ਆਉਂਦੇ ਹਨ, ਰੰਗ ਪੀਲਾ, ਅੱਖਾਂ ਵਿਚ ਹਰ ਵਕਤ ਹੀ ਹੰਝੂ ਵਗਦੇ ਰਹਿੰਦੇ ਹਨ, ਥੋੜ੍ਹਾ ਬੋਲਦਾ ਹੈ, ਥੋੜ੍ਹਾ ਖਾਂਦਾ ਹੈ, ਹਰ ਵਕਤ ਇੰਤਜ਼ਾਰੀ ਵਿਚ ਰਹਿੰਦਾ ਹੈ, ਚਿੱਤ ਵਿਚ ਬੇਕਰਾਰੀ ਹੁੰਦੀ ਹੈ, ਬਾਰ-ਬਾਰ ਮੱਥੇ ਤੇ ਹੱਥ ਰਖਦਾ ਹੈ। ਭਾਈ ਵੀਰ ਸਿੰਘ ਜੀ ਨੇ ਇਸ ਬਾਰੇ ਲਿਖਿਆ ਹੈ –

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ,***

*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।* *ਡਾ. ਭਾਈ ਵੀਰ ਸਿੰਘ ਜੀ*

ਆਪ ਨੇ ਸੁਭਾਵਿਕ ਹੀ ਪੁਛਿਆ ਕਿ ਵੈਦ ਜੀ, ਤੁਸੀਂ ਰਾਜ਼ੀ ਹੋਂ। ਵੈਦ ਨੇ ਕਿਹਾ ਕਿ ਨਾਨਕ ਜੀ! ਤੁਸੀਂ ਇਹ ਪ੍ਰਸ਼ਨ ਮੇਰੇ ਤੇ ਕਿਉਂ ਕੀਤਾ ਹੈ? ਆਪ ਨੇ ਕਿਹਾ ਕਿ ਇਸ ਸ੍ਰਿਸ਼ਟੀ ਵਿਚ ਸਿਵਾਏ ਗੁਰੂ ਤੋਂ ਕੋਈ ਐਸਾ ਨਹੀਂ ਜੋ ਰੋਗ ਤੋਂ ਬਚਿਆ ਹੋਇਆ ਹੈ।

*ਜੋ ਜੋ ਦੀਸੈ ਸੋ ਸੋ ਰੋਗੀ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥* *ਪੰਨਾ - 1140*

ਕੀ ਪਰਿੰਦੇ, ਕੀ ਪਸ਼ੂ, ਕੀ ਉਡਣ ਵਾਲੇ ਪੰਛੀ, ਕੀ ਪਤੰਗੇ ਸਭ ਦੇ ਅੰਦਰ ਰੋਗ ਹਨ। ਵੈਦ ਹੈਰਾਨ ਹੋ ਗਿਆ ਕਿ ਆਪ ਦਾ ਸਰੀਰ ਅਜੇ ਬਚਪਨ ਵਿਚ ਹੀ ਹੈ, ਆਪ ਕਿੰਨੀ ਵੱਡੀ ਬਾਤ ਕਹਿ ਰਹੇ ਹੋ। ਮਹਾਰਾਜ ਜੀ ਕਹਿਣ ਲੱਗੇ, ਵੈਦ ਜੀ! ਇਹ ਦੁਨੀਆਂ ਤਾਂ ਆਪ ਨੂੰ ਨਜ਼ਰ ਆਉਂਦੀ ਹੈ ਇਸ ਦੁਨੀਆਂ ਤੋਂ ਉਪਰ ਜੋ ਸੂਖਸ਼ਮ ਮੰਡਲ ਹਨ ਜਿਨ੍ਹਾਂ ਵਿਚ ਦੈਂਤ, ਦੇਵ ਨਿਵਾਸ ਰਖਦੇ ਹਨ ਉਨ੍ਹਾਂ ਦੇ ਵਾਸੀ ਵੀ ਰੋਗੀ ਹਨ ਕਿਉਂਕਿ ਸਿਆਣਿਆਂ ਨੇ ਇਕ ਬ੍ਰਹਿਮੰਡ ਵਿਚ 14 ਤਬਕ ਗਿਣੇ ਹਨ। 14 ਤਬਕਾਂ ਵਿਚ ਹੀ ਸੂਖਮ, ਸਥੂਲ ਤੇ ਕਾਰਨ ਕਿਸਮ ਦੀ ਸ੍ਰਿਸ਼ਟੀ ਹੋਂਦ ਵਿਚ ਆਈ ਹੋਈ ਹੈ। ਸੋ ਦੇਵਤੇ ਵੀ ਰੋਗੀ ਹਨ, ਦੈਂਤ ਵੀ ਰੋਗ ਹਨ, ਮਨੁੱਖ ਵੀ ਸਾਰੇ ਰੋਗੀ ਹਨ। ਜੇ ਕੋਈ ਸੰਸਾਰ ਦੇ ਅੰਦਰ ਅਰੋਗ ਹੈ ਤਾਂ ਕੇਵਲ ਸਤਿਗੁਰੂ ਹੈ, ਬ੍ਰਹਮਗਿਆਨੀ ਮਹਾਂਪੁਰਸ਼ ਹੈ। ਵੈਦ ਹੈਰਾਨ ਹੋ ਗਿਆ ਤੇ ਕਹਿਣ ਲੱਗਿਆ ਜਿਥੇ ਤੁਸੀਂ ਇਹ ਭੇਦ ਭਰਿਆ ਬਚਨ ਕੀਤਾ ਹੈ ਉਥੇ ਇਹ ਵੀ ਦੱਸੋ ਕਿ ਮੈਂ ਕਿਹੜੇ ਰੋਗ ਵਿਚ ਫਸਿਆ ਹੋਇਆ ਹਾਂ। ਮਹਾਰਾਜ ਜੀ ਨੇ ਕਿਹਾ ਕਿ ਰੋਗ ਮਨ ਤੋਂ ਸ਼ੁਰੂ ਹੁੰਦੇ ਹਨ, ਪਹਿਲਾਂ ਮਨ ਰੋਗੀ ਹੁੰਦਾ ਹੈ ਫੇਰ ਤਨ ਰੋਗੀ ਹੋ ਜਾਂਦਾ ਹੈ। ਜਦੋਂ ਪ੍ਰਮੇਸ਼ਰ ਨੇ ਸ੍ਰਿਸ਼ਟੀ ਦੀ ਰਚਨਾ ਕਰੀ ਤਾਂ ਸਭ ਤੋਂ ਪਹਿਲਾਂ 'ਮੈਂ' ਤੱਤ (ਅਹੰਭਾਵ) ਦੀ ਉਪਜ ਹੋਈ ਜਿਸ ਵਿਚ ਮਹਿਤੱਤ ਦੀ ਉਪਜ ਹੋ ਕੇ ਹਉਮੈ ਕਹਾਇਆ, ਉਸ ਪਿਛੋਂ ਜੋ ਕੁਝ ਵੀ ਉਪਜਿਆ ਉਹ ਸਾਰਾ ਹਉਮੈ ਤੱਤ ਤੋਂ ਹੀ ਵਜੂਦ ਵਿਚ ਆਇਆ। ਹਉਮੈ ਇਕ ਰੋਗ ਹੈ, ਹਉਮੈ ਰੋਗ ਹੋਣ ਕਰਕੇ ਸਾਰੀ ਸ੍ਰਿਸ਼ਟੀ ਰੋਗ ਵਿਚ ਗ੍ਰਸਤ ਹੋ ਗਈ। ਸਮੁੱਚਤਾ ਵਿਚੋਂ ਵਖਰਾਪੁਣ ਮਹਿਸੂਸ ਕਰਨਾ ਜਿਸ ਨੂੰ ਮਾਇਆ ਤੇ ਮੇਰੀ ਦੀ ਭਾਵਨਾ ਕਹਿੰਦੇ ਹਨ, ਹਉਮੈ ਰੋਗ ਹੋਇਆ ਕਰਦਾ ਹੈ। ਹਉਮੈ ਰੋਗ ਹੋਣ ਕਰਕੇ ਆਦਮੀ ਜੰਮਦਾ ਮਰਦਾ ਭਟਕਦਾ ਫਿਰਦਾ ਹੈ। ਜਦੋਂ ਤਕ ਹਉਮੈ ਰੋਗ ਦਾ ਇਲਾਜ ਨਹੀਂ ਹੁੰਦਾ, ਉਦੋਂ ਤਕ ਮਾਇਆ ਦੇ ਬੰਧਨਾਂ ਤੋਂ ਛੁਟ ਨਹੀਂ ਸਕਦਾ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥* *ਪੰਨਾ- 466*

ਜਦੋਂ ਹਉਮੈ ਦਾ ਨਾਸ਼ ਹੋ ਜਾਂਦਾ ਹੈ ਤਾਂ ਅਗਿਆਨ ਦਾ ਮੋਤੀਆ ਬਿੰਦ ਜੋ ਅੱਖਾਂ ਵਿਚ ਆ ਕੇ ਦਿਬਦ੍ਰਿਸ਼ਟ ਬੰਦ ਕਰ ਦਿੰਦਾ ਹੈ, ਉਹ ਦਿਬਜ ਦ੍ਰਿਸ਼ਟ ਮੁੜ ਪ੍ਰਾਪਤ ਹੋ ਜਾਂਦੀ ਹੈ। ਜਿਵੇਂ ਕਿ ਫੁਰਮਾਨ ਹੈ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥* *ਪੰਨਾ - 922*

ਮੇਰਾ ਖਿਆਲ ਹੈ ਵੈਦ ਜੀ, ਤੁਸੀਂ ਇਹ ਗੱਲ ਸਮਝ ਗਏ ਹੋਵੋਂਗੇ। ਵਾਹਿਗੁਰੂ ਦਾ ਰੂਪ ਹੁੰਦਾ ਹੋਇਆ ਭੀ ਸੰਸਾਰ ਇਸ ਕਰਕੇ ਭਾਸਦਾ ਹੈ। ਇਹ ਸੂਝ ਕਰਕੇ ਦੇਖਣ ਵਾਲੀਆਂ ਅੱਖੀਆਂ ਨੂੰ ਮੋਤੀਆਬਿੰਦ ਹੋ ਗਿਆ ਅਤੇ ਦਿਬਜ ਦ੍ਰਿਸ਼ਟੀ ਬੰਦ ਹੋ ਗਈ। ਕਿਹਾ ਜਾਂਦਾ ਹੈ ਕਿ ਸਾਵਣ ਦੇ ਮਹੀਨੇ ਅੰਨ੍ਹੇ ਹੋਏ ਬੰਦੇ

ਨੂੰ ਸਭ ਕੁਝ ਹਰੇ ਰੰਗ ਦਾ ਹੀ ਦਿਸਦਾ ਹੈ। ਵੈਦ ਜੀ! ਮੋਤੀਏ ਦਾ ਇਲਾਜ ਗਿਆਨ ਅੰਜਨ ਹੈ ਜੋ ਸਮਰੱਥ ਸਤਿਗੁਰੂ ਪਾਸ ਹੁੰਦਾ ਹੈ। ਜਦੋਂ ਗੁਰੂ ਦੀ ਕ੍ਰਿਪਾ ਰਾਹੀਂ ਹਉਮੈ ਦਾ ਅੰਧਪੁਣਾ ਦੂਰ ਹੁੰਦਾ ਹੈ ਤਾਂ ਇਥੇ ਇਕੋ ਵਾਹਿਗੁਰੂ ਜੀ ਦਾ ਆਪਣੇ ਆਪ ਤੋਂ ਕੀਤਾ ਪਸਾਰਾ ਹੀ ਭਾਸਦਾ ਹੈ। ਜਦੋਂ ਅਸਲੀ ਵਸਤੂ ਬ੍ਰਹਮ ਹੀ ਸਰਬ ਰਮਿਆ, ਸਭਨਾਂ ਰੂਪਾਂ, ਰੰਗਾਂ, ਜਿਨਸਾਂ ਵਿਚ ਦਿਖਣਾ ਸ਼ੁਰੂ ਹੋ ਜਾਵੇ, ਵੈਦ ਜੀ! ਇਸ ਨੂੰ ਦਿਬਯ ਦ੍ਰਿਸ਼ਟ ਦੀ ਪ੍ਰਾਪਤੀ ਕਿਹਾ ਜਾਂਦਾ ਹੈ। ਮਹਾਂਭਾਰਤ ਦੇ ਯੁੱਧ ਵਿਚ ਕ੍ਰਿਸ਼ਨ ਜੀ ਨੇ ਆਪਣਾ ਵੈਰਾਟ ਸਰੂਪ ਅਰਜਨ ਨੂੰ ਵਿਖਾਇਆ ਕਿਉਂਕਿ ਉਸ ਨੂੰ ਦਿਬਯ ਦ੍ਰਿਸ਼ਟ ਦੀ ਪ੍ਰਾਪਤੀ ਹੋ ਗਈ ਸੀ। ਇਸੇ ਤਰ੍ਹਾਂ ਸੰਜੇ ਨੇ ਮਹਾਂਭਾਰਤ ਦੀ ਲੜਾਈ ਦਾ ਸਾਰਾ ਹਾਲ ਧ੍ਰਿਤਰਾਸ਼ਟਰ ਨੂੰ ਦੱਸਿਆ। ਦ੍ਰਿਸ਼ਟੀ ਦਾ ਦੋਖ ਦੂਰ ਹੋ ਕੇ ਇਕ ਹੀ ਨਜ਼ਰੀ ਪੈਂਦਾ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕਿ ਇਸ ਤਰ੍ਹਾਂ ਵੈਦ ਜੀ, ਦੂਸਰਾ ਰੋਗ ਨਿੰਦਿਆ ਹੋਇਆ ਕਰਦਾ ਹੈ, ਕਿਸੇ ਦੀ ਤਰੱਕੀ ਦੇਖ ਕੇ ਜਾਂ ਉਸ ਦੇ ਪ੍ਰਤਾਪ ਨੂੰ ਦੇਖ ਕੇ ਉਸਦੇ ਬਾਰੇ ਕਿਸੇ ਦੂਸਰੇ ਕੋਲ ਉਸ ਦੇ ਖਿਲਾਫ ਬੋਲਣਾ। ਮਹਾਂਪੁਰਸ਼ਾਂ ਦੀ ਨਿੰਦਿਆ ਦਾ ਦੋਸ਼ ਬਹੁਤ ਲਗਦਾ ਹੈ –

***ਸਾਧ ਕਾ ਨਿੰਦਕੁ ਕੈਸੇ ਤਰੈ॥ ਸਰਪਰ ਜਾਨਹੁ ਨਰਕ ਹੀ ਪਰੈ।।***
***ਪੰਨਾ – 875***

ਪਰ ਕਿਸੇ ਆਮ ਬੰਦੇ ਦੀ ਨਿੰਦਿਆ ਕਰਨਾ ਵੀ ਗੁਰੂ ਘਰ ਵਿਚ ਬਿਵਰਜਿਤ ਹੈ।

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧੁ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥ ਪੰਨਾ – 755***

ਕੋਈ ਬੰਦਾ ਚਾਹੇ ਕਿੰਨੇ ਹੀ ਹਸਪਤਾਲ ਬਣਾ ਦੇਵੇ, ਲੰਗਰ ਚਲਾ ਦੇਵੇ, ਬੇਅੰਤ ਦਾਨ ਕਰੇ, ਬੇਅੰਤ ਦੌਲਤ ਵੰਡ ਦੇਵੇ, ਉਸ ਦਾ ਜੋ ਪੁੰਨ ਪ੍ਰਾਪਤ ਹੁੰਦਾ ਹੈ ਉਹ ਨਿੰਦਿਆ ਕਰਨ ਨਾਲ ਪੂਰੀ ਤਰ੍ਹਾਂ ਖਤਮ ਹੋ ਜਾਂਦਾ ਹੈ –

***ਜੇ ਓਹੁ ਅਠਸਠਿ ਤੀਰਥ ਨਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥***
***ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥***
***ਸਾਧ ਕਾ ਨਿੰਦਕੁ ਕੈਸੇ ਤਰੈ॥ ਸਰਪਰ ਜਾਨਹੁ ਨਰਕ ਹੀ ਪਰੈ॥***
***ਜੇ ਓਹੁ ਗ੍ਰਹਨ ਕਰੈ ਕੁਲਖੇਤਿ॥ ਅਰਪੈ ਨਾਰਿ ਸੀਗਾਰ ਸਮੇਤਿ॥***
***ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥ ਕਰੈ ਨਿੰਦ ਕਵਨੈ ਨਹੀ ਗੁਨੈ॥***
***ਜੇ ਓਹੁ ਅਨਿਕ ਪ੍ਰਸਾਦ ਕਰਾਵੈ॥ ਭੂਮਿ ਦਾਨ ਸੋਭਾ ਮੰਡਪਿ ਪਾਵੈ॥***
***ਅਪਨਾ ਬਿਗਾਰਿ ਬਿਰਾਂਨਾ ਸਾਂਢੈ॥ ਕਰੈ ਨਿੰਦ ਬਹੁ ਜੋਨੀ ਹਾਂਢੈ॥***
***ਨਿੰਦਾ ਕਹਾ ਕਰਹੁ ਸੰਸਾਰਾ॥ ਨਿੰਦਕ ਕਾ ਪਰਗਟਿ ਪਾਹਾਰਾ॥***
***ਨਿੰਦਕੁ ਸੋਧਿ ਸਾਧਿ ਬੀਚਾਰਿਆ॥ ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥***

***ਪੰਨਾ – 875***

ਸੋ ਇਸ ਕਰਕੇ ਇਹ ਬਹੁਤ ਹੀ ਭਿਆਨਕ ਰੋਗ ਹੈ। ਇਥੋਂ ਤਕ ਦੱਸਿਆ ਹੈ ਕਿ ਨਿੰਦਕ ਦਾ ਕੋਈ ਦਾਰੂ ਵੀ ਨਹੀਂ ਹੈ। ਨਿੰਦਿਆ ਕਰਨ ਵਾਲੇ ਦਾ ਤਾਂ ਕੁੰਭੀ ਨਰਕ ਵਿਚ ਵਾਸਾ ਹੁੰਦਾ ਹੈ। ਇਸੇ ਤਰ੍ਹਾਂ ਚੁਗਲੀ ਵੀ ਬੜੀ ਭੈੜੀ ਬਿਮਾਰੀ ਹੈ। ਚੁਗਲੀਆਂ ਦੇ ਫਲਸਰੂਪ ਹੀ ਬਹੁਤ ਸਾਰੀਆਂ ਲੜਾਈਆਂ ਹੋ ਜਾਂਦੀਆਂ ਹਨ। ਇਨ੍ਹਾਂ ਬਿਮਾਰੀਆਂ ਨੂੰ ਵਮਨ ਦੀ ਬਿਮਾਰੀ ਆਖਦੇ ਹਨ। ਜਿਸ ਤਰ੍ਹਾਂ ਕਿਸੇ ਨੂੰ ਹੈਜ਼ਾ ਹੋ ਜਾਂਦਾ ਹੈ, ਉਹ ਉਲਟੀਆਂ ਕਰਦਾ ਹੈ ਇਸੇ ਤਰ੍ਹਾਂ ਨਾਲ ਵਮਨ ਬਿਮਾਰੀ ਹੈ। ਚੁਗਲੀ ਨਿੰਦਾ ਦੀ ਛੋਟੀ ਭੈਣ ਹੈ। ਹਉਮੈ ਨੂੰ ਕੋਹੜ ਕਿਹਾ ਗਿਆ ਹੈ। ਵੈਦ ਜੀ! ਇਨ੍ਹਾਂ ਨਾਲ ਰਲਦੀ ਮਿਲਦੀ ਬਿਮਾਰੀ ਈਰਖਾ ਹੋਇਆ ਕਰਦੀ ਹੈ। ਕਿਸੇ ਦੀ ਤਰੱਕੀ ਦੇਖ ਕੇ ਜਰ ਨਾ ਹੋਣਾ, ਕਿਸੇ ਦੇ ਬੱਚੇ ਚੰਗੀਆਂ ਪੜ੍ਹਾਈਆਂ ਕਰ ਜਾਣ, ਦੇਖ ਕੇ ਖਿਝੀ ਜਾਣਾ, ਖਿਝ ਕੇ ਨੁਕਸਾਨ ਕਰੀ ਜਾਣਾ। ਇਹ ਬਹੁਤ ਵੱਡੀ ਭੁੱਲ ਹੈ। ਇਕ ਪਾਸੇ

ਅਸੀਂ ਬਹੁਤ ਪਾਠ ਕਰਦੇ ਹਾਂ, ਪੰਜ ਬਾਣੀਆਂ ਪੜ੍ਹਦੇ ਹਾਂ, ਹੋਰ ਅਨੇਕਾਂ ਕੰਮ ਕਰਦੇ ਹਾਂ, ਦੂਸਰੇ ਪਾਸੇ ਅਸੀਂ ਕਿਸੇ ਦੀ ਤਰੱਕੀ ਦੇਖ ਕੇ ਸੜਦੇ ਬਲਦੇ ਰਹਿੰਦੇ ਹਾਂ। ਇਸ ਤਰ੍ਹਾਂ ਇਸ ਬਿਮਾਰੀ ਨਾਲ ਪੁੰਨ ਕਰਮ ਫਲ ਨਹੀਂ ਦਿੰਦੇ। ਪੁੰਨਾ ਦਾ ਨਾਸ਼ ਹੋ ਜਾਇਆ ਕਰਦਾ ਹੈ।

ਈਰਖਾ ਕਰਨ ਵਾਲੇ ਦਾ ਹਿਰਦਾ ਕਮਲ ਮੂਧਾ ਹੋ ਜਾਂਦਾ ਹੈ ਅਤੇ ਹਿਰਦਾ ਸੜਦਾ ਰਹਿੰਦਾ ਹੈ। ਸਰੀਰ ਦੇ ਨਰੋਏ ਅੰਗਾਂ ਵਿਚ ਜਲਣ ਪੈਦਾ ਹੋ ਜਾਂਦੀ ਹੈ, ਚਿਹਰੇ ਦੀ ਸੁੰਦਰਤਾ ਨਾਸ਼ ਹੋ ਕੇ ਝੁਰੜੀਆਂ ਪੈ ਜਾਂਦੀਆਂ ਹਨ। ਇਸ ਸੜਦੇ ਬਲਦੇ ਹਿਰਦੇ ਵਿਚ ਪ੍ਰਭੂ ਗਿਆਨ, ਪਿਆਰ, ਪੈਦਾ ਹੋਣਾ ਤਾਂ ਇਕ ਪਾਸੇ ਰਿਹਾ, ਉਹ ਕਿਸੇ ਨਾਲ ਭੀ ਪਿਆਰ ਨਹੀਂ ਕਰ ਸਕਦਾ। ਅੰਦਰੋਂ ਸੜਦਾ ਬਲਦਾ ਰਹਿੰਦਾ ਹੈ, ਜੀਵਨ ਕੇਵਲ ਇਕ 'ਬਲਨਾ' ਹੀ ਬਣ ਜਾਂਦਾ ਹੈ।

***ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥***

***ਪੰਨਾ - 308***

ਮਹਾਰਾਜ ਕਹਿੰਦੇ ਹਨ ਕਿ ਈਰਖਾ ਵਾਲੇ ਦਾ ਕਦੇ ਭੀ ਭਲਾ ਨਹੀਂ ਹੋ ਸਕਦਾ। ਇਹ ਜੋ ਹੁਕਮ ਹਨ ਇਹ ਧੁਰ ਦਰਗਾਹ ਦੇ ਹੁਕਮ ਹਨ ਇਨ੍ਹਾਂ ਨੂੰ ਅੱਖੋ ਪਰੋਖੇ ਕਰਕੇ ਅਸੀਂ ਉਸ ਦੋਸ਼ ਤੋਂ ਨਹੀਂ ਬਚ ਸਕਦੇ ਕਿ ਕਦੇ ਭਲਾ ਹੀ ਨਹੀਂ ਹੋਣਾ।

ਸੋ ਵੈਦ ਜੀ! ਜ਼ਰਾ ਵਿਚਾਰੋ, ਕਿੰਨੀਆਂ ਭਿਆਨਕ ਬਿਮਾਰੀਆਂ ਹਨ ਇਨ੍ਹਾਂ ਤੋਂ ਅੱਗੇ ਜਿਸ ਨੂੰ ਤੇਜ਼ ਬੁਖਾਰ (high fever) ਆਖਦੇ ਹਨ ਉਹ ਤ੍ਰਿਸ਼ਨਾ ਦਾ ਰੋਗ ਹੈ। ਆਦਮੀ ਵਾਸ਼ਨਾਵਾਂ ਦੇ ਅਧੀਨ ਹੈ, ਵਾਸ਼ਨਾਵਾਂ ਦੀ ਪੂਰਤੀ ਲਈ ਮੰਗਦਾ ਰਹਿੰਦਾ ਹੈ, ਕੋਈ ਪੁੱਤਰ ਮੰਗਦਾ ਰਹਿੰਦਾ ਹੈ, ਜਿਸ ਦੇ ਲੜਕੇ-ਲੜਕੀ ਨੂੰ ਵਰ ਪ੍ਰਾਪਤ ਨਹੀਂ ਹੋਇਆ, ਉਹ ਵਰ ਲੈਣ ਦੀ ਸਦਾ ਹੀ ਸੋਚ ਰਖਦਾ ਹੈ, ਪੈਸੇ ਕਮਾਉਂਦਾ ਹੈ ਉਸ ਨੂੰ ਸਬਰ ਨਹੀਂ ਆਉਂਦਾ। ਜਿਸ ਤਰ੍ਹਾਂ ਕਿ ਬਾਣੀ ਵਿਚ ਫੁਰਮਾਨ ਆਉਂਦਾ ਹੈ।

***ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥*** ***ਪੰਨਾ - 919***

ਇਸੇ ਤਰ੍ਹਾਂ ਆਸ਼ਾ, ਤ੍ਰਿਸ਼ਨਾ, ਨਫਰਤ ਕਰਨੀ ਆਦਿ ਅਨੇਕਾਂ ਬਿਮਾਰੀਆਂ ਹਨ ਜਿਨ੍ਹਾਂ ਦਾ ਬੋਝ ਮਨ ਝੱਲ ਨਹੀਂ ਸਕਦਾ ਅਤੇ ਬਿਮਾਰ ਹੋ ਜਾਂਦਾ ਹੈ। ਮਨ ਦੇ ਬਿਮਾਰ ਹੁੰਦਿਆਂ ਹੀ ਸਰੀਰ ਵਿਚ ਵੀ ਰੋਗ ਆ ਜਾਂਦੇ ਹਨ। ਇਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਮਾਨਸਿਕ ਬਿਮਾਰੀਆਂ ਤੇ ਹੋਰ ਊਣਤਾਈਆਂ ਦਾ ਜ਼ਿਕਰ ਕੀਤਾ। ਉਸ ਵੇਲੇ ਵੈਦ ਸ਼ਰਧਾ ਦੇ ਘਰ ਵਿਚ ਆ ਗਿਆ। ਕਹਿਣ ਲੱਗਿਆ ਕਿ ਹੇ ਨਾਨਕ ਜੀ, ਤੁਸੀਂ ਪਾਂਧੇ ਪਾਸ ਗਏ, ਉਸ ਨੂੰ ਵਿਦਿਆ ਦੇ ਆਏ, ਜੇ ਆਪ ਮੌਲਵੀ ਪਾਸ ਗਏ ਤਾਂ ਉਸ ਨੂੰ ਵੀ ਸੱਚ ਦਾ ਰਾਹ ਦਸ ਦਿਤਾ। ਹੁਣ ਮੇਰੇ ਉਪਰ ਵੀ ਕ੍ਰਿਪਾ ਕਰੋ; ਬਿਮਾਰੀਆਂ ਬਾਰੇ ਤਾਂ ਆਪ ਨੇ ਦਸ ਦਿਤਾ, ਹੁਣ ਇਹ ਵੀ ਦੱਸੋ ਕਿ ਇਨ੍ਹਾਂ ਦਾ ਕੋਈ ਇਲਾਜ ਵੀ ਹੈ?

ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਵੈਦ ਜੀ! ਸਾਰੀਆਂ ਬਿਮਾਰੀਆਂ ਦੀ ਜੜ੍ਹ ਮਨ ਵਿਚ ਹੋਇਆ ਕਰਦੀ ਹੈ। ਐਂ ਕਹਿ ਲਓ, ਅੰਤਸ਼ਕਰਣ ਵਿਚ ਹੋਇਆ ਕਰਦੀ ਹੈ ਜਿਸਦੇ ਪ੍ਰਭਾਵ ਕਰਕੇ ਚਿੱਤ ਵਿਚ ਵੀ ਦੁੱਖ ਮਹਿਸੂਸ ਹੁੰਦਾ ਹੈ, ਬੁੱਧੀ ਵੀ ਪੀੜਿਤ ਹੁੰਦੀ ਹੈ, ਮਨ ਵਿਚ ਵੀ ਪ੍ਰੇਸ਼ਾਨੀਆਂ ਹੋ ਜਾਂਦੀਆਂ ਹਨ ਅਤੇ ਮਨ ਦੇ ਫੁਰਨੇ ਨਫੀ (ਗਿਰਾਵਟ) ਵਲ ਨੂੰ ਜਾਂਦੇ ਹਨ ਅਤੇ ਮਨ ਉਦਾਸ ਹੋਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਮਨ ਰੋਗੀ ਹੋ ਗਿਆ, ਉਸ ਵੇਲੇ ਸਰੀਰ ਦੀ ਵੀ ਵਾਰੀ ਆਉਂਦੀ ਹੈ, ਸਰੀਰ ਨੂੰ ਸ਼ਕਤੀ ਦੇਣ ਵਾਲਾ ਖੇੜਾ, ਚਾਓ, ਹੁਲਾਰ, ਖੁਸ਼ੀਆਂ ਦਾ ਇਨ੍ਹਾਂ ਉਤੇ ਭਾਰੀ ਅਸਰ ਪੈਂਦਾ ਹੈ। ਜਦੋਂ ਖੁਸ਼ੀ ਦੀ ਥਾਂ ਤੇ ਮਨ ਵਿਚ ਸੋਗ ਰਹਿਣਾ ਸ਼ੁਰੂ ਹੋ ਜਾਵੇ, ਉਦਾਸੀ ਰਹਿਣ ਲਗ ਜਾਵੇ, ਢਹਿੰਦੀਆਂ ਕਲਾ ਪ੍ਰਵੇਸ਼ ਕਰ ਜਾਇਆ ਕਰਦੀਆਂ ਹਨ, ਉਸ ਵੇਲੇ ਆਤਮਕ ਸ਼ਕਤੀ ਜਾਂ ਚੜ੍ਹਦੀ ਕਲਾ ਦੀ ਭਾਵਨਾ ਘਟ ਜਾਂਦੀ ਹੈ ਅਤੇ ਸਰੀਰ ਵਿਚ ਅਨੇਕਾਂ ਬਿਆਧੀਆਂ ਉਠ ਖੜ੍ਹਦੀਆਂ ਹਨ। ਇਹ ਕੇਵਲ ਜੋ ਮਨ ਦੇ ਰੋਗ ਮੈਂ ਤੁਹਾਨੂੰ ਦੱਸੇ ਹਨ, ਇਹੋ ਹੀ ਨਹੀਂ ਹਨ ਜੋ ਮਨ ਵਿਚ ਉਦਾਸੀ ਪੈਦਾ ਕਰਦੇ ਹਨ। ਇਸ ਤੋਂ ਇਲਾਵਾ ਭਾਈਚਾਰਕ, ਸਮਾਜਿਕ

ਰੋਗ ਹਨ, ਆਰਥਿਕ ਤਰੁੱਟੀਆਂ ਦੇ ਰੋਗ ਹਨ, ਕਾਰੋਬਾਰਾਂ ਵਿਚ ਸਫਲਤਾ ਨਾ ਹੋਣ ਕਾਰਨ ਅਸਰ ਮਨ ਉਪਰ ਪੈਂਦੇ ਹਨ। ਰਾਜਸੀ ਅਸਰ ਮਨ ਨੂੰ ਘੇਰੀਂ ਰਖਦਾ ਹੈ। ਸਰੀਰਕ ਚਾਲ ਵਿਚ, ਦੁਨਿਆਵੀ ਕਾਰੋਬਾਰਾਂ ਵਿਚ ਵਿਘਨ ਖੜ੍ਹੇ ਹੋ ਜਾਂਦੇ ਹਨ, ਕੋਈ ਇਲਾਜ ਨਹੀਂ ਬਣਦਾ। ਆਧੀ, ਬਿਆਧੀ, ਉਪਾਧੀ – ਅਧਿਆਤਮਿਕ, ਆਧਿਭੌਤਿਕ, ਆਧਿਦੈਵਿਕ ਤਿੰਨ ਕਿਸਮ ਦੇ ਦੁੱਖ ਹਨ। ਅਵਿਅਕਤ ਹਸਤੀਆਂ ਦੇ ਪਾਏ ਹੋਏ ਵਿਘਨ ਅਤੇ ਹੋਰ ਅਨੇਕਾਂ ਪ੍ਰੇਸ਼ਾਨੀਆਂ ਜਦੋਂ ਆਦਮੀ ਦੇ ਸਾਮ੍ਹਣੇ ਆ ਕੇ ਖੜ੍ਹੀਆਂ ਹੁੰਦੀਆਂ ਹਨ ਇਨ੍ਹਾਂ ਦਾ ਅਸਰ ਪਹਿਲਾਂ ਚਿੱਤ ਉਪਰ ਪੈਂਦਾ ਹੈ, ਬੁੱਧੀ ਉਪਰ ਪੈਂਦਾ ਹੈ, ਮਨ ਉਪਰ ਪੈਂਦਾ ਹੈ, ਮਨ ਤੋਂ ਪ੍ਰਾਣਾਂ ਦਾ ਸੰਤੁਲਨ ਵਿਗੜ ਜਾਂਦਾ ਹੈ, ਪ੍ਰਾਣਾਂ ਦਾ ਸੰਤੁਲਨ ਵਿਗੜਨ ਨਾਲ ਸਰੀਰ ਦੇ ਤੱਤ, ਪਿੱਤ, ਵਾਇ, ਕਫ, ਗਰਮੀ ਮਰਿਆਦਾ ਛੱਡ ਦਿੰਦੇ ਹਨ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਅਸਰ ਦਿਮਾਗ ਉਤੇ ਪੈਂਦਾ ਹੈ, ਦਿਮਾਗ ਦਾ ਜਦੋਂ ਵੀ ਸੰਤੁਲਨ ਵਿਗੜ ਜਾਂਦਾ ਹੈ, ਉਸ ਵੇਲੇ ਉਸ ਦੀ ਕਾਬੂ ਕਰਨ ਦੀ ਸ਼ਕਤੀ ਛਿਨਭੰਗਰ ਹੋ ਜਾਂਦੀ ਹੈ। ਉਸ ਵੇਲੇ ਇਨ੍ਹਾਂ ਦਾ ਪ੍ਰਤੱਖ ਅਨੁਭਵ ਸਰੀਰ ਦੇ ਰੋਗਾਂ ਵਿਚ ਪ੍ਰਗਟ ਹੋ ਜਾਂਦਾ ਹੈ। ਵੈਦ ਜੀ! ਇਸ ਕਰਕੇ ਮੈਂ ਇਹ ਕਹਿੰਦਾ ਹਾਂ ਕਿ ਸਾਰੇ ਰੋਗ ਦਿਮਾਗ ਦੀ ਕਮਜ਼ੋਰੀ ਕਰਕੇ ਹੁੰਦੇ ਹਨ ਜਿਸ ਨੂੰ ਅਸੀਂ ਆਮ ਬੋਲੀ ਵਿਚ ਕਹਿ ਦਿੰਦੇ ਹਾਂ ਕਿ ਪਹਿਲਾਂ ਮਨ ਰੋਗੀ ਹੁੰਦਾ ਹੈ ਫੇਰ ਤਨ ਰੋਗੀ ਹੁੰਦਾ ਹੈ। ਪ੍ਰਭੂ ਨੇ ਸ੍ਰਿਸ਼ਟੀ ਬਣਾਉਣ ਸਮੇਂ ਇਨ੍ਹਾਂ ਸਾਰੀਆਂ ਊਣਤਾਈਆਂ, ਤਰੁੱਟੀਆਂ ਦਾ ਇਲਾਜ ਭੀ ਇਸ ਸਰੀਰ ਵਿਚ ਰੱਖਿਆ ਹੋਇਆ ਹੈ ਅਤੇ ਉਸ ਸਮੁੱਚੀ ਦਵਾਈ ਨੂੰ ਅਸੀਂ ਨਾਮ ਆਖਦੇ ਹਾਂ। ਫੁਰਮਾਨ ਹੈ –

***ਹਰਿ ਅਉਖਧੁ ਸਭ ਘਟ ਹੈ ਭਾਈ॥***<br>
***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥***<br>
***ਗੁਰਿ ਪੂਰੈ ਸੰਜਮੁ ਕਰਿ ਦੀਆ॥***<br>
***ਨਾਨਕ ਤਉ ਫਿਰਿ ਦੂਖ ਨ ਥੀਆ॥*** ***ਪੰਨਾ – 259***

**ਨਾਮ ਦਾ ਮਾਰਗ** ਸਮਰੱਥ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋਇਆ ਕਰਦਾ ਅਤੇ ਸਮਰੱਥ ਗੁਰੂ ਜਦੋਂ ਨਾਮ ਮਾਰਗ ਦੇ ਉਤੇ ਜਗਿਆਸੂ ਨੂੰ ਪਾਉਂਦਾ ਹੈ ਉਸ ਵੇਲੇ ਇਸ ਬੰਦੇ ਨੂੰ ਸੰਜਮ ਵਿਚ ਆਉਣਾ ਪੈਂਦਾ ਹੈ। ਇਸ ਸੰਜਮ ਵਿਚ ਕੁਝ ਉਹ ਕੰਮ ਹਨ ਜਿਨ੍ਹਾਂ ਦੇ ਕਰਨ ਨਾਲ ਬੁਰਾ ਅਸਰ ਪੈਂਦਾ ਹੈ। ਉਹ ਮਨ੍ਹਾਂ ਕਰ ਦਿਤੇ ਜਾਂਦੇ ਹਨ, ਪੂਰੀ ਤਰ੍ਹਾਂ ਪਾਬੰਦੀ ਲਾ ਦਿਤੀ ਜਾਂਦੀ ਹੈ ਕਿ ਅਜਿਹਾ ਕੰਮ ਨਹੀਂ ਕਰਨਾ। ਜਿਸ ਤਰ੍ਹਾਂ **'ਹਿੰਸਾ'** ਹੈ, ਦੂਸਰੇ ਨੂੰ ਨੁਕਸਾਨ ਪਹੁੰਚਾ ਦੇਣਾ ਸਰੀਰਕ ਤੌਰ ਤੇ, ਬਾਣੀ ਰਾਹੀਂ, ਮਨ ਰਾਹੀਂ, ਬੁੱਧੀ ਦੀਆਂ ਚਲਾਕੀਆਂ ਰਾਹੀਂ ਅਤੇ ਆਪਣੀ ਆਤਮਕ ਸਤਾ ਰਾਹੀਂ, ਜੋ ਅਸਰ ਹੈ, ਜੀਵਨ ਦੇ ਸੰਤੁਲਨ ਨੂੰ ਪੂਰੀ ਤਰ੍ਹਾਂ ਵਿਗਾੜ ਕੇ ਰੱਖ ਦਿੰਦਾ ਹੈ। ਚੋਰੀ ਕਰਨੀ ਹੈ, ਚੋਰੀ ਕੇਵਲ ਪਦਾਰਥਾਂ ਦੀ ਹੀ ਨਹੀਂ; ਕਿਸੇ ਦੀ ਵਿਦਵਤਾ ਦੀ ਚੋਰੀ ਕਰਨੀ, ਕਿਸੇ ਦੇ ਬਚਨ ਚੋਰੀ ਕਰ ਲੈਣੇ, ਪੁਸਤਕਾਂ ਵਿਚੋਂ ਖਿਆਲ ਚੁਰਾ ਕੇ ਆਪਣੇ ਬਣਾ ਕੇ ਦਸਣੇ, ਧਨ ਚੋਰੀ ਕਰਨਾ, ਪਰਾਏ ਰੂਪ ਮੰਦੇ ਭਾਵ ਨਾਲ ਤੱਕਣੇ, ਇਹ ਸਭ ਚੋਰੀ ਵਿਚ ਆ ਜਾਂਦੇ ਹਨ। ਇਨ੍ਹਾਂ ਨਾਲ ਰਲਦੀਆਂ ਮਿਲਦੀਆਂ ਚੀਜ਼ਾਂ ਕਾਮ ਹੈ, ਈਰਖਾ ਹੈ, ਨਿੰਦਿਆ ਹੈ, ਚੁਗਲੀ ਹੈ, ਬਖੀਲੀ ਹੈ, ਇਨ੍ਹਾਂ ਵਿਚ ਪ੍ਰਵਿਰਤ ਹੋ ਜਾਣਾ। ਇਨ੍ਹਾਂ ਦੇ ਨਾਲ ਹੀ ਆਦਮੀ ਦਾ ਫਿੱਕਾ ਬੋਲਣਾ, ਮਰਿਆਦਾ ਤੋਂ ਉਲਟ ਭੋਜਨ ਛਕਣਾ, ਮਨ ਵਿਚ ਵੈਰ ਭਾਵ, ਅਪਵਿੱਤਰ ਖਿਆਲ ਰੱਖਣੇ ਅਤੇ ਅਨੇਕਾਂ ਹੋਰ ਕੁਕਰਮ ਇਸ ਵਿਚ ਆ ਜਾਂਦੇ ਹਨ। ਇਹ ਸੰਜਮ ਹੈ ਜਿਸ ਨੂੰ ਰੱਖਣਾ, ਜਿਸ ਦੀ ਪਾਲਣਾ ਕਰਨੀ ਬਹੁਤ ਹੀ ਜ਼ਰੂਰੀ ਹੁੰਦੀ ਹੈ। ਜਿਸ ਤਰ੍ਹਾਂ ਵੈਦ ਲੋਕ ਆਮ ਆਖਦੇ ਹਨ ਕਿ ਜੋ ਦਵਾਈ ਮੈਂ ਤੁਹਾਨੂੰ ਦੇ ਰਿਹਾ ਹਾਂ ਇਸ ਦੇ ਨਾਲ ਖੱਟਾ ਨਹੀਂ ਖਾਣਾ, ਮਿਰਚ, ਅਚਾਰ ਵਗੈਰਾ ਨਹੀਂ ਖਾਣੇ। ਜਿਨ੍ਹਾਂ ਦੇ ਵਿਚ ਜੋ ਨਾਂਹ ਪੱਖ ਹਨ ਉਨ੍ਹਾਂ ਉਪਰ ਪੂਰੀ ਤਰ੍ਹਾਂ ਧਿਆਨ ਦੇਣਾ। ਇਸ ਦੇ ਵਿਪਰੀਤ ਜੋ ਪੱਥ ਰੱਖਿਆ ਜਾਂਦਾ ਹੈ ਜੋ ਇਸ ਨਾਮ ਦਵਾਈ ਦੇ ਅਸਰ ਨੂੰ ਪੂਰੀ ਤਰ੍ਹਾਂ ਵਰਤੋਂ ਵਿਚ ਲਿਆਂਦਾ ਹੈ ਉਸ ਨੂੰ ਥੋੜ੍ਹੇ ਅੱਖਰਾਂ ਵਿਚ ਮੈਂ ਤੁਹਾਨੂੰ ਦਸਦਾ ਹਾਂ। ਉਹ ਪੱਥ ਹੈ ਕਿ ਮਨ, ਤਨ, ਚਿਤ, ਬਚਨ ਵਿਚ ਹਿੰਸਾ ਨਹੀਂ ਆਉਣ ਦੇਣੀ। ਆਪਣੇ ਜੀਵਨ ਨੂੰ ਸਤਿਵਰਤੀ ਬਣਾਉਣਾ, ਕਿਸੇ ਦੀ ਬੇਗਾਨੀ ਚੀਜ਼ ਵਲ ਆਪਣੀ ਬਣਾਉਣ ਵਾਸਤੇ ਭਾਵਨਾ ਪੈਦਾ ਨਾ ਕਰਨਾ, ਮੋਟੇ ਅੱਖਰਾਂ ਵਿਚ ਚੋਰੀ ਨਾ ਕਰਨੀ, ਮਨ ਵਿਚੋਂ ਕਾਮ ਵਾਸ਼ਨਾਵਾਂ ਖਤਮ ਕਰਕੇ 'ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ॥' ਦਾ ਵਰਤ ਧਾਰਨ ਕਰਨਾ, ਸੁਖ ਦੁਖ ਵਿਚ ਕਾਹਲੇ ਨਾ ਪੈਣਾ, ਇਸ ਦੇ ਵਿਪਰੀਤ ਧੀਰਜ ਰੱਖਣੀ ਅਤੇ ਸ਼ਾਂਤ ਚਿੱਤ ਹੋ ਕੇ ਆਪਣੀ ਮੁਸ਼ਕਲ ਦਾ ਹੱਲ ਸੋਚਣਾ। ਇਕ ਹੋਰ

ਸੁਨਿਹਰੀ ਗੁਣ ਹੈ ਜਿਸ ਨੂੰ ਖਿਮਾ ਆਖਿਆ ਜਾਂਦਾ ਹੈ। ਦੂਸਰੇ ਦੇ ਅਵਗੁਣ ਦੇਖ ਕੇ ਆਪਣੇ ਅੰਦਰ ਮੰਦ ਭਾਵਨਾ ਨਾ ਆਉਣ ਦੇਣਾ, ਇਹ ਸੋਚਣਾ ਕਿ ਇਸ ਦਾ ਕਿਵੇਂ ਭਲਾ ਹੋ ਸਕਦਾ ਹੈ। ਸੰਸਾਰ ਦੇ ਵਿਚ ਕਈ ਮੰਦ ਕਰਮਾਂ ਕਰਕੇ ਦੁਖੀ ਹੁੰਦੇ ਹਨ, ਕਈ ਵੈਸੇ ਹੀ ਆਪਣੇ ਹਾਲਾਤ ਦੇ ਮੁਤਾਬਿਕ ਕੋਈ ਵਾਹ ਨਾ ਲਗਦੀ ਕਰਕੇ ਦੁਖੀ ਹੋ ਜਾਂਦੇ ਹਨ, ਜਿਥੋਂ ਤਕ ਵੀ ਹੋਵੇ ਯਥਾਸ਼ਕਤ ਹਮਦਰਦੀ ਕਰਨੀ। ਬਹੁਤ ਆਦਮੀਆਂ ਦਾ ਸੁਭਾਅ ਹੈ ਕਿ ਉਹ ਬੋਲਣ ਵੇਲੇ ਇਹ ਨਹੀਂ ਦੇਖਦੇ ਕਿ ਮੇਰੀ ਗੱਲ ਨਾਲ ਕਿਸੇ ਦਾ ਦਿਲ ਦੁਖ ਜਾਵੇਗਾ। ਬੋਲ ਦਾ ਹੀ ਅਸਰ ਇਕ ਦੂਸਰੇ ਉਪਰ ਬਹੁਤ ਪੈਂਦਾ ਹੈ। ਤੁਸੀਂ ਕਿਸੇ ਨੂੰ ਮੰਦਾ ਆਖ ਦੇਵੋ, ਉਸ ਦੇ ਉਪਰ ਕੋਈ ਅਰੋਪ ਲਾ ਦੇਵੋ, ਫਿੱਕਾ ਬੋਲ ਦੇਵੋ, ਉਸ ਦਾ ਦਿਲ ਟੁਕੜੇ ਟੁਕੜੇ ਹੋ ਜਾਵੇਗਾ। ਵੈਦ ਜੀ! ਤੁਹਾਨੂੰ ਪਤਾ ਹੀ ਹੋਣਾ ਹੈ ਕਿ ਮਹਾਂਭਾਰਤ ਦੇ ਯੁੱਧ ਵਿਚ ਪਰਸਪਰ ਵੈਰ ਵਧਾਉਣ ਵਾਲਾ ਇਕ ਕਾਰਨ ਦਰੋਪਤੀ ਜੀ ਦਾ ਦੁਰਯੋਧਨ ਨੂੰ ਫਿੱਕਾ ਬੋਲਣਾ ਹੀ ਸੀ। ਫਿੱਕਾ ਬੋਲਣ ਵਾਲਾ ਆਪ ਫਿੱਕਾ ਹੋ ਜਾਂਦਾ ਹੈ, ਉਸ ਅੰਦਰ ਨਾਮ ਦਾ ਅਸਰ ਖਤਮ ਹੋ ਜਾਂਦਾ ਹੈ। ਇਸ ਲਈ ਕਰਕੇ ਮਿੱਠਾ ਬੋਲਣਾ ਚਾਹੀਦਾ ਹੈ ਜੋ ਦੂਸਰੇ ਦੇ ਮਨ ਨੂੰ ਸ਼ਾਂਤ ਕਰ ਦੇਵੇ। ਮਨ ਵਿਚ ਕਠੋਰਤਾ ਨਾ ਆਉਣ ਦੇਣੀ, ਮਿੱਠਾ ਬੋਲਣਾ ਚਾਹੀਦਾ ਹੈ। ਉਸ ਦੇ ਅੰਦਰ ਸਰਬੱਤ ਦੇ ਭਲੇ ਦੀ ਭਾਵਨਾ ਹੋਣੀ ਚਾਹੀਦੀ ਹੈ। ਇਹ ਕੋਮਲ ਹਿਰਦੇ ਦੀ ਨਿਸ਼ਾਨੀ ਹੁੰਦੀ ਹੈ। ਇਸ ਤੋਂ ਇਲਾਵਾ ਜੀਵਨ ਦੇ ਵਿਚ ਸੌਣਾ, ਜਾਗਣਾ, ਕੰਮ ਕਰਨਾ, ਪੜ੍ਹਨ ਲਿਖਣ ਦਾ ਕੰਮ ਕਰਨਾ, ਭੋਜਨ ਛਕਣਾ, ਵਰਜਿਸ਼ ਕਰਨਾ, ਇਹ ਸਭ ਮਰਿਆਦਾ ਦੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ। ਬੁੱਧੀ ਵਿਚ ਪਵਿੱਤਰਤਾ ਲਿਆਉਣ ਲਈ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਨੀ ਅਤੇ ਸਤਿ ਸ਼ਾਸਤਰਾਂ ਦੀ ਵੀ ਵਿਚਾਰ ਕਰਨੀ। ਸਤਿ ਸ਼ਾਸਤਰ ਉਨ੍ਹਾਂ ਹਿਰਦਿਆਂ ਵਿਚੋਂ ਸਾਕਾਰ ਹੁੰਦੇ ਹਨ ਜੋ ਸਤਿ ਨਾਲ ਜੁੜੇ ਹੁੰਦੇ ਹਨ ਅਤੇ ਸਤਿ ਨੂੰ ਪਰੀਪੂਰਨ ਪਿਆਰ ਕਰਨ ਵਾਲੀ ਮਹਾਨ ਸ਼ਕਤੀ ਸਮਝਦੇ ਹਨ, ਉਨ੍ਹਾਂ ਦੀ ਸੰਗਤ ਸਤਿਸੰਗ ਕਹਾਉਂਦੀ ਹੈ।

ਇਹ ਜੋ ਮੈਂ ਉਪਰ ਤੁਹਾਨੂੰ ਸੰਜਮ ਦੱਸੇ ਹਨ ਇਨ੍ਹਾਂ ਨੂੰ ਸ਼ਾਸਤਰੀ ਬੋਲੀ ਵਿਚ ਯਮ ਆਖਿਆ ਜਾਂਦਾ ਹੈ। ਇਸੇ ਤਰ੍ਹਾਂ ਦੇ ਨਾਲ ਨੇਮ ਹੋਇਆ ਕਰਦੇ ਹਨ। ਉਨ੍ਹਾਂ ਵਿਚ ਤਪ ਹੈ, ਤਪ ਕੇਵਲ ਅੱਗ ਤਾਪਣੀ ਜਾਂ ਪਾਣੀ ਵਿਚ ਖੜ੍ਹੇ ਹੋਣਾ, ਭੁੱਖੇ ਰਹਿਣਾ, ਕੰਡਿਆਂ ਉਪਰ ਪੈ ਜਾਣਾ, ਬੇ-ਮਰਿਆਦਾ ਗੱਲਾਂ ਕਰਨ ਨੂੰ ਨਹੀਂ ਕਹਿੰਦੇ। ਤਪ ਸਰੀਰ, ਮਨ, ਬੁੱਧੀ, ਚਿੱਤ ਦੇ ਨਾਲ ਸਬੰਧ ਰਖਦਾ ਹੈ। ਸਰੀਰ ਦੇ ਵਿਚ ਸਰੀਰਕ ਨਿਯਮਾਂ ਨੂੰ ਸਾਮ੍ਹਣੇ ਰਖਦੇ ਹੋਏ ਭਜਨ ਬੰਦਗੀ ਕਰਨੀ। ਮਾਨਸਕ ਤਪ ਵਿਚ ਮਨ ਨੂੰ ਕੁਕਰਮਾਂ ਤੋਂ, ਬੁਰੇ ਫੁਰਨਿਆਂ ਤੋਂ ਰੋਕਣਾ, ਬੇਮਤਲਬੀਆਂ ਉਡਾਰੀਆਂ ਤੋਂ ਰੋਕ ਕੇ ਸ਼ਬਦ ਵਿਚ ਲਾਉਣਾ, ਬਿਰਤੀ ਨੂੰ ਨਾਮ ਵਿਚ ਟਿਕਾਉਣਾ, ਜੋ ਸਮਰੱਥ ਗੁਰੂ ਮੰਤਰ ਦਿੰਦਾ ਹੈ ਉਸ ਦੀ ਸਾਧਨਾ ਇਕ ਮਨ ਇਕ ਚਿਤ ਹੋ ਕੇ ਕਰਨੀ। ਦੂਸਰੇ ਲਈ ਵੈਰ ਭਾਵ, ਮੰਦੀ ਭਾਵਨਾ ਅੰਦਰ ਨਾ ਰੱਖਣੀ, ਇਸ ਨੂੰ ਤਪ ਆਖਿਆ ਜਾਂਦਾ ਹੈ। ਮਨ ਵਿਚ ਤ੍ਰਿਸ਼ਨਾ ਦੀ ਅੱਗ ਜਲਦੀ ਰਹਿੰਦੀ ਹੈ ਜੋ ਕਿਸੇ ਵਿਰਲੇ ਦੀ ਹੀ ਬੁਝਦੀ ਹੈ। ਇਹ ਸਰੀਰ ਨੂੰ ਜਾਲ ਕੇ ਰੱਖ ਦਿੰਦੀ ਹੈ, ਸੁਆਹ ਬਣਾ ਦਿੰਦੀ ਹੈ। ਸਰੀਰ ਕੇਵਲ 'ਬਲਣਾ' ਬਣ ਜਾਂਦਾ ਹੈ। ਇਸ ਦਾ ਕੇਵਲ ਇਕੋ ਇਕ ਇਲਾਜ ਸੰਤੋਖ ਹੈ। ਜੀਅ ਭਰ ਕੇ ਮਿਹਨਤ ਕਰਨੀ, ਪ੍ਰਭੂ ਰਜ਼ਾਅ ਵਿਚ ਜੋ ਕੁਝ ਹੱਥ ਆ ਗਿਆ, ਉਸ ਉਪਰ ਸੰਤੁਸ਼ਟ ਰਹਿਣਾ। ਮਨ ਨੂੰ ਹੋਰ ਹੋਰ ਦੀ ਇੱਛਾ ਰੱਖ ਕੇ ਭਟਕਣ ਨਾ ਦੇਣਾ। ਅੱਖਾਂ ਦਾ ਵੀ ਸੰਤੋਖ ਹੁੰਦਾ ਹੈ ਕਿ ਪਰਾਈਆਂ ਵਸਤੂਆਂ, ਪਰਾਇਆ ਰੂਪ ਦੇਖ ਕੇ ਪਰਾਏ ਤਨ ਨੂੰ ਹਾਸਲ ਕਰਨ ਲਈ ਲਲਚਾਉਂਦੇ ਰਹਿਣਾ, ਇਸ ਤੋਂ ਮਨ ਨੂੰ ਵਰਜ ਕੇ ਰਖਣਾ, ਇਹ ਮਨ ਦਾ ਸੰਤੋਖ ਹੋਇਆ ਕਰਦਾ ਹੈ। ਆਪਣੇ ਸਾਰੇ ਇੰਦਰਿਆਂ ਨੂੰ ਮਰਿਆਦਾ ਵਿਚ ਰੱਖਣਾ ਅਤੇ ਉਨ੍ਹਾਂ ਤੋਂ ਯਥਾਸ਼ਕਤ ਕੰਮ ਲੈਣਾ, ਇਹ ਮਨ ਅਤੇ ਸਰੀਰ ਦਾ ਸੰਤੋਖ ਹੋਇਆ ਕਰਦਾ ਹੈ।

ਵੈਦ ਜੀ, ਬਹੁਤ ਜ਼ਰੂਰੀ ਜੋ ਅਸੂਲ ਹੈ ਉਹ ਇਹ ਹੈ ਕਿ ਆਦਮੀ ਦੇ ਅੰਦਰ ਪ੍ਰਮੇਸ਼ਰ ਉਪਰ ਪੂਰਾ ਭਰੋਸਾ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪ੍ਰਮੇਸ਼ਰ ਕੌਣ ਹੈ? ਕਿਹੋ ਜਿਹਾ ਹੈ? ਉਸ ਦਾ ਸਾਡੇ ਨਾਲ ਕੀ ਸਬੰਧ ਹੈ? ਇਹ ਅਵਸਥਾ ਪੂਰਨ ਮਹਾਂਪੁਰਸ਼ਾਂ ਦੀ ਸੰਗਤ ਕਰਨ ਨਾਲ ਪ੍ਰਾਪਤ ਹੋ ਜਾਂਦੀ ਹੈ ਅਤੇ ਆਸਤਕ ਬੁੱਧੀ ਆ ਜਾਂਦੀ ਹੈ। ਨਾਸਤਕ ਬੁੱਧੀ ਮਨ ਨੂੰ ਕਿਸੇ ਸੰਤੁਲਨ ਵਿਚ ਨਹੀਂ ਆਉਣ ਦਿੰਦੀ, ਐਉਂ ਸਮਝੋ ਇਹ ਇਕ ਤਰ੍ਹਾਂ ਬਾਰੂਦ ਦਾ ਗੋਲਾ ਹੈ ਜੋ ਜਦੋਂ ਫਟਦਾ ਹੈ ਉਸ

ਸਮੇਂ ਬਹੁਤ ਨੁਕਸਾਨ ਕਰ ਦਿੰਦਾ ਹੈ। ਨਾਮ ਮਾਰਗ ਤੇ ਚੱਲਣ ਲਈ ਆਸਤਕ ਬੁੱਧੀ ਆਵੱਸ਼ਕ ਹੈ। ਜਿਸ ਤਰ੍ਹਾਂ ਵੇਦਾਂ, ਸ਼ਾਸਤਰਾਂ, ਕੁਰਾਨ ਸ਼ਰੀਫ, ਉਪਨਿਸ਼ਦ ਹੋਰ ਮਹਾਂਪੁਰਸ਼ਾਂ ਦੀਆਂ ਸਤਿ ਨਾਲ ਸਬੰਧ ਰੱਖਣ ਵਾਲੀਆਂ ਸਿਖਿਆਵਾਂ ਨੂੰ ਸਤਿ ਕਰਕੇ ਮੰਨਣਾ। ਇਨ੍ਹਾਂ ਦੇ ਉਤੇ ਕਿੰਤੂ ਅਤੇ ਸ਼ੱਕ ਕਰਨਾ ਨਾਸਤਕ ਬੁੱਧੀ ਹੋਇਆ ਕਰਦਾ ਹੈ। ਇਨ੍ਹਾਂ ਦਾ ਪੂਰਨ ਸਤਿਕਾਰ ਕਰਕੇ ਮੰਨਣਾ, ਆਸਤਕ ਬੁੱਧੀ ਹੁੰਦੀ ਹੈ। ਇਸ ਤੋਂ ਅੱਗੇ ਹੋਰ ਸੰਜਮ ਹੈ ਜੋ ਬਹੁਤ ਜ਼ਰੂਰੀ ਹੈ ਉਹ ਹੈ ਕਿ ਕਮਾਈ ਕਰਕੇ ਜੋ ਧਨ ਪ੍ਰਾਪਤ ਹੋਇਆ ਹੈ ਉਸ ਨੂੰ ਆਪਣੀ ਜ਼ਰੂਰਤ ਅਨੁਸਾਰ ਖਰਚ ਕਰਕੇ ਜੋ ਕੁਝ ਬਚਦਾ ਹੈ ਉਸ ਨਾਲ ਦੂਜੇ ਦੀ ਮਦਦ ਕਰਨੀ। ਇਸ ਨੂੰ ਦਾਨ ਵੀ ਆਖਿਆ ਜਾਂਦਾ ਹੈ। ਭੁੱਖੇ ਨੂੰ ਪ੍ਰਸ਼ਾਦਾ ਦੇਣਾ, ਬਿਮਾਰ ਨੂੰ ਦਵਾਈ ਦਿਵਾਉਣੀ, ਕਿਸੇ ਮਜ਼ਬੂਰ ਦੀ ਪੈਸੇ ਟਕੇ ਨਾਲ ਮਦਦ ਕਰਨੀ। ਮਾਨਸਕ ਦਾਨ - ਕਿਸੇ ਨੂੰ ਵਿਦਿਆ ਦੇ ਦੇਣੀ, ਸ਼ੁਭ ਮਤ ਦੇਣੀ ਆਦਿ ਹੋਇਆ ਕਰਦਾ ਹੈ। ਜੇ ਪ੍ਰਮੇਸ਼ਰ ਨੇ ਕੋਈ ਸਤੱਾ ਬਖਸ਼ੀ ਹੈ, ਸੂਝ ਬਖਸ਼ੀ ਹੈ, ਉਸ ਦੀ ਵਰਤੋਂ ਕਰਕੇ ਜੀਵਾਂ ਨੂੰ ਸਿੱਧੇ ਰਾਹ ਤੇ ਲਾ ਦੇਣਾ, ਨਾਮ ਮਾਰਗ ਤੇ ਚਲਾ ਦੇਣਾ ਸ੍ਰੇਸ਼ਟ ਦਾਨ ਹੋਇਆ ਕਰਦਾ ਹੈ, ਇਸਨੂੰ ਜੀਅ ਦਾਨ ਕਹਿੰਦੇ ਹਨ।

ਵੈਦ ਜੀ! ਇਹ ਸੰਜਮ ਹਨ ਜਿਹੜੇ ਰੱਖਣੇ ਜ਼ਰੂਰੀ ਹੋਇਆ ਕਰਦੇ ਹਨ। ਵੈਸੇ ਆਮ ਵਿਸ਼ਵਾਸ਼ ਅਨੁਸਾਰ ਪੈਸੇ ਟਕੇ ਦੇ ਦਾਨ ਨੂੰ ਹੀ ਦਾਨ ਆਖਿਆ ਜਾਂਦਾ ਹੈ ਪਰ ਇਹਦੇ ਵਿਚ ਵੀ ਭੇਦ ਹੋਇਆ ਕਰਦਾ ਹੈ। ਇਕ ਦਾਨ ਹੋਇਆ ਕਰਦਾ ਹੈ ਕਿ ਕਿਸੇ ਦੂਸਰੇ ਦੇ ਕਹਿਣ ਕਹਾਉਣ ਤੇ ਆਪਣੀ ਵਿਤ ਤੋਂ ਵੱਧ ਦਾਨ ਕਰ ਦੇਣਾ ਅਤੇ ਮਨ ਵਿਚ ਖਿਆਲ ਆਉਣਾ ਕਿ ਐਵੇਂ ਹੀ ਦਾਨ ਕਰ ਦਿਤਾ, ਇਹ ਕ੍ਰੋਧ ਦਾਨ ਹੁੰਦਾ ਹੈ, ਤਮੋ ਗੁਣੀ ਦਾਨ ਹੁੰਦਾ ਹੈ, ਇਸ ਨਾਲ ਚਿੱਤ ਵਿਚ ਕ੍ਰੋਧ ਆ ਜਾਂਦਾ ਹੈ, ਚਿੱਤ ਅਸ਼ਾਂਤ ਹੋ ਜਾਂਦਾ ਹੈ। ਦੂਸਰਾ - ਬੰਦੇ ਦੇ ਅੰਦਰ ਇਹ ਲਾਲਸਾ ਛੁਪੀ ਰਹਿੰਦੀ ਹੈ ਕਿ ਮੇਰਾ ਨਾਮ ਵੱਡਾ ਹੋਵੇ, ਉਸ ਨੂੰ ਪ੍ਰਾਪਤ ਕਰਨ ਲਈ ਕੋਈ ਦਾਨ ਕਰਨਾ, ਮਾਇਕ ਸਹਾਇਤਾ ਦੇਣੀ ਅਤੇ ਇਹ ਆਸ ਰੱਖਣੀ ਕਿ ਮੈਨੂੰ ਦਾਨ ਲੈਣ ਵਾਲੇ ਯਾਦ ਰੱਖਣ। ਧਾਰਮਕ ਮੰਦਰਾਂ ਵਿਚ ਦਾਨ ਕਰਕੇ ਪੱਥਰ ਲਵਾਉਣੇ ਇਹ ਇਕ ਭਾਵਨਾ ਹੋਇਆ ਕਰਦੀ ਕਿ ਮੈਨੂੰ ਲੋਕ ਚੰਗਾ ਕਹਿਣ। ਇਹ ਵੀ ਨਾਮ ਮਾਰਗ ਤੇ ਚੱਲਣ ਨਹੀਂ ਦਿੰਦੀ। ਇਹ ਰਾਜਸੀ ਦਾਨ ਹੋਇਆ ਕਰਦਾ ਹੈ। ਇਕ ਸਾਂਤਕੀ ਦਾਨ ਹੁੰਦਾ ਹੈ। ਇਹ ਨਿਰਾ ਪੈਸੇ ਦਾ ਹੀ ਨਹੀਂ ਹੁੰਦਾ, ਇਸ ਵਿਚ ਮਿੱਠਾ ਬੋਲਣਾ ਵੀ ਹੁੰਦਾ ਹੈ, ਜਿਵੇਂ ਕਿਸੇ ਬਿਮਾਰ ਨੂੰ ਸ਼ੁਭ ਉਪਦੇਸ਼ ਦੇ ਕੇ ਡੋਲਦਾ ਮਨ ਸ਼ਾਂਤ ਕਰ ਦੇਣਾ। ਇਹ ਬਾਣੀ ਦਾ ਦਾਨ ਹੁੰਦਾ ਹੈ। ਇਹ ਆਮ ਤੌਰ ਤੇ ਮਹਾਂਪੁਰਸ਼ ਕਰਦੇ ਹੀ ਰਹਿੰਦੇ ਹਨ। ਮਨ ਦਾ ਇਹ ਸੁਭਾਅ ਹੈ ਕਿ ਦੇਖਣ ਵਾਲੀਆਂ ਚੀਜ਼ਾਂ ਨਾਲ ਕਿਸੇ ਨਾਲ ਤਾਂ ਪਿਆਰ ਕਰਦਾ ਹੈ, ਕਿਸੇ ਨਾਲ ਦ੍ਵੈਸ਼ ਕਰਦਾ ਹੈ। ਸਮੁੱਚੇ ਤੌਰ ਉਪਰ ਇਹ ਭਾਵਨਾ ਮਨ ਵਿਚ ਰਖਦੇ ਹਨ ਕਿ ਹੇ ਵਾਹਿਗੁਰੂ! ਬੇਅੰਤ ਮਤ ਹਨ ਜੋ ਅਨੇਕਾਂ ਅਚਾਰੀਆਂ, ਮਹਾਂਪੁਰਸ਼ਾਂ ਨੇ ਪ੍ਰਚਲਤ ਕੀਤੇ ਹਨ, ਤੂੰ ਇਨ੍ਹਾਂ ਸਭ ਉਪਰ ਦਇਆ ਕਰ ਅਤੇ ਇਨ੍ਹਾਂ ਸਭ ਨੂੰ ਉਬਾਰ ਦੇ ਜਿਵੇਂ ਕਿ ਫੁਰਮਾਨ ਹੈ -

***ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥***
***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥*** ***ਪੰਨਾ - 853***

ਅਤੇ ਇਸ ਤੋਂ ਵੀ ਸ੍ਰੇਸ਼ਟ, ਅਵਲ ਹੈ ਕਿ ਕਿਸੇ ਦਾ ਬੁਰਾ ਨਾ ਚਿਤਵੇ, ਪਉਣ, ਪਾਣੀ, ਬੈਸੰਤਰ ਸਭ ਦਾ ਹੀ ਭਲਾ ਮੰਗਦਾ ਹੋਇਆ ਆਪਣਾ ਜੀਵਨ ਬਤੀਤ ਕਰੇ। ਅਰਦਾਸ ਕਰਦਾ ਰਹੇ ਕਿ ਸਰਬੱਤ ਦਾ ਭਲਾ ਹੋਵੇ, ਅਨਾਜ ਪੈਦਾ ਹੋਵੇ, ਵਾਤਾਵਰਣ ਦੂਸ਼ਿਤ ਨਾ ਹੋਵੇ, ਸਾਰੇ ਜੀਵਾਂ ਨੂੰ ਹਵਾ ਸ਼ੁੱਧ ਮਿਲੇ, ਇਹ ਸਭ ਚੀਜ਼ਾਂ ਸਰਬੱਤ ਦੇ ਭਲੇ ਵਿਚ ਆ ਜਾਂਦੀਆਂ ਹਨ। ਜਦੋਂ ਇਹ ਭਾਵਨਾਵਾਂ ਮਨ ਵਿਚ ਆ ਜਾਣ ਫੇਰ ਸੰਸਾਰ ਨਾਲ ਪਿਆਰ ਹੋ ਜਾਂਦਾ ਹੈ। ਅਤਿ ਦਾ ਸੁੰਦਰ ਹੋਵੇ, ਉਚੀ ਕੁਲ ਦਾ ਹੋਵੇ, ਮੂੰਹ ਤੋਂ ਗਿਆਨ ਦੀਆਂ ਗੱਲਾਂ ਕਰਨ ਵਾਲਾ ਹੋਵੇ, ਜੇ ਉਸ ਅੰਦਰ ਜੀਵਨ ਦੀ ਰੌ ਨਹੀਂ ਰੁਮਕੀ ਤਾਂ ਉਹ ਮੁਰਦਾ ਹੋਇਆ ਕਰਦਾ ਹੈ। ਮੁਰਦਾ ਸੜਿਆਂਦ ਮਾਰਦਾ ਹੈ, ਦੂਸਰਿਆਂ ਨੂੰ ਵੀ ਦੁਖੀ ਕਰਦਾ ਹੈ।

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*** ***ਪੰਨਾ - 253***

ਸੋ ਇਹ ਚੀਜ਼ਾਂ ਦਾਨ ਵਿਚ ਆ ਜਾਇਆ ਕਰਦੀਆਂ ਹਨ। ਆਤਮਕ ਦਾਨ ਸਭ ਤੋਂ ਸ੍ਰੇਸ਼ਟ ਹੈ - ਕਿਸੇ ਜੀਵ ਨੂੰ ਆਤਮਕ ਗਿਆਨ ਕਰਾ ਕੇ ਉਸ ਦਾ ਜੰਮਣ ਮਰਨ ਕੱਟ ਦੇਣਾ। ਇਹ ਅਤਿ ਉਤਮ ਦਾਨ ਹੈ। ਇਸੇ ਤਰ੍ਹਾਂ ਵੈਦ ਜੀ, ਹੋਰ ਸੰਜਮ ਹਨ ਜਿਨ੍ਹਾਂ ਵਿਚ ਪੂਜਾ ਵੀ ਆਉਂਦੀ ਹੈ। ਉਹ ਹੈ ਕਿ ਅੰਤਰ ਆਤਮੇ ਗੁਰੂ ਦਾ ਧਿਆਨ ਕਰਨਾ ਅਤੇ ਗੁਰੂ ਦੀ ਮਾਨਸਕ ਤੌਰ ਤੇ ਪੂਜਾ ਕਰਨੀ। ਇਸੇ ਤਰ੍ਹਾਂ ਬਾਹਰਲੀ ਪੂਜਾ ਵੀ ਹੁੰਦੀ ਹੈ ਪਰ ਅੰਦਰਲੀ ਪੂਜਾ ਬਹੁਤ ਸ੍ਰੇਸ਼ਟ ਹੁੰਦੀ ਹੈ ਜਿਸ ਨੂੰ ਆਮ ਬੋਲੀ ਵਿਚ ਉਪਾਸ਼ਨਾ ਵੀ ਕਿਹਾ ਜਾਂਦਾ ਹੈ। ਜਦੋਂ ਅਸੀਂ ਸਤਿ ਸ਼ਾਸਤਰਾਂ ਦਾ ਅਧਿਐਨ ਕਰੀਏ ਤਾਂ ਪੂਰੀ ਸ਼ਰਧਾ ਨਾਲ ਜੋ ਸਤਿ ਸਿਧਾਂਤ ਹੈ ਉਸ ਦਾ ਆਪਣੇ ਜੀਵਨ ਵਿਚ ਪ੍ਰਵੇਸ਼ ਕਰਾ ਕੇ ਉਸ ਦੀ ਵਰਤੋਂ ਕਰੋ। ਸਤਿ ਸ਼ਾਸਤਰਾਂ ਅਤੇ ਬਾਣੀ ਦਾ ਪਾਠ ਕਰਨਾ। ਸਾਰਿਆਂ ਨਾਲੋਂ ਜ਼ਰੂਰੀ ਸੰਜਮ ਜੋ ਹੈ ਉਸ ਦਾ ਵਾਹ ਪਾਖੰਡ ਨਾਲ ਪੈਂਦਾ ਹੈ। ਆਦਮੀ ਅੰਦਰ ਰੁਚੀ ਹੁੰਦੀ ਹੈ ਕਿ ਮੈਨੂੰ ਸਾਰੇ ਜਾਣ ਲੈਣ। ਧਾਰਮਿਕ ਜੀਵਨ ਵਾਲੇ ਚਾਹੁੰਦੇ ਹਨ ਕਿ ਮੇਰਾ ਮਾਣ ਸਤਿਕਾਰ ਹੋਵੇ, ਇਸ ਦੀ ਪ੍ਰਾਪਤੀ ਲਈ ਉਹ ਕੋਈ ਖਾਸ ਰੂਪ ਰੇਖਾ ਬਣਾ ਲੈਂਦੇ ਹਨ, ਭੇਖ ਧਾਰ ਲੈਂਦੇ ਹਨ, ਜੀਵਨ ਤੋਂ ਖਾਲੀ ਰਹਿ ਕੇ ਭੇਖ ਕਰਨਾ, ਦੰਭ ਕਰਨਾ, ਪਾਖੰਡ ਕਰਨਾ ਇਸ ਵਿਚ ਸ਼ਾਮਲ ਹਨ। ਸੋ ਦੰਭ ਤੋਂ ਬਿਨਾਂ ਜੀਵਨ ਬਤੀਤ ਕਰਨਾ, ਸਹਿਜ ਨਾਲ ਜਿਸ ਤਰ੍ਹਾਂ ਦਾ ਆਦਮੀ ਹੈ ਉਸ ਤਰ੍ਹਾਂ ਦਾ ਜੀਵਨ ਬਤੀਤ ਕਰਨਾ। ਕੋਈ ਖਾਸ ਰੂਪ ਰੇਖਾ ਨਾ ਧਾਰਨ ਕਰਨਾ, ਇਹ ਮਾਨਸਕ ਸੰਤੁਲਨਤਾ ਦੀ ਨਿਸ਼ਾਨੀ ਹੁੰਦੀ ਹੈ, ਇਸ ਨਾਲ ਨਾਮ ਮਾਰਗ ਤੇ ਤਰੱਕੀ ਹੁੰਦੀ ਹੈ। ਹੋਰ ਅੰਦਰਲੇ ਗੁਣ ਹਨ ਕਿ ਬਿਰਤੀ ਰਾਜਸੀ ਵੀ ਹੁੰਦੀ ਹੈ, ਤਾਮਸੀ ਵੀ ਹੁੰਦੀ ਹੈ, ਇਹ ਵਿਘਨਕਾਰੀ ਹਨ ਨਾਮ ਮਾਰਗ ਵਿਚ। ਇਸ ਦੇ ਵਿਪਰੀਤ ਸਾਂਤਕੀ ਬਿਰਤੀ ਰੱਖਣੀ, ਨੀਵਾਂ ਰਹਿਣਾ, ਪਿਆਰ ਦੀ ਭਾਵਨਾ ਰੱਖਣੀ ਇਹ ਸਾਂਤਕੀ ਬਿਰਤੀ ਹੁੰਦੀ ਹੈ। ਵੈਦ ਜੀ! ਜਦੋਂ ਪੂਰਾ ਸਤਿਗੁਰੂ ਮਿਲਦਾ ਹੈ ਤਾਂ ਉਹ ਸੰਜਮ ਬਾਰੇ ਦਸਦਾ ਹੈ। ਜਦੋਂ ਪ੍ਰਮੇਸ਼ਰ ਦਾ ਨਾਮ ਲੈਣਾ ਹੈ ਮਨ ਅਬੋਲ ਹੋਣਾ ਚਾਹੀਦਾ ਹੈ, ਫੁਰਨਾ ਮਨ ਵਿਚ ਨਹੀਂ ਹੋਣਾ ਚਾਹੀਦਾ। ਮਨ ਨੂੰ ਫੁਰਨੇ ਤੋਂ ਰੋਕ ਕੇ ਅਬੋਲ ਅਵਸਥਾ ਵਿਚ ਰਹਿਣਾ ਇਹ ਨਾਮ ਮਾਰਗ ਤੇ ਚੱਲਣ ਲਈ ਬਹੁਤ ਹੀ ਸਹਿਜ ਦਾ ਸਾਧਨ ਹੈ। ਇਸੇ ਤਰ੍ਹਾਂ ਸੰਸਾਰ ਵਿਚ ਕੋਈ ਭੁਖਾ ਹੈ, ਦੁਖੀ ਹੈ, ਉਨ੍ਹਾਂ ਦੇ ਦੁੱਖ ਦੀ ਨਵਿਰਤੀ ਲਈ ਭੁੱਖੇ ਨੂੰ ਅੰਨ ਦੇਣਾ, ਬਿਮਾਰ ਨੂੰ ਦਵਾਈਆਂ, ਨੰਗੇ ਨੂੰ ਵਸਤਰ ਦੇਣਾ, ਦੁਖੀ ਬੰਦਿਆਂ ਨੂੰ ਨਾਮ ਦੇ ਬਚਨ ਸੁਣਾਉਣੇ ਅਤੇ ਹਉਮੈ ਰੋਗ ਨੂੰ ਕੱਟਣ ਲਈ ਨਾਮ ਮਾਰਗ ਦੇ ਪ੍ਰਯੋਗ ਦਾ ਸਹੀ ਰਸਤਾ ਦੱਸਣਾ ਹੋਮ ਆਖਿਆ ਜਾਂਦਾ ਹੈ। ਇਸ ਸੰਜਮ ਵਿਚ ਸੁਣਨਾ, ਫੇਰ ਮੰਨਣਾ, ਫੇਰ ਸਾਧਨ ਸੰਪੰਨ ਹੋਣਾ, ਲਕਸ਼ ਦੀ ਪ੍ਰਾਪਤੀ ਕਰਨ ਲਈ ਇਸ ਸਾਰੇ ਨੂੰ ਨਾਮ ਮਾਰਗ ਨਾਲ ਸਬੰਧਿਤ ਕਿਹਾ ਜਾਂਦਾ ਹੈ। ਜਦੋਂ ਕੋਈ ਵੀ ਪ੍ਰਾਣੀ ਪੂਰੀ ਤਰ੍ਹਾਂ ਸੰਜਮ ਰੱਖ ਕੇ ਨਾਮ ਮਾਰਗ ਤੇ ਚਲੇਗਾ, ਉਸ ਨੂੰ ਸੁਪਨੇ ਵਿਚ ਵੀ ਰੋਗ ਨਹੀਂ ਲਗਣਗੇ।

ਸੋ ਵੈਦ ਜੀ! ਸਮੁੱਚੇ ਤੌਰ ਤੇ ਜੇ ਇਸ ਦਾ ਸਿਧਾਂਤਕ ਰੂਪ ਵਿਚ ਨਿਰਣਾ ਕਰਨਾ ਹੋਵੇ ਤਾਂ ਇਸ ਨੂੰ ਨਾਮ ਆਖਦੇ ਹਨ। ਨਾਮ ਦੀ ਜੋ ਆਖਰੀ ਹੱਦ ਹੈ ਉਹ ਹੈ ਨਾਮ ਦਾ ਗਿਆਨ ਹੋ ਜਾਣਾ। ਆਪਣੇ ਨਿੱਕੇ ਆਪੇ ਨੂੰ ਪ੍ਰਮ ਆਪੇ ਵਿਚ ਲੀਨ ਕਰ ਦੇਣਾ ਅਤੇ ਮਾਇਆ ਦੇ ਛਲਾਵਿਆਂ ਤੋਂ ਉਚੇ ਕਰਕੇ ਆਤਮ ਅਨੰਦ ਮਾਣਨਾ। ਸੋ ਸਦਾ ਹੀ ਪ੍ਰਮੇਸ਼ਰ ਵਿਚ ਲੀਨ ਰਹਿਣਾ, ਪ੍ਰਭੂ ਨੂੰ ਹਾਜ਼ਰ ਨਾਜ਼ਰ ਜਾਨਣਾ ਇਹ ਨਾਮ ਹੈ। ਇਥੇ ਇਕ ਗੱਲ ਹੋਰ ਦਸਣੀ ਜ਼ਰੂਰੀ ਹੈ। ਇਹ ਜੀਵ, ਹੈ ਤਾਂ ਪ੍ਰਮੇਸ਼ਰ ਦਾ ਰੂਪ, ਕੋਈ ਵੀ ਫਰਕ ਨਹੀਂ ਹੈ ਪਰ ਇਹ ਪ੍ਰਮੇਸ਼ਰ ਦਾ ਰੂਪ ਹੁੰਦਾ ਹੋਇਆ ਪ੍ਰਮੇਸ਼ਰ ਨਹੀਂ ਹੋ ਸਕਦਾ - ਉਸ ਸਮੇਂ ਤਕ, ਜਦੋਂ ਤਕ ਆਪ ਪ੍ਰਭੂ ਇਸ ਉਪਰ ਨਦਰ ਦਾ ਕਰਿਸ਼ਮਾ ਨਾ ਕਰ ਦੇਵੇ ਅਤੇ ਇਸ ਨੂੰ ਖਿੱਚ ਕੇ ਆਪਣੇ ਆਪ ਵਿਚ ਅਭੇਦ ਨਾ ਕਰ ਲਵੇ। ਕੇਵਲ ਇਹ ਕਹਿਣਾ ਕਿ ਮੈਂ ਹੀ ਬ੍ਰਹਮ ਹਾਂ, ਇਹ ਇਕ ਨਿੱਕੇ ਆਪੇ ਦੀ ਸੂਝ ਹੈ, ਪਰਮ ਆਪੇ ਦੀ ਸੂਝ ਨਹੀਂ। ਜਦੋਂ ਇਹ ਪਰਮ ਆਪੇ ਵਿਚ ਲੀਨ ਹੋ ਜਾਂਦਾ ਹੈ ਫੇਰ ਨਹੀਂ ਕਹਿੰਦਾ ਕਿ ਮੈਂ ਬ੍ਰਹਮ ਹਾਂ ਕਿਉਂਕਿ ਉਥੇ ਗਿਆਨ ਹੋ ਕੇ ਪ੍ਰਕਾਸ਼ ਹੋ ਜਾਂਦਾ ਹੈ। ਹਨ੍ਹੇਰੇ ਵਿਚ ਪਈ ਰੱਸੀ ਜੋ ਸੱਪ ਪ੍ਰਤੀਤ ਦਿੰਦੀ ਸੀ, ਉਹ ਸਤਿ ਪ੍ਰਤੀਤ ਦਿੰਦੀ ਹੈ। ਰੱਸੀ ਨੂੰ ਸੱਪ ਕਹਿਣਾ ਇਹ ਓਪਰੀ ਬਾਤ ਹੈ, ਰੱਸੀ ਤਾਂ ਰੱਸੀ ਹੀ ਹੈ। ਇਸੇ ਤਰ੍ਹਾਂ ਇਹ ਜੀਵ ਜਦੋਂ ਹਉਮੈ ਰੋਗ ਤੋਂ ਬਰੀ ਹੋ ਕੇ ਪ੍ਰਮ ਤੱਤ ਵਿਚ ਲੀਨ ਹੋ ਜਾਂਦਾ ਹੈ ਫੇਰ ਇਹ ਇਸ ਤਰ੍ਹਾਂ ਨਹੀਂ ਕਹਿੰਦਾ ਕਿ ਮੈਂ ਬ੍ਰਹਮ ਹਾਂ ਕਿਉਂਕਿ ਉਹ ਤਾਂ ਹੈ ਹੀ ਬ੍ਰਹਮ, ਉਸ ਨੂੰ ਕੀ ਸ਼ੱਕ ਪੈ ਗਿਆ ਕਿ ਮੈਂ ਬ੍ਰਹਮ ਹਾਂ। ਸੋ ਵੈਦ ਜੀ! ਜੋ ਬਚਨ ਮੈਂ ਤੁਹਾਡੇ ਨਾਲ ਕੀਤੇ ਹਨ ਉਨ੍ਹਾਂ ਤੇ ਪੂਰੀ

ਸ਼ਰਧਾ ਲਿਆਵੋ।

ਇਹ ਗੱਲਾਂ ਸੁਣ ਕੇ ਵੈਦ ਪੂਰਨ ਸ਼ਰਧਾ ਵਿਚ ਆ ਗਿਆ। ਉਸ ਵੇਲੇ ਉਸ ਨੇ ਪੂਰਨ ਸ਼ਰਧਾ ਵਿਚ ਆ ਕੇ ਗੁਰੂ ਨਾਨਕ ਦੇ ਚਰਨਾਂ ਤੇ ਨਮਸਕਾਰ ਕਰਕੇ ਬੇਨਤੀ ਕੀਤੀ ਕਿ ਜਿਸ ਤਰ੍ਹਾਂ ਤੁਸੀਂ ਹੋਰਾਂ ਨੂੰ ਇਸ ਰਸਤੇ ਪਾ ਦਿਤਾ, ਮੇਰੇ ਤੇ ਵੀ ਕ੍ਰਿਪਾ ਕਰੋ, ਨਾਮ ਮਾਰਗ ਤੇ ਚੱਲਣ ਦੀ ਜੁਗਤੀ ਮੁਤਾਬਿਕ ਸੂਝ ਅਤੇ ਸ਼ਕਤੀ ਦੇਵੋ ਕਿ ਮੈਂ ਸਾਰੇ ਰੋਗਾਂ ਤੋਂ ਬਰੀ ਹੋ ਜਾਵਾਂ।

ਸਾਧਸੰਗਤ ਜੀ! ਅਸਾਨੂੰ ਇਸ ਵਿਸ਼ੇ ਉਪਰ ਹੋਰ ਵਿਚਾਰ ਕਰਨ ਦੀ ਲੋੜ ਹੈ ਕਿਉਂਕਿ ਇਹ ਤਾਂ ਇਕ ਸਾਧਨ ਪੱਖ ਦੱਸਿਆ ਸੀ, ਇਸ ਨਾਲ ਸ਼ੰਕੇ ਨਵਿਰਤ ਨਹੀਂ ਹੁੰਦੇ। ਜੇ ਤਾਂ ਆਦਮੀ ਅੰਦਰ ਪੂਰਨ ਸ਼ਰਧਾ ਆ ਜਾਵੇ ਫੇਰ ਤਾਂ ਸਾਰੇ ਦੁਖਾਂ ਦਾ ਖਾਤਮਾ ਕਰ ਸਕਦਾ ਹੈ ਪਰ ਮਨ ਵਿਚ ਬਹੁਤ ਕੂੜ ਕਬਾੜ ਪਿਆ ਹੈ, ਜਦੋਂ ਤਕ ਉਹ ਸਾਫ ਨਹੀਂ ਹੁੰਦਾ, ਓਨੀ ਦੇਰ ਤਕ ਅਸੀਂ ਨਾਮ ਮਾਰਗ ਤੇ ਨਹੀਂ ਚਲ ਸਕਦੇ। ਅੰਤਸ਼ਕਰਣ ਇਕ ਚੁਬੱਚੇ ਦੀ ਤਰ੍ਹਾਂ ਹੁੰਦਾ ਹੈ ਜਿਸ ਵਿਚ ਅਨੇਕ ਕਿਸਮ ਦੀਆਂ ਮੈਲਾਂ ਜਮ੍ਹਾਂ ਹੋ ਜਾਂਦੀਆਂ ਹਨ ਅਤੇ ਜੀਵ ਨੂੰ ਹਉਮੈ ਦਾ ਰੋਗ ਲਗਣ ਕਰਕੇ ਇਹ ਜੀਵਨ ਵਿਚ ਅਗਿਆਨ ਪੈਦਾ ਕਰ ਦਿੰਦੀਆਂ ਹਨ। ਮਹਾਰਾਜ ਜੀ ਨੇ ਫੁਰਮਾਨ ਕਰਿਆ ਹੈ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥ ਪੰਨਾ - 651***

ਸ੍ਰਿਸ਼ਟੀ ਰਚਨਾ ਬਾਰੇ ਸਾਰੇ ਸਿਆਣੇ ਆਪੋ ਆਪਣੇ ਵਿਚਾਰ ਦਿੰਦੇ ਹਨ -

***ਆਪੁ ਆਪੁਨੀ ਬੁਧਿ ਹੈ ਜੇਤੀ॥***
***ਬਰਨਤ ਭਿੰਨ ਭਿੰਨ ਤੁਹਿ ਤੇਤੀ॥***
***ਤੁਮਰਾ ਲਖਾ ਨ ਜਾਇ ਪਸਾਰਾ॥***
***ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥ ਕਬਜੋ ਬਾਚ ਬੇਨਤੀ ਚੌਪਈ***

ਪਰ ਆਮ ਰਾਏ ਜੋ ਸ਼ਾਸਤਰਾਂ ਵਿਚ ਪ੍ਰਚਲਤ ਹੈ ਉਹ ਹੈ ਕਿ ਇਸ ਸੰਸਾਰ ਵਿਚ ਦੋ ਅਨਾਦੀ ਤੱਤ ਹਨ - ਇਕ ਨੂੰ ਚੇਤਨ ਤੱਤ ਆਖਿਆ ਹੈ, ਦੂਸਰਾ ਇਸ ਦੇ ਵਿਪਰੀਤ ਸੁਭਾਅ ਵਾਲਾ ਪ੍ਰਕ੍ਰਿਤੀ ਤੱਤ ਹੈ। ਚੇਤਨ ਤੱਤ ਦਾ ਪਰਛਾਵਾਂ (ਸ਼ਕਤੀ) ਜਦੋਂ ਜੜ੍ਹ ਤਤੂ ਤੇ ਪੈਂਦਾ ਹੈ ਉਸ ਵੇਲੇ ਉਸ ਵਿਚ ਤਿੰਨ ਚੀਜ਼ਾਂ ਪੈਦਾ ਹੁੰਦੀਆਂ ਹਨ - ਪਹਿਲੀ ਹੈ ਕਿ ਜੜ੍ਹ ਤਤੂ ਵਿਚ ਸੂਝ ਪੈਦਾ ਹੁੰਦੀ ਹੈ ਜਿਸ ਨੂੰ ਮਹਿ ਤਤੂ ਆਖਦੇ ਹਨ, ਬੁੱਧੀ ਆਖਦੇ ਹਨ, ਜਾਗ੍ਰਤ ਆਖਦੇ ਹਨ। ਇਸ ਬੁੱਧੀ ਤੱਤ 'ਚੋਂ ਮੈਂ ਤੇ ਮੇਰੀ ਦੀ ਭਾਵਨਾ ਪੈਦਾ ਹੁੰਦੀ ਹੈ ਜਿਸ ਨੂੰ ਹਉਮੈ ਕਿਹਾ ਜਾਂਦਾ ਹੈ। ਹਉਮੈ ਪ੍ਰਕ੍ਰਿਤੀ ਦਾ ਅਨਿਖੜਵਾਂ ਅੰਗ ਹੈ, ਇਸ ਪ੍ਰਕ੍ਰਿਤੀ ਨੂੰ ਮਾਇਆ, ਅਗਿਆਨ, ਅਵਿਦਿਆ ਆਦਿ ਦੇ ਵੀ ਨਾਮ ਦਿਤੇ ਗਏ ਹਨ। ਇਹ ਸਾਰੇ ਜੜ੍ਹ ਤਤੂ ਹਨ। ਇਨ੍ਹਾਂ ਸਿਆਣਿਆਂ ਦਾ ਮਤ ਹੈ ਕਿ ਮਹਿ ਤੱਤ ਤੋਂ ਪੰਜ ਸੂਖਮ ਭੂਤ ਸ਼ਬਦ, ਸਪਰਸ਼, ਰੂਪ, ਰਸ, ਗੰਧ ਹੋਂਦ ਵਿਚ ਆਉਂਦੇ ਹਨ। ਪੰਜ ਗਿਆਨ ਇੰਦਰੇ, ਕਰਮ ਇੰਦਰੇ, ਪੰਜ ਪ੍ਰਾਣ, ਪੰਜ ਸਥੂਲ ਭੂਤ ਹੋਂਦ ਵਿਚ ਆ ਜਾਂਦੇ ਹਨ ਜਿਨ੍ਹਾਂ ਦੇ ਰਾਹੀਂ ਅਨੇਕਾਂ ਰੂਪਾਂ, ਰੰਗਾਂ ਦੀ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ ਪਰ ਗੁਰੂ ਸਾਹਿਬ ਦਾ ਇਹ ਸਿਧਾਂਤ ਨਹੀਂ ਹੈ। ਉਨ੍ਹਾਂ ਦਾ ਸਿਧਾਂਤ ਕੇਵਲ ਇਕੋ ਹੀ ਤੱਤ, ਜਿਸ ਨੂੰ ਵਾਹਿਗੁਰੂ ਆਖਦੇ ਹਨ ਜਾਂ ਏਕੰਕਾਰ ਆਖਦੇ ਹਨ, ਓਹੋ ਹੀ ਹੈ ਦੂਜਾ ਕੋਈ ਨਹੀਂ, ਇਸ ਨੂੰ ਪ੍ਰਗਟ ਕਰਨ ਲਈ ਆਪ ਨੇ ਮੂਲਮੰਤਰ ਵਿਚ ਕਿਹਾ -

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥***
***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ - 1***

ਇਹ ਸਾਰੀ ਰਚਨਾ ਪ੍ਰਮੇਸ਼ਰ ਨੇ ਆਪਣੇ ਆਪ ਵਿਚੋਂ ਕੀਤੀ, ਆਪ ਹੀ ਨਾਮ ਪ੍ਰਗਟ ਕਰਿਆ,

ਆਪ ਹੀ ਮਾਇਆ ਪ੍ਰਗਟ ਕਰੀ ਜਿਵੇਂ ਕਿ ਫੁਰਮਾਨ ਹੈ –

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ॥* *ਪੰਨਾ – 463*

ਸਭ ਤੋਂ ਪਹਿਲਾਂ ਹਉਮੈ ਤੱਤ ਦੀ ਉਪਜ ਹੋਈ, ਹਉਮੈ ਤੱਤ ਤੋਂ ਤ੍ਰਿਗੁਣੀ ਮਾਇਆ ਹੋਂਦ ਵਿਚ ਆਈ ਜਿਸ ਵਿਚ ਰਜੋ, ਤਮੋ, ਸਤੋ ਤਿੰਨ ਲਹਿਰਾਂ ਸ਼ਾਮਲ ਹਨ, ਫੇਰ ਕ੍ਰਮਵਾਰ ਸ੍ਰਿਸ਼ਟੀ ਦੀ ਰਚਨਾ ਹੋਈ। ਇਸ ਹਉਮੈ ਨੇ ਸਮਸ਼ਟਤਾ (ਸਮੁੱਚਤਾ) ਨੂੰ ਵਿਅਸ਼ਟਤਾ (ਵੱਖੋ ਵਖਰੇ) ਵਿਚ ਬਦਲ ਦਿਤਾ, ਇਸ ਸਮੁੱਚੇ ਪ੍ਰਭੂ ਦੇ ਪਸਾਰੇ ਨੂੰ ਇਕ ਰੂਪ ਨਾ ਦੇਖਦਿਆਂ ਹੋਇਆਂ ਵਖਰਾ ਵਖਰਾ ਦੇਖਣਾ ਹਉਮੈ ਕਰਕੇ ਸੂਝ ਵਿਚ ਆਇਆ ਹੈ। ਇਹ ਹਉਮੈ ਹੀ ਸਾਰੇ ਦੁਖਾਂ ਦਾ ਮੂਲ ਹੈ। ਜੇ ਹਉਮੈ ਦਾ ਨਾਸ਼ ਹੋ ਜਾਵੇ ਤਾਂ ਕੋਈ ਵੀ ਦੁਖ ਨਹੀਂ ਰਿਹਾ ਕਰਦਾ। ਐਸੀ ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ ਕਿ ਆਪਣਾ ਆਪ ਵੀ ਅਤੇ ਸਾਰਾ ਸੰਸਾਰ ਵੀ ਪਾਰਬ੍ਰਹਮ ਪ੍ਰਮੇਸ਼ਰ ਦਾ ਰੂਪ ਅਨੁਭਵ ਹੁੰਦਾ ਹੈ ਜੋ ਕਿ ਸਤਿ ਗਿਆਨ ਹੈ।

ਗੁਰੂ ਨਾਨਕ ਪਾਤਸ਼ਾਹ ਜਦੋਂ ਸੁਮੇਰ ਪਰਬਤ ਤੇ ਸਿੱਧਾਂ ਪਾਸ ਗਏ ਤਾਂ ਉਥੇ ਗੋਰਖਨਾਥ, ਚਰਪਟਨਾਥ ਅਤੇ ਹੋਰ ਸਿੱਧਾਂ ਪਾਸ ਵੀ ਗਏ। ਜਿਨ੍ਹਾਂ ਨੇ ਆਪਣੀਆਂ ਉਮਰਾਂ ਰਿੱਧੀਆਂ ਸਿੱਧੀਆਂ, ਪ੍ਰਾਣਾਯਾਮ ਦੇ ਸਾਧਨ ਕਰਕੇ ਬਹੁਤ ਵਧਾ ਲਈਆਂ ਸਨ। ਉਨ੍ਹਾਂ ਦਾ ਮਤ ਪ੍ਰਾਣਾਯਾਮ ਉਪਰ ਅਧਾਰਤ ਕਰਦਾ ਸੀ। ਗੁਰੂ ਨਾਨਕ ਪਾਤਸ਼ਾਹ ਨਾਮ ਮਾਰਗ ਨੂੰ ਸਹੀ ਦਸਦੇ ਸਨ। ਨਾਮ ਮਾਰਗ ਦੀ ਪਉੜੀ ਹਰ ਥਾਂ ਤੇ ਪ੍ਰਭੂ ਨੂੰ ਦੇਖਣਾ ਹੋਇਆ ਕਰਦਾ ਹੈ। ਉਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਤੇ ਸਵਾਲ ਕੀਤਾ ਕਿ ਹੇ ਨਾਨਕ! ਤੂੰ ਕਿਹਾ ਹੈ ਕਿ ਇਥੇ ਸਾਰੇ ਪ੍ਰਮੇਸ਼ਰ ਹੈ, ਹੋਰ ਕੋਈ ਨਹੀਂ ਹੈ, ਏਕੰਕਾਰ ਦਾ ਹੀ ਪਸਾਰਾ ਹੈ, ਅਸੀਂ ਇਸ ਨਾਲ ਸਹਿਮਤ ਨਹੀਂ ਹਾਂ। ਅਸੀਂ ਕਹਿੰਦੇ ਹਾਂ ਕਿ ਦੋ ਤੱਤ ਹਨ – ਇਕ ਚੇਤਨ ਹੈ, ਦੂਜਾ ਪ੍ਰਕ੍ਰਿਤੀ। ਪ੍ਰਕ੍ਰਿਤੀ ਵਿਚ ਚੇਤਨ ਦੀ ਛਾਇਆ ਪੈਣ ਕਰਕੇ ਇਕ ਮਹਿ ਤੱਤ ਹੋਇਆ ਜਿਸ ਵਿਚੋਂ ਅਹੰਭਾਵ ਨੂੰ ਪੈਦਾ ਕਰਿਆ। ਪ੍ਰਕ੍ਰਿਤੀ ਤੱਤ, ਜਿਸ ਵਿਚ ਜਦੋਂ ਚੇਤਨਤਾ (awareness) ਆਉਂਦੀ ਹੈ ਉਸ ਵੇਲੇ ਜਾਗ੍ਰਤ ਆ ਗਈ। ਦੂਸਰੀ ਕ੍ਰਿਆਸ਼ੀਲਤਾ ਹੈ, ਤੀਸਰਾ ਉਸ ਵਿਚ ਨਿਯਮ ਆ ਗਿਆ, ਉਹ ਨਿਯਮਬੱਧ ਹੋ ਗਈ। ਪ੍ਰਕ੍ਰਿਤੀ ਜੋ ਦੁਖਾਂ ਦਾ ਕਾਰਨ ਹੈ ਉਹ ਪ੍ਰਮੇਸ਼ਰ ਤੋਂ ਵਿਪਰੀਤ ਤੱਤ ਹੈ। ਤੇ ਤੂੰ ਜੋ ਆਖਦਾ ਹੈਂ ਕਿ ਇਕੋ ਪ੍ਰਭੂ ਅਨੇਕ ਰੂਪਾਂ ਵਿਚ ਖੇਲ੍ਹ ਰਿਹਾ ਹੈ ਤਾਂ ਇਹ ਦੱਸ ਕਿ ਸੰਸਾਰ ਕਿਥੋਂ ਬਣ ਗਿਆ ਅਤੇ ਦੁਖ ਕਿਥੋਂ ਬਣ ਗਏ? ਆਪ ਨੇ ਕਿਹਾ, "ਨਾਥ ਜੀ! ਸੰਸਾਰ ਹਉਮੈ ਤੱਤ ਕਰਕੇ ਪ੍ਰਤੀਤ ਦੇ ਰਿਹਾ ਹੈ। ਸਤਿ ਅਵਸਥਾ ਇਹ ਹੈ ਕਿ ਪ੍ਰਮੇਸ਼ਰ ਆਪ ਹੀ ਆਪਣੀ ਮਹਿਮਾ ਵਿਚ ਪ੍ਰਵਿਰਤ ਹੋਇਆ ਖੇਲ੍ਹ ਕਰ ਰਿਹਾ ਹੈ। ਇਸ ਗਿਆਨ ਨੂੰ ਭੁੱਲ ਕੇ ਸਰੀਰ ਦੇ ਵਿਚ ਜੋ ਸੋਝੀ ਹੈ ਉਹ ਮੈਂ ਦਾ ਵਿਕਲੋਤਰਾ ਰੂਪ ਧਾਰਨ ਕਰ ਗਿਆ ਜਿਸ ਨੂੰ ਅਸੀਂ ਹਉਮੈ ਕਹਿੰਦੇ ਹਾਂ, ਹਉਮੈ ਕਰਕੇ ਸਾਰੇ ਦੁਖ ਪੈਦਾ ਹੋ ਗਏ। ਪ੍ਰਸ਼ਨ ਇਹ ਸੀ ਕਿ –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ॥*

*ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥*
*ਪੰਨਾ – 946*

ਦੁਖਾਂ ਦਾ ਮੂਲ ਕਾਰਨ ਹਉਮੈ ਹੈ। ਜਦੋਂ ਤਕ ਇਸ ਸਰੀਰ ਦੇ ਵਿਚੋਂ ਨਾਮ ਤੱਤ ਪ੍ਰਗਟ ਨਹੀਂ ਹੁੰਦਾ ਓਨਾਂ ਚਿਰ ਦੁਖਾਂ ਦਾ ਖਾਤਮਾ ਨਹੀਂ ਹੋਇਆ ਕਰਦਾ। ਹਉਮੈ ਦਾ ਨਾਸ਼ ਹੋਣ ਤੋਂ ਦਿਬਯ ਦ੍ਰਿਸ਼ਟ ਉਤਪਤ ਹੁੰਦੀ ਹੈ ਜਿਸ ਨੂੰ ਤੀਸਰਾ ਤਿਲ, ਬਿਅੰਨ ਅਖੜੀਆਂ ਅਤੇ ਹੋਰ ਅਨੇਕਾਂ ਨਾਮਾਂ ਨਾਲ ਦੱਸਣ ਦਾ ਯਤਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸਮਝ ਲਓ ਕਿ ਇਕ ਆਦਮੀ ਨੂੰ ਮੋਤੀਆਬਿੰਦ ਹੋ ਗਿਆ, ਉਸ ਦੀ ਅੱਖਾਂ ਦੀ ਰੋਸ਼ਨੀ ਜਾਂਦੀ ਰਹੀ, ਦਿਸਣਾ ਬੰਦ ਹੋ ਗਿਆ। ਉਹ ਆਪਣੇ ਅਨੁਮਾਨ ਨਾਲ ਚੀਜ਼ਾਂ ਚਿਤਵਦਾ ਹੈ। ਉਨ੍ਹਾਂ

ਦੀ ਵਿਲੱਖਣਤਾ ਨੂੰ ਦੇਖਦਾ ਹੈ ਜਿਵੇਂ ਕਿ ਹਾਥੀ ਨੂੰ ਕਈ ਸੂਰਮਿਆਂ (ਅੰਧ ਦ੍ਰਿਸ਼ਟੀ ਵਾਲਿਆਂ) ਨੇ ਦੇਖਿਆ ਅਤੇ ਬਹਿਸ ਕਰਨ ਲੱਗੇ ਕਿ ਹਾਥੀ ਥਮ੍ਹਲਿਆਂ ਵਰਗਾ ਹੁੰਦਾ ਹੈ ਕਿਉਂਕਿ ਉਨ੍ਹਾਂ ਨੇ ਹਾਥੀ ਦੀ ਲੱਤ ਨੂੰ ਹੱਥ ਲਾਇਆ ਸੀ। ਜਿਸ ਦੇ ਹੱਥ ਸੁੰਡ ਆਈ, ਉਸ ਨੇ ਕਿਹਾ ਕਿ ਹਾਥੀ ਬੜਾ ਕੋਮਲ ਹੁੰਦਾ ਹੈ, ਜਿਸ ਦੇ ਹੱਥ ਵਿਚ ਦੰਦ ਆਏ ਉਹ ਕਹਿੰਦੇ ਹਨ ਕਿ ਹਾਥੀ ਕਠੋਰ ਚੀਜ਼ ਹੈ, ਜਿਸ ਦਾ ਪੇਟ ਨਾਲ ਹੱਥ ਲਗਿਆ ਉਸ ਨੇ ਕਿਹਾ ਕਿ ਹਾਥੀ ਤਾਂ ਇਕ ਬਹੁਤ ਵੱਡਾ ਪਹਾੜ ਹੈ। ਇਹ ਇਸ ਕਰਕੇ ਹੋਇਆ ਕਿਉਂਕਿ ਦ੍ਰਿਸ਼ਟੀ ਪ੍ਰਾਪਤ ਨਹੀਂ। ਜਦੋਂ ਗੁਰੂ ਦਾ ਅੰਜਨ ਅੱਖਾਂ ਵਿਚ ਪੈ ਜਾਂਦਾ ਹੈ ਤਾਂ ਦੋਖ ਦ੍ਰਿਸ਼ਟੀ ਦੂਰ ਹੋ ਜਾਂਦੀ ਹੈ, ਸਤਿ ਦ੍ਰਿਸ਼ਟੀ ਮਿਲ ਜਾਂਦੀ ਹੈ ਅਤੇ ਸਤਿ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਅਤੇ ਹਰ ਥਾਂ ਦੇ ਉਤੇ ਪ੍ਰਮੇਸ਼ਰ ਰਮਿਆ ਹੋਇਆ ਹੀ ਨਜ਼ਰ ਆਉਂਦਾ ਹੈ। ਇਸ ਦੀ ਪ੍ਰਾਪਤੀ ਨੂੰ ਨਾਮ ਆਖਿਆ ਜਾਂਦਾ ਹੈ।

ਹਉਮੈ ਤੱਤ ਕਰਕੇ ਸੰਸਾਰ ਦਿਸਦਾ ਹੈ, ਹਉਮੈ ਦਾ ਨਾਸ਼ ਹੋ ਜਾਵੇ ਤਾਂ ਇਹੀ ਸੰਸਾਰ ਪ੍ਰਮੇਸ਼ਰ ਦਾ ਰੂਪ ਦਿਸਦਾ ਹੈ। ਜਿੰਨਾਂ ਚਿਰ ਹਉਮੈ ਤੱਤ ਹੈ ਉਨਾਂ ਚਿਰ ਆਪਣੇ ਬੇਗਾਨੇ, ਚੰਗੇ-ਮਾੜੇ, ਦ੍ਰਿਸ਼ਟੀ ਪੈਂਦੇ ਹਨ ਪਰ ਜਦੋਂ ਇਸ ਦਾ ਨਾਸ਼ ਹੋ ਜਾਂਦਾ ਹੈ ਤਾਂ ਉਸ ਵੇਲੇ ਇਕ ਪ੍ਰਮੇਸ਼ਰ ਹੀ ਨਜ਼ਰ ਆਉਂਦਾ ਹੈ ਜਾਂ ਇੰਜ ਕਿ ਕਹੋ ਆਪਣਾ ਆਪ ਹੀ ਨਜ਼ਰ ਆਉਂਦਾ ਹੈ। ਸੋ ਸਾਰੀ ਵਿਚਾਰ ਦਾ ਸਿੱਟਾ ਹੈ ਕਿ ਹਉਮੈ ਤੱਤ ਕਰਕੇ ਹੀ ਪ੍ਰਮੇਸ਼ਰ ਨਹੀਂ ਦਿਸਦਾ। ਜਦੋਂ ਹਉਮੈ ਦਾ ਨਾਸ਼ ਹੋ ਗਿਆ ਫੇਰ –

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥ ਪੰਨਾ - 407***

ਭਗਤਾਂ ਦਾ ਵੀ ਇਹੋ ਮਤ ਹੈ –

***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥***
***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥***
***ਲੋਗਾ ਭਰਮਿ ਨ ਭੂਲਹੁ ਭਾਈ॥***
***ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥***
***ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥***
***ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥***
***ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥***
***ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥***
***ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥***
***ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥ ਪੰਨਾ - 1350***

ਜਦੋਂ ਇਹ ਭਾਵਨਾ ਪੈਦਾ ਹੋ ਜਾਂਦੀ ਹੈ, ਤੱਤ ਗਿਆਨ ਹੋ ਜਾਂਦਾ ਹੈ ਉਸ ਵੇਲੇ ਕੋਈ ਬੁਰਾ ਨਜ਼ਰ ਨਹੀਂ ਆਉਂਦਾ। ਇਸ ਤਰ੍ਹਾਂ ਫੁਰਮਾਨ ਹੈ –

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ ਪੰਨਾ - 610***

ਇਸ ਦੇ ਵਿਪਰੀਤ ਜਦੋਂ ਤਕ ਬੁਰੇ ਭਲੇ, ਪਾਪੀ ਪੁੰਨੀ, ਆਪਣੇ ਬੇਗਾਨੇ ਨਜ਼ਰ ਆਉਂਦੇ ਹਨ, ਉਨਾਂ ਚਿਰ ਉਸ ਨੂੰ ਕੁਝ ਵੀ ਪ੍ਰਾਪਤ ਨਹੀਂ ਹੋਇਆ। ਕੇਵਲ ਰਸਤੇ ਤੇ ਚੱਲਣ ਵਾਲਾ ਰਾਹੀ ਹੈ, ਮੰਜ਼ਲ ਤੇ ਨਹੀਂ ਪਹੁੰਚਿਆ। ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ॥***
***ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ॥***

*ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ।।*
*ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ॥*
*ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ॥*
*ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ॥*
*ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ॥*
*ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ॥* *ਪੰਨਾ - 757*

ਸੋ ਨਾਮ ਭੁੱਲਣ ਕਰਕੇ ਦੁਖ ਪੈਦਾ ਹੋ ਗਿਆ ਪਰ ਪ੍ਰਮੇਸ਼ਰ ਨੇ ਦਵਾਈ ਅੰਦਰ ਰੱਖੀ ਹੋਈ ਹੈ, ਕੋਈ ਐਸਾ ਜੀਵ ਨਹੀਂ ਜਿਸ ਦੇ ਅੰਦਰ ਪ੍ਰਮੇਸ਼ਰ ਨੇ ਦਵਾਈ ਨਾ ਰੱਖੀ ਹੋਵੇ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁਕਿਆ ਹੈ ਕਿ ***'ਹਰਿ ਅਉਖਧੁ ਸਭ ਘਟ ਹੈ ਭਾਈ'*** ਨਾਮ ਦੀ ਦਵਾਈ ਹਰੇਕ ਸਰੀਰ ਵਿਚ ਰੱਖੀ ਹੋਈ ਹੈ। ਉਸ ਦਵਾਈ ਦਾ ਪ੍ਰਾਣੀ ਮਾਤਰ ਨੂੰ ਕੁਝ ਪਤਾ ਨਹੀਂ ਲਗਦਾ ਕਿਉਂਕਿ ਸੂਝ ਨਹੀਂ ਹੈ, ਨਾ ਹੀ ਉਹ ਇਸ ਗੱਲ ਨੂੰ ਪੁੱਛਣ ਦਾ ਯਤਨ ਕਰਦਾ ਹੈ ਕਿ ਦਵਾਈ ਕਿਵੇਂ ਮਿਲਦੀ ਹੈ। ਵੱਡੇ ਵੱਡੇ ਹਸਪਤਾਲਾਂ ਵਿਚ ਜਾ ਕੇ ਇਲਾਜ ਲਈ ਲੱਖਾਂ ਰੁਪਏ ਖਰਚ ਕਰਦਾ ਹੈ ਪਰ ਆਰਾਮ ਪੂਰੀ ਤਰ੍ਹਾਂ ਫੇਰ ਵੀ ਨਹੀਂ ਆਉਂਦਾ। ਠੀਕ ਹੋ ਜਾਂਦਾ ਹੈ, ਬਿਮਾਰੀ ਹਟ ਜਾਂਦੀ ਹੈ ਪਰ ਫੇਰ ਦੁਬਾਰਾ ਹੋ ਜਾਂਦੀ ਹੈ। ਗੁਰਬਾਣੀ ਦਾ ਸਿਧਾਂਤ ਕੋਈ ਅਟਕਲਪਚੂ ਬਾਤ ਨਹੀਂ ਹੈ, ਬਿਲਕੁਲ ਪ੍ਰਤੱਖ ਹੈ। ਗੁਰਬਾਣੀ ਵਿਚ ਜੋ ਕੁਝ ਹੈ ਸਭ ਸਤਿ ਹੈ, ਪਰਤਿਆ ਕੇ ਦੇਖ ਲਓ ਕਿ ਨਾਮ ਸਾਧਨ ਨਾਲ ਵੱਡੇ ਵੱਡੇ ਰੋਗ ਜੋ ਡਾਕਟਰਾਂ ਤੋਂ ਨਹੀਂ ਹਟਦੇ ਉਹ ਹਟ ਜਾਂਦੇ ਹਨ। ਪਰ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਜੋ ਸੰਜਮ ਹੈ ਜੋ ਪਹਿਲਾਂ ਵਿਸਥਾਰ ਨਾਲ ਦੱਸਿਆ ਗਿਆ ਹੈ ਉਹ ਸੰਜਮ ਜ਼ਰੂਰ ਹੀ ਅਪਨਾਉਣਾ ਪੈਂਦਾ ਹੈ। ਡਾਕਟਰਾਂ ਦੀ ਰਾਏ ਹੈ ਕਿ ਸੰਜਮ ਰੱਖ ਕੇ ਬਿਮਾਰੀ ਦੂਰ ਹੋ ਸਕਦੀ ਹੈ ਪਰ ਜਦੋਂ ਨਾਮ ਅਉਖਧ ਵਰਤਣ ਦੀ ਜਾਚ ਆ ਜਾਵੇ ਫੇਰ ਸਭ ਰੋਗ ਦੂਰ ਹੋ ਜਾਂਦੇ ਹਨ। ਪਰ ਵਿਧੀ ਦੱਸਣ ਵਾਲਾ ਪੂਰਾ ਸਤਿਗੁਰੂ ਹੋਣਾ ਚਾਹੀਦਾ ਹੈ। ਇਸ ਉਪਰ ਬਹੁਤ ਲੰਮੀ ਚੌੜੀ ਵਿਚਾਰ ਹੋ ਸਕਦੀ ਹੈ ਪਰ ਸਾਡੇ ਨਿਸ਼ਚੇ ਅਜਿਹੇ ਬਣ ਗਏ ਹਨ ਕਿ ਅਸੀਂ ਆਪਣੇ ਹੀ ਗਲਤ ਨਿਸ਼ਚਿਆਂ ਕਾਰਨ ਉਸ ਦਵਾਈ ਤਕ ਪਹੁੰਚ ਨਹੀਂ ਸਕਦੇ। ਇਸ ਦਵਾਈ ਨੂੰ ਗੁਰੂ ਮਹਾਰਾਜ ਜੀ ਨਾਮ ਆਖਦੇ ਹਨ। ਜਦੋਂ ਤਕ ਸਮਰੱਥ ਮਹਾਂਪੁਰਸ਼ ਆਪਣੀ ਕ੍ਰਿਪਾ ਨਾਲ ਉਸ ਥਾਂ ਨਾ ਪਹੁੰਚਾ ਦੇਵੇ ਜਿਥੇ ਇਹ ਦਵਾਈ ਪ੍ਰਮੇਸ਼ਰ ਨੇ ਸੁਰਖਸ਼ਤ ਥਾਂ ਤੇ ਰੱਖੀ ਹੋਈ ਹੈ ਓਨੀਂ ਦੇਰ ਤਕ ਅਸਰ ਨਹੀਂ ਕਰਦੀ। ਬਾਣੀ ਵਿਚ ਫੁਰਮਾਨ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਤਿਨਿ ਦੇਖਿਆ ਜਿਸੁ ਆਪਿ ਦਿਖਾਏ॥*
*ਨਾਨਕ ਤਿਸੁ ਜਨ ਸੋਝੀ ਪਾਏ॥* *ਪੰਨਾ - 293*

ਦੇਖਦਾ ਕੌਣ ਹੈ? ਜਿਸ ਉਪਰ ਪੂਰੇ ਗੁਰੂ ਦੀ ਮਿਹਰ ਹੋ ਜਾਵੇ ਅਤੇ ਉਹ ਸੋਝੀ ਦੇ ਦੇਵੇ। ਪਹਿਲਾਂ ਸਮਰੱਥ ਗੁਰੂ, ਮੰਤਰ ਦੀ ਦਾਤ ਦਿੰਦਾ ਹੈ। ਗੁਰੂ ਘਰ ਵਿਚ ਪੰਜ ਪਿਆਰੇ ਅੰਮ੍ਰਿਤ ਛਕਾਉਣ ਵੇਲੇ ਮੰਤਰ ਦਿੰਦੇ ਹਨ। ਪੰਜ ਪਿਆਰਿਆਂ ਬਾਰੇ ਵੱਖੋ ਵੱਖਰੇ ਆਪੋ ਆਪਣੀ ਬੁੱਧੀ ਅਨੁਸਾਰ ਖਿਆਲ ਹਨ, ਜੋ ਆਪਸ ਵਿਚ ਨਹੀਂ ਮਿਲਦੇ ਪਰ ਜੋ ਰਿਵਾਇਤ ਹੈ ਉਸ ਵਿਚ ਐਸੇ ਖਿਆਲ ਆਉਂਦੇ ਹਨ ਕਿ ਗੁਰੂ ਮਹਾਰਾਜ ਜੀ ਨੇ ਪੰਜ ਪਿਆਰਿਆਂ ਨੂੰ ਮਹੱਤਤਾ ਦਿੰਦਿਆਂ ਹੋਇਆਂ ਖਾਲਸੇ ਦਾ ਦਰਜਾ ਦਿਤਾ ਹੈ।

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥* *ਸਰਬ ਲੋਹ ਗ੍ਰੰਥ 'ਚੋਂ*

ਇਨ੍ਹਾਂ ਪੰਜਾਂ ਨੂੰ ਖਾਲਸਾ ਆਖਿਆ ਗਿਆ ਹੈ ਪਰ ਇਨ੍ਹਾਂ ਪੰਜਾਂ ਵਿਚ ਜੋ ਸੋਝੀ ਹੈ ਇਹ ਇਕ ਮਹਾਤਮਾ ਵਿਚ ਵੀ ਸੋਝੀ ਆ ਜਾਂਦੀ ਹੈ ਪਰ ਇਸ ਨੂੰ ਮਰਿਆਦਾ ਅਨੁਸਾਰ ਪੰਜਾਂ ਵਿਚ ਸੀਮਤ ਕਰ ਦਿਤਾ ਅਤੇ ਇਨ੍ਹਾਂ ਰਾਹੀਂ ਜਦੋਂ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ ਤਾਂ ਇਨ੍ਹਾਂ ਵਿਚ ਗੁਰੂ ਜੋਤ ਵਰਤਦੀ ਹੈ,

ਕੋਈ ਦੋਖ ਦ੍ਰਿਸ਼ਟੀ ਇਨ੍ਹਾਂ ਅੰਦਰ ਨਹੀਂ ਹੁੰਦੀ, ਇਹ ਉਨ੍ਹਾਂ ਪੰਜਾਂ ਪਿਆਰਿਆਂ ਦਾ ਰੂਪ ਹੁੰਦੇ ਹਨ ਜੋ ਗੁਰੂ ਮਹਾਰਾਜ ਨੇ ਕਰੜੀ ਪਰੀਖਿਆ ਲੈ ਕੇ ਚੁਣੇ ਸਨ, ਜਿਨ੍ਹਾਂ ਨੂੰ ਗੁਰੂ ਮਹਾਰਾਜ ਨੇ ਨਵਾਂ ਜੀਵਨ, ਨਵਾਂ ਉਤਸ਼ਾਹ ਬਖਸ਼ਿਆ ਸੀ। ਸੋ ਆਪ ਨੇ ਇਕ ਦੀ ਬਜਾਏ ਬ੍ਰਹਮ ਸਰੋਤਰੀ, ਬ੍ਰਹਮ ਬਕਤਾ, ਪੰਜ ਪ੍ਰਵਾਨ ਨੂੰ ਪ੍ਰਧਾਨਤਾ ਦਿਤੀ ਅਤੇ ਪਿਆਰ ਨਾਲ ਇਨ੍ਹਾਂ ਦਾ ਨਾਮ ਪੰਜ ਪਿਆਰੇ ਰੱਖਿਆ। ਗੁਰਸਿੱਖੀ ਮਾਰਗ ਵਿਚ ਇਸ ਨਾਮ ਖਜ਼ਾਨੇ ਤਕ ਪਹੁੰਚਣ ਵਾਸਤੇ ਪਹਿਲਾਂ ਪੰਜ ਪਿਆਰਿਆਂ ਦੇ ਪੇਸ਼ ਹੋਣਾ ਪੈਂਦਾ ਹੈ। ਉਹ ਕਾਰਜ ਕਰਕੇ ਮੰਤਰ ਦੀ ਦਾਤ ਦਿੰਦੇ ਹਨ, ਉਸ ਮੰਤਰ ਨੂੰ ਜਪਣ ਦੀ ਵਿਧੀ ਦਸਦੇ ਹਨ। ਉਸ ਵੇਲੇ ਸੰਜਮ ਵੀ ਨਾਲ ਹੀ ਦਸਦੇ ਹਨ ਜਿਨ੍ਹਾਂ ਨੂੰ ਅਸੀਂ ਰਹਿਤਾਂ ਆਖਦੇ ਹਾਂ। ਅਜਿਹੇ ਜਾਗੇ ਹੋਏ ਪੁਰਸ਼ਾਂ ਦੇ ਹੱਥੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਹੁੰਦੀ ਹੈ। ਉਸ ਵੇਲੇ ਰੂਹਾਨੀ ਨੇਤਰਾਂ ਤੇ ਆਏ ਮੋਤੀਆਬਿੰਦ ਦਾ ਓਪਰੇਸ਼ਨ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਅੰਦਰਲੀ ਦ੍ਰਿਸ਼ਟੀ ਉਸ ਦੇ ਬਲ ਨਾਲ ਸ਼ੁਧ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਆਹਿਸਤਾ-ਆਹਿਸਤਾ ਤਰੱਕੀ ਕਰਕੇ ਇਹ ਜੀਵ ਉਥੇ ਪਹੁੰਚ ਜਾਂਦਾ ਹੈ ਜਿਥੇ ਹਰ ਥਾਂ ਪ੍ਰਮੇਸ਼ਰ ਹੀ ਦ੍ਰਿਸ਼ਟੀ ਆਉਂਦਾ ਹੈ, ਉਥੇ ਉਹ ਅਨੰਦ ਪ੍ਰਾਪਤ ਹੁੰਦਾ ਹੈ ਜੋ ਜੀਵ ਦੇ ਕਣ ਕਣ ਵਿਚ ਆਤਮ ਅਨੰਦਤਾ ਬਖਸ਼ ਦਿੰਦਾ ਹੈ, ਜੀਵਨ ਦੇ ਸੈਲ ਸਾਰੇ ਠੀਕ ਹੋ ਜਾਂਦੇ ਹਨ ਅਤੇ ਰੋਗ ਦਾ ਨਾਮ ਨਿਸ਼ਾਨ ਹੀ ਨਹੀਂ ਰਹਿੰਦਾ। ਇਥੇ ਹੀ ਬਸ ਨਹੀਂ, ਜਦੋਂ ਆਦਮੀ ਇਸ ਮੰਡਲ ਵਿਚ ਪਹੁੰਚ ਜਾਂਦਾ ਹੈ ਉਥੇ ਨਾਮ ਅੰਦਰ ਵਸ ਜਾਂਦਾ ਹੈ, ਸਾਰੀਆਂ ਰਿਧੀਆਂ ਸਿੱਧੀਆਂ ਪਿਛੇ ਲਗੀਆਂ ਫਿਰਦੀਆਂ ਹਨ-

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥*** *ਪੰਨਾ - 649*

ਸੋ ਨਾਮ ਪ੍ਰਾਪਤੀ ਸਮਰੱਥ ਗੁਰੂ ਤੋਂ ਬਿਨਾਂ ਨਹੀਂ ਹੋ ਸਕਦੀ। ਜਦੋਂ ਗੁਰੂ ਪੂਰੀ ਵਿਧੀ ਨਾਲ ਨਾਮ ਪ੍ਰਾਪਤੀ ਬਾਰੇ ਦਸਦਾ ਹੈ ਤਾਂ ਸੁਪਨੇ ਵਿਚ ਵੀ ਰੋਗ ਨੇੜੇ ਨਹੀਂ ਆਉਂਦੇ। ਨਾਮ ਤੋਂ ਬਿਨਾਂ ਪ੍ਰਾਣੀ ਮਾਤਰ ਦੀ ਕਲਿਆਣ ਵੀ ਨਹੀਂ ਹੁੰਦੀ।

ਗੁਰੂ ਮਹਾਰਾਜ ਨੇ ਸਮੇਂ ਦੀ ਵਿਚਾਰ ਕੀਤੀ ਜੋ ਸਮਾਂ ਹੁਣ ਚਲ ਰਿਹਾ ਹੈ, ਇਸ ਦੇ ਅੰਦਰ ਆਦਮੀ ਦੀ ਮਾਨਸਿਕ ਅਵਸਥਾ ਹਾਲਾਤ ਦੇ ਅਧੀਨ ਉਸ ਤਰ੍ਹਾਂ ਦੀ ਨਹੀਂ ਰਹੀ ਜੋ ਪਹਿਲਿਆਂ ਜੁਗਾਂ ਵਿਚ ਸੀ। ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ ਹੁਣ ਕਲਜੁਗ ਦੇ ਵਿਚ ਆਦਮੀ ਦੀ ਬੁੱਧੀ ਭੂਤਾਂ ਪ੍ਰੇਤਾਂ ਵਾਲੀ ਹੋ ਗਈ ਹੈ। ਜੀਵਨ ਦੇ ਵਿਚ ਬਹੁਤ ਵੱਡੀ ਕਮਜ਼ੋਰੀ ਆ ਚੁਕੀ ਹੈ, ਮਨ ਇਕਾਗਰ ਨਹੀਂ ਹੁੰਦਾ ਅਤੇ ਨਾ ਹੀ ਆਦਮੀ ਕੋਲ ਐਨਾ ਸਮਾਂ ਹੈ ਕਿ ਜੋ ਸਾਧਨ ਲੰਮੇ ਸਮੇਂ ਤਕ ਕਰਦਾ ਸੀ ਉਹ ਕਰ ਸਕੇ। ਹੁਣ ਕਰਮਾਂ ਧਰਮਾਂ ਦੀ ਪੇਸ਼ ਨਹੀਂ ਜਾਂਦੀ ਕਿਉਂਕਿ ਹੁਣ ਨਾਮ ਬੀਜਣ ਦੀ ਰੁੱਤ ਹੈ ਜਿਸ ਤਰ੍ਹਾਂ ਕਿ ਫੁਰਮਾਨ ਹੈ -

***ਕਲਜੁਗ ਮਹਿ ਬਹੁ ਕਰਮ ਕਮਾਹਿ॥***
***ਨਾ ਰੁਤਿ ਨ ਕਰਮ ਥਾਇ ਪਾਹਿ॥***
***ਕਲਜੁਗ ਮਹਿ ਰਾਮ ਨਾਮੁ ਹੈ ਸਾਰੁ॥***
***ਗੁਰਮੁਖਿ ਸਾਚਾ ਲਗੈ ਪਿਆਰੁ॥***
***ਤਨੁ ਮਨੁ ਖੋਜਿ ਘਰੈ ਮਹਿ ਪਾਇਆ॥***
***ਗੁਰਮੁਖਿ ਰਾਮ ਨਾਮਿ ਚਿਤੁ ਲਾਇਆ॥***
***ਗਿਆਨ ਅੰਜਨੁ ਸਤਿਗੁਰ ਤੇ ਹੋਇ॥***
***ਰਾਮ ਨਾਮੁ ਰਵਿ ਰਹਿਆ ਤਿਹੁ ਲੋਇ॥***
***ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ॥***
***ਨਾਨਕ ਗੁਰਮੁਖਿ ਹਿਰਦੈ ਰਾਮ ਨਾਮੁ ਲੇਹੁ ਜਮਾਈ॥*** *ਪੰਨਾ - 1130*

ਇਸੇ ਤਰ੍ਹਾਂ ਨਾਲ ਇਕ ਹੋਰ ਥਾਂ ਫੁਰਮਾਨ ਹੈ -

***ਕਲਜੁਗ ਮਹਿ ਰਾਮ ਨਾਮੁ ਉਰ ਧਾਰੁ॥***
***ਬਿਨੁ ਨਾਵੈ ਮਾਥੈ ਪਾਵੈ ਛਾਰੁ॥*** *ਪੰਨਾ - 1129*

ਕਲਜੁਗ ਦਾ ਸਮਾਂ ਨਾਮ ਬੀਜਣ ਦਾ ਸਮਾਂ ਹੈ ਜਿਸ ਤਰ੍ਹਾਂ ਕਿ ਫੁਰਮਾਨ ਹੈ -

*ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ॥*
*ਤਿਸਹਿ ਪਰਾਪਤਿ ਨਾਨਕਾ ਜਿਸ ਨੋ ਲਿਖਿਆ ਆਇ॥* ਪੰਨਾ - 321

ਕਿਉਂਕਿ ਇਸ ਜੁਗ ਦੇ ਅੰਦਰ ਧਰਮ ਦੇ ਤਿੰਨ ਪੈਰ ਖਿਸਕ ਚੁੱਕੇ ਹਨ। ਧਰਮ ਦੇ ਚਾਰ ਪੈਰ ਹੁੰਦੇ ਹਨ -

*ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ*
*ਪਗੁ ਚਉਥਾ ਟਿਕੈ ਟਿਕਾਇ ਜੀਉ॥*
*ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ*
*ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ॥* ਪੰਨਾ - 446

ਗੁਰੂ ਮਹਾਰਾਜ ਜੀ ਨੇ ਕਲਜੁਗ ਵਿਚ ਨਾਮ ਬੀਜਣ ਦਾ ਹੋਕਾ ਦਿਤਾ ਕਿਉਂਕਿ ਕੋਈ ਕਰਮ ਧਰਮ ਹੁਣ ਫਲ ਨਹੀਂ ਦਿੰਦਾ। ਹੁਣ ਕਰਮ ਕਿਰਤ ਦੀ ਕੋਈ ਪੇਸ਼ ਨਹੀਂ ਜਾਂਦੀ। ਹੁਣ ਸਿਮਰਨ ਦੀ ਰੁੱਤ ਆਈ ਹੋਈ ਹੈ। ਸਿਮਰਨ ਯਾਦ ਨੂੰ ਆਖਦੇ ਹਨ। ਜੇ ਮੂੰਹ ਦੇ ਨਾਲ ਵਾਹਿਗੁਰੂ ਵਾਹਿਗੁਰੂ ਆਖਦਾ ਹੈ, ਜੇ ਚਿੱਤ ਵਿਚ ਪ੍ਰਮੇਸ਼ਰ ਦੀ ਹੋਂਦ ਨਹੀਂ ਵਸੀ ਤਾਂ ਸਿਮਰਨ ਨਹੀਂ ਕਹਾਉਂਦਾ। ਜਿਵੇਂ ਕੂੰਜ ਦੀ ਯਾਦ ਵਿਚ ਉਸ ਦੇ ਬੱਚੇ ਵਸੇ ਹੁੰਦੇ ਹਨ, ਉਹ ਯਾਦ ਸ਼ਕਤੀ ਦੇ ਰਾਹੀਂ ਹਜ਼ਾਰਾਂ ਕੋਹਾਂ ਤੇ ਸਿਮਰਨ ਨਾਲ ਬੱਚਿਆਂ ਨੂੰ ਪਾਲਦੀ ਹੈ।

*ਊਡੈ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥*
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥*
ਪੰਨਾ - 10

ਸੋ ਨਾਮ ਜਪਣ ਦਾ ਯੁੱਗ ਆ ਗਿਆ। ਜਦੋਂ ਸਾਨੂੰ ਇਸ ਖੇਤੀ ਦੇ ਬੀਜਣ ਦੀ ਜੁਗਤ ਆ ਜਾਵੇਗੀ ਉਸ ਵੇਲੇ ਇਹ ਖੇਤੀ ਲਹਿਲਹਾਂਦੀ ਨਜ਼ਰ ਆਵੇਗੀ।

ਗੁਰੂ ਨਾਨਕ ਪਾਤਸ਼ਾਹ ਨੇ ਇਸ ਬਾਰੇ ਕਈ ਸੰਕੇਤ ਦਿਤੇ ਹਨ। ਜਦੋਂ ਆਪ ਏਮਨਾਬਾਦ ਤੋਂ ਤਲਵੰਡੀ ਰਾਇ ਭੋਇੰ, ਰਾਏ ਬੁਲਾਰ ਨੂੰ ਦਰਸ਼ਨ ਦੇਣ ਗਏ ਤਾਂ ਮਹਿਤਾ ਕਾਲੂ ਦੇ ਕਹਿਣ ਤੇ ਰਾਏ ਜੀ ਨੇ ਕਿਹਾ ਕਿ ਮੈਂ ਤੁਹਾਨੂੰ ਕਈ ਖੂਹਾਂ ਦੀ ਜ਼ਮੀਨ ਖੇਤੀ ਕਰਨ ਲਈ ਮੁਆਫੀਨਾਮੇ ਵਿਚ ਦਿੰਦਾ ਹਾਂ, ਬਲਦ ਵਗੈਰਾ ਦੇ ਦਿੰਦਾ ਹਾਂ ਤੁਸੀਂ ਖੇਤੀ ਕਰੋ। ਆਪ ਨੇ ਅਸਲੀ ਖੇਤੀ ਵਲ ਇਸ਼ਾਰਾ ਕਰਦੇ ਕਿਹਾ ਕਿ ਮੇਰਾ ਮਨ ਤਾਂ ਕਿਰਸਾਣੀ ਕਰ ਰਿਹਾ ਹੈ, ਹਲ ਜੋਤ ਰਿਹਾ ਹੈ, ਖੇਤੀ ਨੂੰ ਪਾਣੀ ਦੇ ਰਿਹਾ ਹੈ। ਮੈਂ ਖੇਤ ਜੋਤ ਕੇ ਉਸ ਵਿਚ ਨਾਮ ਦਾ ਬੀਜ ਪਾ ਕੇ ਸਾਰੇ ਇੰਦਰਿਆਂ ਰਾਹੀਂ ਸੰਤੋਖ ਦਾ ਸੁਹਾਗਾ ਦੇ ਰਿਹਾ ਹਾਂ ਅਤੇ ਭਗਤੀ ਦੇ ਨਾਲ ਇਸ ਦਾ ਨਦੀਣ ਕੱਢ ਰਿਹਾ ਹਾਂ। ਇਸ ਦੀ ਖੇਤੀ ਦੀ ਗੁਡਾਈ ਕਰ ਰਿਹਾ ਹਾਂ ਜਿਸ ਨਾਲ ਮੇਰੀ ਫਸਲ ਭਰਪੂਰ ਹੋਵੇਗੀ। ਉਹ ਘਰ ਭਾਗਾਂ ਵਾਲੇ ਹਨ ਜਿਥੇ ਨਾਮ ਦੀ ਖੇਤੀ ਭਰਪੂਰ ਹੋ ਜਾਂਦੀ ਹੈ। ਰਾਏ ਜੀ! ਜਿਸ ਖੇਤੀ ਦੀ ਗੱਲ ਤੁਸੀਂ ਕਰਦੇ ਹੋ ਇਹ ਸੰਸਾਰ ਦੀਆਂ ਪ੍ਰਾਪਤੀਆਂ ਸੰਸਾਰ ਵਿਚ ਹੀ ਰਹਿ ਜਾਂਦੀਆਂ ਹਨ। ਅੰਤ ਵੇਲੇ ਹੱਥ ਝਾੜ ਕੇ ਸੰਸਾਰ ਤੋਂ ਜੀਵ ਚਲਿਆ ਜਾਂਦਾ ਹੈ, ਮਾਇਆ ਸਾਥ ਨਹੀਂ ਜਾਂਦੀ, ਜੀਵ ਇਸ ਮਾਇਆ ਦੀ ਚਮਕ ਦਮਕ ਨਾਲ ਮੋਹਿਆ ਜਾਂਦਾ ਹੈ।

*ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥*
*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥*
*ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥*
*ਬਾਬਾ ਮਾਇਆ ਸਾਥਿ ਨ ਹੋਇ॥*
*ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥* ਪੰਨਾ - 595

ਸੋ ਇਹ ਨਾਮ ਦੀ ਖੇਤੀ ਨਿਮਰਤਾ ਦੀ ਵਾੜ ਕੀਤਿਆਂ ਫਲੀਭੂਤ ਹੁੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਸਾਧਨ ਕਰਦੇ ਹੋਏ ਗੁਰੂ ਦੀ ਕ੍ਰਿਪਾ, ਗੁਰੂ ਦੇ ਦੱਸੇ ਮਤ ਅਨੁਸਾਰ ਨਾਮ ਮੰਜ਼ਲ ਤੱਕ ਪਹੁੰਚ ਜਾਵਾਂਗੇ, ਫੇਰ ਕੇਵਲ ਆਪਣੇ ਹੀ ਦੁੱਖ ਦੂਰ ਨਹੀਂ ਹੁੰਦੇ, ਸੰਸਾਰ ਦੇ ਦੁਖ ਦੂਰ ਕਰਨ ਦੀ ਸਮਰੱਥਾ ਵੀ ਆ ਜਾਂਦੀ ਹੈ। ਜੇ ਉਸ ਨੇ ਬਚਨ ਕਰ ਦਿਤਾ ਤਾਂ ਵਿਘਨਾਂ ਦਾ, ਬਿਮਾਰੀਆਂ ਦਾ ਨਾਸ਼ ਹੋ ਜਾਂਦਾ

ਹੈ। ਨਿਪੁਤਿਆਂ ਨੂੰ ਪੁਤਰਾਂ ਦੀ ਦਾਤ ਮਿਲ ਜਾਂਦੀ ਹੈ।

ਸੋ ਸਾਧਸੰਗਤ ਜੀ! ਇਥੇ ਹੀ ਬੱਸ ਨਾ ਕਰੋ ਕਿ ਅੰਮ੍ਰਿਤ ਛਕ ਲਿਆ, ਬਾਹਰਲੀਆਂ ਰਹਿਤਾਂ ਤੇ ਪਹਿਰਾ ਦੇ ਦਿਤਾ, ਪਰ ਜੀਵਨ ਨੂੰ ਸੰਜਮ ਵਿਚ ਨਾ ਲਿਆਂਦਾ। ਜੋ ਰਹਿਤਾਂ ਹਨ ਇਕ ਬਾਹਰਲੀ ਹੈ ਜੋ ਸਰੀਰ ਨਾਲ ਥੋੜ੍ਹਾ ਬਹੁਤ ਸਬੰਧ ਰਖਦੀ ਹੈ ਕਿ ਕਕਾਰ ਪਹਿਨ ਲਏ, ਪਰ ਹੱਥ ਜੋ ਹਨ ਬੁਰਾ ਕਰਦੇ ਹਨ, ਪੈਰ ਗਲਤ ਥਾਂ ਤੇ ਜਾਂਦੇ ਹਨ, ਕੰਨਾਂ ਦੇ ਨਾਲ ਕਚ ਪਿਚ ਸੁਣਦੇ ਹਾਂ, ਰਸਨਾ ਨਾਲ ਫਿੱਕਾ ਬੋਲਦੇ ਹਾਂ। ਇਹ ਰਹਿਤਾਂ ਨਾ ਰੱਖਣ ਕਰਕੇ ਕੋਈ ਪ੍ਰਾਪਤੀ ਨਹੀਂ ਹੁੰਦੀ। ਮਹਾਰਾਜ ਜੀ ਕਹਿੰਦੇ ਹਨ ਕਿ ਜੇ ਈਰਖਾ ਹੀ ਹੋਵੇ ਤਾਂ ਵੀ ਭਲਾ ਨਹੀਂ ਹੋਇਆ ਕਰਦਾ –

*ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥*
*ਪੰਨਾ – 308*

ਸਾਡੇ ਅੰਦਰ ਸੁਭਾਵਿਕ ਹੀ ਈਰਖਾ ਪੈਦਾ ਹੋ ਜਾਂਦੀ ਹੈ। ਜਦੋਂ ਅਸੀਂ ਕਿਸੇ ਨੂੰ ਮਾਇਕ, ਪਰਿਵਾਰਕ ਰੂਪ ਵਿਚ ਵਧਦਾ ਫੁਲਦਾ ਦੇਖਦੇ ਹਾਂ ਤਾਂ ਅਸੀਂ ਉਸ ਬਾਰੇ ਮਾੜਾ ਚਿਤਵਦੇ ਹਾਂ, ਇਸ ਨੂੰ ਈਰਖਾ ਕਹਿੰਦੇ ਹਨ। ਜਿਸ ਦੇ ਅੰਦਰ ਇਹ ਹੈ ਉਸ ਦਾ ਕਦੇ ਵੀ ਭਲਾ ਨਹੀਂ ਹੁੰਦਾ। ਸੋ ਨਾਮ ਦੀ ਭਰਪੂਰ ਖੇਤੀ ਲੈਣ ਲਈ ਬਹੁਤ ਹੀ ਮਿਹਨਤ ਦੀ ਲੋੜ ਹੈ, ਇਸ ਵਿਚ ਇਹ ਨਹੀਂ ਕਿ ਠੰਢੇ ਪਾਣੀਆਂ ਵਿਚ ਖੜ੍ਹੀਏ, ਕੰਡਿਆਂ ਤੇ ਸੋਈਏ, ਇਹ ਸਭ ਫੋਕਟ ਕਰਮ ਹਨ ਇਸ ਨਾਲ ਤਮੋ ਗੁਣ ਪੈਦਾ ਹੋ ਕੇ ਕ੍ਰੋਧ ਵਧ ਜਾਂਦਾ ਹੈ। ਸੌ ਸੌ ਘੜਾ ਠੰਢੇ ਪਾਣੀ ਦਾ ਉਪਰ ਪਾਉਣਾ ਕੋਈ ਮਤਲਬ ਨਹੀਂ ਰਖਦਾ। ਸਰੀਰ ਨੂੰ ਸੰਜਮ ਵਿਚ ਨਰੋਆ ਰੱਖ ਕੇ ਅਸੀਂ ਨਾਮ ਮੰਜ਼ਲ ਤੇ ਨਾਮ ਦੇ ਪਿਆਲੇ ਤਕ ਪਹੁੰਚ ਸਕਦੇ ਹਾਂ।

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥*
*ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ*
*ਹਰਿ ਹਰਿ ਨਾਮੁ ਧਿਆਏ ਰਾਮ॥* *ਪੰਨਾ – 538*

ਸੋ ਇਸ ਕਰਕੇ ਸਾਰੀ ਵਿਚਾਰ ਦਾ ਸਿੱਟਾ ਕਢਦਿਆਂ ਹੋਇਆਂ ਬੇਨਤੀ ਕੀਤੀ ਜਾਂਦੀ ਹੈ ਕਿ ਹੁਣ ਸਮਾਂ ਕਲਜੁਗ ਦਾ ਹੈ। ਕਲਜੁਗ ਦੇ ਅੰਦਰ ਜੇ ਕੋਈ ਸਾਧਨਾ ਫਲੀਭੂਤ ਹੁੰਦੀ ਹੈ ਤਾਂ –

*ਧਾਰਨਾ – ਕਲੂ ਆਇਓ ਰੇ ਇਕ ਨਾਮ ਬੀਜ ਲਓ – 2, 2.*
*ਇਕ ਨਾਮ ਬੀਜ ਲਓ – 4, 2.*
*ਕਲੂ ਆਇਓ ਰੇ ਇਕ ਨਾਮ ਬੀਜ ਲਓ –2*

ਮਹਾਰਾਜ ਫੁਰਮਾਨ ਕਰਦੇ ਹਨ ਕਿ ਭਾਈ, ਹੁਣ ਕਲਜੁਗ ਆ ਗਿਆ, ਹੁਣ ਹੋਰ ਕੁਝ ਕਰਨ ਦੀ ਰੁੱਤ ਨਹੀਂ, ਐਵੇਂ ਨਾ ਭਰਮ ਦੇ ਵਿਚ ਭੁੱਲੋ।

*ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥* *ਪੰਨਾ – 1185*

ਕਿਸਾਨ ਲੋਕ ਜਾਣਦੇ ਹਨ ਕਿ ਕਰੁਤਾ ਬੀਜ ਬੀਜਿਆ ਨਹੀਂ ਫਲਦਾ। ਸੋ ਹੁਣ ਜੋ ਸਮਾਂ ਚਲ ਰਿਹਾ ਹੈ ਕਲਜੁਗ ਦਾ ਹੈ, ਆਪਣਾ ਵਾਸਾ ਕਲਜੁਗ ਵਿਚ ਹੈ।

ਜਨਮਸਾਖੀ ਅੰਦਰ ਇਕ ਸਾਖੀ ਆਉਂਦੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੂੰ ਕਲਜੁਗ ਮਨੁੱਖ ਰੂਪ ਵਿਚ ਮਿਲਿਆ। ਗੁਰੂ ਨਾਨਕ ਪਾਤਸ਼ਾਹ ਉਜਾੜ ਵਿਚ ਬੈਠੇ ਹਨ ਕਿ ਅਚਾਨਕ ਇਕ ਕਾਲੀ ਬੋਲੀ ਹਨ੍ਹੇਰੀ ਉਠ ਖੜ੍ਹੀ ਹੋਈ, ਦਰਖਤਾਂ ਨੂੰ ਜੜ੍ਹਾਂ ਤੋਂ ਉਖੇੜਦੀ ਹੋਈ ਰੋੜ੍ਹੀ ਆਉਂਦੀ ਸੀ, ਦਰਖਤ ਐਉਂ ਰੁੜ੍ਹਦੇ ਸਨ ਜਿਵੇਂ ਰੂੰ ਦੇ ਗੋੜ੍ਹੇ ਉਡਦੇ ਹਨ। ਬਹੁਤ ਸਖਤ ਠੰਢ ਹੋ ਗਈ, ਮਰਦਾਨਾ ਦੇਖ ਕੇ ਕਹਿਣ ਲੱਗਿਆ

ਕਿ ਮੈਨੂੰ ਬਹੁਤ ਠੰਢ ਲਗ ਰਹੀ ਹੈ, ਮੇਰੀ ਜਾਨ ਨਿਕਲ ਜਾਣੀ ਹੈ, ਇਸ ਉਜਾੜ ਵਿਚ ਨਾ ਕੋਈ ਕਫਨ ਮਿਲਣਾ ਹੈ। ਉਹ ਕਪੜਾ ਲੈ ਕੇ ਪੈ ਗਿਆ। ਮਹਾਰਾਜ ਜੀ ਨੇ ਕਿਹਾ ਮਰਦਾਨਿਆਂ! ਕਿਉਂ ਡਰਦਾ ਹੈਂ, ਇਹਨੇ ਤੇਰਾ ਕੁਝ ਨਹੀਂ ਵਿਗਾੜਨਾ ਕਿਉਂਕਿ ਪਉਣ, ਪਾਣੀ, ਬੈਸੰਤਰ ਸਭ ਭੈ ਵਿਚ ਚਲਦੇ ਹਨ। ਆਪਾਂ ਨਿਰੰਕਾਰ ਦੇ ਚਾਕਰ ਹਾਂ। ਇਹ ਆਪਾਂ ਨੂੰ ਕੁਝ ਵੀ ਨਹੀਂ ਕਹਿ ਸਕਦੇ।

***ਭੈ ਵਿਚਿ ਪਵਣੁ ਵਹੈ ਸਦਵਾਉ॥***
***ਭੈ ਵਿਚਿ ਚਲਹਿ ਲਖ ਦਰੀਆਉ॥***
***ਭੈ ਵਿਚਿ ਅਗਨਿ ਕਢੈ ਵੇਗਾਰਿ॥***
***ਭੈ ਵਿਚਿ ਧਰਤੀ ਦਬੀ ਭਾਰਿ॥*** ***ਪੰਨਾ - 464***

ਸਾਧਸੰਗਤ ਜੀ! ਡਰ ਭੀ ਇਕ ਤਰ੍ਹਾਂ ਦੀ ਬਿਮਾਰੀ ਹੈ। ਬਹੁਤ ਸਾਰੇ ਆਦਮੀ ਤਾਂ ਕਹਿੰਦੇ ਹਨ ਹੱਠ ਨਾਲ ਕਿ ਸਾਨੂੰ ਡਰ ਨਹੀਂ ਲਗਦਾ ਪਰ ਅੰਦਰੋਂ ਡਰਦੇ ਹਨ। ਕੇਵਲ ਤੱਤ ਬੇਤੇ ਮਹਾਂਪੁਰਸ਼ਾਂ ਨੂੰ ਡਰ ਨਹੀਂ ਲਗਦਾ। ਜਿਵੇਂ ਪ੍ਰਹਿਲਾਦ ਨੂੰ ਭੈ ਦਿਤੇ ਗਏ, ਉਸ ਨੂੰ ਹਨ੍ਹੇਰੀਆਂ ਕੋਠੜੀਆਂ ਵਿਚ ਬੰਦ ਕੀਤਾ ਗਿਆ, ਪਹਾੜਾਂ ਤੋਂ ਰੋੜ੍ਹਿਆ ਗਿਆ, ਅੱਗ ਵਿਚ ਬਿਠਾਇਆ ਗਿਆ, ਪਰ ਉਹ ਕਿਸੇ ਤਰ੍ਹਾਂ ਵੀ ਡਰਾਇਆ ਹੋਇਆ ਡਰਿਆ ਨਾ। ਜਿਵੇਂ ਕਿ ਫੁਰਮਾਨ ਹੈ -

***ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ॥***
***ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ॥***
***ਪੰਨਾ - 1154***

ਇਸੇ ਤਰ੍ਹਾਂ ਨਾਲ ਕਬੀਰ ਸਾਹਿਬ ਨੂੰ ਹੱਥ ਪੈਰ ਬੰਨ੍ਹ ਕੇ ਗੰਗਾ ਦਰਿਆ ਵਿਚ ਸੁੱਟਿਆ ਗਿਆ। ਉਸ ਵੇਲੇ ਆਪ ਨੇ ਫੁਰਮਾਨ ਕਰਿਆ ਕਿ ਪਿਆਰਿਓ! ਮੇਰਾ ਮਨ ਤਾਂ ਡਰਦਾ ਨਹੀਂ, ਤਨ ਨੂੰ ਕਿਉਂ ਡਰਾਉਂਦੇ ਹੋ?

***ਗੰਗ ਗੁਸਾਇਨਿ ਗਹਿਰ ਗੰਭੀਰ॥***
***ਜੰਜੀਰ ਬਾਂਧਿ ਕਰਿ ਖਰੇ ਕਬੀਰ॥***
***ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥***
***ਚਰਨ ਕਮਲ ਚਿਤੁ ਰਹਿਓ ਸਮਾਇ॥***
***ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥***
***ਮ੍ਰਿਗਛਾਲਾ ਪਰ ਬੈਠੇ ਕਬੀਰ॥***
***ਕਹਿ ਕੰਬੀਰ ਕੋਊ ਸੰਗ ਨ ਸਾਥ॥***
***ਜਲ ਥਲ ਰਾਖਨ ਹੈ ਰਘੁਨਾਥ॥*** ***ਪੰਨਾ - 1162***

ਪ੍ਰਹਿਲਾਦ ਨੂੰ ਪਾਣੀ ਵਿਚ ਡੋਬਿਆ ਗਿਆ, ਤੱਤੇ ਥੰਮ੍ਹ ਨਾਲ ਜੱਫੀ ਪਾਉਣ ਲਈ ਕਿਹਾ ਗਿਆ ਪਰ ਬੱਚਾ ਡਰਦਾ ਨਹੀਂ, ਕਿਉਂਕਿ ਨਿਰਭਉ ਨੂੰ ਜਪਣ ਨਾਲ ਸਾਰੇ ਭੈ ਖਤਮ ਹੋ ਜਾਂਦੇ ਹਨ। ਮਹਾਰਾਜ ਫੁਰਮਾਨ ਕਰਦੇ ਹਨ ਕਿ ਮਰਦਾਨਿਆਂ! ਤੇਰੇ ਅੰਦਰ ਡਰ ਕਿਥੋਂ ਆ ਗਿਆ? ਹਰ ਘਟ ਦੇ ਅੰਦਰ ਵਾਹਿਗੁਰੂ ਦਾ ਵਾਸਾ ਹੈ ਉਸ ਦੀ ਪਛਾਣ ਰੱਖ ਜਿਸ ਤਰ੍ਹਾਂ ਕਿ ਫੁਰਮਾਨ ਹੈ -

***ਓਹੁ ਅਬਿਨਾਸੀ ਰਾਇਆ॥***
***ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ॥*** ***ਪੰਨਾ - 206***

ਜਦੋਂ ਨਿਸ਼ਚੇ ਪੂਰਵਕ ਅੰਦਰ ਸਮਾਇਆ ਹੋਵੇ ਕਿ ਵਾਹਿਗੁਰੂ ਜੀ ਮੇਰੇ ਨਾਲ ਹਨ ਜਦੋਂ ਦੇਖਦਾ ਹੈ ਕਿ ਹਰ ਪਾਸੇ ਵਾਹਿਗੁਰੂ ਜੀ ਮੇਰੇ ਨਾਲ ਹਨ ਤਾਂ ਫਿਰ ਡਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਪਰ ਹੁੰਦਾ ਇਹ ਹੈ ਕਿ ਅਸੀਂ ਵਾਹਿਗੁਰੂ ਜੀ ਨੂੰ ਬੁੱਝਿਆ ਤਾਂ ਹੈ ਨਹੀਂ ਕਿ ਵਾਹਿਗੁਰੂ ਮੇਰੇ ਅੰਦਰ ਬਾਹਰ ਹੈ ਪਰ ਅਕਲ ਦੇ ਨਾਲ ਬੁੱਝਿਆ ਹੈ ਜਿਵੇਂ ਕਿ ਫੁਰਮਾਨ ਹੈ -

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***

*ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਪ੍ਰਤੱਖ ਰੂਪ ਨਾਲ ਤਾਂ ਸਮਝਣਾ ਨਾ, ਪਰ ਇਸ ਨੂੰ ਬੁੱਧੀ ਮੰਡਲ ਦੇ ਬਲ ਕਰਕੇ ਸਮਝ ਲਿਆ ਕਿ ਵਾਹਿਗੁਰੂ ਮੇਰੇ ਨਾਲ ਹੈ। ਪਰ ਨਿਸ਼ਚੇਪੂਰਵਕ ਨਹੀਂ ਮੰਨਿਆ, ਬੌਧਿਕ ਰੂਪ ਵਿਚ ਪ੍ਰਮੇਸ਼ਰ ਨੂੰ ਮੰਨ ਲੈਣਾ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥* *ਪੰਨਾ – 677*

ਇਸ ਨੂੰ ਮੰਨ ਲੈਣਾ ਕਿ ਹਰ ਥਾਂ ਦੇ ਉਤੇ ਵਾਹਿਗੁਰੂ ਹੈ। ਇਸ ਗੱਲ ਦੇ ਉਤੇ ਵੀ ਨਿਸ਼ਚਾ ਲੈ ਆਉਣਾ ਕਿ –

*ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥*
*ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥*
*ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ॥*
*ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥*
*ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥*
*ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ॥*
*ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ॥*
*ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ॥*
*ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ॥* *ਪੰਨਾ – 23*

ਇਹ ਮਿਥਿਆ ਗਿਆਨ ਦੀਆਂ ਅਵਸਥਾਂ ਹਨ ਇਸ ਨੂੰ ਸਤਿ ਗਿਆਨ ਨਹੀਂ ਕਿਹਾ ਜਾਂਦਾ ਕਿਉਂਕਿ ਸਤਿ ਦਾ ਅੰਦਰੋਂ ਗਿਆਨ ਨਹੀਂ, ਅਸੀਂ ਜਿਥੇ ਖੜ੍ਹੇ ਹਾਂ ਉਥੇ ਹੀ ਖੜ੍ਹੇ ਹਾਂ। ਇਸ ਗੱਲ ਨੂੰ ਅਸੀਂ ਨਿਸ਼ਚੇਪੂਰਵਕ ਮੰਨਣ ਨੂੰ ਤਿਆਰ ਨਹੀਂ ਕਿ ਜਲਾਂ ਥਲਾਂ ਵਿਚ ਵਾਹਿਗੁਰੂ ਹੈ। ਜੇ ਮੰਨਿਆ ਸੀ ਤਾਂ ਕਬੀਰ ਸਾਹਿਬ, ਨਾਮਦੇਵ ਜੀ, ਰਵਿਦਾਸ ਜੀ ਨੇ ਮੰਨਿਆ ਸੀ। ਇਹ ਜਾਨਣਾ ਬੁੱਧੀ ਮੰਡਲ ਦਾ ਕੰਮ ਹੁੰਦਾ ਹੈ ਕਿ ਵਾਹਿਗੁਰੂ ਜੀ ਸਾਰੇ ਪਰੀਪੂਰਨ ਹਨ। ਇਸ ਨੂੰ ਬੁੱਝਣਾ ਨਹੀਂ ਕਿਹਾ ਜਾਂਦਾ।

ਇਕ ਉਦਾਹਰਣ ਦੇ ਨਾਲ ਗੱਲ ਸਮਝ ਆ ਜਾਵੇਗੀ। ਸਾਨੂੰ ਪੱਕੀ ਤਰ੍ਹਾਂ ਪਤਾ ਹੈ ਕਿ ਧਰਤੀ ਵਿਚ ਪਾਣੀ ਹੈ। ਕੋਈ ਆਦਮੀ ਮਾਰੂਥਲ ਵਿਚ ਚਲਿਆ ਜਾ ਰਿਹਾ ਹੈ। ਉਸ ਨੂੰ ਪਤਾ ਹੈ ਕਿ ਤਿੰਨ ਫੁੱਟ ਪੁਟਿਆਂ ਤੇ ਪਾਣੀ ਨਿਕਲ ਆਵੇਗਾ। ਉਹ ਪਿਆਸ ਨਾਲ ਬਿਹਬਲ ਹੋ ਰਿਹਾ ਹੈ ਉਹ ਕੇਵਲ ਜਾਣਦਾ ਹੈ ਪਰ ਉਸ ਦੇ ਅਨੁਭਵ ਵਿਚ ਸਮਾਈ ਹੋਈ ਬਾਤ ਨਹੀਂ। ਜਿਸ ਤਰ੍ਹਾਂ ਅਸੀਂ ਧਰਤੀ ਵਿਚੋਂ ਪਾਣੀ ਕੱਢਦੇ ਹਾਂ ਫੇਰ ਪਾਣੀ ਹਾਂਡੇ ਲਾ ਕੇ ਫਿਲਟਰ ਲਾਉਂਦੇ ਹਾਂ, reflex volve ਲਾਉਂਦੇ ਹਾਂ, ਮੋਟਰ ਫਿੱਟ ਕਰਕੇ ਅਸੀਂ ਬਟਨ ਦਬਾਂਦੇ ਹਾਂ, ਫੇਰ ਪਾਣੀ ਪਿਛੇ ਨਹੀਂ ਹਟਦਾ reflex volve ਤਕ ਭਰਿਆ ਰਹਿੰਦਾ ਹੈ, ਜਦੋਂ ਜੀਅ ਚਾਹੇ, ਪਾਣੀ ਪ੍ਰਾਪਤ ਹੋ ਸਕਦਾ ਹੈ।

ਇਹ ਦੋ ਤਰ੍ਹਾਂ ਦੀਆਂ ਚੀਜ਼ਾਂ ਹਨ ਇਕ ਜਾਣੀ ਹੋਈ ਚੀਜ਼ ਹੈ। ਇਕ ਤਾਂ ਇਸ ਤਰ੍ਹਾਂ ਜਾਣ ਲਿਆ ਕਿ –

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥* *ਜਾਪੁ ਸਾਹਿਬ*

ਪਰ ਉਸ ਨਾਲ ਕੋਈ ਪਿਆਰ ਨਹੀਂ ਪਿਆ ਕਰਦਾ। ਸੋ ਇਹ ਕੇਵਲ ਜਾਨਣਾ ਹੀ ਹੈ ਇਹ ਬੁੱਧੀ

ਮੰਡਲ ਦੀ ਚੀਜ਼ ਹੈ। ਇਕ ਪ੍ਰਤੱਖ ਰੂਪ ਵਿਚ ਪ੍ਰਮੇਸ਼ਰ ਨੂੰ ਦੇਖ ਲਿਆ ਕਿਉਂਕਿ ਉਹ ਤਾਂ ਹੈ ਹੀ ਪਰੀਪੂਰਨ। ਸੋ ਇਸ ਤਰ੍ਹਾਂ ਨਾਲ ਡਰ ਦਾ ਸਵਾਲ ਹੈ ਜਿਸ ਨੇ ਹਰ ਚੀਜ਼ ਅੰਦਰ ਪ੍ਰਮੇਸ਼ਰ ਦੇਖ ਲਿਆ ਉਸ ਨੂੰ ਫੇਰ ਕੋਈ ਡਰ ਨਹੀਂ। ਇਸੇ ਤਰ੍ਹਾਂ ਕਬੀਰ ਸਾਹਿਬ ਨੂੰ ਹਾਥੀ ਅੱਗੇ ਬੰਨ੍ਹ ਕੇ ਸੁੱਟਿਆ ਜਾਂਦਾ ਹੈ। ਹਾਥੀ ਵਿਚ ਵੀ ਉਹ ਪ੍ਰਮੇਸ਼ਰ ਨੂੰ ਦੇਖਦੇ ਹਨ। ਉਨ੍ਹਾਂ ਨੇ ਆਪਣੀ ਬਾਣੀ ਵਿਚ ਲਿਖਿਆ ਹੈ –

***ਭੁਜਾ ਬਾਂਧਿ ਭਿਲਾ ਕਰਿ ਡਾਰਿਓ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥***
***ਹਸਤਿ ਭਾਗਿ ਕੈ ਚੀਸਾ ਮਾਰੈ॥ ਇਆ ਮੂਰਤਿ ਕੈ ਹਉ ਬਲਿਹਾਰੈ॥***
***ਆਹਿ ਮੇਰੇ ਠਾਕੁਰ ਤੁਮਰਾ ਜੋਰੁ॥ ਕਾਜੀ ਬਕਿਬੋ ਹਸਤੀ ਤੋਰੁ॥***
***ਰੇ ਮਹਾਵਤ ਤੁਝੁ ਡਾਰਉ ਕਾਟਿ॥ ਇਸਹਿ ਤੁਰਾਵਹੁ ਘਾਲਹੁ ਸਾਟਿ॥***
***ਹਸਤਿ ਨ ਤੋਰੈ ਧਰੈ ਧਿਆਨੁ॥ ਵਾ ਕੈ ਰਿਦੈ ਬਸੈ ਭਗਵਾਨੁ॥***
***ਕਿਆ ਅਪਰਾਧੁ ਸੰਤ ਹੈ ਕੀਨਾ॥ ਬਾਂਧਿ ਪੋਟ ਕੁੰਚਰ ਕਉ ਦੀਨਾ॥***
***ਕੁੰਚਰੁ ਪੋਟ ਲੈ ਲੈ ਨਮਸਕਾਰੈ॥ ਬੂਝੀ ਨਹੀ ਕਾਜੀ ਅੰਧਿਆਰੈ॥***
***ਤੀਨਿ ਬਾਰ ਪਤੀਆ ਭਰਿ ਲੀਨਾ॥ ਮਨ ਕਠੋਰੁ ਅਜਹੂ ਨ ਪਤੀਨਾ॥***
***ਕਹਿ ਕਬੀਰ ਹਮਰਾ ਗੋਬਿੰਦੁ॥ ਚਉਥੇ ਪਦਮ ਮਹਿ ਜਨ ਕੀ ਜਿੰਦੁ॥***

***ਪੰਨਾ – 871***

ਇਸ ਵਿਚ ਕਬੀਰ ਸਾਹਿਬ ਹਾਥੀ ਨੂੰ ਵੇਖਣ ਦੀ ਥਾਂ ਪ੍ਰਮੇਸ਼ਰ ਨੂੰ ਦੇਖ ਰਹੇ ਹਨ ਕਿ ਹੇ ਮੇਰੇ ਪ੍ਰਮੇਸ਼ਰ! ਮੈਨੂੰ ਤੇਰਾ ਆਸਰਾ ਹੈ। ਸੋ ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਮਰਦਾਨਿਆ! ਆਪਾਂ ਨਿਰੰਕਾਰ ਦੇ ਚਾਕਰ ਹਾਂ, ਡਰਨ ਦੀ ਕੋਈ ਗੱਲ ਨਹੀਂ। ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੇਰੀ ਸੰਗਤ ਕਰਕੇ ਤਾਂ ਮੈਂ ਵੀ ਜਾਣ ਗਿਆ ਹਾਂ ਕਿ ਵਾਹਿਗੁਰੂ ਹਰ ਥਾਂ ਹੈ ਪਰ ਲੋਕਾਂ ਵਿਚ ਆਮ ਪ੍ਰਚਲਤ ਹੈ ਕਿ ਦੱਸੋ ਘਸੁੰਨ ਨੇੜੇ ਹੈ ਕਿ ਵਾਹਿਗੁਰੂ। ਘਸੁੰਨ ਤਾਂ ਸਾਮ੍ਹਣੇ ਨਜ਼ਰ ਆ ਰਿਹਾ ਹੈ। ਅਜੇ ਗੱਲ ਕਰਦੇ ਹੀ ਸੀ ਕਿ ਅਚਾਨਕ ਧਰਤੀ ਤੇ ਅੱਗ ਦੇ ਭਾਂਬੜ ਮਚਣੇ ਸ਼ੁਰੂ ਹੋ ਗਏ। ਗੁਰੂ ਮਹਾਰਾਜ ਨੇ ਕਿਹਾ ਕਿ ਮਰਦਾਨਿਆ! ਘਬਰਾ ਨਾ। ਥੋੜ੍ਹੀ ਦੇਰ ਬਾਅਦ ਵੱਡੇ ਵੱਡੇ ਗੜੇ ਪੈਣੇ ਸ਼ੁਰੂ ਹੋ ਗਏ। ਮਰਦਾਨੇ ਨੇ ਕਿਹਾ ਕਿ ਸੱਚੇ ਪਾਤਸ਼ਾਹ! ਬਾਕੀਆਂ ਤੋਂ ਬਚ ਗਏ ਪਰ ਹੁਣ ਜੇ ਇਕ ਗੜਾ ਵੀ ਸਰੀਰ ਤੇ ਲਗ ਗਿਆ ਫੇਰ ਤਾਂ ਮਰ ਜਾਵਾਂਗੇ। ਮਹਾਰਾਜ ਨੇ ਕਿਹਾ ਕਿ ਮਰਦਾਨਿਆਂ! ਵਾਹਿਗੁਰੂ ਕਹਿ ਕੇ ਕਾਰ ਕੱਢ ਲੈ। ਮਰਦਾਨੇ ਨੇ ਕਾਰ ਕੱਢ ਦਿਤੀ, ਕੋਈ ਗੜਾ ਅੰਦਰ ਨਹੀਂ ਆਇਆ, ਬਾਹਰ ਹੀ ਗਿਰਦੇ ਨੇ। ਕੀ ਦੇਖਦੇ ਹਨ ਕਿ ਇਕ ਬਹੁਤ ਹੀ ਵੱਡੇ ਵੱਡੇ ਦੰਦਾਂ ਵਾਲਾ, ਭਿਆਨਕ ਮੂੰਹ ਵਾਲਾ ਬੰਦਾ ਨਗਨ ਤੁਰਿਆ ਆ ਰਿਹਾ ਹੈ। ਉਸ ਨੂੰ ਦੇਖ ਕੇ ਮਰਦਾਨਾ ਫੇਰ ਭੈ ਭੀਤ ਹੋ ਗਿਆ। ਕਹਿਣ ਲੱਗਿਆ ਕਿ ਪਾਤਸ਼ਾਹ ਪਹਿਲਾਂ ਤਾਂ ਬਚ ਰਹੇ, ਇਹ ਦੈਂਤ ਤਾਂ ਖਾਣ ਵਾਸਤੇ ਹੀ ਆ ਰਿਹਾ ਹੈ। ਆਪ ਨੇ ਕਿਹਾ ਕਿ ਮਰਦਾਨਿਆ! ਇਹ ਆਪਣੇ ਨੇੜੇ ਨਹੀਂ ਆਏਗਾ, ਪਰ੍ਹੇ ਹੀ ਰਹੇਗਾ –

***ਗੁਰੂ ਭਨੈ ਇਹ ਹੈ ਕਿਛੁ ਨਾਂਹੀ।***
***ਨਿਕਟ ਨ ਆਵੈ ਜਾਇ ਪਰਾਹੀ।***
***ਵਾਹਿਗੁਰੂ ਕਹਿ ਧੀਰਜ ਕਰੀਏ।***
***ਕਿਹ ਤੇ ਤਨਕ ਨ ਤ੍ਰਾਸ ਬਿਚਰੀਏ॥੩੧॥ ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 851***

ਕਲਜੁਗ ਨੇ ਅਗਨ ਦਾ ਰੂਪ ਧਾਰਿਆ ਹੈ, ਉਸ ਵਿਚੋਂ ਧੂੰਆਂ ਉਠ ਰਿਹਾ ਹੈ। ਮਰਦਾਨਾ ਭੈ-ਮਾਨ ਹੋਇਆ ਦੇਖਦਾ ਹੈ। ਕਈ ਰੂਪ ਧਾਰੇ, ਅੱਗ ਦਾ ਰੂਪ ਧਾਰਿਆ, ਬਹੁਤ ਤਰੀਕਿਆਂ ਨਾਲ ਗੁਰੂ ਮਹਾਰਾਜ ਨੂੰ ਪਰਖ ਰਿਹਾ ਹੈ। ਬਿਜਲੀ ਬਹੁਤ ਹੀ ਜ਼ੋਰ ਨਾਲ ਕੜ ਕੜਾ ਕੇ ਚਮਕ ਰਹੀ ਹੈ। ਗੜੇ ਬਰਸਾ ਰਿਹਾ ਹੈ – ਪੱਥਰਾਂ ਵਰਗੇ। ਗੁਰੂ ਮਹਾਰਾਜ ਜੀ ਆਰਾਮ ਨਾਲ ਬੈਠੇ ਹਨ। ਮਰਦਾਨੇ ਨੇ ਮੁਖ ਉਤੇ ਕਪੜਾ ਲਿਆ ਹੋਇਆ ਹੈ, ਉਹ ਗੁਰੂ ਮਹਾਰਾਜ ਦੇ ਨੇੜੇ ਨਹੀਂ ਜਾ ਸਕਦਾ ਜਿਵੇਂ ਕਿ ਲਿਖਿਆ ਹੈ –

***ਧਰਿ ਧੀਰਜ ਗੁਰ ਤਹਾਂ ਸੁਹਾਏ।***

*ਨਿਕਟ ਕਛੂ ਛੁਹਿਨਾ ਨਹਿੰ ਪਾਏ।*
*ਤਬਿ ਕਲਿਜੁਗ ਨੈ ਨਿਸ਼ਚੈ ਜਾਨੀ।*
*ਹੈ ਅਵਤਾਰ ਰੂਪ ਗੁਨ ਖਾਨੀ॥੩੫॥* *ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 851*

ਉਸ ਵੇਲੇ ਕਲਜੁਗ ਨੂੰ ਨਿਸ਼ਚਾ ਹੋ ਗਿਆ ਕਿ ਇਹ ਤਾਂ ਮੇਰੇ ਜੁਗ ਵਿਚ ਅਵਤਾਰ ਆਏ ਹੋਏ ਹਨ। ਉਸ ਵੇਲੇ ਮਨੁੱਖ ਦਾ ਰੂਪ ਧਾਰ ਕੇ ਆ ਰਿਹਾ ਹੈ ਅਤੇ ਅੰਦਰੋਂ ਅੱਗ ਦੀਆਂ ਲਾਟਾਂ ਕੱਢ ਰਿਹਾ ਹੈ। ਉਸ ਵੇਲੇ ਦੇ ਰੂਪ ਬਾਰੇ ਲਿਖਿਆ ਹੈ -

*ਮਾਨੁਖ ਰੂਪ ਧਾਰਿ ਪੁਨ ਆਯੋ।*
*ਅਧਿਕ ਬਦਨ ਤੇ ਅਗਨਿ ਬਮਾਯੋ।*
*ਦੇਹਿ ਕੰਚਕੀ ਜਾਂਹਿ ਸਵਾਰੀ।*
*ਏਕ ਹਾਥ ਮੈਂ ਜਿਹਵਾ ਧਾਰੀ॥੩੬॥*
*ਗਹਯੋ ਲਿੰਗ ਕੋ ਦੂਸਰ ਹਾਥਾ।*
*ਆਵਾ ਸਨਮੁਖ ਜਹਿੰ ਜਗਨਾਥਾ।*
*ਬਿਗਸਤਿ ਮੁਖ ਤੇ ਕਹਿ ਸੁਖਰਾਸਾ।*
*'ਮਰਦਾਨੇ! ਉਠਿ ਦੇਖਿ ਤਮਾਸ਼ਾ॥੩੭॥* *ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 851*

ਉਸ ਵੇਲੇ ਮਹਾਰਾਜ ਜੀ ਨੇ ਕਿਹਾ ਕਿ ਮਰਦਾਨਿਆਂ! ਉਠ, ਤਮਾਸ਼ਾ ਦੇਖ, ਸਾਵਧਾਨ ਹੋ ਕੇ ਧੀਰਜ ਧਰ, ਤੈਨੂੰ ਕੋਈ ਡਰ ਨਹੀਂ ਹੈ। ਕਲਜੁਗ ਨੇ ਹੱਥ ਜੋੜ ਕੇ ਪ੍ਰਾਥਨਾ ਕਰੀ ਅਤੇ ਭੁੱਲ ਦੀ ਖਿਮਾ ਮੰਗੀ ਕਿ ਮੈਂ ਆਪ ਦੀ ਮਹਿਮਾ ਨੂੰ ਜਾਣ ਨਹੀਂ ਸਕਿਆ। ਮੈਂ ਕਲਜੁਗੀ ਆਦਮੀਆਂ ਦੇ ਲੱਛਣ ਦੱਸੇ ਹਨ ਇਸ ਕਰਕੇ ਮੈਂ ਅਜਿਹਾ ਰੂਪ ਧਾਰਨ ਕਰਿਆ। ਇਹ ਸਾਰਾ ਸੰਸਾਰ ਇਨ੍ਹਾਂ ਦੋ ਇੰਦ੍ਰਿਆਂ ਵਿਚ ਲਿਪਤ ਹੋ ਜਾਵੇਗਾ। ਮੈਂ ਨਿਡਰ ਹੋ ਕੇ ਤੁਹਾਡੇ ਨਾਲ ਛਲ ਕੀਤਾ ਹੈ, ਮੈਨੂੰ ਖਿਮਾ ਕਰੋ। ਜਦੋਂ ਮਹਾਰਾਜ ਜੀ ਨੇ ਪੁਛਿਆ ਕਿ ਤੂੰ ਕੌਣ ਹੈਂ ਤਾਂ ਉਸ ਨੇ ਕਿਹਾ ਕਿ ਮੇਰਾ ਨਾਮ ਕਲਜੁਗ ਹੈ। ਮੈਂ ਇਸ ਸਮੇਂ ਦਾ ਰਾਜਾ ਹਾਂ। ਪਹਿਲੇ ਸਮੇਂ ਮੇਰੇ ਭਰਾ ਰਾਜੇ ਸਨ, ਸਭ ਤੋਂ ਵੱਡਾ ਭਰਾ ਸਤਿਜੁਗ ਹੈ ਉਸ ਨੇ 17,28,000 ਸਾਲ ਆਪਣਾ ਅਸਰ ਰੱਖਿਆ। ਦੂਸਰਾ ਤ੍ਰੇਤਾ ਸੀ, ਜਿਸ ਨੇ ਮਾਨਵ ਉਪਰ 12,96,000 ਸਾਲ ਅਸਰ ਪਾਇਆ, ਛੋਟਾ ਦੁਆਪਰ 8,64,000 ਸਾਲ ਦੀ ਉਮਰ ਵਾਲਾ ਸੀ। ਪਾਤਸ਼ਾਹ ਮੇਰੀ ਉਮਰ ਵੀ ਥੋੜ੍ਹੀ ਹੈ - 4,32,000 ਸਾਲ ਦੀ। ਹੁਣ ਮੇਰਾ ਰਾਜ ਹੈ, ਮੇਰਾ ਜ਼ੋਰ ਹੈ। ਉਸ ਵੇਲੇ ਆਪ ਨੇ ਪੁਛਿਆ ਕਿ ਤੂੰ ਆਪਣੇ ਰਾਜ ਵਿਚ ਕੀ ਕਰੇਂਗਾ? ਕਹਿਣ ਲੱਗਿਆ, ਮਹਾਰਾਜ! ਮੇਰੇ ਜੁਗ ਦੇ ਅੰਦਰ ਭੂਤਾਂ ਪ੍ਰੇਤਾਂ ਦਾ ਜਨਮ ਹੋਵੇਗਾ ਜਿਵੇਂ ਕਿ ਬਾਣੀ ਵਿਚ ਫੁਰਮਾਨ ਆਉਂਦਾ ਹੈ -

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥*
*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥* *ਪੰਨਾ - 556*

ਸਤਿਜੁਗ ਵਿਚ ਪਰਮ ਹੰਸ ਗਿਆਨਵਾਨ ਪੁਰਸ਼ ਵਸਦੇ ਸਨ, ਦੁਆਪਰ ਅਤੇ ਤ੍ਰੇਤੇ ਵਿਚ ਇਸ ਧਰਤੀ ਉਪਰ ਮਨੁੱਖ ਵਸਦੇ ਸਨ ਪਰ ਮੇਰੇ ਰਾਜ ਵਿਚ ਤਾਂ ਪ੍ਰੇਤਾਂ ਦਾ ਵਾਸਾ ਹੈ।

ਇਸ ਦੇ ਬਾਰੇ ਸਾਖੀ ਆਉਂਦੀ ਹੈ ਕਿ ਰਾਜਾ ਜਨਕ ਜਦੋਂ ਧਰਮਰਾਜ ਦੀ ਪੁਰੀ ਵਿਚ ਪਹੁੰਚਿਆ, ਉਸ ਵੇਲੇ ਉਹ ਸਾਰੇ ਦੇਵਤਿਆਂ ਦੀ ਸਭਾ ਵਿਚ ਜਾ ਰਿਹਾ ਸੀ ਪਰ ਜਮਪੁਰੀ ਵਿਚ ਜਾ ਕੇ ਜੀਵਾਂ ਦੀ ਹਾਏ ਪੁਕਾਰ ਸੁਣੀ ਜਿਵੇਂ ਕਿ ਫੁਰਮਾਨ ਹੈ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥* *ਪੰਨਾ - 1425*

ਉਸ ਨੇ ਧਰਮਰਾਜ ਨੂੰ ਕਿਹਾ ਕਿ ਇਨ੍ਹਾਂ ਪੁਰਸ਼ਾਂ ਨੂੰ ਛੱਡ ਦੇਵੋ। ਉਸ ਵੇਲੇ ਧਰਮਰਾਜ ਨੇ ਕਿਹਾ ਮੈਂ

ਨਿਰੰਕਾਰ ਦਾ ਚਾਕਰ ਹਾਂ, ਮੇਰੇ ਵਸ ਵਿਚ ਨਹੀਂ - ਕਿਸੇ ਨੂੰ ਨਰਕ ਵਿਚ ਰੱਖਣਾ, ਕਿਸੇ ਨੂੰ ਨਰਕਾਂ ਵਿਚੋਂ ਛੱਡ ਦੇਣਾ। ਉਸ ਵੇਲੇ ਰਾਜਾ ਜਨਕ ਨੇ ਨਾਮ ਦਾ ਮਹਾਤਮ ਦਸਦਿਆਂ ਹੋਇਆਂ ਨਾਮ ਗਹਿਣੇ ਧਰ ਕੇ ਸਾਰੇ ਨਰਕ ਖਾਲੀ ਕਰਾ ਦਿਤੇ। ਇਸ ਤਰ੍ਹਾਂ ਲਿਖਿਆ ਹੈ ਕਿ ਨਾਮ ਦੇ ਮੁਕਾਬਲੇ ਸਾਰੇ ਪਾਪ ਪਾਸਕੂ ਬਣ ਗਏ -

*ਭਗਤੁ ਵਡਾ ਰਾਜਾ ਜਨਕੁ ਹੈ ਗੁਰਮਖਿ ਮਾਇਆ ਵਿਚਿ ਉਦਾਸੀ॥*
*ਦੇਵ ਲੋਕ ਨੋ ਚਲਿਆ ਗਣ ਗੰਧਰਬ ਸਭਾ ਸੁਖਵਾਸੀ॥*
*ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ ਜੀਅ ਨਰਕ ਨਿਵਾਸੀ॥*
*ਧਰਮਰਾਇ ਨੋ ਆਖਿਓਨੁ ਸਭਨਾਂ ਦੀ ਕਰਿ ਬੰਦ ਖਲਾਸੀ॥*
*ਕਰੇ ਬੇਨਤੀ ਧਰਮਰਾਇ ਹਉ ਸੇਵਕ ਠਾਕੁਰੁ ਅਬਿਨਾਸੀ॥*
*ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੈ ਨਿਰਜਾਸੀ॥*
*ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ॥*
*ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁ ਸਿਲਕ ਜਮ ਫਾਸੀ॥*
*ਮੁਕਤਿ ਜੁਗਤਿ ਨਾਵੈ ਦੀ ਦਾਸੀ॥ ਭਾਈ ਗੁਰਦਾਸ ਜੀ, ਵਾਰ 10/5*

ਕਲਜੁਗ ਨੇ ਬੇਨਤੀ ਕਰੀ, ਪਾਤਸ਼ਾਹ! ਉਹ ਜੀਵ ਨਰਕਾਂ ਤੋਂ ਤਾਂ ਛੁਟ ਗਏ ਪਰ ਉਨ੍ਹਾਂ ਨੂੰ ਕਿਸੇ ਭੀ ਦੇਵ ਮੰਡਲ ਵਿਚ ਕੋਈ ਥਾਂ ਨਾ ਮਿਲਿਆ। ਤ੍ਰੇਤੇ ਜੁਗ ਦਾ ਸਮਾਂ ਸੀ। ਤ੍ਰੇਤੇ ਨੂੰ ਕਿਹਾ ਗਿਆ ਪਰ ਉਸ ਨੇ ਇਨ੍ਹਾਂ ਜੀਵਾਂ ਨੂੰ ਆਪਣੇ ਜੁਗ ਵਿਚ ਜਨਮ ਲੈਣ ਦੀ ਆਗਿਆ ਨਾ ਦਿਤੀ। ਦੁਆਪਰ ਜੁਗ ਨੇ ਵੀ ਨਾਂਹ ਕਰ ਦਿਤੀ। ਹੇ ਨਾਨਕ ਜੀ! ਰਾਜਾ ਜਨਕ ਨੇ ਮੈਨੂੰ ਕਿਹਾ ਤੇ ਮੈਂ ਬੜੀ ਖੁਸ਼ੀ ਨਾਲ ਪ੍ਰਵਾਨ ਕਰ ਲਿਆ ਕਿ ਮੈਨੂੰ ਤਾਂ ਇਨ੍ਹਾਂ ਭੂਤਾਂ ਪ੍ਰੇਤਾਂ ਵਰਗੇ ਬੰਦਿਆਂ ਦੀ ਲੋੜ ਹੈ। ਸੋ ਮੇਰੀ ਡਿਊਟੀ ਲੱਗੀ ਹੋਈ ਹੈ। ਸੋ ਇਸ ਕਰਕੇ ਮੇਰੇ ਜੁਗ ਦੇ ਅੰਦਰ ਪ੍ਰੇਤ ਹੀ ਆ ਰਹੇ ਹਨ। ਗੁਰੂ ਮਹਾਰਾਜ ਜੀ ਨੇ ਵੀ ਫੁਰਮਾਨ ਕੀਤਾ ਹੈ -

*ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ*
*ਸਤਜੁਗਿ ਪਰਮ ਹੰਸ ਬੀਚਾਰੀ॥*
*ਦੁਆਪੁਰਿ ਤ੍ਰੇਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ॥ ਪੰਨਾ - 1131*

ਹੇ ਗੁਰੂ ਨਾਨਕ ਪਾਤਸ਼ਾਹ! ਮੈਂ ਆਪਣੇ ਜੁਗ ਦੇ ਅੰਦਰ ਸਾਰੇ ਕਰਮਾਂ ਧਰਮਾਂ ਦਾ ਫਲ ਨਸ਼ਟ ਕਰ ਦਿਤਾ ਹੈ। ਮੇਰੇ ਜੁਗ ਦੇ ਅੰਦਰ ਇਸਤ੍ਰੀ ਪੁਰਖ ਦਾ ਪਿਆਰ ਕੇਵਲ ਕਾਮ ਪੂਰਤੀ ਲਈ ਹੀ ਹੋਵੇਗਾ। ਸੰਸਾਰ ਅਧਰਮ ਨੂੰ ਧਰਮ ਦਾ ਨਾਮ ਦੇਵੇਗਾ। ਵੱਖਰੇ ਵੱਖਰੇ ਮਤ ਧਰਮ ਦੇ ਨਾਮ ਉਪਰ ਆਪਸ ਵਿਚ ਲੜਾਈਆਂ ਕਰਨਗੇ। ਬਾਦਸ਼ਾਹ ਅਨਿਆਈ ਹੋਣਗੇ, ਲੁਟੇਰੇ ਹੋਣਗੇ। ਜਿਵੇਂ ਵਾੜ ਖੇਤ ਨੂੰ ਖਾਂਦੀ ਹੈ ਇਵੇਂ ਆਪਣੀ ਪਰਜਾ ਦਾ ਭਲਾ ਕਰਨ ਦੀ ਥਾਂ ਜੋ ਮਾਇਆ ਉਨ੍ਹਾਂ ਨੂੰ ਪ੍ਰਾਪਤ ਹੋਵੇਗੀ ਉਹ ਆਪ ਹੀ ਖਾ ਜਾਣਗੇ। ਇਨਸਾਫ ਵਿਚ ਰਿਸ਼ਵਤ ਪ੍ਰਵੇਸ਼ ਕਰ ਜਾਵੇਗੀ। ਵੱਢੀ ਲੈ ਕੇ ਬੇਇਨਸਾਫੀ ਚਲਦੀ ਰਹੇਗੀ। ਮੇਰੇ ਜੁਗ ਦੇ ਅੰਦਰ ਮਾਇਆ ਦੀ ਐਨੀ ਚਮਕ ਦਮਕ ਹੋਵੇਗੀ ਕਿ ਕਿਸੇ ਨੂੰ ਭਜਨ ਕਰਨ ਦਾ ਸਮਾਂ ਹੀ ਨਹੀਂ ਮਿਲੇਗਾ। ਆਪ ਜੀ ਦੇ ਚਰਨਾਂ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਮੇਰੇ ਰਾਜ ਦੇ ਅੰਦਰ ਝੂਠ ਰੂਪੀ ਸੂਰਮਾ ਹੋਵੇਗਾ ਅਤੇ ਇਹ ਸਭ ਦੇ ਅਗਾੜੀ ਚੱਲੇਗਾ। ਮੋਹ ਨਾਮ ਦਾ ਰਾਜਾ ਹੋਵੇਗਾ ਜਿਸ ਦਾ ਸੈਨਾਪਤੀ ਹਿੰਸਾ ਹੋਵੇਗਾ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਹ ਸਭ ਯੋਧੇ ਹੋਣਗੇ ਜਿਹੜੇ ਹਾਥੀਆਂ ਉਪਰ ਸਵਾਰੀ ਕਰਨਗੇ। ਈਰਖਾ, ਨਿੰਦਿਆ, ਧਾੜੇ ਮਾਰਨੇ, ਚੋਰੀਆਂ ਕਰਨੀਆਂ ਇਹ ਰਥਾਂ ਤੇ ਸਵਾਰ ਹੋਣਗੇ। ਆਲਸ, ਸ਼ਰਾਬ ਪੀਣੀ ਇਹ ਘੋੜ ਚੜ੍ਹੇ ਹੋਣਗੇ, ਦੁਰਾਚਾਰ ਵੀ ਘੋੜਿਆਂ ਦੀ ਫੌਜ ਹੋਵੇਗਾ। ਵਿਸ਼ਿਆਂ ਦੀ ਮਮਤਾ, ਆਸ਼ਾਵਾਂ ਵਿਚ ਜਨਮ ਬਰਬਾਦ ਕਰਨਾ ਇਹ ਪੈਦਲ ਫੌਜ ਹੋਵੇਗੀ। ਇਹ ਮੇਰੀ ਚਿਤਰੰਗਣ ਫੌਜ ਜਿਧਰ ਰੁਖ ਕਰੇਗੀ, ਨਾਸ਼ ਕਰਦੀ ਚਲੀ ਜਾਵੇਗੀ, ਕ੍ਰੋੜਾਂ ਵਿਚ ਕੋਈ ਇਕ ਅੱਧਾ ਹੋਵੇਗਾ ਜੋ ਥਿਰ ਰਹੇਗਾ। ਮੈਂ ਸੰਸਾਰ ਦੇ ਸਾਰੇ ਧਰਮਾਂ ਨੂੰ ਦ੍ਰਹਮ-ਬ੍ਰਹਮ ਕਰ ਦੇਵਾਂਗਾ। ਇਹ ਮੇਰੀ ਫੌਜ ਦਿਗਵਜਈ ਹੋਵੇਗੀ।

ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ! ਮੇਰੀ ਸਰਦਾਰੀ ਚਲੇਗੀ। ਸਾਧੂ ਸੰਤ ਪੈਸੇ ਵਾਲੇ ਹੋਣਗੇ ਅਤੇ ਅਨੇਕ ਤਰ੍ਹਾਂ ਦੇ ਦੰਭ ਕਰਕੇ ਨਾਮ ਜਪਣ ਦੀ ਥਾਂ ਪੈਸਾ ਕਮਾਉਣ ਦੀ ਚਿਤਵਨਾ ਵਿਚ ਰਹਿਣਗੇ। ਸਾਰੇ

ਕਰਮ ਧਰਮ, ਮਰਿਆਦਾਵਾਂ ਤੋੜ ਦੇਵਾਂਗਾ। ਜੇ ਕੋਈ ਤਪ ਕਰੇਗਾ ਉਸ ਦਾ ਤਪ ਸਿਰੇ ਨਹੀਂ ਚੜ੍ਹਨ ਦੇਵਾਂਗਾ। ਜੇ ਕੋਈ ਪ੍ਰਮੇਸ਼ਰ ਦਾ ਨਾਮ ਲੈਣ ਵਾਲਾ ਹੋਵੇਗਾ ਮੈਂ ਉਸ ਦੀ ਬਦਨਾਮੀ ਕਰਾਵਾਂਗਾ।

***ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥***
***ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥ ਪੰਨਾ - 902***

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਕਲਜੁਗ! ਤੂੰ ਬਹੁਤ ਵੱਡਾ ਗੁਨਹਗਾਰ ਹੋਵੇਂਗਾ ਕਿਉਂਕਿ ਕਲਜੁਗ ਦੇ ਅੰਦਰ ਜਿੰਨੇ ਜੀਵ ਆਉਣਗੇ, ਉਨ੍ਹਾਂ ਨੂੰ ਅਵੱਸ਼ ਹੀ ਨਰਕਾਂ ਵਿਚ ਜਾਣਾ ਪਵੇਗਾ। ਜਦੋਂ ਸੱਚੀ ਦਰਗਾਹ ਵਿਚ ਲੇਖਾ ਹੋਵੇਗਾ ਉਸ ਵੇਲੇ ਅਸੀਂ ਤੇਰੇ ਜੰਜੀਰਾਂ ਲਾਵਾਂਗੇ। ਜਿਸ ਤਰ੍ਹਾਂ ਕਿ ਮੁਖਵਾਕ ਹੈ -

***ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥***
***ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥ ਪੰਨਾ - 902***

ਜਦੋਂ ਅਸੀਂ ਵਿਚਾਰ ਕਰਦੇ ਹਾਂ ਤਾਂ ਇਸ ਤਰ੍ਹਾਂ ਹੀ ਪ੍ਰਤੀਤ ਦਿੰਦਾ ਹੈ ਕਿ ਕਲਜੁਗ ਦੇ ਅੰਦਰ ਮਨੁੱਖ ਪਰ ਤਨ, ਪਰ ਧਨ ਵਿਚ ਪ੍ਰਵਿਰਤ ਹੈ, ਕਿਸੇ ਨੂੰ ਪ੍ਰਮੇਸ਼ਰ ਦੀ ਸੋਝੀ ਨਹੀਂ, ਵਿਰਲੇ ਹੀ ਹਨ ਜੋ ਨਾਮ ਜਪਦੇ ਹਨ, ਨਿਗੁਰਿਆਂ ਦੀਆਂ ਧਾੜਾਂ ਦੀਆਂ ਧਾੜਾਂ ਤੁਰੀਆਂ ਫਿਰਦੀਆਂ ਹਨ। ਜੇ ਅਸੀਂ ਆਪਣੇ ਮਤ ਵਿਚ ਹੀ ਝਾਤ ਮਾਰੀਏ ਤਾਂ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਹੀ ਸਿੱਖ ਪੰਥ ਦੇ ਅਨਿਆਈ ਕਹਾਉਂਦੇ ਹਾਂ। ਸਿੱਖ, ਮੁਰੀਦ, ਚੇਲਾ ਉਦੋਂ ਹੀ ਬਣਦਾ ਹੈ ਜਦੋਂ ਵਿਧੀ ਪੂਰਵਕ ਮੁਰਸ਼ਦ ਦੀ ਸਿਖਿਆ ਤੇ ਚੱਲ ਕੇ ਉਸ ਨੂੰ ਗੁਰੂ ਧਾਰਨ ਕਰੇ। ਜਦੋਂ ਤਕ ਕਿਸੇ ਗੁਰੂ ਤੋਂ ਮੰਤਰ ਨਹੀਂ ਲਿਆ, ਓਨੀਂ ਦੇਰ ਤਕ ਉਸ ਸੰਪਰਦਾ ਨਾਲ ਤੁਹਾਡਾ ਕੋਈ ਸਬੰਧ ਨਹੀਂ ਪੈਂਦਾ ਜਿਸ ਤਰ੍ਹਾਂ ਕਿ ਨਾਮਧਾਰੀਆਂ ਦੀ ਸੰਪਰਦਾ ਤੋਂ ਨਾਮ ਲੈ ਲਿਆ ਤਾਂ ਨਾਮਧਾਰੀ ਕਹਾਉਂਦਾ ਹੈ, ਜੇ ਰਾਧਾ ਸੁਆਮੀ ਸੰਪਰਦਾ ਤੋਂ ਨਾਮ ਲੈ ਲਿਆ ਤਾਂ ਰਾਧਾ ਸੁਆਮੀ ਕਹਾਉਂਦਾ ਹੈ, ਸੰਨਿਆਸੀਆਂ ਤੋਂ ਨਾਮ ਲੈ ਕੇ ਸੰਨਿਆਸੀ, ਇਸੇ ਤਰ੍ਹਾਂ ਜੈਨੀਆਂ ਤੋਂ ਨਾਮ ਲੈ ਕੇ ਜੈਨੀ ਕਹਾਉਂਦਾ ਹੈ, ਬੋਧੀਆਂ ਤੋਂ ਨਾਮ ਲੈ ਲਵੇ ਤਾਂ ਬੋਧੀ ਕਹਾਉਂਦਾ ਹੈ। ਗੁਰੂ ਘਰ ਵਿਚ ਤਾਂ ਉਦੋਂ ਸਿੱਖ ਬਣਦਾ ਹੈ ਜਦੋਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਨਾਮ ਦੀ ਦਾਤ ਲੈ ਕੇ ਨਾਮ ਜਪਦਾ ਹੈ।

ਗੁਰੂ ਮਹਾਰਾਜ ਜਦੋਂ ਮਾਲਵੇ ਵਿਚ ਗਏ ਤਾਂ ਦਿਆਲਦਾਸ ਨਾਮ ਦਾ ਪ੍ਰੇਮੀ ਮਿਲਿਆ ਤਾਂ ਬੇਨਤੀ ਕਰਕੇ ਗੁਰੂ ਮਹਾਰਾਜ ਨੂੰ ਆਪਣੇ ਘਰ ਪ੍ਰਸ਼ਾਦੇ ਲਈ ਨਿਮੰਤਰਿਤ ਕੀਤਾ। ਗੁਰੂ ਮਹਾਰਾਜ ਜਦੋਂ ਉਥੇ ਗਏ ਤਾਂ ਘੋੜੇ ਨੂੰ ਪਿਆਸ ਲੱਗੀ ਹੋਈ ਸੀ। ਉਥੇ ਵੱਡੀ ਢਾਬ ਸੀ, ਗੁਰੂ ਮਹਾਰਾਜ ਨੇ ਆਪਣੇ ਘੋੜੇ ਨੂੰ ਢਾਬ ਵਿਚ ਵਾੜਿਆ ਤਾਂ ਉਹ ਪਾਣੀ ਨੂੰ ਸੁੰਘ ਕੇ ਪਿਛੇ ਮੁੜ ਗਿਆ ਅਤੇ ਪਾਣੀ ਨਾ ਪੀਤਾ। ਗੁਰੂ ਮਹਾਰਾਜ ਜਾਣ ਗਏ ਕਿ ਇਹ ਪਿੰਡ ਨਿਗੁਰਿਆਂ ਦਾ ਹੈ, ਸਾਡੇ ਘੋੜੇ ਨੇ ਵੀ ਇਥੇ ਪਾਣੀ ਪੀਣਾ ਠੀਕ ਨਹੀਂ ਸਮਝਿਆ।

ਗੁਰੂ ਮਹਾਰਾਜ ਵਾਪਸ ਆ ਗਏ। ਦਿਆਲਦਾਸ ਨੂੰ ਖਬਰ ਹੋਈ ਤਾਂ ਉਸ ਨੇ ਅੰਨ ਗੱਡਿਆਂ ਤੇ ਲਦਵਾ ਕੇ ਲੰਗਰ ਦਾ ਬੰਦੋਬਸਤ ਕੀਤਾ ਤਾਂ ਗੁਰੂ ਮਹਾਰਾਜ ਨੂੰ ਆ ਕੇ ਬੇਨਤੀ ਕੀਤੀ ਕਿ ਮਹਾਰਾਜ! ਆਪ ਲੰਗਰ ਬਿਨਾਂ ਛਕੇ ਹੀ ਆ ਗਏ। ਤਾਂ ਮਹਾਰਾਜ ਨੇ ਕਿਹਾ, ਦਿਆਲਦਾਸ! ਸਾਡੇ ਤਾਂ ਘੋੜੇ ਨੇ ਵੀ ਪਾਣੀ ਪੀਣਾ ਪ੍ਰਵਾਨ ਨਹੀਂ ਕੀਤਾ ਕਿਉਂਕਿ ਉਸ ਵਿਚ ਨਿਗੁਰੇਪਣ ਦੀ ਬਦਬੂ ਆ ਰਹੀ ਸੀ। ਤੂੰ ਸਿੱਖੀ ਧਾਰਨ ਨਹੀਂ ਕੀਤੀ, ਤੇਰੇ ਪਿੰਡ ਵਾਲਿਆਂ ਨੇ ਵੀ ਨਹੀਂ ਕੀਤੀ। ਉਸ ਨੇ ਕਿਹਾ ਕਿ ਅਸੀਂ ਤਾਂ ਪੁਸ਼ਤ ਦਰ ਪੁਸ਼ਤ ਦਸਵੰਧ ਕੱਢ ਕੇ ਅਨੰਦਪੁਰ ਸਾਹਿਬ ਪਹੁੰਚਾਉਂਦੇ ਰਹੇ। ਦਾੜ੍ਹੀ ਵੀ ਖੋਲ੍ਹ ਕੇ ਰਖਦੇ ਹਾਂ। ਫੇਰ ਅਸੀਂ ਸਿੱਖ ਕਿਵੇਂ ਨਾ ਹੋਏ, ਮਹਾਰਾਜ ਕ੍ਰਿਪਾ ਕਰਕੇ ਖੋਲ੍ਹ ਕੇ ਦੱਸੋ। ਮਹਾਰਾਜ ਨੇ ਫੁਰਮਾਨ ਕੀਤਾ -

***ਧਰੇ ਕੇਸ ਪਾਹੁਲ ਬਿਨ ਭੇਖੀ ਮੂਰਖ ਸਿਖ। (ਰਹਿਤਨਾਮਾ)***

ਮਹਾਰਾਜ ਜੀ ਕਹਿਣ ਲੱਗੇ ਕਿ ਭੇਖ ਧਾਰਨਾ ਤਾਂ ਭੇਖੀ ਬੰਦਿਆਂ ਦਾ ਕੰਮ ਹੁੰਦਾ ਹੈ, ਇਸ ਤਰ੍ਹਾਂ ਤੂੰ ਸਿੱਖੀ ਦਾ ਧਾਰਨੀ ਨਹੀਂ ਬਣਿਆ, ਸਾਡੇ ਨਾਲ ਤੇਰਾ ਕੋਈ ਸਬੰਧ ਨਹੀਂ ਜੁੜਿਆ। ਉਸ ਵੇਲੇ ਉਸ ਨੇ ਅੰਮ੍ਰਿਤ ਛਕ ਕੇ ਪੰਜ ਪਿਆਰਿਆਂ ਰਾਹੀਂ ਨਾਮ ਪ੍ਰਾਪਤ ਕੀਤਾ ਅਤੇ ਆਪਣੇ ਆਪ ਨੂੰ ਸਿੱਖ ਮੰਡਲ

ਦਾ ਮੈਂਬਰ ਬਣਾਇਆ।

ਇਸੇ ਤਰ੍ਹਾਂ ਇਕ ਹੋਰ ਸਾਖੀ ਆਉਂਦੀ ਹੈ ਕਿ ਗੁਰੂ ਮਹਾਰਾਜ ਜਦੋਂ ਸਾਬੋ ਕੀ ਤਲਵੰਡੀ ਗਏ ਤਾਂ ਉਥੇ ਭਾਈ ਡੱਲਾ ਉਸ ਸਮੇਂ ਗੁਰੂ ਮਹਾਰਾਜ ਦੀ ਬਹੁਤ ਸੇਵਾ ਕਰ ਰਿਹਾ ਸੀ, ਇਕ ਦਿਨ ਸਾਰੀ ਰਾਤ ਪਹਿਰਾ ਦਿੰਦਾ ਰਿਹਾ। ਉਸ ਵੇਲੇ ਗੁਰੂ ਮਹਾਰਾਜ ਨੇ ਉਸ ਤੇ ਪ੍ਰਸੰਨ ਹੋ ਕੇ ਕਿਹਾ ਕਿ ਭਾਈ ਡੱਲਾ! ਕੁਝ ਮੰਗ ਲੈ। ਉਸ ਨੇ ਕਿਹਾ ਕਿ ਪਾਤਸ਼ਾਹ! ਮਾਇਕ ਪਦਾਰਥ ਆਪ ਦੇ ਦਿਤੇ ਬਹੁਤ ਹਨ। ਜੇ ਤੁਸੀਂ ਖੁਸ਼ ਹੋ ਤਾਂ ਮੈਨੂੰ ਆਪਣੀ ਦਰਗਾਹ ਵਿਚ ਪੀੜ੍ਹੀ ਜਿੰਨਾਂ ਥਾਂ ਦੇ ਦੇਵੋ। ਗੁਰੂ ਮਹਾਰਾਜ ਨੇ ਕਿਹਾ ਕਿ ਡੱਲਿਆ! ਜੇ ਤੂੰ ਦੁਨੀਆਂ ਦੀ ਕੋਈ ਚੀਜ਼ ਮੰਗਦਾ ਅਸੀਂ ਤੈਨੂੰ ਦੇ ਦਿੰਦੇ ਪਰ ਜੋ ਤੂੰ ਦਰਗਾਹ ਵਿਚ ਥਾਂ ਮੰਗਦਾ ਹੈਂ ਉਹ ਉਨਾਂ ਚਿਰ ਨਹੀਂ ਮਿਲਣਾ ਜਦੋਂ ਤਕ ਵਿਧੀ ਪੂਰਵਕ ਸਿੱਖੀ ਧਾਰਨ ਨਹੀਂ ਕਰਦਾ। ਕਹਿਣ ਲੱਗਿਆ, ਮਹਾਰਾਜ! ਮੈਂ ਦਸਵੰਧ ਵੀ ਦਿੰਦਾ ਹਾਂ, ਆਪ ਦੀਆਂ ਸਾਰੀਆਂ ਫੌਜਾਂ ਦੀ ਸੰਭਾਲ ਕਰਦਾ ਹਾਂ, ਲੰਗਰ ਲਈ ਅੰਨ ਦੇ ਰਿਹਾ ਹਾਂ, ਮੈਂ ਇਸੇ ਕਰਕੇ ਕਰਦਾ ਹਾਂ ਕਿਉਂਕਿ ਮੈਂ ਆਪ ਦਾ ਸਿੱਖ ਹਾਂ। ਮਹਾਰਾਜ ਕਹਿੰਦੇ, ਪੀਰ ਦਾ ਮੁਰੀਦ ਇਸ ਤਰ੍ਹਾਂ ਨਹੀਂ ਹੋਇਆ ਕਰਦਾ। ਪੀਰ ਨੂੰ ਵਿਧੀਪੂਰਵਕ ਮੁਰਸ਼ਦ ਧਾਰਨਾ ਪੈਂਦਾ ਹੈ, ਪੀਰ ਉਸ ਨੂੰ ਗੁਰਮੰਤਰ ਦਿੰਦਾ ਹੈ। ਡੱਲਿਆ! ਤੂੰ ਅੰਮ੍ਰਿਤ ਨਹੀਂ ਛਕਿਆ, ਗੁਰੂ ਘਰ ਅੰਦਰ ਗੁਰਮੰਤਰ ਦੀ ਜਿਸ ਨੂੰ ਪ੍ਰਾਪਤੀ ਨਹੀਂ ਹੋਈ ਉਸ ਬਾਰੇ ਇਸ ਤਰ੍ਹਾਂ ਫੁਰਮਾਨ ਹੈ –

***ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***

***ਪੰਨਾ – 1357***

ਇਹ ਸੁਣ ਕੇ ਭਾਈ ਡੱਲਾ ਕੁਝ ਨਿਰਾਸ ਹੋ ਗਿਆ ਅਤੇ ਬਾਹਰ ਕਿਸੇ ਗੁਰਸਿੱਖ ਕੋਲ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਜਿੰਨਾਂ ਚਿਰ ਗੁਰੂ ਘਰ ਵਿਚ ਅੰਮ੍ਰਿਤ ਛਕ ਕੇ ਨਾਮ ਨਹੀਂ ਜਪਦਾ, ਉਨੀਂ ਦੇਰ ਤਕ ਸਿੱਖ ਨਹੀਂ ਬਣਦਾ। ਉਸ ਤਰ੍ਹਾਂ ਵੈਸੇ ਗੁਰੂ ਦਿਆਲੂ ਹੁੰਦਾ ਹੈ, ਸਾਰੇ ਸੰਸਾਰ ਨੂੰ ਤਾਰਦਾ ਹੈ ਪਰ ਜਦੋਂ ਤਕ ਗੁਰੂ ਨਾਲ ਸਿੱਖ ਵਿਧੀਪੂਰਵਕ ਜੁੜ ਕੇ ਗੁਰਮੰਤਰ ਨਹੀਂ ਲੈਂਦਾ, ਆਪਣਾ ਆਪਾ ਭੇਟ ਨਹੀਂ ਕਰਦਾ, ਉਨਾਂ ਚਿਰ ਤਕ ਸਬੰਧ ਨਹੀਂ ਜੁੜਦਾ –

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥***
***ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ॥***
***ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥*** ***ਪੰਨਾ – 517***

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਤਕ ਆਦਮੀ ਗੁਰੂ ਧਾਰਨ ਨਹੀਂ ਕਰਦਾ ਉਹ ਨਿਗੁਰਾ ਹੀ ਰਹਿੰਦਾ ਹੈ। ਬਹੁਤ ਸਾਰੇ ਪ੍ਰੇਮੀ ਐਸੇ ਹਨ ਕਿ ਗੁਰੂ ਤਾਂ ਧਾਰਨ ਕਰ ਲੈਂਦੇ ਹਨ ਪਰ ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਅੰਦਰਲੀ ਖੋਜ ਨਹੀਂ ਕਰਦੇ।

ਇਕ ਵਾਰੀ ਕਬੀਰ ਸਾਹਿਬ ਨੂੰ ਪੁਛਿਆ ਕਿ ਮਹਾਰਾਜ! ਆਪ ਇਹ ਬਚਨ ਕਹਿੰਦੇ ਹੋ ਕਿ ਇਕ ਤਾਂ ਭੂਤ ਪ੍ਰੇਤ ਅਵਿਅਕਤ ਹੁੰਦੇ ਹਨ, ਦਿਸਦੇ ਨਹੀਂ, ਇਕ ਉਹ ਹੁੰਦੇ ਹਨ ਜੋ ਖਾਂਦੇ ਪੀਂਦੇ ਹਨ, ਵਪਾਰ, ਬਿਜਨਸ ਹੋਰ ਅਨੇਕਾਂ ਕੰਮ ਕਰਦੇ ਹਨ ਕਿਉਂਕਿ ਉਹ ਸਾਡੇ ਵਰਗੇ ਹਨ; ਉਨ੍ਹਾਂ ਦੀ ਪਹਿਚਾਣ ਕਿਵੇਂ ਹੁੰਦੀ ਹੈ? ਆਪ ਨੇ ਫੁਰਮਾਇਆ ਕਿ –

***ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥***
***ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥*** ***ਪੰਨਾ – 1378***

ਜਿਸ ਘਰ ਦੇ ਅੰਦਰ ਕਿਸੇ ਸਾਧੂ ਸੰਤ, ਪੀਰ, ਪੈਗੰਬਰ, ਅਉਲੀਏ ਦੇ ਚਰਨ ਨਹੀਂ ਪਏ, ਉਸ ਦੀ ਬਾਣੀ ਦੀ ਆਵਾਜ਼ ਨਹੀਂ ਆਉਂਦੀ, ਜਪੁਜੀ ਸਾਹਿਬ, ਗੁਰ ਮੰਤਰ ਦਾ ਜਾਪ ਨਹੀਂ ਹੋ ਰਿਹਾ ਹੁੰਦਾ

ਅਤੇ ਸਭ ਤੋਂ ਵਿਸ਼ੇਸ਼ ਇਹ ਹੈ ਕਿ ਉਥੇ ਮਹਾਂਪੁਰਸ਼ਾਂ ਦੇ ਚਰਨ ਨਹੀਂ ਪੈ ਰਹੇ ਹੁੰਦੇ, ਉਹ ਘਰ ਭਾਵੇਂ ਕਿੰਨੇ ਮੰਜ਼ਲੇ ਹਨ, ਚਾਹੇ ਉਹ ਘਰ ਕਿੰਨੇ ਹੀ ਸਜਾਏ ਹੋਣ, ਜਿਥੇ ਮਹਾਂਪੁਰਸ਼ਾਂ ਦੇ ਚਰਨ ਨਹੀਂ ਪੈਂਦੇ ਉਥੇ ਭੂਤਾਂ ਪ੍ਰੇਤਾਂ ਦਾ ਨਿਵਾਸ ਹੁੰਦਾ ਹੈ। ਅਵਿਅਕਤ ਭੂਤ ਵੀ ਉਥੇ ਹੀ ਆ ਵਸਦੇ ਹਨ। ਸਰੀਰਕ ਭੂਤ ਵੀ ਉਥੇ ਹੀ ਵਸਦੇ ਹਨ। ਭੂਤਾਂ ਪ੍ਰੇਤਾਂ ਦਾ ਨਿਵਾਸ ਮੜ੍ਹੀਆਂ ਮਸਾਣਾਂ ਵਿਚ ਹੁੰਦਾ ਹੈ ਪਰ ਇਹ ਸਰੀਰਧਾਰੀ ਭੂਤ ਇਨ੍ਹਾਂ ਲੋਕਾਂ ਵਿਚ ਰਹਿੰਦੇ ਹਨ। ਕਲਜੁਗ ਕਹਿਣ ਲੱਗਿਆ ਕਿ ਮਹਾਰਾਜ! ਮੇਰੇ ਜੁਗ ਦੇ ਅੰਦਰ ਤਪੀਏ ਦਾ ਤਪ ਸਿਰੇ ਨਹੀਂ ਚੜ੍ਹਨਾ, ਕੋਈ ਸ਼ੁਭ ਕੰਮ ਕਰਨ ਵਾਲੇ ਦਾ ਕੰਮ ਸਿਰੇ ਨਹੀਂ ਚੜ੍ਹਨਾ। ਉਸ ਵੇਲੇ ਮਹਾਰਾਜ ਨੂੰ ਕਹਿਣ ਲੱਗਿਆ ਕਿ ਪਾਤਸ਼ਾਹ! ਮੈਂ ਆਪ ਨੂੰ ਕੁਝ ਭੇਟ ਕਰਨੀ ਚਾਹੁੰਦਾ ਹਾਂ ਕਿਉਂਕਿ ਆਪ ਮੇਰੇ ਜੁਗ ਵਿਚ ਪ੍ਰਭੂ ਰੂਪ ਗੁਰ ਅਵਤਾਰ ਪ੍ਰਗਟ ਹੋਏ ਹੋ। ਮਹਾਰਾਜ ਨੇ ਕਿਹਾ ਕਿ ਤੇਰੇ ਪਾਸ ਭੇਟ ਕਰਨ ਨੂੰ ਕੀ ਹੈ? ਕਹਿਣ ਲੱਗਿਆ ਕਿ ਮਹਾਰਾਜ! ਮੈਂ ਆਪ ਦੇ ਵਾਸਤੇ ਕੰਚਨ ਦੇ ਮੰਦਰ, ਸੁੰਦਰ ਰਤਨਾਂ ਨਾਲ ਜੜ੍ਹੇ ਹੋਏ, ਕਸਤੂਰ ਤੇ ਕੁੰਗੂ, ਚੰਦਨ ਦੇ ਲੇਪ ਕਰਕੇ ਖੁਸ਼ਬੂਆਂ ਦੀਆਂ ਲਪਟਾਂ ਮਾਰਦੇ ਮੰਦਰ ਮੈਂ ਆਪ ਦੇ ਚਰਨਾਂ ਵਿਚ ਭੇਟ ਕਰਨਾ ਚਾਹੁੰਦਾ ਹਾਂ। ਮਹਾਰਾਜ ਕਹਿਣ ਲੱਗੇ ਕਿ ਇਹ ਜਿਹੜੀਆਂ ਚੀਜ਼ਾਂ ਤੂੰ ਅਰਪਣ ਕਰਨੀਆਂ ਚਾਹੁੰਦਾ ਹੈਂ ਇਨ੍ਹਾਂ ਵਿਚ ਸੁਰਤ ਰਚਦੀ ਹੈ ਅਤੇ ਪ੍ਰਮੇਸ਼ਰ ਭੁੱਲ ਜਾਂਦਾ ਹੈ। ***'ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥'*** ਕਲਜੁਗ! ਪ੍ਰਭੂ ਨੂੰ ਭੁੱਲ ਕੇ ਅੰਦਰਲਾ ਕੰਵਲ ਫੁੱਲ ਜਲ ਜਾਂਦਾ ਹੈ, ਮਾਇਆ ਦਾ ਰੂਪ ਜੜ੍ਹ ਤੇ ਦੁਖ ਭਰਿਆ ਹੈ, ਸੁਖ ਕੇਵਲ ਪ੍ਰਭੂ ਯਾਦ ਵਿਚ ਹੀ ਹੈ -

***ਹਰਿ ਬਿਨੁ ਜੀਉ ਜਲਿ ਬਲਿ ਜਾਉ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥*** ***ਪੰਨਾ - 14***

ਕਲਜੁਗ ਨੇ ਕਿਹਾ ਕਿ ਜੇ ਇਹ ਚੀਜ਼ਾਂ ਆਪ ਨੇ ਅੰਗੀਕਾਰ ਨਹੀਂ ਕਰਨੀਆਂ ਤਾਂ ਮੈਂ ਸੁੰਦਰ ਚੀਜ਼ਾਂ ਆਪ ਦੇ ਅੱਗੇ ਭੇਟਾ ਕਰਦਾ ਹਾਂ। ਸੁੰਦਰ ਪਾਰਕ ਜਿਥੇ ਸੁੰਦਰ ਹੀਰੇ ਜੜੇ ਹੋਣਗੇ ਅਤੇ ਪਲੰਘਾਂ ਤੇ ਰਤਨ ਝਿਲਮਿਲ ਕਰਦੇ ਹੋਣਗੇ, ਸੇਵਾ ਲਈ ਮੋਹਣੀਆਂ ਆਪ ਦੀ ਸੇਵਾ ਵਿਚ ਹਾਜ਼ਰ ਕਰਾਂਗਾ। ਮਹਾਰਾਜ ਕਹਿਣ ਲੱਗੇ ਕਿ ਇਹ ਸਭ ਕੁਝ ਪ੍ਰਭੂ ਭੁਲਾਉਣ ਵਾਲੀਆਂ ਚੀਜ਼ਾਂ ਹਨ। ਤਾਂ ਉਸ ਨੇ ਕਿਹਾ ਕਿ ਨੌਂ ਨਿੱਧਾਂ, 18 ਸਿੱਧੀਆਂ ਚਰਨਾਂ ਵਿਚ ਭੇਟ ਕੀਤੀਆਂ ਪ੍ਰਵਾਨ ਕਰੋ। ਜਿਥੇ ਜੀਅ ਚਾਹੇ ਤੁਸੀਂ ਜਾ ਸਕਦੇ ਹੋਂ, ਸਾਰੇ ਲੋਕ ਤੁਹਾਡੇ ਤੋਂ ਡਰਨਗੇ ਅਤੇ ਚਰਨਾਂ ਤੇ ਸੀਸ ਨਿਵਾਉਣਗੇ। ਮਹਾਰਾਜ ਨੇ ਇਹ ਵੀ ਨਾ ਪ੍ਰਵਾਨ ਕੀਤਾ -

***ਕਲਿਜੁਗ ਬਚਨਾ ਪੁਨ ਭਨੇ 'ਜਗ ਪਤਿਸ਼ਾਹੀ ਲੇਹੁ।***
***ਹੁਕਮ ਕਰਉ ਉਰ ਭਾਵਤੇ ਚਰਨ ਤਖਤ ਪਰ ਦੇਹੁ।***
***ਚਰਨ ਤਖਤ ਪਰ ਦੇਹੁ ਜਗਤ ਮਾਨਹਿਂ ਸਭਿ ਆਨਾ।***
***ਸੈਨਾ ਸੰਗ ਅਨੰਤ ਕਰਹੁ ਪਰਤਾਪ ਮਹਾਨਾ।***
***ਲੇਹੁ ਉਪਾਇਨ ਇਹ ਅਬੈ ਕਰਹੁ ਕ੍ਰਿਤਾਰਥ ਨਾਥ!***
***ਸਬਦ ਭੋਗ ਪਉੜੀ ਕਹੀ ਗੁਰ ਕਲਜੁਗ ਕੇ ਸਾਥ॥੬੧॥***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 854***

ਉਸ ਵੇਲੇ ਕਲਜੁਗ ਨੇ ਕਿਹਾ ਕਿ ਮੈਂ ਤਾਂ ਬਹੁਤ ਭਾਗਾਂ ਵਾਲਾ ਹਾਂ। ਆਪ ਨੇ ਇਸ ਜੁਗ ਵਿਚ ਨਰ ਦਾ ਰੂਪ ਧਾਰਨ ਕਰਿਆ, ਮਹਾਰਾਜ! ਮੇਰੀ ਕੋਈ ਭੇਟਾ ਤਾਂ ਮਨਜ਼ੂਰ ਕਰੋ, ਜਦੋਂ ਕੋਈ ਭੇਟ ਅੰਗੀਕਾਰ ਕਰੋਂਗੇ ਤਾਂ ਮੇਰੇ ਮਨ ਨੂੰ ਸ਼ਾਂਤੀ ਆਵੇਗੀ। ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਜੇ ਤੂੰ ਭੇਟ ਦੇਣੀ ਚਾਹੁੰਦਾ ਹੈਂ ਤਾਂ ਇਹ ਬਚਨ ਦੇਹ ਕਿ ਜਿਹੜੇ ਸਿੱਖ ਪ੍ਰਭੂ ਦਾ ਭਜਨ ਕਰਦੇ ਹਨ, ਨਾਮ, ਦਾਨ, ਇਸ਼ਨਾਨ ਤੋਂ ਕਦੇ ਨਾ ਉਨ੍ਹਾਂ ਨੂੰ ਭੁਲਾਈਂ। ਤੇਰੀ ਛਾਇਆ ਉਨ੍ਹਾਂ ਉਪਰ ਨਾ ਪਵੇ, ਜਿਨ੍ਹਾਂ ਨੂੰ ਮੇਰੇ ਬਚਨਾਂ ਉਪਰ ਪੂਰਾ ਭਰੋਸਾ ਹੈ। ਇਹ ਬਚਨ ਦੇਹ। ਉਸ ਵੇਲੇ ਕਲਜੁਗ ਨੇ ਕਿਹਾ ਕਿ ਮੈਂ ਤੁਹਾਡਾ ਹੁਕਮ ਸਿਰ ਮੱਥੇ ਮੰਨਦਾ ਹਾਂ। ਕਹਿਣ ਲੱਗਿਆ ਮੈਨੂੰ ਐਸਾ ਹੀ ਹੁਕਮ ਹੋਇਆ ਹੈ ਕਿ ਸਾਰਿਆਂ ਨੂੰ ਧਰਮ ਤੋਂ ਵਿਪਰੀਤ

ਕਰ ਦੇਣਾ। ਚੋਰੀ, ਯਾਰੀ, ਨਿੰਦਾ, ਲੋਭ, ਤ੍ਰਿਸ਼ਨਾ ਬਹੁਤ ਵਧਾ ਦੇਵਾਂ, ਲੁਟੇਰੇ ਪੈਦਾ ਹੋ ਜਾਣ ਜੋ ਆਪਣੇ ਆਪ ਨੂੰ ਸੂਰਮੇ ਕਹਾਉਣਗੇ। ਚੁਗਲਖੋਰ ਆਪਣੇ ਆਪ ਨੂੰ ਬਹੁਤ ਵੱਡਾ ਮੰਨੇਗਾ। ਗੁਣੀਆਂ ਦਾ ਮੈਂ ਨਿਰਾਦਰ ਕਰਾਵਾਂਗਾ। ਰਾਜਸੀ ਨੇਤਾਵਾਂ ਪਾਸ ਮੂਰਖਾਂ ਦਾ ਇਕੱਠ ਹੋਵੇਗਾ, ਘਰ ਪਾਪਾਂ ਦੇ ਮੰਦਰ ਹੋਣਗੇ। ਪੁੰਨ ਦਾਨ ਤੋਂ ਹੀਣੇ ਕੰਜੂਸ ਉਸ ਵਿਚ ਰਹਿਣਗੇ, ਧਰਮ ਤੋਂ ਵਿਪਰੀਤ ਗੱਲ ਕਰਨਗੇ। ਬ੍ਰਾਹਮਣ ਲੋਕ ਜੋ ਬ੍ਰਹਮ ਦੀ ਵਿਚਾਰ ਕਰਦੇ ਹਨ, ਵੇਦਾਂ ਦਾ ਪਾਠ ਕਰਦੇ ਹਨ, ਦਾਨ ਲੈਂਦੇ ਹਨ, ਦਾਨ ਦਿੰਦੇ ਹਨ, ਜੱਗ ਕਰਦੇ ਹਨ, ਯੱਗ ਕਰਾਉਂਦੇ ਹਨ ਮੈਂ ਉਨ੍ਹਾਂ ਨੂੰ ਇਸ ਤੋਂ ਹਟਾ ਕੇ ਕਿਸਾਨ ਬਣਾਵਾਂਗਾ। ਪਰ ਉਨ੍ਹਾਂ ਦਾ ਆਦਰ ਬਹੁਤ ਹੋਵੇਗਾ ਜਿਹੜੇ ਬ੍ਰਹਮ ਦੀ ਵਿਚਾਰ ਕਰਨ ਵਾਲੇ ਹੋਣਗੇ। ਰਾਜੇ ਹਮੇਸ਼ਾ ਕਹਿਣਗੇ ਕਿ ਸਾਡੇ ਕੋਲ ਪੈਸਾ ਨਹੀਂ ਹੈ, ਗ੍ਰਹਿਸਤੀਆਂ ਕੋਲ ਭਾਵੇਂ ਵਸਤਰਾਂ ਦੇ ਅੰਬਾਰ ਉਨ੍ਹਾਂ ਦੇ ਘਰੀਂ ਲੱਗੇ ਹੋਣ, ਤ੍ਰਿਸ਼ਨਾ ਨਹੀਂ ਬੁਝੇਗੀ। ਅਤੇ ਹੋਰ ਮਹਾਰਾਜ ਮੈਂ ਕੀ ਸੁਣਾਵਾਂ, ਸਾਰੇ ਤਪ, ਵਰਤ, ਧਰਮ, ਉਪਾਸਨਾ ਮੈਂ ਇਕੋ ਵਾਰ ਆਪਣੀ ਫੌਜ ਭੇਜ ਕੇ ਨਾਸ਼ ਕਰ ਦੇਵਾਂਗਾ। ਮਹਾਰਾਜ! ਮੈਨੂੰ ਦਰਗਾਹ ਤੋਂ ਹੁਕਮ ਹੀ ਐਸਾ ਮਿਲਿਆ ਹੋਇਆ ਹੈ ਜਿਵੇਂ ਕਿ ਲਿਖਿਆ ਹੋਇਆ ਹੈ –

***ਆਇਸੁ ਅਸ ਕਰਤਾਰ ਕੀ ਸੋ ਤੁਮਰੀ ਹੀ ਹੋਇ।***
***ਅਬ ਜਿਹ ਬਿਧਿ ਉਚਰੋ ਪ੍ਰਭੂ! ਮੈਂ ਮਾਨੋਂਗਾ ਸੋਇ॥੭੬॥***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 855***

ਆਪ ਨੇ ਮੇਰੀ ਭੇਟਾ ਕੋਈ ਵੀ ਕਬੂਲ ਨਹੀਂ ਕੀਤੀ। ਜੇ ਤੁਸੀਂ ਲੈ ਲੈਂਦੇ ਤਾਂ ਮੈਂ ਬਹੁਤ ਖੁਸ਼ ਹੁੰਦਾ। ਮਹਾਰਾਜ ਨੇ ਕਿਹਾ ਕਿ ਅਸੀਂ ਤੇਰੇ ਸੱਚ ਨੂੰ ਦੇਖ ਕੇ ਪ੍ਰਸੰਨ ਹੋਏ ਹਾਂ। ਜੇ ਤੂੰ ਭੇਟਾ ਦੇਣੀ ਹੈ ਤਾਂ ਅਸੀਂ ਤੇਰੇ ਉਪਰ ਪ੍ਰਸੰਨ ਹੋਵਾਂਗੇ, ਸਾਰੇ ਜੁਗਾਂ ਤੋਂ ਤੇਰਾ ਤੇਜ ਵੱਧ ਹੋਵੇਗਾ। ਇਹ ਅਸਾਡਾ ਹੁਕਮ ਹੈ। ਤੇਰੇ ਸਮੇਂ ਵਿਚ ਵਾਹਿਗੁਰੂ ਨਾਮ ਦੀ ਕੀਰਤੀ ਵਧੇਗੀ। ਉਸ ਦੀ ਮਹਿਮਾ ਬਹੁਤ ਵਧ ਜਾਵੇਗੀ। ਸਤਿਜੁਗ ਵਿਚ 10 ਹਜ਼ਾਰ ਸਾਲ ਵਿਚ ਸ਼ੁਭ ਕਰਮ ਕਰਦਾ ਹੈ ਉਹ ਤ੍ਰੇਤੇ ਦੇ ਇਕ ਹਜ਼ਾਰ ਸਾਲ, ਦੁਆਪਰ ਦੇ ਸੌ ਸਾਲ ਦੇ ਸ਼ੁਭ ਕਰਮ, ਜਪ ਤਪ, ਤੇਰੇ ਜੁਗ ਦੀ ਕੀਤੀ ਇਕ ਘੜੀ ਦੇ ਸਤਿਸੰਗ ਦੇ ਬਰਾਬਰ ਹੋਣਗੇ। ਪਰ ਤੇਰੇ ਸਮੇਂ ਵਿਚ ਬਹੁਤ ਹੀ ਥੋੜ੍ਹੇ ਸਮੇਂ ਅੰਦਰ ਸਾਰਾ ਸੁਖ ਮਿਲ ਜਾਵੇਗਾ। ਤੇਰੇ ਸਮੇਂ ਅੰਦਰ ਹਰੀ ਦਾ ਕੀਰਤਨ ਅਤੇ ਨਾਮ ਦਾ ਜਪ ਬਹੁਤ ਫਲੀਭੂਤ ਹੋਵੇਗਾ। ਜਿਹੜਾ ਇਸ ਰਸਤੇ ਤੇ ਚੱਲੇਗਾ ਉਹ ਤਤਕਾਲ ਹੀ ਭਵਜਲ ਤੋਂ ਪਾਰ ਹੋ ਜਾਵੇਗਾ।

ਕਲਜੁਗ ਦੇ ਸਮੇਂ ਅਤੇ ਪਹਿਲੇ ਸਮੇਂ ਵਿਚ ਬਹੁਤ ਫਰਕ ਹੈ। ਸਤਿਜੁਗ ਦੇ ਰਹਿਣ ਵਾਲੇ ਪ੍ਰੇਮੀਆਂ ਨੂੰ ਕੋਈ ਤ੍ਰਿਸ਼ਨਾ ਨਹੀਂ ਸੀ ਹੁੰਦੀ, ਕੋਈ ਚਮਕ ਦਮਕ ਦੀ ਲੋੜ ਨਹੀਂ ਸੀ ਹੁੰਦੀ ਅਤੇ ਐਨੀਆਂ ਵੱਡੀਆਂ ਉਮਰਾਂ ਕੱਚੇ ਕੋਠਿਆਂ ਵਿਚ ਗੁਜ਼ਾਰ ਦਿੰਦੇ ਸਨ। ਹੁਣ ਤਾਂ ਉਮਰ ਕੁਝ ਵੀ ਨਹੀਂ ਪਰ ਮਨੁੱਖ ਐਡੀਆਂ-ਐਡੀਆਂ ਕੋਠੀਆਂ ਬਣਾਉਂਦਾ ਹੈ। ਰਹਿਣ ਦਾ ਕੋਈ ਪਤਾ ਨਹੀਂ ਹੈ ਕਿ ਇਸ ਸੰਸਾਰ ਤੋਂ ਕਦ ਚਲੇ ਜਾਣਾ ਹੈ ਪਰ-

***ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥***
***ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥ ਪੰਨਾ – 692***

ਕਹਿੰਦੇ ਹਨ ਮਾਰਕੰਡੇ ਨੇ ਛਪਰੀ ਵਿਚ ਸਾਰੀ ਆਯੂ ਬਤੀਤ ਕਰ ਦਿਤੀ। ਕਲਜੁਗ ਨੇ ਕਿਹਾ ਕਿ ਮੇਰੇ ਯੁੱਗ ਦੇ ਅੰਦਰ ਚਮਕ ਦਮਕ ਬੜੀ ਹੋਵੇਗੀ, ਹਰ ਚੀਜ਼ ਹੋਵੇਗੀ, ਅਜਿਹੀਆਂ ਚੀਜ਼ਾਂ ਬਣ ਜਾਣਗੀਆਂ ਕਿ ਪ੍ਰਾਣੀ ਦੇਖਦੇ ਰਹਿ ਜਾਣਗੇ। ਜਿਵੇਂ ਹੁਣ ਟੈਲੀਵੀਜ਼ਨ, ਟੈਲੀਫੋਨ, ਇੰਟਰਨੈਟ ਅਜਿਹੀਆਂ ਚੀਜ਼ਾਂ ਆ ਗਈਆਂ ਹਨ ਕਿ ਹੈਰਾਨ ਹੋ ਜਾਂਦਾ ਹੈ ਆਦਮੀ। ਇਕ ਥਾਂ ਬੈਠਾ ਹੀ ਸਾਰੀ ਦੁਨੀਆਂ ਨਾਲ ਗੱਲਬਾਤ ਕਰ ਸਕਦਾ। ਪਰ ਉਹ ਪ੍ਰਮੇਸ਼ਰ ਦਾ ਨਾਮ ਨਹੀਂ ਲਵੇਗਾ। ਅਸੀਂ ਦੇਖਦੇ ਹਾਂ ਕਿ ਸਾਨੂੰ ਟੈਲੀਵੀਜ਼ਨ ਹੀ ਸਾਹ ਨਹੀਂ ਲੈਣ ਦਿੰਦਾ, ਐਨੇ channel ਹੋ ਗਏ। ਜੇ ਇਕ ਅੱਧੇ ਚੈਨਲ ਤੇ ਪ੍ਰਮੇਸ਼ਰ ਦਾ ਨਾਮ ਆਉਂਦਾ ਹੋਵੇ ਤਾਂ ਲੋਕੀ ਘੱਟ ਹੀ ਦੇਖਣਾ ਪਸੰਦ ਕਰਦੇ ਹਨ। ਜੇ ਕਿਸੇ ਗਾਉਣ ਵਾਲੇ ਦਾ ਪ੍ਰੋਗਰਾਮ ਹੋਵੇ ਤਾਂ ਐਨਾ ਇਕੱਠ ਹੋ ਜਾਂਦਾ ਹੈ ਕਿ ਪੁਲਿਸ ਨੂੰ ਇੰਤਜ਼ਾਮ ਕਰਨਾ ਮੁਸ਼ਕਲ ਹੋ ਜਾਂਦਾ ਹੈ। ਮਹਾਰਾਜ

ਨੇ ਕਲਜੁਗ ਦੀਆਂ ਭੇਟਾ ਬਾਰੇ ਉਚਾਰਨ ਕੀਤਾ -

***ਧਾਰਨਾ - ਕਿਤੇ ਭੁਲ ਨਾ ਜਾਈਂ ਓਏ ਮਨਾ ਮੇਰਿਆ,***
***ਮੋਤੀਆਂ ਦੇ ਮੰਦਰ ਦੇਖ ਕੇ - 2, 2.***
***ਮੇਰੇ ਪਿਆਰੇ, ਮੋਤੀਆਂ ਦੇ ਮੰਦਰ ਵੇਖ ਕੇ - 2, 2.***
***ਕਿਤੇ ਭੁਲ ਨਾ ਜਾਈਂ ਓਏ ਮਨਾ ਮੇਰਿਆ,.........2***

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ਪੰਨਾ - 14***

ਗੁਰੂ ਮਹਾਰਾਜ ਨੇ ਕਿਹਾ, ਕਲਜੁਗ! ਜਿਹੜੀਆਂ ਬਾਦਸ਼ਾਹੀਆਂ ਤੂੰ ਦਿੰਦਾ ਹੈਂ ਇਹ ਨਰਕਾਂ ਨੂੰ ਲਿਜਾਣ ਵਾਲੀਆਂ ਨੇ, ਇਨ੍ਹਾਂ ਵਿਚ ਪਰਚ ਕੇ ਆਦਮੀ ਨਾਮ ਨੂੰ ਭੁੱਲ ਕੇ ਜਨਮ ਬਿਰਥਾ ਗੁਆ ਦਿੰਦਾ ਹੈ। ਨਾਮ ਜਪਣ ਵਾਲਾ ਹੀ ਅਸਲੀ ਰਾਜਾ ਹੈ, ਉਸ ਦੀ ਬਰਾਬਰੀ ਸੰਸਾਰੀ ਰਾਜੇ, ਵਿਦਵਾਨ ਨਹੀਂ ਕਰ ਸਕਦੇ -

***ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥ ਪੰਨਾ - 858***

ਮਹਾਂਪੁਰਸ਼ ਅਸਲੀ ਰਾਜੇ ਹੁੰਦੇ ਹਨ ਜਿਨ੍ਹਾਂ ਦਾ ਕਹਿਆ ਦਰਗਾਹ ਵਿਚ ਵੀ ਮੰਨਿਆ ਜਾਂਦਾ ਹੈ -

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ - 186***

ਉਨ੍ਹਾਂ ਦਾ ਹੁਕਮ ਸਾਰੇ ਲੋਕਾਂ ਵਿਚ ਮੰਨ ਹੁੰਦਾ ਹੈ, ਧਰਮਰਾਜ ਵੀ ਮੰਨਦਾ ਹੈ ਜਿਸ ਤਰ੍ਹਾਂ ਧਰਮਰਾਜ ਨੂੰ ਰਾਜੇ ਜਨਕ ਨੇ ਸਾਰੇ ਪਾਪੀਆਂ ਨੂੰ ਨਰਕਾਂ ਤੋਂ ਛੱਡਣ ਦਾ ਹੁਕਮ ਦਿਤਾ। ਜਦੋਂ ਜੀਵ ਨੂੰ ਸੰਸਾਰ ਵਿਚ ਭੇਜਿਆ ਜਾਂਦਾ ਹੈ ਤਾਂ ਉਸ ਵੇਲੇ ਪਰਾਲਬਧ ਕਰਮ ਨਾਲ ਆਉਂਦੇ ਹਨ। ਇਨ੍ਹਾਂ ਨੂੰ ਕੋਈ ਨਹੀਂ ਬਦਲ ਸਕਦਾ। ਮਹਾਂਪੁਰਸ਼ਾਂ ਕੋਲ ਐਸੀ ਸ਼ਕਤੀ ਹੁੰਦੀ ਹੈ ਜੋ ਬਦਲ ਦਿੰਦੇ ਹਨ। ਜਿਵੇਂ ਕਿ ਪਰਾਲਬਧ ਕਰਮ ਹਨ ਕਿ ਪੁਤਰ ਦੀ ਪਰਾਪਤੀ ਨਹੀਂ ਹੋਣੀ ਪਰ ਪੂਰਨ ਮਹਾਂਪੁਰਸ਼ ਇਸ ਹੋਣੀ ਦੇ ਤਿੱਖੇ ਦੰਦਾਂ ਨੂੰ ਕੱਟ ਦਿੰਦੇ ਹਨ। ਕਿੰਨੇ ਮਹਾਂਪੁਰਸ਼ ਨੇ ਜਿਨ੍ਹਾਂ ਨੂੰ ਔਂਲਾਦਿਆਂ ਨੇ ਬੇਨਤੀ ਕੀਤੀ ਤਾਂ ਉਨ੍ਹਾਂ ਨੂੰ ਪੁੱਤਰ ਦੀ ਪ੍ਰਾਪਤੀ, ਬਿਮਾਰਾਂ ਨੂੰ ਸਿਹਤ, ਹੋਰ ਬਹੁਤ ਕੁਛ ਮਿਲਿਆ।

ਗੁਰੂ ਛੇਵੇਂ ਪਾਤਸ਼ਾਹ ਚੱਬੇ ਪਿੰਡ ਦੇ ਨੇੜੇ ਜਾ ਰਹੇ ਹਨ। ਉਥੇ ਇਕ ਮਾਈ ਇਸ ਆਸ਼ਾ ਨਾਲ ਇੰਤਜ਼ਾਰ ਕਰ ਰਹੀ ਹੈ ਕਿ ਜਦੋਂ ਗੁਰੂ ਮਹਾਰਾਜ ਆਉਣਗੇ ਤਾਂ ਮੈਂ ਪੁੱਤਰ ਦੀ ਦਾਤ ਪ੍ਰਾਪਤ ਕਰਾਂਗੀ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਕਿਹਾ ਕਿ ਤੇਰੀ ਕਿਸਮਤ ਵਿਚ ਤਾਂ ਕਈ ਜਨਮਾਂ ਤੋਂ ਪੁਤਰ ਦੀ ਦਾਤ ਨਹੀਂ, ਤੇਰੇ ਸੱਤ ਜਨਮ ਤਕ ਪੁੱਤਰ ਨਹੀਂ ਹੋਣਾ। ਤੂੰ ਆਪਣੇ ਨਾਲ ਕਲਮ ਦਵਾਤ ਲੈ ਲਈਂ ਅਤੇ ਗੁਰੂ ਮਹਾਰਾਜ ਅੱਗੇ ਬੇਨਤੀ ਕਰੀਂ। ਜੇ ਮਹਾਰਾਜ ਕਹਿਣਗੇ ਕਿ ਤੇਰੇ ਤਾਂ ਲੇਖ ਵਿਚ ਪੁੱਤਰ ਦੀ ਦਾਤ ਲਿਖੀ ਹੀ ਨਹੀਂ ਤਾਂ ਤੂੰ ਬੇਨਤੀ ਕਰੀਂ ਕਿ ਪਾਤਸ਼ਾਹ! ਇਥੇ ਵੀ ਤੁਸੀਂ ਲਿਖਦੇ ਹੋਂ, ਉਥੇ ਵੀ ਤੁਸੀਂ ਲਿਖਦੇ ਹੋਂ। ਜੇ ਪਹਿਲਾਂ ਨਹੀਂ ਲਿਖਿਆ ਤਾਂ ਹੁਣ ਲਿਖ ਦੇਵੋ।

ਜਦੋਂ ਗੁਰੂ ਛੇਵੇਂ ਪਾਤਸ਼ਾਹ ਉਥੇ ਪਹੁੰਚਦੇ ਹਨ ਤਾਂ ਉਸ ਵੇਲੇ ਉਸ ਮਾਤਾ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਤੁਸੀਂ ਸਾਰੀ ਦੁਨੀਆਂ ਦੇ ਮਾਲਕ ਹੋ, ਕ੍ਰਿਪਾ ਕਰਕੇ ਇਕ ਪੁੱਤਰ ਦੀ ਦਾਤ ਬਖਸ਼ੋ। ਗੁਰੂ ਮਹਾਰਾਜ ਨੇ ਕਿਹਾ ਕਿ ਮਾਤਾ! ਤੇਰੇ ਤਾਂ ਮਸਤਕ ਵਿਚ ਪੁਤਰ ਦਾ ਲੇਖ ਹੀ ਨਹੀਂ ਲਿਖਿਆ, ਸੱਤ ਜਨਮਾਂ ਤਕ ਤੇਰੇ ਪੁੱਤਰ ਨਹੀਂ ਹੋਣਾ। ਉਸ ਵੇਲੇ ਉਸ ਭੋਲੀ ਮਾਤਾ ਨੇ ਬੇਨਤੀ ਕੀਤੀ ਕਿ ਮਹਾਰਾਜ! ਹੁਣ ਲਿਖ ਦਿਓ। ਮਹਾਰਾਜ ਜੀ ਉਸਦੇ ਭੋਲੇਪਨ ਤੇ ਬਹੁਤ ਪ੍ਰਸੰਨ ਹੋਏ। ਉਸ ਨੇ ਕਲਮ ਦਵਾਤ ਅੱਗੇ ਕਰ ਦਿਤੀ। ਗੁਰੂ ਮਹਾਰਾਜ ਜੀ

ਨੇ ਇਹ ਵੀ ਅਨੁਭਵ ਕਰ ਲਿਆ ਕਿ ਕਿਸੇ ਗੁਰਸਿੱਖ ਨੇ ਜੁਗਤੀ ਦੱਸੀ ਹੈ। ਗੁਰੂ ਮਹਾਰਾਜ ਜੀ ਕਾਠੀ ਤੇ ਕਾਗਜ਼ ਰੱਖ ਕੇ ਜਦੋਂ '੧' ਪਾਉਣ ਲੱਗੇ ਤਾਂ ਘੋੜੇ ਨੇ ਪੌੜ ਹਿਲਾ ਦਿਤਾ ਅਤੇ '੧' ਦਾ ਮੂੰਹ ਖੁਲ੍ਹਾ ਰਹਿ ਕੇ ਸਾਤੇ ਵਾਲੀ ਸ਼ਕਲ ਧਾਰਨ ਕਰ ਗਿਆ। ਉਸ ਵੇਲੇ ਆਪ ਨੇ ਕਿਹਾ ਕਿ ਮਾਤਾ! ਤੇਰੀ ਘੋੜੇ ਨੇ ਮਦਦ ਕਰੀ ਹੈ ਤੇ '੧' ਦੀ ਜਗ੍ਹਾਂ '੭' ਪੈ ਗਿਆ, ਹੁਣ ਤੇਰੇ ਸੱਤ ਪੁੱਤਰ ਹੋਣਗੇ। ਕਹਿਣ ਲੱਗੀ, ਮਹਾਰਾਜ! ਮੈਨੂੰ ਸੱਤਾਂ ਦੀ ਹੀ ਲੋੜ ਸੀ- ਇਕ ਪੁੱਤਰ ਘਰ ਸਾਂਭੇਗਾ, ਦੂਸਰਾ ਪਸ਼ੂਆਂ ਨੂੰ ਸਾਂਭੇਗਾ, ਤੀਸਰਾ ਭਾਈਚਾਰੇ ਵਿਚ ਜਾਏਗਾ, ਚੌਥਾ ਰਾਜ ਦਰਬਾਰ ਆਏ ਜਾਏਗਾ, ਇਕ ਮੈਂ ਤੁਹਾਡੇ ਚਰਨਾਂ ਵਿਚ ਹਾਜ਼ਰ ਕਰਨਾ ਸੀ, ਦੋਹਾਂ ਨੇ ਹੋਰ ਕੰਮ ਕਰਨੇ ਸੀ। ਤੁਸੀਂ ਤਾਂ ਮੈਨੂੰ ਪੂਰੇ ਹੀ ਪੁੱਤਰ ਦਿਤੇ ਹਨ। ਬਾਣੀ ਵਿਚ ਇਹ ਫੁਰਮਾਨ ਆਉਂਦਾ ਹੈ –

***ਕਹੁ ਕਬੀਰ ਭਗਤਿ ਕਰਿ ਪਾਇਆ॥***
***ਭੋਲੇ ਭਾਇ ਮਿਲੇ ਰਘੁਰਾਇਆ॥*** ***ਪੰਨਾ – 324***

ਦੁਨੀਆਂ ਦਾ ਬਾਦਸ਼ਾਹ ਤਾਂ ਬਾਦਸ਼ਾਹ ਹੀ ਹੁੰਦਾ ਹੈ, ਦਰਗਾਹ ਦੇ ਬਾਦਸ਼ਾਹ ਦਾ ਨਾਉਂ 'ਸੱਚੇ ਪਾਤਸ਼ਾਹ' ਹੁੰਦਾ ਹੈ। ਬਾਦਸ਼ਾਹਾਂ ਦੇ ਬਾਦਸ਼ਾਹ ਗੁਰੂ ਨਾਨਕ ਨੇ ਇਸੇ ਕਰਕੇ ਕਲਜੁਗ ਦੀ ਭੇਟਾ ਕੀਤੀ ਬਾਦਸ਼ਾਹੀ ਪ੍ਰਵਾਨ ਨਾ ਕੀਤੀ। ਗੁਰੂ ਮਹਾਰਾਜ ਨੇ ਇਨ੍ਹਾਂ ਦੀ ਪ੍ਰਾਪਤੀ ਹਵਾ ਦੇ ਬੁੱਲੇ ਦੇ ਬਰਾਬਰ ਰੱਖੀ ਹੈ। ਸੱਚਾ ਰਾਜਾ ਉਹ ਹੈ ਜਿਸ ਨੇ ਅੰਦਰਲੇ ਮਨ ਰਾਜੇ ਤੇ ਫਤਹਿ ਪਾ ਲਈ ਅਤੇ ਬੁੱਧੀ ਨੂੰ ਸਾਰ ਬੁੱਧੀ ਦੀ ਪ੍ਰਾਪਤੀ ਕਰਾ ਕੇ ਪ੍ਰਮੇਸ਼ਰ ਨੂੰ ਹਾਜ਼ਰ ਨਾਜ਼ਰ ਮੰਨਿਆ ਹੈ, ਓਹੀ ਸੱਚਾ ਪਾਤਸ਼ਾਹ ਹੁੰਦਾ ਹੈ –

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*** ***ਪੰਨਾ – 707***

ਪ੍ਰਮੇਸ਼ਰ ਦੇ ਮੁਕਾਬਲੇ ਕੋਈ ਰਾਜਾ ਨਹੀਂ।

***ਕੋਊ ਹਰਿ ਸਮਾਨਿ ਨਹੀ ਰਾਜਾ॥***
***ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥*** ***ਪੰਨਾ – 856***

ਗੁਰੂ ਮਹਾਰਾਜ ਕਲਜੁਗ ਨੂੰ ਕਹਿੰਦੇ ਹਨ ਕਿ ਇਹ ਦੁਨੀਆਂ ਦਾ ਰਾਜ ਕਿਸੇ ਕੰਮ ਨਹੀਂ ਹੈ। ਇਹ ਚੀਜ਼ਾਂ ਜੋ ਅਸਾਨੂੰ ਭੇਟ ਕਰ ਰਿਹਾ ਹੈਂ, ਇਹ ਤਾਂ ਪ੍ਰਮੇਸ਼ਰ ਨੂੰ ਭੁਲਾਉਣ ਵਾਲੀਆਂ ਚੀਜ਼ਾਂ ਹਨ ਜਿਵੇਂ ਕਿ –

***ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥*** ***ਪੰਨਾ – 811***

ਕਲਜੁਗ! ਸਾਨੂੰ ਤਾਂ ਨਿਰੰਕਾਰ ਨੇ ਸੱਚੀ ਬਾਦਸ਼ਾਹੀ ਦਿਤੀ ਹੋਈ ਹੈ। ਜਿਸ ਕਿਸੇ ਅੰਦਰ ਵੀ ਸਿਫਤ ਸਲਾਹ ਵਸ ਜਾਵੇਗੀ, ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੁੰਦਾ ਹੈ।

***ਜਿਸ ਨੋ ਬਖਸੇ ਸਿਫਤਿ ਸਾਲਾਹ॥***
***ਨਾਨਕ ਪਾਤਿਸਾਹੀ ਪਾਤਿਸਾਹੁ॥*** ***ਪੰਨਾ – 5***

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜਹਾਂਗੀਰ ਦੇ ਨਾਲ ਜੰਗਲ ਨੂੰ ਸ਼ਿਕਾਰ ਵਗੈਰਾ ਦੇ ਸਬੰਧ ਵਿਚ ਗਏ। ਦੁਪਹਿਰ ਦਾ ਵਕਤ ਸੀ, ਆਪ ਨੇ ਸੰਘਣੇ ਦਰਖਤਾਂ ਵਿਚ ਕੈਂਪ ਲਾ ਲਏ। ਜਹਾਂਗੀਰ ਨੇ ਇਕ ਵਾਰ ਗੁਰੂ ਮਹਾਰਾਜ ਦੇ ਪਾਸ ਸ਼ਿਕਾਇਤੀ ਲਿਹਾਜ਼ ਵਿਚ ਗੱਲ ਕੀਤੀ ਕਿ ਮੈਂ ਹਜ਼ਾਰਾਂ ਮੁਰੱਬਿਆਂ ਦਾ ਮਾਲਕ ਹਾਂ, ਮੈਨੂੰ ਲੋਕੀ ਬਾਦਸ਼ਾਹ ਕਹਿੰਦੇ ਹਨ ਪਰ ਮੈਂ ਸੁਣਿਆ ਹੈ ਆਪ ਨੂੰ ਸੱਚੇ ਪਾਤਸ਼ਾਹ ਕਹਿੰਦੇ ਹਨ। ਗੁਰੂ ਮਹਾਰਾਜ ਕਹਿਣ ਲੱਗੇ, ਜਹਾਂਗੀਰ! ਅਸੀਂ ਤਾਂ ਕਿਸੇ ਨੂੰ ਨਹੀਂ ਕਿਹਾ ਕਿ ਸਾਨੂੰ ਕੋਈ ਸੱਚੇ ਪਾਤਸ਼ਾਹ ਕਹੇ, ਪਰ ਆਪਣੀ ਭਾਵਨਾ ਦੇ ਅਨੁਸਾਰ ਪਿਆਰ ਵਾਲੇ ਸੱਚੇ ਪਾਤਸ਼ਾਹ ਕਹਿੰਦੇ ਹਨ। ਮਹਾਰਾਜ ਨੇ ਕਿਹਾ, ਸਮਾਂ ਆਵੇਗਾ, ਪ੍ਰਤੱਖ ਰੂਪ ਵਿਚ ਅਸੀਂ ਤੈਨੂੰ ਸਮਝਾਵਾਂਗੇ।

ਅੱਜ ਆਪ ਦੇ ਕੈਂਪ ਬਾਹਰ ਲੱਗੇ ਹੋਏ ਹਨ। ਉਸ ਵੇਲੇ ਇਕ ਘਾਹੀ ਨੂੰ ਪਤਾ ਲੱਗਿਆ ਕਿ ਗੁਰੂ ਮਹਾਰਾਜ ਜੰਗਲ ਵਿਚ ਆਏ ਹੋਏ ਹਨ। ਉਸ ਨੇ ਬਹੁਤ ਹੀ ਸਾਫ ਸੁਥਰਾ ਘਾਹ ਪੰਡ ਵਿਚ ਬੰਨ੍ਹਿਆ ਤੇ ਗੁਰੂ ਮਹਾਰਾਜ ਦੀ ਭੇਟਾ ਕਰਨ ਲਈ ਚਲਿਆ ਗਿਆ। ਉਥੇ ਦੋ ਕੈਂਪ ਲੱਗੇ ਹੋਏ ਸੀ, ਉਸ ਨੂੰ ਪਤਾ ਨਾ ਲੱਗਿਆ ਕਿ ਇਨ੍ਹਾਂ ਵਿਚੋਂ ਗੁਰੂ ਮਹਾਰਾਜ ਦਾ ਕੈਂਪ ਕਿਹੜਾ ਹੈ ਤੇ ਉਹ ਜਹਾਂਗੀਰ ਦੇ ਕੈਂਪ ਅੱਗੇ

ਚਲਿਆ ਗਿਆ। ਉਸ ਨੇ ਸਿਪਾਹੀਆਂ ਨੂੰ ਪੁਛਿਆ ਤਾਂ ਉਹ ਰੋਕਣ ਲਗ ਗਏ ਕਿ ਤੂੰ ਅੰਦਰ ਨਹੀਂ ਜਾ ਸਕਦਾ। ਜਹਾਂਗੀਰ ਨੇ ਵੀ ਸੁਣਿਆ ਕਿ ਮੈਨੂੰ ਕੋਈ ਸੱਚਾ ਪਾਤਸ਼ਾਹ ਕਹਿਣ ਵਾਲਾ ਆਇਆ ਹੈ, ਕਹਿਣ ਲੱਗਿਆ ਇਸ ਨੂੰ ਰੋਕੋ ਨਾ, ਮੇਰੇ ਪਾਸ ਭੇਜ ਦੇਵੋ। ਜਦੋਂ ਪਹੁੰਚਿਆ ਤਾਂ ਉਸ ਨੇ ਘਾਹ ਦੀ ਪੰਡ ਅੱਗੇ ਰੱਖ ਦਿਤੀ ਅਤੇ ਪੰਜ ਪੈਸੇ ਅੱਗੇ ਰੱਖ ਕੇ ਬੇਨਤੀ ਕੀਤੀ –

***ਧਾਰਨਾ – ਜੀ ਮੈਂ ਬਹੁੜ ਜਨਮ ਨ ਆਵਾਂ,***
***ਇਹੋ ਮੇਰੀ ਬੇਨਤੀ ਗੁਰਾ – 2, 2***
***ਇਹੋ ਮੇਰੀ ਜੀ, ਬੇਨਤੀ ਗੁਰਾ – 2, 2.***
***ਜੀ ਮੈਂ ਬਹੁੜ ਜਨਮ ਨ ਆਵਾਂ.......... – 2.***

***ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥ ਪੰਨਾ – 795***

ਜਹਾਂਗੀਰ ਹੈਰਾਨ ਹੋ ਗਿਆ ਕਿ ਜੰਮਣ ਮਰਨ ਦਰਗਾਹ ਦਾ ਪ੍ਰਬੰਧ ਤਾਂ ਮੇਰੇ ਹੱਥ ਨਹੀਂ, ਜੀਵ ਕਰਮਾਂ ਦੇ ਬੰਨ੍ਹੇ ਆਉਂਦੇ ਹਨ, ਮੈਂ ਤਾਂ ਆਪ ਬੇਵਸ ਹਾਂ, ਮੈਂ ਕਿਸੇ ਦਾ ਕੀ ਜਨਮ ਮਰਨ ਕੱਟਣਾ ਹੈ, ਮੇਰਾ ਆਪਣਾ ਹੀ ਨਹੀਂ ਕੱਟ ਹੁੰਦਾ। ਉਸ ਨੇ ਕਿਹਾ ਕਿ ਇਹ ਤਾਂ ਨਾ ਮੰਗ, ਮੈਂ ਇਸ ਦੇ ਬਦਲੇ ਪੰਜ ਪਿੰਡ ਦੇ ਦਿੰਦਾ ਹਾਂ, ਤੇਰੀ ਗਰੀਬੀ ਦੂਰ ਹੋ ਜਾਵੇਗੀ। ਘਾਹੀ ਨੇ ਇਸ ਦੀ ਪ੍ਰਾਪਤੀ ਲਈ ਨਾਂਹ ਕਰ ਦਿਤੀ। ਇਥੋਂ ਤਕ ਲਿਖਿਆ ਹੈ ਕਿ ਉਸ ਨੂੰ ਗਵਰਨਰ ਨਵਾਬ ਬਣਾਉਣ ਦੀ ਪੇਸ਼ਕਸ਼ ਕੀਤੀ ਪਰ ਉਹ ਨਾ ਮੰਨਿਆ। ਉਸ ਵੇਲੇ ਜਹਾਂਗੀਰ ਨੂੰ ਕਹਿਣਾ ਪਿਆ ਕਿ ਮੈਂ ਤਾਂ ਦੁਨੀਆਂ ਦਾ ਬਾਦਸ਼ਾਹ ਹਾਂ, ਜਦੋਂ ਮੇਰੀ ਮੌਤ ਆਵੇਗੀ ਉਥੇ ਕਬਰਾਂ ਵਿਚ ਪਿਆ ਹੋਇਆ ਰੋਵਾਂਗਾ, ਸਭ ਦੇ ਵਾਂਗ ਹੀ ਮੇਰੇ ਉਪਰ ਵੀ ਮਿਟੀ ਪਈ ਹੋਵੇਗੀ। ਜੇ ਤੂੰ ਜਨਮ ਮਰਨ ਦਾ ਚੱਕਰ ਕੱਟਣਾ ਚਾਹੁੰਦਾ ਹੈਂ ਤਾਂ ਉਹ ਸਾਮ੍ਹਣੇ ਗੁਰੂ ਮਹਾਰਾਜ ਹਨ ਉਹ ਹੀ ਜਨਮ ਮਰਨ ਕੱਟ ਸਕਦੇ ਹਨ।

ਉਹ ਘਾਹੀ ਘਾਹ ਦੀ ਪੰਡ ਤੇ ਪੰਜ ਪੈਸੇ ਚੁੱਕ ਕੇ ਗੁਰੂ ਮਹਾਰਾਜ ਕੋਲ ਚਲਿਆ ਗਿਆ ਅਤੇ ਉਚੀ ਉਚੀ ਰੋਂਦਾ ਹੈ ਕਿ ਮਹਾਰਾਜ! ਮੇਰਾ ਸੀਸ ਉਸ ਅੱਗੇ ਨਿਵ ਗਿਆ, ਮੈਂ ਤਾਂ ਇਹ ਘਾਹ ਦੀ ਪੰਡ ਆਪ ਦੇ ਘੋੜੇ ਵਾਸਤੇ ਲਿਆਇਆ ਸੀ। ਮਹਾਰਾਜ ਕ੍ਰਿਪਾ ਕਰੋ, ਮੇਰਾ ਜਨਮ ਮਰਨ ਕੱਟੋ। ਗੁਰੂ ਮਹਾਰਾਜ ਨੇ ਉਸ ਦਾ ਭੋਲਾਪਨ, ਸ਼ਰਧਾ ਦੇਖ ਕੇ ਗੁਰਸਿੱਖ ਨੂੰ ਕਿਹਾ– 'ਨਿਹਾਲ-ਨਿਹਾਲ-ਨਿਹਾਲ।' ਜਹਾਂਗੀਰ ਵੀ ਦੇਖਦਾ ਹੈ ਕਿ ਗੁਰੂ ਮਹਾਰਾਜ ਨੇ ਤਾਂ ਇਸ ਦੇ ਜਨਮ ਮਰਨ ਕੱਟ ਕੇ ਸੱਚੀ ਦਰਗਾਹ ਵਿਚ ਪ੍ਰਵੇਸ਼ ਕਰਾ ਦਿਤਾ। ਸੋ ਇਸ ਤਰ੍ਹਾਂ ਬੰਦਗੀ ਕਰਨ ਵਾਲਿਆਂ ਦਾ ਕਿਹਾ ਦਰਗਾਹ ਵਿਚ ਭੀ ਮੰਨਣਾ ਪੈਂਦਾ ਹੈ। ਇਥੋਂ ਤਕ ਕਿ ਉਨ੍ਹਾਂ ਦਾ ਕਿਹਾ ਹੋਇਆ ਪਉਣ, ਪਾਣੀ, ਬੈਸੰਤਰ ਵੀ ਮੰਨਦੇ ਹਨ।

ਗੁਰੂ ਨਾਨਕ ਸਾਹਿਬ ਨੇ ਕਲਜੁਗ ਨੂੰ ਕਿਹਾ ਕਿ ਇਹ ਦੁਨਿਆਵੀ ਚੀਜ਼ਾਂ ਨਾਸ਼ ਹੋਣ ਵਾਲੀਆਂ ਹਨ, ਸਾਨੂੰ ਤਾਂ ਨਾਮ ਦੀ ਦਾਤ ਧੁਰ ਦਰਗਾਹ ਤੋਂ ਪ੍ਰਾਪਤ ਹੋਈ ਹੋਈ ਹੈ। ਹੋਰ ਕਿਸੇ ਮਾਇਆਵੀ ਵਸਤੂ ਦੀ ਲੋੜ ਨਹੀਂ ਹੈ –

ਕਈ ਪ੍ਰੇਮੀ ਈਰਖਾ ਵਸ ਹੋਏ ਕਹਿ ਦਿੰਦੇ ਹਨ ਕਿ ਗੁਰੂ ਨਾਨਕ ਪਾਤਸ਼ਾਹ ਦਾ ਗੁਰੂ ਸੰਤ ਰੇਣ ਸੀ ਜਿਥੇ ਉਨ੍ਹਾਂ ਨੇ ਖਰਾ ਸੌਦਾ ਕੀਤਾ ਪਰ ਗੁਰੂ ਮਹਾਰਾਜ ਨੇ ਆਪਣੇ ਗੁਰੂ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ। ਗੁਰੂ ਮਹਾਰਾਜ ਤਾਂ ਫੁਰਮਾਨ ਕਰਦੇ ਹਨ –

***ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥***
***ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥***
***ਪੰਨਾ – 599***

ਗੁਰੂ ਦਸਮੇਸ਼ ਪਿਤਾ ਜੀ ਨੇ ਚੌਪਈ ਅੰਦਰ ਫੁਰਮਾਨ ਕੀਤਾ ਹੈ –

***ਆਦਿ ਅੰਤਿ ਏਕੈ ਅਵਤਾਰਾ॥***

***ਸੋਈ ਗੁਰੂ ਸਮਝਿਯਹੁ ਹਮਾਰਾ॥*** ***ਕਬਯੋ ਬਾਚ ਬੇਨਤੀ ਚੌਪਈ***

ਗੁਰੂ ਨਾਨਕ ਪਾਤਸ਼ਾਹ ਨੂੰ ਨਿਰੰਕਾਰ ਜੀ ਏਕੰਕਾਰ ਰੂਪ ਹੋ ਕੇ ਮਿਲੇ। ਜਨਮਸਾਖੀ ਵਿਚ ਆਉਂਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੂੰ ਮੰਤਰ ਏਕੰਕਾਰ ਜੀ ਦੀ ਦਰਗਾਹ ਵਿਚੋਂ ਪ੍ਰਾਪਤ ਹੋਇਆ –

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥***
***ਪੰਨਾ – 1***

ਜਨਮਸਾਖੀ ਵਿਚ ਆਉਂਦਾ ਹੈ ਕਿ ਏਕੰਕਾਰ ਜੀ ਨੇ ਨਾਮ ਅੰਮ੍ਰਿਤ ਦਾ ਪਿਆਲਾ ਦਿਤਾ ਅਤੇ ਕਿਹਾ ਕਿ ਇਹ ਮੇਰੇ ਨਾਮ ਅੰਮ੍ਰਿਤ ਦਾ ਪਿਆਲਾ ਹੈ, ਇਹ ਤੂੰ ਪੀ। ਮੇਰੇ ਨਾਮ ਅੰਮ੍ਰਿਤ ਦੀ ਮਹਿਮਾ ਕਰ। ਸ਼ਬਦ ਉਚਾਰਨ ਹੋਇਆ –

***ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ।।***
***ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥***
***ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥***
***ਸਾਚਾ ਨਿਰੰਕਾਰੁ ਨਿਜ ਥਾਇ॥***
***ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥***
***ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ।।***
***ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥***
***ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ॥***
***ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥***
***ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥***
***ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥***
***ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥***
***ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥***
***ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥*** ***ਪੰਨਾ – 14***

ਆਪ ਨੇ ਫੁਰਮਾਇਆ ਕਿ ਹੇ ਅਕਾਲ ਪੁਰਖ! ਤੇਰਾ ਹੁਕਮ ਅਪਾਰ ਹੈ ਜਿਸ ਦਾ ਕੋਈ ਪਾਰਾਵਾਰ ਨਹੀਂ ਪਾ ਸਕਦਾ। ਅਕਾਲ ਪੁਰਖ ਕਹਿਣ ਲੱਗੇ, ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਜੋ ਤੇਰੇ ਵਿਚ ਵਿਸ਼ਵਾਸ਼ ਲਿਆਏਗਾ ਉਸ ਨੂੰ ਮੇਰੀ ਦਰਗਾਹ ਪ੍ਰਾਪਤ ਹੋਏਗੀ। ਜੋ ਇਸ ਮੰਤਰ ਦਾ ਪਾਠ ਕਰੇਗਾ ਉਹ ਮੈਨੂੰ ਪ੍ਰਾਪਤ ਹੋਵੇਗਾ –

***ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ਜਪੁ।।***
***ਪੰਨਾ – 1***

ਇਸ ਮੂਲਮੰਤਰ ਤੇ ਤੂੰ ਆਪਣੀ ਮੋਹਰ ਲਾ ਕੇ ਸੰਪੂਰਨ ਕਰ।

ਗੁਰੂ ਨਾਨਕ ਪਾਤਸ਼ਾਹ ਨੇ ਉਚਾਰਨ ਕੀਤਾ –

***ਆਦਿ ਸਚ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥***
***ਪੰਨਾ – 1***

ਨਿਰੰਕਾਰ ਜੀ ਨੇ ਕਿਹਾ, "ਹੇ ਨਾਨਕ! ਇਹ ਮੰਤਰ ਪੂਰਾ ਹੋਇਆ। ਇਸ ਦਾ ਜੋ ਜ਼ਿੰਦਗੀ ਭਰ ਪਾਠ ਕਰੇਗਾ ਤੇ ਇਸ ਨੂੰ ਸਮਝਣ ਦਾ ਯਤਨ ਕਰੇਗਾ, ਉਹ ਮੇਰੀ ਦਰਗਾਹ ਵਿਚ ਅਵੱਸ਼ ਆ ਕੇ ਪ੍ਰਾਪਤੀ ਕਰੇਗਾ, ਉਸ ਨੂੰ ਦਰਗਾਹ ਦੇ ਅੰਦਰ ਥਾਂ ਮਿਲੇਗੀ।"

ਜੇ ਕਿਸੇ ਦੇ ਪੱਲੇ ਨਾਮ ਦੀ ਦੌਲਤ ਨਾ ਹੋਵੇ, ਨਾਮ ਧਨ ਖੱਟਿਆ ਨਾ ਹੋਵੇ, ਹੋਰ ਸਭ ਪ੍ਰਾਪਤੀ ਹੋਵੇ, ਸਮਝੋ, ਕੁਝ ਵੀ ਪ੍ਰਾਪਤ ਨਹੀਂ ਹੋਇਆ।

ਜਦੋਂ ਮੈਂ ਯੂ. ਪੀ. ਵਿਚ ਸੀ, ਆਪਣੇ ਫਾਰਮ ਵਿਚ ਖੇਤੀ ਕਰਦਾ ਸੀ, ਗੰਨਾ ਬੀਜਦਾ ਸੀ। ਗੰਨਾ ਰਾਮਪੁਰ ਲੈ ਕੇ ਜਾਣਾ ਹੁੰਦਾ ਸੀ। ਇਕ ਵਾਰ ਐਸਾ ਹੋਇਆ ਕਿ ਉਥੇ ਕਈ ਮਿੱਲਾਂ ਦਾ ਮਾਲਕ ਜਿਸ ਨੂੰ ਡਾਲਮੀਆਂ ਕਹਿੰਦੇ ਸਨ, ਉਸ ਨੂੰ ਕਿਸੇ ਕਾਨੂੰਨ ਦੀ ਉਲੰਘਣਾ ਕਰਨ ਕਰਕੇ ਜੇਲ੍ਹ ਵਿਚ ਭੇਜ ਦਿਤਾ। ਉਸ ਨੇ ਅਰਜ਼ੀ ਦਿਤੀ ਕਿ ਉਸ ਨੂੰ ਚਾਰ ਡਾਕਟਰ ਦੇਖਣ ਜੇਲ੍ਹ ਵਿਚ ਆਉਣ। ਉਹ ਡਾਕਟਰ ਜੇਲ੍ਹ ਵਿਚ ਨਾਲ ਹੀ ਗਏ, ਉਹ ਕਦੇ ਖ਼ੂਨ ਦਾ ਦਬਾਅ (blood pressure) ਦੇਖਦੇ ਹਨ, ਕਦੇ ਦਿਲ ਦੀ ਚਾਲ ਦੇਖਦੇ ਹਨ, ਕਦੇ ਪਿਸ਼ਾਬ ਚੈਕ ਕਰਦੇ ਨੇ। ਐਨਾ ਧਨ ਕਮਾ ਕੇ ਫਾਇਦਾ ਤਾਂ ਕੋਈ ਨਾ ਹੋਇਆ, ਅਨੰਦ ਤਾਂ ਕੋਈ ਨਾ ਆਇਆ। ਮਹਾਰਾਜ ਕਹਿੰਦੇ ਨੇ –

***ਐਸਾ ਜਗੁ ਦੇਖਿਆ ਜੂਆਰੀ॥***
***ਸਭਿ ਸੁਖ ਮਾਗੈ ਨਾਮੁ ਬਿਸਾਰੀ॥*** ***ਪੰਨਾ – 222***

ਸੋ ਇਸ ਤਰ੍ਹਾਂ ਨਾਮ ਨੂੰ ਭੁੱਲ ਕੇ ਅੰਦਰਲਾ ਕੌਲ ਫੁੱਲ ਸੜ ਜਾਂਦਾ ਹੈ –

***ਧਾਰਨਾ – ਜਲ ਬਲ ਜਾਵੇ ਜੀਉੜਾ ਨਾਮ ਤੋਂ ਬਿਨਾ – 2, 2.***
***ਨਾਮ ਤੋਂ ਬਿਨਾਂ ਜੀਉੜਾ, ਨਾਮ ਤੋ ਬਿਨਾ – 2, 2.***
***ਜਲ ਬਲ ਜਾਵੇ ਜੀਉੜਾ ਨਾਮ ਤੋਂ ਬਿਨਾ – 2.***

ਸੋ ਕਲਜੁਗ ਦੀ ਗੱਲ ਦੂਸਰੀ ਵਾਰੀ ਮੈਂ ਦਸਦਾ ਹਾਂ ਕਿ ਜਦੋਂ ਗੁਰੂ ਮਹਾਰਾਜ ਨੇ ਕੋਈ ਭੇਟਾ ਪ੍ਰਵਾਨ ਨਾ ਕਰੀ ਤਾਂ ਆਪ ਨੇ ਕਿਹਾ ਕਿ ਜੇ ਤੂੰ ਸਾਡਾ ਬਚਨ ਮੰਨ ਲਵੇਂਗਾ ਤਾਂ ਅਸੀਂ ਤੇਰੇ ਤੇ ਪ੍ਰਸੰਨ ਹੋਵਾਂਗੇ। ਆਪ ਨੇ ਜੋ ਕੁਝ ਫੁਰਮਾਇਆ ਉਹ ਇਸ ਤਰ੍ਹਾਂ ਹੈ –

***ਜੇ ਸਿਖ ਹੈਂ ਮੇਰੇ ਹਿਤਕਾਰੀ।***
***ਤਿਨ ਪਰ ਸੈਨ ਨ ਜਾਇ ਤੁਮਾਰੀ।***
***ਨਾਮੁ ਦਾਨ ਇਸ਼ਨਾਨ ਜੇ ਸਭਿ ਹੀ।***
***ਇਨ ਤੇ ਨਹੀਂ ਭੁਲਾਵਹੁ ਕਬਹੀ॥੬੬।***
***ਤਵ ਛਾਯਾ ਨਹਿੰ ਬਰਤੈ ਤਿਨ ਕੋ।***
***ਮੋਰ ਬਚਨ ਮੈਂ ਨਿਸ਼ਚਾ ਜਿਨਕੋ।*** ***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 854***

ਤੇਰੀ ਛਾਇਆ ਇਨ੍ਹਾਂ ਦੇ ਉਪਰ ਨਹੀਂ ਪੈਣੀ ਚਾਹੀਦੀ ਜੋ ਗੁਰੂ ਦੀ ਬਾਣੀ ਨੂੰ ਸਤਿ ਸਤਿ ਕਰਕੇ ਮੰਨਦੇ ਹਨ, ਜੋ ਆਪਣੀ ਕਮਾਈ ਵਿਚੋਂ ਦਾਨ ਦਿੰਦੇ ਹਨ, ਉਨ੍ਹਾਂ ਉਤੇ ਤੂੰ ਆਪਣਾ ਅਸਰ ਨਾ ਪਾਈਂ। ਦਾਨ ਖੇਤ ਪਛਾਣ ਕੇ ਦਿਤਾ ਜਾਂਦਾ ਹੈ, ਉਥੇ ਦਾਨ ਸਹੰਸਰ ਗੁਣਾਂ ਵਧਦਾ ਹੈ। ਗੁਰੂ ਘਰ ਵਿਚ ਗੁਰਮੁਖ ਨਾਮ ਦਾਨ ਇਸ਼ਨਾਨ ਦਾ ਬੰਧੇਜ ਹੈ। ਆਤਮ ਦਾਨ ਸਭ ਤੋਂ ਸ੍ਰੇਸ਼ਟ ਹੁੰਦਾ ਹੈ, ਭੁੱਲਿਆਂ ਨੂੰ ਬੰਦਗੀ ਕਰਨ ਲਾ ਦੇਣਾ, ਨਾਮ ਜਪਣਾ, ਦਾਨ ਕਰਨਾ ਅਤੇ ਤੀਸਰਾ ਕਰਮ ਇਸ਼ਨਾਨ ਦਾ ਹੋਇਆ ਕਰਦਾ ਹੈ। ਪਹਿਰ ਰਾਤ ਰਹਿੰਦੀ ਉਠਣਾ ਅਤੇ ਸਾਵਧਾਨ ਹੋ ਕੇ ਇਸ਼ਨਾਨ ਕਰਦੇ ਸਮੇਂ ਏਕੰਕਾਰ ਜੀ ਦਾ ਧਿਆਨ ਕਰਨਾ ਅਤੇ ਮੂਲਮੰਤਰ ਦਾ ਪਾਠ ਕਰਦੇ ਰਹਿਣਾ। ਇਸ ਦਾ ਫਲ ਬਹੁਤ ਅਧਿਕ ਹੁੰਦਾ ਹੈ।

ਇਕ ਵਾਰ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਪੁਛਿਆ ਕਿ ਇਸ਼ਨਾਨ ਦਾ ਕੀ ਲਾਭ ਹੁੰਦਾ ਹੈ। ਤਾਂ ਐਸਾ ਲਿਖਿਆ ਹੋਇਆ ਹੈ ਕਿ ਗੁਰੂ ਮਹਾਰਾਜ ਨੇ ਕਿਹਾ ਕਿ ਹੇ ਪੁਰਖਾ! ਜੋ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਦਾ ਹੈ, ਮਨ ਚਿਤ ਇਕਾਗਰ ਕਰਕੇ ਏਕੰਕਾਰ ਜੀ ਦਾ ਧਿਆਨ ਕਰਦਾ ਹੈ ਉਹ ਸਵਾ ਮਣ ਸੋਨਾ ਦਾਨ ਕਰਦਾ ਹੈ। ਜੋ ਦੋ ਘੜੀ ਬਾਅਦ ਇਸ਼ਨਾਨ ਕਰਦਾ ਹੈ, ਉਸ ਨੂੰ ਸਵਾ ਮਣ ਚਾਂਦੀ ਦਾਨ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ, ਜੋ ਹੋਰ ਦੋ ਘੜੀ ਬਾਅਦ ਇਸ਼ਨਾਨ ਕਰਦਾ ਹੈ ਉਸ ਨੂੰ ਸਵਾ ਮਣ ਤਾਂਬਾ ਦਾਨ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ, ਜੋ ਦੋ ਘੜੀਆਂ ਰਾਤ ਰਹਿੰਦੀ ਇਸ਼ਨਾਨ ਕਰਦਾ ਹੈ ਉਸ ਨੂੰ ਸਵਾ ਮਣ ਦੁੱਧ ਜਾਂ ਅੰਨ ਦੇ ਦਾਨ ਦਾ ਫਲ ਪ੍ਰਾਪਤ ਹੁੰਦਾ ਹੈ। ਸੋ ਇਸ ਕਰਕੇ ਸਾਡਾ ਸਰੀਰ ਨਾਮ

ਦਾਨ ਇਸ਼ਨਾਨ ਦੇ ਸ਼ਾਹੀ ਮਾਰਗ (high way) ਤੇ ਚਲਦਾ ਹੈ ਪਰ ਇਕ ਗੱਲ ਦਾ ਧਿਆਨ ਰੱਖਣਾ ਪੈਂਦਾ ਹੈ ਕਿ ਪੁੰਨ ਦਾਨ ਕਰਕੇ ਸਵਰਗ ਦੀ ਇਛਿਆ ਨਾ ਕਰੇ, ਨਹੀਂ ਤਾਂ ਸਵਰਗ ਲੋਕ ਭੋਗ ਕੇ ਫੇਰ ਧਰਤੀ ਤੇ ਆਉਂਦਾ ਹੈ, ਇਸ ਤਰ੍ਹਾਂ ਪਰਮ ਪਦ ਦੀ ਪ੍ਰਾਪਤੀ ਵਿਚ ਰੁਕਾਵਟ ਪੈਦਾ ਹੋ ਜਾਂਦੀ ਹੈ।

*ਪੁੰਨ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਈ॥ ਪੰਨਾ - 1414*

ਫੇਰ ਧਰਮਰਾਜ ਕੋਲ ਜਾਣਾ ਪੈਂਦਾ ਹੈ। ਗੁਰੂ ਦਾ ਸਿੱਖ ਧਰਮਰਾਜ ਕੋਲ ਨਹੀਂ ਜਾਂਦਾ। ਉਹ ਨਰਕਾਂ ਵਿਚ ਜਾਣ ਤੋਂ ਡਰਦਾ ਹੈ ਪਰ ਉਹ ਨਰਕਾਂ ਸੁਰਗਾਂ ਦੀ ਕੋਈ ਵੀ ਕਾਣ ਨਹੀਂ ਕਢਦਾ -

*ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥*
*ਹਮ ਕਾਹੂ ਕੀ ਕਾਨਿ ਨ ਕਢਤੇ ਅਪਨੇ ਗੁਰ ਪਰਸਾਦੇ॥ ਪੰਨਾ - 969*

ਸੋ ਸੁਰਗ ਦੀ ਇਛਿਆ ਨਾ ਕਰੇ ਅਤੇ ਨਰਕ ਵਿਚ ਗੁਰਸਿੱਖ ਜਾਂਦਾ ਹੀ ਨਹੀਂ, ਸੋ ਇਸ ਤੋਂ ਡਰਨ ਦੀ ਲੋੜ ਨਹੀਂ ਹੈ।

ਫੇਰ ਇਹਦੇ ਵਿਚ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸਾਨੂੰ ਜੋ ਇਸ਼ਨਾਨ ਦਾ ਐਨਾ ਪੁੰਨ ਮਿਲਦਾ ਹੈ ਫਿਰ ਫਲ ਤਾਂ ਮਿਲੇਗਾ। ਜੇ ਤਾਂ ਪੁੰਨ ਦੀ ਇਛਿਆ ਹੈ ਫੇਰ ਤਾਂ ਭੋਗਣਾ ਹੀ ਪਵੇਗਾ। ਜੇ ਕਰਤਾਪੁਣ ਵਿਚ ਆ ਕੇ ਗੁਰੂ ਦੇ ਅਰਪਣ ਕਰ ਦੇਵੇ ਤਾਂ ਉਸ ਦੀ ਅਵਸਥਾ ਹੋਰ ਹੋ ਜਾਂਦੀ ਹੈ। ਉਸ ਦਾ ਗੁਰੂ ਮਾਲਕ ਹੁੰਦਾ ਹੈ। ਗੁਰੂ ਮਹਾਰਾਜ ਨੇ ਦਾਨ ਕਰਨ ਦਾ ਵੀ ਵਿਧਾਨ ਬੰਨ੍ਹ ਦਿਤਾ ਹੈ ਜਿਸ ਤਰ੍ਹਾਂ ਗੁਰੂ ਮਹਾਰਾਜ ਦੇ ਇਕ ਸਵੱਈਏ ਵਿਚ ਜ਼ਿਕਰ ਆਉਂਦਾ ਹੈ -

*ਸੇਵ ਕਰੀ ਇਨਹੀ ਕੀ ਭਾਵਤ,*
*ਅਉਰ ਕੀ ਸੇਵ ਸੁਹਾਤ ਨ ਜੀ ਕੋ॥*
*ਦਾਨ ਦਯੋ ਇਨਹੀ ਕੋ ਭਲੋ,*
*ਅਰੁ ਆਨ ਕੋ ਦਾਨ ਨ ਲਾਗਤ ਨੀਕੋ॥*
*ਆਗੈ ਫਲੈ ਇਨ ਹੀ ਕੋ ਦਯੋ,*
*ਜਗ ਮੈ ਜਸੁ, ਅਉਰ ਦਯੋ ਸਭ ਫੀਕੋ॥*
*ਮੋ ਗ੍ਰਹਿ ਮੈ ਤਨ ਤੇ ਮਨ ਤੇ,*
*ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥ ਗਿਆਨ ਪ੍ਰਬੋਧ ਪਾਤਸ਼ਾਹੀ ੧੦*

ਇਸੇ ਤਰ੍ਹਾਂ ਇਸ਼ਨਾਨ ਕਰਨ ਵਿਚ ਵੀ ਭੇਦ ਹੋਇਆ ਕਰਦੇ ਹਨ। ਇਕ ਤਾਂ ਸਰੀਰ ਦਾ ਇਸ਼ਨਾਨ ਕਰਦੇ ਹਾਂ ਜਿਸ ਵਿਚ ਸਰੀਰ ਦੀ ਮਲ ਦੂਰ ਹੋ ਜਾਂਦੀ ਹੈ ਅਤੇ ਸਰੀਰ ਦੇ ਕਣ ਕਣ ਵਿਚ ਪਾਣੀ ਰਾਹੀਂ ਆਕਸੀਜਨ ਦਾਖਲ ਹੋ ਜਾਂਦੀ ਹੈ ਜਿਸ ਰਾਹੀਂ ਅਸੀਂ ਆਲਸ ਤੋਂ ਬਗੈਰ ਪ੍ਰਭੂ ਦੇ ਵਿਚ ਲੀਨ ਹੋ ਸਕਦੇ ਹਾਂ। ਦੂਸਰਾ ਬਾਣੀ ਦਾ ਇਸ਼ਨਾਨ ਹੁੰਦਾ ਹੈ, ਜਿਸ ਵਿਚ ਗੁਰਬਾਣੀ ਪੜ੍ਹਨੀ, ਕਿਉਂਕਿ ਫਿੱਕਾ ਬੋਲਣ ਨਾਲ ਤਨ ਮਨ ਫਿੱਕਾ ਹੋ ਜਾਂਦਾ ਹੈ ਅਤੇ ਗੁਰੂ ਮਹਾਰਾਜ ਦੀ ਸਖਤ ਤਾਕੀਦ ਹੈ -

*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।। ਪੰਨਾ - 473*

ਸਭ ਦਾ ਭਲਾ ਮਨਾਉਣਾ, ਕਿਸੇ ਨਾਲ ਵੀ ਵੈਰ ਨਾ ਕਰਨਾ, ਵਿਰੋਧ ਨਾ ਕਰਨਾ, ਗੁੱਸਾ ਮਨ ਵਿਚ ਨਾ ਹੰਢਾਉਣਾ। ਚੌਥਾ ਇਸ਼ਨਾਨ ਬੁੱਧੀ ਦਾ ਹੋਇਆ ਕਰਦਾ ਹੈ। ਬੁੱਧੀ ਦੇ ਵਿਚ ਨਿਰਮਲ ਮਤ ਧਾਰਨ ਕਰਨੀ, ਗੁਰੂ ਦੀ ਬਾਣੀ ਪੜ੍ਹਨੀ, ਉਸ ਦੇ ਅਰਥ ਵਿਚਾਰਨੇ, ਵਿਚਾਰ ਕੇ ਹਿਰਦੇ ਵਿਚ ਧਾਰਨ ਕਰਨੇ ਇਸ ਨਾਲ ਬੁੱਧੀ ਦਾ ਇਸ਼ਨਾਨ ਹੋ ਜਾਂਦਾ ਹੈ।

ਪੰਜਵਾਂ ਸਭ ਤੋਂ ਸ੍ਰੇਸ਼ਟ ਇਸ਼ਨਾਨ ਆਤਮ ਚਿੰਤਨ ਕਰਨਾ ਹੈ। ਆਤਮਾ ਤੇ ਪ੍ਰਮਾਤਮਾ ਨੂੰ ਇਕ ਰੂਪ ਕਰਨ ਲਈ ਸਾਧਨ ਕਰਨੇ, ਸਿਮਰਨ ਕਰਨਾ ਹੋਇਆ ਕਰਦਾ ਹੈ ਜਿਸਨੂੰ ਆਤਮਿਕ ਇਸ਼ਨਾਨ ਕਹਿੰਦੇ ਹਨ। ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥ ਪੰਨਾ - 468***

ਬ੍ਰਹਮ ਦੀ ਪਰੀਪੂਰਨਤਾ ਵਿਚ ਆਪਣੇ ਆਪ ਨੂੰ ਲੀਨ ਕਰਨਾ। ਸੋ ਇਹ ਇਸ਼ਨਾਨ ਹੋਇਆ ਕਰਦਾ ਹੈ। ਗੁਰੂ ਮਹਾਰਾਜ ਨੇ ਕਲਜੁਗ ਨੂੰ ਮਨ੍ਹਾ ਕੀਤਾ ਸੀ ਕਿ ਜੋ ਗੁਰਸਿੱਖ ਇਨ੍ਹਾਂ ਕਰਮਾਂ ਵਿਚ ਪ੍ਰਵਿਰਤ ਹੋਵੇ ਉਨ੍ਹਾਂ ਉਪਰ ਤੂੰ ਆਪਣੀ ਛਾਇਆ ਨਾ ਪਾਈਂ, ਐਵੇਂ ਨਾ ਇਨ੍ਹਾਂ ਨੂੰ ਮੇਰੀ ਸੰਗਤ ਕਰਨ ਤੋਂ ਭੁਲਾ ਦੇਵੀਂ। ਸੋ ਉਸ ਵੇਲੇ ਦੋਵੇਂ ਹੱਥ ਜੋੜ ਕੇ, ਨਮਸ਼ਕਾਰ ਕਰਕੇ ਕਲਜੁਗ ਨੇ ਕਿਹਾ ਕਿ ਆਪ ਦੀ ਕ੍ਰਿਪਾ ਚਾਹੀਦੀ ਹੈ ਤੇ ਮੈਂ ਆਪ ਦਾ ਹੁਕਮ ਪ੍ਰਵਾਨ ਕਰਦਾ ਹਾਂ -

***ਧਾਰਨਾ - ਕਰ ਲਿਆ ਪ੍ਰਵਾਨ ਜੀ,***
***ਦਿਤਾ ਜੋ ਹੁਕਮ ਗੁਰਾਂ ਨੇ - 2, 2.***
***ਦਿਤਾ ਜੋ ਹੁਕਮ ਗੁਰਾਂ ਨੇ - 2, 2.***
***ਕਰ ਲਿਆ ਪ੍ਰਵਾਨ ਜੀ,.........2***

ਉਸ ਵੇਲੇ ਕਲਜੁਗ ਨੇ ਕਿਹਾ ਕਿ ਹੇ ਪਾਤਸ਼ਾਹ! ਆਪ ਦਾ ਹੁਕਮ ਮੰਨ ਕੇ ਮੈਨੂੰ ਇਸ ਨਾਲੋਂ ਵਧ ਕਿਸੇ ਚੀਜ਼ ਦੀ ਪ੍ਰਸੰਨਤਾ ਨਹੀਂ ਹੋਵੇਗੀ। ਪਰ ਮੈਂ ਇਕ ਬੇਨਤੀ ਕਰਦਾ ਹਾਂ ਕਿ ਜੇ ਹਜ਼ੂਰ ਦਾ ਹੁਕਮ ਹੋਵੇ ਤਾਂ ਉਸ ਬਾਰੇ ਅਰਜ਼ ਕਰਾਂ। ਗੁਰੂ ਮਹਾਰਾਜ ਨੇ ਕਿਹਾ, ਦੱਸ। ਕਹਿਣ ਲੱਗਿਆ ਕਿ ਜੋ ਆਪ ਦੇ ਪੰਥ ਵਿਚ ਪਾਖੰਡੀ ਲੋਕ ਆ ਜਾਣਗੇ, ਦੰਭ ਕਰਨਗੇ, ਆਪਣੇ ਆਪ ਨੂੰ ਪੂਰਾ ਕਹਾਉਣਗੇ ਲੇਕਿਨ ਹੋਣਗੇ ਉਲਟ, ਆਪਣੀ ਮਹਿਮਾ ਵਾਸਤੇ ਏਜੰਟ ਰੱਖਣਗੇ, ਆਡੰਬਰ ਕਰਨਗੇ, ਜੋ ਤੇਰੀ ਹਜ਼ੂਰੀ ਦੇ ਅੰਦਰ ਨਿਰਾਦਰ ਕਰਨ, ਚਾਹੇ ਉਹ ਮੰਦਰ ਹੋਵੇ, ਪਾਤਸ਼ਾਹ! ਉਥੇ ਤਾਂ ਮੈਂ ਆਪਣਾ ਪੂਰਾ ਜ਼ੋਰ ਦਿਖਾਵਾਂਗਾ। ਗੁਰਦੁਆਰਾ ਹੋਵੇ, ਮਸਜਿਦ ਵਿਚ ਹੋਵੇ। ਇਹ ਆਗਿਆ ਮੈਂ ਆਪ ਤੋਂ ਲੈਣੀ ਚਾਹੁੰਦਾ ਹਾਂ। ਗੁਰੂ ਮਹਾਰਾਜ ਨੇ ਕਿਹਾ ਕਿ ਅਸੀਂ ਤਾਂ ਤੈਨੂੰ ਕਿਹਾ ਹੈ ਕਿ ਜਿਹੜੇ ਗੁਰਸਿੱਖ ਦਿਲ ਤੋਂ ਬਾਣੀ ਪੜ੍ਹਨਗੇ, ਉਨ੍ਹਾਂ ਨੂੰ ਹਾਨੀ ਨਾ ਪਹੁੰਚਾਵੀਂ। ਜਿਹੜੇ ਭੇਖੀ ਹਨ ਉਹ ਸਾਡੇ ਸਿੱਖ ਨਹੀਂ ਹਨ ਕਿਉਂਕਿ ਭੇਖੀ ਬਾਰੇ ਮਹਾਰਾਜ ਨੇ ਕਿਹਾ ਹੈ -

***ਭੇਖ ਦਿਖਾਇਓ ਜਗਤ ਕਉ ਲੋਗਨ ਕਉ ਬਸ ਕੀਨ।***
***ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ।***

ਸੋ ਇਸ ਤਰ੍ਹਾਂ ਕਲਜੁਗ ਨੇ ਬਹੁਤ ਅਧੀਨਤਾ ਦੇ ਨਾਲ ਸਾਰੇ ਹੁਕਮ ਮੰਨ ਲਏ ਅਤੇ ਚਰਨ ਫੜੇ। ਬੇਨਤੀ ਕੀਤੀ ਕਿ ਸਤਿਜੁਗ ਵਿਚ ਹੰਸਾ ਅਵਤਾਰ, ਤ੍ਰੇਤੇ ਵਿਚ 14 ਕਲਾ ਸੰਪੂਰਨ ਸ੍ਰੀ ਰਾਮ ਚੰਦਰ ਜੀ ਆਏ ਅਤੇ ਦੁਆਪਰ ਯੁਗ ਵਿਚ 16 ਕਲਾ ਸੰਪੂਰਨ ਕ੍ਰਿਸ਼ਨ ਮਹਾਰਾਜ ਆਏ। ਮੈਂ ਕਿੱਡਾ ਵਡਭਾਗੀ ਹਾਂ ਕਿ ਨਿਰੰਕਾਰ ਆਪ ਅਕਾਰ ਧਾਰ ਕੇ ਮੇਰੇ ਜੁਗ ਵਿਚ ਪ੍ਰਗਟੇ ਹੋਂ।

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥ ਪੰਨਾ - 1395***

ਕਲਜੁਗ ਨੇ ਫੇਰ ਬੇਨਤੀ ਕੀਤੀ ਕਿ ਹੇ ਪ੍ਰਮੇਸ਼ਰ ਰੂਪ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਜੀਓ! ਮੈਨੂੰ ਕਿੰਨੀ ਖੁਸ਼ੀ ਹੋਈ ਹੈ ਆਪ ਦੇ ਦਰਸ਼ਨ ਕਰਕੇ। ਜੋ ਡਿਊਟੀ ਮੇਰੇ ਜ਼ਿੰਮੇ ਲੱਗੀ ਹੈ - ਜੀਵਾਂ ਨੂੰ ਭੁਲਾਉਣ ਦੀ, ਉਸ ਵਿਚ ਮੇਰਾ ਕਸੂਰ ਨਹੀਂ ਹੈ। ਤਿੰਨਾਂ ਜੁਗਾਂ ਤੋਂ ਜੀਵ ਪ੍ਰਭੂ ਭਗਤੀ ਵਿਚ ਪਿਆ ਹੋਇਆ ਹੈ। ਸਤਿਜੁਗ ਵਿਚ ਸਤਿ ਬੋਲਦਾ ਸੀ, ਸਤਿ ਦਾ ਧਿਆਨ ਕਰਦਾ ਸੀ, ਤ੍ਰੇਤੇ ਦੇ ਅੰਦਰ ਯੱਗ ਵਗੈਰਾ ਕਰਦਾ ਸੀ, ਦੁਆਪਰ ਵਿਚ ਅਨੇਕ ਕਿਸਮ ਦੀ ਪੂਜਾ ਕਰਦੇ ਸਨ, ਆਦਮੀ ਨੂੰ ਇਸ ਸਮੇਂ ਦੇ ਲੰਮੇ ਚੱਕਰ ਵਿਚ ਤਰੱਕੀ ਕਰਨੀ ਚਾਹੀਦੀ ਸੀ। ਉਹ ਮੇਰੇ ਜੁਗ ਦੇ ਅੰਦਰ ਆਪਣਾ ਸਫਰ ਖਤਮ ਕਰ ਲੈਂਦਾ। ਮੇਰੀ ਕੋਈ ਐਸੀ ਆਸਾ ਨਹੀਂ ਕਿ ਮੈਂ ਜੀਵਾਂ ਨੂੰ ਭੁਲਾਵਾਂ। ਮੈਨੂੰ ਜੋ ਪ੍ਰਮੇਸ਼ਰ ਜੀ ਨੇ ਮਾਇਕ ਪਦਾਰਥਾਂ ਵਿਚ ਅਨੇਕ ਕਿਸਮ ਦੀਆਂ ਅਕਲ ਦੰਗ ਕਰਨ ਵਾਲੀਆਂ ਕਾਢਾਂ ਵਿਚ ਦਾਤਾਂ ਦਿਤੀਆਂ ਹਨ, ਉਹ ਇਸ ਦੇ ਜੀਵਾਂ ਨੂੰ ਮੇਰੇ ਜੁਗ ਵਿਚ ਪ੍ਰਾਲਬਧ ਅਨੁਸਾਰ ਪ੍ਰਾਪਤ ਹੋਣੀਆਂ ਹਨ। ਚਾਹੀਦਾ ਤਾਂ ਇਹ ਸੀ ਕਿ ਉਹ ਦਾਤਾਂ ਦੀ ਪ੍ਰਾਪਤੀ ਕਰਕੇ ਪ੍ਰਮੇਸ਼ਰ ਦੀ ਮਹਿਮਾ ਵਿਚ ਆਪਣੇ ਆਪ ਨੂੰ ਲਿਪਤ ਕਰਨ ਪਰ ਇਹ ਜੀਵ ਅਨੇਕ ਕਿਸਮ ਦੀਆਂ ਦਾਤਾਂ, ਅਨੇਕ ਕਿਸਮ ਦੀਆਂ ਪ੍ਰਾਪਤੀਆਂ ਦੀਆਂ ਵਾਸ਼ਨਾਵਾਂ ਵਿਚ ਗਰਕ ਹੋਇਆ ਪਿਆ ਹੈ ਅਤੇ ਹੋਰ-ਹੋਰ ਮੰਗਦਾ ਹੈ। ਉਹ ਸਬਰ ਸ਼ਾਂਤੀ ਜੋ ਸਤਿਜੁਗ ਵਿਚ ਸੀ, ਜੋ ਚਰਿਤਰ ਤ੍ਰੇਤੇ ਅਤੇ ਦੁਆਪਰ

ਵਿਚ ਸੀ ਉਹ ਇਸ ਦੇ ਕੋਲੋਂ ਖੁਸ ਗਿਆ ਹੈ। ਕਈ ਮੇਰੇ ਜੁਗ ਨੂੰ ਕਲਾ ਦਾ ਜੁਗ ਕਹਿ ਕੇ ਕਲਜੁਗ ਕਹਿ ਦਿੰਦੇ ਹਨ। ਮਾਇਕ ਪਦਾਰਥਾਂ ਦੀ ਚਕਾਚੁੰਧ ਵਿਚ ਗ੍ਰਸਤ ਹੋ ਕੇ ਇਹ ਜੀਵ ਪ੍ਰਮੇਸ਼ਰ ਨੂੰ ਭੁੱਲ ਕੇ ਆਪਣਾ ਜੀਵਨ ਗੁਜ਼ਾਰ ਰਿਹਾ ਹੈ। ਪ੍ਰਮੇਸ਼ਰ ਨੂੰ ਭੁੱਲਣ ਨਾਲ ਇਸ ਦੇ ਸਦਗੁਣ ਅਲੋਪ ਹੋ ਗਏ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਰਾਗ ਦ੍ਵੈਸ਼ ਵਿਚ ਖਚਿਤ ਹੋ ਗਿਆ। ਹੇ ਪ੍ਰਭੂ ਜੀ! ਤੁਸੀਂ ਇਸੇ ਕਰਕੇ ਸੰਸਾਰ ਵਿਚ ਗੁਰੂ ਪਾਤਸ਼ਾਹ ਦਾ ਰੂਪ ਧਾਰਨ ਕਰਕੇ ਪ੍ਰਗਟ ਹੋਏ ਹੋ, ਮੈਂ ਆਪਣੀ ਕਰੜੀ ਕਸਵੱਟੀ ਲਾ ਕੇ ਪਰਖ ਕੀਤੀ ਹੈ ਜੋ ਮੇਰੀ ਭੁੱਲ ਦਾ ਕਾਰਨ ਬਣੀ। ਕ੍ਰਿਪਾ ਕਰੋ ਮੇਰੀ ਭੁੱਲ ਬਖਸ਼ ਦੇਵੋ ਪਰ ਪਾਤਸ਼ਾਹ ਜੀ! ਮੈਂ ਕਿਵੇਂ ਦੱਸਾਂ ਕਿ ਮੇਰੇ ਨਾਲੋਂ ਭਾਗਾਂ ਵਾਲਾ ਕੋਈ ਹੋਰ ਯੁਗ ਨਹੀਂ ਹੈ ਜਿਸ ਨਾਲ ਤੁਹਾਡਾ ਪ੍ਰਕਾਸ਼ ਇਸ ਯੁਗ ਵਿਚ ਹੋਇਆ। ਮੈਨੂੰ ਲੋਕ ਸ਼ਾਸਤਰ ਅਤੇ ਧਾਰਮਕ ਪੁਰਸ਼ ਬਹੁਤ ਮਾੜਾ ਆਖਦੇ ਹਨ। ਮੈਂ ਕਿਸੇ ਨੂੰ ਮਾੜੇ ਕੰਮਾਂ ਵਲ ਨਹੀਂ ਪ੍ਰੇਰਦਾ ਪਰ ਪ੍ਰਕ੍ਰਿਤੀ ਦੀਆਂ ਜੋ ਪ੍ਰਾਪਤੀਆਂ ਹਨ ਇਹ ਜੀਵ ਪ੍ਰਮੇਸ਼ਰ ਨੂੰ ਭੁੱਲ ਕੇ ਆਪ ਹੀ ਮਾਇਆ ਦੇ ਚੱਕਰ ਵਿਚ ਫਸ ਰਹੇ ਹਨ। ਮੇਰੇ ਧੰਨ ਭਾਗ ਹਨ ਕਿ ਤੁਸੀਂ ਮੇਰੇ ਜੁਗ ਦੇ ਵਿਚ ਪ੍ਰਗਟ ਹੋਏ ਅਤੇ ਮੈਨੂੰ ਭਾਗਸ਼ੀਲ ਕੀਤਾ।

ਇਹ ਸਾਰੀਆਂ ਬੇਨਤੀਆਂ ਸੁਣ ਕੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਜੀ ਬਹੁਤ ਪ੍ਰਸੰਨ ਹੋਏ ਅਤੇ ਉਸ ਦੀ ਅਧੀਨਗੀ ਤੱਕ ਕੇ ਇਕ ਵਾਰੀ ਫੇਰ ਫੁਰਮਾਨ ਕੀਤਾ ਕਿ ਐ ਕਲਜੁਗ! ਤੂੰ ਮੇਰੀ ਸੰਗਤ ਨੂੰ ਦੁਖੀ ਨਾ ਕਰੀਂ, ਆਪਣੇ ਤਮੋ ਗੁਣੀ ਅਸਰ, ਆਪਣੀ ਸ਼ਕਤੀਸ਼ਾਲੀ ਫੌਜ ਦਾ ਹੱਲਾ ਗੁਰਸਿੱਖਾਂ ਤੇ ਨਾ ਕਰੀਂ।

***ਜੇ ਤੁਮ ਦੇਣਾ ਤੌ ਇਹ ਦੀਜੈ॥***
***ਮਮ ਸੰਗਤ ਕੋ ਦੁਖੀ ਨ ਕੀਜੈ॥ ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 855***

ਕਲਜੁਗ ਨੇ ਫੇਰ ਬੇਨਤੀ ਕਰੀ ਕਿ ਮਹਾਰਾਜ! ਮੈਨੂੰ ਇਕ ਆਗਿਆ ਜ਼ਰੂਰ ਦੇਵੋ ਕਿ ਮੇਰੀ ਸੈਨਾ ਦਾ ਬਲ ਪਾਖੰਡੀਆਂ, ਧੋਖੇ ਵਾਲੇ ਪੁਰਸ਼ਾਂ ਦੇ ਉਤੇ ਪੈਣ ਦਿਓ ਜੋ ਧਰਮ ਦਾ ਬੁਰਕਾ ਪਹਿਨ ਕੇ ਅਧਰਮ ਦੀਆਂ ਗੱਲਾਂ ਕਰਦੇ ਹਨ ਅਤੇ ਤੇਰੇ ਦਿਤੇ ਹੋਏ ਗਿਆਨ ਤੋਂ ਵਿਪਰੀਤ ਗੱਲਾਂ ਕਰਦੇ ਹਨ ਉਨ੍ਹਾਂ ਉਤੇ ਮੇਰਾ ਅੰਕ ਰਹਿਣ ਦਿਓ। ਮੈਂ ਇਹ ਬਚਨ ਫੇਰ ਦਿੰਦਾ ਹਾਂ ਕਿ ਮੈਂ ਤੇਰੇ ਪ੍ਰੇਮੀਆਂ ਦਾ ਸੇਵਾਦਾਰ ਬਣ ਕੇ ਰਹਾਂਗਾ। ਗੁਰੂ ਮਹਾਰਾਜ ਜੀ ਇਹ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, ਕਲਜੁਗ! ਤੂੰ ਅਸਾਡਾ ਬਚਨ ਮੰਨ ਲਵੇਂਗਾ ਤਾਂ ਯਾਦ ਰੱਖ, ਅਸੀਂ ਤੇਰਾ ਤੇਜ ਬੀਤ ਚੁੱਕੇ ਤਿੰਨਾਂ ਜੁਗਾਂ ਤੋਂ ਵਧ ਵਧਾਉਂਦੇ ਹਾਂ।

***ਸਭਿ ਜੁਗ ਤੇ ਬਡ ਤੇਜ ਤੁਮਾਰਾ।***
***ਹੋਵਹਿਗੋ ਇਹ ਵਾਕ ਹਮਾਰਾ॥੭੮॥ ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 855***

ਤੇਰੇ ਜੁਗ ਦੇ ਅੰਦਰ ਨਾਮ ਦੀ ਮਹਿਮਾ, ਕੀਰਤਨ ਦੀ ਮਹਿਮਾ ਪ੍ਰਧਾਨਤਾ ਪ੍ਰਾਪਤ ਕਰੇਗੀ। ਕੀਰਤਨ ਭਗਤੀ, ਸਿਮਰਨ ਭਗਤੀ, ਸਰਵਣ ਭਗਤੀ ਕਰਕੇ ਜੀਵ ਦੀ ਕਲਿਆਣ ਹੋਵੇਗੀ। ਤੇਰੇ ਜੁਗ ਦੇ ਅੰਦਰ ਨਾਮ ਦੀ ਮਹਿਮਾ ਅਤਿ ਉਚੀ ਹੋ ਜਾਵੇਗੀ। ਇਥੇ ਤਕ ਉਸ ਦੀ ਮਹਿਮਾ ਹੋਵੇਗੀ ਕਿ ਜੇ ਇਕ ਵਾਰ ਵੀ ਚਿੱਤ ਦੀ ਇਕਾਗਰਤਾ ਨਾਲ ਪ੍ਰਮੇਸ਼ਰ ਦਾ ਨਾਮ ਇਹ ਜੀਵ ਜਪੇਗਾ ਤਾਂ ਉਸ ਦੀ ਕਲਿਆਣ ਹੋ ਜਾਵੇਗੀ। ਜਦੋਂ ਅਸੀਂ ਬਾਣੀ ਦੀ ਵਿਚਾਰ ਕਰਦੇ ਹਾਂ ਉਸ ਵੇਲੇ ਫੁਰਮਾਨ ਆਉਂਦਾ ਹੈ -

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥***
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥ ਪੰਨਾ - 1377***

ਸੰਗਤ ਦੀ ਮਹਿਮਾ ਬਹੁਤ ਵੱਡੀ ਦਰਸਾਈ ਹੈ, ਐਸਾ ਮਹਾਂਪੁਰਸ਼ਾਂ ਦਾ ਮਤ ਹੈ ਕਿ ਸਤਿਜੁਗ ਦੇ ਅੰਦਰ ਜੇ ਕੋਈ 10 ਹਜ਼ਾਰ ਸਾਲ ਦੀ ਤਪਸਿਆ ਕਰੇ ਤੇ ਉਸ ਦਾ ਫਲ ਤ੍ਰੇਤੇ ਦੀ ਇਕ ਹਜ਼ਾਰ ਸਾਲ ਦੀ ਤਪਸਿਆ ਦੇ ਬਰਾਬਰ ਹੁੰਦਾ ਹੈ। ਪਰ ਵਿਧੀਪੂਰਵਕ ਕੀਤੇ ਸਤਿਸੰਗ ਦੀ ਇਕ ਘੜੀ ਇਨ੍ਹਾਂ ਸਾਰੀਆਂ ਨਾਲੋਂ ਸ਼੍ਰੋਮਣੀ ਹੁੰਦੀ ਹੈ। ਕਲਜੁਗ ਵਿਚ ਨਾਮ ਬੀਜਣ ਦੀ ਰੁੱਤ ਆ ਗਈ ਹੈ ਇਸ ਵਿਚ ਨਾਮ ਫਲੀਭੂਤ ਹੁੰਦਾ ਹੈ। ਨਿਰੰਕਾਰ ਜੀ ਦਾ ਕਲਜੁਗ ਨੂੰ, ਧਰਮਰਾਜ ਨੂੰ, ਜਮਦੂਤਾਂ ਨੂੰ ਹੁਕਮ ਹੈ ਕਿ ਜਿਥੇ ਮੇਰੇ ਪਿਆਰੇ

ਹਰੀ ਦਾ ਜਸ ਕਰਦੇ ਹੋਣ, ਉਥੇ ਤੁਸੀਂ ਨਹੀਂ ਜਾਣਾ; ਜੇ ਜਾਵੋਂਗੇ ਤਾਂ ਸਜ਼ਾ ਮਿਲੇਗੀ –

*ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥*
*ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥* *ਪੰਨਾ – 256*

ਕਲਜੁਗ ਕਿੰਨਾ ਚੰਗਾ ਜੁਗ ਹੈ, ਇਸ ਦੇ ਅੰਦਰ ਜੋ ਕੋਈ ਕੁਕਰਮ ਕਰਦਾ ਹੈ ਓਹੀ ਜਵਾਬ ਦੇਹ ਹੋਇਆ ਕਰਦਾ ਹੈ। ਸਤਿਜੁਗ ਦੇ ਅੰਦਰ ਇਕ ਬੰਦੇ ਦੇ ਗਲਤੀ ਕਰਨ ਦੇ ਨਾਲ ਸਾਰੇ ਦੇਸ਼ ਨੂੰ ਸਜ਼ਾ ਮਿਲਦੀ ਸੀ, ਤ੍ਰੇਤੇ ਦੇ ਅੰਦਰ ਨਗਰੀ ਨੂੰ ਸਜ਼ਾ ਮਿਲਦੀ ਸੀ। ਦੁਆਪਰ ਵਿਚ ਉਸ ਪਰਿਵਾਰ ਨੂੰ ਸਜ਼ਾ ਮਿਲਦੀ ਸੀ। ਕਲਜੁਗ ਦੇ ਅੰਦਰ ਜੋ ਗੁਨਾਹ ਕਰਦਾ ਹੈ ਉਸੇ ਨੂੰ ਸਜ਼ਾ ਮਿਲਦੀ ਹੈ, ਇਹ ਪ੍ਰਮੇਸ਼ਰ ਦਾ ਸਿਧਾਂਤ ਹੈ।

ਇਕ ਵਾਰੀ ਦੋ ਮਹਾਂਪੁਰਸ਼ਾਂ ਵਿਚ ਇਹ ਚਰਚਾ ਚੱਲੀ। ਵਿਸ਼ਵਾਮਿਤਰ ਜੀ ਨੇ ਵਸ਼ਿਸ਼ਟ ਜੀ ਨੂੰ ਕਿਹਾ ਕਿ ਤਪਸਿਆ ਕਰਨ ਦਾ ਬਹੁਤ ਵੱਡਾ ਫਲ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤੋਂ ਵੱਡਾ ਫਲ ਸਤਿਸੰਗ ਦਾ ਹੁੰਦਾ ਹੈ। ਵਿਸ਼ਵਾਮਿਤਰ ਜੀ ਨੇ ਕਿਹਾ ਕਿ ਸਤਿਸੰਗ ਦਾ ਫਲ ਕਿਵੇਂ ਵੱਡਾ ਹੋ ਸਕਦਾ ਹੈ? ਜਿਥੇ ਹਰੀ ਦੀ ਕਥਾ ਹੋ ਰਹੀ ਹੋਵੇ, ਪਿਆਸ ਲੱਗੇ ਪਾਣੀ ਮਿਲ ਜਾਂਦਾ ਹੈ, ਗਰਮੀ ਲਗ ਰਹੀ ਹੋਵੇ ਤਾਂ ਪੱਖਿਆਂ ਦਾ ਇੰਤਜ਼ਾਮ ਹੁੰਦਾ ਹੈ, ਹਰ ਥਾਂ ਸੁਖ ਹੀ ਸੁਖ ਹੁੰਦਾ ਹੈ। ਇਸ ਦੇ ਵਿਪਰੀਤ ਤਪਸਵੀ ਨਾਲ ਐਸਾ ਨਹੀਂ ਹੁੰਦਾ। ਸਤਿਸੰਗ ਦਾ ਫਲ ਕਿਵੇਂ ਅਧਿਕ ਹੈ, ਇਹ ਕਿਵੇਂ ਮੈਂ ਮੰਨਣ ਲਈ ਤਿਆਰ ਹੋ ਜਾਵਾਂ? ਉਸ ਵੇਲੇ ਦੋਨੋਂ ਰਿਸ਼ੀ ਬ੍ਰਹਮਾ ਜੀ ਦੇ ਮੰਡਲ ਵਿਚ ਗਏ। ਉਨ੍ਹਾਂ ਨੇ ਕਿਹਾ ਕਿ ਇਸ ਗੱਲ ਦਾ ਨਿਰਣਾ ਮੈਂ ਨਹੀਂ ਕਰ ਸਕਦਾ। ਸ਼ਿਵ ਜੀ ਮਹਾਰਾਜ ਜੋ ਹਰ ਵਕਤ ਧਿਆਨ ਵਿਚ ਰਹਿੰਦੇ ਹਨ ਉਨ੍ਹਾਂ ਤੋਂ ਨਿਰਣਾ ਕਰਾਓ। ਉਨ੍ਹਾਂ ਨੇ ਸ਼ਿਵ ਜੀ ਮਹਾਰਾਜ ਨੂੰ ਪੁਛਿਆ ਤਾਂ ਉਨ੍ਹਾਂ ਨੇ ਕਿਹਾ, ਵਿਸ਼ਨੂੰ ਜੀ ਕੋਲ ਜਾਓ ਕਿਉਂਕਿ ਅਜਿਹੀਆਂ ਗੱਲਾਂ ਦਾ ਸਮਾਧਾਨ ਵਿਸ਼ਨੂੰ ਜੀ ਪਾਸ ਹੁੰਦਾ ਹੈ। ਜਦੋਂ ਵਿਸ਼ਨੂੰ ਜੀ ਪਾਸ ਗਏ, ਆਪ ਨੇ ਕਿਹਾ ਕਿ ਰਿਸ਼ੀ ਜਨੋਂ! ਮੈਂ ਸੰਸਾਰ ਨੂੰ ਰਿਜ਼ਕ ਦੇਣ ਦਾ ਪ੍ਰਬੰਧ ਕਰ ਰਿਹਾ ਹਾਂ। ਮੇਰੇ ਪਾਸ ਸਮਾਂ ਨਹੀਂ, ਤੁਸੀਂ ਇਸ ਪ੍ਰਸ਼ਨ ਦਾ ਸਮਾਧਾਨ ਸ਼ੇਸ਼ਨਾਗ ਤੋਂ ਕਰਵਾ ਸਕਦੇ ਹੋਂ। ਮਹਾਂਪੁਰਸ਼ਾਂ ਦਾ ਐਸਾ ਮਤ ਹੈ ਕਿ ਸ਼ੇਸ਼ਨਾਗ ਜੀ ਦੁਆਰਾ ਦੋ ਹਜ਼ਾਰ ਨਵੇਂ ਨਾਮ ਰੋਜ਼ ਪ੍ਰਮੇਸ਼ਰ ਜੀ ਦੇ ਉਚਾਰੇ ਜਾਂਦੇ ਹਨ। ਜਦੋਂ ਆਪ ਸ਼ੇਸ਼ਨਾਗ ਜੀ ਪਾਸ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਪ੍ਰਮੇਸ਼ਰ ਦਾ ਨਾਮ ਜਪ ਕੇ ਸਾਰੇ ਤਾਰਿਆਂ ਸਤਾਰਿਆਂ, ਧਰਤੀ ਦਾ ਸੰਤੁਲਨ ਰੱਖ ਰਿਹਾ ਹਾਂ। ਤੁਸੀਂ ਇਨ੍ਹਾਂ ਨੂੰ ਡੋਲਣ ਤੋਂ ਬਚਾਉਣ ਲਈ ਆਪਣੇ 10,000 ਸਾਲ ਦਾ ਤਪ ਦਿਓ। ਤਾਂ ਵਿਸ਼ਵਾਮਿਤਰ ਜੀ ਨੇ ਦੇ ਦਿਤਾ ਲੇਕਿਨ ਧਰਤੀਆਂ ਡੋਲਨ ਤੋਂ ਨਾ ਹਟੀਆਂ। ਵਸ਼ਿਸ਼ਟ ਜੀ ਦੀ ਵਾਰੀ ਆਈ ਉਨ੍ਹਾਂ ਨੇ ਕਿਹਾ ਕਿ ਮੈਂ ਸਿਰਫ ਚਾਰ ਘੜੀ ਕੀਤੇ ਹੋਏ ਸਤਿਸੰਗ ਦਾ ਫਲ ਅਰਪਣ ਕਰਦਾ ਹਾਂ। ਧਰਤੀਆਂ ਡੋਲਣ ਤੋਂ ਹਟ ਗਈਆਂ। ਵਸ਼ਿਸ਼ਟ ਜੀ ਨੇ ਕਿਹਾ, ਮੈਂ ਨਿਰਣਾ ਕੀ ਕਰਨਾ ਹੈ, ਨਿਰਣਾ ਆਪੇ ਹੋ ਗਿਆ। 58,000 ਹਜ਼ਾਰ ਸਾਲ ਦਾ ਤਪ ਸੰਤੁਲਨ ਕਾਇਮ ਨਾ ਰੱਖ ਸਕਿਆ ਪਰ ਚਾਰ ਘੜੀ ਕੀਤੇ ਸਤਿਸੰਗ ਨੇ ਡੋਲਦੀਆਂ ਧਰਤੀਆਂ ਰੋਕ ਦਿਤੀਆਂ।

ਗੁਰੂ ਮਹਾਰਾਜ ਜੀ ਨੇ ਇਸ ਜੁਗ ਅੰਦਰ ਨਾਮ ਦੀ ਮਹਿਮਾ ਪ੍ਰਗਟ ਕਰੀ ਕਿ ਜੇ ਇਕ ਚਿੱਤ ਹੋ ਕੇ ਪ੍ਰਮੇਸ਼ਰ ਦਾ ਨਾਮ ਥੋੜ੍ਹੇ ਚਿਰ ਲਈ ਵੀ ਜਪ ਲਿਆ, ਉਸ ਦੇ ਗਲੋਂ ਜਨਮ ਮਰਨ ਦੀ ਫਾਂਸੀ ਕੱਟੀ ਜਾਂਦੀ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ –

*ਏਕ ਚਿਤ ਜੇ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।*

ਇਸੇ ਕਰਕੇ ਗੁਰੂ ਨਾਨਕ ਪਾਤਸ਼ਾਹ ਨੇ ਇਹ ਆਗਿਆ ਦਿਤੀ ਹੈ –

*ਧਾਰਨਾ – ਕਲੂ ਆਇਓ ਰੇ, ਇਕ ਨਾਮ ਬੀਜ ਲਓ–2, 2.*
*ਇਕ ਨਾਮ ਬੀਜ ਲਓ – 4, 2*
*ਕਲੂ ਆਇਓ ਰੇ.............2*

*ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥ ਪੰਨਾ - 1185*

ਕਈ ਪ੍ਰੇਮੀਆਂ ਦਾ ਇਹ ਖਿਆਲ ਹੋ ਜਾਂਦਾ ਹੈ ਕਿ ਇਸ ਦਾ ਕੋਈ ਪ੍ਰਤੱਖ ਸਰੂਪ ਬਾਣੀ ਵਿਚ ਦਰਜ ਹੈ? ਇਸ ਸਬੰਧ ਵਿਚ ਧਿਆਨ ਦਿਵਾਇਆ ਜਾਂਦਾ ਹੈ –

*ਧਾਰਨਾ – ਗਤੀ ਮਿਲ ਗਈ ਜੋਗੀਆਂ ਵਾਲੀ,*
*ਇਕ ਵਾਰੀ ਰਾਮ ਬੋਲ ਕੇ - 2, 2*
*ਮੇਰੇ ਪਿਆਰੇ, ਇਕ ਵਾਰੀ ਰਾਮ ਬੋਲ ਕੇ - 2, 2.*
*ਗਤੀ ਮਿਲ ਗਈ ਜੋਗੀਆਂ ਵਾਲੀ,.......2*

ਇਸ ਸਬੰਧ ਵਿਚ ਗੁਰੂ ਮਹਾਰਾਜ ਜੀ ਨੇ ਬਾਣੀ ਵਿਚ ਫੁਰਮਾਨ ਕੀਤਾ ਹੈ –

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥*
*ਪੰਨਾ - 902*

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥ ਪੰਨਾ - 632*

ਕਲਜੁਗ ਵਿਚ ਕਿਸੇ ਨਗਰ ਵਿਚ ਇਕ ਰਾਜ ਪੰਡਤ ਰਹਿੰਦਾ ਸੀ। ਉਸ ਦੇ ਘਰ ਇਕ ਲੜਕਾ ਪੈਦਾ ਹੋਇਆ ਜਿਸ ਦਾ ਨਾਮ ਅਜਾਮਲ ਰੱਖਿਆ ਗਿਆ। ਜਦੋਂ ਉਹ ਵਿਦਿਆ ਲੈਣ ਦੀ ਆਯੂ ਵਿਚ ਹੋਇਆ ਤਾਂ ਉਸ ਨੂੰ ਇਕ ਪੂਰਨ ਮਹਾਤਮਾ ਕੋਲ ਪੜ੍ਹਨ ਪਾਇਆ ਗਿਆ। ਇਸ ਬੱਚੇ ਦੀ ਯਾਦਦਾਸ਼ਤ ਐਸੀ ਸੀ ਕਿ ਜੋ ਇਕ ਵਾਰ ਪੜ੍ਹ ਲਿਆ, ਜ਼ੁਬਾਨੀ ਯਾਦ ਕਰ ਲੈਂਦਾ ਸੀ। ਇਸ ਤਰ੍ਹਾਂ ਲਿਖਿਆ ਹੈ ਕਿ ਚਾਰੇ ਵੇਦਾਂ, ਸਤਾਈ ਸਿਮ੍ਰਿਤੀਆਂ, ਉਪਨਿਸ਼ਦਾਂ ਦਾ ਉਸ ਨੇ ਅਧਿਐਨ ਕਰ ਲਿਆ, ਸਾਰੇ ਭਾਰਤ ਵਰਸ਼ ਵਿਚ ਉਸ ਦੀ ਚਰਚਾ ਚਲ ਪਈ। ਇਕ ਦਿਨ ਗੁਰੂ ਨੇ ਬੁਲਾ ਕੇ ਕਿਹਾ ਕਿ ਮਨ ਦਾ ਕੋਈ ਭਰੋਸਾ ਨਹੀਂ ਹੋਇਆ ਕਰਦਾ। ਵੱਡੇ ਵੱਡੇ ਰਿਸ਼ੀ ਮੁਨੀ, ਜਪੀਏ ਤਪੀਏ ਸਾਰੇ ਮਨ ਦੇ ਮਾਰੇ ਜਾ ਚੁੱਕੇ ਹਨ, ਤੂੰ 18 ਸਾਲ ਦਾ ਹੋ ਗਿਆ, ਜਵਾਨੀ ਵਿਚ ਪੈਰ ਧਰ ਲਿਆ। ਇਹ ਅਜਿਹੀ ਉਮਰ ਹੈ, ਇਸ ਵਿਚ ਆਦਮੀ ਵਾਸ਼ਨਾਵਾਂ ਦੇ ਅਧੀਨ ਹੋ ਕੇ ਪਤਿਤ ਹੋ ਜਾਂਦਾ ਹੈ। ਆਦਮੀ ਦੇ ਉਪਰ ਜਵਾਨੀ ਵਿਚ ਮਾਇਆ ਦਾ ਅਸਰ ਪੈ ਜਾਂਦਾ ਹੈ, ਸਭ ਕੁਝ ਜਾਣਦਾ ਹੋਇਆ ਭੁੱਲ ਜਾਂਦਾ ਹੈ। ਉਸ ਵਿਚ ਜਵਾਨੀ ਦਾ ਖ਼ੂਨ ਹੁਲਾਰੇ ਮਾਰਦਾ ਹੈ। ਇਸ ਵਿਚ ਪੰਜ ਵਿਕਾਰ ਜਾਗਦੇ ਹਨ, ਸਭ ਤੋਂ ਪਹਿਲਾਂ ਪ੍ਰਧਾਨਤਾ ਕਾਮ ਦੀ ਹੁੰਦੀ ਹੈ। ਕ੍ਰੋਧ, ਲੋਭ, ਮੋਹ, ਅਹੰਕਾਰ ਵੀ ਪੂਰੇ ਜ਼ੋਰ ਨਾਲ ਉਠਦੇ ਹਨ। ਬੇਟਾ! ਮੈਂ ਤੇਰਾ ਗੁਰੂ ਹੋਣ ਦੇ ਨਾਤੇ ਤੈਨੂੰ ਇਹ ਉਪਦੇਸ਼ ਦਿੰਦਾ ਹਾਂ ਕਿ ਤੂੰ ਮਨ ਦਾ ਭਰੋਸਾ ਨਾ ਕਰੀਂ, ਮਨ ਜਾਇਜ਼ ਗੱਲ ਨੂੰ ਨਜ਼ਾਇਜ਼ ਬਣਾ ਦਿੰਦਾ ਹੈ। ਇਸ ਸ਼ਹਿਰ ਦੇ ਅੰਦਰ ਵੇਸਵਾਵਾਂ ਦਾ ਜੋ ਅਧਰਮ ਦਾ ਬਜ਼ਾਰ ਹੈ ਉਸ ਵਿਚੋਂ ਨਾ ਲੰਘੀਂ।

ਅਜਾਮਲ ਨੇ ਗੁੱਸਾ ਕਰਿਆ, ਮਨ ਵਿਚ ਰੋਸ ਆਇਆ, ਮਨ ਵਿਚ ਉਦਾਸੀ ਆਈ ਕਿਉਂਕਿ ਉਸ ਨੂੰ ਆਪਣੀ ਵਿਦਿਆ ਤੇ ਬਹੁਤ ਮਾਣ ਸੀ। ਉਸ ਨੂੰ ਇਹ ਵੀ ਸੀ ਕਿ ਮੇਰੇ ਗੁਰੂ ਮੇਰੇ ਤੇ ਸਦਾ ਹੀ ਵਿਸ਼ਵਾਸ਼ ਰੱਖਣਗੇ ਪਰ ਇਨ੍ਹਾਂ ਨੇ ਮੇਰੇ ਨਿਸ਼ਚੇ ਦੇ ਵਿਪਰੀਤ ਮੇਰੀ ਉਚ ਗਿਆਤ ਨੂੰ ਥਾਂ ਨਹੀਂ ਦਿਤਾ। ਮੈਨੂੰ ਪਤਾ ਹੈ ਕਿ ਜੇ ਕੋਈ ਆਦਮੀ ਪਰਇਸਤ੍ਰੀ ਗਮਨ ਕਰੇ ਤਾਂ ਉਸ ਨੂੰ ਦਰਗਾਹ ਵਿਚ ਲੋਹੇ ਦੀਆਂ ਇਸਤ੍ਰੀਆਂ ਬਣਾ ਕੇ ਗਰਮ ਕਰਕੇ ਉਨ੍ਹਾਂ ਨਾਲ ਚੰਮੇੜਿਆ ਜਾਂਦਾ ਹੈ। ਮੈਂ ਸਭ ਕੁਛ ਜਾਣਦਾ ਹਾਂ, ਮੈਂ ਕਿਸ ਤਰ੍ਹਾਂ ਇਸ ਵਿਚ ਪ੍ਰਵਿਰਤ ਹੋ ਸਕਦਾ ਹਾਂ। ਮੇਰੇ ਉਤੇ ਇਸ ਤਰ੍ਹਾਂ ਦਾ ਸ਼ੱਕ ਕਿਉਂ ਕੀਤਾ? ਉਸ ਅੰਦਰ ਅਭਿਮਾਨ ਪੈਦਾ ਹੋ ਗਿਆ। ਜਦੋਂ ਵੀ ਕਿਸੇ ਅੰਦਰ ਅਭਿਮਾਨ ਆ ਜਾਵੇ ਤਾਂ ਉਸ ਦਾ ਸਬੰਧ ਵਾਹਿਗੁਰੂ ਜੀ ਨਾਲੋਂ ਟੁੱਟ ਜਾਂਦਾ ਹੈ –

*ਧਾਰਨਾ – ਹਾਕਾਂ ਮਾਰ ਕੇ ਵੇਦ ਪਏ ਦਸਦੇ,*
*ਭਾਵੇ ਨਾ ਹੰਕਾਰ ਹਰੀ ਨੂੰ - 2, 2.*
*ਮੇਰੇ ਪਿਆਰੇ, ਭਾਵੇ ਨਾ ਹੰਕਾਰ ਹਰੀ ਨੂੰ - 2, 2.*

## *ਹਾਕਾਂ ਮਾਰ ਕੇ ਵੇਦ ਪਏ ਦਸਦੇ..........2*

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥***
***ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ॥***

***ਪੰਨਾ – 1089***

ਗੁਰੂ ਨਾਲ ਜਦੋਂ ਗੁਰਸਿੱਖ ਪ੍ਰੇਮ ਕਰਦਾ ਹੈ, ਉਸ ਵੇਲੇ ਉਹ ਪੂਰੀ ਤਰ੍ਹਾਂ ਨਾਲ ਗੁਰੂ ਨਾਲ ਜੁੜਿਆ ਹੁੰਦਾ ਹੈ, ਉਸ ਦਾ ਆਪਾ ਭਾਵ ਬਹੁਤ ਹੀ ਅਣਗੌਲੀ ਅਵਸਥਾ ਵਿਚ ਕਾਇਮ ਰਹਿੰਦਾ ਹੈ ਪਰ ਜਦੋਂ ਉਸ ਦੇ ਅੰਦਰ ਅਭਿਮਾਨ ਆ ਜਾਵੇ ਤਾਂ ਗੁਰੂ ਨਾਲੋਂ ਪਿਆਰ ਦਾ ਰਿਸ਼ਤਾ ਟੁੱਟ ਕੇ ਹਉਮੈ ਜਾਗ ਪੈਂਦੀ ਹੈ। ਹਉਮੈ ਸਾਰੇ ਵਿਕਾਰਾਂ ਦੀ ਜੜ੍ਹ ਹੈ, ਪੂਰਨ ਅੰਧਕਾਰ ਮਨ ਵਿਚ ਪੈਦਾ ਕਰ ਦਿੰਦੀ ਹੈ।

ਗੁਰ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਗੁਰੂ ਦਸ਼ਮੇਸ਼ ਪਿਤਾ ਜੀ ਦਾ ਦਰਬਾਰ ਲੱਗਿਆ ਹੋਇਆ ਸੀ। ਇਕ ਛੋਟਾ ਜਿਹਾ ਬਾਲਕ ਜਿਸ ਦਾ ਸਰੀਰ ਬਹੁਤ ਸੁੰਦਰ ਸੀ, ਉਹ ਦੀਵਾਨ ਵਿਚ ਭੱਜਿਆ ਫਿਰਦਾ ਸੀ, ਕਦੇ ਸੰਗਤ ਵਿਚ ਬੈਠ ਜਾਂਦਾ ਹੈ, ਕਦੇ ਖਾਲੀ ਥਾਂ ਦੇਖ ਕੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਮੱਥਾ ਟੇਕਦਾ ਹੈ ਤੇ ਬੈਠ ਜਾਂਦਾ ਹੈ। ਉਸ ਬੱਚੇ ਨੂੰ ਦੇਖ ਕੇ ਗੁਰੂ ਮਹਾਰਾਜ ਨੇ ਪੁਛਿਆ ਕਿ ਬੇਟਾ, ਤੇਰਾ ਕੀ ਨਾਮ ਹੈ? ਉਸ ਦੀ ਬੋਲੀ ਪਸ਼ਤੋ ਸੀ, ਪਿਸ਼ਾਵਰ ਵਲੋਂ ਆਇਆ ਸੀ। ਉਸ ਬੱਚੇ ਨੇ ਕਿਹਾ ਕਿ 'ਵਤ ਜੋਗਾ'। ਗੁਰੂ ਮਹਾਰਾਜ ਨੇ ਕਿਹਾ ਕਿ ਕਿਹਦੇ ਜੋਗਾ? ਕਹਿਣ ਲੱਗਿਆ 'ਵਤ ਗੁਰੂ ਜੋਗਾ'। ਮਹਾਰਾਜ ਨੇ ਵੀ ਫੁਰਮਾਨ ਕਰ ਦਿਤਾ ਕਿ ਜੇ ਤੂੰ ਗੁਰੂ ਜੋਗਾ ਤਾਂ ਗੁਰੂ ਤੇਰੇ ਜੋਗਾ। ਕਿਉਂਕਿ ਕੇਵਲ ਗੁਰੂ ਦਾ ਪਿਆਰ ਜਿਸ ਦੇ ਹਿਰਦੇ ਵਿਚ ਵਸ ਜਾਵੇ ਗੁਰੂ ਉਸ ਦਾ ਹੋ ਜਾਇਆ ਕਰਦਾ ਹੈ।

ਵਿਸਾਖੀ ਦੇ ਸਮਾਗਮ ਦੀ ਸਮਾਪਤੀ ਤੇ ਘਰਾਂ ਨੂੰ ਵਾਪਸ ਜਾਣ ਲਈ ਸੰਗਤਾਂ ਆਗਿਆ ਲੈ ਰਹੀਆਂ ਸਨ। ਤਾਂ ਉਸ ਬੱਚੇ ਦੇ ਮਾਂ ਬਾਪ ਨੂੰ ਆਪ ਨੇ ਕਿਹਾ ਕਿ ਇਹ ਬੱਚਾ ਸਾਡੇ ਪਾਸ ਛੱਡ ਜਾਓ। ਅਸੀਂ ਇਸ ਨੂੰ ਪੂਰੀ ਤਰ੍ਹਾਂ ਵਿਦਿਆ ਪ੍ਰਦਾਨ ਕਰਾਵਾਂਗੇ। ਜਵਾਨ ਹੋਇਆ ਤੇ ਤੁਸੀਂ ਇਸ ਨੂੰ ਲੈ ਜਾਇਓ। ਮਾਤਾ ਪਿਤਾ ਬਹੁਤ ਹੀ ਪ੍ਰਸੰਨ ਹੋਏ ਕਿ ਸਾਡਾ ਬੱਚਾ ਜਿਥੇ ਗੁਰੂ ਦਾ ਆਦਰਸ਼ਕ ਸਿੱਖ ਬਣੇਗਾ ਉਥੇ ਬਹੁਤ ਵੱਡਾ ਵਿਦਵਾਨ ਵੀ ਹੋਵੇਗਾ। ਸਾਡਾ ਨਾਮ ਰੋਸ਼ਨ ਕਰੇਗਾ, ਕੁਲਾਂ ਦਾ ਉਧਾਰ ਕਰੇਗਾ।

ਸੋ ਇਸ ਤਰ੍ਹਾਂ ਜੋਗਾ ਗੁਰੂ ਮਹਾਰਾਜ ਕੋਲ ਰਹਿ ਪਿਆ ਅਤੇ ਵਿਦਿਆ ਪ੍ਰਾਪਤ ਕੀਤੀ। 18 ਸਾਲ ਦਾ ਹੋਇਆ ਤਾਂ ਸਮਾਗਮ ਦੀ ਸਮਾਪਤੀ ਤੇ ਮਾਂ ਬਾਪ ਨੇ ਬੇਨਤੀ ਕੀਤੀ ਕਿ ਬੱਚਾ ਜਵਾਨ ਹੋ ਗਿਆ ਹੈ ਜੀ, ਆਪ ਨੇ ਕ੍ਰਿਪਾ ਕੀਤੀ ਤੇ ਗੁਰਮਤਿ ਮਾਰਗ ਵਿਚ ਗ੍ਰਹਿਸਤ ਧਰਮ ਨੂੰ ਬੁਰਾ ਨਹੀਂ ਆਖਿਆ ਗਿਆ। ਆਪ ਦੀ ਆਗਿਆ ਹੋਵੇ ਤਾਂ ਅਸੀਂ ਇਸ ਦਾ ਵਿਆਹ ਕਰ ਦੇਈਏ। ਗੁਰੂ ਮਹਾਰਾਜ ਨੇ ਉਸ ਨੂੰ ਪੁਛਿਆ ਤਾਂ ਉਸ ਨੇ ਕਿਹਾ ਕਿ ਮਹਾਰਾਜ! ਮੈਂ ਤਾਂ ਆਪ ਦੇ ਚਰਨਾਂ ਤੋਂ ਲਾਂਭੇ ਹੋ ਕੇ ਜਿਉਂਦਾ ਹੀ ਨਹੀਂ ਰਹਿ ਸਕਦਾ ਜਿਵੇਂ ਕਿ ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ –

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥ ਪੰਨਾ – 708***

ਮੈਂ ਆਪ ਦੇ ਦਰਸ਼ਨ ਤੋਂ ਬਗੈਰ ਨਹੀਂ ਜਿਉਂਦਾ ਰਹਿ ਸਕਦਾ। ਉਸ ਵੇਲੇ ਆਪ ਨੇ ਕਿਹਾ ਕਿ ਜੋਗਾ ਸਿੰਘ! ਕੋਈ ਬਾਤ ਨਹੀਂ, ਗ੍ਰਹਿਸਤ ਜੀਵਨ ਵਿਚ ਪ੍ਰਵੇਸ਼ ਕਰਨਾ ਹੀ ਪੈਣਾ ਹੈ। ਜਦੋਂ ਸਾਨੂੰ ਖਿਆਲ ਆਇਆ ਤਾਂ ਅਸੀਂ ਤੈਨੂੰ ਪਤ੍ਰਿਕਾ ਭੇਜ ਕੇ ਬੁਲਾ ਲਵਾਂਗੇ।

ਸੋ ਜੋਗਾ ਆਪਣੇ ਸਬੰਧੀਆਂ ਨਾਲ ਚਲਿਆ ਗਿਆ। ਰਿਸ਼ਤਾ ਪੱਕਾ ਹੋ ਗਿਆ, ਬਰਾਤ ਜਾ ਕੇ ਢੁਕ ਗਈ। ਜਦੋਂ ਅਨੰਦ ਕਾਰਜ ਹੋਣ ਲੱਗੇ ਤਾਂ ਪਹਿਲੀ ਲਾਵ ਪੜ੍ਹੀ ਗਈ। ਗੁਰੂ ਗ੍ਰੰਥ ਸਾਹਿਬ ਨੂੰ ਮੱਥਾ

ਟੇਕਿਆ। ਫੇਰ ਦੂਜੀ ਲਾਵ ਪੜ੍ਹੀ ਗਈ। ਜਦੋਂ ਤੀਜੀ ਲਾਵ ਵਿਚ ਪ੍ਰਕਰਮਾ ਕਰਨ ਲਈ ਉਹ ਤੁਰਨ ਲੱਗੇ ਉਸ ਵੇਲੇ ਗੁਰੂ ਮਹਾਰਾਜ ਨੇ ਇਕ ਗੁਰਸਿੱਖ ਨੂੰ ਭੇਜਿਆ ਸੀ ਕਿ ਤੀਜੀ ਲਾਵ ਤੇ ਇਹ ਪਤ੍ਰਿਕਾ ਫੜਾ ਦੇਣੀ। ਤਾਂ ਉਸ ਗੁਰਸਿੱਖ ਨੇ ਫੁਰਤੀ ਨਾਲ ਪਤ੍ਰਿਕਾ ਭਾਈ ਜੋਗਾ ਨੂੰ ਦੇ ਦਿਤੀ। ਜੋਗਾ ਸਿੰਘ ਰੁਕ ਕੇ ਪੜ੍ਹਨ ਲਗ ਗਿਆ। ਉਸ ਵਿਚ ਲਿਖਿਆ ਸੀ ਕਿ ਇਸ ਪਤ੍ਰਿਕਾ ਨੂੰ ਪੜ੍ਹਨ ਤੋਂ ਬਾਅਦ ਪਹਿਲਾ ਕਦਮ ਅਨੰਦਪੁਰ ਸਾਹਿਬ ਨੂੰ ਪੁੱਟੀਂ, ਹੋਰ ਕੋਈ ਕੰਮ ਨਾ ਕਰੀਂ।

ਭਾਈ ਜੋਗਾ ਸਿੰਘ ਮੋਢੇ ਤੇ ਰੱਖਿਆ ਪੱਲਾ ਉਤਾਰ ਕੇ ਅਨੰਦਪੁਰ ਸਾਹਿਬ ਨੂੰ ਤੁਰਨ ਲੱਗਿਆ। ਸਬੰਧੀਆਂ ਨੇ ਕਾਰਨ ਪੁਛਿਆ ਤੇ ਕਹਿਣ ਲੱਗਿਆ ਕਿ ਗੁਰੂ ਮਹਾਰਾਜ ਦੇ ਹੁਕਮ ਅੱਗੇ ਮੇਰਾ ਚਾਹੇ ਸਿਰ ਚਲਿਆ ਜਾਵੇ ਪਰ ਮੈਂ ਸਿਦਕ ਤੋਂ ਨਹੀਂ ਡੋਲ ਸਕਦਾ। ਬਹੁਤ ਸਮਝਾਇਆ ਪਰ ਉਸ ਨੇ ਕਿਹਾ ਕਿ ਮੇਰੇ ਗੁਰੂ ਦਾ ਹੁਕਮ ਹੈ ਕਿ ਪਹਿਲਾ ਕਦਮ ਮੇਰੇ ਵਲ ਪੁੱਟੀਂ, ਇਸ ਕਰਕੇ ਮੈਂ ਦੋ ਲਾਵਾਂ ਬਕਾਇਆ ਨਹੀਂ ਲੈ ਸਕਦਾ।

ਪਹਿਲੇ ਸਮੇਂ ਵਿਚ ਜੇ ਅਜਿਹੀ ਘਟਨਾ ਹੋ ਜਾਵੇ ਕਿ ਲਾੜਾ ਸਮੇਂ ਸਿਰ ਵਿਆਹ ਵਿਚ ਹਾਜ਼ਰ ਨਹੀਂ ਹੋ ਸਕਦਾ ਜਾਂ ਜੰਗ ਵਗੈਰਾ ਵਿਚ ਗਿਆ ਹੋਇਆ ਹੋਵੇ ਤਾਂ ਉਸ ਦੇ ਪਹਿਨਣ ਵਾਲੇ ਸ਼ਸ਼ਤਰਾਂ ਨਾਲ ਲਾਵਾਂ ਦੇ ਦਿਤੀਆਂ ਜਾਂਦੀਆਂ ਸਨ ਅਤੇ ਉਹ ਸ਼ਾਦੀ ਪ੍ਰਵਾਨ ਮੰਨੀ ਜਾਂਦੀ ਸੀ।

ਜੋਗਾ ਸਿੰਘ ਚਲਦਾ ਹੋਇਆ ਲਾਹੌਰ ਆਇਆ ਤਾਂ ਮਨ ਵਿਚ ਆਇਆ ਕਿ ਦਰਬਾਰ ਸਾਹਿਬ ਇਸ਼ਨਾਨ ਕਰਦਾ ਚੱਲਾਂ। ਰਾਤ ਉਸ ਨੇ ਉਥੇ ਕੱਟੀ, ਇਸ਼ਨਾਨ ਕੀਤਾ ਅਤੇ ਢਾਈ ਘੰਟੇ ਸਿਮਰਨ ਵਿਚ ਬੈਠਿਆ ਅਤੇ ਅਰਦਾਸ ਕੀਤੀ। ਫਿਰ ਹੁਸ਼ਿਆਰਪੁਰ ਵਿਚੀਂ ਤੁਰ ਪਿਆ ਕਿਉਂਕਿ ਉਨ੍ਹਾਂ ਦਿਨਾਂ ਵਿਚ ਅਨੰਦਪੁਰ ਸਾਹਿਬ ਦਾ ਰਸਤਾ ਹੁਸ਼ਿਆਰਪੁਰ ਵਿਚੀਂ ਹੋਇਆ ਕਰਦਾ ਸੀ। ਜਦੋਂ ਉਹ ਚਲਦਾ ਚਲਦਾ ਹੁਸ਼ਿਆਰਪੁਰ ਪਹੁੰਚਿਆ, ਉਸ ਵੇਲੇ ਦਿਨ ਛਿਪਣ ਵਾਲਾ ਸੀ, ਦੋ ਘੰਟੇ ਦਾ ਸਮਾਂ ਸੀ, ਉਸ ਨੇ ਸਰਾਏਂ ਵਿਚ ਕਮਰਾ ਹਾਸਲ ਕਰਕੇ ਆਪਣਾ ਘੋੜਾ ਬੰਨ੍ਹ ਦਿਤਾ। ਆਪ ਸ਼ਹਿਰ ਦੀ ਸੈਰ ਕਰਨ ਦੀ ਤਿਆਰੀ ਕਰਨ ਲੱਗਿਆ। ਜਦੋਂ ਅੰਮ੍ਰਿਤਸਰ ਤੋਂ ਤੁਰਿਆ ਸੀ ਉਸਨੇ ਬਹੁਤ ਸਾਰੇ ਗੁਰਸਿੱਖ ਇਸ਼ਨਾਨ ਕਰਦੇ ਦੇਖੇ ਸੀ। ਉਸ ਵੇਲੇ ਉਸ ਦੇ ਮਨ ਵਿਚ ਖਿਆਲ ਆਇਆ ਕਿ ਇਹ ਭਾਵੇਂ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰ ਰਹੇ ਹਨ ਪਰ ਮੇਰੇ ਵਰਗਾ ਕੋਈ ਨਹੀਂ ਜਿਸ ਨੇ ਗੁਰੂ ਦੇ ਹੁਕਮ ਵਿਚ ਸੁੰਦਰ ਕੰਨਿਆਂ ਨਾਲ ਵਿਆਹ ਹੁੰਦੇ ਹੋਏ ਦੋ ਲਾਵਾਂ ਵਿਚੇ ਛੱਡ ਦਿਤੀਆਂ ਹੋਣ। ਇਕੋ ਖਿਆਲ ਰਸਤੇ ਵਿਚ ਆਈ ਗਿਆ ਕਿ ਮੇਰੇ ਨਾਲੋਂ ਵੱਡਾ ਹੋਰ ਕੋਈ ਨਹੀਂ, ਮੇਰੇ ਵਰਗੀ ਕੁਰਬਾਨੀ ਹੋਰ ਕੋਈ ਨਹੀਂ ਦੇ ਸਕਦਾ। ਇਤਿਹਾਸ ਵਿਚ ਆਉਂਦਾ ਹੈ –

***ਉਰ ਹੰਕਾਰ ਹੋਇ ਕੁਛ ਆਵਾ।***<br>
***ਬਡ ਉਤਮ ਮੈਂ ਕਰਮ ਕਮਾਵਾ।***<br>
***ਅਪਰ ਕੌਨ ਇਸ ਬਿਧਿ ਕਰਿ ਸਕੈ।***<br>
***ਪ੍ਰਥਮ ਮਿਲਿਨਿ ਤ੍ਰਿਯ ਤਜਿ ਗੁਰ ਤਕੈ –॥੧੯॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5355***

ਇਸ ਤਰ੍ਹਾਂ ਦੇ ਨਾਲ ਜਦੋਂ ਅਭਿਮਾਨ ਆਇਆ ਤਾਂ ਉਸ ਦੇ ਮਨ ਵਿਚ ਵਿਕਾਰ ਪ੍ਰਵੇਸ਼ ਕਰ ਗਿਆ। ਗੁਰੂ ਮਹਾਰਾਜ ਨੂੰ ਇਹ ਅਹੰਕਾਰ ਭਾਇਆ ਨਾ, ਉਨ੍ਹਾਂ ਨੇ ਮਾਇਆ ਨੂੰ ਪ੍ਰੇਰਨਾ ਕਰਕੇ ਉਸ ਦੀ ਸ਼ੁਭ ਮਤ ਖੋਹ ਲਈ। ਜਿਥੇ ਉਸ ਨੇ ਡੇਰਾ ਕਰਿਆ, ਸਾਮ੍ਹਣੇ ਵੇਸ਼ਵਾਵਾਂ ਦਾ ਬਜ਼ਾਰ ਸੀ। ਉਸ ਨੇ ਇਕ ਵੇਸ਼ਵਾ ਖੜ੍ਹੀ ਤੱਕੀ, ਉਸ ਦੀ ਸੁੰਦਰਤਾ ਤੇ ਇਹ ਮੋਹਿਤ ਹੋ ਗਿਆ। ਪਾਠ ਵੀ ਭੁੱਲ ਗਿਆ, ਗੁਰੂ ਦਾ ਪਿਆਰ ਵੀ ਭੁੱਲ ਗਿਆ। ਗੁਰੂ ਮਹਾਰਾਜ ਦਾ ਆਦੇਸ਼ ਸੀ –

***ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ॥***

***ਭਾਈ ਗੁਰਦਾਸ ਜੀ, ਵਾਰ 12/4***

ਗੁਰੂ ਦਸ਼ਮੇਸ਼ ਪਿਤਾ ਦਾ ਫੁਰਮਾਨ ਹੈ –

*ਨਿਜ ਨਾਰੀ ਕੇ ਸਾਥ ਨੇਹੁੰ ਤੁਮ ਨਿਤ ਬਢਯਹੁ।*
*ਪਰਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥ ਰੁਪ ਕੁਆਰ ਪ੍ਰਥਾਇ, ਪਾ: ੧੦*

ਇਹ ਸਾਰੇ ਉਪਦੇਸ਼ ਭੁੱਲ ਗਿਆ, ਕਾਮ ਨਾਲ ਪੀੜਤ ਹੋ ਕੇ ਬਾਰ ਬਾਰ ਵੇਸਵਾ ਦੇ ਦੁਆਰੇ ਤੇ ਪਹੁੰਚਦਾ ਹੈ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਆਪਣਾ ਬਿਰਦ ਪਛਾਣਿਆ–

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥*
*ਸੇਵਕ ਕਉ ਗੁਰੁ ਸਦਾ ਦਇਆਲ॥*
*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥*
*ਗੁਰ ਬਚਨੀ ਹਰਿ ਨਾਮੁ ਉਚਰੈ॥*
*ਸਤਿਗੁਰੁ ਸਿਖ ਕੇ ਬੰਧਨ ਕਾਟੈ॥*
*ਗੁਰ ਕਾ ਸਿਖੁ ਬਿਕਾਰ ਤੇ ਹਾਟੈ॥*
*ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥*
*ਗੁਰ ਕਾ ਸਿਖੁ ਵਡਭਾਗੀ ਹੇ॥*
*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥*
*ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥ ਪੰਨਾ - 286*

ਆਪ ਨੇ ਕਿਹਾ ਕਿ ਐਸ ਵੇਲੇ ਸਿੱਖ ਨਰਕ ਕੁੰਡ ਵਿਚ ਗੋਤਾ ਖਾਣ ਨੂੰ ਤਿਆਰ ਹੋ ਰਿਹਾ ਹੈ, ਅਸੀਂ ਨਹੀਂ ਰਾਖੀ ਕਰਾਂਗੇ ਤਾਂ ਹੋਰ ਕੌਣ ਕਰੇਗਾ। ਭਾਵੇਂ ਉਹ ਭੁੱਲ ਗਿਆ ਪਰ ਗੁਰੂ ਨੇ ਉਸ ਦੀ ਰਾਖੀ ਕਰੀ।

*ਸਿਖ ਕੀ ਦਸ਼ਾ ਗੁਰੂ ਤਬਿ ਜਾਨੀ।*
*ਭਰਮ ਜੋ ਕਰੈ ਧਰਮ ਕੀ ਹਾਨੀ।*
*ਜੇ ਅਬਿ ਹਮ ਨ ਬਚਾਵਹਿਂ ਜਾਇ।*
*ਅਪਰ ਆਨਿ ਕੋ ਕਰੈ ਸਹਾਇ॥੨੬॥*
*ਧਰਮ ਨਸੇ, ਸਿੱਖੀ ਨਹਿਂ ਰਹੈ।*
*ਸਿੱਖੀ ਬਿਨਾ ਨਰਕ ਕੋ ਲਹੈ।*
*ਔਚਕ ਜਬਿ ਬਿਕਾਰ ਕੋ ਹੋਇ।*
*ਉਚਿਤਿ ਬਚਾਵਨਿ ਗੁਰ ਕੋ ਸੋਇ॥੨੭॥ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ - 5356*

ਗੁਰੂ ਮਹਾਰਾਜ ਨੇ ਉਥੇ ਦਰਬਾਨ ਖੜ੍ਹਾ ਕਰ ਦਿਤਾ। ਇਹ ਜਦੋਂ ਵੀ ਵੇਸਵਾ ਦੇ ਦਰ ਤੇ ਜਾਂਦਾ ਹੈ ਉਸ ਵੇਲੇ ਦਰਬਾਨ ਉਸ ਨੂੰ ਝਿੜਕ ਕੇ ਪਿਛੇ ਹਟਾ ਦਿੰਦਾ ਹੈ, ਬਾਰ ਬਾਰ ਇਹ ਜਾਂਦਾ ਹੈ। ਜਦੋਂ ਅੰਮ੍ਰਿਤ ਵੇਲਾ ਹੋ ਗਿਆ, ਦਿਨ ਚੜ੍ਹਨ ਵਾਲਾ ਹੋ ਗਿਆ ਉਹ ਫੇਰ ਵੀ ਉਥੇ ਹੀ ਗਿਆ। ਉਸ ਵੇਲੇ ਚੋਬਦਾਰ ਨੇ ਝਿੜਕਿਆ, ਪਿਆਰਿਆ! ਵੇਖਣ ਨੂੰ ਤੂੰ ਸਿੱਖ ਪ੍ਰਤੀਤ ਦਿੰਦਾ ਹੈਂ, ਬੰਦਗੀ ਕਰਨ ਦਾ ਸਮਾਂ ਤੂੰ ਗਵਾ ਲਿਆ, ਨਰਕ ਵਿਚ ਗਿਰਨ ਲੱਗਿਆ ਹੈਂ। ਜਾਹ, ਗੁਰੂ ਤੋਂ ਆਪਣੀ ਭੁੱਲ ਬਖਸ਼ਵਾ।

*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥ ਪੰਨਾ - 642*

ਇਸ ਤਰ੍ਹਾਂ ਗੁਰੂ ਆਪਣੇ ਸੇਵਕ ਨੂੰ ਬਚਾ ਲਿਆ ਕਰਦਾ ਹੈ। ਉਸ ਵੇਲੇ ਉਸ ਨੂੰ ਹੋਸ਼ ਆਈ, ਉਸ ਨੇ ਕਿਹਾ ਕਿ ਮੇਰੇ ਸਤਿਗੁਰੂ ਹੀ ਮੈਨੂੰ ਚੋਬਦਾਰ ਹੋ ਕੇ ਬਚਾ ਰਹੇ ਸਨ, ਨਹੀਂ ਤਾਂ ਮੈਂ ਤਾਂ ਨਰਕ ਕੁੰਡ ਵਿਚ ਗਿਰਨ ਲੱਗਿਆ ਸੀ। ਸੋ ਜਿਸਦੇ ਮਨ ਵਿਚ ਅਭਿਮਾਨ ਆ ਜਾਵੇ, ਉਹ ਗੁਰੂ ਨੂੰ ਭਾਇਆ ਨਹੀਂ ਕਰਦਾ ਤੇ ਉਹ ਗਿਰ ਜਾਂਦਾ ਹੈ।

ਅਜਾਮਲ ਨੇ ਗੁਰੂ ਦੇ ਬਚਨ ਦਾ ਗੁੱਸਾ ਕੀਤਾ ਕਿ ਮੈਂ ਐਡਾ ਵੱਡਾ ਵਿਦਵਾਨ ਤੇ ਮੇਰੇ ਗੁਰੂ ਨੂੰ

ਮੇਰੇ ਉਪਰ ਸ਼ੱਕ ਹੋ ਗਿਆ। ਗੁਰੂ ਦਾ ਪਿਆਰ ਸਿੱਖ ਨਾਲ ਬਹੁਤ ਆਦਰਸ਼ਕ ਹੁੰਦਾ ਹੈ। ਮਾਂ ਪੁਤਰ ਨੂੰ ਪਿਆਰ ਕਰਦੀ ਹੈ ਪਰ ਅੰਦਰ ਛੁਪੀ ਹੋਈ ਵਾਸ਼ਨਾ ਹੁੰਦੀ ਹੈ ਕਿ ਜਦੋਂ ਮੈਂ ਬੁੱਢੀ ਹੋ ਜਾਵਾਂਗੀ ਮੇਰਾ ਸਰੀਰ ਕੰਮ ਨਹੀਂ ਕਰੇਗਾ, ਮੇਰਾ ਪੁਤਰ ਮੈਨੂੰ ਸੰਭਾਲੇਗਾ ਪਰ ਗੁਰੂ ਦਾ ਪਿਆਰ ਵਿਲੱਖਣ ਹੁੰਦਾ ਹੈ ਉਹ ਸੇਵਕ ਨੂੰ ਹਮੇਸ਼ਾ ਜਨਮ ਮਰਨ ਵਿਚੋਂ ਕੱਢਣ ਲਈ ਲੋਚਦਾ ਹੈ। ਜਿਵੇਂ ਮਾਂ ਪੁਤਰ ਨੂੰ ਪਿਆਰ ਕਰਦੀ ਹੈ, ਗੁਰੂ ਉਸ ਤੋਂ ਵੱਧ ਕਰਦਾ ਹੈ। ਜੇ ਪੁਤਰ ਭੁਲਦਾ ਹੈ ਤਾਂ ਮਾਂ ਉਸ ਦੇ ਔਗੁਣ ਨਹੀਂ ਚਿਤਾਰਦੀ। ਇਸੇ ਤਰ੍ਹਾਂ ਗੁਰੂ ਆਪਣੇ ਸੇਵਕ ਨੂੰ ਪਾਪਾਂ ਤੋਂ ਬਚਾ ਲੈਂਦਾ ਹੈ। ਭੁੱਲੇ ਹੋਏ ਨੂੰ ਗਲ ਨਾਲ ਲਾ ਲੈਂਦਾ ਹੈ, ਗੁਰੂ ਕਦੇ ਵੀ ਔਗੁਣ ਨਹੀਂ ਵਿਚਾਰਿਆ ਕਰਦਾ ਕਿਉਂਕਿ ਇਕ ਵਾਰੀ ਗੁਰੂ ਦੇ ਬਣ ਗਏ ਫੇਰ ਨਹੀਂ ਗੁਰੂ ਛੱਡਿਆ ਕਰਦਾ, ਫੇਰ ਆਪਣਾ ਹੀ ਬਣਾ ਕੇ ਰੱਖਿਆ ਕਰਦਾ ਹੈ। ਸਿੱਖ ਭੁਲ ਗਿਆ, ਗੁਰੂ ਮਹਾਰਾਜ ਦਰਵਾਜ਼ੇ ਉਪਰ ਪਹਿਰਾ ਦਿੰਦੇ ਰਹੇ ਫੇਰ ਉਸ ਨੂੰ ਖਬਰਦਾਰ ਕੀਤਾ ਕਿ ਜਾਹ ਸਿੱਖਾ! ਅੰਮ੍ਰਿਤ ਵੇਲਾ ਹੋ ਗਿਆ, ਨਾਮ ਜਪਣ ਦਾ ਵੇਲਾ ਹੋ ਗਿਆ। ਜੋਗਾ ਸਿੰਘ ਨੂੰ ਇਹ ਬਚਨ ਸੁਣ ਕੇ ਹਿਰਦੇ ਅੰਦਰ ਸੱਟ ਲੱਗੀ, ਝੰਜੋੜਿਆ ਗਿਆ ਕਹਿਣ ਲੱਗਿਆ, ਹੈਂ! ਐਡਾ ਵੱਡਾ ਤਾਹਨਾ ਮੈਨੂੰ ਇਸ ਚੋਬਦਾਰ ਨੇ ਦਿਤਾ ਹੈ। ਤੂੰ ਤਾਂ ਕਹਿੰਦਾ ਸੀ ਕਿ ਮੇਰੇ ਵਰਗਾ ਕੋਈ ਸਿੱਖ ਨਹੀਂ ਹੈ ਤੇ ਹੁਣ ਮੈਂ ਇਹ ਕਹਿੰਦਾ ਹਾਂ ਕਿ ਮੇਰੇ ਵਰਗਾ ਮਾੜਾ ਕੋਈ ਸਿੱਖ ਨਹੀਂ ਹੈ। ਇਕ ਦਮ ਗੁਰੂ ਨੂੰ ਪਿੱਠ ਦੇ ਕੇ, ਇਹ ਜਾਣਦਾ ਹੋਇਆ ਕਿ ਗੁਰੂ ਅੰਤਰਜਾਮੀ ਹੈ, ਹਰ ਥਾਂ ਦੇਖਦਾ ਹੈ -

***ਘਟ ਘਟ ਕੇ ਅੰਤਰ ਕੀ ਜਾਨਤ॥***
***ਭਲੇ ਬੁਰੇ ਕੀ ਪੀਰ ਪਛਾਨਤ॥*** ***ਕਬਿਓ ਬਾਚ ਬੇਨਤੀ ਚੌਪਈ***

ਮੈਂ ਕਿੱਡਾ ਬੁਰਾ ਕੁਕਰਮ ਕਰਨ ਲੱਗਿਆ ਸੀ। ਗੁਰੂ ਦੀ ਮੇਰੇ ਉਪਰ ਦ੍ਰਿਸ਼ਟੀ ਸੀ। ਗੁਰੂ ਨੇ ਹੀ ਮੈਨੂੰ ਬਚਾ ਲਿਆ। ਇਸ ਤਰ੍ਹਾਂ ਦੇ ਨਾਲ ਜਦੋਂ ਸਿੱਖ ਆਪਣੇ ਗੁਰੂ ਤੇ ਸ਼ੰਕਾ ਕਰ ਬੈਠਦਾ ਹੈ ਜਾਂ ਸਿੱਖ ਦੇ ਮਨ ਵਿਚ ਅਭਿਮਾਨ ਆ ਜਾਂਦਾ ਹੈ ਕਿ ਮੈਂ ਵਿਦਵਾਨ ਹਾਂ, ਐਡੀ ਕਰਨੀ ਵਾਲਾ ਹਾਂ ਤਾਂ ਉਸ ਵੇਲੇ ਗੁਰੂ ਬਖਸ਼ਿਸ਼, ਮਿਹਰਾਮਤ ਤੋਂ ਆਪਣੇ ਆਪ ਨੂੰ ਦੂਰ ਕਰ ਲੈਂਦਾ ਹੈ। ਅਜਾਮਲ ਦੇ ਮਨ ਵਿਚ ਅਭਿਮਾਨ ਸੀ ਕਿ ਮੈਂ ਐਡਾ ਵਿਸ਼ਵ ਪ੍ਰਸਿੱਧ ਹਾਂ, ਮੇਰੇ ਗੁਰੂ ਨੇ ਇਹ ਗੱਲ ਕਿਉਂ ਕਹੀ। ਗੁਰੂ ਦੇ ਬਚਨ ਕੰਨਾਂ ਵਿਚ ਬਾਰ ਬਾਰ ਗੂੰਜਦੇ ਹਨ ਕਿ ਦੇਖ ਤੂੰ ਸਭ ਕੁਝ ਪੜ੍ਹਿਆ ਹੋਇਆ ਹੈਂ, ਕਿੱਡੇ ਕਿੱਡੇ ਰਿਸ਼ੀ, ਮੁਨੀ, ਸਾਧਕ ਅਭਿਮਾਨ ਵਿਚ ਆ ਕੇ ਕੁਕਰਮਾਂ ਵਿਚ ਫਸ ਗਏ। ਅਜਾਮਲ ਦੇ ਗੁਰੂ ਸਭ ਕੁਝ ਜਾਣਦੇ ਸਨ, ਉਹ ਵੀ ਇਹ ਗੱਲ ਜਾਣ ਗਏ ਕਿ ਮੇਰੀ ਗੱਲ ਅਜਾਮਲ ਨੂੰ ਚੰਗੀ ਨਹੀਂ ਲੱਗੀ। ਇਸ ਅੰਦਰ ਆਪਣੇ ਪਵਿੱਤਰ ਜੀਵਨ ਦਾ ਅਭਿਮਾਨ ਹੈ, ਪਰ ਅਜਾਮਲ ਦੀ ਜੋ ਤਾਰ ਆਪਣੇ ਗੁਰੂ ਨਾਲ ਜੁੜੀ ਹੋਈ ਸੀ ਉਹ ਟੁੱਟ ਗਈ। ਇਕ ਦਿਨ ਸੋਚਣ ਲੱਗਿਆ ਕਿ ਦੇਖਾਂ ਤਾਂ ਸਹੀ ਕਿ ਕੀ ਹੁੰਦਾ ਹੈ, ਵੇਸਵਾਵਾਂ ਦੇ ਬਜ਼ਾਰ ਵਿਚੋਂ ਲੰਘ ਗਿਆ।

ਮਾੜੇ ਥਾਂ 'ਚੋਂ ਕਿਤੋਂ ਦੀ ਲੰਘ ਜਾਓ, ਗਰਦ 'ਚ ਲੰਘ ਜਾਓ, ਜੇ ਕੋਈ ਕਹੇ ਕਿ ਮੇਰੇ ਤੇ ਗਰਦ ਨਹੀਂ ਪੈਂਦੀ ਤਾਂ ਉਹ ਭੁੱਲ ਵਿਚ ਹੈ - ਧੂੰਏਂ 'ਚੋਂ ਲੰਘ ਕੇ ਜੇ ਕੋਈ ਕਹੇ ਕਿ ਮੇਰਾ ਸਾਹ ਨਹੀਂ ਘੁਟਦਾ, ਉਹ ਗਲਤ ਹੈ, ਧੂੰਏਂ ਨੇ ਤਾਂ ਸਾਹ ਘੁਟਣਾ ਹੈ। ਜਿਹੋ ਜਿਹੇ ਪ੍ਰਭਾਵ ਵਿਚ ਜਾਵਾਂਗੇ ਬਿਰਤੀ ਨੇ ਉਹ ਅਸਰ ਕਬੂਲ ਕਰਨਾ ਹੈ -

***ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥***
***ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥*** ***ਪੰਨਾ - 1369***

ਇਸੇ ਕਰਕੇ ਰੋਜ਼ ਅਰਦਾਸ ਕਰਦੇ ਹਾਂ, "ਹੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ! ਕਿਰਪਾ ਕਰੀਂ ਆਪਣੇ ਗੁਰਮੁਖਾਂ ਦੇ ਦਰਸ਼ਨ ਕਰਾਈਂ, ਗੁਰਮੁਖਾਂ ਦੇ ਦੀਦਾਰ ਕਰਾਈਂ, ਮਨਮੁਖਾਂ ਤੋਂ ਦੂਰ ਰੱਖੀਂ। ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ ਉਹ ਪਿਆਰੇ ਮੇਲੀਂ, ਜਿਨ੍ਹਾਂ ਮਿਲਿਆਂ ਤੇ ਤੇਰਾ ਨਾਮ ਵਿਸਰੇ, ਕਿਰਪਾ ਕਰੀਂ ਉਸ ਨੂੰ ਆਪ ਹੀ ਨਾ ਮੇਲੀਂ।" ਰੋਜ਼ ਦੀ ਅਰਦਾਸ ਹੈ ਸਿਖ ਦੀ ਕਿਉਂਕਿ ਸਿੱਖ ਆਪਣੇ ਆਪ ਨਹੀਂ ਕਹਿੰਦਾ ਕਿ ਮੈਂ ਬਹੁਤ ਚੰਗਾ ਹਾਂ, ਉਹ ਕਹਿੰਦਾ ਹੈ ਕਿ ਮੈਂ ਚੰਗਾ, ਮੇਰੀ ਚੰਗਿਆਈ ਗੁਰੂ ਦੀ ਕਿਰਪਾ

ਨਾਲ ਹੈ, ਮੇਰੇ ਕਿਸੇ ਤਾਣ ਦੇ ਨਾਲ ਨਹੀਂ। ਜਦੋਂ ਸਿੱਖ ਦੇ ਮਨ ਵਿਚ ਇਹ ਆ ਜਾਏਗਾ ਕਿ ਮੇਰੇ ਤਾਣ ਦੇ ਨਾਲ ਮੇਰੇ ਵਿਚ ਚੰਗਿਆਈ ਹੈ ਉਸ ਵੇਲੇ ਗੁਰੂ ਦੀ ਕਿਰਪਾ ਦਾ ਹੱਥ ਉਸ ਦੇ ਸਿਰ ਤੋਂ ਪਰ੍ਹੇ ਹਟ ਜਾਇਆ ਕਰਦਾ ਹੈ।

ਸੋ ਹੋਇਆ ਕੀ, ਹੌਲੀ-ਹੌਲੀ ਇਕ ਵੇਸਵਾ ਦੇ ਚੁਬਾਰੇ ਤੇ ਜਾਣ ਲੱਗ ਗਿਆ, ਮੋਹਿਆ ਗਿਆ, ਘਰ 'ਚ ਬਦਨਾਮੀ ਹੋ ਗਈ, ਸ਼ਹਿਰ 'ਚ ਬਦਨਾਮੀ ਹੋ ਗਈ, ਰਾਜੇ ਤੱਕ ਗੱਲ ਪਹੁੰਚ ਗਈ। ਰਾਜੇ ਨੇ ਉਸ ਦੇ ਪਿਤਾ ਨੂੰ ਕਿਹਾ, ਪਿਤਾ ਨੇ ਬੇਦਖਲ ਕਰ ਦਿਤਾ ਦੇ ਦਿਤਾ। ਰਾਜੇ ਨੇ ਸ਼ਹਿਰੋਂ ਬਾਹਰ ਕੱਢ ਦਿਤਾ। ਵੇਸ਼ਵਾ ਨੂੰ ਨਾਲ ਲੈ ਕੇ ਰਹਿਣਾ ਸ਼ੁਰੂ ਕਰ ਦਿਤਾ।

***ਪਤਿਤ ਅਜਾਮਲੁ ਪਾਪ ਕਰਿ, ਜਾਇ ਕਲਾਵਤਣੀ ਦੇ ਰਹਿਆ॥***
***ਗੁਰੁ ਤੇ ਬੇਮੁਖੁ ਹੋਇਕੈ, ਪਾਪ ਕਮਾਵੈ ਦੁਰਮਤਿ ਦਹਿਆ॥***
***ਭਾਈ ਗੁਰਦਾਸ ਜੀ ਦੀ ਵਾਰ 10/20***

ਖੋਟੀ ਮਤ ਹੋਣ ਕਰਕੇ ਪਾਪਾਂ 'ਚ ਪੈ ਗਿਆ। ਬੱਚੇ ਹੁੰਦੇ ਜਾਂਦੇ ਨੇ, ਪੰਡਤਾਈ ਤਾਂ ਹੁਣ ਉਸ ਤੋਂ ਕੋਈ ਕਰਵਾਉਂਦਾ ਨਹੀਂ, ਸਾਰੀ ਦੁਨੀਆਂ 'ਚ ਮਸ਼ਹੂਰ ਹੋ ਗਿਆ -

***ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥ ਪੰਨਾ - 632***

ਕਹਿੰਦੇ ਇਕੱਲਾ ਇਕ ਸ਼ਹਿਰ ਨਹੀਂ ਸੀ ਜਾਣਦਾ, ਸਾਰੇ ਵਿਦਵਾਨਾਂ 'ਚ ਇਹ ਹੋ ਗਿਆ ਕਿ ਅਜਾਮਲ ਗਿਰ ਗਿਆ ਐਡਾ ਵਿਦਵਾਨ ਹੋ ਕੇ। ਜਿਹੜਾ ਉਚਾ ਹੁੰਦਾ ਹੈ ਉਹ ਜਦੋਂ ਚੰਗਾ ਹੁੰਦਾ ਹੈ ਉਦੋਂ ਵੀ ਸਭ ਦੀ ਨਿਗ੍ਹਾ 'ਚ ਹੁੰਦਾ ਹੈ, ਜਦੋਂ ਮਾੜਾ ਜਿਹਾ ਨੁਕਸ ਪੈ ਜਾਏ, ਚਿੱਟੇ ਚਾਦਰੇ ਦੇ ਉਤੇ ਇਕ ਸ਼ਿਆਹੀ ਦਾ ਧੱਬਾ ਲਾ ਕੇ ਦੇਖ ਲਓ ਸਾਰਿਆਂ ਦੀ ਨਿਗ੍ਹਾ ਓਧਰ ਜਾਏਗੀ, ਕੰਬਲ ਤੇ ਲਾਓ ਕਿਸੇ ਨੂੰ ਨਹੀਂ ਪਤਾ ਲਗਦਾ। ਸੋ ਜਿਹੜਾ ਮਸ਼ਹੂਰ ਹੋ ਜਾਵੇ ਦੁਨੀਆਂ 'ਚ, ਇਕ ਵਾਰੀ ਵਾਹਵਾ-ਵਾਹਵਾ ਹੋ ਜਾਏ, ਜਦੋਂ ਉਹ ਗਿਰਦਾ ਹੈ ਤਾਂ ਸਾਰਿਆਂ ਨੂੰ ਪਤਾ ਲਗ ਜਾਂਦਾ ਹੈ।

ਸੋ ਉਸ ਵੇਲੇ ਪਾਪ ਕਮਾਉਂਦਾ ਹੈ। ਜਾਲ ਬਣਾ ਲਿਆ, ਜਾ ਕੇ ਜਾਲ ਹੇਠ ਚੋਗਾ ਪਾ ਕੇ ਬੈਠ ਜਾਂਦਾ ਹੈ। ਜਿੰਨੇ ਜੰਗਲ ਦੇ ਪੰਛੀ ਵਿਚ ਫੱਸ ਜਾਂਦੇ ਨੇ, ਮਾਰ ਕੇ ਲੈ ਆਉਂਦਾ ਹੈ, ਕੁਝ ਘਰ ਵਿਚ ਖਾਣ ਵਾਸਤੇ ਰੱਖ ਲੈਂਦਾ ਹੈ, ਕੁਝ ਬਜ਼ਾਰ 'ਚ ਜਾ ਕੇ ਵੇਚ ਕੇ ਪੈਸੇ ਲੈ ਆਉਂਦਾ ਹੈ। ਕਬੀਲਦਾਰੀ ਵਧ ਗਈ ਤੇ ਜਨਮ ਬਿਰਥਾ ਜਾ ਰਿਹਾ ਹੈ -

***ਬਿਰਥਾ ਜਨਮੁ ਗਵਾਇਅਨੁ ਭਵਜਲ ਅੰਦਰਿ ਫਿਰਦਾ ਵਹਿਆ॥***
***ਭਾਈ ਗੁਰਦਾਸ ਜੀ ਦੀ ਵਾਰ 10/20***

ਰੁੜ੍ਹਿਆ ਫਿਰਦਾ ਹੈ ਭਵਜਲ ਅੰਦਰ -

***ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇਛੇ ਲਹਿਆ॥***
***ਭਾਈ ਗੁਰਦਾਸ ਜੀ ਦੀ ਵਾਰ10/20***

ਛੇ ਪੁੱਤਰ ਹੋ ਗਏ, ਘਰ 'ਚ ਕਲੇਸ਼ ਪੈਂਦਾ ਹੈ, ਬਹੁਤ ਕਲੇਸ਼ ਹੁੰਦਾ ਹੈ। ਸਦਾ ਤਾਂ ਰਹਿੰਦਾ ਨਹੀਂ, ਭੋਗਾਂ ਦਾ ਅੰਤ ਜਦੋਂ ਆਖਰੀ ਬਿੰਦੂ ਤੇ ਆ ਜਾਂਦਾ ਹੈ, ਜਦੋਂ ਸੰਤ੍ਰਿਪਤੀ (saturation) ਦਾ point (ਬਿੰਦੂ) ਆ ਜਾਂਦਾ ਹੈ, ਉਸ ਵੇਲੇ ਆਦਮੀ ਨੂੰ ਆਪ ਵੀ ਭੋਗਾਂ ਤੋਂ ਨਫਰਤ ਹੋ ਜਾਂਦੀ ਹੈ। ਸ਼ਰਾਬ ਪੀਣ ਵਾਲਾ ਜਦੋਂ ਬਹੁਤ ਸ਼ਰਾਬ ਪੀਣ ਲੱਗ ਜਾਂਦਾ ਹੈ ਉਹ ਕਾਬੂ ਤਾਂ ਆ ਜਾਂਦਾ ਹੈ ਸ਼ਰਾਬ ਦੇ, ਪਰ ਅੰਦਰੋਂ ਉਸ ਨੂੰ ਨਫਰਤ ਆਉਣੀ ਸ਼ੁਰੂ ਹੋ ਜਾਂਦੀ ਹੈ। ਛੁੱਟ ਨਹੀਂ ਸਕਦਾ ਜਦੋਂ ਤਕ ਕੋਈ ਛੁਡਾਉਣ ਵਾਲਾ ਨਾ ਉਸ ਨੂੰ ਮਿਲੇ। ਭੋਗਾਂ ਦਾ ਵੀ ਅੰਤ ਆ ਜਾਂਦਾ ਹੈ। ਸੋ ਅੰਦਰੋਂ ਹੁਣ ਖਿਝਦੇ ਨੇ ਦੋਵੇਂ। ਉਹ ਵੀ ਖਿਝਦੀ ਹੈ ਕਿ ਮੈਂ ਕਿਥੇ ਝੌਂਪੜੀਆਂ 'ਚ ਆ ਕੇ ਵਸ ਗਈ ਇਸ ਬੰਦੇ ਨਾਲ ਤੁਰ ਕੇ। ਉਹ ਵੀ ਕਰਦਾ ਹੈ ਕਿ ਮੈਂ ਕਿੱਡਾ ਵੱਡਾ ਵਿਦਵਾਨ ਸੀ, ਕੀ ਲੈ ਲਿਆ ਮੈਂ ਭੋਗਾਂ ਵਿਚੋਂ, ਕੀ ਖੱਟ ਲਿਆ? ਆਪਣੇ ਸਰੀਰ ਦਾ ਨਾਸ਼ ਕਰ

ਲਿਆ। ਹਰ ਵਕਤ ਲੜਾਈ ਰਹਿੰਦੀ ਹੈ। ਅਖੀਰ ਨੌਬਤ ਇਥੋਂ ਤੱਕ ਆ ਗਈ ਤੇ ਉਸ ਨੇ ਫੈਸਲਾ ਕਰ ਲਿਆ ਕਿ ਮੈਂ ਖੁਦਕਸ਼ੀ ਕਰ ਲਵਾਂ।

ਕਈ ਪ੍ਰੇਮੀਆਂ ਦੇ ਖਿਆਲ ਹੁੰਦੇ ਨੇ ਕਿ ਖੁਦਕਸ਼ੀ ਕਰਨ ਪਿਛੋਂ ਦੁਖ ਖਤਮ ਹੋ ਜਾਣਗੇ। ਇਸ ਤਰ੍ਹਾਂ ਨਹੀਂ ਹੁੰਦੇ, ਸਗੋਂ ਦੁਖ ਓਦੂੰ ਵੀ ਵਧ ਜਾਂਦਾ ਹੈ ਕਿਉਂਕਿ ਉਹ ਯਾਦ ਅੱਗੇ ਵੀ ਨਾਲ ਜਾਂਦੀ ਹੈ। ਰੂਹ ਤਾਂ ਮਰਦੀ ਨਹੀਂ, ਸਰੀਰ ਮਰਦਾ ਹੈ ਤੇ ਜ਼ਿੰਦਗੀ ਦੇ ਤਜਰਬੇ ਨਾਲ ਜਾਂਦੇ ਨੇ, ਦੁਖ ਵੀ ਨਾਲ ਹੀ ਜਾਂਦੇ ਨੇ, ਫੇਰ ਉਸਨੂੰ ਕਰਮਾਂ ਦੀ ਸਜ਼ਾ ਇਹ ਮਿਲਦੀ ਹੈ ਕਿ ਦੁਬਾਰਾ ਮਨੁੱਖ ਜਨਮ ਨਹੀਂ ਉਸ ਨੂੰ ਪ੍ਰਾਪਤ ਹੋਇਆ ਕਰਦਾ ਅਤੇ ਉਹ ਮਹਾਂ ਦੁਖੀ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਨੇ, ਉਸਨੂੰ ਦੈਂਤ ਮੰਡਲਾਂ ਵਿਚ ਹਨ੍ਹੇਰ ਘੁੱਪ ਵਿਚ ਥਾਂ ਮਿਲਦੀ ਹੈ ਜਿਥੋਂ ਮਹਾਂ ਪਰਲੋਂ ਆਉਣ ਤੀਕਰ ਨਿਕਲ ਕੇ ਕਿਸੇ ਜੂਨੀ ਵਿਚ ਦੇਹ ਪ੍ਰਾਪਤ ਨਹੀਂ ਕਰ ਸਕਦਾ, ਐਸਾ ਵੇਦਾਂ ਦਾ ਮਤ ਸੁਣੀਦਾ ਹੈ –

***ਆਤਮ ਘਾਤੀ ਹੈ ਜਗਤ ਕਸਾਈ॥*** ***ਪੰਨਾ – 118***

ਅਜਾਮਲ ਨੇ ਦੁਖੀ ਹੋ ਕੇ ਆਤਮਘਾਤ ਕਰਨ ਦਾ ਫੈਸਲਾ ਕਰ ਲਿਆ। ਆਤਮਘਾਤ ਕਰਨ ਲਈ ਉਹ ਕਿਸੇ ਨੇੜੇ ਦੇ ਦਰਿਆ ਵਲ ਜਾ ਰਿਹਾ ਹੈ, ਰਸਤੇ ਵਿਚ ਉਸ ਨੇ ਕੁਝ ਧੂੜ ਉਡਦੀ ਤੱਕੀ, ਮਨ ਵਿਚ ਖਿਆਲ ਆਇਆ ਕਿ ਮੈਂ ਦੇਖਾਂ ਇਹ ਕੌਣ ਹਨ। ਜਦੋਂ ਸਾਫ ਦਰਸ਼ਨ ਹੋ ਗਏ ਤਾਂ ਉਸ ਨੇ ਦੇਖਿਆ ਕਿ ਇਹ ਤਾਂ ਮੇਰੇ ਹੀ ਮਹਾਂਪੁਰਸ਼ ਹਨ, ਮੇਰੇ ਹੀ ਗੁਰੂ ਦਾਤੇ ਹਨ। ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਦਾ ਫਲ ਜ਼ਰੂਰ ਹੀ ਪ੍ਰਾਪਤ ਹੋਇਆ ਕਰਦਾ ਹੈ।

ਇਤਿਹਾਸ ਵਿਚ ਇਕ ਸਾਖੀ ਆਉਂਦੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ ਕਰਦੇ ਇਕ ਪਿੰਡ ਵਿਚ ਗਏ ਜੋ ਠੱਗਾਂ ਦਾ ਪਿੰਡ ਸੀ। ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਕੇ ਖਿਆਲ ਹੋਇਆ ਕਿ ਕੋਈ ਬਹੁਤ ਧਨੀ ਪੁਰਸ਼ ਸਾਡੇ ਪਿੰਡ 'ਚ ਆ ਗਏ। ਸਾਰਿਆਂ ਨੇ ਸਲਾਹ ਕਰੀ ਕਿ ਇਕੱਲੇ ਨਾ ਲੁਟਿਓ, ਆਪਾਂ ਆਪਣੇ ਪੀਰ ਦੀ ਸਹੁੰ ਖਾ ਕੇ ਕਹੀਏ, ਜੋ ਮਾਲ ਇਨ੍ਹਾਂ ਕੋਲੋਂ ਮਿਲੇਗਾ ਆਪਾਂ ਸਾਰੇ ਵੰਡ ਲਵਾਂਗੇ। ਭਾਈ ਬਾਲਾ ਤੇ ਮਰਦਾਨਾ ਨੂੰ ਮਾਰਨ ਲਈ ਸਾਰੀ ਰਾਤ ਤਿਆਰੀਆਂ ਕਰਦੇ ਰਹੇ ਪਰ ਜਦੋਂ ਅੰਮ੍ਰਿਤ ਵੇਲੇ ਗੁਰੂ ਮਹਾਰਾਜ ਦੇ ਪਵਿੱਤਰ ਗਲੇ 'ਚੋਂ ਬਾਣੀ ਦਾ ਉਚਾਰਨ ਹੋਇਆ ਤਾਂ ਇਨ੍ਹਾਂ ਨੂੰ ਨੀਂਦ ਆ ਗਈ, ਦਿਨ ਚੜ੍ਹ ਗਿਆ, ਸਾਰਾ ਪਿੰਡ ਸੁੱਤਾ ਪਿਆ ਹੈ। ਗੁਰੂ ਮਹਾਰਾਜ ਜੀ ਤੁਰ ਪਏ, ਪਿਛੋਂ ਠੱਗਾਂ ਨੂੰ ਜਾਗ ਆਈ, ਉਨ੍ਹਾਂ ਨੇ ਜਦੋਂ ਦੇਖਿਆ ਕਿ ਤਿੰਨੇ ਮੁਸਾਫਿਰ ਇਥੋਂ ਚਲੇ ਗਏ ਹਨ, ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਖੁਰਾ (ਪੈਰ ਦਾ ਨਿਸ਼ਾਨ) ਦਬਾਇਆ ਜਾਵੇ। ਜਵਾਨ ਆਦਮੀ ਜਾ ਕੇ ਸ਼ਸਤਰਾਂ ਨਾਲ ਮਾਰ ਦੇਵੋ, ਜੋ ਕੁਝ ਉਨ੍ਹਾਂ ਕੋਲ ਹੋਵੇਗਾ ਆਪਸ ਵਿਚ ਵੰਡ ਲਵਾਂਗੇ। ਕੁਝ ਮੀਲਾਂ ਤੇ ਜਦੋਂ ਉਨ੍ਹਾਂ ਨੇ ਗੁਰੂ ਮਹਾਰਾਜ ਨੂੰ ਦੇਖਿਆ ਤਾਂ ਦੂਰੋਂ ਹਾਕਾਂ ਮਾਰਦੇ ਨੇ ਕਿ ਅਸੀਂ ਤੁਹਾਨੂੰ ਜਾਣ ਨਹੀਂ ਦੇਣਾ, ਤੁਸੀਂ ਸਾਨੂੰ ਜਾਦੂ ਕਰਕੇ ਸੁਲਾ ਦਿਤਾ। ਉਨ੍ਹਾਂ ਨੇ ਕਿਹਾ ਅਸੀਂ ਤੁਹਾਨੂੰ ਮਾਰ ਕੇ ਤੁਹਾਡੀ ਤਲਾਸ਼ੀ ਲੈ ਕੇ ਧਨ ਲੈਣਾ ਹੈ। ਗੁਰੂ ਮਹਾਰਾਜ ਨੇ ਫੁਰਮਾਨ ਕਰਿਆ ਕਿ ਅਸੀਂ ਮਰਨ ਤੋਂ ਤਾਂ ਨਹੀਂ ਡਰਦੇ ਪਰ ਇਕ ਗੱਲ ਅਸੀਂ ਤੁਹਾਨੂੰ ਕਹਿੰਦੇ ਹਾਂ, ਉਹ ਤੁਸੀਂ ਜ਼ਰੂਰ ਕਰਨਾ। ਕਹਿਣ ਲੱਗੇ ਕੀ ਗੱਲ ਹੈ? ਮਹਾਰਾਜ ਜੀ ਨੇ ਕਿਹਾ ਕਿ ਤੁਸੀਂ ਸਾਨੂੰ ਮਾਰਨ ਪਿਛੋਂ ਸਰੀਰਾਂ ਦਾ ਸਸਕਾਰ ਕਰ ਦੇਣਾ, ਆਹ ਲੱਕੜਾਂ ਦਾ ਕਿੱਡਾ ਢੇਰ ਪਿਆ ਹੈ। ਇਕ ਠੱਗ ਨੇ ਕਿਹਾ, ਅੱਗ ਕਿਥੋਂ ਲਿਆਵਾਂਗੇ? ਗੁਰੂ ਮਹਾਰਾਜ ਨੇ ਦੂਰ ਇਸ਼ਾਰਾ ਕਰਕੇ ਕਿਹਾ ਕਿ ਓ ਦੇਖੋ, ਕਿਸੇ ਮੁਰਦੇ ਨੂੰ ਜਲਾਣ ਲਈ ਚਿਖਾ ਜਲਾਈ ਹੋਈ ਹੈ, ਉਥੋਂ ਲੈ ਆਉਣਾ। ਉਸ ਨੇ ਕਿਹਾ, ਗੱਲ ਤਾਂ ਠੀਕ ਹੈ, ਜੇ ਇਨ੍ਹਾਂ ਨੂੰ ਮਾਰ ਕੇ ਇਥੇ ਸੁੱਟ ਦਿਤਾ ਤਾਂ ਸਰਕਾਰੀ ਬੰਦਿਆਂ ਨੂੰ ਪਤਾ ਲਗੇਗਾ ਤਾਂ ਰੌਲਾ ਪੈ ਜਾਏਗਾ। ਚੰਗਾ ਹੈ ਇਨ੍ਹਾਂ ਦਾ ਖੁਰਾ ਖੋਜ ਹੀ ਮਿਟਾ ਦਿਤਾ ਜਾਵੇ।

ਦੋ ਜਣੇ ਅੱਗ ਲੈਣ ਚਲੇ ਗਏ। ਅੱਗੇ ਕੀ ਦੇਖਦੇ ਨੇ ਕਿ ਇਕ ਰੂਹ ਨੂੰ ਬਹੁਤ ਹੀ ਵਿਕਰਾਲ ਸਰੂਪ ਵਾਲੇ ਬੰਦਿਆਂ ਨੇ ਫੜਿਆ ਹੋਇਆ ਹੈ, ਉਸ ਨੂੰ ਮਾਰ ਕੁੱਟ ਰਹੇ ਹਨ। ਉਨ੍ਹਾਂ ਤੋਂ ਬਾਅਦ ਹੀ ਦੋ ਹੋਰ ਆ ਗਏ – ਬਹੁਤ ਸੋਹਣੇ। ਉਹ ਕਹਿਣ ਲੱਗੇ ਇਸ ਰੂਹ ਨੂੰ ਨਾ ਮਾਰੋ। ਜਮਾਂ ਨੇ ਉਸ ਰੂਹ ਨੂੰ ਮਾਰਨੋਂ ਛੱਡ ਦਿਤਾ। ਉਹ ਠੱਗ ਹੈਰਾਨ ਹੋ ਗਏ, ਉਨ੍ਹਾਂ ਨੇ ਪੁਛਿਆ ਕਿ ਕੀ ਗੱਲ ਹੈ?

ਇਕ ਨੇ ਕਿਹਾ, "ਇਹ ਪਾਪੀ ਹੈ, ਸਾਰੀ ਜ਼ਿੰਦਗੀ ਪਾਪ ਕੀਤੇ ਨੇ ਅਤੇ ਅਸੀਂ ਨਰਕਾਂ ਨੂੰ ਲਿਜਾ ਰਹੇ ਹਾਂ।"

ਦੂਜੇ ਕਹਿਣ ਲੱਗੇ, "ਪਾਪ ਤਾਂ ਇਸ ਨੇ ਕੀਤੇ ਨੇ ਪਰ ਗੁਰੂ ਨਾਨਕ ਪਾਤਸ਼ਾਹ ਦੀ ਦ੍ਰਿਸ਼ਟੀ ਪੈ ਗਈ ਇਸ ਦੇ ਉਤੇ, ਤੇ ਇਸ ਦੇ ਸਾਰੇ ਹੀ ਪਾਪਾਂ ਦਾ ਖਾਤਮਾ ਹੋ ਗਿਆ। ਹੁਣ ਇਸ ਨੂੰ ਬੈਕੁੰਠ ਧਾਮ ਨੂੰ ਲੈ ਕੇ ਜਾਣਾ ਹੈ, ਸਾਨੂੰ ਭਗਵਾਨ ਨੇ ਭੇਜਿਆ ਹੈ।"

ਕਹਿੰਦੇ, "ਗੁਰੂ ਨਾਨਕ ਪਾਤਸ਼ਾਹ ਕੌਣ ਹੈ?"

ਕਹਿੰਦੇ, "ਓਹੀ ਜਿਸ ਨੂੰ ਮਾਰਨ ਦੇ ਤੁਸੀਂ ਮਨਸੂਬੇ ਬੰਨ੍ਹ ਰਹੇ ਹੋ। ਭੋਲਿਓ! ਉਹ ਤਾਂ ਦੁਨੀਆਂ ਦਾ ਤਾਰਕ ਹੈ। ਕਿਥੇ ਲੇਖਾ ਦਿਓਂਗੇ? ਦੇਖੋ, ਇਧਰ ਉਂਗਲੀ ਕਰਕੇ ਇਸ਼ਾਰਾ ਕੀਤਾ ਸੀ ਜਿਸ ਦੇ ਫਲਸਰੂਪ ਇਹ ਪਾਪੀ ਜਮਾਂ ਦੀ ਮਾਰ ਤੋਂ ਛੁਟ ਗਿਆ।"

ਉਹ ਠੱਗ, ਬਗੈਰ ਅੱਗ ਲੈਣ ਤੋਂ ਵਾਪਸ ਆ ਗਏ। ਉਨ੍ਹਾਂ ਨੇ ਦੂਰੋਂ ਹੀ ਰੌਲਾ ਪਾ ਦਿਤਾ ਕਿ ਇਨ੍ਹਾਂ ਨੂੰ ਮਾਰਿਓ ਨਾ। ਨਗਰ ਵਾਲਿਆਂ ਨੂੰ ਆ ਕੇ ਦੱਸਿਆ। ਅਖੀਰ ਸਾਰਿਆਂ ਨੇ ਗੁਰੂ ਮਹਾਰਾਜ ਦੇ ਚਰਨ ਫੜ ਲਏ।

ਸੋ ਇਸ ਤਰ੍ਹਾਂ ਜਦੋਂ ਅਜਾਮਲ ਜਾ ਰਿਹਾ ਹੈ ਉਸ ਨੇ ਸੰਤਾਂ ਦੇ ਦਰਸ਼ਨ ਕੀਤੇ। ਜਿਸ ਉਪਰ ਵੀ ਸੰਤਾਂ ਦੀ ਦ੍ਰਿਸ਼ਟੀ ਪੈਂਦੀ ਹੈ, ਉਸਦੇ ਅੰਦਰ ਪਰਿਵਰਤਨ ਹੋਣਾ ਸ਼ੁਰੂ ਹੋ ਜਾਂਦਾ ਹੈ। ਅਜਾਮਲ ਨੇ ਜਦੋਂ ਦਰਸ਼ਨ ਕੀਤੇ ਤਾਂ ਮਨ ਵਿਚ ਆਇਆ ਕਿ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰ ਦੇਈਏ, ਮਰਨਾ ਤਾਂ ਹੈ ਹੀ। ਅੰਦਰਲਾ ਗਿਆਨ ਉਘੜਨਾ ਸ਼ੁਰੂ ਹੋ ਗਿਆ। ਜਦੋਂ ਮਹਾਂਪੁਰਸ਼ ਨੇੜੇ ਆਏ, ਬਿਰਧ ਅਵਸਥਾ ਦੇ ਨੇ ਤੇ ਅਜਾਮਲ ਨੇ ਪਛਾਣ ਲਿਆ ਕਿ ਇਹ ਤਾਂ ਮੇਰੇ ਗੁਰੂ ਹਨ ਜਿਨ੍ਹਾਂ ਨੂੰ ਮੈਂ ਪਿੱਠ ਦੇ ਕੇ ਇਥੇ ਪਹੁੰਚਿਆ ਹਾਂ, ਕਿਉਂ ਨਾ ਮੈਂ ਓਸ ਦਿਨ ਇਨ੍ਹਾਂ ਦਾ ਬਚਨ ਮੰਨਿਆ ਤੇ ਮੈਂ ਕਿੱਡਾ ਅਭਿਮਾਨ ਕਰਿਆ ਕਿ ਮੈਂ ਨਹੀਂ ਗਿਰ ਸਕਦਾ। ਓਸ ਵੇਲੇ ਚਰਨਾਂ ਤੇ ਧਾਹ ਕੇ ਗਿਰ ਗਿਆ – ਧਰਤੀ ਦੇ ਉਤੇ, ਧੂੜ ਦੇ ਵਿਚ। ਚਰਨ ਨਹੀਂ ਛਡਦਾ।

ਮਹਾਤਮਾ ਨੀਵੇਂ ਹੋਏ, ਮੋਢੇ ਤੋਂ ਫੜ ਕੇ ਚੁਕਿਆ। ਕਹਿਣ ਲੱਗੇ, "ਬੇਟਾ ਐਨਾ ਵੈਰਾਗ ਕਿਸ ਗੱਲ ਦਾ ਕਰਦਾ ਹੈਂ? ਕੌਣ ਹੈਂ ਤੂੰ?"

ਕਹਿੰਦਾ," ਮਹਾਰਾਜ! ਮੈਂ ਪਤਿਤ ਅਜਾਮਲ, ਮਹਾਂ ਪਾਪੀ।"

ਮਹਾਤਮਾ ਕਹਿਣ ਲੱਗੇ, "ਅਜਾਮਲ! ਬੇਟਾ ਐਸਾ ਨਹੀਂ ਕਹੀਦਾ। ਜੇ ਤੂੰ ਮਹਾਂਪਾਪੀ ਹੁੰਦਾ, ਤੇਰੇ ਪੁੰਨ ਸਾਰੇ ਖਤਮ ਹੋ ਗਏ ਹੁੰਦੇ ਤਾਂ ਤੂੰ ਸਾਧੂਆਂ ਦੇ ਦਰਸ਼ਨ ਨਹੀਂ ਸੀ ਕਰ ਸਕਦਾ। ਸਾਧੂਆਂ ਦੇ ਦਰਸ਼ਨ ਤਾਂ ਹੀ ਹੁੰਦੇ ਨੇ ਜੇ ਪੁੰਨ ਬਚਦੇ ਹੋਣ। ਪਾਪ ਵਧ ਜਾਣ ਤਾਂ ਦੇਖ ਕੇ ਪਿੱਠ ਕਰ ਲਏਗਾ, ਨੇੜੇ ਨਹੀਂ ਆ ਸਕਦਾ। ਅੰਦਰ ਨਿੰਦਿਆ ਦਾ ਵਿਚਾਰ ਕਰੇਗਾ। ਕੋਈ ਗੱਲ ਚੱਲੇਗੀ, ਈਰਖਾ ਦੀ ਲਹਿਰ ਚੱਲੇਗੀ ਕਿਉਂਕਿ ਉਸ ਦੇ ਭਾਗ ਮੰਦੇ ਨੇ, ਫੇਰ ਸਾਧੂਆਂ ਨਾਲ ਖਹੇਗਾ, ਦੁਖ ਦੇਣ ਦਾ ਤਰੀਕਾ ਸੋਚੇਗਾ। ਸੋ ਬੇਟਾ! ਐਉਂ ਨਾ ਕਹਿ, ਤੂੰ ਪਾਪੀ ਨਹੀਂ ਹੈਂ, ਤੇਰੇ ਪੁੰਨ ਬੜੇ ਬਚੇ ਹੋਏ ਨੇ।"

ਕਹਿੰਦਾ, "ਨਾ ਮਹਾਰਾਜ! ਮੈਂ ਪਾਪੀ ਹਾਂ।" ਸਾਰੀ ਵਿਥਿਆ ਦੱਸੀ।

ਕਹਿੰਦੇ, "ਨਾ! ਖੁਦਕਸ਼ੀ ਨਾ ਕਰ। ਜਾਹ! ਤੇਰੇ ਸੱਤਵਾਂ ਪੁੱਤਰ ਹੋਣਾ ਹੈ ਸਾਡੇ ਕੋਲ ਲੈ ਆਈਂ, ਅਸੀਂ ਨਾਉਂ ਰੱਖਾਂਗੇ।"

***ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇਛੇ ਲਹਿਆ॥***
***ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ॥***

***ਭਾਈ ਗੁਰਦਾਸ ਜੀ ਦੀ ਵਾਰ 10/20***

ਯਾਦ ਆ ਗਿਆ ਬਚਨ। ਪੁੱਤਰ ਨੂੰ ਲੈ ਕੇ ਗੋਦੀ 'ਚ ਪਾ ਕੇ ਵੇਸਵਾ ਨੂੰ ਨਾਲ ਲੈ ਲਿਆ, ਛੇ ਪੁੱਤਰ ਨਾਲ ਲੈ ਲਏ। ਜਾ ਕੇ ਚਰਨਾਂ ਤੇ ਸਿਰ ਰੱਖ ਦਿਤਾ।

ਕਹਿਣ ਲਗਿਆ, "ਮਹਾਰਾਜ! ਆਹ ਸੱਤਵਾਂ ਪਾਪ ਦਾ ਫਲ ਪੈਦਾ ਹੋ ਗਿਆ।"

ਕਹਿੰਦੇ, "ਅੱਛਾ! ਚੰਗਾ, ਅਸੀਂ ਇਸਦਾ ਨਾਉਂ ਰੱਖਦੇ ਹਾਂ।"

***ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਉ ਨਰਾਇਣੁ ਕਹਿਆ॥***

***ਭਾਈ ਗੁਰਦਾਸ ਜੀ ਦੀ ਵਾਰ 10/20***

ਕਹਿੰਦੇ, "ਨਾਰਾਇਣ-ਨਾਰਾਇਣ ਕਹੀ ਜਾਈਂ। ਤੈਨੂੰ ਅਸੀਂ ਭਜਨ ਕਰਨ ਨੂੰ ਨਹੀਂ ਕਹਿੰਦੇ ਕਿਉਂਕਿ ਪਾਪ ਇੰਨੇ ਜ਼ਿਆਦਾ ਨੇ, ਤੇਰੀ ਭਜਨ ਕਰਨ ਦੀ ਰੁਚੀ ਨਹੀਂ ਬਣਨੀ।"

ਜਿਸ ਦੇ ਮਨ ਵਿਚ ਪਾਪ ਵਧੇ ਹੋਣ, ਉਸ ਦਾ ਭਜਨ ਵਿਚ ਚਿਤ ਨਹੀਂ ਲੱਗਿਆ ਕਰਦਾ, ਉਬਾਸੀਆਂ ਆਉਣਗੀਆਂ ਨਾਮ ਜਪਣ ਵੇਲੇ, ਨਾਮ ਜਪਣ ਵੇਲੇ ਪੈ-ਪੈ ਕੇ ਸੌਏਂਗਾ, ਪਾਸੇ ਮਾਰੇਗਾ -

***ਬੁਰੇ ਕਾਮ ਕਉ ਊਠਿ ਖਲੋਇਆ॥ ਨਾਮ ਕੀ ਬੇਲਾ ਪੈ ਪੈ ਸੋਇਆ॥***
***ਪੰਨਾ - 738***

ਉਸ ਵੇਲੇ ਸੋਏਗਾ, ਕਹੇਗਾ ਜਾਗ ਨਹੀਂ ਆਉਂਦੀ। ਭਾਈ, ਤੇਰੇ ਪਾਪ ਵਧ ਗਏ। ਆਪਣੇ ਜੀਵਨ ਨੂੰ ਤੂੰ ਸ਼ੁਧ ਕਰ, ਬਾਣੀ ਪੜ੍ਹ, ਸਤਿਸੰਗ ਦੇ ਵਿਚ ਆ, ਤੇਰੇ ਪਾਪ ਝੜ ਜਾਣਗੇ।

ਕਹਿੰਦੇ, "ਬੇਟਾ ਅਜਾਮਲ! ਤੈਥੋਂ ਨਾਮ ਨਹੀਂ ਜਪਿਆ ਜਾਣਾ। ਇਕ ਗੱਲ ਕਰ ਲੈ, ਇਸ ਬੱਚੇ ਦਾ ਨਾਉਂ ਨਾਰਾਇਣ ਹੈ, ਤੂੰ ਨਾਰਾਇਣ-ਨਾਰਾਇਣ ਕਹੀ ਜਾਈਂ।"

ਹੁਕਮ ਮੰਨ ਲਿਆ, ਕਹਿੰਦਾ, "ਠੀਕ ਹੈ ਮਹਾਰਾਜ! ਛੋਟਾ ਬੱਚਾ ਹੈ ਇਹ ਕੁਦਰਤੀ ਮੈਨੂੰ ਪਿਆਰਾ ਹੈ।" ਜਦੋਂ ਦੇਖਦਾ ਹੈ ਨਾਰਾਇਣ-ਨਾਰਾਇਣ ਕਰੀ ਜਾਂਦਾ ਹੈ।

ਅਖੀਰ ਉਹ ਸਮਾਂ ਆ ਗਿਆ ਸਾਧ ਸੰਗਤ ਜੀ! ਜੋ ਆਪਾਂ ਸਾਰਿਆਂ ਤੇ ਵੀ ਆਉਣਾ ਹੈ। ਉਹ ਫਲ ਖਾਣਾ ਪੈਣਾ ਹੈ ਜਿਸ ਨੂੰ ਮੌਤ ਦਾ ਫਲ ਕਹਿੰਦੇ ਨੇ। ਇਕਨਾ ਨੂੰ ਕੌੜਾ ਲਗਣਾ ਹੈ, ਇਕਨਾਂ ਨੂੰ ਬੜਾ ਹੀ ਮਿਠਾ ਲਗਣਾ ਹੈ। ਜਿਨ੍ਹਾਂ ਨੇ ਜਨਮ ਸਵਾਰ ਲਿਆ -

***ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ। ਭਾਈ ਗੁਰਦਾਸ ਜੀ ਦੀ ਵਾਰ 19/14***

ਉਹ ਖੁਸ਼ੀ ਖੁਸ਼ੀ ਆਪਣੇ ਘਰ ਨੂੰ ਜਾਂਦਾ ਹੈ।

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥ ਪੰਨਾ - 1365***

ਪੂਰਨ ਪਰਮ ਅਨੰਦ ਦੀ ਪ੍ਰਾਪਤੀ ਆਹ ਦੇਹ ਛੱਡਣ ਤੋਂ ਬਾਅਦ ਹੋਇਆ ਕਰਦੀ ਹੈ।

***ਕਬੀਰ ਸੰਤ ਮੁਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥***
***ਪੰਨਾ - 1365***

ਉਹ ਤਾਂ ਆਪਣੇ ਘਰ ਨੂੰ ਜਾਂਦਾ ਹੈ।

***ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥ ਪੰਨਾ - 1365***

ਰੋਵੇ ਨਿਗੁਰੇ ਪੁਰਸ਼ ਨੂੰ ਜਿਸ ਨੇ ਕੁੱਤਿਆਂ ਬਿਲਿਆਂ ਦੀ ਜੂਨ 'ਚ ਪੈਣਾ ਹੈ ਜਾ ਕੇ। ਸੋ ਉਨ੍ਹਾਂ ਨੂੰ ਕੌੜਾ ਲਗਦਾ ਹੈ ਇਹ ਫਲ। ਜਿਹੜੇ ਬੰਦਗੀ ਕਰਨ ਵਾਲੇ ਨੇ ਉਹ ਤਾਂ ਇੰਤਜ਼ਾਰ ਕਰਦੇ ਨੇ, ਗਿਣਦੇ ਨੇ ਦਿਨ ਕਿ ਅੱਜ ਇੰਨੇ ਦਿਨ ਹੋਰ ਰਹਿ ਗਏ ਫੇਰ ਆਪਣੇ ਘਰ ਨੂੰ ਚਲਾਂਗੇ, ਨਿਜ ਘਰ 'ਚ ਪਹੁੰਚ ਜਾਣਾ ਹੈ। ਸੰਤ ਰਹਿੰਦੇ ਕਿਥੇ ਹੁੰਦੇ ਨੇ ਸਾਧ-ਸੰਗਤ ਜੀ! ਕੋਈ ਦੇਸ਼ ਠਿਕਾਣਾ ਹੈ? ਕਬੀਰ ਸਾਹਿਬ ਨੂੰ ਪੁਛਿਆ ਕਿ ਸੰਤਾਂ ਦਾ ਕੋਈ ਟਿਕਾਣਾ ਹੈ ਕਿ ਕਿਥੇ ਜਾ ਕੇ ਰਹਿੰਦੇ ਨੇ?

ਕਹਿੰਦੇ, "ਭਾਈ! ਉਹ ਸਤਿ-ਚਿਤ-ਅਨੰਦ ਦਾ ਦੇਸ਼ ਹੋਇਆ ਕਰਦਾ ਹੈ।"

***ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥***
***ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥*** ***ਪੰਨਾ - 1372***

ਸਹਿਜ ਤੇ ਸੁੰਨ, ਅਵਸਥਾ ਵਿਚ ਫੁਰਨਾ ਨਹੀਂ ਹੋਇਆ ਕਰਦਾ ਤੇ ਸਹਿਜ ਅਵਸਥਾ ਦੇ ਅੰਦਰ ਸਭ ਥਾਂ ਦੇ ਉਤੇ ਪ੍ਰਮੇਸ਼ਰ ਨਜ਼ਰ ਆਉਂਦਾ ਹੈ, ਓਸ ਘਾਟ ਤੇ ਸੰਤ ਵਾਸਾ ਕਰਿਆ ਕਰਦੇ ਨੇ ਤੇ ਉਨ੍ਹਾਂ ਦਾ ਰਸਤਾ ਦੁਨੀਆਂ ਖੋਜਦੀ ਫਿਰਦੀ ਹੈ। ਦੁਨੀਆਂ ਸੰਤਾਂ ਕੋਲ ਨਹੀਂ ਪਹੁੰਚ ਸਕਦੀ। ਸੰਤ ਤਾਂ ਦੁਨੀਆਂ ਤੋਂ ਜਾਣ ਸਮੇਂ ਪ੍ਰਸੰਨ ਹੁੰਦੇ ਹਨ। ਜਿਹੜੇ ਦੂਸਰੇ ਪਾਪੀ ਹੁੰਦੇ ਨੇ, ਇਹ ਧੱਕੇ ਖਾਂਦੇ ਨੇ -

***ਮਨਮੁਖਿ ਆਵੈ ਮਨਮੁਖਿ ਜਾਵੈ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥*** ***ਪੰਨਾ - 1073***

ਪਾਤਸ਼ਾਹ! ਕਿੰਨੇ ਨਰਕ ਨੇ? ਮਹਾਰਾਜ ਕਹਿੰਦੇ, "ਕੋਈ 84 ਕਹਿੰਦਾ ਹੈ, ਕੋਈ 18 ਕਹਿੰਦਾ ਹੈ। ਸਾਡਾ ਵਾਦ-ਵਿਵਾਦ ਨਹੀਂ ਹੈ, ਇਨ੍ਹਾਂ ਗਿਣਤੀਆਂ ਵਿਚ ਨਹੀਂ ਅਸੀਂ ਪੈਂਦੇ। ਅਸੀਂ ਕਹਿੰਦੇ ਹਾਂ ਜਿੰਨੇ ਵੀ ਨਰਕ ਨੇ, ਸਭ ਮਨਮੁਖ ਨੂੰ ਭੋਗਣੇ ਪੈਣੇ ਨੇ।"

ਸੋ ਹੁਣ ਅੰਤ ਸਮਾਂ ਆ ਗਿਆ। ਹੁਣ ਇਕਨਾਂ ਦੇ ਸਵਾਗਤ ਵਾਸਤੇ ਤਾਂ ਦੇਵਗਣ ਆਉਂਦੇ ਨੇ- ਬਿਬਾਨ ਲੈ ਕੇ, ਇਕਨਾਂ ਨੂੰ ਜਿਵੇਂ ਪੁਲਿਸ ਫੜਨ ਆਇਆ ਕਰਦੀ ਹੈ ਜਿਨ੍ਹਾਂ ਨੇ ਇਥੇ ਆ ਕੇ ਬੰਦਗੀ ਨਹੀਂ ਕੀਤੀ, ਉਨ੍ਹਾਂ ਬਾਰੇ ਫ਼ੁਰਮਾਨ ਹੈ -

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥*** ***ਪੰਨਾ - 953***

ਤੇ ਵਹੀ ਕੱਢ ਕੇ ਬਹਿ ਜਾਂਦਾ ਹੈ -

***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥*** ***ਪੰਨਾ - 953***

ਜਿਨ੍ਹਾਂ ਨੇ ਗੁਰੂ ਦੀ ਬਾਤ ਨਹੀਂ ਮੰਨੀ, ਸੰਤਾਂ ਦੇ ਬਚਨ ਨਹੀਂ ਮੰਨੇ, ਉਹ ਆਕੀ ਪੁਰਸ਼ ਨੇ, ਆਪ-ਮੁਹਾਰੇ ਬੰਦੇ ਨੇ, ਉਨ੍ਹਾਂ ਨੂੰ ਫੇਰ ਤਲਬਾਂ ਪੈਂਦੀਆਂ ਨੇ, ਸੰਮਨ ਆਉਂਦੇ ਨੇ, ਵਾਰੰਟ ਆਉਂਦੇ ਨੇ ਤੇ ਵਾਰੰਟ ਆਉਣ ਨਾਲ ਫੇਰ ਫੜ ਕੇ ਲੈ ਜਾਂਦੇ ਨੇ -

***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*** ***ਪੰਨਾ - 464***

ਸੰਗਲ ਗਲ 'ਚ ਪਾ ਕੇ ਲੈ ਜਾਂਦੇ ਨੇ ਤੇ ਜਿਹੜੇ ਲੈ ਜਾਂਦੇ ਨੇ ਉਨ੍ਹਾਂ ਨੂੰ ਜਮਦੂਤ ਕਹਿੰਦੇ ਨੇ। ਜਿਹੜੇ ਸਧਾਰਨ ਬੰਦੇ ਨੇ ਸਵਰਗਾਂ ਨੂੰ ਜਾਣ ਵਾਲੇ, ਉਨ੍ਹਾਂ ਨੂੰ ਜਮਦੂਤ ਨਹੀਂ ਲੈਣ ਆਉਂਦੇ, ਉਨ੍ਹਾਂ ਨੂੰ ਦੂਤ (guide) ਲੈਣ ਆਇਆ ਕਰਦੇ ਨੇ। ਜਿਨ੍ਹਾਂ ਨੇ ਜਿੰਦਗੀ ਪਾਪਾਂ 'ਚ ਗੁਜ਼ਾਰੀ ਹੈ ਉਹ ਦੁਖੀ ਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਨਾਮ ਨਹੀਂ ਜਪਿਆ। ਫ਼ੁਰਮਾਨ ਹੈ -

***ਜਹ ਮਹਾ ਭਇਆਨ ਦੂਤ ਜਮ ਦਲੈ॥***

*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥* *ਪੰਨਾ - 264*

ਜਮਦੂਤ ਬਹੁਤ ਭਿਆਨਕ ਨੇ, ਉਨ੍ਹਾਂ ਨੂੰ ਜਦੋਂ ਆਦਮੀ ਵੇਖਦਾ ਹੈ ਤਾਂ ਸਾਹ ਚੜ੍ਹ ਜਾਂਦਾ ਹੈ ਤੇ ਫੇਰ -

*ਅੰਤਕਾਲ ਜਮਦੂਤ ਵੇਖਿ ................॥* *ਭਾਈ ਗੁਰਦਾਸ ਜੀ ਦੀ ਵਾਰ 10/20*

ਜਮਦੂਤ ਦੇਖ ਲਏ ਤੇ ਨੇੜੇ ਪੁੱਤਰ ਸੀ, ਨਾਰਾਇਣ ਮੂੰਹ ਤੇ ਚੜ੍ਹਿਆ ਹੋਇਆ ਸੀ ਓਸ ਵੇਲੇ ਅਵਾਜ਼ ਮਾਰਦਾ ਹੈ। ਏਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਡਰ ਕੇ ਹਾਕ ਪੁੱਤਰ ਨੂੰ ਮਾਰੀ,*
*ਮੁਖ ਤੋਂ ਨਰਾਇਣ ਬੋਲਿਆ -2, 2.*
*ਮੇਰੇ ਪਿਆਰੇ, ਮੁਖ ਤੋਂ ਨਰਾਇਣ ਬੋਲਿਆ-2, 2*
*ਡਰ ਕੇ ਹਾਕ ਪੁੱਤਰ ਨੂੰ ਮਾਰੀ,......- 2.*

*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ॥*
*ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ॥*
*ਭਾਈ ਗੁਰਦਾਸ ਜੀ ਦੀ ਵਾਰ 10/20*

ਜਮਦੂਤ ਦੇਖ ਲਏ, ਪੁੱਤਰ ਨੂੰ ਹਾਕ ਮਾਰੀ। ਕਹਿੰਦਾ, "ਨਾਰਾਇਣ! ਨਾਰਾਇਣ!!" ਐਨਾ ਹੀ ਕਹਿ ਸਕਿਆ। ਮਹਾਰਾਜ ਕਹਿੰਦੇ -

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥* *ਪੰਨਾ - 981*

ਕਹਿੰਦੇ ਨਾਰਾਇਣ ਕਹਿ ਕੇ ਅਵਾਜ਼ ਦੇ ਦਿਤੀ - ਆਪਣੇ ਪੁੱਤਰ ਦੀ ਪ੍ਰੀਤ ਕਰਕੇ।

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥* *ਪੰਨਾ - 981*

ਲੇਕਿਨ ਉਸ ਦਾ ਧਿਆਨ ਪ੍ਰਮੇਸ਼ਰ ਵੱਲ ਚਲਿਆ ਗਿਆ। ਪੜ੍ਹਿਆ-ਲਿਖਿਆ ਤਾਂ ਸੀ, ਗੁਰੂ ਦੀ ਵੀ ਸੀ ਕਿਰਪਾ ਜਿਸਨੇ ਕਿਹਾ ਸੀ ਕਿ ਨਾਰਾਇਣ ਕਿਹਾ ਕਰ। ਓਸ ਵੇਲੇ ਧਿਆਨ ਪ੍ਰਭੂ ਵਲ ਚਲਿਆ ਗਿਆ। ਕਿੰਨਾ ਕੁ ਚਿਰ ਲੱਗਿਆ। ਕਹਿੰਦੇ ਇਕ ਸਾਹ ਦਾ ਅੱਧਾ ਹਿੱਸਾ ਅੰਦਰ ਨੂੰ ਗਿਆ ਹੈ, ਬਾਹਰ ਨੂੰ ਆਉਂਦੇ-ਆਉਂਦੇ 'ਚ ਧਿਆਨ ਪ੍ਰਮੇਸ਼ਰ ਵੱਲ ਚਲਿਆ ਗਿਆ। ਮੇਰੇ ਠਾਕੁਰ ਦੇ ਭੇਜੇ ਹੋਏ ਹਰਿ ਜਨ ਆ ਗਏ ਤੇ ਆ ਕੇ ਜਮਦੂਤਾਂ ਨੂੰ ਮਾਰ ਕੇ ਹਟਾ ਦਿਤਾ।

*ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ॥*
*ਨਾਇ ਲਏ ਦੁਖੁ ਡੇਰਾ ਢਹਿਆ॥* *ਭਾਈ ਗੁਰਦਾਸ ਜੀ ਦੀ ਵਾਰ 10/20*

ਵੱਡੀ ਪਦਵੀ ਪ੍ਰਾਪਤ ਹੋ ਗਈ।

*ਧਾਰਨਾ - ਗਤੀ ਮਿਲ ਗਈ ਜੋਗੀਆਂ ਵਾਲੀ,*
*ਇਕ ਵਾਰੀ ਰਾਮ ਬੋਲ ਕੇ -2, 2.*
*ਮੇਰੇ ਪਿਆਰੇ, ਇਕ ਵਾਰੀ ਰਾਮ ਬੋਲ ਕੇ -2, 2.*
*ਗਤੀ ਮਿਲ ਗਈ ਜੋਗੀਆਂ ਵਾਲੀ...... 2.*

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥* *ਪੰਨਾ - 902*

ਇਕ ਅੱਖ ਦੇ ਝਮਕੇ ਜਿੰਨੇ ਚਿਰ ਦੇ ਅੰਦਰ ਉਹ ਗਤੀ ਮਿਲ ਗਈ। ਸੋ ਮਹਾਰਾਜ ਫੁਰਮਾਨ ਕਰਦੇ

ਹਨ ਕਿ ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਅਪਰ ਅਪਾਰ ਹੈ, ਕਲਜੁਗ ਵਿਚ ਕੇਵਲ ਪ੍ਰਭੂ ਦਾ ਨਾਮ ਹੀ ਸਫਲ ਸਾਧਨ ਹੈ ਇਸ ਲਈ –

***ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥ ਪੰਨਾ – 1185***

ਸੋ ਇਸ ਤਰ੍ਹਾਂ ਮਹਾਰਾਜ ਨੇ ਕਲਜੁਗ ਨੂੰ ਨਾਮ ਦੀ ਮਹਾਨਤਾ ਦੱਸੀ ਕਿ ਨਾਮ ਜਪ ਕੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਸੋ ਰੁੱਤ ਆਈ ਹੋਈ ਹੈ ਹੁਣ ਨਾਮ ਜਪਣ ਦੀ, ਬਾਕੀ ਜਿਹੜੇ ਕਰਮ-ਧਰਮ ਨੇ, ਉਨ੍ਹਾਂ ਦੀ ਪੇਸ਼ ਨਹੀਂ ਚਲਦੀ। ਇਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਨਾਮ ਜਪਣੇ ਦੀ ਰੁੱਤ ਹੁਣ ਆਈ ਹੈ,***
***ਜਪ ਲਓ ਨਾਮ ਵਾਹਿਗੁਰੂ –2, 2.***

ਸੋ ਏਸ ਤਰ੍ਹਾਂ ਹੁਣ ਜੋ ਰੁੱਤ ਹੈ, ਸਾਡਾ ਕਲਜੁਗ ਦਾ ਸਮਾਂ ਲੰਘ ਰਿਹਾ ਹੈ। ਭਿਆਨਕ ਸਮਾਂ ਹੈ ਹੱਦ ਤੋਂ ਜ਼ਿਆਦਾ, ਘਰ-ਘਰ ਦੇ ਅੰਦਰ ਕਲੇਸ਼ ਹੈ, ਕੋਈ ਐਸਾ ਮਨ ਨਹੀਂ ਜਿਸ ਦੇ ਅੰਦਰ ਕਲੇਸ਼ ਨਾ ਹੋਵੇ। ਮਹਾਰਾਜ ਕਹਿੰਦੇ ਇਸ ਦਾ ਇਕੋ ਹੀ ਇਲਾਜ ਹੈ –

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥ ਪੰਨਾ – 262***

ਜੇ ਕਲਹ ਤੇ ਕਲੇਸ਼ ਮਿਟਾਉਣਾ ਹੈ ਤਾਂ ਪ੍ਰਮੇਸ਼ਰ ਨੂੰ ਯਾਦ ਕਰੋ –

***ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ***
***ਹਰਿ ਹਰਿ ਨਾਮੁ ਖੇਤੁ ਜਮਾਇਆ॥***
***ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ***
***ਸਭੁ ਲਾਹਾ ਮੂਲੁ ਗਵਾਇਆ॥ ਪੰਨਾ – 446***

ਨਾਮ ਤੋਂ ਬਗੈਰ ਜਿੰਨੇ ਕਰਮ-ਧਰਮ ਨੇ; ਪਹਿਲਾਂ ਤਾਂ ਆਦਮੀ ਕਰਮ ਕਰਦਾ ਹੀ ਨਹੀਂ, ਜੇ ਕੋਈ ਕਰਦਾ ਵੀ ਹੈ ਮਹਾਰਾਜ ਕਹਿੰਦੇ ਉਸ ਦਾ ਮੂਲ ਵੀ ਜਾਂਦਾ ਹੈ ਤੇ ਲਾਭ ਵੀ ਚਲਾ ਜਾਂਦਾ ਹੈ। ਕਿਵੇਂ ਜਾਂਦਾ ਹੈ? ਇਕ ਬੰਦੇ ਨੇ ਤੀਰਥ-ਯਾਤਰਾ ਕਰੀ, ਬੜਾ ਸਮਾਂ ਲਾਇਆ, ਧਨ ਵੀ ਖਰਚਿਆ, ਪੁੰਨ-ਦਾਨ ਵੀ ਕਰਿਆ। ਇਕ ਨੇ ਵਰਤ ਰੱਖਣੇ ਸ਼ੁਰੂ ਕਰ ਦਿਤੇ। ਕਈ ਕਿਸਮ ਦੇ ਵਰਤ ਹੁੰਦੇ ਨੇ ਕਿ ਮੈਂ ਖੜ੍ਹਾ ਹੀ ਰਹਿਣਾ ਹੈ, ਕੋਈ ਕਹਿੰਦਾ ਹੈ ਮੈਂ ਖਾਣਾ ਨਹੀਂ। ਵਰਤ, ਪ੍ਰਣ ਨੂੰ ਕਹਿੰਦੇ ਨੇ। ਕਈ ਕਿਸਮ ਦੇ ਵਰਤ ਲੈ ਲਏ ਆਦਮੀ ਨੇ, ਤੇ ਉਹ ਤੀਰਥ ਯਾਤਰਾ ਵੀ ਕਰਦਾ ਹੈ। ਮਹਾਰਾਜ ਕਹਿੰਦੇ –

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥ ਪੰਨਾ – 1428***

ਨਿਹਫਲ ਜਾਂਦਾ ਹੈ ਕਿਉਂਕਿ ਇਕ ਸਿਰਫ ਨਾਮ ਹੈ ਜਿਸ ਦੀ ਫਸਲ ਖਰਾਬ ਨਹੀਂ ਹੁੰਦੀ ਤੇ ਭਰਪੂਰ ਹੁੰਦੀ ਹੈ। ਇਥੇ ਵੀ ਸਹਾਇਤਾ ਕਰਦਾ ਹੈ, ਦਰਗਾਹ ਵਿਚ ਜਾ ਕੇ ਵੀ ਸਹਾਇਤਾ ਕਰਦਾ ਹੈ। ਜਿਥੇ ਕੋਈ ਨਹੀਂ ਬਹੁੜ ਸਕਦਾ ਉਥੇ ਨਾਮ ਸਹਾਇਤਾ ਕਰਦਾ ਹੈ। ਏਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ –

***ਧਾਰਨਾ – ਤੇਰੀ ਨਾਮ ਨੇ ਸਹਾਇਤਾ ਕਰਨੀ,***
***ਔਖੀ ਵੇਲਾ-ਔਖੀ ਵੇਲਾ –2, 2.***
***ਔਖੀ ਵੇਲਾ-ਔਖੀ ਵੇਲਾ –2, 2.***
***ਤੇਰੀ ਨਾਮ ਨੇ ਸਹਾਇਤਾ ਕਰਨੀ, ...... – 2.***

***ਜਹ ਮਾਤ ਪਿਤਾ ਸੁਤ ਮੀਤ ਨ ਭਾਈ॥***

***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*** ***ਪੰਨਾ - 264***

ਜਦੋਂ ਸੰਸਾਰ ਤੋਂ ਜਾਵਾਂਗੇ, ਨਾ ਮਾਂ ਨੇ ਨਾਲ ਜਾਣਾ ਹੈ, ਨਾ ਪਿਤਾ ਨੇ ਜਾਣਾ ਹੈ, ਨਾ ਮਿੱਤਰ ਨੇ ਜਾਣਾ ਹੈ, ਨਾ ਭਰਾ ਨੇ ਜਾਣਾ ਹੈ, ਨਾ ਪੈਸੇ ਨੇ ਜਾਣਾ ਹੈ, ਨਾ ਅਹੁਦਿਆਂ ਨੇ ਜਾਣਾ ਹੈ; ਜੀਵ ਇਕੱਲਾ ਜਾਂਦਾ ਹੈ। ਉਥੇ ਕੋਈ ਸਹਾਇਤਾ ਨਹੀਂ ਕਰਦਾ, ਉਥੇ ਜਪਿਆ ਹੋਇਆ ਨਾਮ, ਆਹ ਜੋ ਆਪ ਸਤਿਸੰਗ ਕਰ ਰਹੇ ਹੋ ਇਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਬੈਠ ਕੇ ਮੈਂ ਬੇਨਤੀ ਕਰਦਾ ਹਾਂ ਤੇ ਇਹਦਾ ਫਲ ਪਤਾ ਲਗੇਗਾ ਕਿ ਅਸੀਂ ਕਿੱਡਾ ਵੱਡਾ ਪੁੰਨ ਖੱਟ ਲਿਆ। ਜਮਦੂਤ ਦੀ ਮਜਾਲ ਨਹੀਂ ਹੈ ਕਿ ਉਸ ਨੂੰ ਕੁਝ ਕਹਿ ਸਕੇ -

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥***
***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥*** ***ਪੰਨਾ - 256***

ਧਰਮਰਾਜ ਕਹਿੰਦਾ ਹੈ ਕਿ ਜਿਹੜੇ ਪ੍ਰਮੇਸ਼ਰ ਦਾ ਨਾਮ ਜਪਣ ਵਾਲੇ, ਹਰੀ ਦਾ ਜਸ ਕੀਰਤਨ ਕਰਨ ਵਾਲੇ ਸ੍ਰਵਣ ਕਰਦੇ ਨੇ ਬੈਠ ਕੇ, ਉਨ੍ਹਾਂ ਦੇ ਨੇੜੇ ਨਾ ਜਾਇਓ। ਜੇ ਚਲੇ ਗਏ ਤਾਂ ਨਾ ਮੈਂ ਛੁਟਾਂ, ਨਾ ਤੁਸੀਂ ਛੁਟੋਗੇ ਤੇ ਜਵਾਬ ਦੇਣਾ ਔਖਾ ਹੋ ਜਾਏਗਾ।

ਬਾਬਾ ਸਾਹਿਬ ਸਿੰਘ ਜੀ ਬੇਦੀ ਊਨੇ ਵਾਲੇ, ਗੁਰੂ ਦਸਵੇਂ ਪਾਤਸ਼ਾਹ ਤੋਂ ਬਾਅਦ ਹੋਏ ਹਨ। ਮਹਾਰਾਜ ਦੇ ਸਮੇਂ ਹੀ ਭਾਈ ਦਇਆ ਸਿੰਘ ਜੀ ਨੇ ਬਹੁਤ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਜੋ ਪੰਜ ਪਿਆਰਿਆਂ ਦੇ ਮੁਖੀ ਸਨ। ਉਨ੍ਹਾਂ ਨੇ ਬਾਬਾ ਸੋਭਾ ਸਿੰਘ ਜੀ ਨੂੰ ਅੰਮ੍ਰਿਤ ਛਕਾ ਕੇ ਬ੍ਰਹਮਗਿਆਨ ਦੀ ਦਾਤ ਦੇ ਕੇ ਆਨੰਦਪੁਰ ਸਾਹਿਬ ਦੀ ਸੇਵਾ ਵਾਸਤੇ ਭੇਜ ਦਿਤਾ। ਉਨ੍ਹਾਂ ਤੋਂ ਬਾਬਾ ਸਾਹਿਬ ਸਿੰਘ ਜੀ ਊਨੇ ਵਾਲਿਆਂ ਨੇ ਅੰਮ੍ਰਿਤ ਛਕਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਜੇ ਕਿਸੇ ਨੇ ਸਿੱਖੀ ਫੈਲਾਈ ਹੈ ਤਾਂ ਉਹ ਕੇਵਲ ਬਾਬਾ ਸਾਹਿਬ ਸਿੰਘ ਜੀ ਸੀ। ਆਪ ਖੁਦ ਅੰਮ੍ਰਿਤ ਛਕਾਇਆ ਕਰਦੇ ਸੀ, 13000 ਤੋਂ 20,000 ਤੱਕ ਫੌਜ ਉਨ੍ਹਾਂ ਨਾਲ ਹਰ ਵਕਤ ਰਿਹਾ ਕਰਦੀ ਸੀ। ਸਾਰੇ ਪੰਜਾਬ 'ਚ ਦੌਰਾ ਕਰਿਆ ਕਰਦੇ ਸੀ। ਆਪ ਦੇ ਲੰਗਰ ਦਾ ਜੋ ਸ੍ਰੀ ਮਾਨ (ਲਾਂਗਰੀ ਸਿੰਘ) ਸੀ, ਉਸ ਦਾ ਨਾਉ ਭਾਈ ਭਾਗ ਸਿੰਘ ਸੀ ਉਸ ਦੀ ਮਾਤਾ ਇਕ ਦਿਨ ਚੜ੍ਹਾਈ ਕਰ ਗਈ। ਬਾਬਾ ਜੀ ਨੂੰ ਦਸਿਆ ਕਿ ਬਾਬਾ ਜੀ! ਭਾਗ ਸਿੰਘ ਦੀ ਮਾਤਾ ਚੜ੍ਹਾਈ ਕਰ ਗਈ। ਅੰਤਰ ਧਿਆਨ ਹੋਏ, ਕਹਿੰਦੇ, "ਕੋਈ ਨਾ ਭਾਈ! ਉਨ੍ਹਾਂ ਦਾ ਸਰੀਰ ਨਾ ਜਲਾਇਓ, ਮਿਰਤਕ ਸਰੀਰ ਨੂੰ ਰੱਖਿਓ।"

ਕੁਝ ਪਹਿਰਾਂ ਤੋਂ ਬਾਅਦ, ਕੋਈ 8-10 ਘੰਟਿਆਂ ਤੋਂ ਬਾਅਦ ਉਸ ਮਾਈ ਦਾ ਪੈਰ ਹਿਲਿਆ, ਹੌਲੀ-ਹੌਲੀ ਸਾਰਾ ਹੀ ਸਰੀਰ ਹਿੱਲਣ ਲੱਗ ਗਿਆ, ਉਠ ਕੇ ਬੈਠ ਗਈ - ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰਦੀ। ਕਹਿਣ ਲੱਗੀ, "ਮੈਂ ਬਾਬਾ ਜੀ ਦੇ ਦਰਸ਼ਨ ਕਰਨੇ ਹਨ, ਮੈਨੂੰ ਓਥੇ ਲੈ ਚਲੋ।"

ਸਾਰੇ ਪੁਛਣ ਲੱਗ ਗਏ ਕਿ ਕੀ ਹੋਇਆ? ਕਹਿੰਦੀ, "ਓਥੇ ਦੱਸਾਂਗੀ ਮੈਂ ਸਾਰਿਆਂ ਨੂੰ।" ਬਾਬਾ ਜੀ ਦੇ ਕੋਲ ਲੈ ਆਏ। ਕਹਿੰਦੇ, "ਬਾਬਾ ਜੀ! ਭਾਈ ਭਾਗ ਸਿੰਘ ਦੀ ਮਾਤਾ ਜੀਉਂਦੀ ਹੋ ਗਈ।"

ਬਾਬਾ ਜੀ ਕਹਿਣ ਲੱਗੇ, "ਮਾਤਾ! ਕਿਵੇਂ ਹੋਇਆ?"

ਕਹਿੰਦੇ, "ਮਹਾਰਾਜ ਜੀ! ਮੈਨੂੰ ਕੋਈ ਦੂਤ ਲੈਣ ਵਾਸਤੇ ਆਇਆ, ਜਮਦੂਤ ਤਾਂ ਨਹੀਂ ਆਇਆ, ਕੋਈ ਦੂਤ ਆਇਆ ਤੇ ਮੈਨੂੰ ਧਰਮਰਾਜ ਦੇ ਲੈ ਗਏ। ਉਥੇ ਜਾ ਕੇ ਉਸ ਨੇ ਚਿੱਤਰ-ਗੁਪਤ ਨੂੰ ਕਿਹਾ ਕਿ ਇਹਦਾ ਲੇਖਾ ਪੱਤਾ ਕੱਢ। ਨਾਉਂ ਦੇਖੀ ਜਾਂਦੇ ਨੇ, ਮੇਰਾ ਨਾਉਂ ਹੀ ਨਹੀਂ ਨਿਕਲਦਾ। ਧਰਮਰਾਜ ਨੂੰ ਫਿਕਰ ਪੈ ਗਿਆ ਜਦੋਂ ਮੇਰਾ ਨਾਉਂ ਨਾ ਨਿਕਲਿਆ।

ਦੋ ਪਟੇ ਨੇ ਦਰਗਾਹ ਦੇ, ਜਿਵੇਂ ਆਹ ਜ਼ਮੀਨ ਦਾ ਪਟਾ ਲਿਖਦੇ ਨੇ। ਯੂ.ਪੀ. 'ਚ ਰਿਵਾਜ਼ ਹੈ

ਪਟੇ ਲਿਖਣ ਦਾ। ਇਕ ਪਟਾ ਤਾਂ ਸੰਸਾਰ ਦੇ ਅੰਦਰ ਹੈ ਧਰਮਰਾਜ ਦਾ, ਇਕ ਪਟਾ ਹੈ ਗੁਰੂ ਵਾਲਿਆਂ ਦਾ, ਗੁਰੂਆਂ ਦਾ। ਦੋਹਾਂ ਤੇ ਹੀ ਸੰਸਾਰ ਦਾ ਨਾਉਂ ਲਿਖਿਆ ਹੋਇਆ ਹੈ। ਮਹਾਰਾਜ ਕਹਿੰਦੇ-

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥ ਪੰਨਾ - 38***

ਜਿਹੜੇ ਨਿਗੁਰੇ ਪੁਰਸ਼ ਨੇ - ਮਾੜੇ ਕੰਮ ਕਰਨ ਵਾਲੇ, ਪਾਪ ਕਰਨ ਵਾਲੇ, ਠੱਗੀਆਂ ਕਰਨ ਵਾਲੇ, ਧੋਖੇ ਦੇਣ ਵਾਲੇ, ਗੁਰੂ ਦੇ ਹੁਕਮ ਦੀ ਉਲੰਘਣਾ ਕਰਨ ਵਾਲੇ, ਇਹ ਸਾਰੇ ਧਰਮਰਾਜ ਦੇ ਪਟੇ ਦੇ ਉਤੇ ਲਿਖ ਦਿਤੇ ਤੇ ਬਾਕੀ ਜਿਹੜੇ ਬੰਦਗੀ ਕਰਨ ਵਾਲੇ ਨੇ, ਉਹ ਗੁਰੂ ਦੇ ਪਾਸ ਜਾਇਆ ਕਰਦੇ ਨੇ।

ਕਹਿੰਦੀ, "ਜਦੋਂ ਮੇਰਾ ਨਾਮ ਨਾ ਨਿਕਲਿਆ ਤਾਂ ਧਰਮਰਾਜ ਗੰਭੀਰ ਹੋ ਗਿਆ, ਉਸ ਨੂੰ ਫਿਕਰ ਪੈ ਗਿਆ ਕਿ ਅਸੀਂ ਤਾਂ ਮਾੜਾ ਕੰਮ ਕਰਿਆ, ਇਹ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਜਾਣ ਵਾਲੀ ਰੂਹ ਹੈ, ਉਨ੍ਹਾਂ ਦੇ ਬੰਦੇ ਨੇ, ਤੁਸੀਂ ਕਿਉਂ ਲੈ ਕੇ ਆਏ ਹੋ ਇਨ੍ਹਾਂ ਨੂੰ? ਤੁਹਾਨੂੰ ਕਿਹਨੇ ਕਿਹਾ ਸੀ ਇਨ੍ਹਾਂ ਨੂੰ ਲਿਆਉਣ ਵਾਸਤੇ? ਕੋਈ ਹੋਰ ਜੀਵ ਸੀ ਜਿਸ ਨੂੰ ਲਿਆਉਣਾ ਸੀ। ਤੁਸੀਂ ਇਸ ਨੂੰ ਲਿਆਂਦਾ ਹੈ, ਇਨ੍ਹਾਂ ਨੇ ਤਾਂ ਗੁਰੂ ਦੀ ਸਿੱਖੀ ਧਾਰਨ ਕਰੀ ਹੋਈ ਹੈ, ਨਾਮ ਜਪਦੀ ਹੈ, ਬਾਣੀ ਪੜ੍ਹਦੀ ਹੈ, ਜਾਓ ਇਸ ਨੂੰ ਵਾਪਸ ਕਰੋ।"

ਕਹਿੰਦੀ, "ਮਹਾਰਾਜ! ਮੈਨੂੰ ਕੇਵਲ ਵਾਪਸ ਹੀ ਨਹੀਂ ਕਰਿਆ, ਮੇਰੀ ਸੇਵਾ ਵੀ ਕਰਨ ਲੱਗ ਗਏ, ਬੜਾ ਮਾਣ ਦਿਤਾ।" ਕਿਉਂਕਿ ਗੁਰੂ ਮਹਾਰਾਜ ਦਾ ਹੁਕਮ ਹੈ -

***ਸਾਧਸੰਗਿ ਧਰਮ ਰਾਇ ਕਰੇ ਸੇਵਾ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ॥ ਪੰਨਾ - 271***

ਸਤਿਸੰਗ ਵਿਚ ਆਉਣ ਦਾ ਬਹੁਤ ਵੱਡਾ ਮਹਾਤਮ ਹੈ। ਸਤਿਸੰਗ ਵਿਚ ਦਿਬਯ ਵਿਅਕਤ ਅਤੇ ਅਵਿਅਕਤ ਦੋਨੋਂ ਰੂਹਾਂ ਬੈਠ ਕੇ ਅਨੰਦ ਮਾਣਦੀਆਂ ਹਨ, ਵਿਅਕਤ ਪ੍ਰੇਮੀ ਸਾਰੇ ਸਤਿਸੰਗ ਵਿਚ ਬੈਠੇ ਨਜ਼ਰ ਆਉਂਦੇ ਹਨ ਅਤੇ ਸਤਿਸੰਗ ਦਾ ਪ੍ਰਤੱਖ ਰੂਪ ਵਿਚ ਅਨੰਦ ਮਾਣਦੇ ਹਨ। ਇਨ੍ਹਾਂ ਤੋਂ ਇਲਾਵਾ ਜੋ ਦੇਵ ਲੋਕ ਦੇ ਦੇਵਤਾ ਹਨ, ਵੱਡੇ ਤੀਰਥਾਂ ਦੇ ਅਭਿਮਾਨੀ ਦੇਵਤਾ ਹਨ, ਸ਼ਹੀਦ, ਅਮਰ ਰੂਹਾਂ, ਇਥੋਂ ਤਕ ਕਿ ਬ੍ਰਹਮਾ, ਵਿਸ਼ਨੂੰ ਆਦਿ ਸੁਖ ਦੇਣ ਵਾਲੇ ਅਤੇ ਗੰਗਾ ਦੇ ਅਭਿਮਾਨੀ ਦੇਵਤੇ ਸਤਿਸੰਗ ਵਿਚ ਆ ਜਾਂਦੇ ਹਨ ਜਿਵੇਂ ਕਿ ਫੁਰਮਾਨ ਹੈ -

***ਕਹਿ ਕਮੀਰ ਅਬ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੈ ਆਹਿ॥ ਪੰਨਾ - 1161***

ਮਹਾਂਪੁਰਸ਼ ਐਸਾ ਭੀ ਕਹਿੰਦੇ ਹਨ -

***ਹਰਿ ਕੀ ਕਥਾ ਹੋਤਿ ਹੈ ਜਹਾਂ ਗੰਗਾ ਭੀ ਚਲ ਆਵਤ ਤਹਾਂ।***

ਮਹਾਂਪੁਰਸ਼ਾਂ ਦਾ ਐਸਾ ਮਤ ਹੈ। ਇਕ ਵਾਰੀ ਨਾਰਦਮੁਨੀ ਜੀ ਨੇ ਵਰਤ ਰੱਖਿਆ ਅਤੇ ਉਸ ਨੇ ਵਰਤ ਉਪਾਰਨ ਲਈ ਵਿਸ਼ਨੂੰ ਜੀ ਦੇ ਦਰਸ਼ਨ ਕਰਨ ਦਾ ਇਰਾਦਾ ਬਣਾਇਆ। ਨਾਰਦਮੁਨੀ ਜੀ ਜਦੋਂ ਬੈਕੁੰਠ ਧਾਮ ਵਿਚ ਪਹੁੰਚਦੇ ਹਨ ਉਸ ਵੇਲੇ ਮਾਤਾ ਲਕਸ਼ਮੀ ਜੀ ਨੂੰ ਪੁਛਿਆ ਕਿ ਵਿਸ਼ਨੂੰ ਜੀ ਕਿਥੇ ਹਨ? ਤਾਂ ਉਨ੍ਹਾਂ ਨੇ ਕਿਹਾ ਕਿ ਤੁਸੀਂ ਤ੍ਰਿਕਾਲਦਰਸ਼ੀ ਹੋ, ਆਪ ਯੋਗ ਵਿਦਿਆ ਨਾਲ ਧਿਆਨ ਲਾ ਕੇ ਦੇਖੋ ਕਿ ਉਹ ਕਿਥੇ ਹਨ? ਉਸ ਵੇਲੇ ਨਾਰਦ ਨੇ ਸਾਰੇ ਤੀਰਥਾਂ ਦੇ ਉਤੇ ਯੋਗ ਬਲ ਨਾਲ ਦੇਖਿਆ, ਵੱਡੇ ਵੱਡੇ ਯੋਗੀਆਂ ਦੇ ਹਿਰਦਿਆਂ ਵਿਚ ਦੇਖਿਆ, ਬਰਫਾਨੀ ਪਹਾੜਾਂ ਦੀਆਂ ਕੰਦਰਾਂ ਵਿਚ ਦੇਖਿਆ ਪਰ ਕਿਤੇ ਵੀ ਭਗਵਾਨ ਨਜ਼ਰ ਨਾ ਆਏ। ਇਸ ਤਰ੍ਹਾਂ ਦੇਖਦੇ ਦੇਖਦੇ ਉਨ੍ਹਾਂ ਨੂੰ ਦ੍ਰਿਸ਼ਟੀ ਆਇਆ ਕਿ ਇਕ ਥਾਂ ਸਤਿਸੰਗ ਹੋ ਰਿਹਾ ਹੈ ਤੇ ਵਿਸ਼ਨੂੰ ਜੀ ਸਭ ਤੋਂ ਪਿਛੇ ਫਟੇ ਹੋਏ ਤੱਪੜ ਤੇ ਬੈਠੇ ਹਨ। ਉਥੇ ਜਾ ਕੇ ਪ੍ਰਭੂ ਨੂੰ ਪੁਛਿਆ ਕਿ ਆਪ ਲਈ ਵੱਡੇ ਵੱਡੇ ਮੰਦਰ ਹਨ, ਵੱਡੇ ਵੱਡੇ ਯੋਗੀ ਤੁਹਾਡਾ ਧਿਆਨ ਧਰਦੇ ਹਨ ਆਪ ਦੇ ਦਰਸ਼ਨ

ਕਰਨ ਲਈ, ਮੈਂ ਆਪ ਨੂੰ ਸਭ ਥਾਵਾਂ ਤੇ ਦੇਖਿਆ ਪਰ ਤੁਸੀਂ ਕਿਤੇ ਨਜ਼ਰ ਨਾ ਆਏ ਪਰ ਮੈਂ ਹੈਰਾਨ ਹਾਂ ਕਿ ਤੁਸੀਂ ਗਰੀਬ ਆਦਮੀਆਂ ਵਿਚ ਫਟੇ ਹੋਏ ਤੱਪੜ ਤੇ ਸਭ ਤੋਂ ਪਿਛੇ ਬੈਠੇ ਹੋ, ਇਸ ਦਾ ਕਾਰਨ ਕੀ ਹੈ? ਵਿਸ਼ਨੂੰ ਜੀ ਨੇ ਕਿਹਾ ਕਿ ਸੰਸਾਰ ਵਿਚ ਇਹ ਮਸ਼ਹੂਰ ਹੈ ਕਿ ਮੇਰੀ ਕੋਈ ਮਾਤਾ, ਪਿਤਾ, ਪੁੱਤਰ, ਕੁਟੰਬ ਨਹੀਂ ਪਰ ਸੰਸਾਰ ਨੂੰ ਪਤਾ ਨਹੀਂ ਕਿ ਮੇਰਾ ਅਸਲੀ ਘਰ ਸਤਿਸੰਗ ਵਿਚ ਹੈ, ਸਾਧੂਆਂ ਦੀ ਸੰਗਤ ਵਿਚ ਹੈ, ਸਾਧੂਆਂ ਦੀ ਸੰਗਤ ਵਿਚੋਂ ਹੀ ਮੇਰਾ ਦਰਸ਼ਨ ਹੁੰਦਾ ਹੈ ਕਿਉਂਕਿ ਮੇਰਾ ਨਿਜ ਰੂਪ ਓਹੀ ਹੈ, ਬਾਕੀ ਤਾਂ ਸੰਸਾਰ ਦੇ ਹੀ ਕਲਪਤ ਕੀਤੇ ਰੂਪ ਹਨ, ਮੇਰੀ ਮਾਤਾ, ਮੇਰਾ ਪਿਤਾ, ਮੇਰੇ ਮਿਤਰ, ਮੇਰੇ ਪੁਤਰ ਇਹ ਸਾਰੇ ਸਾਧੂਆਂ ਦੀ ਸੰਗਤ ਵਿਚ ਹਨ। ਸਾਧੂਆਂ ਦੀ ਸੰਗਤ ਵਿਚੋਂ ਸਾਰੇ ਖਜ਼ਾਨੇ, ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਹੁੰਦੀ ਹੈ, ਸਾਧੂਆਂ ਦੀ ਸੰਗਤ ਵਿਚ ਮੈਂ ਸਹਿਜ ਅਵਸਥਾ ਦਾ ਸੁਖ ਪਾਉਂਦਾ ਹਾਂ ਕਿਉਂਕਿ ਸਾਧੂਆਂ ਦੀ ਸੰਗਤ ਅਤੀ ਉਪਮਾ ਵਾਲੀ ਹੈ ਅਤੇ ਉਪਮਾ ਯੋਗ ਹੈ। ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਦੱਸਿਆ ਹੈ –

***ਨਿਜ ਘਰ ਮੇਰੋ ਸਾਧ ਸੰਗਤਿ ਨਾਰਦ ਮੁਨਿ,***
***ਦਰਸਨ ਸਾਧ ਸੰਗ, ਮੇਰੋ ਨਿਜ ਰੂਪ ਹੈ॥***
***ਸਾਧ ਸੰਗ ਮੇਰੋ ਮਾਤਾ ਪਿਤਾ ਔ ਕੁਟੰਬ ਸਖਾ,***
***ਸਾਧ ਸੰਗ ਮੇਰੋ ਸੁਤ ਸ੍ਰੇਸਟ ਅਨੂਪ ਹੈ।***
***ਸਾਧ ਸੰਗ ਸਰਬ ਨਿਧਾਨ ਪ੍ਰਾਨ ਜੀਵਨ ਮੈ,***
***ਸਾਧ ਸੰਗ ਨਿਜ ਪਦ ਸੇਵਾ ਦੀਪ ਧੂਪ ਹੈ।***
***ਸਾਧ ਸੰਗ ਰੰਗ ਰਸ ਭੋਗ ਸੁਖ ਸਹਜ ਮੈ,***
***ਸਾਧ ਸੰਗ ਸੋਭਾ ਅਤਿ ਉਪਮਾ ਔ ਊਪ ਹੈ॥*** ***ਕਬਿੱਤ (ਭਾਈ ਗੁਰਦਾਸ ਜੀ)***

ਸਾਧੂਆਂ ਦੀ ਸੰਗਤ ਦਾ ਐਨਾ ਮਹਾਤਮ ਹੈ ਕਿ ਜੇ ਕੋਈ ਇਕ ਘੜੀ ਵੀ ਸਤਿਸੰਗ ਮਨ ਚਿੱਤ ਲਾ ਕੇ ਕਰ ਲਵੇ ਉਹ ਵੀ ਨਿਜ ਘਰ ਪਹੁੰਚ ਜਾਂਦਾ ਹੈ।

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥***
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥*** ***ਪੰਨਾ – 1377***

ਜਿਸ ਤਰ੍ਹਾਂ ਦੇ ਨਾਲ ਚੰਦਨ ਦੇ ਨੇੜੇ ਜਿੰਨੇ ਵੀ ਦਰਖਤ ਹੋਣਗੇ ਉਨ੍ਹਾਂ ਸਭ ਵਿਚ ਚੰਦਨ ਦੀ ਵਾਸ਼ਨਾ ਸਮਾਅ ਜਾਂਦੀ ਹੈ। ਇਸ ਤਰ੍ਹਾਂ ਜੋ ਸਤਿਸੰਗ ਕਰਦੇ ਹਨ ਇਨ੍ਹਾਂ ਵਿਚ ਵੀ ਚੰਦਨ ਦੀ ਵਾਸ਼ਨਾ, ਵਾਹਿਗੁਰੂ ਦੀ ਹੋਂਦ ਦਾ ਅਹਿਸਾਸ ਸਮਾਅ ਜਾਂਦਾ ਹੈ। ਜਿਸ ਤਰ੍ਹਾਂ ਫੁਰਮਾਨ ਹੈ –

***ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥***
***ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥*** ***ਪੰਨਾ – 1365***

ਸੋ ਸਤਿਸੰਗ ਕਰਨ ਦਾ ਲਾਭ ਹੀ ਲਾਭ ਹੈ ਜਿਸ ਤਰ੍ਹਾਂ ਦੇ ਨਾਲ ਪਾਣੀ ਵਿਚ ਜਾ ਰਹੀਸਮਾਨ ਦੀ ਭਰੀ ਹੋਈ ਬੇੜੀ ਸਿਰਫ ਦੋ ਉਂਗਲ ਪਾਣੀ ਤੋਂ ਬਾਹਰ ਹੈ, ਉਹ ਡੁਬਦੀ ਨਹੀਂ ਉਹ ਪਾਰ ਲੰਘਾ ਦਿੰਦੀ ਹੈ, ਜਿਸ ਤਰ੍ਹਾਂ ਅੱਠੀਂ ਪਹਿਰੀਂ ਪ੍ਰਸ਼ਾਦਾ ਛਕਣ ਵਾਲਾ ਬੈਠ ਕੇ ਪ੍ਰਸ਼ਾਦਾ ਛਕਣ ਦੀ ਘੜੀ ਭੋਜਨ ਦਾ ਸਵਾਦ ਚਖਦਾ ਹੈ ਤੇ ਉਹ ਤ੍ਰਿਪਤ ਹੋ ਜਾਂਦਾ ਹੈ। ਜਿਸ ਤਰ੍ਹਾਂ ਰਾਜ ਦੁਆਰੇ ਜਾ ਕੇ ਕੋਈ ਸ਼ਰਧਾਲੂ ਪਿਆਰ ਨਾਲ ਨਮਸ਼ਕਾਰ ਕਰਦਾ ਹੈ ਤਾਂ ਉਸ ਤੇ ਰਾਜਾ ਖੁਸ਼ ਹੋ ਕੇ ਉਸ ਨੂੰ ਬਹੁਤ ਕੁਛ ਖਾਣ ਵਾਸਤੇ ਦੇ ਦਿੰਦਾ ਹੈ, ਇਸ ਤਰ੍ਹਾਂ 60 ਘੜੀਆਂ ਵਿਚ ਜੇ ਇਕ ਘੜੀ ਸਤਿਸੰਗ ਕਰ ਲਵੇ ਉਸ ਦਾ ਵਾਸਾ ਸਚਖੰਡ ਵਿਚ ਹੋਇਆ ਕਰਦਾ ਹੈ।

***ਜੈਸੇ ਬੋਝ ਭਰੀ ਨਾਵ ਆਂਗੁਰੀ ਦ੍ਵੈ ਬਾਹਰਿ ਹੈ,***
***ਪਾਰਿ ਪਰੈ ਪੂਰ ਸਬੈ ਕੁਸਲ ਬਿਹਾਤ ਹੈ।***
***ਜੈਸੇ ਏਕਾਹਾਰੀ ਏਕ ਘਰੀ ਪਾਕਸਾਲਾ ਬੈਠਿ,***

*ਭੋਜਨ ਕੈ ਬਿੰਜਨਾਦਿ ਸ੍ਵਾਦਿ ਕੈ ਅਘਾਤ ਹੈ।*
*ਜੈਸੇ ਰਾਜ ਦ੍ਵਾਰ ਜਾਇ, ਕਰਤ ਜੁਹਾਰ ਜਨ,*
*ਏਕ ਘਰੀ ਪਾਛੈ ਦੇਸ ਭੋਗਤਾ ਹ੍ਵੈ ਖਾਤ ਹੈ।*
*ਆਠ ਹੀ ਪਹਰ ਸਾਠ ਘਰੀ ਮੈ ਜੌ ਏਕ ਘਰੀ,*
*ਸਾਧ ਸਮਾਗਮ ਕਰੈ ਨਿਜ ਘਰ ਜਾਤ ਹੈ॥* *ਕਬਿੱਤ ਭਾਈ ਗੁਰਦਾਸ ਜੀ*

ਇਤਿਹਾਸ ਵਿਚ ਐਸੀ ਬਾਤ ਆਉਂਦੀ ਹੈ ਕਿ ਇਕ ਵਾਰੀ ਗੁਰੂ ਦਸ਼ਮੇਸ਼ ਜੀ, ਉਪਰ ਕਥੇ ਵਿਚਾਰਾਂ ਮੁਤਾਬਿਕ ਬਚਨ ਕਰ ਰਹੇ ਸਨ ਕਿ ਸਤਿਸੰਗ ਵਿਚ ਪਵਿਤਰਤਾ ਦੀ ਬਹੁਤ ਅਵਸ਼ਕਤਾ ਹੈ ਕਿਉਂਕਿ ਇਥੇ ਸ਼ਹੀਦ ਰੂਹਾਂ ਅਤੇ ਦੇਵ ਲੋਕ ਦੇ ਦੇਵਤੇ ਆ ਕੇ ਸਤਿਗੁਰੂ ਦੇ ਬਚਨ ਸਰਵਣ ਕਰਦੇ ਹਨ। ਉਸ ਵੇਲੇ ਇਕ ਸਿੰਘ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਅਜਿਹੇ ਬਚਨ ਤਾਂ ਅਸੀਂ ਬਹੁਤ ਦੇਰ ਤੋਂ ਸੁਣਦੇ ਆ ਰਹੇ ਹਾਂ, ਆਪ ਸਰਬ ਕਲਾ ਸਮਰੱਥ ਹੋਂ, ਤ੍ਰਿਲੋਕੀ ਨਾਥ ਹੋਂ, ਆਪ ਕ੍ਰਿਪਾ ਕਰਕੇ ਸਤਿਸੰਗ ਵਿਚ ਪਹੁੰਚਣ ਵਾਲੀਆਂ ਦੇਵ ਰੂਹਾਂ ਦੇ ਦਰਸ਼ਨ ਕਰਾਉਣ ਦੀ ਕ੍ਰਿਪਾ ਕਰੋ। ਉਸ ਵੇਲੇ ਗੁਰੂ ਮਹਾਰਾਜ ਨੇ ਸੁਖਮਨੀ ਸਾਹਿਬ ਦੀਆਂ ਦੋ ਲਾਈਨਾਂ ਪੜ੍ਹੀਆਂ-

*ਸਰਬ ਭੂਤ ਆਪਿ ਵਰਤਾਰਾ॥*
*ਸਰਬ ਨੈਨ ਆਪਿ ਪੇਖਨਹਾਰਾ॥* *ਪੰਨਾ - 294*

ਸਰਬੱਤ ਸੰਗਤ ਨੂੰ ਦਿਬਯ ਦ੍ਰਿਸ਼ਟੀ ਪ੍ਰਾਪਤ ਕਰਾ ਦਿਤੀ। ਕੀ ਦੇਖਦੇ ਹਨ ਕਿ ਦੇਵਤੇ ਸਤਿਸੰਗ ਵਿਚ ਬਿਰਾਜਮਾਨ ਹੋਏ ਹੋਏ ਹਨ ਅਤੇ ਗੁਰੂ ਮਹਾਰਾਜ ਦੇ ਬਚਨਾਂ ਦਾ ਅਨੰਦ ਮਾਣ ਰਹੇ ਹਨ। ਉਹ ਇਸ ਕਰਕੇ ਆਉਂਦੇ ਹਨ ਕਿ ਦੇਵ ਲੋਕਾਂ ਵਿਚ ਭੋਗ ਤਾਂ ਬਹੁਤ ਹਨ ਪਰ ਸਾਧੂ ਦੀ ਸੰਗਤ ਨਹੀਂ ਹੈ। ਮਹਾਂਪੁਰਸ਼ ਅੰਤ ਸਮੇਂ ਦੇਵ ਲੋਕਾਂ ਵਿਚ ਨਹੀਂ ਜਾਇਆ ਕਰਦੇ, ਉਹ ਅਕਾਲ ਪੁਰਖ ਦੀ ਸੱਚੀ ਦਰਗਾਹ ਵਿਚ ਨਿਵਾਸ ਕਰਦੇ ਹਨ। ਇਸ ਕਰਕੇ ਉਨ੍ਹਾਂ ਲਈ ਸਤਿਸੰਗ ਬਹੁਤ ਦੁਰਲੱਭ ਹੈ। ਕੀ ਦੇਖਦੇ ਹਨ ਕਿ ਸਾਰੇ ਦੀਵਾਨ ਵਿਚ ਚਾਨਣਾ ਹੀ ਚਾਨਣਾ ਹੋਇਆ ਪਿਆ ਹੈ। ਇਸ ਦ੍ਰਿਸ਼ ਦਾ ਅਨੰਦ ਲੈ ਹੀ ਰਹੇ ਸਨ ਕਿ ਇਕ ਦੇਸ ਦਾ ਰਾਜਾ ਗੁਰੂ ਮਹਾਰਾਜ ਨੂੰ ਨਮਸ਼ਕਾਰ ਕਰਨ ਆਇਆ, ਉਸ ਨਾਲ ਕੁਝ ਅਹਿਲਕਾਰ ਵੀ ਸਨ। ਜਦੋਂ ਉਹ ਆ ਹੀ ਰਹੇ ਸਨ, ਉਸ ਵੇਲੇ ਗੁਰੂ ਮਹਾਰਾਜ ਨੇ ਅਵਾਜ਼ ਦਿਤੀ ਕਿ ਕਿਉੜਾ, ਖੁਸ਼ਬੂਆਂ ਆਦਿ ਦਾ ਛਿੜਕਾਓ ਕਰੋ। ਹੁਕਮ ਦੀ ਤਾਮੀਲ ਹੋ ਗਈ ਪਰ ਦੇਵਤਾ ਲੋਕ ਇਕ ਦਮ ਉਠ ਕੇ ਆਪਣੇ ਆਪਣੇ ਧਾਮਾਂ ਨੂੰ ਜਾਣੇ ਸ਼ੁਰੂ ਹੋ ਗਏ, ਦੀਵਾਨ ਵਿਚ ਕਿਓੜਾ ਆਦਿ ਖੁਸ਼ਬੂਆਂ ਛਿੜਕੀਆਂ ਜਾ ਰਹੀਆਂ ਸਨ ਪਰ ਫੇਰ ਵੀ ਦੇਵਤਾ ਲੋਕ ਚਲੇ ਗਏ। ਉਨ੍ਹਾਂ ਦੇ ਜਾਣ ਪਿਛੋਂ ਗੁਰੂ ਮਹਾਰਾਜ ਨੂੰ ਬੇਨਤੀ ਕੀਤੀ ਗਈ ਕਿ ਦੇਵਤਿਆਂ ਦੇ ਆਪ ਨੇ ਦਰਸ਼ਨ ਵੀ ਕਰਾਏ ਪਰ ਇਹ ਚਲੇ ਕਿਉਂ ਗਏ? ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਜੋ ਰਾਜਾ ਆਇਆ ਸੀ ਇਸ ਨੇ ਤਿੰਨ ਦਿਨ ਪਹਿਲਾਂ ਤਮਾਕੂ ਦਾ ਸੇਵਨ ਕੀਤਾ ਸੀ। ਇਹ ਅਜਿਹੀ ਚੀਜ਼ ਹੈ ਕਿ ਇਸ ਦੀ ਦੁਰਗੰਧੀ ਵਿਚ ਦੇਵਤਾ ਲੋਕ ਠਹਿਰ ਨਾ ਸਕੇ। ਇਸ ਕਰਕੇ ਅਸੀਂ ਆਪਣੇ ਗੁਰਸਿੱਖਾਂ ਨੂੰ ਇਨ੍ਹਾਂ ਨਸ਼ਿਆਂ ਤੋਂ ਵਰਜਿਤ ਕਰਦੇ ਹਾਂ। ਰਹਿਤਨਾਮੇ ਵਿਚ ਲਿਖਿਆ ਆਉਂਦਾ ਹੈ -

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥*
*ਪਾਨੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥*
*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥*
*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥* *ਰਹਿਤਨਾਮਾ*

ਤਮਾਕੂ ਪੀਣ ਵਾਲੇ ਨੂੰ ਉਨ੍ਹਾਂ ਦੇ ਬਜ਼ੁਰਗ ਲੋਕ ਜੋ ਦੇਵ ਲੋਕ, ਪਿਤਰ ਲੋਕ ਵਿਚ ਆਪਣਾ ਸਮਾਂ ਕੱਟ ਰਹੇ ਹਨ ਉਹ ਤਮਾਕੂ ਖਾਣ ਪੀਣ ਵਾਲੇ ਵਾਰਸਾਂ ਨੂੰ ਛੱਡ ਦਿੰਦੇ ਹਨ ਜਿਵੇਂ ਮਾਂ ਬਾਪ ਆਪਣੇ ਕਈ ਬੱਚਿਆਂ ਨੂੰ ਬੇਦਾਵਾ ਦੇ ਦਿੰਦੇ ਹਨ। ਇਸੇ ਤਰ੍ਹਾਂ ਦੇਵ ਲੋਕ ਵਿਚ ਵਸਣ ਵਾਲੇ ਬਜ਼ੁਰਗ ਆਪਣੇ ਵਾਰਸਾਂ ਨੂੰ ਛੱਡ ਦਿੰਦੇ ਹਨ। ਤਮਾਕੂ ਪੀਣ ਵਾਲੇ ਦੇ ਹੱਥ ਦਾ ਪਾਣੀ ਪੀਣਾ ਵੀ ਸ਼ਰਾਬ ਪੀਣ ਦੇ ਬਰਾਬਰ ਹੈ। ਸ਼ਰਾਬ ਸੱਤ ਕੁਲਾਂ ਦਾ ਨਾਸ਼ ਕਰਦੀ ਹੈ, ਭੰਗ ਇਕ ਕੁਲ ਦਾ ਨਾਸ਼ ਕਰਦੀ ਹੈ, ਤਮਾਕੂ ਸੌ ਕੁਲਾਂ ਦਾ ਨਾਸ਼ ਕਰਦਾ ਹੈ। ਨਿੰਦਿਆ ਕਰਨ ਵਾਲੇ ਦਾ ਤਾਂ ਕੋਈ ਹਿਸਾਬ ਕਿਤਾਬ ਹੀ ਨਹੀਂ। ਇਸ ਕਰਕੇ ਗੁਰਸਿੱਖੀ

ਵਿਚ ਤੰਬਾਕੂ ਪੀਣ, ਛੋਹਣ ਦੀ ਸਖਤ ਮਨਾਹੀ ਹੈ। ਤਮਾਕੂ ਦੀ ਜ਼ਹਿਰ ਕੈਂਸਰ ਨੂੰ ਜਨਮ ਦਿੰਦੀ ਹੈ।

ਬਾਬਾ ਸਾਹਿਬ ਸਿੰਘ ਜੀ ਦੇ ਹਜ਼ੂਰ ਲਾਂਗਰੀ ਭਾਗ ਸਿੰਘ ਜੀ ਦੀ ਮਾਤਾ ਹਾਜ਼ਰ ਹੋਈ ਹੋਈ ਬੈਠੀ ਸੀ ਜਿਵੇਂ ਕਿ ਦੱਸਿਆ ਜਾ ਚੁਕਿਆ ਹੈ ਕਿ ਉਸ ਨੂੰ ਧਰਮਰਾਜ ਨੇ ਆਪਣੀ ਕਚਹਿਰੀ ਵਿਚੋਂ ਵਾਪਸ ਕਰ ਦਿਤਾ ਸੀ। ਇਹ ਬਚਨ ਸੁਣ ਕੇ ਬਾਬਾ ਸਾਹਿਬ ਸਿੰਘ ਜੀ ਨੇ ਕਿਹਾ ਕਿ ਸਾਧੂ ਦੀ ਸੰਗਤ ਕਰਨ ਵਾਲੇ ਦੀ ਤਾਂ ਧਰਮਰਾਜ ਵੀ ਸੇਵਾ ਕਰਦਾ ਹੈ। ਬਾਬਾ ਜੀ ਕਹਿਣ ਲੱਗੇ ਕਿ ਦੇਖੋ ਸਾਧਸੰਗਤ ਜੀ! ਤੁਹਾਡੇ ਸਾਮ੍ਹਣੇ ਮਿਸਾਲ ਹੈ ਕਿ ਇਹ ਬੀਬੀ ਸੇਵਾ ਕਰਦੀ ਸੀ। ਇਸ ਨੂੰ ਇਸ ਕਰਕੇ ਵਾਪਸ ਕਰ ਦਿਤਾ ਕਿ ਇਸ ਦਾ ਨਾਮ ਧਰਮਰਾਜ ਦੇ ਰਜਿਸਟਰਾਂ ਵਿਚ ਨਹੀਂ ਸੀ।

ਧਰਮਰਾਜ ਦੇ ਉਹ ਬੰਦੇ ਜਾਂਦੇ ਹਨ ਜਿਹੜੇ ਗੁਰੂ ਸਿਧਾਂਤਾਂ ਨੂੰ ਛੱਡ ਕੇ ਆਪਣੀ ਮਨ ਦੀ ਮਤ ਵਿਚ ਦ੍ਰਿੜ੍ਹ ਹੁੰਦੇ ਹਨ। ਗੁਰੂ ਦੀ ਮਤ ਸਦਾ ਹੀ ਇਹ ਦ੍ਰਿੜ੍ਹ ਕਰਾਉਂਦੀ ਹੈ ਕਿ ਤੂੰ ਬੰਦਗੀ ਕਰਨ ਆਇਆ ਹੈਂ, ਹਉਮੈ ਦਾ ਨਾਸ਼ ਕਰਨਾ ਹੈ। ਸਾਰੇ ਸਿਧਾਂਤ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹਨ। ਪਰ ਜਿਹੜਾ ਆਪਣੀ ਮਨ ਦੀ ਮਤ ਪਿਛੇ ਲਗਦਾ ਹੈ ਉਹ ਚਾਹੇ ਹਜ਼ਾਰਾਂ ਮੱਥੇ ਟੇਕੇ, ਰੁਮਾਲੇ ਚੜ੍ਹਾਏ, ਉਹ ਹੁਕਮ ਨਾ ਮੰਨਣ ਕਰਕੇ ਮਨਮੁਖ ਕਹਾਉਂਦਾ ਹੈ, ਉਹ ਜੰਮਦਾ ਮਰਦਾ ਰਹਿੰਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ-

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ॥***
***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ॥***
***ਹੁਣਿ ਵਤੈ ਹਰਿ ਨਾਮੁ ਨ ਬੀਜਿਓ***
***ਅਗੈ ਭੁਖਾ ਕਿਆ ਖਾਏ॥***
***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥*** ***ਪੰਨਾ - 450***

ਸੋ ਇਸ ਤਰ੍ਹਾਂ ਨਾਲ ਬਾਬਾ ਸਾਹਿਬ ਸਿੰਘ ਜੀ ਕਹਿਣ ਲੱਗੇ ਕਿ ਪ੍ਰੇਮੀਓ, ਇਹ ਘਟਨਾ ਤੁਹਾਡੇ ਸਾਮ੍ਹਣੇ ਬੀਤੀ ਹੈ। ਜਿਹੜੇ ਹਰੀ ਦਾ ਜਸ ਕਰਦੇ ਹਨ ਉਨ੍ਹਾਂ ਦੀ ਔਖੇ ਵੇਲੇ ਸਹਾਇਤਾ ਹੋਇਆ ਕਰਦੀ ਹੈ। ਗੁਰੂ ਮਹਾਰਾਜ ਜੀ ਨੇ ਬਹੁਤ ਹੀ ਸਪਸ਼ਟ ਰੂਪ ਵਿਚ ਫੁਰਮਾਨ ਕੀਤਾ ਹੈ -

***ਜਹ ਮਾਤ ਪਿਤਾ ਸੁਤ ਮੀਤ ਨ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥***
***ਜਹ ਮਹਾ ਭਇਆਨ ਦੂਤ ਜਮ ਦਲੈ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥***
***ਜਹ ਮੁਸਕਲ ਹੋਵੈ ਅਤਿ ਭਾਰੀ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥***
***ਅਨਿਕ ਪੁਨਹਚਰਨ ਕਰਤ ਨਹੀ ਤਰੈ॥***
***ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥***
***ਗੁਰਮੁਖਿ ਨਾਮੁ ਜਪਹੁ ਮਨ ਮੇਰੇ॥***
***ਨਾਨਕ ਪਾਵਹੁ ਸੂਖ ਘਨੇਰੇ॥*** ***ਪੰਨਾ - 264***

ਸੋ ਐਸਾ ਨਾਮ ਜੋ ਹਰ ਥਾਂ ਦੇ ਉਤੇ ਸਹਾਇਤਾ ਕਰਨ ਵਾਲਾ ਹੈ ਮਹਾਰਾਜ ਕਹਿੰਦੇ ਨੇ ਪ੍ਰੇਮੀਆਂ! ਕਿਉਂ ਉਸ ਨੂੰ ਭੁੱਲਿਆ ਬੈਠਾ ਹੈਂ, ਕਿਉਂ ਤੈਨੂੰ ਪਤਾ ਨਹੀਂ ਲਗਦਾ ਕਿ ਔਖੇ ਵੇਲੇ ਮੇਰੀ ਸਹਾਇਤਾ ਨਾਮ ਨੇ ਹੀ ਕਰਨੀ ਹੈ?

***ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥***
***ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥***

***ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥***
***ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*** ***ਪੰਨਾ - 70***

ਐਸਾ ਸਹਾਈ ਹਰੀ ਦਾ ਨਾਮ ਹੈ। ਉਹ ਇਥੇ ਵੀ ਸਹਾਇਤਾ ਕਰਦਾ ਹੈ, ਦਰਗਾਹ ਵਿਚ ਵੀ ਸਹਾਇਤਾ ਕਰਦਾ ਹੈ। ਬੰਦਾ ਮਾਇਆ ਨੇ ਐਨਾ ਮੋਹ ਲਿਆ ਹੈ ਕਿ ਉਹ ਆਪਣੇ ਹਿਤ ਦੀ ਗੱਲ ਨੂੰ ਸੱਚ ਨਹੀਂ ਮੰਨਦਾ। ਇਥੋਂ ਤਕ ਹੈ ਕਿ ਉਹ ਗੁਰੂ ਸਾਹਿਬ ਦੇ ਬਚਨਾਂ ਨੂੰ ਵੀ ਸਤਿ ਨਹੀਂ ਮੰਨਦਾ। ਗੁਰੂ ਮਹਾਰਾਜ ਤਾਂ ਫੁਰਮਾਨ ਕਰਦੇ ਹਨ ਕਿ ਪਿਆਰਿਆ! ਸਾਰਿਆਂ ਨਾਲੋਂ ਅਮੁੱਲ ਪ੍ਰਮੇਸ਼ਰ ਦਾ ਨਾਮ ਹੈ। ਉਸ ਦੇ ਚਰਨਾਂ ਵਿਚ ਬੇਨਤੀ ਕਰੋ ਕਿ ਮੇਰੇ ਤੇ ਕ੍ਰਿਪਾ ਕਰ, ਮੈਂ ਤੇਰੇ ਨਾਮ ਨਾਲ ਜੁੜ ਜਾਵਾਂ। ਕਈ ਪ੍ਰੇਮੀ ਕਹਿੰਦੇ ਹਨ ਕਿ ਨਾਮ ਐਨਾ ਕੀਮਤੀ ਹੈ, ਫੇਰ ਇਹ ਜੀਵ ਕਿਉਂ ਰੁਚੀ ਨਹੀਂ ਕਰਦਾ? ਗੁਰੂ ਮਹਾਰਾਜ ਕਹਿੰਦੇ ਹਨ ਕਿ ਜੀਵ ਮਨ ਦੇ ਪਿਛੇ ਲੱਗਿਆ ਹੋਇਆ ਹੈ। ਕੁਝ ਪ੍ਰੇਮੀ ਹਨ ਜੋ ਨਾਮ ਜਪਦੇ ਹਨ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*** ***ਪੰਨਾ - 81***

ਭਾਗਾਂ ਵਾਲਾ ਹੀ ਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰਦਾ ਹੈ, ਕਲਜੁਗ ਦੇ ਜਲਦੇ ਬਲਦੇ ਯੁੱਗ ਦੇ ਅੰਦਰ ਕੇਵਲ ਨਾਮ ਜਪਣ ਵਾਲਾ ਹੀ ਬਚਦਾ ਹੈ ਕਿਉਂਕਿ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਕਲਜੁਗ ਦਾ ਜੋ ਰਥ ਹੈ ਜਿਸ ਵਿਚ ਅਸੀਂ ਸਾਰੇ ਬੈਠ ਕੇ ਸਫਰ ਕਰ ਰਹੇ ਹਾਂ, ਉਹ ਅੱਗ ਦਾ ਰਥ ਹੈ। ਕੂੜ ਰਥਵਾਹੀ ਬਣ ਕੇ ਇਸ ਨੂੰ ਚਲਾ ਰਿਹਾ ਹੈ। ਅੱਗ ਦੇ ਰੱਥ ਵਿਚ ਬੈਠ ਕੇ ਇਸ ਨੂੰ ਕਿੰਨੀ ਤਕਲੀਫ ਹੁੰਦੀ ਹੈ, ਜੇ ਕੋਈ ਸਵਾਰੀ ਮਾੜੀ ਜਿਹੀ ਗਰਮ ਹੋ ਜਾਵੇ ਤਾਂ ਵੀ ਉਸ ਵਿਚ ਬੈਠਣਾ ਮੁਸ਼ਕਲ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਸਮੇਂ ਦੀ ਵਿਚਾਰ ਕਰਦੇ ਹੋਏ ਫੁਰਮਾਨ ਕਰਦੇ ਹਨ -

***ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥*** ***ਪੰਨਾ - 470***

ਕਲਜੁਗ ਦੇ ਵਿਚ ਅਸੀਂ ਇਸ ਰਥ ਵਿਚ ਸਫਰ ਕਰ ਰਹੇ ਹਾਂ, ਕਲਾ ਤੇ ਕਲੇਸ਼ ਦਾ ਯੁੱਗ ਹੈ। ਕਈ ਸੰਪਰਦਾਵਾਂ ਛੋਟੀਆਂ ਛੋਟੀਆਂ ਗੱਲਾਂ ਪਿਛੇ ਆਪਸ ਵਿਚ ਮਰਨ ਮਰਾਨ ਤੇ ਤਿਆਰ ਹੋ ਜਾਂਦੀਆਂ ਹਨ। ਮੰਦਰ ਵਾਲਾ ਮਸਜਿਦ ਨੂੰ ਬਿਲਕੁਲ ਹੀ ਚੰਗਾ ਨਹੀਂ ਸਮਝਦਾ। ਸਤਿਪੁਰਸ਼ ਸਦਾ ਹੀ ਇਨ੍ਹਾਂ ਨੂੰ ਪ੍ਰਮੇਸ਼ਰ ਦੀਆਂ ਥਾਵਾਂ ਸਮਝਦੇ ਹੋਏ ਸਤਿਕਾਰ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਦੇਹੁਰੇ ਤੇ ਮਸਜਿਦ ਵਿਚ ਕੋਈ ਫਰਕ ਨਹੀਂ, ਨਮਾਜ਼ ਤੇ ਗੀਤਾ ਵਿਚ ਕੋਈ ਫਰਕ ਨਹੀਂ ਹੈ। ਜੇ ਫਰਕ ਹੈ ਤਾਂ ਕੇਵਲ ਬੋਲੀ ਦਾ ਹੈ। ਇਨਸਾਨ ਸਭ ਇਕੋ ਹਨ, ਪੰਜਾਂ ਤੱਤਾਂ ਦੇ ਬਣੇ ਹੋਏ ਹਨ ਪਰ ਧਰਮ ਦੇ ਨਾਮ ਦੇ ਉਤੇ ਇਕ ਦੂਜੇ ਨਾਲ ਬਹੁਤ ਹੀ ਨਫਰਤ ਕਰਦੇ ਹਨ। ਜੇ ਕਿਤੇ ਇਹ ਗੁਰੂ ਮਹਾਰਾਜ ਦੇ ਬਚਨਾਂ ਨੂੰ ਮੰਨ ਲੈਣ ਤਾਂ ਕਦੇ ਆਪਸ ਵਿਚ ਦ੍ਵੈਤ ਪੈਦਾ ਨਾ ਹੋਣ ਦੇਣ। ਫੇਰ ਦੇਹੁਰੇ ਵਾਲੇ ਮਸਜਿਦ ਦਾ ਸਤਿਕਾਰ ਕਰਨ ਅਤੇ ਮਸਜਿਦ ਵਾਲੇ ਦੇਹੁਰੇ ਦਾ ਸਤਿਕਾਰ ਕਰਨ ਕਿਉਂਕਿ ਦੋਨੋਂ ਪਾਸੇ ਪ੍ਰਮੇਸ਼ਰ ਦਾ ਨਾਮ ਪ੍ਰਮੁੱਖ ਹੈ। ਪੰਜਾਂ ਤੱਤਾਂ ਦਾ ਬਣਿਆ ਹੋਇਆ ਇਨਸਾਨ ਇਕੋ ਤਰ੍ਹਾਂ ਦੀ ਖੁਰਾਕ ਖਾ ਕੇ ਜਿਉਂਦਾ ਰਹਿੰਦਾ ਹੈ, ਤੰਦਰੁਸਤ ਰਹਿੰਦਾ ਹੈ, ਕਰਤਾ ਵੀ ਓਹੀ ਹੈ, ਕਰੀਮ ਵੀ ਓਹੀ ਹੈ, ਰਾਜ਼ਕ ਵੀ ਓਹੀ ਹੈ। ਹਰ ਇਨਸਾਨ ਦੇ ਅੱਖ, ਨੱਕ, ਕੰਨ, ਜੀਭ; ਪੰਜਾਂ ਤੱਤਾਂ ਦੇ ਮਿੱਟੀ, ਅਕਾਸ਼, ਹਵਾ, ਅੱਗ, ਪਾਣੀ ਦੇ ਬਣੇ ਹੋਏ ਹਨ। ਅੱਲਾਹ ਤੇ ਰਾਮ ਦੋ ਨਹੀਂ ਹਨ, ਇਕ ਦੇ ਹੀ ਦੋ ਨਾਮ ਹਨ। ਕੁਰਾਨ ਵਾਲੇ ਨੂੰ ਪੁਰਾਨ ਦਾ ਅਤੇ ਪੁਰਾਨ ਵਾਲੇ ਨੂੰ ਕੁਰਾਨ ਦਾ ਸਤਿਕਾਰ ਕਰਨਾ ਚਾਹੀਦਾ ਹੈ ਪਰ ਸਭ ਭੁੱਲੇ ਹੋਏ ਹਨ, ਕੋਈ ਗੁਰੂ ਦਾ ਹੁਕਮ ਨਹੀਂ ਪਛਾਣਦਾ -

***ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,***
***ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,***
***ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,***
***ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥***

*ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥*

*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,*
*ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥*
*ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ,*
*ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ॥* *ਅਕਾਲ ਉਸਤਤਿ*

ਸਤਿਪੁਰਸ਼ਾਂ ਦੇ ਉਪਦੇਸ਼ ਸਾਰੀ ਸੰਗਤ ਵਾਸਤੇ ਸਾਂਝੇ ਹੋਇਆ ਕਰਦੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸੰਪਰਦਾਵਾਂ ਦਾ ਵੱਖੋ ਵਖਰਾ ਭੇਤ ਨਹੀਂ ਹੋਇਆ ਕਰਦਾ। ਇਹ ਸਾਰਾ ਕੁਝ ਕਿਉਂ ਹੋ ਰਿਹਾ ਹੈ? ਦਾਨਿਆਂ ਦਾ ਮਤ ਹੈ ਕਿ ਕਲਜੁਗ ਦਾ ਸਮਾਂ ਹੋਣ ਕਰਕੇ ਆਦਮੀ ਦੀ ਬੁੱਧੀ ਪ੍ਰਮੇਸ਼ਰ ਦੀ ਸਰਵ ਰਮੀ ਹੋਈ ਜੋਤ ਨਾਲੋਂ ਟੁੱਟ ਗਈ ਹੈ ਅਤੇ ਇਹ ਭਟਕ ਰਿਹਾ ਹੈ। ਸੋ ਜਿਵੇਂ ਦੱਸਿਆ ਹੈ ਕਿ ਕਲਜੁਗ ਦਾ ਰਥ ਅਗਨ ਹੈ, ਕੂੜ ਰਥਵਾਹੀ ਹੈ, ਧੋਖੇ ਕਰਨਾ, ਝੂਠ ਬੋਲਣਾ, ਨਿੰਦਿਆ ਕਰਨਾ, ਵਿਸ਼ੇ ਵਿਕਾਰਾਂ ਵਿਚ ਲੀਨ ਰਹਿਣਾ, ਸਤਿਸੰਗ ਵਿਚ ਜਾਣ ਤੋਂ ਹਰ ਵਕਤ ਹੀਲ-ਹੁਜਤ ਕਰਦੇ ਰਹਿਣਾ, ਮਹਾਂਪੁਰਸ਼ਾਂ ਦੀ ਨਿੰਦਿਆ ਕਰਦੇ ਰਹਿਣਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਕਲਜੁਗ ਦੀ ਅੱਗ ਵਿਚੋਂ ਜੇ ਇਹ ਜੀਵ ਬਚ ਸਕਦਾ ਹੈ ਤਾਂ ਵਾਹਿਗੁਰੂ ਦੀ ਸ਼ਰਨ ਲੈ ਕੇ ਬਚ ਸਕਦਾ ਹੈ ਜਿਵੇਂ ਕਿ ਫੁਰਮਾਨ ਹੈ -

*ਕਲਿ ਤਾਤੀ ਠਾਂਢਾ ਹਰਿ ਨਾਉ॥*
*ਸਿਮਰਿ ਸਿਮਰਿ ਸਦਾ ਸੁਖ ਪਾਉ॥* *ਪੰਨਾ - 288*

ਪੰਜ ਕਲੇਸ਼ਾਂ ਦੇ ਨਾਲ ਆਦਮੀ ਦਾ ਮਨ ਹਰ ਵਕਤ ਪੀੜਤ ਹੋ ਰਿਹਾ ਹੈ ਅਤੇ ਜੰਮਣ ਮਰਨ ਦੇ ਚੱਕਰ ਵਿਚ ਘੁੰਮੇਟਣੀਆਂ ਖਾਂਦੇ ਦੁਖ ਭੋਗ ਰਿਹਾ ਹੈ ਕਿਉਂਕਿ ਸਭ ਤੋਂ ਵੱਡੇ ਕਲੇਸ਼ ਅਵਿਦਿਆ, ਅਭਿਨਿਵੇਸ਼, ਅਸਿਮਿਤਾ, ਰਾਗ ਤੇ ਦ੍ਵੈਸ਼ ਹਨ। ਇਹ ਕਲੇਸ਼ ਜਿੰਨਾਂ ਚਿਰ ਆਦਮੀ ਦੇ ਅੰਦਰ ਹਨ ਓਨਾਂ ਚਿਰ ਸ਼ਾਂਤੀ ਨਾਮ ਦੀ ਕੋਈ ਵਸਤੂ ਨੇੜੇ ਨਹੀਂ ਆ ਸਕਦੀ। ਸੰਸਾਰ ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਨੂੰ ਨਹੀਂ ਜਾਣਦਾ ਅਤੇ ਇਸ ਬਚਨ ਉਤੇ ਵੀ ਯਕੀਨ ਨਹੀਂ ਕਰਦਾ ਕਿ ਕਲਾ ਤੇ ਕਲੇਸ਼ ਨਾਮ ਨਾਲ ਹੀ ਖਤਮ ਹੁੰਦੇ ਹਨ ਜਿਵੇਂ ਕਿ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*
*ਕਲਿ ਕਲੇਸ ਤਨ ਮਾਹਿ ਮਿਟਾਵਉ॥* *ਪੰਨਾ - 262*

ਜੇ ਇਸ ਦੇ ਮਨ ਵਿਚ ਨਾਮ ਦੀ ਮਹਿਮਾ ਹੋਵੇ ਤਾਂ ਇਕ ਘੜੀ ਵਾਸਤੇ ਵੀ ਨਾਮ ਤੋਂ ਲਾਂਭੇ ਨਹੀਂ ਹੋ ਸਕਦਾ। ਮਹਿਮਾ ਨਾ ਜਾਨਣ ਕਰਕੇ ਸੰਸਾਰ ਦੀਆਂ ਤਜ ਜਾਣ ਵਾਲੀਆਂ ਵਸਤੂਆਂ ਵਿਚ ਲਿਪਟਿਆ ਪਿਆ ਹੈ। ਗੁਰੂ ਨਾਨਕ ਪਾਤਸ਼ਾਹ ਨੂੰ ਕਲਜੁਗ ਜਦੋਂ ਮਿਲਿਆ ਤਾਂ ਉਸ ਨੇ ਬੇਨਤੀ ਕੀਤੀ ਕਿ ਮੈਂ ਆਪ ਦੇ ਲਈ ਮੋਤੀਆਂ ਦੇ ਮੰਦਰ ਰਚ ਦਿੰਦਾ ਹਾਂ, ਸੇਵਾ ਲਈ ਮੋਹਣੀਆਂ ਹਾਜ਼ਰ ਕਰ ਦਿੰਦਾ ਹਾਂ, ਖੂਬਸੂਰਤ ਪਲੰਘ ਹੀਰੇ ਜਵਾਹਰਾਤ ਨਾਲ ਜੜੇ ਹੋਏ ਭੇਟ ਕਰ ਦਿੰਦਾ ਹੈ, ਰਿੱਧੀਆਂ ਸਿੱਧੀਆਂ ਆਪ ਦੇ ਚਰਨਾਂ ਵਿਚ ਰੁਲਦੀਆਂ ਫਿਰਨਗੀਆਂ, ਇਹ ਵੀ ਮੈਂ ਭੇਟਾ ਕਰ ਸਕਦਾ ਹਾਂ। ਗੁਰੂ ਮਹਾਰਾਜ ਨੇ ਕਿਹਾ ਕਿ ਕਲਜੁਗ ਵਿਚ ਆਦਮੀ ਦੀ ਜੋ ਬਿਰਤੀ ਹੈ ਉਸ ਦਾ ਸੁਭਾਅ ਹੈ ਕਿ ਜਦੋਂ ਵੀ ਕੋਈ ਨਵੀਂ ਚੀਜ਼ ਦੇਖਦੀ ਹੈ ਤਾਂ ਉਹ ਉਸ ਨਾਲ ਲਿਪਟ ਜਾਂਦੀ ਹੈ, ਉਸ ਦਾ ਆਪਣੀ ਅਕਲ ਮੁਤਾਬਿਕ ਨਿਰੀਖਸ਼ਣ ਕਰਦੀ ਰਹਿੰਦੀ ਹੈ ਅਤੇ ਉਸ ਦਾ ਅਸਰ ਆਪਣੇ ਅੰਦਰ ਲੈ ਆਉਂਦੀ ਹੈ। ਉਸੇ ਵੇਲੇ ਪ੍ਰਮੇਸ਼ਰ ਨੂੰ ਭੁੱਲ ਜਾਂਦੀ ਹੈ। ਪ੍ਰਮੇਸ਼ਰ ਦੇ ਨਾਮ ਤੋਂ ਬਗੈਰ ਹਿਰਦਾ ਕੌਲ ਜਲ ਬਲ ਕੇ ਸੁਆਹ ਹੋ ਜਾਂਦਾ ਹੈ ਅਤੇ ਪ੍ਰਕ੍ਰਿਤਕ ਵਸਤੂਆਂ ਕੋਈ ਵੀ ਸੁਖ ਦੇਣ ਦੀ ਸਮਰੱਥਾ ਨਹੀਂ ਰਖਦੀਆਂ ਅਤੇ ਕੇਵਲ ਨਾਮ ਦੀ ਪ੍ਰਾਪਤੀ ਹੀ ਸਰਬ ਸ੍ਰੇਸ਼ਟ ਦਾਤ

ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਮੋਤੀ ਤਾ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥* *ਪੰਨਾ - 14*

ਇਹ ਜੀਵ ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਨਾ ਜਾਣਦਾ ਹੋਇਆ ਸੁਖ ਦੀ ਪ੍ਰਾਪਤੀ ਵਾਸਤੇ ਬਹੁਤ ਮਿਹਨਤ ਕਰਦਾ ਹੈ ਪਰ ਇਸ ਨੂੰ ਸੁਖ ਪ੍ਰਾਪਤ ਨਹੀਂ ਹੋ ਰਿਹਾ ਹੈ। ਤ੍ਰਿਸ਼ਨਾਂ ਦੀ ਅਗਨ ਹਰ ਵਕਤ ਅੰਦਰ ਜਲਦੀ ਹੈ ਪਰ ਪ੍ਰਮੇਸ਼ਰ ਦੇ ਨਾਮ ਵਲੋਂ ਸਖਣਾ ਰਹਿੰਦਾ ਹੈ, ਨਾਮ ਜਪਣ ਦੀ ਵੇਲਾ ਪੈ ਪੈ ਕੇ ਸੌਂਦਾ ਹੈ ਅਤੇ ਭਜਨ ਕਰਨ ਵਾਸਤੇ ਆਲਸੀ ਬਣ ਜਾਂਦਾ ਹੈ, ਬੁਰੇ ਕੰਮਾਂ ਵਾਸਤੇ ਸ਼ੇਰ ਵਾਂਗ ਉਠ ਕੇ ਖੜ੍ਹ ਜਾਂਦਾ ਹੈ -

*ਬੁਰੇ ਕਾਮ ਕਉ ਊਠਿ ਖਲੋਇਆ॥*
*ਨਾਮ ਕੀ ਬੇਲਾ ਪੈ ਪੈ ਸੋਇਆ॥* *ਪੰਨਾ - 738*

*ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ।*
*ਨਾਨਕ ਅਜੁਕਲਿ ਆਵਸੀ ਗਾਫਲ ਫਾਹੀ ਪੇਰ।*
*ਪੰਨਾ 518*

ਬੰਦਗੀ ਕਰਨ ਵਾਲੇ ਦੇ ਸਾਰੇ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ, ਹੋਰ ਕੋਈ ਤਰੀਕਾ ਨਹੀਂ ਜਿਸ ਨਾਲ ਵਿਘਨ ਦੂਰ ਕਰੇ। ਜੋਤਸ਼ੀਆਂ ਦੇ ਕਹੇ ਤੇ ਵਿਘਨ ਦੂਰ ਕਰਨ ਲਈ ਜਾਦੂ ਟੂਣੇ ਕਰਦਾ ਫਿਰਦਾ ਹੈ ਪਰ ਵਿਘਨਾਂ ਦਾ ਨਾਸ਼ ਨਹੀਂ ਹੋਇਆ ਕਰਦਾ। ਕਰਮ ਦੰਡ ਜ਼ਰੂਰ ਭੋਗਣਾ ਪੈਂਦਾ ਹੈ, ਨਾਮ ਵਿਚ ਸੱਤਾ ਹੈ ਜਿਸ ਨਾਲ ਇਹ ਕਰਮ ਦੰਡ ਤੋਂ ਬਚ ਸਕਦਾ ਹੈ ਨਹੀਂ ਤਾਂ -

*ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।*

ਪ੍ਰਮੇਸ਼ਰ ਨੂੰ ਭੁੱਲ ਕੇ ਕ੍ਰੋੜਾਂ ਵਿਘਨ ਲਗਦੇ ਹਨ।

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥* *ਪੰਨਾ - 524*

ਗੁਰੂ ਸਾਹਿਬ ਕਿੰਨਾ ਕਹੀ ਜਾਣ, ਬਾਣੀ ਵਿਚ ਬਾਰ ਬਾਰ ਨਾਮ ਜਪਣ ਦੀ ਤਾਕੀਦ ਕੀਤੀ ਜਾਂਦੀ ਹੈ ਪਰ ਇਹ ਨਾ ਤਾਂ ਧੁਰ ਅੰਦਰੋਂ ਗੱਲ ਨੂੰ ਅਪਣਾਉਂਦਾ ਹੈ, ਨਾ ਹੀ ਕੋਈ ਮਹੱਤਤਾ ਦਿੰਦਾ ਹੈ, ਇਹ ਮਾੜੇ ਭਾਗਾਂ ਦੀ ਨਿਸ਼ਾਨੀ ਹੁੰਦੀ ਹੈ, ਦੁਖ ਤਾਂ ਹੀ ਹੁੰਦਾ ਹੈ, ਹਾਏ ਕੁਰਲਾਹਟ ਇਸ ਦੀ ਮੁਕਦੀ ਨਹੀਂ ਪਰ ਇਹ ਨਾਮ ਦੇ ਰਸਤੇ ਨਹੀਂ ਪੈਂਦਾ।

ਕਈ ਪ੍ਰੇਮੀਆਂ ਨੇ ਪ੍ਰਤੱਖ ਰੂਪ ਵਿਚ ਦੇਖਿਆ ਹੈ ਕਿ ਵੱਡੀਆਂ ਵੱਡੀਆਂ ਬਿਮਾਰੀਆਂ ਜਿਸ ਦਾ ਇਲਾਜ ਡਾਕਟਰ ਨਹੀਂ ਕਰ ਸਕਦੇ ਉਹ ਬੰਦਗੀ ਕਰਨ ਨਾਲ ਦੂਰ ਹੋ ਗਈਆਂ।

1989 ਦੀ ਗੱਲ ਹੈ ਇਕ ਬੀਬੀ ਮੇਰੇ ਪਾਸ ਆਈ। ਉਸ ਨੇ ਆਪਣੀਆਂ ਬਿਮਾਰੀਆਂ ਦੇ ਕਾਗਜ਼ ਮੈਨੂੰ ਦਿਖਾਏ। ਇਕ ਅੱਖ ਦੀ ਨਿਗ੍ਹਾ ਬਿਲਕੁਲ ਬੰਦ ਹੋ ਚੁਕੀ ਸੀ ਅਤੇ ਦੂਸਰੀ ਵੀ ਬੰਦ ਹੋਣ ਵਾਲੀ ਸੀ। ਡਾਕਟਰਾਂ ਨੇ ਕਿਹਾ ਕਿ ਆਪ ਦੀਆਂ ਨਿਗ੍ਹਾ ਦੀਆਂ ਨਾੜੀਆਂ ਸੁੰਨ ਹੋ ਗਈਆਂ ਹਨ ਇਸ ਕਰਕੇ ਅੱਖ ਦਾ ਆਪਰੇਸ਼ਨ ਨਹੀਂ ਹੋ ਸਕਦਾ। ਗੁਰਦੇ ਵਿਚ ਪੱਥਰੀ ਸੀ। ਜਦੋਂ ਡਾਕਟਰ ਓਪਰੇਸ਼ਨ ਲਈ ਲੈ ਕੇ ਗਏ ਤਾਂ ਬਲੱਡ ਪਰੈਸ਼ਰ ਵਧ ਗਿਆ। ਰੀੜ੍ਹ ਦੀ ਹੱਡੀ ਵਿਚ ਕਰੈਕ ਆਇਆ ਹੋਇਆ ਸੀ ਯਾਨੀ ਕਿ ਸਾਰਾ ਸਰੀਰ ਹੀ ਉਸ ਦਾ ਬਿਮਾਰ ਸੀ। ਉਸ ਨੇ ਮੈਨੂੰ ਕਿਹਾ ਕਿ ਮੈਂ ਵੀ ਕਿਸੇ ਤਰ੍ਹਾਂ ਤੰਦਰੁਸਤ ਹੋ ਸਕਦੀ ਹਾਂ? ਮੈਂ ਕਿਹਾ ਕਿ ਬੀਬੀ! ਵਾਹਿਗੁਰੂ ਦੇ ਨਾਮ ਵਿਚ ਬਹੁਤ ਸ਼ਕਤੀ ਹੈ। ਗੁਰੂ ਸਾਹਿਬ ਬਾਰ ਬਾਰ ਤਾਕੀਦ ਕਰਦੇ ਹਨ ਕਿ ਜਿਸਦਾ ਮਨ ਆਰੋਗ ਹੈ ਉਸ ਦੇ ਤਨ ਦੇ ਸਾਰੇ ਰੋਗ ਮਿਟ ਜਾਇਆ ਕਰਦੇ ਹਨ ਜਿਵੇਂ ਕਿ ਫੁਰਮਾਨ ਆਉਂਦਾ ਹੈ -

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥***
***ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥ ਪੰਨਾ - 611***

ਮੈਂ ਕਿਹਾ ਆਪ ਦਾ ਇਕੋ ਇਕ ਇਲਾਜ ਪ੍ਰਮੇਸ਼ਰ ਦਾ ਨਾਮ ਹੈ। ਉਸ ਨੇ ਇਹ ਦੱਸਿਆ ਕਿ ਮੇਰਾ ਬਲੱਡ ਪਰੈਸ਼ਰ 240 ਹੈ। ਬਲੱਡ ਸ਼ੂਗਰ ਵੀ 240 ਰਹਿੰਦੀ ਹੈ, ਪੇਟ ਵਿਚ ਰਸੌਲੀ ਹੈ, ਗੁਰਦੇ ਵਿਚ ਪੱਥਰੀ ਹੈ। ਕਹਿਣ ਲੱਗੀ ਕਿ ਮੈਂ ਸਾਲਾਂ ਬੱਧੀ ਤੋਂ ਪੀ.ਜੀ.ਆਈ ਜਾਂਦੀ ਹਾਂ ਪਰ ਮੇਰਾ ਕੋਈ ਇਲਾਜ ਨਹੀਂ ਹੁੰਦਾ। ਮੈਂ ਉਸਨੂੰ ਬੇਨਤੀ ਕੀਤੀ ਕਿ ਬੀਬਾ! ਮੈਂ ਡਾਕਟਰ ਤਾਂ ਨਹੀਂ ਹਾਂ ਪਰ ਮੇਰਾ ਇਹ ਵਿਸ਼ਵਾਸ਼ ਹੈ ਕਿ ਜੇ ਕੋਈ ਸੱਚੇ ਦਿਲ ਨਾਲ ਪ੍ਰਭੂ ਦਾ ਨਾਮ ਜਪ ਲਵੇ ਤਾਂ ਰੋਗਾਂ ਦਾ ਨਾਸ਼ ਹੋ ਜਾਂਦਾ ਹੈ। ਇਹ ਵੀ ਦੱਸਿਆ ਜਾਂਦਾ ਹੈ-

***ਸਰਬ ਰੋਗ ਕਾ ਅਉਖਦੁ ਨਾਮੁ॥ ਪੰਨਾ - 274***

ਮੈਂ ਉਸ ਨੂੰ ਕਿਹਾ ਕਿ ਭੈਣ ਜੀ, ਤੁਸੀਂ ਇਕ ਸਾਲ ਭਜਨ ਕਰ ਲਵੋਗੇਂ ਤਾਂ ਸਾਰੇ ਰੋਗ ਦੂਰ ਹੋ ਜਾਣਗੇ। ਕਹਿਣ ਲੱਗੀ, ਹਾਂ, ਮੈਂ ਜ਼ਰੂਰ ਕਰ ਲਵਾਂਗੀ, ਰੋਗ ਵੀ ਬੜੇ ਭਿਆਨਕ ਸਨ। ਉਸ ਨੇ ਕਿਹਾ ਕਿ ਮੈਂ ਕਿੰਨੀ ਕੁ ਦੇਰ ਨਾਮ ਜਪਦੀ ਰਹਾਂ। ਗੁਰੂ ਸਾਹਿਬ ਨੇ ਤਾਂ ਕਿਹਾ ਹੈ ਕਿ ਹਰ ਸੁਆਸ-ਸੁਆਸ ਨਾਮ ਜਪਦੇ ਰਹੋ। ਤੁਸੀਂ ਸਾਰੀ ਜ਼ਿੰਦਗੀ ਨਾਮ ਜਪਦੇ ਰਹੋ। ਬਾਅਦ ਵਿਚ ਫੇਰ ਨਾਮ ਜਪਣਾ ਛਡ ਦੇਵੋ ਤਾਂ ਇਹ ਗੱਲ ਹੋ ਗਈ ਕਿ 'ਨੈਂ ਲੰਘੀ ਖਵਾਜਾ ਵਿਸਰਿਆ।' ਦਰਿਆ ਲੰਘਣ ਲਈ ਕਿਸ਼ਤੀ ਵਿਚ ਬੈਠ ਕੇ ਤਾਂ ਬਹੁਤ ਮੰਨਤਾਂ ਮੰਗੀਆਂ ਕਿ ਮੈਂ ਠੀਕ ਠੀਕ ਪਹੁੰਚ ਜਾਵਾਂ ਅਤੇ ਜਦੋਂ ਕਿਨਾਰੇ ਤੇ ਆ ਗਏ ਤਾਂ ਸਭ ਕੁਝ ਭੁੱਲ ਜਾਂਦਾ ਹੈ। ਉਸ ਨੇ ਭਰੋਸਾ ਦਿਵਾਇਆ ਕਿ ਮੈਂ ਤਾਂ ਸਾਰੀ ਜ਼ਿੰਦਗੀ ਹੀ ਨਾਮ ਜਪਾਂਗੀ। ਜਿਹੜਾ ਪਾਠ ਕਿਹਾ ਸੀ ਉਹ ਪੰਜ ਘੰਟੇ ਵਿਚ ਪੂਰਾ ਹੁੰਦਾ ਸੀ। ਉਸ ਨੇ ਦੋ ਵਜੇ ਉਠ ਕੇ ਇਕਾਂਤ ਥਾਂ ਬੈਠ ਕੇ ਪਾਠ ਕਰਨਾ, ਫੇਰ ਲੰਗਰ ਵਿਚ ਸੇਵਾ ਕਰਨੀ। ਅਜੇ 20 ਦਿਨ ਹੀ ਹੋਏ ਸਨ, ਮੈਨੂੰ ਕਹਿਣ ਲੱਗੀ ਕਿ ਮੇਰੀ ਅੱਖ ਵਿਚ ਰੋਸ਼ਨੀ ਆ ਗਈ ਹੈ। ਜੇ ਤੁਸੀਂ ਮੈਨੂੰ ਆਗਿਆ ਦੇਵੋ ਤਾਂ ਮੈਂ ਬਲੱਡ ਪਰੈਸ਼ਰ ਪੀ.ਜੀ.ਆਈ. ਦਿਖਾ ਆਵਾਂ। ਜਦੋਂ ਪੀ.ਜੀ.ਆਈ ਗਈ ਤਾਂ ਉਸ ਦਾ ਬਲੱਡ ਟੈਸਟ ਕੀਤਾ ਗਿਆ ਤਾਂ ਡਾਕਟਰ ਹੈਰਾਨ ਹੋ ਗਏ ਕਿ ਇਸ ਵਿਚ ਨਾ ਤਾਂ ਸ਼ੂਗਰ ਰਹੀ ਹੈ, ਬਲੱਡ ਪਰੈਸ਼ਰ ਵੀ ਠੀਕ normal ਹੋ ਗਿਆ। ਇਕ ਮਹੀਨੇ ਵਿਚ ਅੱਖ ਖੁਲ੍ਹ ਗਈ। ਡਾਕਟਰ ਨੇ ਪੁਛਿਆ ਕਿ ਬੀਬੀ ਤੂੰ ਕਿਹੜੀ ਦਵਾਈ ਲਈ ਹੈ? ਉਹ ਕਹਿਣ ਲੱਗੀ ਮੈਂ ਤਾਂ ਗੁਰਦੁਆਰਾ ਰਤਵਾੜਾ ਸਾਹਿਬ ਪਾਠ ਕਰਦੀ ਹਾਂ। ਵਾਹਿਗੁਰੂ ਦਾ ਭਰੋਸਾ ਲਿਆ ਅਤੇ ਨਾਮ ਜਪਦੀ ਹਾਂ। ਉਨ੍ਹਾਂ ਦਿਨਾਂ ਵਿਚ ਸਾਡੇ ਪਾਠੀ ਥੋੜ੍ਹੇ ਹੁੰਦੇ ਸੀ, ਉਸ ਨੇ ਕਿਹਾ ਮੈਂ ਪੰਜ ਗ੍ਰੰਥੀ ਦੀ ਡਿਊਟੀ ਵੀ ਦਿਆ ਕਰਾਂਗੀ। ਇਸ ਤਰ੍ਹਾਂ ਉਹ ਡਿਊਟੀ ਦਿੰਦੀ ਰਹੀ। ਜਦੋਂ ਕੁਝ ਮਹੀਨੇ ਲੰਘੇ, ਸਤੰਬਰ ਦਾ ਮਹੀਨਾ ਆਇਆ, ਮੈਂ ਅਮਰੀਕਾ ਜਾਣ ਲਈ ਤਿਆਰ ਹੋਇਆ ਤਾਂ ਉਹ ਕਾਗਜ਼ ਲੈ ਕੇ ਮੇਰੇ ਪਾਸ ਆਈ, ਉਸ ਵਿਚ ਪੱਥਰੀ ਬੰਨ੍ਹੀ ਹੋਈ ਸੀ। ਗੁਰਦੇ ਵਿਚ ਜੋ ਪਥਰੀ ਸੀ ਉਹ ਤਿੰਨ ਟੁਕੜੇ ਹੋ ਕੇ ਨਿਕਲ ਗਈ। ਉਸ ਤੋਂ ਬਾਅਦ ਮੈਂ ਅਮਰੀਕਾ ਚਲਿਆ ਗਿਆ। ਜਦੋਂ 1 ਜਨਵਰੀ 1990 ਨੂੰ ਵਾਪਸ ਆਇਆ ਤਾਂ ਉਹ ਕਹਿਣ ਲੱਗੀ ਕਿ ਮੇਰੀ ਦੂਸਰੀ ਅੱਖ ਵੀ ਠੀਕ ਹੋ ਜਾਵੇ ਤਾਂ ਚੰਗਾ ਹੈ। ਜਦੋਂ ਆ ਕੇ ਮੈਂ ਸਾਰਾ ਹਾਲ ਦੇਖਿਆ ਤਾਂ ਉਸ ਦੀ ਅੱਖ ਜੋ ਤਕਰੀਬਨ 20 ਮਹੀਨੇ ਪਹਿਲਾਂ ਬੰਦ ਹੋਈ ਸੀ ਉਹ ਬੰਦ ਹੀ ਰਹੀ। ਉਸਨੇ ਮੇਰੇ ਤੋਂ ਛੁੱਟੀ ਮੰਗੀ ਤੇ ਕਹਿਣ ਲੱਗੀ ਕਿ ਮੈਂ ਹੁਣ ਘਰ ਜਾਣਾ ਹੈ, ਮੈਂ ਕੀ ਕਾਣੀ ਹੀ ਜਾਵਾਂਗੀ? ਬਾਲ ਬੱਚਿਆਂ ਨੂੰ ਮਿਲ ਆਵਾਂ। 20 ਜਨਵਰੀ ਨੂੰ ਉਹ ਮੇਰੇ ਪਾਸ ਫਿਰ ਆਈ, ਬਹੁਤ ਖੁਸ਼ ਸੀ। ਉਸ ਨੇ ਦੱਸਿਆ ਕਿ ਮੇਰੀ ਦੂਜੀ ਅੱਖ ਵੀ ਖੁਲ੍ਹ ਗਈ। ਮੈਂ ਕਿਹਾ ਚਾਰ ਮਹੀਨੇ ਬੰਦਗੀ ਕਰਕੇ ਫੇਰ ਛੁਟੀ ਲੈਣੀ ਸੀ। ਕਹਿਣ ਲੱਗੀ ਮੇਰੀ ਪੋਤੀ ਦੇ ਇਮਤਿਹਾਨ ਹਨ, ਮੇਰਾ ਉਥੇ ਰਹਿਣਾ ਬਹੁਤ ਜ਼ਰੂਰੀ ਹੈ। ਇਸੇ ਦੌਰਾਨ ਉਸ ਨੇ ਪੀ. ਜੀ. ਆਈ. ਵਿਚ ਮੁੜ ਕੇ ਫੇਰ ਸਾਰੀ ਚੈਕਿੰਗ ਕਰਾਈ, ਉਨ੍ਹਾਂ ਨੇ ਕਿਹਾ ਤੁਹਾਨੂੰ ਕੋਈ ਬਿਮਾਰੀ ਨਹੀਂ। ਸਾਨੂੰ ਦੱਸੋ ਕਿਹੜੀ ਦਵਾਈ ਖਾਧੀ ਹੈ, ਕਾਰਡ ਉਤੇ ਤਾਂ ਕੋਈ ਦਵਾਈ ਨਹੀਂ? ਉਸ ਨੇ ਕਿਹਾ ਕਿ ਮੈਂ ਦਵਾਈ ਤਾਂ ਕੋਈ ਨਹੀਂ ਖਾਧੀ। ਲੰਗਰ ਵਿਚ ਪ੍ਰਸ਼ਾਦਾ ਛਕਿਆ ਹੈ, ਉਥੇ ਖਾਣ ਨੂੰ ਗੁੜ ਵੀ ਮਿਲ ਜਾਂਦਾ ਸੀ। ਇਹ ਡਾਕਟਰਾਂ ਦੀ ਸਮਝ ਤੋਂ ਬਾਹਰ ਗੱਲ ਸੀ। ਜਦੋਂ ਉਸ ਨੇ ਗੋਡੇ ਦੀ ਹੱਡੀ ਚੈਕ ਕਰਾਈ ਉਸ ਵਿਚ ਤ੍ਰੇੜ ਸੀ, ਉਹ ਐਕਸਰੇ ਵਿਚ ਨਾ ਆਈ, ਰਸੌਲੀ ਦੀ ਚੈਕਿੰਗ ਕਰਾਈ ਉਹ ਵੀ ਐਕਸਰੇ ਵਿਚ ਨਾ ਆਈ।

ਸਾਧਸੰਗਤ ਜੀ! ਇਹ ਤਾਂ ਮੈਂ ਦੇਖਦਾ ਹੀ ਆਇਆ ਹਾਂ ਕਿ ਵੱਡੇ ਤੋਂ ਵੱਡੇ ਰੋਗ ਨਾਮ ਜਪ ਕੇ ਦੂਰ ਹੋ ਜਾਂਦੇ ਹਨ ਪਰ ਆਦਮੀ ਨੂੰ ਨਾਮ ਦੀ ਕੋਈ ਕਦਰ ਨਹੀਂ ਹੁੰਦੀ। ਆਪਣਾ ਮਤਲਬ ਕੱਢਿਆ ਅਤੇ ਫੇਰ ਉਥੇ ਹੀ ਆ ਜਾਂਦਾ ਹੈ। ਭਾਵੇਂ ਅਸੀਂ ਸਾਲ ਸਾਲ ਕਰੜੀ ਮਿਹਨਤ ਕਰਾਉਂਦੇ ਹਾਂ, ਫੇਰ ਛੁਟੀ ਮਿਲ ਗਈ, ਮੁੜ ਅਵੇਸਲੇ ਹੋ ਜਾਂਦੇ ਹਾਂ। ਜੇ ਮਨ ਵਿਚ ਕਦਰ ਹੋਵੇ ਕਿ ਨਾਮ ਐਨੀ ਸਹਾਇਤਾ ਕਰਦਾ ਹੈ ਤਾਂ ਸਾਰੇ ਹੀ ਨਾਮ ਜਪਣ ਲਗ ਜਾਣ।

ਇਕ ਵਾਰੀ ਜਦੋਂ ਮੈਂ ਜੌਲੀ ਗ੍ਰਾਂਟ ਵਿਚ ਡਾਕਟਰ ਸਵਾਮੀ ਰਾਮ ਜੀ ਦੇ ਮੈਡੀਕਲ ਕਾਲਜ ਦੀ ਬੁਨਿਆਦ ਰੱਖੀ ਉਸ ਵੇਲੇ ਪੀ.ਜੀ.ਆਈ. ਦੇ ਡਾਕਟਰ ਚੁਟਾਨੀ, ਡਾਕਟਰ ਪਾਠਕ ਅਤੇ ਕੁਝ ਅਮਰੀਕਨ ਡਾਕਟਰ ਉਥੇ ਆਏ ਹੋਏ ਸਨ। ਉਥੇ ਉਸ ਵੇਲੇ ਮੈਂ ਇਹ ਗੱਲ ਕਹੀ ਕਿ ਨਾਮ ਵਿਚ ਸਾਰੀਆਂ ਸ਼ਕਤੀਆਂ ਹਨ, ਸਾਰੇ ਰੋਗਾਂ ਨੂੰ ਦੂਰ ਕਰਨ ਲਈ ਨਾਮ ਸਮਰੱਥ ਹੈ। ਉਥੇ ਮੈਂ ਸਾਰੀਆਂ ਗੱਲਾਂ ਪੀ.ਜੀ.ਆਈ ਦੀਆਂ ਹੀ ਦੱਸੀਆਂ। ਡਾਕਟਰਾਂ ਨੇ ਕਿਹਾ ਕਿ ਅਸੀਂ ਮੰਨਦੇ ਹਾਂ ਕਿ ਮਨ ਰੋਗੀ ਹੋਵੇ ਤਾਂ ਸਾਰੀਆਂ ਬਿਮਾਰੀਆਂ ਆ ਘੇਰਦੀਆਂ ਹਨ। ਤੁਹਾਡਾ ਮਨ ਨਰੋਆ ਹੋਵੇ ਤਾਂ ਬਿਮਾਰੀਆਂ ਘਟ ਜਾਂਦੀਆਂ ਹਨ।

ਸੋ ਗੱਲ ਇਹ ਹੈ ਕਿ ਪ੍ਰਮੇਸ਼ਰ ਦਾ ਨਾਮ ਐਨਾ ਕੀਮਤੀ ਹੈ ਤਾਂ ਆਦਮੀ ਕਿਉਂ ਨਹੀਂ ਨਾਮ ਜਪਦਾ? ਜਿਹੜੀ ਗੱਲ ਮੈਂ ਉਪਰ ਦੱਸੀ ਹੈ ਉਸ ਬੀਬੀ ਦਾ ਕਾਰਡ ਪੀ.ਜੀ.ਆਈ. ਬਣਿਆ ਹੋਇਆ ਹੈ। ਉਹ ਬੀਬੀ ਹੁਣ ਵੀ ਜਿਉਂਦੀ ਜਾਗਦੀ ਹੈ, ਕੋਈ ਵੀ ਉਸ ਤੋਂ ਪੁਛ ਸਕਦਾ ਹੈ।

ਗੁਰੂ ਮਹਾਰਾਜ ਨੇ ਨਾਮ ਦੀਆਂ ਬਰਕਤਾਂ ਸੁਖਮਨੀ ਸਾਹਿਬ ਵਿਚ ਖੋਲ੍ਹ ਕੇ ਦੱਸੀਆਂ ਹੋਈਆਂ ਹਨ। ਪ੍ਰਮੇਸ਼ਰ ਦਾ ਨਾਮ ਹੀ ਭਵਜਲ ਸਾਗਰ ਤਰਨ ਵਿਚ ਸਹਾਈ ਹੈ। ਸਾਰੇ ਸੁਖ ਪ੍ਰਾਪਤ ਹੁੰਦੇ ਹਨ ਜਦੋਂ ਨਾਮ ਹਿਰਦੇ ਵਿਚ ਵਸ ਜਾਵੇ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਅੰਦਰ ਨਾਮ ਦੀ ਮਹਿਮਾ ਦਸਦਿਆਂ ਫੁਰਮਾਨ ਕੀਤਾ ਹੈ –

***ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥ ਪੰਨਾ – 1185***

ਕਲਜੁਗ ਅੰਦਰ ਧਰਮ ਦੇ ਤਿੰਨ ਪੈਰ ਖਿਸਕ ਚੁਕੇ ਹਨ ਅਤੇ ਧਰਮ ਚੌਥੇ ਪੈਰ ਉਪਰ ਖੜ੍ਹਾ ਹੈ –

***ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ***
***ਪਗੁ ਚਉਥਾ ਟਿਕੈ ਟਿਕਾਇ ਜੀਉ॥ ਪੰਨਾ – 446***

ਕਲਜੁਗ ਦੇ ਅੰਦਰ ਤਿੰਨ ਪੈਰ ਧਰਮ ਦੇ ਟੁੱਟ ਚੁਕੇ ਹਨ, ਸਤਿ ਹਟ ਗਿਆ, ਸਤਿਜੁਗ ਦਾ ਮਨੁੱਖ ਸਤਿ ਦੇ ਮੁਖ ਕਰਮ ਕਰਦਾ ਸੀ। ਸਤਿ ਨੂੰ ਸਮਝਣ ਵਾਸਤੇ ਸਾਨੂੰ ਲੋੜ ਹੈ ਜਪੁਜੀ ਸਾਹਿਬ ਦੇ ਪਹਿਲੇ ਆਦੇਸ਼ ਨੂੰ ਸਮਝਣ ਦੀ। ਗੁਰੂ ਨਾਨਕ ਪਾਤਸ਼ਾਹ ਜੀ ਨੇ ਏਕੰਕਾਰ ਜੀ ਦੀ ਵਿਆਖਿਆ ਕਰਦਿਆਂ ਹੋਇਆਂ ਉਸ ਦੀ ਸਰਬ ਸ਼ਕਤੀ ਨੂੰ ਓਅੰਕਾਰ ਕਿਹਾ ਜਿਸ ਤਰ੍ਹਾਂ ਕਿ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ –

***ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ।***

ਓਅੰਕਾਰ ਏਕੰਕਾਰ ਵਿਚ ਸੰਮਿਲਤ ਰੂਪ ਹੀ ਹੈ, ਇਹ ਕੋਈ ਵੱਖਰੀ ਚੀਜ਼ ਨਹੀਂ ਹੈ। ਵੈਸੇ ਤਾਂ ਸਾਰਾ ਸੰਸਾਰ ਪ੍ਰਮੇਸ਼ਰ ਵਿਚ ਮਿਲਿਆ ਹੋਇਆ ਹੈ, ਵੱਖਰਾ ਨਹੀਂ ਹੈ ਪਰ ਹਉਮੈ ਦਾ ਪਸਾਰਾ ਹੋਣ ਕਰਕੇ ਸਮਸ਼ਟ ਤੋਂ ਵਿਅਸ਼ਟ ਹੋ ਗਿਆ। ਵਖਰਾ ਹੋਣ ਕਰਕੇ ਹਉਮੈ ਦੇ ਘੇਰੇ ਵਿਚ ਵੇੜ੍ਹਿਆ ਹੋਇਆ ਦੁਖੀ ਹੋ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਏਕੰਕਾਰ ਨੂੰ ਹੀ ਓਅੰਕਾਰ ਕਿਹਾ ਤਾਂ ਇਹ ਸਮੁੱਚਾ ੴ ਕਹਾਇਆ ਜੋ ਸਤਿ ਹੈ, ਸਤਿ ਉਸ ਹਸਤੀ ਨੂੰ ਕਿਹਾ ਜਾਂਦਾ ਹੈ ਜਿਸਦਾ ਕਦੇ ਵੀ ਅਭਾਵ ਨਾ ਹੋਵੇ। ਇਹ ਵਾਹਿਗੁਰੂ ਜੀ ਦਾ ਹੀ ਨਾਮ ਹੈ ਜਿਸਨੂੰ ਸਤਿ ਅਤੇ ਸੱਚ ਕਹਿ ਕੇ ਬਾਣੀ ਦੇ ਅੰਦਰ ਦਰਸਾਇਆ ਗਿਆ ਹੈ। ਇਹੀ ਸਤਿ ਦੀ ਸੂਝ ਨਾਮ ਕਹਾਉਂਦੀ ਹੈ। ਨਾਮ ਪ੍ਰਾਪਤੀ ਉਹ ਅਵਸਥਾ ਹੈ ਜਿਥੇ ਪੂਰਨ ਤੌਰ ਤੇ ਅਗਿਆਨ ਦਾ ਵਿਨਾਸ਼ ਹੋ ਜਾਵੇ, ਪਦਾਰਥ ਭਾਵਨੀ ਦਾ ਅਭਾਵ ਹੋ ਕੇ ਇਕ ਦੋ ਤਿੰਨ ਚਾਰ ਪੰਜ

ਦਸ ਕੋਈ ਵੀ ਚੀਜ਼ ਵਖਰੀ ਨਜ਼ਰ ਨਾ ਆਵੇ। ਇਕੋ ਓਅੰਕਾਰ ਸਰਬ ਰੂਪਾਂ ਰੰਗਾਂ ਵਿਚ ਰੰਗਿਆ ਹੋਇਆ ਕੇਵਲ ਇਕੋ ਹੀ ਪ੍ਰਤੀਤ ਵਿਚ ਵਸ ਜਾਵੇ। ਇਥੇ ਇਕ ਗੱਲ ਹੋਰ ਹੈ। ਜਦੋਂ ਨਿਰੰਕਾਰ ਨੂੰ ਇਕ ਕਹਿੰਦੇ ਹਾਂ ਤਾਂ ਉਥੇ ਅਸੀਂ ਆਪਣੇ ਆਪ ਨੂੰ ਵੱਖਰਾ ਮਹਿਸੂਸ ਕਰਦੇ ਹਾਂ, ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਵਾਚ ਗਿਆਨੀ ਨੂੰ ਮਿਥਿਆ ਕਿਹਾ ਹੈ ਕਿਉਂਕਿ ਇਹ ਕਹਿੰਦਾ ਤਾਂ ਇਕੋ ਇਕ ਹੈ ਪਰ ਆਪਣੀ ਹੋਂਦ ਨੂੰ ਵਿਚ ਕਾਇਮ ਰੱਖ ਕੇ ਕਹਿ ਰਿਹਾ ਹੈ। ਮਹਾਰਾਜ ਜੀ ਨੇ ਇਸ ਸੂਝ ਨੂੰ ਯਥਾਰਥ ਗਿਆਨ ਨਹੀਂ ਆਖਿਆ। ਇਸ ਨੂੰ ਮੁਖ ਗਿਆਨੀ ਕਿਹਾ ਹੈ ਜਿਸ ਦਾ ਦਰਜਾ ਮ੍ਰਿਤਕ ਦੇ ਬਰਾਬਰ ਹੁੰਦਾ ਹੈ –

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥***
***ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥ ਪੰਨਾ – 930***

ਨਾਮ ਦੀ ਪੂਰਨ ਅਵਸਥਾ ਉਸ ਸਮੇਂ ਆਪਣੀ ਪਾਰਸ ਕਲਾ ਦੇ ਪੂਰੇ ਜੋਬਨ ਉਤੇ ਹੁੰਦੀ ਹੈ ਜਦੋਂ ਆਪਣੇ ਆਪਾ ਭਾਵ ਨੂੰ ਪੂਰੀ ਤਰ੍ਹਾਂ ਮਿਟਾ ਕੇ ਪ੍ਰਮੇਸ਼ਰ ਵਿਚ ਹੀ ਸਮਾਈ ਹੋ ਜਾਵੇ। ਇਥੇ ਆ ਕੇ ਹੀ ਸਾਰੇ ਖੁੰਝ ਜਾਇਆ ਕਰਦੇ ਹਨ ਕਿਉਂਕਿ ਗਿਆਨ ਤਾਂ ਉਹ ਵੀ ਕਰਦੇ ਹਨ, ਉਹ ਆਪਣੀ ਵਿਦਿਆ ਦੇ ਬਲ ਤੇ ਕਰਦੇ ਹਨ, ਪੜ੍ਹੇ ਹੋਏ ਗਿਆਨ ਨੂੰ ਕਥਦੇ ਹਨ ਪਰ ਆਪ ਬਿਲਕੁਲ ਉਸੇ ਤਰ੍ਹਾਂ ਹੁੰਦੇ ਹਨ ਜਿਵੇਂ ਇਕ ਟੇਪ ਰਿਕਾਰਡ ਹੋਵੇ, ਉਹ ਬੋਲਦਾ ਹੈ ਪਰ ਹੁੰਦਾ ਉਹ ਨਿਰਜਿੰਦ ਹੀ ਹੈ। ਜਦੋਂ ਨਾਮ ਪ੍ਰਗਟ ਹੋ ਜਾਂਦਾ ਹੈ ਜਿਸ ਨੂੰ ਨਾਮ ਹਿਰਦੇ ਵਿਚ ਵਸਣਾ ਵੀ ਕਹਿੰਦੇ ਹਨ, ਉਸ ਵੇਲੇ ਆਪਣਾ ਵਖਰਾਪਣ ਖਤਮ ਹੋ ਜਾਂਦਾ ਹੈ। ਕਈ ਪ੍ਰੇਮੀ ਕਹਿੰਦੇ ਹਨ ਕਿ ਫੇਰ ਸੰਸਾਰ ਦੀ ਕ੍ਰਿਆ ਤਾਂ ਹੋ ਹੀ ਨਹੀਂ ਸਕਦੀ ਕਿਉਂਕਿ ਵੇਦਾਂਤ ਮਤ ਅਨੁਸਾਰ ਲਿਖਿਆ ਹੈ ਕਿ ਜਦੋਂ ਸਾਧਕ ਛੇਵੀਂ ਭੂਮਿਕਾ ਵਿਚ ਪਹੁੰਚ ਜਾਂਦਾ ਹੈ ਤਾਂ ਉਸ ਨੂੰ ਆਪਣੀ ਸਰੀਰਕ ਕ੍ਰਿਆ ਨਿਭਾਉਣ ਲਈ ਦੂਸਰੇ ਨੂੰ ਹੀ ਦਸਣਾ ਪੈਂਦਾ ਹੈ ਕਿ ਆਪ ਨੇ ਪ੍ਰਸ਼ਾਦਾ ਛਕਣਾ ਹੈ, ਪ੍ਰਸ਼ਾਦਾ ਛਕੋ, ਇਸ਼ਨਾਨ ਕਰਨਾ ਇਸ਼ਨਾਨ ਕਰੋ। ਸਤਵੀਂ ਭੂਮਿਕਾ ਵਿਚ ਜੇ ਕੋਈ ਉਸ ਦੇ ਮੂੰਹ ਵਿਚ ਪ੍ਰਸ਼ਾਦਾ ਪਾ ਦੇਵੇ ਤਾਂ ਉਹ ਖਾ ਲੈਂਦਾ ਹੈ। ਜਗਾਇਆ ਹੋਇਆ ਜਾਗਦਾ ਹੈ, ਨਹੀਂ ਤਾਂ ਸੁੱਤਾ ਪਿਆ ਹੈ, ਸਰੀਰਕ ਕ੍ਰਿਆ ਦੀ ਸਾਰੀ ਸੂਝ ਖਤਮ ਹੋ ਜਾਂਦੀ ਹੈ। ਮਹਾਂਪੁਰਸ਼ ਦਸਦੇ ਹਨ ਕਿ ਉਸ ਦਾ ਸਰੀਰ 10-15 ਦਿਨ ਹੀ ਰਹਿੰਦਾ ਹੈ ਫੇਰ ਖਤਮ ਹੋ ਜਾਂਦਾ ਹੈ। ਪੰਜਵੀਂ ਅਤੇ ਛੇਵੀਂ ਭੂਮਿਕਾ ਨੂੰ ਕੋਈ ਗੁਰਮਤਿ ਅਨੁਸਾਰ ਮਹੱਤਤਾ ਨਹੀਂ ਦਿਤੀ ਜਾਂਦੀ। ਨਾ ਹੀ ਗੁਰ ਇਤਿਹਾਸ ਵਿਚ ਮਹਾਨ ਉਚੇ ਗੁਰਸਿੱਖ ਇਸ ਅਵਸਥਾ ਵਿਚ ਵਿਚਰੇ ਹਨ। ਇਥੋਂ ਤਕ ਕਿ ਗੁਰੂ ਮਹਾਰਾਜ ਮਹਾਨ ਉਚ ਅਵਸਥਾ ਵਿਚ ਹੁੰਦੇ ਹੋਏ ਐਸੀ ਬੇਸੁਰਤੀ ਵਿਚ ਨਹੀਂ ਆਏ। ਗੁਰਮਤਿ ਵਿਚ ਗੁਰਮੁਖ ਸਹਿਜ ਦੀ ਅਵਸਥਾ ਵਿਚ ਵਿਚਰ ਰਿਹਾ ਹੁੰਦਾ ਹੈ ਜਿਸਨੂੰ ਪੂਰਨ ਗਿਆਨ ਕਹਿੰਦੇ ਹਨ। ਉਸ ਵਿਚ ਉਸ ਦੀ ਹਉਂ ਦਾ ਪੂਰੀ ਤਰ੍ਹਾਂ ਅਭਾਵ ਹੋਇਆ ਹੁੰਦਾ ਹੈ ਅਤੇ ਸਾਰੀ ਸੰਸਾਰਕ ਵਿਹਾਰਕ ਨਿਜੀ ਸਰੀਰਕ ਕ੍ਰਿਆ ਹੁਕਮ ਦੇ ਅਧੀਨ ਚਲ ਰਹੀ ਹੁੰਦੀ ਹੈ ਜਿਸ ਬਾਰੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਹੈ–

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ਪੰਨਾ – 1***

ਸੂਰਜ, ਚੰਦਰਮਾ, ਤਾਰੇ ਕੋਈ ਫੁਰਨਾ ਨਹੀਂ ਕਰਦੇ, ਵਗਦੇ ਦਰਿਆ ਕੋਈ ਫੁਰਨਾ ਨਹੀਂ ਕਰਦੇ, ਵਗਦੀ ਹਵਾ ਨੂੰ ਕੋਈ ਫੁਰਨਾ ਨਹੀਂ ਹੁੰਦਾ। ਸਿਰਫ ਕੁਦਰਤੀ ਕਾਨੂੰਨ ਦੇ ਮੁਤਾਬਿਕ (law of nature) ਬਿਲਕੁਲ ਮਿਥੇ ਹੋਏ ਨਿਯਮਾਂ ਅਧੀਨ ਕ੍ਰਿਆ ਕਰਦੇ ਹਨ, ਇਨ੍ਹਾਂ ਦੀ ਕ੍ਰਿਆ ਹਉਮੈ ਦੇ ਅਧੀਨ ਨਹੀਂ, ਹੁਕਮ ਦੇ ਅਧੀਨ ਹੁੰਦੀ ਹੈ। ਇਸੇ ਤਰ੍ਹਾਂ ਜਿਸ ਨੂੰ ਪੂਰਨ ਗਿਆਨ ਹੋ ਗਿਆ, ਉਸ ਦੀ ਕ੍ਰਿਆ ਹੁਕਮ ਦੇ ਅਧੀਨ ਹੋ ਜਾਂਦੀ ਹੈ, ਉਹ ਸ਼ਸ਼ਤਰ ਵੀ ਚਲਾ ਸਕਦਾ ਹੈ, ਗੁਰੂ ਦੇ ਫਰਜ਼ ਨਿਭਾ ਸਕਦਾ ਹੈ, ਦਿਆਲੂ ਕ੍ਰਿਪਾਲੂ ਹੋ ਕੇ ਆਪਣੇ ਦਿਸਦੇ ਜੀਵਨ ਦਾ ਬਲੀਦਾਨ ਵੀ ਦੇ ਸਕਦਾ ਹੈ। ਇਸ ਅਵਸਥਾ ਨੂੰ ਸਮਝਣ ਦੀ ਲੋੜ ਹੈ ਕਿਉਂਕਿ ਇਥੇ ਬਹੁਤ ਵੱਡੇ ਭੁਲੇਖੇ ਪੈਂਦੇ ਹਨ। ਸਾਡੇ ਮਹਾਂਪੁਰਸ਼ ਵੇਦਾਂਤ ਦੀ ਆਮ ਤੌਰ ਤੇ ਛੇਵੀਂ ਸਤਵੀਂ ਭੂਮਿਕਾ ਦਾ ਪੂਰਨ ਪ੍ਰਾਪਤੀ ਲਈ ਜ਼ਿਕਰ ਕਰਦੇ ਹਨ ਪਰ ਅਸੀਂ ਉਥੇ ਤਕ ਸਹਿਮਤ ਹਾਂ ਜਿਥੇ ਤਕ ਭਾਈ ਘਨਈਆ ਜੀ ਨੇ ਹੁਕਮ ਅਧੀਨ ਤਪ ਕੀਤਾ। ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ ਪੰਨਾ – 1***

ਇਸ ਜੀਵਨ ਨੂੰ ਸਤਿ ਦਾ ਜੀਵਨ ਕਿਹਾ ਜਾਂਦਾ ਹੈ, ਇਸ ਸੋਝੀ ਨੂੰ ਨਾਮ ਪ੍ਰਾਪਤੀ ਦੀ ਸੋਝੀ

ਕਿਹਾ ਜਾਂਦਾ ਹੈ। ਇਹ ਅਤਿ ਕਠਿਨ ਅਵਸਥਾ ਹੈ ਜੋ ਵਿਰਲੇ ਵਿਰਲੇ ਪੁਰਸ਼ ਨੂੰ ਪ੍ਰਾਪਤ ਹੁੰਦੀ ਹੈ। ਸਤਿਜੁਗ ਦੇ ਵਿਚ ਇਸ ਸਤਿ ਨੂੰ ਉਸ ਸਮੇਂ ਦੇ ਮਨੁੱਖ ਪੂਰੀ ਤਰ੍ਹਾਂ ਦੇ ਨਾਲ ਸਮਝਦੇ ਸਨ। ਇਸ ਸਮੇਂ ਕਲਜੁਗ ਵਿਚ ਹਉਮੈ ਦਾ ਅੰਧ ਗੁਬਾਰ ਸਾਰੀ ਸੂਝ ਨੂੰ ਆਪਣੇ ਅਸਰ ਵਿਚ ਲੈ ਗਿਆ ਹੈ। ਗੱਲਾਂ ਦੇ ਗਿਆਨੀ ਬਹੁਤ ਨੇ, ਉਨ੍ਹਾਂ ਦੇ ਵਖਿਆਨਾਂ ਵਿਚ ਬਹੁਤ ਖਿੱਚ ਹੋਵੇਗੀ, ਪ੍ਰੇਰਨਾ ਹੋਵੇਗੀ ਪਰ ਇਹ ਸਭ ਕੁਝ ਹਉਮੈ ਦੇ ਮੰਡਲ ਤੋਂ ਹੀ ਵਿਆਖਿਆ ਕੀਤਾ ਹੋਇਆ ਨਿਰਜਿੰਦ ਗਿਆਨ ਹੈ। ਗਿਆਨੀ ਕਹਾਉਣ ਵਾਲਾ ਪੂਰੀ ਸੂਝ ਵਾਲੀ ਅਵਸਥਾ ਤੋਂ ਬਗੈਰ ਅੰਧ ਗਿਆਨੀ ਹੀ ਹੁੰਦਾ ਹੈ। ਅੰਧ ਗਿਆਨ ਦੀ ਸੂਝ ਵੀ ਅੰਧ ਹੀ ਹੁੰਦੀ ਹੈ। ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ –

***ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ ਸਤਜੁਗਿ ਪਰਮ ਹੰਸ ਬੀਚਾਰੀ॥***
***ਦੁਆਪਰਿ ਤ੍ਰੇਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ॥ ਪੰਨਾ – 1131***

ਸੋ ਇਹ ਸਤਿ ਦਾ ਪੈਰ ਸਤਿਜੁਗ ਵਿਚ ਕਾਇਮ ਸੀ ਜਿਸਨੂੰ ਸੰਕੇਤਕ ਤੌਰ ਤੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਵਿਚ ਪ੍ਰਗਟ ਕਰਦਿਆਂ ਕਿਹਾ ਹੈ –

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ – 1***

ਵਾਹਿਗੁਰੂ ਤੋਂ ਬਗੈਰ ਇਸ ਸੰਸਾਰ ਵਿਚ ਹੋਰ ਕੋਈ ਨਹੀਂ ਹੈ। ਆਪ ਹੀ ਅਨੇਕਾਂ ਰੰਗਾਂ, ਰੂਪਾਂ ਵਿਚ ਆਪਣੀ ਖੇਡ ਕਰ ਰਿਹਾ ਹੈ। ਕਿਤੇ ਗਿਆਨੀ ਹੈ, ਕਿਤੇ ਅਗਿਆਨੀ ਹੈ, ਕਿਤੇ ਦੇਣ ਵਾਲਾ ਦਾਤਾ ਹੈ, ਕਿਤੇ ਲੈਣ ਵਾਲਾ ਮੰਗਤਾ ਹੈ, ਕਿਤੇ ਜੰਮਦਾ ਹੈ, ਕਿਤੇ ਮਰਦਾ ਹੈ, ਕਿਤੇ ਪਾਪੀ ਹੈ, ਕਿਤੇ ਪੁੰਨੀ ਹੈ, ਕਿਤੇ ਖੋਹਦਾ ਹੈ, ਕਿਤੇ ਪੁੰਨ ਦਾਨ ਕਰਦਾ ਹੈ ਜਿਵੇਂ ਕਿ ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ –

***ਕਤਹੂੰ ਅਚੇਤ ਹੁਇਕੈ ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,***
***ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥ ਅਕਾਲ ਉਸਤਤਿ***

ਸੋ ਇਹ ਸੋਝੀ ਹੈ ਜਿਸ ਵਿਚ ਜੀਵ ਦਾ ਆਪਣੀ ਹੋਂਦ ਤੋਂ ਪੂਰੀ ਤਰ੍ਹਾਂ ਅਭਾਵ ਹੋ ਜਾਂਦਾ ਹੈ, ਹਉਮੈ ਦਾ ਘੇਰਾ ਟੁੱਟ ਚੁਕਿਆ ਹੁੰਦਾ ਹੈ ਅਤੇ ਹਰ ਥਾਂ ਦੇ ਉਤੇ ਪ੍ਰਮੇਸ਼ਰ ਹੀ ਪ੍ਰਮੇਸ਼ਰ ਹੁੰਦਾ ਹੈ। ਜੇ ਮੈਂ ਇਹ ਕਹਾਂ ਕਿ ਜਿਸ ਨੇ ਪ੍ਰਮੇਸ਼ਰ ਦੇ ਦਰਸ਼ਨ ਕਰ ਲਏ, ਉਹ ਬ੍ਰਹਮਗਿਆਨੀ ਹੈ, ਇਹ ਵੀ ਗੱਲ ਨਹੀਂ ਬਣਦੀ ਕਿਉਂਕਿ ਪ੍ਰਮੇਸ਼ਰ ਤੋਂ ਵਖਰਾ ਦੇਖਣ ਵਾਲਾ ਕੋਈ ਹੋਰ ਨਜ਼ਰ ਨਹੀਂ ਆਉਂਦਾ। ਇਹ ਤਾਂ ਅੰਦਰੋਂ ਬਾਹਰੋਂ ਦ੍ਰਿਸ਼ਟਾ ਤੇ ਅਦ੍ਰਿਸ਼ਟ ਇਕ ਹੋ ਜਾਵੇ ਉਹ ਸਤਿ ਅਵਸਥਾ ਹੋਇਆ ਕਰਦੀ ਹੈ। ਹਰ ਥਾਂ ਗੋਬਿੰਦ ਹੀ ਹੈ।

ਸੋ ਸਤਿਜੁਗ ਦੇ ਬੰਦੇ ਸਤਿ ਦਾ ਜੀਵਨ ਬਤੀਤ ਕਰਦੇ ਸਨ, ਸਤਿ ਬੋਲਦੇ ਸਨ, ਇਸ ਕਰਕੇ ਉਨ੍ਹਾਂ ਨੂੰ ਪਰਮਹੰਸ ਕਿਹਾ ਗਿਆ।

ਦੂਸਰਾ ਪੈਰ ਯੱਗ ਦਾ ਹੁੰਦਾ ਸੀ। ਯੱਗ ਹੱਠ ਯੋਗ ਤੇ ਅਧਾਰਤ ਕੁਝ ਸਾਧਨ ਸਨ, ਜਿਨ੍ਹਾਂ ਨੂੰ ਕਿਸੇ ਨਿਯਤ ਕੀਤੀ ਵਿਧੀ ਦੇ ਮੁਤਾਬਿਕ ਕਿਸੇ ਇਕਾਂਤ ਥਾਂ ਤੇ ਜਾ ਕੇ ਕੀਤਾ ਜਾਂਦਾ ਸੀ। ਆਮ ਤੌਰ ਤੇ ਅਗਨ ਕੁੰਡ ਬਣਾ ਕੇ ਉਸ ਦੇ ਅੱਗੇ ਬੈਠ ਕੇ ਕਿਸੇ ਮੰਤਰ ਦਾ ਉਚਾਰਨ ਕੀਤਾ ਜਾਂਦਾ ਸੀ, ਅਹੂਤੀਆਂ

ਅੱਗ ਵਿਚ ਪਾਈਆਂ ਜਾਂਦੀਆਂ ਸਨ, ਕੋਈ ਅਰਾਧਨਾ ਕੀਤੀ ਜਾਂਦੀ ਸੀ। ਜਦੋਂ ਮਨੋਰਥ ਪੂਰਾ ਹੋ ਜਾਂਦਾ ਸੀ ਤਾਂ ਉਸ ਨੂੰ ਕਿਹਾ ਜਾਂਦਾ ਸੀ ਕਿ ਯੱਗ ਸੰਪੂਰਨ ਹੋ ਗਿਆ ਹੈ। ਪੂਰਨਤਾ ਉਪਰੰਤ ਲੰਗਰ ਵਗੈਰਾ ਚਲਾਏ ਜਾਂਦੇ ਸਨ, ਪੁੰਨ ਦਾਨ ਕੀਤੇ ਜਾਂਦੇ ਸਨ। ਇਹ ਤ੍ਰੇਤੇ ਯੁੱਗ ਦਾ ਮੁਖ ਸਾਧਨ ਸੀ ਪਰ ਇਸ ਯੁਗ ਵਿਚ ਆਦਮੀ ਥੋੜ੍ਹਾ ਹੇਠਾਂ ਆ ਗਿਆ ਸੀ ਅਤੇ ਉਸ ਵਿਚ ਸਮੁੱਚੇ ਸਤਿ ਦਾ ਅਨੁਭਵ ਮੱਧਮ ਪੈ ਗਿਆ ਸੀ ਅਤੇ ਵਖਰਾਪੁਣ ਮਹਿਸੂਸ ਦੇਣ ਲਗ ਗਿਆ ਸੀ। ਇਸ ਸੂਝ ਨੂੰ ਮਨੁੱਖ ਦੀ ਸੂਝ ਕਿਹਾ ਜਾਂਦਾ ਹੈ ਇਸੇ ਤਰ੍ਹਾਂ ਦੁਆਪਰ ਯੁੱਗ ਵਿਚ ਤਪ ਕੀਤੇ ਜਾਂਦੇ ਸਨ। ਤਪਾਂ ਦੇ ਬਲ ਕਰਕੇ ਆਪਣੇ ਮੰਤਵ ਤਕ ਪਹੁੰਚਣ ਦਾ ਯਤਨ ਕੀਤਾ ਜਾਂਦਾ ਸੀ ਪਰ ਇਹ ਸਾਧਨ ਹਉਮੈ ਦੇ ਅਧੀਨ ਹੋਣ ਕਰਕੇ ਅੰਤਰ ਗਿਆਨ ਦਾ ਪ੍ਰਕਾਸ਼ ਨਹੀਂ ਸਨ ਕਰਦੇ। ਕਲਜੁਗ ਦੇ ਵਿਚ ਮਨੁੱਖ ਦਿਸ਼ਾਹੀਣ ਹੋ ਚੁਕਿਆ ਹੈ। ਮਾਇਆ ਵਿਚ ਐਨਾ ਖਚਿਤ ਹੋ ਗਿਆ ਹੈ ਕਿ ਆਪਣਾ ਪਰਮ ਮਨੋਰਥ ਮਾਇਆ ਦੀਆਂ ਪ੍ਰਾਪਤੀਆਂ ਹਾਸਲ ਕਰਨ ਵਿਚ ਹੀ ਸਮਝਦਾ ਹੈ। ਪਹਿਲੇ ਯੁਗਾਂ ਵਿਚ ਕੀਤੇ ਸਾਧਨ ਮਹਾਂਪੁਰਸ਼ਾਂ ਦੇ ਦੱਸੇ ਹੋਏ ਰਾਹ ਰਾਹੀਂ ਪੂਰੇ ਹੋ ਜਾਂਦੇ ਸਨ। ਪਹਿਲਾਂ ਇਰਾਦਾ ਕਿਉਂਕਿ ਦ੍ਰਿੜ੍ਹ ਹੁੰਦਾ ਸੀ, ਮਹਾਂਪੁਰਸ਼ ਸਤਿ ਦਾ ਗਿਆਨ ਕਰਾ ਦਿੰਦੇ ਸਨ, ਉਨ੍ਹਾਂ ਦੇ ਜੀਵਨ ਵਿਚ ਸਤਿ ਦਾ ਪ੍ਰਕਾਸ਼ ਹੁੰਦਾ ਸੀ ਅਤੇ ਉਹ ਕੁਝ ਸਮਾਂ ਗ੍ਰਹਿਸਤ ਵਿਚ ਜੀਵਨ ਗੁਜ਼ਾਰਨ ਪਿਛੋਂ ਸਾਧਨਾ ਸੰਪੰਨ ਹੋਣ ਲਈ ਇਕਾਂਤ ਥਾਵਾਂ ਤੇ ਰਿਹਾਇਸ਼ ਕਰ ਲਿਆ ਕਰਦੇ ਸਨ ਅਤੇ ਆਪਣੀ ਸਾਰੀ ਬਣਾਈ ਹੋਈ ਜਾਇਦਾਦ ਆਪਣੇ ਪੁੱਤਰ ਦੇ ਹੱਥ ਵਿਚ ਦੇ ਦਿੰਦੇ ਸਨ ਅਤੇ ਆਪ ਮਹਾਂਪੁਰਸ਼ਾਂ ਦੀ ਸਿਖਿਆ ਲੈ ਕੇ ਪ੍ਰਮ ਪਦ ਪ੍ਰਾਪਤ ਕਰ ਲੈਂਦੇ ਸਨ।

ਕਲਜੁਗ ਵਿਚ ਆਦਮੀ ਐਨਾ ਦਿਸ਼ਾਹੀਣ ਹੋ ਗਿਆ ਕਿ ਉਸ ਨੂੰ ਸਤਿ ਦਾ ਗਿਆਨ ਹੁੰਦਾ ਹੀ ਨਹੀਂ, ਜੇ ਭਲਾ ਕਿਤੇ ਬਿਜਲੀ ਦੇ ਲਿਸ਼ਕਾਰੇ ਵਾਂਗੂੰ ਹੋ ਵੀ ਜਾਂਦਾ ਹੈ ਤਾਂ ਇਕ ਦਮ ਉਸਨੂੰ ਉਸੇ ਮਾਇਆ ਵਿਚ ਮੁੜ ਗੁਆਚ ਜਾਣਾ ਪੈਂਦਾ ਹੈ।

ਸੋ ਵਿਚਾਰ ਹੋ ਰਹੀ ਸੀ ਏਕੰਕਾਰ ਜੀ ਦੀ ਜਿਸ ਨੂੰ ਸਤਿ ਅਤੇ ਨਾਮ ਕਿਹਾ ਗਿਆ ਹੈ। ਬਹੁਤ ਸਾਰੇ ਮਤਾਂ ਵਿਚ ਵਾਹਿਗੁਰੂ ਜੀ ਨੂੰ ਕੇਵਲ ਚੇਤਨ ਸ਼ਕਤੀ ਕਿਹਾ ਗਿਆ ਹੈ ਜਿਸ ਦਾ ਪ੍ਰਕ੍ਰਿਤੀ ਉਤੇ ਪਰਛਾਵਾਂ ਪੈਣ ਨਾਲ ਉਸ ਉਪਰ ਅਸਰ ਹੁੰਦਾ ਹੈ। ਪ੍ਰਕ੍ਰਿਤੀ ਦੇ ਤਿੰਨ ਗੁਣ ਰਜੋ ਗੁਣ, ਤਮੋ ਗੁਣ, ਸਤੋ ਗੁਣ ਇਹ ਘੱਟ ਵੱਧ ਹੋਣ ਲਗ ਜਾਂਦੇ ਹਨ ਜਿਸ ਕਰਕੇ ਪ੍ਰਕ੍ਰਿਤੀ ਬਹੁ ਰੂਪਾਂ ਦੇ ਅੰਦਰ ਫੈਲ ਜਾਂਦੀ ਹੈ। ਕਈ ਮਤਾਂ ਦਾ ਤਾਂ ਇਹ ਖਿਆਲ ਹੈ ਕਿ ਜੀਵ ਅਨਾਦੀ ਹੈ, ਕਈ ਪ੍ਰਕ੍ਰਿਤੀ ਦੇ ਵਿਚ ਜੋ ਮੈਂ ਭਾਵ ਉਪਜਦਾ ਹੈ ਉਸ ਨੂੰ ਹੀ ਜੀਵ ਕਹਿੰਦੇ ਹਨ। ਗੁਰਮਤਿ ਵਿਚ ਜੀਵ ਨੂੰ ਅਤੇ ਪ੍ਰਕਿਰਤੀ ਨੂੰ ਅਨਾਦੀ ਨਹੀਂ ਮੰਨਿਆ ਗਿਆ, ਕੇਵਲ ਵਾਹਿਗੁਰੂ ਜੀ ਹੀ ਅਨਾਦੀ ਹਨ, ਹੁਕਮ ਵਿਚ ਹੀ ਜੀਵ ਦੀ ਹੋਂਦ ਕਾਇਮ ਹੁੰਦੀ ਹੈ ਅਤੇ ਹੁਕਮ ਵਿਚ ਹੀ ਸਾਰੀ ਰਚਨਾ ਹੁੰਦੀ ਹੈ। ਇਸ ਰਚਨਾ ਦੀ ਹੋਂਦ ਓਦੋਂ ਤਕ ਕਾਇਮ ਰਹਿੰਦੀ ਹੈ ਜਦੋਂ ਤਕ ਇਹ ਜੀਵ ਹਉਮੈ ਦੇ ਘੇਰੇ ਵਿਚ ਘਿਰਿਆ ਹੋਇਆ ਹੈ। ਗੁਰਮਤਿ ਅਨੁਸਾਰ ਵਾਹਿਗੁਰੂ ਜੀ ਕਰਤਾ ਹਨ। ਸਾਰੀ ਸ੍ਰਿਸ਼ਟੀ ਆਪਣੇ ਹੁਕਮ ਦੇ ਅਧੀਨ ਕਰਤੇ ਦੇ ਰੂਪ ਵਿਚ ਪ੍ਰਗਟ ਕਰਦੇ ਹਨ। ਉਹ ਕੇਵਲ ਚੇਤਨ ਤੱਤ ਹੀ ਨਹੀਂ ਹਨ, ਉਹ ਕਰਤਾ ਵੀ ਹਨ। ਹਰ ਥਾਂ ਉਤੇ ਸਮਾਏ ਹੋਏ ਵੀ ਹਨ ਅਤੇ ਹਰ ਘਟ ਵਿਚ ਹੋ ਰਹੀ ਉਥੱਲ ਪੁਥੱਲ ਤੋਂ ਪੂਰੀ ਤਰ੍ਹਾਂ ਜਾਣੂੰ ਹਨ। ਉਨ੍ਹਾਂ ਨੂੰ ਨਾਸ਼ ਹੋ ਜਾਣ ਦਾ ਡਰ ਨਹੀਂ ਹੈ, ਉਸ ਦਾ ਕਿਸੇ ਨਾਲ ਵੈਰ ਨਹੀਂ ਹੈ ਕਿਉਂਕਿ ਉਹ ਆਪਣੇ ਆਪ ਹੀ ਹਨ। ਕਾਲ ਦਾ ਭਾਵੇਂ ਕਿੰਨਾ ਹੀ ਸਮਾਂ ਬੀਤ ਜਾਵੇ ਉਸ ਦਾ ਵਾਹਿਗੁਰੂ ਉਪਰ ਕੋਈ ਵੀ ਅਸਰ ਨਹੀਂ ਹੁੰਦਾ ਕਿਉਂਕਿ ਕਾਲ ਉਨ੍ਹਾਂ ਦਾ ਹੀ ਬਣਾਇਆ ਹੋਇਆ ਹੈ, ਉਹ ਆਪ ਅਕਾਲ ਹਨ। ਮਹਾਰਾਜ ਜੀ ਨੇ ਤਾਂ ਉਨ੍ਹਾਂ ਨੂੰ ਸਦਾ ਸਦਾ ਦਇਆਲ ਕਹਿ ਕੇ ਸੰਬੋਧਨ ਕੀਤਾ ਹੈ। ਇਸ ਨਾਲ ਉਨ੍ਹਾਂ ਉਪਰ ਕੋਈ ਕ੍ਰਿਆ ਕਰਨ ਦਾ ਦੋਸ਼ ਨਹੀਂ ਆਉਂਦਾ। ਗੁਰਮਤਿ ਵਿਚ ਵਾਹਿਗੁਰੂ ਜੀ ਦੀ ਹੋਂਦ ਇਸ ਤਰ੍ਹਾਂ ਹੈ ਜਿਵੇਂ ਕਿ ਬਾਪ ਤੇ ਪੁਤਰ ਦਾ ਵਰਤਾਰਾ ਹੁੰਦਾ ਹੈ, ਉਹ ਹਸਤੀ ਹਨ ਜਿਹੜੀ ਕਦੇ ਵੀ ਵਿਨਾਸ਼ ਨਹੀਂ ਹੁੰਦੀ। ਉਹ ਗਿਆਨ ਦਾ ਸਰੂਪ ਹੀ ਨਹੀਂ ਹਨ ਸਗਵਾਂ ਪੂਰਨ ਗਿਆਨ ਹਨ, ਸੈਭੰ ਹੈ। ਉਨ੍ਹਾਂ ਵਿਚ ਕ੍ਰਿਪਾ ਦਾ ਬੇਅੰਤ ਬੇਅੰਤ ਭੰਡਾਰ ਹੈ ਅਤੇ ਉਹ ਸਾਰੀ ਕਾਇਨਾਤ ਦੇ ਗੁਰੂ ਹਨ। ਉਨ੍ਹਾਂ ਦੀ ਕ੍ਰਿਪਾ ਦੇ ਨਾਲ ਹਉਮੈ ਵਿਚ ਆਏ ਹੋਏ ਜੀਵ ਸਮਰੱਥ ਗੁਰੂ ਦੇ ਬਖਸ਼ੇ ਹੋਏ ਗਿਆਨ ਅਧੀਨ ਉਸਨੂੰ ਪਛਾਣ ਸਕਦੇ ਹਨ। ਇਥੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ

ਸਦਾ ਸਦਾ ਲਈ ਸਤਿ ਕਿਹਾ ਹੈ -

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*** ***ਪੰਨਾ - 1***

ਇਹ ਸਤਿ ਦੀ ਸੂਝ ਪ੍ਰਾਪਤ ਕਰਨ ਲਈ ਗੁਰੂ ਮਹਾਰਾਜ ਨੇ ਕੁਝ ਰਹਿਤਾਂ ਦੱਸੀਆਂ ਹਨ ਜਿਨ੍ਹਾਂ ਦੇ ਅਧਾਰ ਤੇ ਇਹ ਜੀਵ ਸਤਿ ਵਿਚ ਸਮਾਅ ਸਕਦਾ ਹੈ ਅਤੇ ਸਤਿ ਦੀ ਪ੍ਰਾਪਤੀ ਕਰ ਸਕਦਾ ਹੈ। ਆਪ ਨੇ ਫੁਰਮਾਨ ਕੀਤਾ ਹੈ ਕਿ ਜਿੰਨੀ ਦੇਰ ਤਕ ਹਿਰਦੇ ਵਿਚ ਇਸ ਸਤਿ ਵਾਹਿਗੁਰੂ ਲਈ ਪਿਆਰ ਪੈਦਾ ਨਹੀਂ ਹੁੰਦਾ, ਉਸ ਦਾ ਵਾਸ ਹਿਰਦੇ ਵਿਚ ਨਹੀਂ ਹੋ ਜਾਂਦਾ, ਉਸ ਸਮੇਂ ਤਕ ਜੀਵ ਦੀ ਸੋਝੀ ਖਾਲੀ ਭਾਵ ਹੀ ਹੈ। ਉਸ ਸਤਿ ਨੂੰ ਉਸ ਸਮੇਂ ਹੀ ਜਾਣਿਆ ਜਾਂਦਾ ਹੈ ਜਦੋਂ ਪੂਰਨ ਰੂਪ ਵਿਚ ਵਾਹਿਗੁਰੂ ਦੀ ਰਿਦੈ ਵਿਚ ਸਮਾਈ ਹੋ ਜਾਂਦੀ ਹੈ।

***ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ।***
***ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥*** ***ਪੰਨਾ - 468***

ਦੂਸਰਾ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਸ ਸੱਚ ਨੂੰ, ਇਸ ਹੋਂਦ ਨੂੰ ਜੋ ਅਕਾਲ ਹੈ ਤਾਂ ਹੀ ਜਾਣਿਆ ਜਾਂਦਾ ਹੈ ਜੇ ਰਿਦੈ ਵਿਚ ਪੂਰਨ ਪਿਆਰ ਵਾਲੀ ਖਿੱਚ ਸਮਾਈ ਹੋਵੇ ਜਿਸ ਬਾਰੇ ਬਾਣੀ ਵਿਚ ਫੁਰਮਾਨ ਆਉਂਦਾ ਹੈ। ਹੋਰ ਸਾਰੀਆਂ ਖਿੱਚਾਂ ਦੀ ਨਵਿਰਤੀ ਕਰਕੇ - ਜਾਇਦਾਦ, ਰਿਸ਼ਤੇਦਾਰ ਆਦਿ ਦੀਆਂ ਜੋ ਪ੍ਰਾਪਤੀਆਂ ਦੀਆਂ ਖਿੱਚਾਂ ਹਨ ਉਨ੍ਹਾਂ ਸਭ ਨਾਲੋਂ ਟੁਟ ਕੇ ਪ੍ਰਮੇਸ਼ਰ ਦਾ ਪਿਆਰ ਹਿਰਦੇ ਵਿਚ ਭਰ ਜਾਵੇ ਤਾਂ ਫਿਰ ਉਸ ਸੱਚ ਦੀ ਪਛਾਣ ਹੋ ਸਕਦੀ ਹੈ। ਜਦੋਂ ਇਹ ਪਿਆਰ ਹਿਰਦੇ ਵਿਚ ਵਸਿਆ ਹੋਵੇਗਾ, ਜਦੋਂ ਕੋਈ ਵੀ ਇਸ ਸਤਿ ਦਾ ਕਲਪਿਆ ਹੋਇਆ ਕੋਈ ਵੀ ਨਾਮ ਲਵੇਗਾ ਤਾਂ ਉਹ ਨਾਮ ਬਹੁਤ ਹੀ ਪਿਆਰਾ ਲੱਗੇਗਾ ਅਤੇ ਮਨ ਖਿੜ ਜਾਵੇਗਾ ਅਤੇ ਵੱਡੀ ਤੋਂ ਵੱਡੀ, ਜਿਸ ਨੂੰ ਮੋਖ ਪਦਵੀ ਕਹਿੰਦੇ ਹਨ, ਉਸ ਦੀ ਪ੍ਰਾਪਤੀ ਹੋ ਜਾਵੇਗੀ -

***ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥***
***ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥*** ***ਪੰਨਾ - 468***

ਤੀਸਰੀ ਰਹਿਤ ਗੁਰੂ ਮਹਾਰਾਜ ਜੀ ਨੇ ਜੋ ਦੱਸੀ ਹੈ ਉਹ ਹੈ ਜੁਗਤ ਦੀ, ਜੁਗਤ ਪੂਰੇ ਸਤਿਗੁਰੂ ਤੋਂ ਪ੍ਰਾਪਤ ਹੁੰਦੀ ਹੈ ਜਿਸ ਅਨੁਸਾਰ ਆਦਮੀ ਸੰਸਾਰ ਵਿਚ ਰਹਿੰਦਾ ਹੈ, ਖਾਂਦਾ ਪੀਂਦਾ ਹੈ, ਜੁਗਤ ਧਾਰਨ ਕਰ ਲੈਂਦਾ ਹੈ ਅਤੇ ਇਸ ਸਰੀਰ ਨੂੰ ਪੂਰੀ ਤਰ੍ਹਾਂ ਸੋਧ ਲੈਂਦਾ ਹੈ ਜਿਵੇਂ ਕਿ ਉਹ ਪੂਰੀ ਤਰ੍ਹਾਂ ਅਨੁਭਵ ਵਿਚ ਸਮਾਅ ਲਵੇ ਕਿ ਮੇਰੀ ਹੋਂਦ ਪ੍ਰਾਣ ਉਪਾਨ, ਉਦਾਨ, ਬਿਆਨ, ਸਮਾਨ ਵਿਚੋਂ ਕੋਈ ਵੀ ਨਹੀਂ ਹੈ, ਸਰੀਰ ਦੇ ਸਬੰਧ ਨਾਲ ਬਣਿਆ ਹੋਇਆ ਮਨ ਉਹ ਵੀ ਮੈਂ ਨਹੀਂ ਹਾਂ, ਨਾ ਹੀ ਮੈਂ ਬੁੱਧੀ ਹਾਂ, ਨਾ ਹੀ ਚਿੱਤ ਹਾਂ ਅਤੇ ਨਾ ਹੀ ਮੈਂ ਅਹੰਭਾਵ ਬਣਿਆ ਹੋਇਆ ਹਾਂ, ਨਾ ਅੰਤਸ਼ਕਰਣ ਹਾਂ ਅਤੇ ਨਾ ਹੀ ਇਸ ਵਿਚ ਰਮਿਆ ਹੋਇਆ ਅਹੰਭਾਵ ਹਾਂ ਜਾਂ ਐਉਂ ਨਿਸ਼ਚੇ ਕਰ ਲਵੇ ਕਿ -

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥***
***ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥*** ***ਪੰਨਾ - 827***

ਮੈਂ ਕੀ ਹਾਂ, ਕੁਝ ਵੀ ਨਹੀਂ ਹਾਂ। ਇਹ ਤਾਂ ਸਾਰਾ ਖੇਲ੍ਹ ਅਗੰਮ ਤੋਂ ਹੀ ਹੋ ਰਿਹਾ ਹੈ, ਅਹੰਭਾਵ ਅਸੱਤਿ ਹੈ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*** ***ਪੰਨਾ - 846***

ਜੇ ਉਸਦੇ ਮਨ ਵਿਚ ਇਹ ਭਾਵ ਵੀ ਪੈਦਾ ਹੋ ਜਾਵੇ ਕਿ ਮੈਂ ਪ੍ਰਮੇਸ਼ਰ ਹਾਂ, ਇਸ ਤਰ੍ਹਾਂ ਉਸਦੇ ਅੰਦਰ ਹਉਮੈ ਦੀ ਹੋਂਦ ਕਾਇਮ ਰਹਿ ਜਾਂਦੀ ਹੈ। ਉਸ ਨੂੰ ਪ੍ਰਮੇਸ਼ਰ ਦਾ ਭਾਵ ਅਤੇ ਮੈਂ ਦਾ ਅਭਾਵ ਹੋਵੇ

ਅਤੇ ਕਰਤੇ ਦੀ ਪੂਰਨ ਸੋਝੀ ਹੋਵੇ ਉਸ ਬਾਰੇ ਫੁਰਮਾਨ ਹੈ –

*ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥*
*ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥* *ਪੰਨਾ – 468*

ਸਰੀਰ ਰੂਪੀ ਧਰਤੀ ਵਿਚੋਂ ਪਰੀਪੂਰਨ ਨਾਮ ਦਾ ਪ੍ਰਕਾਸ਼ ਪੈਦਾ ਹੋ ਜਾਣਾ ਸਤਿ ਦੀ ਪ੍ਰਾਪਤੀ ਹੈ। ਇਸੇ ਤਰ੍ਹਾਂ ਦੇ ਨਾਲ ਸੱਚ ਦੀ ਪਛਾਣ ਸਮਰੱਥ ਗੁਰੂ ਦੇ ਸਤਿ ਉਪਦੇਸ਼ ਨੂੰ ਧਾਰਨ ਕਰਨ ਨਾਲ ਹੋ ਜਾਇਆ ਕਰਦੀ ਹੈ। ਉਸ ਵੇਲੇ ਸਾਰੇ ਸੰਸਾਰ ਦੇ ਜੀਵ ਉਸ ਨੂੰ ਪ੍ਰਮੇਸ਼ਰ ਦ੍ਰਿਸ਼ਟੀ ਆਉਣੇ ਸ਼ੁਰੂ ਹੋ ਜਾਂਦੇ ਹਨ ਜੋ ਕਲਪਤ ਅਵਸਥਾ ਨਹੀਂ ਹੈ। ਉਸ ਵੇਲੇ ਸ਼ੁਭ ਸਿਖਿਆਵਾਂ, ਸ਼ੁਭ ਵਿਚਾਰਾਂ ਦੀ ਸਾਂਝ ਸੰਸਾਰ ਨਾਲ ਪਾਉਣ ਕਰਕੇ ਸਾਰਾ ਸੰਸਾਰ ਇਕੋ ਪ੍ਰਮੇਸ਼ਰ ਦਿਸਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਸ ਸਤਿ ਦੀ ਪ੍ਰਾਪਤੀ ਨੂੰ ਸਥਿਰ ਰੱਖਣ ਲਈ ਮੈਂ ਦੇ ਕੂੜੇ ਮੰਡਲ ਵਿਚੋਂ ਨਿਕਲ ਕੇ ਆਤਮ ਮੰਡਲ ਵਿਚ ਪ੍ਰਵੇਸ਼ ਹੋ ਜਾਂਦਾ ਹੈ। ਆਤਮਾ ਅਤੇ ਪ੍ਰਮਾਤਮਾ ਦੋ ਨਹੀਂ, ਇਕੋ ਹੀ ਹੋਇਆ ਕਰਦੇ ਹਨ। ਸੋ ਇਸ ਤਰ੍ਹਾਂ ਇਹ ਅਵਸਥਾ ਸਮਰੱਥ ਸਤਿਗੁਰੂ ਦੇ ਗਿਆਨ ਤੋਂ ਪ੍ਰਾਪਤ ਹੋ ਕੇ, ਸਾਧਨ ਕਰਨ ਨਾਲ, ਆਤਮ ਚਿੰਤਨ ਕਰਨ ਦੇ ਨਾਲ ਸਤਿ ਦਾ ਨਿਵਾਸ ਕਰਾ ਦਿੰਦੀ ਹੈ। ਹਉਮੈ ਦੇ ਮੰਡਲ ਵਿਚ ਆਏ ਹੋਏ ਸਾਰੇ ਜਗਤ ਦੇ ਦੁਖਾਂ ਦਾ ਨਾਸ਼ ਕਰਨ ਲਈ ਇਹ ਸਤਿ ਦੀ ਪਛਾਣ ਦਾਰੂ ਰੂਪ ਵਿਚ ਹੁੰਦੀ ਹੈ। ਜਿਨ੍ਹਾਂ ਦੇ ਸਤਿ ਪੱਲੇ ਹੈ ਉਹ ਧੰਨ ਹਨ, ਉਹ ਪ੍ਰਮੇਸ਼ਰ ਹੀ ਹਨ। ਪ੍ਰਮੇਸ਼ਰ ਦੀ ਸਿਰਜੀ ਹੋਈ ਸ੍ਰਿਸ਼ਟੀ ਵਿਚੋਂ ਦੇਵਤਿਆਂ ਦਾ ਦਰਜਾ ਬਹੁਤ ਉਚਾ ਹੈ ਜਿਨ੍ਹਾਂ ਵਿਚ ਮੁਖ ਸ਼ਿਵ ਜੀ, ਵਿਸ਼ਨੂੰ ਜੀ, ਬ੍ਰਹਮਾ ਜੀ ਹਨ ਉਨ੍ਹਾਂ ਬਾਰੇ ਐਸਾ ਫੁਰਮਾਨ ਆਉਂਦਾ ਹੈ ਕਿ ਜਿਥੇ ਸਤਿ ਦੇ ਸੰਗ ਨਾਲ ਪ੍ਰਮੇਸ਼ਰ ਦੇ ਪਿਆਰੇ ਜੁੜਦੇ ਹਨ ਉਥੇ ਵਿਸ਼ਨੂੰ ਜੀ ਗੁਪਤ ਰੂਪ ਵਿਚ ਆ ਕੇ ਬੈਠ ਜਾਂਦੇ ਹਨ। ਸ਼ਿਵਜੀ ਮਹਾਰਾਜ ਬਾਰੇ ਤਾਂ ਫੁਰਮਾਨ ਹੈ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥* *ਪੰਨਾ – 273*

ਇਸੇ ਤਰ੍ਹਾਂ ਬ੍ਰਹਮਾ ਜੀ ਬ੍ਰਹਮ ਗਿਆਨੀ ਦੇ ਦਰਸ਼ਨਾਂ ਵਿਚੋਂ ਸਤਿ ਗਿਆਨ ਸੰਸਾਰ ਵਿਚ ਵਰਤਾਅ ਰਹੇ ਹਨ, ਭਾਵੇਂ ਉਹ ਰਿਸ਼ੀਆਂ ਮੁਨੀਆਂ ਦੇ ਰਾਹੀਂ ਪ੍ਰਗਟ ਹੋਇਆ, ਭਾਵੇਂ ਉਹ ਸਤਿ ਸਾਧੂਆਂ ਰਾਹੀਂ ਕਲਜੁਗ ਦੇ ਮਹਾਨ ਘੁੱਪ ਹਨ੍ਹੇਰੇ ਵਿਚੋਂ ਪ੍ਰਗਟ ਹੋਇਆ। ਸੋ ਮੈਂ ਬੇਨਤੀ ਕਰਦਾ ਸੀ ਕਿ –

*ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ॥* *ਪੰਨਾ – 446*

ਕਲਜੁਗ ਦੇ ਅੰਦਰ ਧਰਮ ਦੇ ਤਿੰਨ ਪੈਰ ਜਾਂਦੇ ਰਹੇ। ਧਰਮ ਨੂੰ ਇਕ ਬੈਲ ਨਾਲ ਤਸ਼ਬੀਹ ਦਿੰਦੇ ਫੁਰਮਾਨ ਕਰਦੇ ਹਨ ਕਿ ਬੈਲ ਚਾਰ ਪੈਰਾਂ ਨਾਲ ਸਾਰੇ ਸਰੀਰ ਦਾ ਸੰਤੁਲਨ ਕਾਇਮ ਰਖਦਾ ਹੈ ਪਰ ਹੁਣ ਉਹ ਕੇਵਲ ਇਕ ਪੈਰ ਦੇ ਭਾਰ ਖੜ੍ਹਾ ਹੈ।

ਕਲਜੁਗ ਦੇ ਅੰਦਰ ਵਿਸ਼ੇਸ਼ਤਾ ਬਿਹੰਗਮ ਮਾਰਗ ਦੀ ਹੈ, ਕੀਟੀ ਮਾਰਗ ਇਸ ਵਿਚ ਸਫਲ ਨਹੀਂ ਹੁੰਦਾ। ਇਕ ਪ੍ਰਮਾਣ ਨਾਲ ਗੱਲ ਹੋਰ ਵਧੇਰੇ ਸਮਝ ਵਿਚ ਆ ਜਾਵੇਗੀ।

ਜਦੋਂ ਕ੍ਰਿਸ਼ਨ ਮਹਾਰਾਜ ਜੀ ਪੰਜੇ ਪਾਂਡਵਾਂ ਸਮੇਤ ਬੈਠੇ ਸਨ ਆਪ ਦੇ ਮੁਖ ਤੋਂ ਨਿਕਲ ਗਿਆ ਕਿ ਭਾਈ ਕਲਜੁਗ ਆ ਗਿਆ। ਉਸ ਵੇਲੇ ਸਾਰਿਆਂ ਦੇ ਮਨ ਵਿਚ ਕੁਝ ਸਹਿਮ ਪੈਦਾ ਹੋਇਆ ਕਿ ਕਲਜੁਗ ਦੇ ਵਿਚ ਤਾਂ ਮਹਾਂਪੁਰਸ਼ਾਂ ਦੇ ਅਨੁਭਵ ਦੇ ਮੁਤਾਬਿਕ ਸਾਰੇ ਕਰਮ ਧਰਮ ਨਾਸ਼ ਹੋ ਜਾਣੇ ਹਨ। ਤੀਰਥ ਵਰਤ ਦਾਨ ਨੇ ਫਲ ਨਹੀਂ ਦੇਣੇ, ਤਾਂ ਉਸ ਵੇਲੇ ਆਪ ਨੇ ਬੇਨਤੀ ਕੀਤੀ ਕਿ ਮਹਾਰਾਜ ਆਪ ਕ੍ਰਿਪਾ ਕਰਕੇ ਇਹ ਤਾਂ ਫੁਰਮਾਨ ਕਰੋ ਕਿ ਕਿਸ ਤਰੀਕ ਤੋਂ ਧੁੱਪ ਦਾ ਰੰਗ ਬਦਲ ਜਾਵੇਗਾ, ਜੀਵਾਂ ਦੀ ਮਨੋਬਿਰਤੀ ਬਦਲ ਜਾਵੇਗੀ, ਦਰਿਆਵਾਂ ਦਾ ਬਹਾਓ ਬਦਲ ਜਾਵੇਗਾ, ਇਸ ਉਤੇ ਆਪ ਚਾਨਣਾ ਪਾਉਣ ਦੀ ਕ੍ਰਿਪਾ ਕਰੋ। ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਕਿ ਕੁਦਰਤ ਦੇ ਉਤੇ ਮਨੁੱਖ ਦੇ ਖਿਆਲਾਂ ਦਾ ਅਸਰ ਨਹੀਂ ਹੁੰਦਾ। ਸੂਰਜ ਉਸੇ ਹਿਸਾਬ ਨਾਲ ਚੱਲੇਗਾ, ਦਿਨ ਰਾਤ ਉਸੇ ਤਰ੍ਹਾਂ ਚਲਣਗੇ, ਬੂਟਿਆਂ ਉਪਰ ਕੋਈ ਅਸਰ ਨਹੀਂ ਪਵੇਗਾ। ਬਨਸਪਤੀ ਉਸੇ ਤਰ੍ਹਾਂ ਰਹੇਗੀ। ਪਰ ਮਨੁੱਖ ਦੇ ਖਿਆਲਾਂ ਉਤੇ ਅਸਰ ਹੋਵੇਗਾ। ਮਨੁੱਖ ਦੀ ਮਨੋ ਬਿਰਤੀ ਜੋ ਤਿੰਨਾਂ ਜੁਗਾਂ ਵਿਚ ਸੀ

ਉਹ ਬਦਲ ਜਾਵੇਗੀ। ਉਸ ਗੱਲ ਨੂੰ ਸਮਝਾਉਣ ਲਈ ਆਪ ਨੇ ਯੁਧਿਸ਼ਟਰ ਨੂੰ ਕਿਹਾ ਕਿ ਤੁਹਾਡੇ ਪਾਸ ਕੋਈ ਮੁਕਦਮਾ ਹੋਵੇ ਜੋ ਅਜੀਬ ਕਿਸਮ ਦਾ ਹੋਵੇ? ਉਸ ਨੇ ਕਿਹਾ ਕਿ ਥੋੜ੍ਹੇ ਦਿਨ ਹੋਏ ਐਸਾ ਮੁਕਦਮਾ ਆਇਆ ਹੈ ਜਿਸ ਦਾ ਫੈਸਲਾ ਅਸੀਂ ਵੀ ਨਹੀਂ ਕਰ ਸਕੇ। ਉਹ ਇਸ ਤਰ੍ਹਾਂ ਹੈ ਕਿ ਇਕ ਕਿਸਾਨ ਨੇ ਆਪਣੀ ਜ਼ਮੀਨ ਦੂਸਰੇ ਨੂੰ ਵੇਚ ਦਿਤੀ। ਜਦੋਂ ਦੂਸਰਾ ਕਿਸਾਨ ਜ਼ਮੀਨ ਪੁਟ ਕੇ ਖੂਹ ਲਾਉਣ ਲਗਿਆ ਤਾਂ ਉਸ ਵਿਚੋਂ ਦਫੀਨਾ (ਗੁਪਤ ਰੂਪ ਵਿਚੋਂ ਦਬੀ ਹੋਈ ਚੀਜ਼) ਮੋਹਰਾਂ ਦੀ ਭਰੀ ਗਾਗਰ ਨਿਕਲ ਆਈ। ਜ਼ਮੀਨ ਖਰੀਦਣ ਵਾਲੇ ਕਿਸਾਨ ਨੇ ਉਸ ਕਿਸਾਨ ਨੂੰ ਜਿਸਨੇ ਜ਼ਮੀਨ ਵੇਚੀ ਸੀ, ਨੂੰ ਕਿਹਾ ਕਿ ਤੇਰਾ ਇਸ ਉਪਰ ਹੱਕ ਹੈ। ਜ਼ਮੀਨ ਖਰੀਦਣ ਵਾਲੇ ਕਿਸਾਨ ਨੇ ਕਿਹਾ ਕਿ ਮੈਂ ਤਾਂ ਜ਼ਮੀਨ ਖਰੀਦੀ ਹੈ, ਮੈਂ ਮੋਹਰਾਂ ਦੀ ਗਾਗਰ ਨਹੀਂ ਲੈਣੀ, ਇਸ ਉਪਰ ਤੇਰਾ ਹੱਕ ਹੈ। ਇਸ ਤਰ੍ਹਾਂ ਕਰਦੇ ਕਰਦੇ ਮੁਕਦਮਾ ਕਚਹਿਰੀ ਵਿਚ ਦਾਇਰ ਹੋ ਗਿਆ। ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਤੂੰ ਤਿੰਨ ਮਹੀਨੇ ਫੈਸਲਾ ਨਾ ਕਰ। ਫੇਰ ਅਸਾਨੂੰ ਦੱਸੀਂ।

ਇਸ ਤਰ੍ਹਾਂ ਸਮਾਂ ਬੀਤ ਗਿਆ। ਆਦਮੀ ਦੇ ਸੁਭਾਅ ਉਪਰ ਕਲਿਜੁਗ ਦਾ ਅਸਰ ਹੋ ਗਿਆ। ਜਿਸ ਨੇ ਜ਼ਮੀਨ ਵੇਚੀ ਸੀ ਉਸ ਨੇ ਕਿਹਾ ਕਿ ਮੈਂ ਜ਼ਮੀਨ ਵੇਚੀ ਹੈ, ਮੈਂ ਦਫੀਨਾ ਨਹੀਂ ਵੇਚਿਆ। ਦੂਸਰੇ ਨੇ ਬੇਨਤੀ ਕੀਤੀ ਕਿ ਮੈਂ ਜ਼ਮੀਨ ਖਰੀਦ ਲਈ, ਹੁਣ ਜੋ ਚੀਜ਼ ਵੀ ਇਸ ਵਿਚੋਂ ਨਿਕਲੇਗੀ ਉਸ ਉਪਰ ਮੇਰਾ ਹੀ ਹੱਕ ਹੈ ਤੇਰਾ ਨਹੀਂ। ਇਸ ਵਿਚ ਹੋਣ ਵਾਲੇ ਦਰਖਤ ਮੇਰੇ ਹਨ, ਨਿਕਲਣ ਵਾਲਾ ਖਜ਼ਾਨਾ ਵੀ ਮੇਰਾ ਹੈ। ਉਸ ਵੇਲੇ ਫੈਸਲਾ ਕਰਨ ਵਾਲੇ ਅਫਸਰ ਨੇ ਕਿਹਾ ਕਿ ਦਫੀਨਾ ਤੁਹਾਡੇ ਦੋਨਾਂ ਦਾ ਹੀ ਨਹੀਂ ਇਸ ਉਪਰ ਕੇਵਲ ਸਰਕਾਰ ਦਾ ਹੱਕ ਹੈ। ਪਾਂਡਵਾਂ ਦੀ ਸਮਝ ਵਿਚ ਕੁਝ ਕੁਝ ਆ ਗਿਆ। ਉਨ੍ਹਾਂ ਨੇ ਕਿਹਾ ਕਿ ਹੋਰ ਵਰਤਾਰਾ ਕਿਵੇਂ ਦਾ ਹੋਵੇਗਾ। ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਜਦੋਂ ਤੁਸੀਂ ਅੰਮ੍ਰਿਤ ਵੇਲੇ ਇਸ਼ਨਾਨ ਕਰੋਂਗੇ, ਜਦੋਂ ਸਮਾਧੀ ਵਿਚ ਜਾਵੋਂਗੇ ਉਸ ਵੇਲੇ ਕੁਝ ਦ੍ਰਿਸ਼ਟਾਂਤ ਦੇਖੋਂਗੇ, ਉਹ ਤੁਸੀਂ ਮੇਰੇ ਪਾਸ ਦੱਸਿਓ ਉਨ੍ਹਾਂ ਦੀ ਵਿਆਖਿਆ ਕਰਕੇ ਥੋੜ੍ਹਾ ਬਹੁਤ ਪਤਾ ਲਗ ਜਾਵੇਗਾ ਕਿ ਸਮਾਜ ਕਿਵੇਂ ਰਹੇਗਾ, ਸਰਕਾਰੀ ਕਰਮਚਾਰੀ ਕਿਵੇਂ ਵਰਤਣਗੇ, ਰਾਜੇ ਦਾ ਕਿਹੋ ਜਿਹਾ ਵਰਤਾਰਾ ਹੋਵੇਗਾ। ਇਹ ਵੀ ਪਤਾ ਲਗ ਜਾਵੇਗਾ ਕਿ ਕਲਜੁਗ ਵਿਚ ਭਵਜਲ ਤਰਨ ਦਾ ਕੀ ਸਾਧਨ ਹੋਵੇਗਾ।

ਅੰਮ੍ਰਿਤ ਵੇਲੇ ਜਦੋਂ ਕ੍ਰਿਸ਼ਨ ਮਹਾਰਾਜ ਜੀ ਪਾਸ ਪੰਜੇ ਪਾਂਡਵ ਆਏ ਤਾਂ ਉਨ੍ਹਾਂ ਨੇ ਆਪਣੇ ਆਪਣੇ ਦੇਖੇ ਦ੍ਰਿਸ਼ਟਾਂਤਾਂ ਦਾ ਵਰਨਣ ਕੀਤਾ। ਪਹਿਲੇ ਪਾਂਡਵ ਨੇ ਇਹ ਗੱਲ ਕਹੀ ਕਿ ਮਹਾਰਾਜ! ਜਦੋਂ ਮੈਂ ਭਜਨ ਕਰ ਰਿਹਾ ਸੀ ਤਾਂ ਮੈਨੂੰ ਇਹ ਨਜ਼ਰ ਆਇਆ ਕਿ ਮੈਂ ਇਕ ਖੇਤ ਦੇਖਿਆ ਜਿਸ ਵਿਚ ਫਸਲ ਲਹਿਲਹਾ ਰਹੀ ਸੀ, ਉਸ ਦੇ ਦੁਆਲੇ ਵਾੜ ਕੀਤੀ ਹੋਈ ਸੀ ਪਰ ਥੋੜ੍ਹੀ ਦੇਰ ਬਾਅਦ ਦੇਖਿਆ ਕਿ ਉਸ ਵਾੜ ਨੂੰ ਪਸ਼ੂਆਂ ਵਰਗੇ ਮੂੰਹ ਲਗ ਗਏ ਸਨ। ਉਨ੍ਹਾਂ ਨੇ ਸਾਰੀ ਫਸਲ ਚਟਮ ਕਰਕੇ ਖੇਤ ਖਾਲੀ ਕਰ ਦਿਤਾ। ਇਸ ਦ੍ਰਿਸ਼ਟਾਂਤ ਦਾ ਕੀ ਭਾਵ ਹੋਇਆ?

ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਕਿ ਇਸ ਦਾ ਇਹ ਭਾਵ ਹੈ ਕਿ ਪਰਜਾ ਨੂੰ ਖੁਸ਼ਹਾਲੀ ਦੇਣ ਦੀ ਥਾਂ ਰਾਜਾ ਆਪਣਾ ਘਰ ਭਰੇਗਾ, ਪਰਜਾ ਦੀ ਉਸ ਨੂੰ ਕੋਈ ਪ੍ਰਵਾਹ ਨਹੀਂ ਹੋਵੇਗੀ। ਉਹ ਜਾਇਜ਼ ਨਜਾਇਜ਼ ਕਾਨੂੰਨ ਬਣਾ ਕੇ ਪਰਜਾ ਦੇ ਹੱਕ ਖੋਹ ਲਵੇਗਾ। ਕਲਜੁਗ ਵਿਚ ਰਾਜਾ ਭਰਿਸ਼ਟ ਹੋ ਜਾਵੇਗਾ ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥***
***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥***
***ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥***
***ਵਿਚਿ ਹਉਮੈ ਕਰਿ ਦੁਖੁ ਰੋਈ॥***
***ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥*** ***ਪੰਨਾ – 145***

ਦੂਸਰੇ ਨੇ ਕਿਹਾ ਕਿ ਮੈਨੂੰ ਇਕ ਹਾਥੀ ਨਜ਼ਰ ਆਇਆ ਜਿਸ ਦੀਆਂ ਇਕ ਦੀ ਥਾਂ ਦੋ ਸੁੰਡਾਂ ਸਨ। ਉਹ ਇਕ ਸੁੰਡ ਨਾਲ ਘਾਹ ਖਾ ਰਿਹਾ ਹੈ ਅਤੇ ਦੂਸਰੀ ਸੁੰਡ ਨਾਲ ਮਾਸ ਖਾ ਰਿਹਾ ਹੈ। ਮੈਨੂੰ ਇਹ ਗੱਲ ਸਮਝ ਨਹੀਂ ਆਈ। ਦੂਸਰੇ ਦੇ ਉਤਰ ਵਿਚ ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਪ੍ਰੇਮੀਆ, ਰਾਜ ਨੂੰ

ਚਲਾਉਣ ਵਾਲੇ ਸਾਸ਼ਕ, ਵੱਡੇ ਕਰਮਚਾਰੀ ਹੁੰਦੇ ਹਨ, ਉਹ ਸੱਚੇ ਅਤੇ ਝੂਠੇ ਦੋਹਾਂ ਤੋਂ ਪੈਸੇ ਲੈ ਲਿਆ ਕਰਨਗੇ। ਉਨ੍ਹਾਂ ਦੇ ਫੈਸਲੇ ਸਤਿ ਉਤੇ ਅਧਾਰਤ ਨਹੀਂ ਹੋਣਗੇ, ਉਨ੍ਹਾਂ ਵਿਚ ਖਿਚਾਖਿਚੀ ਹੋਵੇਗੀ।

ਤੀਸਰੇ ਪਾਂਡਵ ਨੇ ਕਿਹਾ ਕਿ ਮਹਾਰਾਜ! ਮੈਨੂੰ ਇਕ ਹੰਸ ਨਜ਼ਰ ਆਇਆ ਜਿਸ ਦੇ ਦੋਹਾਂ ਪੰਖਾਂ ਉਪਰ ਵੇਦਾਂ ਦੇ ਸ਼ਲੋਕ ਲਿਖੇ ਹੋਏ ਸਨ, ਉਹ ਹੰਸ ਵੇਦਾਂ ਦੇ ਸ਼ਲੋਕ ਬੋਲਦਾ ਸੀ, ਉਸ ਦੇ ਸਾਮ੍ਹਣੇ ਮੋਤੀਆਂ ਦਾ ਵੀ ਢੇਰ ਸੀ ਅਤੇ ਇਕ ਬਰਤਨ ਵਿਚ ਬੇਅੰਤ ਕੀੜੇ ਮਕੌੜੇ ਵਗੈਰਾ ਪਏ ਸਨ। ਉਹ ਮੋਤੀਆਂ ਨੂੰ ਛੱਡ ਕੇ ਕੀੜੇ ਮਕੌੜੇ ਖਾ ਰਿਹਾ ਸੀ। ਇਸ ਦਾ ਭਾਵ ਮੇਰੇ ਸਮਝ ਵਿਚ ਨਹੀਂ ਆਇਆ।

ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਕਿ ਇਸ ਦ੍ਰਿਸ਼ਟਾਂਤ ਵਿਚ ਕਲਜੁਗ ਵਿਚ ਆਉਣ ਵਾਲੇ ਧਾਰਮਕ ਨੇਤਾਵਾਂ ਦਾ ਹਾਲ ਤੂੰ ਦੇਖਿਆ ਹੈ। ਇਨ੍ਹਾਂ ਦੇ ਧਰਮ ਗ੍ਰੰਥ ਜ਼ੁਬਾਨੀ ਯਾਦ ਹੋਣਗੇ, ਸੰਸਾਰ ਉਨ੍ਹਾਂ ਦਾ ਵਖਿਆਨ ਸੁਣ ਕੇ ਅਸ਼-ਅਸ਼ ਕਰੇਗਾ, ਪਰ ਇਨ੍ਹਾਂ ਦਾ ਖਾਣਾ ਪੀਣਾ ਨਖਿੱਧ ਹੋਵੇਗਾ। ਧਰਮ ਅਚਾਰੀਆਂ ਦਾ ਕੰਮ ਸਾਂਤਕੀ ਭੋਜਨ ਹੋਇਆ ਕਰਦਾ ਹੈ। ਰਾਜਸੀ ਅਤੇ ਤਾਮਸੀ ਤੋਂ ਉਹ ਸਦਾ ਹੀ ਸੰਕੋਚ ਕਰਦੇ ਹਨ ਪਰ ਕਲਜੁਗ ਦੇ ਅੰਦਰ ਇਹ ਅਚਾਰੀਆਂ, ਸਾਧੂ, ਸੰਤ ਧਰਮ ਦੇ ਠੇਕੇਦਾਰ, ਸਤਿ, ਸੰਤੋਖ, ਧੀਰਜ, ਵਿਚਾਰ, ਖਿਮਾ, ਦਾਨ, ਪੁੰਨ, ਸਤਿ ਦਾ ਜੀਵਨ ਆਦਿ ਸਦਗੁਣਾਂ ਨੂੰ ਛੱਡ ਕੇ ਵਿਸ਼ੇ ਵਿਕਾਰਾਂ, ਨਿੰਦਾ, ਚੁਗਲੀ, ਈਰਖਾ, ਸ਼ਰਾਬ, ਮਾਸ ਭਖਸ਼ਣ ਅਤੇ ਨਖਿਧ ਭੋਜਨ ਕਰਨਗੇ। ਤਮੋਗੁਣੀ ਭੋਜਨ ਆਪ ਕਰਨਗੇ ਅਤੇ ਸੰਸਾਰ ਨੂੰ ਵੀ ਕਰਨ ਲਈ ਪ੍ਰੇਰਨਾ ਕਰਨਗੇ। ਵਿੰਗੇ ਸਿੱਧੇ ਤਰੀਕਿਆਂ ਨਾਲ ਮਨਾਉਣ ਦਾ ਯਤਨ ਕਰਨਗੇ ਕਿ ਫਲਾਣੀ ਪੁਸਤਕ ਵਿਚ ਤਮੋਗੁਣੀ ਭੋਜਨ ਦਾ ਜ਼ਿਕਰ ਹੈ। ਉਹ ਤਮੋਗੁਣੀ ਭੋਜਨ ਵਿਚ ਪੂਰਾ ਵਿਸ਼ਵਾਸ਼ ਰੱਖਣਗੇ, ਉਨ੍ਹਾਂ ਦੀ ਕਹਿਣੀ ਅਤੇ ਕਥਨੀ ਵਿਚ ਜ਼ਮੀਨ ਅਸਮਾਨ ਦਾ ਫਰਕ ਹੋਵੇਗਾ। ਉਹ ਸਤਿ ਦੇ ਬਚਨ ਕਦੀ ਨਹੀਂ ਕਰਨਗੇ। ਹਮੇਸ਼ਾ ਜਗਿਆਸੂ ਨੂੰ ਭੇਖਾਂ ਵਿਚ ਪ੍ਰਵਿਰਤ ਕਰਕੇ ਰੱਖਣਗੇ। ਇਹ ਪ੍ਰਚਾਰਕ ਸਾਰੇ ਧਰਮਾਂ ਨੂੰ ਲੜਾਈ ਝਗੜੇ ਵਿਚ ਪ੍ਰਵਿਰਤ ਕਰਨਗੇ। ਕਲਜੁਗ ਵਿਚ ਬਹੁਤ ਸਾਰੇ ਧਰਮ ਪ੍ਰਚਲਤ ਹੋਣਗੇ ਅਤੇ ਸਤਿ ਦਾ ਮਾਰਗ ਲਾਂਭੇ ਰਹਿ ਜਾਵੇਗਾ। ਸਾਧਸੰਗਤ ਜੀ! ਗੁਰੂ ਹੀ ਸਤਿ ਦਾ ਉਪਦੇਸ਼ ਦੇ ਸਕਦਾ ਹੈ, ਬਾਕੀ ਸਭ ਅੰਨ੍ਹੇ ਹਨ।

ਚੌਥੇ ਪਾਂਡਵ ਨੇ ਕਿਹਾ ਕਿ ਮੈਂ ਦੇਖਿਆ ਕਿ ਤਿੰਨ ਖੂਹ ਲੱਗੇ ਹੋਏ ਹਨ, ਵਿਚਕਾਰਲਾ ਖੂਹ ਸੁੱਕਾ ਸੀ। ਪਹਿਲੇ ਦੀ ਧਾਰ ਐਨੀ ਉਚੀ ਉਠਦੀ ਸੀ ਕਿ ਵਿਚਕਾਰਲੇ ਨੂੰ ਛੱਡ ਕੇ ਤੀਸਰੇ ਵਿਚ ਗਿਰਦੀ ਸੀ। ਕ੍ਰਿਸ਼ਨ ਮਹਾਰਾਜ ਨੇ ਦੱਸਿਆ ਕਿ ਦ੍ਰਿਸ਼ਟਾਂਤ ਭਾਈਚਾਰੇ ਦੀ ਵਰਤੋਂ ਦਾ ਹੈ। ਕਲਜੁਗ ਦੇ ਅੰਦਰ ਖੂਨ ਦੇ ਸਬੰਧ ਵਾਲੇ ਆਪਣੇ ਨੇੜੇ ਦੇ ਸਬੰਧਾਂ ਨੂੰ ਛੱਡ ਕੇ ਤੀਸਰੇ ਓਪਰੇ ਨਾਲ ਵਾਸਤਾ ਪਾਉਣਗੇ ਅਤੇ ਭਰਾ ਭਰਾ ਨੂੰ ਖਤਮ ਕਰਨ ਦੇ ਵੈਰ ਭਰੇ ਮਨਸੂਬੇ ਗੁੰਦਦੇ ਰਹਿਣਗੇ। ਯੁਧਿਸ਼ਟਰ ਨੇ ਕਿਹਾ ਕਿ ਮੈਂ ਜੋ ਦ੍ਰਿਸ਼ਟਾਂਤ ਦੇਖਿਆ ਹੈ ਕਿ ਇਕ ਪਰਬਤ ਉਪਰੋਂ ਬਹੁਤ ਭਾਰੀ ਪੱਥਰ ਰੁੜ੍ਹਿਆ ਆ ਰਿਹਾ ਹੈ, ਐਨੀ ਰਫਤਾਰ ਨਾਲ ਆ ਰਿਹਾ ਸੀ ਕਿ ਉਹ ਕਿਤੇ ਨਾ ਰੁਕਿਆ, ਵੱਡੇ ਵੱਡੇ ਦਰਖਤਾਂ ਨੂੰ ਤੋੜਦਾ ਆ ਰਿਹਾ ਸੀ। ਜੇ ਰੁਕਿਆ ਤਾਂ ਇਕ ਤਿਨਕੇ ਦੇ ਸਹਾਰੇ ਹਜ਼ਾਰਾਂ ਟੱਨਾਂ ਦਾ ਪੱਥਰ ਰੁਕ ਗਿਆ। ਮੈਂ ਹੈਰਾਨ ਹਾਂ ਕਿ ਜਿਸਨੂੰ ਵੱਡੇ ਵੱਡੇ ਦਰਖਤ ਨਾ ਰੋਕ ਸਕੇ ਉਸਨੂੰ ਘਾਹ ਦੇ ਤਿਨਕੇ ਨੇ ਕਿਵੇਂ ਰੋਕ ਲਿਆ। ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਕਿ ਕਲਜੁਗ ਨੇ ਤੈਨੂੰ ਦਸ ਦਿਤਾ ਕਿ ਤ੍ਰੇਤੇ, ਦੁਆਪਰ ਦਾ ਜਪ, ਤਪ, ਦਾਨ ਕੋਈ ਵੀ ਸਫਲ ਨਹੀਂ ਹੋਵੇਗਾ। ਕੋਈ ਸਾਧਨਾ ਸਫਲ ਨਹੀਂ ਹੋਵੇਗੀ। ਕੇਵਲ ਪ੍ਰਮੇਸ਼ਰ ਦਾ ਨਾਮ ਹੈ ਜਿਸਨੂੰ ਪ੍ਰਾਪਤ ਕਰਕੇ ਇਸ ਜੀਵ ਦੀ ਪੂਰੀ ਤਰ੍ਹਾਂ ਕਲਿਆਣ ਹੋ ਜਾਵੇਗੀ। ਨਾਮ ਵਿਚ ਸ਼ਕਤੀ ਹੈ ਕਿ ਉਹ ਪਾਪਾਂ ਦੇ ਵੱਡੇ ਢੇਰ ਨੂੰ ਬਿਲਕੁਲ ਸੁਆਹ ਬਣਾ ਦਿੰਦਾ ਹੈ। ਉਸ ਵੇਲੇ ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਕਿ ਕਲਜੁਗ ਦਾ ਵਰਤਾਰਾ ਤੁਸੀਂ ਦੇਖ ਲਿਆ ਕੇਵਲ ਨਾਮ ਜਪ ਕੇ ਹੀ ਪ੍ਰਾਣੀ ਤਰ ਸਕਦਾ ਹੈ। ਨਹੀਂ ਤਾਂ ਮਾਇਆ ਨੇ ਆਪਣੇ ਮੋਹ ਵਿਚ ਕੀ ਸਾਧੂ, ਕੀ ਆਖੌਤੀ ਸੰਤ, ਕੋਈ ਵੀ ਸਥਿਰ ਨਹੀਂ ਰਹਿਣਾ, ਸਭ ਦੀ ਬਿਰਤੀ ਮਾਇਆਕਾਰ ਹੋ ਜਾਵੇਗੀ। ਜੀਵ ਥੋੜ੍ਹਾ ਬਹੁਤ ਪੁੰਨ ਦਾਨ ਤੀਰਥ ਕਰਕੇ ਆਪਣੀ ਮਹਿਮਾ ਕਰਾਉਣਗੇ ਜਿਸ ਕਰਕੇ ਉਨ੍ਹਾਂ ਦਾ ਪੁੰਨ ਦਾਨ ਕੀਤਾ ਹੋਇਆ ਨਿਹਫਲ ਹੋ ਜਾਵੇਗਾ। ਜਿਵੇਂ ਕਿ ਫੁਰਮਾਨ ਹੈ -

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥***

***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥ ਪੰਨਾ - 1428***

ਇਕ ਹੋਰ ਕਥਾ ਆਉਂਦੀ ਹੈ ਜੋ ਮਹਾਤਮਾ ਕਰਦੇ ਸੁਣੇ ਗਏ ਹਨ। ਪਾਂਡਵਾਂ ਨੇ ਜਦ ਸੁਣਿਆ ਕਿ ਕਲਜੁਗ ਆ ਗਿਆ ਉਸ ਵੇਲੇ ਉਨ੍ਹਾਂ ਨੇ ਰਾਜ ਭਾਗ ਅਭਿਮਨਯੂ ਦੇ ਲੜਕੇ ਪਰੀਛਤ ਨੂੰ ਸੌਂਪ ਦਿਤਾ। ਆਪ ਹੇਮਕੁੰਟ ਵਲ ਬਰਫਾਨੀ ਪਹਾੜਾਂ ਦੇ ਉਤੇ ਚਲੇ ਗਏ। ਕਈਆਂ ਦਾ ਖਿਆਲ ਹੈ ਕਿ ਉਹ ਬਰਫਾਂ ਦੇ ਵਿਚ ਸਰੀਰ ਛੱਡ ਗਏ। ਪਰੀਛਤ ਰਾਜੇ ਦੇ ਰਾਜ ਵੇਲੇ ਕਲਜੁਗ ਦਾ ਰਾਜ ਸ਼ੁਰੂ ਹੋ ਗਿਆ ਸੀ। ਕਲਜੁਗ ਦੇ ਦੇਵਤੇ ਨੇ ਇਕ ਦਿਨ ਪਰੀਛਤ ਨੂੰ ਦਰਸ਼ਨ ਦਿਤੇ। ਉਸ ਦਾ ਪ੍ਰਸੰਗ ਇਸ ਤਰ੍ਹਾਂ ਹੈ ਕਿ ਰਾਜਾ ਪਰੀਛਤ ਇਕ ਜੰਗਲ ਵਿਚ ਜੰਗਲੀ ਮਾਰੂ ਜੀਵਾਂ ਦੇ ਸ਼ਿਕਾਰ ਲਈ ਗਿਆ। ਉਸ ਦੀ ਦ੍ਰਿਸ਼ਟੀ ਪਿਆ ਕਿ ਇਕ ਵੱਡਾ ਭਾਰੇ ਸਰੀਰ ਵਾਲਾ ਬੰਦਾ ਬੈਲ ਦੀਆਂ ਲੱਤਾਂ ਤੋੜ ਰਿਹਾ ਹੈ। ਰਾਜਾ ਪਰੀਛਤ ਕਾਹਲੀ ਨਾਲ ਉਥੇ ਪਹੁੰਚਿਆ ਕਿ ਮੇਰੇ ਰਾਜ ਅੰਦਰ ਕੀ ਕੋਈ ਬੈਲ ਮਾਰ ਸਕਦਾ ਹੈ? ਬੜੀ ਭਾਰੀ ਹੱਤਿਆ ਹੈ ਕਿਉਂਕਿ ਗਊ ਤੇ ਲੜਕੀ ਨੂੰ ਮਾਰਨਾ ਵੱਡੀ ਹੱਤਿਆ ਹੈ। ਛੇ ਵੱਡੀਆਂ ਹੱਤਿਆ ਗਿਣੀਆਂ ਹਨ, ਜਿਸ ਵਿਚ ਪੜ੍ਹੇ ਲਿਖੇ ਬ੍ਰਹਮ ਵਿਚਾਰ ਵਾਲੇ ਵਿਦਵਾਨ ਜਿਸਨੂੰ ਬ੍ਰਾਹਮਣ ਦੀ ਪਦਵੀ ਪ੍ਰਾਪਤ ਹੁੰਦੀ ਹੈ ਉਸ ਨੂੰ ਮਾਰਨਾ; ਆਪਣੀ ਲੜਕੀ ਨੂੰ ਮਾਰਨਾ; ਕਿਸੇ ਦਾ ਪੈਸਾ ਲੈ ਕੇ ਮੁਕਰ ਜਾਣਾ ਰਿਣ ਹੱਤਿਆ ਕਹਾਇਆ ਕਰਦੀ ਹੈ। ਆਪਣੇ ਵੰਸ ਦਾ ਘਾਤ ਕਰਨਾ ਵੰਸ ਘਾਤੀ ਕਹਾਉਂਦੀ ਹੈ, ਇਸ ਤਰ੍ਹਾਂ ਕਿਸੇ ਨੂੰ ਵਿਸ਼ਵਾਸ਼ ਦੇ ਕੇ ਫਿਰ ਉਸ ਦਾ ਘਾਤ ਕਰਨ ਵਾਲਾ ਵਿਸ਼ਵਾਸ਼ਘਾਤੀ ਹੁੰਦਾ ਹੈ। ਪੁਰਾਣੇ ਸ਼ਾਸਤਰਾਂ ਵਿਚ ਇਨ੍ਹਾਂ ਹੱਤਿਆਵਾਂ ਦਾ ਬਹੁਤ ਵੱਡਾ ਪਾਪ ਗਿਣਿਆ ਗਿਆ ਸੀ।

ਸੋ ਰਾਜਾ ਪਰੀਛਤ ਦੇ ਰਾਜ ਵਿਚ ਉਸ ਨੇ ਆਪ ਦੇਖਿਆ ਕਿ ਕੋਈ ਵੱਡਾ ਕਦਾਵਾਨ ਕਾਲੇ ਰੰਗ ਵਾਲਾ ਪੁਰਸ਼ ਕਾਲੇ ਕਪੜੇ ਪਹਿਨੀਂ ਬਲਦ ਦੀ ਹੱਤਿਆ ਕਰ ਰਿਹਾ ਹੈ। ਉਸ ਨੇ ਤਲਵਾਰ ਕੱਢ ਲਈ ਅਤੇ ਮਾਰਨ ਵਾਲੇ ਦੇ ਪਾਸ ਚਲਿਆ ਗਿਆ। ਉਸ ਪੁਰਸ਼ ਨੂੰ ਮਾਰਨ ਲੱਗਿਆ, ਉਸ ਨੇ ਕਿਹਾ ਰਾਜਨ! ਰਾਜੇ ਸਦਾ ਇਨਸਾਫ ਕਰਿਆ ਕਰਦੇ ਹਨ, ਕਿਸੇ ਦੀ ਜਾਨ ਲੈਣ ਤੋਂ ਪਹਿਲਾਂ ਉਸਨੂੰ ਪੁਛਦੇ ਹਨ, ਉਸਨੂੰ ਦੋਸ਼ੀ ਠਹਿਰਾਉਂਦੇ ਹਨ, ਇਹ ਤੂੰ ਪਾਪ ਕਰਨ ਲੱਗਿਆ ਹੈਂ। ਰਾਜੇ ਨੇ ਕਿਹਾ ਕਿ ਠੀਕ ਹੈ, ਮੈਨੂੰ ਗੁੱਸਾ ਆ ਗਿਆ ਸੀ, ਮੈਂ ਤੈਨੂੰ ਮਾਰ ਦੇਣਾ ਸੀ। ਰਾਜੇ ਪ੍ਰੀਛਤ ਨੇ ਕਿਹਾ ਤੂੰ ਕੌਣ ਹੈਂ? ਕਲਜੁਗ ਕਹਿਣ ਲੱਗਿਆ, ਮਹਾਰਾਜ ਜਿਸ ਤਰ੍ਹਾਂ ਤੁਸੀਂ ਦੁਨੀਆਂ ਦੇ ਉਤੇ ਥੋੜ੍ਹਾ ਚਿਰ ਵਾਸਤੇ ਰਾਜ ਕਰਨ ਆਏ ਹੋ ਇਸੇ ਤਰ੍ਹਾਂ ਮੇਰਾ ਰਾਜ ਸਾਰੇ ਸੰਸਾਰ ਉਤੇ ਹੈ। ਮੇਰੇ ਤਿੰਨ ਭਰਾ ਰਾਜ ਕਰ ਚੁੱਕੇ ਹਨ। ਮੈਂ ਇਸ ਯੁਗ ਦਾ ਰਾਜਾ ਹਾਂ। ਸਾਨੂੰ ਪ੍ਰਮੇਸ਼ਰ ਨੇ ਥਾਪਿਆ ਹੈ ਮੇਰਾ ਵੱਡਾ ਭਰਾ ਇਥੇ 17 ਲੱਖ 28 ਹਜ਼ਾਰ ਸਾਲ ਰਾਜ ਕਰਕੇ ਚਲਿਆ ਗਿਆ, ਦੂਜਾ ਭਰਾ 12,96,000 ਸਾਲ ਰਾਜ ਕਰਕੇ ਚਲਿਆ ਗਿਆ। ਤੀਸਰਾ 8 ਲੱਖ 64,000 ਸਾਲ ਰਾਜ ਕਰਕੇ ਚਲਿਆ ਗਿਆ। ਹੁਣ ਮੇਰਾ ਰਾਜ ਹੈ। ਮੈਂ 4 ਲੱਖ 32,000 ਸਾਲ ਰਾਜ ਕਰਨਾ ਹੈ, ਮੇਰੇ ਵੱਡੇ ਭਰਾਵਾਂ ਦੇ ਸਤਿਜੁਗ, ਤ੍ਰੇਤਾ, ਦੁਆਪਰ ਨਾਮ ਹਨ। ਮੇਰਾ ਨਾਮ ਰਾਜ ਕਰਨ ਤੋਂ ਪਹਿਲਾਂ ਹੀ ਪ੍ਰਸਿੱਧ ਹੈ - ਕਲਜੁਗ। ਰਾਜਨ! ਤੇਰਾ ਰਾਜ ਤਾਂ ਥੋੜ੍ਹੇ ਚਿਰ ਦਾ ਹੈ, ਮੇਰੇ ਰਾਜ ਵਿਚ ਤਾਂ ਲੱਖਾਂ ਰਾਜੇ ਹੋਣਗੇ ਤੇ ਸੰਸਾਰ ਤੋਂ ਚਲੇ ਜਾਣਗੇ। ਰਾਜੇ ਪਰੀਛਤ ਨੇ ਪੁਛਿਆ, ਐ ਕਲਜੁਗ! ਤੇਰਾ ਇਸ ਬੈਲ ਨੂੰ ਮਾਰਨ ਦਾ ਕੀ ਕਾਰਨ ਹੈ, ਇਹ ਤਾਂ ਪਹਿਲਾਂ ਹੀ ਇਕ ਲੱਤ ਦੇ ਭਾਰ ਖੜ੍ਹਾ ਹੈ, ਤੂੰ ਉਸ ਨੂੰ ਵੀ ਤੋੜ ਰਿਹਾ ਹੈਂ? ਉਸ ਵੇਲੇ ਰਾਜੇ ਪ੍ਰੀਛਤ ਨੂੰ ਕਲਜੁਗ ਨੇ ਕਿਹਾ ਇਹ ਜੋ ਤੈਨੂੰ ਬੈਲ ਨਜ਼ਰ ਆਉਂਦਾ ਹੈ ਇਹ ਬੈਲ ਨਹੀਂ ਹੈ। ਰਾਜੇ ਨੇ ਕਿਹਾ ਕਿ ਫੇਰ ਇਹ ਕੌਣ ਹੋਇਆ, ਇਹ ਇਕ ਪੈਰ ਦੇ ਭਾਰ ਕਿਉਂ ਖੜ੍ਹਾ ਹੈ, ਇਸ ਦੀਆਂ ਦੂਸਰੀਆਂ ਲੱਤਾਂ ਕਿਥੇ ਗਈਆਂ? ਕਲਜੁਗ ਕਹਿਣ ਲੱਗਿਆ ਰਾਜਨ! ਇਹ ਧਰਮ ਹੈ, ਮੇਰੇ ਰਾਜ ਵਿਚ ਕਿਸੇ ਦਾ ਵੀ ਕੋਈ ਧਰਮ ਰਹਿਣਾ ਨਹੀਂ। ਇਸ ਧਰਮ ਬਾਰੇ ਗੁਰੂ ਨਾਨਕ ਪਾਤਸ਼ਾਹ ਨੇ ਵੀ ਕਿਹਾ, ਕਲਜੁਗ ਦੇ ਰਾਜੇ ਕਸਾਈ ਦਾ ਰੂਪ ਧਾਰ ਚੁੱਕੇ ਹਨ, ਧਰਮ ਦਾ ਕੋਈ ਰਖਵਾਲਾ ਨਾ ਹੋਣ ਕਰਕੇ ਸਾਰੇ ਅੰਧਕਾਰ ਤੇ ਅਧਰਮ ਫੈਲ ਗਿਆ। ਮੈਂ ਸੰਸਾਰ ਦੇ ਵਿਚ ਭਾਲਣ ਵਾਸਤੇ ਚੜ੍ਹਿਆ ਹਾਂ ਕਿ ਕਿਤੇ ਧਰਮ ਦਾ ਪ੍ਰਕਾਸ਼ ਵੀ ਹੈ? ਆਪ ਦੇ ਸ਼ਬਦ ਹਨ -

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥***
***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥***

*ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥* *ਪੰਨਾ - 145*

ਕਲਜੁਗ ਨੇ ਕਿਹਾ ਕਿ ਮੇਰੇ ਰਾਜ ਵਿਚ ਧਰਮ ਨਹੀਂ ਰਹੇਗਾ, ਪਹਿਲੇ ਜੁਗਾਂ ਦੇ ਆਦਮੀ ਦੇ ਭਵਜਲ ਤੋਂ ਤਰਨ ਦੇ ਜੋ ਵਸੀਲੇ ਸਨ ਉਹ ਮੇਰੇ ਰਾਜ ਵਿਚ ਕੋਈ ਵੀ ਨਹੀਂ ਚਲ ਸਕਣਗੇ, ਜੋ ਕੋਈ ਤਪ ਕਰੇਗਾ, ਤਪ ਵਿਚ ਵਿਘਨ ਪੈ ਜਾਵੇਗਾ। ਯੱਗ ਕਰਕੇ ਯੱਗ ਵੀ ਨਹੀਂ ਹੋਣਾ ਤੇ ਜਤ ਵੀ ਨਹੀਂ ਰਹਿਣਾ, ਯੋਗ ਵੀ ਮੇਰੇ ਰਾਜ ਵਿਚ ਨਹੀਂ ਹੋਣਾ। ਇਸ ਕਰਕੇ ਗੁਰਬਾਣੀ ਵਿਚ ਆਉਂਦਾ ਹੈ -

*ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥*
*ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥* *ਪੰਨਾ - 902*

ਹੇ ਰਾਜਨ! ਮੇਰੇ ਰਾਜ ਵਿਚ ਲੋਕ ਰਾਜ ਕਮਾਉਣਗੇ, ਨੱਚਣ ਗਾਉਣ ਵਾਲਿਆਂ ਦੀ ਪ੍ਰਸੰਸਾ ਹੋਇਆ ਕਰੇਗੀ, ਜਿਥੇ ਵੀ ਪਾਖੰਡ ਦਾ ਬੋਲ ਬਾਲਾ ਹੋਵੇਗਾ ਉਥੇ ਮੈਂ ਉਨ੍ਹਾਂ ਨੂੰ ਅੱਗੇ ਵਧਾਉਣ ਦੀ ਸੱਤਾ ਦਿੰਦਾ ਰਹਾਂਗਾ, ਨਾਮ ਲੈਣ ਵਾਲਿਆਂ ਦੀ ਮੈਂ ਬਦਨਾਮੀ ਕਰਾਵਾਂਗਾ। ਮੇਰੇ ਰਾਜ ਵਿਚ ਪਾਪ ਦਾ ਪਸਾਰਾ ਹੋ ਜਾਵੇਗਾ। ਉਸ ਵੇਲੇ ਰਾਜੇ ਪਰੀਛਤ ਨੇ ਕਿਹਾ, ਫੇਰ ਤਾਂ ਤੈਨੂੰ ਜ਼ਰੂਰ ਹੀ ਮਾਰ ਦੇਣਾ ਚਾਹੀਦਾ ਹੈ ਕਿਉਂਕਿ ਤੂੰ ਲੋਕਾਂ ਨੂੰ ਬਹਿਕਾਅ ਦੇਵੇਂਗਾ, ਉਲਟੇ ਰਸਤੇ ਪਾ ਦੇਵੇਂਗਾ। ਜਦੋਂ ਰਾਜੇ ਨੇ ਤਲਵਾਰ ਉਭਾਰੀ, ਉਸ ਨੇ ਕਿਹਾ ਰਾਜਨ! ਮੇਰੇ ਵਿਚ ਅੱਛੀਆਂ ਬਾਤਾਂ ਵੀ ਹਨ, ਉਹ ਇਹ ਹਨ ਕਿ ਮੇਰੇ ਰਾਜ ਵਿਚ ਜੇ ਕੋਈ ਨਾਮ ਦਾ ਬੀਜ ਬੀਜੇਗਾ, ਉਹ ਬਹੁਤ ਹੀ ਅਧਿਕ ਫਲੇਗਾ। ਸਤਿਸੰਗ ਦਾ ਮਹਾਤਮ ਬਹੁਤ ਹੀ ਵਧ ਜਾਵੇਗਾ, ਨਿਰੰਕਾਰ ਨੇ ਆਪ ਸੰਸਾਰ ਵਿਚ ਰੂਪਧਾਰੀ ਹੋ ਕੇ ਨਾਮ ਦੀ ਮਹਿਮਾ ਦਸਣੀ ਹੈ ਅਤੇ ਨਾਮ ਦਾ ਪ੍ਰਸਾਰ ਕਰਨਾ ਹੈ। ਜੇ ਕੋਈ ਅੰਤ ਸਮੇਂ ਇਕ ਵਾਰੀ ਵੀ ਪ੍ਰਮੇਸ਼ਰ ਵਲ ਧਿਆਨ ਕਰ ਲਵੇਗਾ, ਉਸ ਦਾ ਫਲ ਇਤਨਾ ਹੋਵੇਗਾ ਕਿ ਬਾਵਜੂਦ ਇਸ ਦੇ ਕਿ ਉਸ ਨੇ ਲੱਖਾਂ ਪਾਪ ਕੀਤੇ ਹੋਣ, ਉਹ ਜਮਾਂ ਤੋਂ ਛੁਟ ਜਾਵੇਗਾ ਅਤੇ ਉਚੀ ਗਤੀ ਨੂੰ ਪ੍ਰਾਪਤ ਹੋਵੇਗਾ। ਮੇਰੇ ਜੁਗ ਦੇ ਅੰਦਰ ਨਾਮ ਦੀ ਮਹਿਮਾ, ਸਤਿਸੰਗ ਦੀ ਮਹਿਮਾ ਬਹੁਤ ਅਧਿਕ ਹੋਵੇਗੀ। ਇਥੋਂ ਤਕ ਹੋਵੇਗਾ ਕਿ ਜੇ ਇਕ ਛਿਨ ਵਾਸਤੇ ਵੀ ਅੰਤ ਸਮੇਂ ਪ੍ਰਮੇਸ਼ਰ ਵਲ ਧਿਆਨ ਚਲਿਆ ਗਿਆ ਤਾਂ ਉਸ ਦੇ ਸਾਰੇ ਪਾਪ ਨਾਸ਼ ਹੋ ਕੇ ਬੈਕੁੰਠ ਧਾਮ ਵਿਚ ਚਲਿਆ ਜਾਵੇਗਾ ਜਿਵੇਂ ਕਿ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ -

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ॥* *ਅਕਾਲ ਉਸਤਤਿ*

ਮੇਰੇ ਰਾਜ ਵਿਚ ਜੇ ਕੋਈ ਅਸਲੀ ਸੰਤ ਹੋਵੇਗਾ ਉਸ ਦਾ ਮੈਂ ਸਤਿਕਾਰ ਕਰਾਂਗਾ ਪਰ ਪਹਿਲਾਂ ਮੈਂ ਪੂਰੀ ਪਰਖ ਕਰਾਂਗਾ ਕਿ ਉਹ ਮਾਇਆ ਦੇ ਸਾਮ੍ਹਣੇ ਖੜ੍ਹਾ ਰਹਿ ਸਕਦਾ ਹੈ ਜਾਂ ਨਹੀਂ। ਨਹੀਂ ਤਾਂ ਮੈਂ ਉਸ ਪਾਖੰਡੀ ਨੂੰ ਪਾਪਾਂ ਵਿਚ ਪ੍ਰਵਿਰਤ ਕਰਾ ਦੇਵਾਂਗਾ। ਵਾਚਕ ਤੌਰ ਤੇ ਉਹ ਪ੍ਰਚਾਰ ਕਰੇਗਾ ਪਰ ਕਪਟੀ ਕਾਮੀ ਨਾਲੋਂ ਵੀ ਬੁਰਾ ਹੋਵੇਗਾ। ਇਹ ਗੱਲ ਸੁਣ ਕੇ ਰਾਜੇ ਨੇ ਆਪਣੀ ਤਲਵਾਰ ਮਿਆਨ ਵਿਚ ਪਾ ਲਈ। ਕਹਿਣ ਲੱਗਿਆ, ਤੇਰੇ ਅੰਦਰ ਸਾਰੇ ਦੋਸ਼ ਹਨ ਪਰ ਤੇਰੇ ਯੁੱਗ ਵਿਚ ਜੋ ਰਿਆਇਤ ਦਿਤੀ ਗਈ ਹੈ ਕਿ ਜੇ ਇਕ ਵਾਰੀ ਵੀ ਅੰਤ ਸਮੇਂ ਪ੍ਰਮੇਸ਼ਰ ਯਾਦ ਆ ਜਾਵੇ ਤਾਂ ਉਹ ਬੈਕੁੰਠ ਧਾਮ ਨੂੰ ਚਲਿਆ ਜਾਵੇਗਾ, ਫੇਰ ਮੈਂ ਤੈਨੂੰ ਨਹੀਂ ਮਾਰਦਾ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਕਿਹਾ ਪਿਆਰਿਓ! ਹੁਣ ਕਲਜੁਗ ਆ ਗਿਆ ਹੈ, ਇਸ ਤੋਂ ਪਹਿਲਾਂ ਜੋ ਪਹਿਲੇ ਜੁਗ ਸਨ, ਉਨ੍ਹਾਂ ਦੀ ਵਾਰਤਾ ਇਸ ਤਰ੍ਹਾਂ ਹੈ -

*ਸਤਿਜੁਗ ਸਭੁ ਸੰਤੋਖ ਸਰੀਰਾ*
*ਪਗ ਚਾਰੇ ਧਰਮੁ ਧਿਆਨੁ ਜੀਉ॥*
*ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ*
*ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ॥*
*ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ*

***ਸੋਭਾ ਗੁਰਮੁਖਿ ਹੋਈ॥***
***ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ॥***
***ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ***
***ਹਰਿ ਦਰਗਹ ਪਾਵੈ ਮਾਨੁ ਜੀਉ॥***
***ਸਤਜੁਗਿ ਸਭੁ ਸੰਤੋਖ ਸਰੀਰਾ***
***ਪਗ ਚਾਰੇ ਧਰਮ ਧਿਆਨੁ ਜੀਉ॥*** ***ਪੰਨਾ - 445***

ਚਾਰੇ ਪੈਰ ਕਾਇਮ ਸਨ, ਸਤਿ ਵੀ ਸੀ, ਜਪ ਵੀ ਸੀ, ਜਤ ਵੀ ਸੀ, ਨਾਮ ਵੀ ਸੀ ਪਰ ਤ੍ਰੇਤੇ ਵਿਚ ਇਕ ਪੈਰ ਜਾਂਦਾ ਰਿਹਾ, ਪ੍ਰਮੇਸ਼ਰ ਦੀ ਪਰੀਪੂਰਨਤਾ ਦੀ ਥਾਂ ਆਦਮੀ ਨੂੰ ਸ਼ੱਕ ਪੈ ਗਿਆ ਕਿ ਕੀ ਪ੍ਰਮੇਸ਼ਰ ਹਰ ਥਾਂ ਹਾਜ਼ਰ ਨਾਜ਼ਰ ਹੈ, ਹਰ ਇਕ ਦੇ ਅੰਦਰ ਹੈ? ਉਸ ਵੇਲੇ ਮਨੁੱਖਾਂ ਵਿਚ ਕੁਝ ਕ੍ਰੋਧ ਆ ਗਿਆ ਸੀ। ਹਉਮੈ ਦਾ ਵਾਸਾ ਹੋ ਗਿਆ ਸੀ, ਰਾਜੇ ਕ੍ਰੋਧ ਵਿਚ ਆ ਕੇ ਯੁੱਧ ਕਰਨ ਲਗ ਗਏ। ਬੇਅੰਤ ਵਾਸ਼ਨਾਵਾਂ ਪੈਦਾ ਹੋ ਗਈਆਂ ਸਨ, ਵਾਸ਼ਨਾਵਾਂ ਦੀ ਪੂਰਤੀ ਵਾਸਤੇ ਯੁੱਧ ਸ਼ੁਰੂ ਹੋਏ ਅਤੇ ਬੰਦਾ ਘਿਰ ਗਿਆ -

***ਤ੍ਰੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ***
***ਜਤੁ ਸੰਜਮ ਕਰਮ ਕਮਾਇ ਜੀਉ॥*** ***ਪੰਨਾ - 445***

ਦੁਆਪਰ ਵਿਚ ਦੋ ਪੈਰ ਰਹਿ ਗਏ, ਦੁਆਪਰ ਵਿਚ ਜੀਵ ਭਰਮ ਵਿਚ ਪੈ ਗਿਆ ਅਤੇ ਤਪ ਕਰਨਾ ਸ਼ੁਰੂ ਕਰ ਦਿਤਾ। ਪੁੰਨ ਦਾਨ ਕਰਨਾ ਸ਼ੁਰੂ ਕਰ ਦਿਤਾ। ਪੁੰਨ ਦੇ ਫਲ ਮੰਗਣ ਲਗ ਗਿਆ। ਬੜੇ ਭਿਆਨਕ ਯੁੱਧ ਸ਼ੁਰੂ ਹੋ ਗਏ। ਮਹਾਂਭਾਰਤ ਵਰਗਾ ਯੁੱਧ ਉਨ੍ਹਾਂ ਰਾਜਿਆਂ ਨੇ ਹੀ ਕਰਿਆ। ਐਸਾ ਕਹਿੰਦੇ ਹਨ ਕਿ 45 ਲੱਖ ਫੌਜ ਲੜ ਰਹੀ ਸੀ ਜੋ 18 ਦਿਨ੍ਹਾਂ ਵਿਚ ਹੀ ਖਤਮ ਹੋ ਗਈ, ਸਿਰਫ 10 ਬੰਦੇ ਬਚੇ। ਹੁਣ ਕਲਜੁਗ ਵਿਚ ਇਕ ਪੈਰ ਰਹਿ ਗਿਆ, ਜਪ, ਤਪ, ਸਤ ਖਤਮ ਹੋ ਗਏ ਹਨ। ਪੂਜਾ ਵਗੈਰਾ ਵੀ ਕੋਈ ਫਲ ਨਹੀਂ ਦਿੰਦੀ। ਗੁਰੂ ਨਾਨਕ ਪਾਤਸ਼ਾਹ ਨੇ ਇਸ ਕਲਜੁਗ ਦੇ ਵਿਚ ਨਾਮ ਦੀ ਮਹਿਮਾ ਦ੍ਰਿੜ੍ਹ ਕਰਾਈ ਅਤੇ ਨਾਮ ਦੇ ਆਸਰੇ ਜਤ, ਸਤ ਤੇ ਤਪ ਫੇਰ ਜੀਵਤ ਹੋਣ ਲੱਗੇ।

***ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ..........॥*** ***ਪੰਨਾ - 446***

ਤਿੰਨ ਪੈਰ ਟੁੱਟ ਗਏ।

ਗੁਰੂ ਨਾਨਕ ਪਾਤਸ਼ਾਹ ਨੇ ਸ਼ਾਂਤੀ ਦਿਵਾਈ -

***ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ***
***ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ॥*** ***ਪੰਨਾ - 446***

ਕੀਰਤਨ ਨੂੰ ਭਗਤੀ ਵਜੋਂ ਪ੍ਰਚਲਤ ਕੀਤਾ ਜਿਸ ਰਾਹੀਂ ਸਾਰੀਆਂ ਕੁਲਾਂ ਦਾ ਉਧਾਰ ਹੋਣਾ ਸ਼ੁਰੂ ਹੋ ਗਿਆ-

***ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥***
***ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ॥***
***ਪੰਨਾ - 1075***

ਸੋ ਨਾਮ ਜਪਣ ਦੇ ਨਾਲ ਸਾਰੇ ਦੁਖਾਂ ਦਾ ਖਾਤਮਾ ਹੁੰਦਾ ਹੈ, ਸੇਵਾ ਕਰਨ ਨਾਲ ਇਥੇ ਵੀ ਮਾਣ ਤੇ ਦਰਗਾਹ ਵਿਚ ਵੀ ਮਾਣ ਮਿਲਦਾ ਹੈ -

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥*** ***ਪੰਨਾ - 26***

ਗੁਰੂ ਅੰਗਦ ਸਾਹਿਬ ਦੇ ਜੀਵਨ ਬਾਰੇ ਵਿਚਾਰ ਪਿਛਲੇ ਕਿੰਨੇ ਦੀਵਾਨਾਂ ਤੋਂ ਚਲਦੀ ਆ ਰਹੀ ਹੈ। ਸੰਖੇਪ ਵਿਚ ਮੈਂ ਸਾਰੀ ਗੱਲ ਫੇਰ ਦੁਹਰਾਉਂਦਾ ਹਾਂ। ਗੁਰੂ ਅੰਗਦ ਸਾਹਿਬ ਜੀ ਮਹਾਰਾਜ ਦਾ ਪਹਿਲਾ

ਨਾਮ ਭਾਈ ਲਹਿਣਾ ਸੀ। ਪਿਤਾ ਦਾ ਨਾਮ ਫੇਰੂ ਸੀ। ਇਨ੍ਹਾਂ ਦੇ ਪਿਤਾ ਜੀ ਚੌਧਰੀ ਤਖਤ ਮੱਲ ਦੇ ਪਟਵਾਰ ਕਰਨ ਵਾਲੇ ਸਨ, ਐਉਂ ਸਮਝੋ ਕਿ ਮੁਨਸ਼ੀ ਜਾਂ ਮੁਨੀਮ ਸੀ ਤੇ ਇਨ੍ਹਾਂ ਦੇ ਪੁੱਤਰ ਸਨ ਭਾਈ ਲਹਿਣਾ ਜੀ। ਆਪ ਸੰਘਰ ਵਿਆਹੇ ਹੋਏ ਸਨ। ਪਿਤਾ ਜੀ ਚੜ੍ਹਾਈ ਕਰ ਗਏ। ਪਿਤਾ ਜੀ ਨੇ ਸੰਗ ਇਕੱਠਾ ਕਰਨਾ ਅਤੇ ਨਚਦੇ ਗਾਉਂਦੇ ਤੀਰਥ ਯਾਤਰਾ ਕਰਨ ਜਾਇਆ ਕਰਦੇ ਸਨ। ਭਾਈ ਲਹਿਣਾ ਜੀ ਦੇ ਉਤੇ ਵੀ ਇਹੀ ਪ੍ਰਭਾਵ ਪਿਆ ਹੋਇਆ ਸੀ। ਇਨ੍ਹਾਂ ਨੇ ਦੇਵੀ ਦੀਆਂ ਬਹੁਤ ਸਾਰੀਆਂ ਭੇਟਾ ਸ਼ਬਦ ਯਾਦ ਕਰ ਲਏ ਸਨ। ਆਪ ਦਾ ਗਲਾ ਬਹੁਤ ਹੀ ਸੁੰਦਰ ਅਤੇ ਮਿਠਾਸ ਭਰਿਆ ਕੋਇਲ ਦੇ ਮਿਠੇ ਬੋਲਾਂ ਵਰਗਾ ਸੀ, ਸਖਸ਼ੀਅਤ ਵਿਚ ਬਹੁਤ ਖਿੱਚ ਸੀ। ਭਾਈ ਫੇਰੂ ਜੀ ਪਿਛੋਂ ਆਪ ਜੀ ਦੇਵੀ ਦੇ ਦਰਸ਼ਨ ਕਰਨ ਲਈ ਬਹੁਤ ਲੋਕ ਇਕੱਠੇ ਕਰਕੇ ਜਿਸਨੂੰ ਸੰਗ ਕਹਿੰਦੇ ਹਨ, ਲੈ ਕੇ ਜਾਇਆ ਕਰਦੇ ਸਨ। ਆਪ ਮੁਖੀ ਹੁੰਦੇ ਸਨ, ਵਣਜ ਵਪਾਰ ਬਹੁਤ ਸੀ, ਸ਼ਾਹੀ ਵੀ ਚਲਦੀ ਸੀ, ਆਪ ਲੋਕਾਂ ਨੂੰ ਕੰਮ ਕਰਨ ਲਈ ਪੈਸੇ ਉਧਾਰ ਦਿੰਦੇ ਸੀ, ਘਰ ਵਿਚ ਨੌਕਰਾਂ ਚਾਕਰਾਂ ਦੀ ਗਹਿਮਾ ਗਹਿਮੀ ਸੀ। ਇਨ੍ਹਾਂ ਦੇ ਪਿੰਡ ਜਦੋਂ ਵੀ ਕੋਈ ਆ ਜਾਣਾ, ਉਸ ਵੇਲੇ ਜਗਰਾਤਾ ਕਰਿਆ ਕਰਦੇ ਸਨ ਅਤੇ ਦੇਵੀ ਦੀਆਂ ਭੇਟਾ ਗਾਇਆ ਕਰਦੇ ਸਨ। ਇਕ ਦਿਨ ਜਗਰਾਤਾ ਕਰਕੇ ਆ ਰਹੇ ਸਨ ਤਾਂ ਇਨ੍ਹਾਂ ਨੂੰ ਭਾਈ ਜੋਧ ਜੀ ਮਿਲ ਗਏ। ਭਾਈ ਜੋਧ ਜੀ ਜਪੁਜੀ ਸਾਹਿਬ ਦਾ ਵਿਚਾਰ ਕੇ ਪਾਠ ਕਰ ਰਹੇ ਸਨ। ਭਾਈ ਲਹਿਣਾ ਜੀ ਨੇ ਸੁਣਿਆ ਕਿ -

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ਪੰਨਾ - 2***

ਆਪ ਸਤ ਦੇ ਮਾਰਗ ਦੇ ਪੰਧਾਊ ਸਨ, ਸੁਣਦੇ ਸਾਰ ਖਿੱਚ ਪੈ ਗਈ। ਐਨੇ ਨੂੰ ਇਨ੍ਹਾਂ ਨੇ ਹੋਰ ਧਿਆਨ ਨਾਲ ਸੁਣਿਆ ਕਿ-

***ਪੁੰਨੀ ਪਾਪੀ ਆਖਣੁ ਨਾਹਿ॥***
***ਕਰਿ ਕਰਿ ਕਰਣਾ ਲਿਖਿ ਲੈ ਜਾਹੁ॥ ਪੰਨਾ - 4***

ਸਮਝਣ ਦਾ ਯਤਨ ਕੀਤਾ, ਜਪੁਜੀ ਸਾਹਿਬ ਵਿਚੋਂ ਜੋ ਕੁਝ ਵੀ ਸਮਝ ਆਉਂਦਾ ਸੀ ਸਮਝੇ, ਇਸ ਤੋਂ ਪਿਛੋਂ ਭਾਈ ਜੋਧ ਜੀ ਨੇ ਆਸਾ ਜੀ ਦੀ ਵਾਰ ਪੜ੍ਹਨੀ ਸ਼ੁਰੂ ਕੀਤੀ। ਆਪ ਪਹਿਲਾਂ ਬੜੇ ਪਿਆਰ ਨਾਲ ਸਲੋਕ ਪੜ੍ਹਦੇ ਸਨ, ਫੇਰ ਪਉੜੀ ਪੜ੍ਹਦੇ ਸਨ। ਉਨ੍ਹਾਂ ਦਿਨਾਂ ਵਿਚ ਕੰਮ ਕਾਰ ਜ਼ਿਆਦਾ ਹੋਣ ਕਰਕੇ ਤੁਰ ਫਿਰ ਕੇ ਵੀ ਬਾਣੀ ਪੜ੍ਹ ਲਿਆ ਕਰਦੇ ਸਨ। ਅੱਜ ਆਪ ਨਿਵੇਕਲੀ ਥਾਂ ਤੇ ਬੈਠੇ ਹਨ ਅਤੇ ਦੇਵਨੇਤ ਨਾਲ ਇਥੇ ਭਾਈ ਲਹਿਣਾ ਜੀ ਵੀ ਆ ਗਏ। ਇਕੱਲੀ ਇਕੱਲੀ ਬਾਣੀ ਦੀ ਤੁਕ ਸਮਝਣ ਦਾ ਯਤਨ ਕੀਤਾ। ਜਦੋਂ ਪੜ੍ਹ ਹਟੇ ਤਾਂ ਆਪ ਨੇ ਬੜੀ ਅਧੀਨਗੀ ਨਾਲ ਮਿੱਠਾ ਬੋਲ ਕੇ ਬਚਨ ਕੀਤਾ ਕਿ ਆਪ ਕ੍ਰਿਪਾ ਕਰਕੇ ਮੈਨੂੰ ਦਸ ਸਕਦੇ ਹੋ ਕਿ ਇਹ ਬਿਸ਼ਨਪਦੇ ਕਿਸ ਦੇ ਹਨ? ਉਸ ਵੇਲੇ ਭਾਈ ਜੋਧ ਨੇ ਕਿਹਾ ਕਿ ਭਾਈ ਲਹਿਣਾ ਜੀ ਇਹ ਬਿਸ਼ਨਪਦੇ ਨਹੀਂ ਹਨ, ਇਹ ਤਾਂ ਅਕਾਲਪੁਰਖ ਨਾਲ ਜੋੜਨ ਲਈ ਧੁਰ ਤੋਂ ਆਈ ਹੋਈ ਬਾਣੀ ਹੈ ਜੋ ਗੁਰੂ ਨਾਨਕ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਉਚਾਰਨ ਹੋਈ ਹੈ। ਉਨ੍ਹਾਂ ਦਿਨਾਂ ਵਿਚ ਇਕ ਥਾਂ ਤੋਂ ਦੂਜੇ ਥਾਂ ਖਬਰ ਬਹੁਤ ਮੁਸ਼ਕਲ ਨਾਲ ਜਾਇਆ ਕਰਦੀ ਸੀ, ਅੱਜਕਲ ਤਾਂ ਛੋਟੀ ਤੋਂ ਛੋਟੀ ਘਟਨਾ ਦੁਨੀਆਂ ਦੇ ਕਿਸੇ ਕਿਨਾਰੇ ਹੋ ਜਾਵੇ, ਅਖਬਾਰਾਂ, ਟੈਲੀਫੋਨ ਤੇ ਟੀ.ਵੀ. ਰਾਹੀਂ ਪਰਸਾਰ ਹੋਣਾ ਸ਼ੁਰੂ ਹੋ ਜਾਂਦਾ ਹੈ ਪਰ ਉਨ੍ਹਾਂ ਦਿਨ੍ਹਾਂ ਵਿਚ ਬਹੁਤ ਘੱਟ ਹੀ ਪਤਾ ਲੱਗਿਆ ਕਰਦਾ ਸੀ। ਜਦੋਂ ਭਾਈ ਜੋਧ ਜੀ ਨੇ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਹੈ ਤਾਂ ਭਾਈ ਲਹਿਣਾ ਜੀ ਨੇ ਕਿਹਾ ਕਿ ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਜਾਣਦੇ ਹੋਂ? ਕ੍ਰਿਪਾ ਕਰਕੇ ਮੈਨੂੰ ਦੱਸੋਂਗੇ ਕਿ ਉਹ ਕੌਣ ਹਨ, ਕਿਥੇ ਰਹਿੰਦੇ ਹਨ? ਭਾਈ ਜੋਧ ਜੀ ਨੇ ਕਿਹਾ ਗੁਰੂ ਨਾਨਕ ਪਾਤਸ਼ਾਹ ਇਥੋਂ ਬਹੁਤ ਨੇੜੇ ਰਹਿ ਰਹੇ ਹਨ। ਖਡੂਰ ਸਾਹਿਬ ਤੋਂ ਕਰਤਾਰਪੁਰ ਬਹੁਤ ਨਾਲ ਹੈ। ਭਾਈ ਲਹਿਣਾ ਜੀ! ਉਹ ਸਮਰੱਥ ਹਨ ਜੋ ਇਸੇ ਸਰੀਰ ਵਿਚ ਪਰੀਪੂਰਨ ਪ੍ਰਮੇਸ਼ਰ ਦੇ ਦਰਸ਼ਨ ਕਰਾਉਣ ਦੀ ਸਮਰਥਾ ਰਖਦੇ ਹਨ। ਮੈਂ ਤਾਂ ਇਥੋਂ ਤਕ ਕਹਿੰਦਾ ਹਾਂ ਕਿ ਉਹ ਆਪ ਹੀ ਪ੍ਰਮੇਸ਼ਰ ਹਨ। ਗੁਰੂ ਨਾਨਕ ਪਾਤਸ਼ਾਹ ਜੋ ਅਕਾਲਪੁਰਖ ਵਾਹਿਗੁਰੂ ਜੀ ਦੇ ਅਵਤਾਰ ਹਨ, ਕਲਜੁਗ ਵਿਚ ਜਿੰਨਾਂ ਪਾਪ ਵਧਣਾ ਹੈ, ਉਸ ਨੂੰ ਕੱਟਣ ਲਈ ਸੁਖਾਲੇ ਤੋਂ ਸੁਖਾਲਾ ਰਸਤਾ ਦੱਸ ਕੇ ਜੀਵਾਂ ਦੀ ਕਲਿਆਣ ਲਈ ਆਪ ਜੀ ਪਾਰਬ੍ਰਹਮ ਪ੍ਰਮੇਸ਼ਰ ਗੁਰੂ ਨਾਨਕ ਰੂਪ ਹੋ ਕੇ ਪ੍ਰਗਟ ਹੋਏ ਹਨ। ਭਾਈ ਲਹਿਣਾ ਜੀ! ਮੈਂ ਇਕ ਗੱਲ ਕਹਾਂ ਕਿ ਤੁਸੀਂ ਬੁਰਾ ਨਾ ਮੰਨਿਓਂ ਕਿ ਅਵਤਾਰ ਪੀਰ, ਪੈਗੰਬਰ ਸੰਸਾਰ ਵਿਚ ਅੱਜ

ਤੋਂ ਪਹਿਲਾਂ ਬਹੁਤ ਆਏ ਹਨ, ਉਨ੍ਹਾਂ ਨੂੰ ਸ਼ਕਤੀ ਲੋੜ ਦੇ ਮੁਤਾਬਿਕ ਦਿਤੀ ਜਾਂਦੀ ਹੈ। ਸਤਿਜੁਗ, ਤ੍ਰੇਤਾ, ਦੁਆਪਰ ਯੁੱਗ ਵਿਚ ਪਰਮ ਹੰਸ ਅਤੇ ਮਨੁੱਖ ਵਸਦੇ ਸਨ, ਉਨ੍ਹਾਂ ਨੂੰ ਸਮਝਾਉਣਾ ਕੋਈ ਔਖੀ ਬਾਤ ਨਹੀਂ ਸੀ, ਲੰਮੀਆਂ ਉਮਰਾਂ ਸਨ ਉਨ੍ਹਾਂ ਦੇ ਸਾਧਨ ਆਰਾਮ ਨਾਲ ਹੋ ਜਾਇਆ ਕਰਦੇ ਸਨ। ਉਸ ਸਮੇਂ ਜੋ ਮਹਾਂਪੁਰਸ਼ ਸੰਸਾਰ ਵਿਚ ਆਏ, ਉਨ੍ਹਾਂ ਬਾਰੇ ਜਦੋਂ ਅਸੀਂ ਸਾਸ਼ਤਰਾਂ ਦੇ ਵਿਚ ਵਿਚਾਰ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਉਹ ਮੁਖ ਦੇਵਤਿਆਂ ਦੇ ਅਵਤਾਰ ਸਨ, ਕੋਈ ਬ੍ਰਹਮਾ ਜੀ ਦੇ ਅਵਤਾਰ ਸਨ, ਕੋਈ ਸ਼ਿਵ ਜੀ ਮਹਾਰਾਜ ਜੀ ਦੇ ਅਵਤਾਰ ਸਨ, ਕੁਝ ਵਿਸ਼ਨੂੰ ਜੀ ਦੇ ਅਵਤਾਰ ਸਨ ਜਿਵੇਂ ਸ੍ਰੀ ਰਾਮ ਚੰਦਰ ਜੀ ਮਹਾਰਾਜ 14 ਕਲਾ ਲੈ ਕੇ ਸੰਸਾਰ ਵਿਚ ਪ੍ਰਗਟੇ ਅਤੇ ਕ੍ਰਿਸ਼ਨ ਮਹਾਰਾਜ ਜੀ 16 ਕਲਾ ਸੰਪੂਰਨ ਦੁਆਪਰ ਯੁੱਗ ਵਿਚ ਪ੍ਰਗਟ ਹੋਏ ਜਿਨ੍ਹਾਂ ਦਾ ਮਹਾਨ ਸੰਦੇਸ਼ ਗੀਤਾ ਦੇ ਵਿਚ ਆਉਂਦਾ ਹੈ ਜੋ ਕਿ ਅੱਜ ਵੀ ਅਪਣਾਇਆ ਜਾਂਦਾ ਹੈ। ਸਾਸ਼ਤਰਾਂ ਦੇ ਮਤ ਅਨੁਸਾਰ ਇਹ ਵਿਸ਼ਨੂੰ ਜੀ ਦੇ ਅਵਤਾਰ ਸਨ। ਇਸ ਤਰ੍ਹਾਂ ਬਹੁਤ ਸਾਰੇ ਮਹਾਂਪੁਰਸ਼ ਆਏ ਜਿਨ੍ਹਾਂ ਨੂੰ ਪ੍ਰਵਾਨ ਹੋਏ ਦੇਵਤਿਆਂ ਜਾਂ ਫਰਿਸ਼ਤਿਆਂ ਨੇ ਆ ਕੇ ਰੱਬੀ ਸੰਦੇਸ਼ ਦਿਤਾ ਅਤੇ ਉਹ ਸੰਸਾਰ ਨੂੰ ਸਿੱਧਾ ਰਸਤਾ ਦਸਦੇ ਰਹੇ, ਬੇਅੰਤ ਦੁਨੀਆਂ ਦਾ ਉਧਾਰ ਕੀਤਾ।

ਕਲਜੁਗ ਦੇ ਅੰਦਰ ਕਿਉਂਕਿ ਬਹੁਤ ਜ਼ਿਆਦਾ ਪਾਪ ਧਰਮ ਦੇ ਨਾਮ ਤੇ ਹੀ ਹੋਣ ਲਗ ਗਏ ਸਨ। ਕਤਲਾਮ ਮਚੀ ਹੋਈ ਸੀ। ਮਨਾਂ ਵਿਚ, ਅੰਤਸ਼ਕਰਣ ਵਿਚ ਧੁੰਦ ਛਾ ਗਈ ਸੀ, ਹਨ੍ਹੇਰਾ ਦੂਰ ਕਰਨ ਲਈ ਜੇ ਰੋਸ਼ਨੀ ਕਰ ਦੇਵੋ ਤਾਂ ਹਨ੍ਹੇਰਾ ਦੂਰ ਹੋ ਜਾਂਦਾ ਹੈ, ਪਰ ਧੁੰਦ ਦੂਰ ਨਹੀਂ ਹੋਇਆ ਕਰਦੀ, ਧੁੰਦ ਦੂਰ ਕਰਨ ਦਾ ਕੋਈ ਉਪਰਾਲਾ ਨਹੀਂ, ਉਹ ਤਾਂ ਹਵਾ ਹੀ ਚਲ ਪਵੇ ਤਾਂ ਧੁੰਦ ਦੇ ਬੱਦਲ ਉਡ ਜਾਇਆ ਕਰਦੇ ਹਨ, ਉਹ ਕਿਸੇ ਲੈਂਪ ਨੂੰ, ਰੋਸ਼ਨੀ ਨੂੰ ਕੁਝ ਨਹੀਂ ਸਮਝਦੀ। ਗੁਰੂ ਨਾਨਕ ਪਾਤਸ਼ਾਹ ਜੀ ਵੇਲੇ ਧਰਮ ਦੇ ਵਿਚ ਬਹੁਤ ਪਾਖੰਡ ਅਤੇ ਦਿਖਾਵਾ ਆ ਚੁਕਿਆ ਸੀ। ਗੁਰੂ ਨਾਨਕ ਪਾਤਸ਼ਾਹ ਬਾਰੇ ਤਾਂ ਮੈਂ ਜਿੰਨਾਂ ਦਸਦਾ ਹਾਂ, ਲਹਿਣਾ ਜੀ! ਓਨਾਂ ਥੋੜ੍ਹਾ ਹੈ। ਜਦੋਂ ਗੁਰੂ ਨਾਨਕ ਪਾਤਸ਼ਾਹ ਜੀ ਨਿਰੰਕਾਰ ਦੇ ਪਾਸ ਸਚਖੰਡ ਵਿਚ ਗਏ ਉਸ ਵੇਲੇ ਨਿਰੰਕਾਰ ਜੀ ਨੇ ਫੁਰਮਾਇਆ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ, ਤੂੰ ਮੇਰਾ ਹੀ ਰੂਪ ਹੋਇਆ, ਮੈਂ ਹੀ ਤੇਰੇ ਵਿਚ ਪ੍ਰਗਟ ਹੋਇਆਂ ਹਾਂ, ਤੂੰ ਸੱਚ ਦੇ ਰਾਹ ਨੂੰ ਪ੍ਰਗਟ ਕਰਨਾ ਹੈ ਅਤੇ ਧੁੰਦ ਨੂੰ ਮਿਟਾਉਣਾ ਹੈ। ਸੋ ਲਹਿਣਾ ਜੀ! ਗੁਰੂ ਨਾਨਕ ਜੀ ਦੇ ਜਿੰਨੇ ਵੀ ਉਪਦੇਸ਼ ਹਨ, ਗਾਡੀ ਰਾਹ ਹਨ, (high way ਹਨ ਜਿਨ੍ਹਾਂ ਦੇ ਉਪਰ ਚਲਦੇ ਮੁਸਾਫਿਰ ਨੂੰ ਥਾਂ ਥਾਂ ਤੋਂ ਸੰਕੇਤ ਮਿਲਦੇ ਜਾਂਦੇ ਹਨ। ਖਤਰੇ ਦੇ ਥਾਂ ਤੇ ਖਤਰਾ ਲਿਖਿਆ ਹੁੰਦਾ ਹੈ, ਸਿੱਧੇ ਰਾਹ ਤੇ ਚੱਲਣ ਲਈ ਨਿਸ਼ਾਨੀ ਹੁੰਦੀ ਹੈ ਕਿ ਇਧਰ ਨੂੰ ਚੱਲੋ। ਗੁਰੂ ਨਾਨਕ ਪਾਤਸ਼ਾਹ ਜੀ ਸਮਰੱਥ ਗੁਰੂ ਹਨ। ਪ੍ਰਮੇਸ਼ਰ ਅਤੇ ਉਨ੍ਹਾਂ ਵਿਚ ਕੋਈ ਭੇਤ ਨਹੀਂ ਹੈ। ਇਹ ਗੱਲ ਸਮਝਣ ਲਈ ਤੁਹਾਨੂੰ ਕਾਫੀ ਸਤਿਸੰਗ ਕਰਨ ਦੀ ਲੋੜ ਹੈ ਕਿਉਂਕਿ ਸ਼ਰਧਾ ਤੋਂ ਬਗੈਰ, ਸ਼ਰਧਾ ਤੋਂ ਹੀਣੇ ਪੁਰਸ਼ ਨੂੰ ਇਸ ਭੇਦ ਦਾ ਪਤਾ ਨਹੀਂ ਲਗਦਾ। ਉਹ ਸਰੀਰ ਨੂੰ ਦੇਖਦਾ ਹੈ, ਗੁਰੂ ਸਰੀਰ ਨਹੀਂ ਹੁੰਦਾ, ਉਹ ਜਾਗਤ ਜੋਤ ਹੀ ਹੁੰਦਾ ਹੈ, ਸਰੀਰ ਵਿਚੀਂ ਹੋ ਕੇ ਕੰਮ ਕਰਦਾ ਹੈ। ਪਹਿਲਾਂ ਮਹਾਂਪੁਰਸ਼ਾਂ ਨੂੰ ਅਕਾਸ਼ਬਾਣੀ ਹੋਇਆ ਕਰਦੀ ਸੀ, ਉਸ ਦੇ ਮੁਤਾਬਿਕ ਉਹ ਰੂਹਾਨੀ ਸੰਦੇਸ਼ ਪਬਲਿਕ ਨੂੰ ਦ੍ਰਿੜ੍ਹ ਕਰਾਇਆ ਕਰਦੇ ਸਨ। ਇਸ ਦੇ ਵਿਪਰੀਤ ਗੁਰੂ ਨਾਨਕ ਪਾਤਸ਼ਾਹ ਵਿਚ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਖੁਦ ਹੀ ਬੋਲਦਾ ਹੈ, ਆਪ ਹਮੇਸ਼ਾ ਹੀ ਫੁਰਮਾਨ ਕਰਿਆ ਕਰਦੇ ਹਨ, ਆਸਾ ਰਾਗ, ਗਉੜੀ ਰਾਗ ਜਾਂ ਧਨਾਸਰੀ ਰਾਗ ਵਿਚ ਰਬਾਬ ਸੁਰ ਕਰ ਮਰਦਾਨਿਆ, ਬਾਣੀ ਦਾ ਪ੍ਰਸਾਰ ਹੋ ਰਿਹਾ ਹੈ। ਜੇ ਹੋਰ ਥੋੜ੍ਹੀ ਵਿਚਾਰ ਨਾਲ ਗੱਲ ਨੂੰ ਸਮਝਣਾ ਹੋਵੇ ਤਾਂ ਉਹ ਇਸ ਤਰ੍ਹਾਂ ਹੈ ਕਿ ਗੁਰੂ ਦੇ ਸਰੂਪ ਵਿਚ ਆਪ ਨਿਰੰਕਾਰ ਹੀ ਬੋਲ ਰਿਹਾ ਹੁੰਦਾ ਹੈ। ਇਹ ਮੇਰਾ ਬਚਨ ਕਿੰਤੂ ਕਰਨ ਵਾਲਾ ਨਹੀਂ ਹੈ ਇਹ ਸਤਿ ਤੇ ਅਧਾਰਤ ਹੈ, ਇਹਦੀ ਸਮਝ ਉਸ ਵਕਤ ਆਉਂਦੀ ਹੈ ਜਦੋਂ ਜੀਵ ਸਰੀਰ ਦੇ ਮੰਡਲ 'ਚੋਂ ਉਠਦਾ ਹੋਇਆ, ਪ੍ਰਾਣ ਮੰਡਲ, ਮਨ ਮੰਡਲ, ਬੁੱਧੀ ਮੰਡਲ, ਚਿੱਤ ਮੰਡਲ ਅਤੇ ਅਹੰਭਾਵ ਦੇ ਮੰਡਲ ਵਿਚੋਂ ਪਰੀਪੂਰਨ ਆਤਮ ਮੰਡਲ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਉਸ ਵੇਲੇ ਜੋ ਬਚਨ ਮੈਂ ਕਰ ਰਿਹਾ ਹਾਂ ਫੇਰ ਸਮਝ ਆਉਂਦੇ ਹਨ। ਉਸ ਦਾ ਕਾਰਨ ਮੈਂ ਤੈਨੂੰ ਦਸਦਾ ਹਾਂ। ਆਦਮੀ ਦੀ ਜੋ ਅਕਲ ਹੈ ਉਹ ਮਾਇਆ ਦੀਆਂ ਘੁੰਮਣ ਘੇਰੀਆਂ ਵਿਚ ਹੋਣ ਕਰਕੇ ਸ਼ੁਧ ਨਹੀਂ ਹੈ। ਜੀਵ ਦੀ ਬੁੱਧੀ, ਕਾਲ ਮੰਡਲ ਤੋਂ ਉਪਰ ਨਹੀਂ ਜਾਂਦੀ। ਮੇਰੇ ਸਤਿਗੁਰੂ ਜੀ ਨੇ ਦੱਸਿਆ ਹੈ ਕਿ ਜਿਸ ਵਕਤ ਇਹ ਜੀਵ ਤਰੱਕੀ ਕਰਦਾ ਹੈ ਤਾਂ ਉਹ ਪਹਿਲਾਂ ਧਰਮ ਖੰਡ ਵਿਚ ਜਾ ਕੇ ਜੋ ਜੀਵਾਂ ਨਾਲ ਵਰਤਾਓ ਹੋ ਰਿਹਾ ਹੈ ਉਸ ਨੂੰ ਦੇਖ ਰਿਹਾ ਹੈ, ਕੁਝ ਗਾਫਲ ਨਰਕਾਂ ਵਿਚ ਸੁੱਟੇ ਜਾ ਰਹੇ ਹਨ, ਕੁਝ

ਨੂੰ ਵਡਿਆਈਆਂ ਮਿਲ ਰਹੀਆਂ ਹਨ, ਕੁਝ ਮੁੜ ਕੇ ਜੂਨੀਆਂ ਵਿਚ ਭੇਜੇ ਜਾ ਰਹੇ ਹਨ। ਗੁਰੂ ਸਾਹਿਬ ਨੇ ਸਾਰਾ ਹਾਲ ਧਰਮ ਖੰਡ ਵਿਚ ਹੀ ਸੀਮਤ ਕਰ ਦਿਤਾ। ਉਸ ਪਿਛੋਂ ਗੁਰੂ ਮਹਾਰਾਜ ਨੇ ਗਿਆਨ ਖੰਡ ਦਾ ਦੱਸਿਆ ਜਿਸ ਦਾ ਬਹੁਤ ਵੱਡਾ ਵਿਸ਼ੇਸ਼ ਵਰਤਾਰਾ ਹੋ ਰਿਹਾ ਹੈ ਜੋ ਸਾਡੀਆਂ ਅੱਖਾਂ ਤੋਂ ਅਦ੍ਰਿਸ਼ ਹਨ। ਜਿੰਨੇ ਵੀ ਦੇਵੀ ਦੇਵਤਿਆਂ ਨੂੰ ਅਸੀਂ ਜਾਣਦੇ ਹਾਂ, ਜੋ ਵੀ ਸੰਸਾਰ ਦੀ ਰਚਨਾ ਕਰ ਰਹੇ ਹਨ, ਜਿਹੜੇ ਵੀ ਸਾਧਕ ਤਪ ਸਾਧ ਸਾਧ ਕੇ ਉਚੀਆਂ ਅਵਸਥਾਵਾਂ ਵਿਚ ਪਹੁੰਚੇ ਹੋਏ ਹਨ, ਮਾਇਆ ਦੇ ਮੰਡਲ ਦੇ ਆਖਰੀ ਸਿਰੇ ਤੇ ਪਹੁੰਚੇ ਹੋਏ ਹਨ ਉਨ੍ਹਾਂ ਬਾਰੇ ਜ਼ਿਕਰ ਕੀਤਾ ਹੋਇਆ ਹੈ, ਜੇ ਤੈਨੂੰ ਸਮਝ ਆ ਜਾਵੇ ਤਾਂ ਮੈਂ ਤੈਨੂੰ ਸੰਖੇਪ ਵਿਚ ਦਸਦਾ ਹਾਂ -

*ਧਰਮ ਖੰਡ ਕਾ ਏਹੋ ਧਰਮੁ ॥*
*ਗਿਆਨ ਖੰਡ ਕਾ ਆਖਹੁ ਕਰਮੁ ॥*
*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥*
*ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥*
*ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥*
*ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥*
*ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥*
*ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥*
*ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥*
*ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥* *ਪੰਨਾ - 7*

ਆਪ ਨੇ ਇਸ ਤੋਂ ਉਪਰ ਸਰਮਖੰਡ ਦਾ ਜ਼ਿਕਰ ਕੀਤਾ ਹੈ ਜਿਥੇ ਜਾ ਕੇ ਉਹ ਬੁੱਧੀ ਘੜੀ ਜਾਂਦੀ ਹੈ ਜਿਸਨੂੰ ਮਾਇਆ ਮੰਡਲ ਤੋਂ ਉਪਰ ਰੂਪ ਮੰਡਲ ਵਿਚ ਪ੍ਰਮੇਸ਼ਰ ਦੇ ਅਕਾਲ ਮੰਡਲ ਵਿਚ ਜਾਨਣ ਦੀ ਸ਼ਕਤੀ ਹੋ ਆਉਂਦੀ ਹੈ, ਉਹ ਨੈਣ ਦਿਤੇ ਜਾਂਦੇ ਹਨ, ਉਹ ਸੁਰਤ ਦਿਤੀ ਜਾਂਦੀ ਹੈ ਜਿਸ ਥਾਂ ਪਹੁੰਚ ਕੇ ਪਾਰਬ੍ਰਹਮ ਪ੍ਰਮੇਸ਼ਰ ਦੀ ਅਮਿਤ ਲੀਲ੍ਹਾ ਹੋ ਰਹੀ ਪ੍ਰਤੱਖ ਅਨੁਭਵ ਹੁੰਦੀ ਹੈ, ਜਿਵੇਂ ਕਿ ਆਪ ਨੇ ਫੁਰਮਾਨ ਕੀਤਾ ਹੈ-

*ਸਰਮ ਖੰਡ ਕੀ ਬਾਣੀ ਰੂਪੁ ॥*
*ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥*
*ਤਾ ਕੀਆ ਗਲਾ ਕਥੀਆ ਨਾ ਜਾਹਿ ॥*
*ਜੇ ਕੋ ਕਹੈ ਪਿਛੈ ਪਛੁਤਾਇ ॥*
*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥* *ਪੰਨਾ - 8*

ਇਸ ਤੋਂ ਅੱਗੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਇਸ ਜੀਵ ਨੂੰ ਬਹੁਤ ਉਚਾ ਲਿਜਾ ਕੇ ਵਾਹਿਗੁਰੂ ਜੀ ਦੀ ਨਿਜ ਮਿਹਰ, ਬਖਸ਼ਿਸ਼ ਦੇ ਮੰਡਲ ਵਿਚ ਪ੍ਰਵੇਸ਼ ਕਰਾਇਆ ਹੈ, ਜਿਸ ਦੇ ਬਾਰੇ ਕੁਝ ਆਖਿਆ ਨਹੀਂ ਜਾ ਸਕਦਾ ਪਰ ਥੋੜ੍ਹੇ ਸੰਕੇਤ ਆਪ ਨੇ ਦਿਤੇ ਹਨ -

*ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥*
*ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥*
*ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥*
*ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥*
*ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥*
*ਸਚਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲੁ ॥*
*ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥*
*ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥*

***ਵੇਖੈ ਵਿਗਸੈ ਕਰਿ ਵੀਚਾਰੁ॥ ਨਾਨਕ ਕਥਨਾ ਕਰੜਾ ਸਾਰੁ॥*** ***ਪੰਨਾ - 8***

ਉਥੇ ਉਸ ਮੰਡਲ ਵਿਚ ਪਹੁੰਚਿਆ ਹੋਇਆ ਜੀਵ ਕਿਸੇ ਤਰੀਕੇ ਨਾਲ ਵੀ ਠੱਗਿਆ ਨਹੀਂ ਜਾਂਦਾ ਕਿਉਂਕਿ ਮਾਇਆ ਦੀ ਹੱਦ ਗਿਆਨ ਖੰਡ ਦੀ ਆਖਰੀ ਮੰਜ਼ਲ ਤਕ ਜਾਂਦੀ ਖਤਮ ਹੋ ਜਾਂਦੀ ਹੈ। ਇਥੋਂ ਅੱਗੇ ਜੋ ਸ੍ਰਿਸ਼ਟੀ ਹੈ ਉਹ ਪਾਰਬ੍ਰਹਮ ਦੇ ਮੰਡਲ ਦੀ ਸ੍ਰਿਸ਼ਟੀ ਹੈ। ਪਹਿਲਾਂ ਸਰਮਖੰਡ, ਫੇਰ ਬਖਸ਼ਿਸ਼ ਦਾ, ਪਿਆਰ ਦਾ, ਅਪਣੱਤ ਦਾ ਭਰਿਆ ਹੋਇਆ ਕਰਮਖੰਡ ਦਾ ਮੰਡਲ ਹੈ ਇਥੇ ਆ ਕੇ ਨਿਰੰਕਾਰ ਪੂਰਨ ਰੂਪ ਵਿਚ ਪਹੁੰਚੀ ਹੋਈ ਆਤਮਾ ਨੂੰ ਆਪਣੇ ਵਿਚ ਅਭੇਦ ਕਰ ਲੈਂਦਾ ਹੈ। ਇਉਂ ਸਮਝੋ ਉਹ ਪ੍ਰਮੇਸ਼ਰ ਹੀ ਬਣਾ ਦਿੰਦਾ ਹੈ। ਉਸ ਤੋਂ ਅੱਗੇ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਪੂਰਨ ਰੂਪ ਵਿਚ ਪ੍ਰਮੇਸ਼ਰ ਵਿਚ ਅਭੇਦ ਓਹੀ ਹੁੰਦਾ ਹੈ ਜਿਸ ਉਪਰ ਅਕਾਲਪੁਰਖ ਦੀ ਪੂਰਨ ਨਦਰ ਹੋ ਜਾਵੇ ਜਿਸ ਦੇ ਸਾਧਨ ਪੱਖ ਸੰਖੇਪ ਵਿਚ ਗੁਰੂ ਮਹਾਰਾਜ ਨੇ ਦੱਸੇ ਹਨ -

***ਜਤੁ ਪਾਹਾਰਾ ਧੀਰਜੁ ਸੁਨਿਆਰੁ॥***
***ਅਹਰਣਿ ਮਤਿ ਵੇਦੁ ਹਥੀਆਰੁ॥***
***ਭਉ ਖਲਾ ਅਗਨਿ ਤਪ ਤਾਉ॥***
***ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥***
***ਘੜੀਐ ਸਬਦੁ ਸਚੀ ਟਕਸਾਲ॥***
***ਜਿਨ ਕਉ ਨਦਰਿ ਕਰਮੁ ਤਿਨ ਕਾਰ॥***
***ਨਾਨਕ ਨਦਰੀ ਨਦਰਿ ਨਿਹਾਲ॥*** ***ਪੰਨਾ - 8***

ਭਾਈ ਜੋਧ ਜੀ ਕਹਿਣ ਲੱਗੇ, ਭਾਈ ਲਹਿਣਾ ਜੀ! ਦੁਨੀਆਂ ਵਿਚ ਅੰਧਕਾਰ ਮਚਿਆ ਹੋਇਆ ਹੈ, ਸਾਰੇ ਅਖੌਤੀ ਧਾਰਮਕ ਆਗੂ ਜੋ ਅੱਜ ਸੰਸਾਰ ਵਿਚ ਕਿਰਿਆਸ਼ੀਲ ਹਨ, ਆਪਣੇ ਅਸਲੀ ਟੀਚੇ ਤੋਂ ਤਿਲ੍ਹਕੇ ਹੋਏ ਹਨ, ਕੋਈ ਜਾਦੂਗਰੀ ਕਰਕੇ ਤਾਂਤਰਿਕ ਵਿਦਿਆ ਰਾਹੀਂ ਆਪਣਾ ਗੁਜ਼ਾਰਾ ਕਰ ਰਿਹਾ ਹੈ, ਕੋਈ ਛਲ ਕਪਟ ਨਾਲ ਚਲਾ ਰਿਹਾ। ਗੁਰੂ ਨਾਨਕ ਪਾਤਸ਼ਾਹ ਹਰ ਕਿਸੇ ਪਾਸ ਜਾ ਕੇ ਉਸਨੂੰ ਸੱਚ ਦੇ ਮਾਰਗ ਤੇ ਪਾਉਂਦੇ ਹਨ, ਆਪ ਪੂਰਨ ਗੁਰੂ ਹਨ, ਗੁਰੂ ਹੀ ਨਹੀਂ, ਉਹ ਤਾਂ ਗੁਰੂ ਪ੍ਰਮੇਸ਼ਰ ਹਨ। ਜੇ ਇਸ ਤਰ੍ਹਾਂ ਕਹੀਏ ਜਿਵੇਂ ਕਿ ਮੈਂ ਪਹਿਲਾਂ ਦਸ ਚੁਕਿਆ ਹਾਂ ਕਿ ਪਾਰਬ੍ਰਹਮ ਪ੍ਰਮੇਸ਼ਰ ਦਾ ਨਿਰਗੁਣ ਸਰੂਪ ਹੀ ਸਰਗੁਣ ਸਰੂਪ ਗੁਰੂ ਪ੍ਰਮੇਸ਼ਰ ਹੋ ਕੇ ਪ੍ਰਗਟ ਹੋਇਆ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੈ, ਸਤ ਤੇ ਅਧਾਰਤ ਹੈ। ਸੰਸਾਰ ਦੇ ਉਧਾਰ ਵਾਸਤੇ ਆਪ ਨੇ ਸੁਰਤਿ ਸਬਦਿ ਦਾ ਮਾਰਗ ਪ੍ਰਚਲਤ ਕੀਤਾ ਹੈ। ਪਹਿਲੇ ਯੁੱਗਾਂ ਵਿਚ ਹੱਠ ਯੋਗ, ਰਾਜ ਯੋਗ ਪ੍ਰਚਲਤ ਸੀ। ਇਨ੍ਹਾਂ ਰਸਤਿਆਂ ਤੇ ਚਲ ਕੇ ਪ੍ਰਮੇਸ਼ਰ ਤਕ ਪਹੁੰਚਣ ਲਈ ਬਹੁਤ ਸਮਾਂ ਲਗਦਾ ਸੀ। ਆਦਮੀ ਦੀ ਆਯੂ ਬਹੁਤ ਘੱਟ ਹੋਣ ਕਰਕੇ ਰਾਜ ਯੋਗ ਦੀ ਵੀ ਪੂਰਨ ਰੂਪ ਵਿਚ ਪ੍ਰਾਪਤੀ ਨਹੀਂ ਸੀ ਹੁੰਦੀ। ਚਲਦੇ ਤਾਂ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸਨ ਪਰ ਸਹੀ ਰਾਹ ਨਾ ਹੋਣ ਕਰਕੇ, ਸਮਾਂ ਥੋੜ੍ਹਾ ਹੋਣ ਕਰਕੇ ਜਗਿਆਸੂ ਪ੍ਰਮੇਸ਼ਰ ਨੂੰ ਮਿਲਣ ਵਿਚ ਸਫਲ ਨਹੀਂ ਸੀ ਹੁੰਦੇ, ਅੱਧ ਵਿਚਾਲੇ ਰਹਿ ਜਾਂਦੇ ਸੀ। ਰਾਜ ਯੋਗ ਜਿਸਨੂੰ ਕਸ਼ਟ ਯੋਗ ਵੀ ਕਿਹਾ ਜਾਂਦਾ ਹੈ, ਵਿਚ ਸਾਧਨ ਬਹੁਤ ਕਠਿਨ ਹਨ। ਭਾਈ ਲਹਿਣਾ ਜੀ! ਮੈਂ ਗੁਰੂ ਨਾਨਕ ਪਾਤਸ਼ਾਹ ਦੀ ਸੰਗਤ ਕਰਕੇ ਜੋ ਕੁਝ ਜਾਣਿਆ ਹੈ ਉਹ ਮੈਂ ਤੁਹਾਨੂੰ ਬਹੁਤ ਹੀ ਸੰਖੇਪ ਰੂਪ ਵਿਚ ਦਸਦਾ ਹਾਂ।

ਭਾਈ ਲਹਿਣਾ ਜੀ! ਤੁਸੀਂ ਇਹ ਤਾਂ ਭਲੀਭਾਂਤ ਜਾਣਦੇ ਹੀ ਹੋ ਅਤੇ ਮੇਰੇ ਨਾਲ ਸਹਿਮਤ ਹੋਵੋਗੇ ਕਿ ਹੁਣ ਹੱਠ ਯੋਗ ਦਾ ਤਾਂ ਬਿਲਕੁਲ ਹੀ ਸਮਾਂ ਨਹੀਂ ਰਿਹਾ, ਠੰਢੇ ਪਾਣੀ ਵਿਚ ਖੜ੍ਹੇ ਰਹਿਣਾ, ਕੰਡਿਆਂ ਤੇ ਪੈਣਾ, ਭੁੱਖੇ ਰਹਿਣਾ ਇਹ ਸਾਧਨ ਪ੍ਰਮੇਸ਼ਰ ਨੂੰ ਨਹੀਂ ਭਾਉਂਦੇ ਕਿਉਂਕਿ ਵਾਹਿਗੁਰੂ ਜੀ ਨੇ ਅਤਿ ਉਤਮ ਮਾਨਸ ਸਰੀਰ ਦੀ ਬਖਸ਼ਿਸ਼ ਸਾਨੂੰ ਕੀਤੀ ਹੈ, ਉਹ ਇਸਨੂੰ ਵਿਅਰਥ ਗੁਆਉਣ ਵਾਸਤੇ ਨਹੀਂ ਕੀਤੀ। ਸਰੀਰ ਪੂਰੀ ਤਰ੍ਹਾਂ ਸਵੱਸਥ ਹੋਣਾ ਚਾਹੀਦਾ ਹੈ, ਫੇਰ ਅਸੀਂ ਕਿਸੇ ਆਪਣੇ ਟੀਚੇ ਤੇ ਪਹੁੰਚ ਸਕਦੇ ਹਾਂ। ਦੂਸਰਾ ਰਾਜ ਯੋਗ ਹੈ ਉਸ ਦੇ ਵਿਚ ਰਹਿਤਾਂ ਹਨ, ਮਨ ਦੀਆਂ ਅਤੇ ਸਰੀਰ ਦੀਆਂ ਜਿਨ੍ਹਾਂ ਨੂੰ ਸਮ ਤੇ ਦਮ ਆਖਦੇ ਹਨ।

ਤੀਸਰਾ ਇਸ ਵਿਚ ਆਸਣ ਲਾਏ ਜਾਂਦੇ ਹਨ, ਪ੍ਰਾਣਾਯਾਮ ਹੈ, ਪ੍ਰਤਿਹਾਰ ਹੈ, ਧਾਰਨਾ ਹੈ, ਧਿਆਨ ਹੈ, ਸਮਾਧੀ ਹੋਇਆ ਕਰਦੀ ਹੈ। ਸਮਾਧੀ ਦੋ ਤਰ੍ਹਾਂ ਦੀ ਹੁੰਦੀ ਹੈ, ਇਕ ਨੂੰ ਸੰਪਰਗਿਆਤ ਸਮਾਧੀ ਕਹਿੰਦੇ ਹਨ ਜਿਸ ਵਿਚ ਚਾਰ ਭੇਤ ਹੋਇਆ ਕਰਦੇ ਹਨ। ਦੂਸਰੀ ਅਸੰਪਰਗਿਆਤ ਹੁੰਦੀ ਹੈ। ਇਸ ਤੋਂ ਅੱਗੇ ਰਾਜਮੇਘ ਸਮਾਧੀ ਹੋਇਆ ਕਰਦੀ ਹੈ ਜਿਥੇ ਜਾ ਕੇ ਫੁਰਨੇ ਖਤਮ ਹੋ ਜਾਇਆ ਕਰਦੇ ਹਨ। ਦਸਵੇਂ ਦੁਆਰ ਵਿਚ ਸੁਰਤ ਟਿਕ ਜਾਂਦੀ ਹੈ। ਅੱਜ ਦੇ ਸਮੇਂ ਪ੍ਰਾਣਾਯਾਮ ਕਰਨਾ ਬਹੁਤ ਔਖਾ ਹੈ। ਗ੍ਰਹਿਸਤੀ ਤਾਂ ਕਰ ਹੀ ਨਹੀਂ ਸਕਦੇ ਕਿਉਂਕਿ ਇਸ ਵਿਚ ਪੂਰਨ ਬ੍ਰਹਮਚਰੀਆ ਰੱਖਣ ਦੀ ਸ਼ਰਤ ਜ਼ਰੂਰੀ ਹੈ। ਕਲਜੁਗ ਦੇ ਬੰਦਿਆਂ ਦੇ ਆਚਾਰ, ਵਿਹਾਰ ਬਹੁਤ ਛੋਟੇ ਦਰਜੇ ਤੇ ਪਹੁੰਚ ਗਏ ਹਨ, ਇਸ ਕਰਕੇ ਬ੍ਰਹਮਚਰੀਆ ਰਹਿ ਹੀ ਨਹੀਂ ਸਕਦਾ। ਬ੍ਰਹਮਚਰੀਆ ਦਾ ਸਬੰਧ ਦਿਮਾਗ ਨਾਲ ਹੈ। ਜੇ ਦਿਮਾਗ ਖੁਸ਼ਕ ਹੋ ਜਾਵੇ ਤਾਂ ਅਸੀਂ ਆਪਣੇ ਟੀਚੇ ਤੇ ਨਹੀਂ ਪਹੁੰਚ ਸਕਦੇ। ਐਸਾ ਲਿਖਿਆ ਮਿਲਦਾ ਹੈ ਕਿ ਛੋਟੇ ਤੋਂ ਛੋਟਾ ਪ੍ਰਾਣਾਯਾਮ 42 ਵਾਰੀ ਓਅੰਕਾਰ ਦਾ ਸ਼ਬਦ ਕਹਿ ਕੇ ਸ੍ਵਾਸ ਅੰਦਰ ਖਿਚਿਆ ਜਾਵੇ, 84 ਵਾਰੀ ਅੰਦਰ ਰੋਕ ਕੇ, 42 ਵਾਰੀ ਓਅੰਕਾਰ ਕਹਿੰਦਿਆਂ ਬਾਹਰ ਛੱਡਿਆ ਜਾਵੇ। ਫੇਰ 42 ਵਾਰੀ ਅੰਦਰ ਖਿਚਿਆ ਜਾਵੇ, ਇਹ ਪ੍ਰਾਣਾਯਾਮ ਦੀ ਪਹਿਲੀ ਪਉੜੀ ਹੈ (42+84+42=168।) ਪ੍ਰਾਣ ਵਾਯੂ ਤੇ ਅਪਾਨ ਵਾਯੂ ਦੇ ਸੰਗਮ ਤੋਂ ਗਰਮੀ ਨਾਲ ਭੁਜੰਗਾ ਨਾੜੀ ਦਾ ਮੂੰਹ ਖੁਲ੍ਹਦਾ ਹੈ, ਫੇਰ ਸਾਰੇ ਚੱਕਰਾਂ ਵਿਚੀਂ ਹੁੰਦਾ ਹੋਇਆ, ਸਾਰੀਆਂ ਰੁਕਾਵਟਾਂ ਦੂਰ ਕਰਦਾ ਹੋਇਆ ਸਾਧਕ ਆਗਿਆ ਚੱਕਰ ਵਿਚ ਪਹੁੰਚਦਾ ਹੈ, ਉਸ ਥਾਂ ਤੋਂ ਉਪਰ ਤ੍ਰਿਕੁਟੀ ਛੁਟਦੀ ਹੈ ਅਤੇ ਸੁਰਤ ਸਹੰਸਰਾਰ ਦਲ ਵਿਚ ਪ੍ਰਵੇਸ਼ ਕਰਦੀ ਹੈ ਜਿਥੇ ਚਿੱਟੀ ਰੋਸ਼ਨੀ ਦਾ ਲਿਸ਼ਕਾਰੇ ਮਾਰਦਾ ਫੁੱਲ ਹੁੰਦਾ ਹੈ। ਇਸ ਵਿਚ ਅਥਾਹ ਸ਼ਕਤੀਆਂ, ਰਿੱਧੀਆਂ ਸਿੱਧੀਆਂ ਸ਼ਕਤੀਆਂ ਪੈਦਾ ਹੋ ਜਾਂਦੀਆਂ ਹਨ ਜੋ ਜਗਿਆਸੂ ਤੋਂ ਜਰ ਨਹੀਂ ਹੁੰਦੀਆਂ। ਜਗਿਆਸੂ ਇਨ੍ਹਾਂ ਰਿਧੀਆਂ ਸਿੱਧੀਆਂ ਵਿਚ ਪਰਚ ਜਾਂਦਾ ਹੈ। ਇਥੇ ਹੀ ਉਸਨੂੰ ਸੰਸਾਰ ਦੀ ਪ੍ਰਸ਼ੰਸਾ ਪ੍ਰਾਪਤ ਹੋ ਜਾਣ ਕਾਰਨ ਅੱਗੇ ਵਧਣ ਦੀ ਰੁਚੀ ਖਤਮ ਹੋ ਜਾਂਦੀ ਹੈ। ਕੋਈ ਕੋਈ ਪ੍ਰੇਮੀ ਦਸਵੇਂ ਦੁਆਰ ਵਿਚ ਟਿਕਾਣਾ ਕਰ ਲੈਂਦਾ ਹੈ।

ਇਥੇ ਤਕ ਤਾਂ ਯੋਗੀ ਪਹੁੰਚ ਜਾਂਦੇ ਹਨ, ਫੁਰਨਾ ਵੀ ਸ਼ਾਂਤ ਕਰ ਲੈਂਦੇ ਹਨ ਪਰ ਲਹਿਣਾ ਜੀ! ਥੋੜ੍ਹਾ ਧਿਆਨ ਦੇ ਕੇ ਸੁਣੋ, ਵਾਹਿਗੁਰੂ ਜੀ ਪਰੀਪੂਰਨ ਹੋਂਦ ਹੈ, ਜੋ ਹਰ ਥਾਂ ਦੇ ਉਤੇ ਪਸਰੀ ਹੋਈ ਹੈ। ਉਹ ਨਿਰਾ ਹੀ ਪਿਆਰ ਹੈ ਉਸ ਦੇ ਮੰਡਲ ਵਿਚ ਪ੍ਰਵੇਸ਼ ਕਰਨ ਲਈ ਭਰਪੂਰ ਪਿਆਰ ਦੇ ਜਜ਼ਬੇ ਦੀ ਲੋੜ ਹੈ, ਪੂਰੀ ਤਰ੍ਹਾਂ ਆਪਾ ਸਮਰਪਣ ਕਰਨ ਦੀ ਲੋੜ ਹੈ, ਮੈਂ ਭਾਵ ਨੂੰ ਉਕਾ ਹੀ ਮਾਰਨਾ ਪੈਂਦਾ ਹੈ। ਦੇਹ ਅਧਿਆਸ ਤੋਂ ਉਪਰ ਉਠ ਕੇ ਸਤਿ ਦੀ ਪਹਿਚਾਣ ਤਾਂ ਕਰ ਲੈਂਦਾ ਹੈ ਪਰ ਨਿਰਮਲ ਹਉਂ ਦੇ ਅਭਾਵ ਲਈ ਅਤੇ ਪ੍ਰਮੇਸ਼ਰ ਵਿਚ ਅਭੇਦ ਹੋਣ ਲਈ ਵਾਹਿਗੁਰੂ ਦੀ ਹੀ ਨਦਰ ਦੀ ਲੋੜ ਹੈ। ਲਹਿਣਾ ਜੀ! ਆਮ ਤੌਰ ਦੇ ਉਤੇ ਜਿੰਨੇ ਵੀ ਭਾਰਤੀ ਦਰਸ਼ਨ ਹਨ ਉਹ ਪ੍ਰਮੇਸ਼ਰ ਨੂੰ ਪਿਆਰ ਭਰੀ ਹੋਂਦ ਦੱਸਣ ਦੀ ਥਾਂ ਕੇਵਲ ਚੇਤਨ ਤੱਤ ਕਹਿ ਦਿੰਦੇ ਹਨ, ਦੂਜੇ ਪਾਸੇ ਜੜ੍ਹ ਤਤੂ ਪ੍ਰਕ੍ਰਿਤੀ ਨੂੰ ਅਨਾਦੀ ਕਹਿ ਦਿੰਦੇ ਹਨ। ਸ੍ਰਿਸ਼ਟੀ ਦੇ ਪਸਾਰੇ ਨੂੰ ਸੰਜੋਗ ਕਹਿ ਦਿੰਦੇ ਹਨ ਪਰ ਗੁਰੂ ਨਾਨਕ ਪਾਤਸ਼ਾਹ ਜੀ ਤਾਂ ਅਕਾਲਪੁਰਖ ਨੂੰ ਕਰਤਾ ਕਹਿੰਦੇ ਹਨ। ਉਸ ਦੀ ਮਰਜ਼ੀ ਨਾਲ ਸਭ ਕੁਝ ਚਲ ਰਿਹਾ ਹੈ। ਇਸ ਵਿਚ ਪ੍ਰਕ੍ਰਿਤੀ ਵਖਰਾ ਤੱਤ ਨਹੀਂ ਹੈ, ਵਾਹਿਗੁਰੂ ਜੀ ਕਰਨ ਕਾਰਨ ਸਮਰੱਥ ਹਨ। ਉਨ੍ਹਾਂ ਨੂੰ ਘੁਮਿਆਰ ਵਾਂਗੂੰ ਕਿਸੇ ਹੋਰ ਚੀਜ਼ ਦੀ ਲੋੜ ਨਹੀਂ ਕਿਉਂਕਿ ਜਦੋਂ ਉਹ ਭਾਂਡੇ ਬਣਾਉਂਦਾ ਹੈ ਉਸਨੂੰ ਪਹਿਲਾਂ ਮਿਟੀ ਦੀ ਲੋੜ ਹੈ, ਦੂਸਰੀ ਚੱਕ ਨੂੰ ਚਲਾਉਣ ਵਾਲੇ ਡੰਡੇ ਦੀ ਹੈ, ਤੀਜੀ ਬਲ ਦੀ ਹੈ, ਚੌਥੀ ਕਾਬਲੀਅਤ ਦੀ ਹੈ। ਫੇਰ ਜਾ ਕੇ ਭਾਂਡੇ ਬਣਦੇ ਹਨ। ਇਸ ਤਰ੍ਹਾਂ ਪ੍ਰਮੇਸ਼ਰ ਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਉਸ ਦਾ ਤਾਂ ਫੁਰਨਾ ਹੈ, ਜਦੋਂ ਉਸ ਨੇ ਚਾਹਿਆ ਇਕ ਤੋਂ ਅਨੇਕ ਹੋ ਜਾਂਦਾ ਹੈ, ਜਦੋਂ ਖੇਲ੍ਹ ਬੰਦ ਕਰਨੀ ਹੁੰਦੀ ਹੈ ਤਾਂ ਫੇਰ ਅਨੇਕ ਤੋਂ ਇਕ ਹੋ ਜਾਂਦਾ ਹੈ। ਸੋ ਇਥੋਂ ਤਕ ਪਹੁੰਚਣ ਵਾਸਤੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਸਮਰੱਥ ਗੁਰੂ ਦੀ ਪ੍ਰਾਪਤੀ ਉਪਰ ਜ਼ੋਰ ਦਿਤਾ ਹੈ। ਦੇਵਤਿਆਂ ਦੀ ਪੂਜਾ ਪਦਾਰਥ ਤਾਂ ਦੇ ਸਕਦੀ ਹੈ ਪਰ ਗਿਆਨ ਨਹੀਂ ਦੇ ਸਕਦੀ ਕਿਉਂਕਿ ਉਹ ਵੀ ਮਾਇਆ ਦੀ ਕਿਰਤ ਹਨ ਜਿਵੇਂ ਕਿ ਆਪ ਨੇ ਫੁਰਮਾਨ ਕੀਤਾ ਹੈ –

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥***

*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ ਪੰਨਾ - 7*

ਗੁਰੂ ਨਾਨਕ ਪਾਤਸ਼ਾਹ ਜੀ ਨੇ ਪੂਰਨ ਸਤਿਗੁਰੂ ਬਾਰੇ ਦਸਦਿਆਂ ਫੁਰਮਾਨ ਕੀਤਾ ਹੈ ਕਿ ਸਤਿਗੁਰੂ ਉਹ ਹੈ ਜੋ ਇਸ ਸਰੀਰ ਵਿਚ, ਬ੍ਰਹਿਮੰਡ ਵਿਚ, ਕਣ ਕਣ ਵਿਚ ਵਸਦੀ ਪ੍ਰਭੂ ਜੋਤ ਨੂੰ ਦਿਖਾ ਕੇ ਭਰਮਾਂ ਦਾ ਨਾਸ਼ ਕਰ ਦੇਵੇ ਅਤੇ ਜਗਿਆਸੂ ਨੂੰ ਉਸ ਦਾ ਅਸਲੀ, ਅਨਾਦੀ ਸਰੂਪ ਦਿਖਾ ਕੇ ਵਾਹਿਗੁਰੂ ਰੂਪ ਹੀ ਹੋਇਆ ਦਿਖਾ ਸਕੇ। ਉਸ ਦੇ ਬਾਰੇ ਇਸ ਤਰ੍ਹਾਂ ਹੈ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ।।*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ।।*
*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥*
*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ।।*
*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥*

*ਪੰਨਾ - 1291*

ਸੋ ਲਹਿਣਾ ਜੀ, ਗੱਲ ਤਾਂ ਬਹੁਤ ਲੰਮੀ ਹੋ ਗਈ। ਜੇ ਤੁਹਾਨੂੰ ਕਾਹਲੀ ਨਾ ਹੋਵੇ ਤਾਂ ਮੈਂ ਦਸਦਾ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਜੀ ਹੱਠ ਯੋਗ ਵਲ ਨਹੀਂ ਲਾਉਂਦੇ, ਉਨ੍ਹਾਂ ਦਾ ਮਤ ਤਾਂ ਗ੍ਰਹਿਸਤ ਵਿਚ ਰਹਿੰਦਿਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਪਰਮ ਪਦ ਦੀ ਪ੍ਰਾਪਤੀ ਦਾ ਹੈ ਜਿਵੇਂ ਕਿ ਫੁਰਮਾਨ ਹੈ-

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥*
*ਪੰਨਾ - 522*

ਇਸ ਕਰਕੇ ਗੁਰੂ ਨਾਨਕ ਪਾਤਸ਼ਾਹ ਹੱਠ ਯੋਗ ਦੇ ਸਾਧਨਾਂ ਨੂੰ ਪਸੰਦ ਨਹੀਂ ਕਰਦੇ, ਆਪ ਦਾ ਮਤ ਤਾਂ ਗ੍ਰਹਿਸਤ ਵਿਚ ਰਹਿੰਦਿਆਂ ਸਬਦਿ ਤੇ ਸੁਰਤਿ ਦੇ ਅਤਿ ਸੁਖੈਨ ਯੋਗ ਰਾਹੀਂ ਭਵਜਲ ਪਾਰ ਕਰਾ ਦਿੰਦਾ ਹੈ। ਸਾਧਸੰਗਤ ਜੀ! ਗੁਰੂ ਨਾਨਕ ਪਾਤਸ਼ਾਹ ਨੂੰ ਭਾਈ ਗੁਰਦਾਸ ਜੀ ਦੇ ਮਤ ਅਨੁਸਾਰ ਸੰਸਾਰ ਵਿਚ ਨਿਰੰਕਾਰ ਨੇ ਭੇਜਿਆ -

*ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਹਿ ਪਠਾਇਆ।*
*ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।*
*ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਇਆ।*
*ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ।*
*ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।*
*ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰਿ ਸੀਸੁ ਨਿਵਾਇਆ।*
*ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ।*
*ਕਲਿ ਤਾਰਣਿ ਗੁਰੁ ਨਾਨਕ ਆਇਆ। ਭਾਈ ਗੁਰਦਾਸ ਜੀ, ਵਾਰ 1/23*

ਇਹ ਬਚਨ ਹੋ ਹੀ ਰਹੇ ਸਨ ਤਾਂ ਭਾਈ ਲਹਿਣਾ ਜੀ ਨੇ ਕਿਹਾ ਕਿ ਭਾਈ ਜੋਧ ਜੀ! ਤੁਸੀਂ ਤਾਂ ਮੇਰੇ ਅੰਦਰ ਇਕ ਤਰ੍ਹਾਂ ਨਾਲ ਪ੍ਰਕਾਸ਼ ਹੀ ਕਰਾ ਦਿਤਾ, ਕਿਉਂਕਿ ਮੈਂ ਵੀ ਇਹ ਚਾਹੁੰਦਾ ਹਾਂ, ਮੇਰੇ ਧੁਰ

ਅੰਦਰ ਇਹ ਸੋਚ ਹੈ ਕਿ ਮਾਨਸ ਜਨਮ ਦੀ ਸਫਲਤਾ ਲਈ ਕੋਈ ਪੂਰਨ ਗੁਰੂ ਧਾਰ ਲਿਆ ਜਾਵੇ ਅਤੇ ਉਸ ਦੇ ਦੱਸੇ ਹੋਏ ਰਸਤੇ ਤੇ ਚੱਲ ਕੇ ਜੰਮਣ ਮਰਨ ਦਾ ਚੱਕਰ ਖਤਮ ਕਰ ਲਿਆ ਜਾਵੇ ਪਰ ਜਿਥੇ ਵੀ ਮੈਂ ਗਿਆ, ਮੇਰਾ ਅੰਦਾਜ਼ਾ ਤਾਂ ਹੋਰ ਹੁੰਦਾ ਹੈ ਪਰ ਉਹ ਪਹੁੰਚਿਆ ਹੋਇਆ ਮਹਾਂਪੁਰਸ਼ ਨਹੀਂ ਸੀ ਹੁੰਦਾ। ਮੈਨੂੰ ਜਿੰਨੀ ਦੇਰ ਤਕ ਤਸੱਲੀ ਨਹੀਂ ਹੁੰਦੀ ਉਨੀਂ ਦੇਰ ਤਕ ਮੈਂ ਕਿਸੇ ਮਹਾਂਪੁਰਸ਼ ਦੇ ਪਿਛੇ ਨਹੀਂ ਲਗਣਾ ਚਾਹੁੰਦਾ। ਪਰ ਜੋ ਤੁਸੀਂ ਗੁਰੂ ਨਾਨਕ ਪਾਤਸ਼ਾਹ ਬਾਰੇ ਦੱਸਿਆ ਹੈ ਮੇਰੇ ਅੰਦਰ ਪਿਆਰ ਹੀ ਪਿਆਰ ਜਾਗ ਪਿਆ ਹੈ, ਮੈਂ ਆਪ ਦਾ ਧੰਨਵਾਦੀ ਹਾਂ ਤੇ ਮੇਰੇ ਅੰਦਰ ਉਨ੍ਹਾਂ ਦੇ ਦਰਸ਼ਨ ਕਰਨ ਦੀ ਲੋਚਾ ਹੈ। ਮੈਨੂੰ ਆਸ ਹੈ ਕਿ ਮੈਂ ਆਪਣੇ ਜੀਵਨ ਨੂੰ ਜ਼ਰੂਰ ਸਫਲਾ ਕਰ ਲਵਾਂਗਾ। ਬਾਕੀ ਤੁਸੀਂ ਇਹ ਸੋਚਦੇ ਹੋਵੋਂਗੇ ਕਿ ਮੈਂ ਹਰ ਸਾਲ ਦੇਵੀ ਜੀ ਦੇ ਮੰਦਰ ਤੇ ਸੰਗ ਲੈ ਕੇ ਜਾਂਦਾ ਹਾਂ ਅਤੇ ਦੇਵੀ ਦੀਆਂ ਭੇਟਾ ਗਾਉਂਦਾ ਹਾਂ, ਮਸਤੀ 'ਚ ਆ ਕੇ ਨਚਦਾ ਵੀ ਜਾਂਦਾ ਹਾਂ, ਪਰ ਭਾਈ ਜੋਧ ਜੀ! ਮੈਂ ਅੱਜ ਤਕ ਕਦੇ ਸੋਚਿਆ ਵੀ ਨਹੀਂ ਸੀ ਕਿ ਇਸ ਜੀਵਨ ਵਿਚ ਵਾਹਿਗੁਰੂ ਨੂੰ ਪ੍ਰਾਪਤ ਕਰ ਲਈਦਾ ਹੈ। ਉਹ ਇਸ ਕਰਕੇ ਵੀ ਸੀ ਕਿ ਨਾ ਹੀ ਤਾਂ ਪ੍ਰਮੇਸ਼ਰ ਦਾ ਕੋਈ ਮੰਦਰ ਹੈ, ਦੇਵਤਿਆਂ ਦੇ ਮੰਦਰ ਬਣੇ ਹੋਏ ਹਨ ਜਾਂ ਅਵਤਾਰਾਂ ਦੇ ਮੰਦਰ ਹਨ ਪਰ ਮੈਨੂੰ ਤੁਹਾਡੇ ਨਾਲ ਬਚਨ ਕਰਕੇ ਸੋਝੀ ਹੋ ਆਈ ਹੈ ਕਿ ਇਹ ਅਵਤਾਰ ਪ੍ਰਮੇਸ਼ਰ ਦੇ ਬਣਾਏ ਹੋਏ ਹਨ। ਇਹ ਵੀ ਪਤਾ ਲਗ ਗਿਆ ਕਿ ਦੇਵੀ ਦੇਵਤੇ ਕਾਲ ਤੋਂ ਸੁਤੰਤਰ ਨਹੀਂ ਹਨ, ਅਮਰ ਨਹੀਂ ਹਨ ਇਸ ਕਰਕੇ ਮੇਰੇ ਮਨ ਵਿਚ ਪ੍ਰਬਲ ਲੋਚਾ ਪੈਦਾ ਹੋ ਗਈ ਹੈ ਕਿ ਮੈਂ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਾਂ ਜਿਥੋਂ ਮੈਂ ਆਪਣੇ ਜੀਵਨ ਦਾ ਲਾਹਾ ਖੱਟਣ ਦੇ ਯੋਗ ਹੋ ਸਕਾਂ।

ਥੋੜ੍ਹੇ ਦਿਨ੍ਹਾਂ ਪਿਛੋਂ ਆਪ ਨੇ ਆਪਣੇ ਇਲਾਕੇ ਦਾ ਸੰਗ ਇਕੱਠਾ ਕੀਤਾ ਅਤੇ ਆਪ ਦੇਵੀ ਜੀ ਦੇ ਦਰਸ਼ਨਾਂ ਨੂੰ ਸੰਗ ਸਮੇਤ ਤੁਰ ਪਏ, ਭੇਟਾ ਗਾਉਣ ਵਾਲਿਆਂ ਦੇ ਪੈਰਾਂ ਵਿਚ ਘੁੰਘਰੂ ਬੰਨ੍ਹੇ ਹੁੰਦੇ ਸਨ, ਹੱਥਾਂ ਵਿਚ ਖੜਤਾਲਾਂ ਹੁੰਦੀਆਂ ਸਨ, ਅਨੇਕਾਂ ਤਰ੍ਹਾਂ ਦੇ ਛੈਣੇ ਚਿਮਟਿਆਂ, ਵਾਜਿਆਂ ਨਾਲ ਭੇਟਾ ਗਾਉਂਦੇ ਵੀ ਜਾਣਾ ਤੇ ਨਚਦੇ ਜਾਣਾ। ਆਪ ਜੀ ਵੀ ਇਸ ਰਸਮ ਨੂੰ ਪੂਰੀ ਕਰਨ ਵਾਸਤੇ ਸੰਗ ਲੈ ਕੇ ਜਾ ਰਹੇ ਸਨ ਪਰ ਇਸ ਵਾਰੀ ਆਪ ਨੂੰ ਇਹ ਖਿਆਲ ਬਾਰ ਬਾਰ ਆ ਰਿਹਾ ਸੀ ਕਿ ਦੇਵੀ ਦੇਵਤਾ ਪਦਾਰਥ ਤਾਂ ਦੇ ਸਕਦੇ ਹਨ ਪਰ ਮੁਕਤੀ ਨਹੀਂ ਦੇ ਸਕਦੇ। ਐਸਾ ਮੈਂ ਕਈ ਮਹਾਂਪੁਰਸ਼ਾਂ ਤੋਂ ਸੁਣਿਆ ਹੈ ਕਿ ਉਹ ਤਾਂ ਆਪ ਮੁਕਤ ਨਹੀਂ ਹਨ। ਮੁਕਤੀ ਤਾਂ ਸਿਰਫ ਸਮਰੱਥ ਗੁਰੂ ਹੀ ਦਿਵਾ ਸਕਦਾ ਹੈ। ਆਪ ਨੂੰ ਸਮਰੱਥ ਗੁਰੂ ਦੀ ਤਲਾਸ਼ ਤਾਂ ਪਹਿਲਾਂ ਤੋਂ ਹੀ ਸੀ ਪਰ ਮਨ ਵਿਚ ਅੱਜ ਚਾਓ ਜਾਗ ਪਿਆ ਕਿ ਅੱਜ ਮੈਂ ਜਾਂਦਾ ਹੋਇਆ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਤਾਰਪੁਰ ਜ਼ਰੂਰ ਹੀ ਕਰਨੇ ਹਨ, ਜੇ ਆਪ ਉਸੇ ਤਰ੍ਹਾਂ ਦੇ ਹੋਏ ਜਿਸ ਤਰ੍ਹਾਂ ਭਾਈ ਜੋਧ ਜੀ ਨੇ ਦੱਸਿਆ ਹੈ ਫੇਰ ਤਾਂ ਮੈਂ ਆਪਣਾ ਸਭ ਕੁਝ ਉਨ੍ਹਾਂ ਦੇ ਚਰਨਾਂ ਵਿਚ ਨਿਛਾਵਰ ਕਰ ਦੇਣਾ ਹੈ। ਇਸ ਤਰ੍ਹਾਂ ਦੇ ਖਿਆਲਾਂ ਨਾਲ ਆਪ ਸੰਗ ਸਮੇਤ ਚਲਦੇ ਚਲਦੇ ਕਰਤਾਰਪੁਰ ਪਹੁੰਚ ਜਾਂਦੇ ਹਨ ਅਤੇ ਕਰਤਾਰਪੁਰ ਦੇ ਨੇੜੇ ਹੀ ਸਾਰੇ ਸੰਗ ਵਾਲੇ ਆਪਣੀ ਰਾਤ ਕੱਟਣ ਲਈ ਡੇਰਾ ਲਗਾ ਲੈਂਦੇ ਹਨ ਪਰ ਭਾਈ ਲਹਿਣਾ ਜੀ ਅਚਾਨਕ ਹੀ ਆਪਣੇ ਘੋੜੇ ਤੇ ਸਵਾਰ ਹੋਕੇ ਕਰਤਾਰਪੁਰ ਵਲ ਨੂੰ ਤੁਰ ਪੈਂਦੇ ਹਨ। ਇਨ੍ਹਾਂ ਦੀ ਪਿਆਰ ਖਿੱਚ ਦੀਆਂ ਤਰਬਾਂ ਗੁਰੂ ਨਾਨਕ ਪਾਤਸ਼ਾਹ ਨੂੰ ਟੁੰਬ ਗਈਆਂ। ਆਪ ਕਰਤਾਰਪੁਰ ਤੋਂ ਚੱਲੇ ਅਤੇ ਉਸ ਥਾਂ ਜਿਥੇ ਆ ਕੇ ਚੁਰਾਹਾ ਸੀ, ਜਿਥੇ ਕਈ ਪਾਸੇ ਨੂੰ ਰਾਹ ਜਾਂਦਾ ਸੀ ਉਥੇ ਅਣਭੋਲ ਹੀ ਖੜ੍ਹੇ ਹੋ ਗਏ। ਜਦੋਂ ਭਾਈ ਲਹਿਣਾ ਜੀ ਇਸ ਥਾਂ ਆਏ ਤਾਂ ਮਨ ਵਿਚ ਖਿਆਲ ਹੋਇਆ ਕਿ ਕਿਹੜਾ ਰਸਤਾ ਕਰਤਾਰਪੁਰ ਨੂੰ ਜਾਂਦਾ ਹੈ ਜਿਸ ਰਾਹੀਂ ਚੱਲ ਕੇ ਮੈਂ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰ ਲਵਾਂ। ਜਦੋਂ ਭਾਈ ਲਹਿਣਾ ਜੀ ਨੇ ਉਸ ਰਸਤੇ ਨੇੜੇ ਹੀ ਗੁਰੂ ਨਾਨਕ ਪਾਤਸ਼ਾਹ ਨੂੰ ਖੜ੍ਹੇ ਦੇਖਿਆ, ਉਸ ਵੇਲੇ ਐਵੇਂ ਸਾਧਾਰਨ ਬੰਦਾ ਜਾਣ ਕੇ ਆਪ ਨੇ ਕਿਹਾ, ਸਤਿਕਾਰਯੋਗ ਜੀ! ਨੇੜੇ ਹੋ ਕੇ ਮੇਰੀ ਬੇਨਤੀ ਸੁਣੋ, ਘੋੜਾ ਨੇੜੇ ਕਰ ਲਿਆ। ਆਪ ਨੇ ਕਿਹਾ ਕਿ ਮੈਂ ਸੰਘਰ 'ਚੋਂ ਆਇਆ ਹਾਂ, ਮੈਂ ਦੇਵੀ ਦੇ ਥਾਨ ਤੇ ਸੰਗ ਲੈ ਕੇ ਜਾ ਰਿਹਾ ਹਾਂ, ਮੇਰੇ ਮਨ ਵਿਚ ਬੜੀ ਤੀਬਰ ਇੱਛਾ ਹੈ ਕਿ ਮੈਂ ਗੁਰੂ ਨਾਨਕ ਜੀ ਦੇ ਦਰਸ਼ਨ ਕਰਦਾ ਜਾਵਾਂ। ਕੀ ਤੁਸੀਂ ਮੈਨੂੰ ਸਹੀ ਰਸਤਾ ਦਸ ਸਕਦੇ ਹੋ, ਜਿਸ ਤੇ ਚੱਲ ਕੇ ਮੈਂ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਾਂ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਜੀ ਮੁਸਕਰਾਏ ਅਤੇ ਬਹੁਤ ਹੀ ਪਿਆਰ ਭਰੀ ਦ੍ਰਿਸ਼ਟੀ ਭਾਈ ਲਹਿਣਾ ਜੀ ਉਪਰ ਪਾਈ ਅਤੇ ਕਹਿਣ ਲੱਗੇ, ਪ੍ਰੇਮੀਆਂ! ਧੰਨ ਹੈ

ਤੇਰੀ ਲੋਚਾ, ਮੈਂ ਵਾਰੇ ਜਾਂਦਾ ਹਾਂ। ਆ ਮੈਂ ਤੈਨੂੰ ਰਸਤਾ ਦੱਸਾਂ। ਪਰ ਮੈਨੂੰ ਡਰ ਹੈ ਕਿ ਜੇ ਇਸੇ ਤਰ੍ਹਾਂ ਕਈ ਰਸਤੇ ਇਕੱਠੇ ਹੋ ਗਏ, ਤੂੰ ਭੁੱਲ ਨਾ ਜਾਵੇਂ। ਮੇਰਾ ਸਰੀਰ ਅੱਗੇ ਚਲਦਾ ਹੈ, ਤੂੰ ਪਿਛੇ-ਪਿਛੇ ਆਈ ਜਾ। ਮੈਨੂੰ ਪਤਾ ਹੈ ਤੇਰਾ ਘੋੜਾ ਤੇਜ਼ ਚਲਦਾ ਹੈ, ਮੈਂ ਵੀ ਉਸੇ ਚਾਲ ਨਾਲ ਚਲਾਂਗਾ, ਤੈਨੂੰ ਘੋੜਾ ਹੌਲੀ ਕਰਨ ਦੀ ਲੋੜ ਨਹੀਂ। ਚਲਦੇ ਚਲਦੇ ਆਪ ਨੇ ਕਿਹਾ ਪ੍ਰੇਮੀਆ! ਤੇਰਾ ਕੀ ਨਾਂ ਹੈ। ਆਪ ਨੇ ਕਿਹਾ ਲਹਿਣਾ ਹੈ। ਕਹਿੰਦੇ ਕਿੰਨਾ ਸੋਹਣਾ ਨਾਂ ਹੈ, ਤੂੰ ਲੈਹਣਾ ਹੈਂ, ਅਸੀਂ ਦੇਣਦਾਰ ਹਾਂ। ਜਦੋਂ ਕੋਈ ਲੈਣਦਾਰ ਆਉਂਦਾ ਹੈ ਤਾਂ ਦੇਣਦਾਰ ਪੈਦਲ ਹੀ ਨਾਲ ਤੁਰਿਆ ਕਰਦੇ ਹਨ। ਗੁਰੂ ਨਾਨਕ ਪਾਤਸ਼ਾਹ ਜੀ ਬਹੁਤ ਕਾਹਲੀ ਨਾਲ ਘੋੜੇ ਦੇ ਅੱਗੇ ਅੱਗੇ ਚਲ ਰਹੇ ਹਨ। ਕਈ ਥਾਵਾਂ ਤੇ ਦੌੜ ਦੌੜ ਕੇ ਚਲ ਰਹੇ ਹਨ। ਚਲਦੇ ਚਲਦੇ ਜਦੋਂ ਧਰਮਸਾਲਾ ਦੇ ਨੇੜੇ ਆ ਗਏ ਤਾਂ ਆਪ ਨੇ ਫੁਰਮਾਇਆ ਕਿ ਪ੍ਰੇਮੀਆ! ਇੰਜ ਕਰ, ਇਥੇ ਆਪਣਾ ਘੋੜਾ ਬੰਨ੍ਹ ਲੈ, ਇਥੇ ਨੇੜੇ ਹੀ ਪੱਠੇ ਪਏ ਹਨ, ਜਾਂ ਆਪ ਪਾ ਲੈ, ਜਾਂ ਕਹੇਂ ਤਾਂ ਮੈਂ ਪਾ ਦਿੰਦਾ ਹਾਂ। ਤੂੰ ਇਥੇ ਪੰਜ ਇਸ਼ਨਾਨਾ ਕਰ, ਆਰਾਮ ਨਾਲ, ਤੂੰ ਔਹ ਸਾਮ੍ਹਣੇ ਆ ਜਾਵੀਂ; ਉਥੇ ਜਿਸ ਨੂੰ ਤੂੰ ਮਿਲਣਾ ਹੈ ਉਸ ਨੇ ਆਪੇ ਹੀ ਆ ਜਾਣਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੇ ਬਾਰੇ ਕੋਈ ਸੰਕੇਤ ਨਾ ਦਿਤਾ, ਆਪ ਅੰਦਰ ਗਏ ਅਤੇ ਪਰਨੇ ਨਾਲ ਆਪਣੇ ਪੈਰ ਅਤੇ ਲੱਤਾਂ ਸਾਫ ਕੀਤੀਆਂ, ਖੜਾਵਾਂ ਇਕ ਪਾਸੇ ਰੱਖੀਆਂ ਅਤੇ ਸਾਮ੍ਹਣੇ ਵਿਛੇ ਪਲੰਘ ਤੇ ਚੌਂਕੜਾ ਮਾਰ ਕੇ ਬਿਰਾਜਮਾਨ ਹੋ ਗਏ।

ਭਾਈ ਲਹਿਣਾ ਜੀ ਆਰਾਮ ਨਾਲ ਪੰਜ ਇਸ਼ਨਾਨਾ ਕਰਕੇ ਆਪਣੇ ਘੋੜੇ ਨੂੰ ਥਾਪੀ ਦੇ ਕੇ ਜਦੋਂ ਦੱਸੀ ਹੋਈ ਥਾਂ ਤੇ ਪਹੁੰਚੇ, ਕਮਰੇ ਦੇ ਦਰਵਾਜ਼ੇ ਖੁਲ੍ਹੇ ਸਨ, ਆਪ ਦੇਹਲੀ ਲੰਘ ਕੇ ਅੰਦਰ ਚਲੇ ਗਏ ਅਤੇ ਜਦੋਂ ਅੰਦਰ ਜਾ ਕੇ ਦੇਖਿਆ ਤਾਂ ਪਲੰਘ ਉਪਰ ਤਾਂ ਓਹੀ ਮਹਾਨ ਹਸਤੀ ਬੈਠੀ ਹੈ ਜੋ ਮੈਨੂੰ ਰਸਤਾ ਦੱਸਣ ਲਈ ਆਪਣੀ ਵਿਤੋਂ ਵੱਧ ਕਾਹਲੀ ਕਾਹਲੀ, ਕਦੇ-ਕਦੇ ਨਠਦੇ ਨਠਦੇ ਮੈਨੂੰ ਰਸਤਾ ਦਸਦੇ ਰਹੇ ਹਨ। ਭਾਈ ਲਹਿਣਾ ਜੀ ਦੇ ਮਨ ਦੇ ਉਤੇ ਬਹੁਤ ਗਹਿਰਾ ਅਸਰ ਪਿਆ ਅਤੇ ਦਰਸ਼ਨ ਕਰਕੇ ਕੋਈ ਗੱਲ ਆਖ ਹੀ ਨਹੀਂ ਸਕੇ, ਮੋਨ ਹੀ ਹੋ ਗਏ। ਅੰਦਰ ਹੀ ਅੰਦਰ ਗੱਲ ਚਲ ਰਹੀ ਹੈ ਅਤੇ ਅੰਦਰ ਹੀ ਅੰਦਰ ਉਸ ਦਾ ਉਤਰ ਵੀ ਨਾਲ ਹੀ ਮਿਲ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦੇ ਪਿਆਰ ਨੇ ਐਨੀ ਖਿੱਚ ਪਾਈ ਕਿ ਭਾਈ ਲਹਿਣਾ ਜੀ ਨੂੰ ਦੇਵੀ ਦੇ ਸੰਗ ਨਾਲ ਜਾਣਾ ਹੀ ਭੁੱਲ ਗਿਆ ਅਤੇ ਉਥੇ ਹੀ ਰਹਿ ਪਏ। ਸੰਗ ਵਾਲਿਆਂ ਨੂੰ ਕਿਹਾ ਕਿ ਮੈਂ ਤਾਂ ਜਿਥੇ ਆਉਣਾ ਸੀ ਆ ਗਿਆ, ਹੋਰ ਹੁਣ ਲੋੜ ਨਹੀਂ, ਮੈਨੂੰ ਤਾਂ ਜੋ ਵਸਤੂ ਦੁਨੀਆਂ ਵਿਚੋਂ ਪ੍ਰਾਪਤੀ ਹੋਣੀ ਸੀ ਉਹ ਹੋ ਗਈ। ਚਾਰ ਦਿਨ ਗੁਰੂ ਨਾਨਕ ਪਾਤਸ਼ਾਹ ਦੀ ਸੰਗਤ ਕੀਤੀ। ਆਪ ਜੀ ਨੇ ਭਾਈ ਲਹਿਣਾ ਜੀ ਨੂੰ ਬਹੁਤ ਨੇੜੇ ਰੱਖਿਆ ਅਤੇ ਖਾਸ ਧਿਆਨ ਦਿੰਦੇ ਰਹੇ। ਭਾਈ ਲਹਿਣਾ ਜੀ ਨੇ ਆਪ ਜੀ ਦੇ ਪਵਿੱਤਰ ਬਚਨ ਸੁਣੇ ਅਤੇ ਐਉਂ ਮਹਿਸੂਸ ਹੋਇਆ ਕਿ ਮੈਂ ਜਿਥੇ ਆਉਣਾ ਸੀ ਆ ਗਿਆ, ਇਹੀ ਮੇਰੀ ਦੁਨੀਆਂ ਹੈ, ਇਹੀ ਮੇਰਾ ਰੱਬ ਹੈ, ਸਭ ਕੁਝ ਇਹੀ ਹੈ। ਗੁਰੂ ਨਾਨਕ ਪਾਤਸ਼ਾਹ ਤੇ ਪੂਰੀ ਤਰ੍ਹਾਂ ਨਾਲ ਵਿਕ ਹੀ ਗਏ ਸਨ। ਅੰਦਰੋਂ ਹੀ ਅੰਦਰ ਪੂਰੀ ਤਰ੍ਹਾਂ ਗੁਲਾਮ ਬਣ ਗਏ ਕਿਉਂਕਿ ਜ਼ਿੰਦਗੀ ਵਿਚ ਪਹਿਲੀ ਵਾਰੀ ਅਜਿਹੇ ਮਹਾਂਪੁਰਸ਼ਾਂ ਦੇ ਦਰਸ਼ਨ ਕੀਤੇ ਸਨ ਅਤੇ ਭਾਈ ਜੋਧ ਜੀ ਦੇ ਦੱਸੇ ਹੋਏ ਬਚਨ ਬਾਰ ਬਾਰ ਯਾਦ ਆਉਂਦੇ ਹਨ ਅਤੇ ਹੈਰਾਨ ਹੋਈ ਜਾਂਦੇ ਹਨ ਕਿ ਗੁਰੂ ਨਾਨਕ ਓਨਾ ਹੀ ਨਹੀਂ ਹੈ ਜਿੰਨਾ ਭਾਈ ਜੋਧ ਜੀ ਨੇ ਦੱਸਿਆ ਹੈ ਉਸ ਤੋਂ ਕਿਤੇ ਵੱਧ, ਇਹ ਤਾਂ ਆਪ ਹੀ ਆਪ ਹੈ।

ਚਾਰ ਦਿਨ ਲੰਘ ਗਏ, ਭਾਈ ਲਹਿਣਾ ਜੀ ਨੂੰ ਦੁਨੀਆਂ ਭੁੱਲ ਚੁਕੀ ਹੈ, ਘਰ ਦੀ ਕੋਈ ਯਾਦ ਨਹੀਂ ਆ ਰਹੀ। ਨਾ ਸੰਗ ਦੀ ਕੋਈ ਯਾਦ ਆ ਰਹੀ ਹੈ, ਉਨ੍ਹਾਂ ਦੀ ਦੁਨੀਆਂ ਤਾਂ ਕਰਤਾਰਪੁਰ ਬਣ ਗਈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਚੌਥੇ ਦਿਨ ਆਪਣੇ ਪਾਸ ਸੱਦਿਆ ਅਤੇ ਕਿਹਾ ਕਿ ਪੁਰਖਾ! ਤੂੰ ਚਾਰ ਦਿਨ ਸਤਿਸੰਗ ਕਰ ਲਿਆ ਹੈ। ਤੂੰ ਹੁਣ ਆਪਣੇ ਘਰ ਵਾਪਸ ਜਾਹ। ਮਨ ਵਿਚ ਖਿਆਲ ਆਇਆ ਕਿ ਮਹਾਂਪੁਰਸ਼ਾਂ ਦਾ ਜੋ ਬਚਨ ਹੁੰਦਾ ਹੈ ਉਸ ਅੱਗੇ ਕੋਈ ਦਲੀਲ ਨਹੀਂ ਦੇਣੀ ਚਾਹੀਦੀ। ਉਸ ਨੇ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਫੜ ਲਏ, ਅਜੀਬ ਤਰ੍ਹਾਂ ਦਾ ਅਸਰ ਮਨ ਉਪਰ ਹੋਇਆ ਹੋਇਆ ਹੈ, ਅੱਖਾਂ ਵਿਚੋਂ ਹੰਝੂ ਕਿਰਨੇ ਸ਼ੁਰੂ ਹੋਏ ਅਤੇ ਬੜੀ ਮੁਸ਼ਕਲ ਨਾਲ ਕਿਹਾ, ਮੈਨੂੰ ਤਾਂ ਪਿਆਸੇ ਨੂੰ ਕਿਸੇ ਚੰਗੇ ਭਾਗਾਂ ਕਰਕੇ ਅੰਮ੍ਰਿਤ ਦਾ ਚਸ਼ਮਾ ਹੱਥ ਆ ਗਿਆ ਹੈ। ਕਿਵੇਂ ਛੱਡਾਂ ਮੈਂ ਇਸਨੂੰ? ਗੁਰੂ ਨਾਨਕ ਪਾਤਸ਼ਾਹ ਜੀ ਨੇ ਕਿਹਾ

ਕਿ ਪੁਰਖਾ! ਹੁਣ ਤੂੰ ਜਾਹ। ਆਪਣੇ ਘਰ ਦੀ ਖਬਰ ਲੈ, ਹੁਕਮ ਦੇ ਬੰਨ੍ਹੇ ਹੋਏ ਭਾਈ ਲਹਿਣਾ ਜੀ ਘਰ ਆ ਗਏ, ਆਪ ਦਾ ਜੀਅ ਘਰ ਵਿਚ ਬਿਲਕੁਲ ਹੀ ਨਾ ਲੱਗਿਆ। ਦੂਸਰੇ ਦਿਨ ਹੀ ਆਪ ਨੇ ਲੰਗਰ ਵਿਚ ਪਾਉਣ ਲਈ ਨਮਕ ਦੀ ਇਕ ਪੰਡ ਬੰਨ੍ਹ ਲਈ, ਇਕ ਸਫ ਨਾਲ ਲੈ ਲਈ ਕਿਉਂਕਿ ਗੁਰੂ ਨਾਨਕ ਪਾਤਸ਼ਾਹ ਪਾਸ ਜਾ ਕੇ ਸਫ ਤੇ ਪੈਣਾ ਸੀ। ਆਪ ਜੀ ਸਨੇ ਸਨੇ ਚਲਦੇ ਭਾਰੀ ਪੰਡ ਚੁਕੀਂ ਕਰਤਾਰਪੁਰ ਪਹੁੰਚ ਗਏ। ਲੰਗਰ ਵਿਚ ਪਹੁੰਚ ਕੇ ਨਮਕ ਦੀ ਪੰਡ ਲਾਹ ਦਿਤੀ, ਮਾਤਾ ਜੀ ਦੇਖ ਰਹੇ ਸਨ ਕਿ ਕੋਈ ਭਲਾ ਪੁਰਸ਼ ਆਇਆ ਹੈ ਕਿਉਂਕਿ ਆਪ ਦੇ ਰੇਸ਼ਮੀ ਵਸਤਰ ਪਹਿਨੇ ਹੋਏ ਸਨ, ਮਾਤਾ ਜੀ ਨੇ ਕਈ ਕਿਸਮ ਦੇ ਅਨੁਮਾਨ ਲਾਏ ਕਿ ਐਨਾ ਅਮੀਰ ਬੱਚਾ ਨਮਕ ਦੀ ਪੰਡ ਕਿਥੋਂ ਚੁਕੀਂ ਲਿਆਇਆ ਹੈ? ਐਨੇ ਨੂੰ ਮਾਤਾ ਜੀ ਨੇ ਭਾਈ ਲਹਿਣਾ ਜੀ ਨੂੰ ਪੁਛਿਆ ਕਿ ਬੇਟਾ! ਕਿਥੋਂ ਆਇਆ ਹੈਂ? ਆਪ ਨੇ ਆਪਣੀ ਜਾਣ ਪਛਾਣ ਕਰਾਈ। ਭਾਈ ਲਹਿਣਾ ਜੀ ਨੇ ਮਾਤਾ ਸੁਲੱਖਣੀ ਜੀ ਨੂੰ ਪੁਛਿਆ ਕਿ ਗੁਰੂ ਮਹਾਰਾਜ ਜੀ ਕਿਥੇ ਹਨ? ਮਾਤਾ ਜੀ ਸੁਲੱਖਣੀ ਜੀ ਨੇ ਕਿਹਾ, ਉਹ ਤਾਂ ਧਾਨਾਂ ਦੀ ਗੁਡਾਈ ਕਰਾ ਰਹੇ ਹਨ, ਨਦੀਨ ਕੱਢਿਆ ਜਾ ਰਿਹਾ ਹੈ, ਜੋ ਰਾਤ ਨੂੰ ਡੰਗਰਾਂ ਵਾਸਤੇ ਚਾਹੀਦਾ ਹੁੰਦਾ ਹੈ। ਜੇ ਤੈਨੂੰ ਦਰਸ਼ਨ ਕਰਨ ਦੀ ਕਾਹਲ ਹੈ ਤਾਂ ਔਹ ਸਾਮ੍ਹਣੇ ਖੇਤਾਂ ਵਿਚ ਤੂੰ ਚਲਿਆ ਜਾਹ। ਗੁਰੂ ਨਾਨਕ ਪਾਤਸ਼ਾਹ ਜੀ ਅਜਿਹੇ ਸਾਧੂ ਨਹੀਂ ਸਨ, ਨਾ ਹੀ ਐਸੇ ਪੀਰ ਪੈਗੰਬਰ ਸਨ ਜੋ ਦੂਸਰਿਆਂ ਦੀ ਖੱਟੀ ਕਮਾਈ ਉਤੇ ਨਿਰਭਰ ਹੁੰਦੇ ਅਤੇ ਨਾ ਹੀ ਉਹ ਗੋਸ਼ਾਨਸ਼ੀਨ ਹੋ ਕੇ ਬੈਠ ਜਾਣ ਵਾਲੇ ਸਨ, ਉਨ੍ਹਾਂ ਨੇ ਸੰਸਾਰ ਨੂੰ ਇਕ ਸਿਖਿਆ ਦੇਣੀ ਸੀ ਕਿ ਪਿਆਰਿਓ! ਹੱਥਾਂ, ਪੈਰਾਂ ਨਾਲ ਕੰਮ ਕਰੋ, ਸਰੀਰ ਨਾਲ ਕੰਮ ਕਰੋ, ਪਰ ਚਿਤ ਨੂੰ ਪ੍ਰਮੇਸ਼ਰ ਨਾਲ ਲਾ ਕੇ ਰੱਖੋ। ਆਪ ਜੀ ਫੁਰਮਾਨ ਕਰਦੇ ਹਨ-

***ਚਿੰਤਤ ਹੀ ਦੀਸੈ ਸਭੁ ਕੋਇ।। ਚੇਤਹਿ ਏਕੁ ਤਹੀ ਸੁਖੁ ਹੋਇ॥***
***ਪੰਨਾ - 932***

ਇਕ ਵਾਹਿਗੁਰੂ ਵਿਚ ਧਿਆਨ ਰੱਖਣਾ ਬਹੁਤ ਹੀ ਔਖਾ ਹੈ। ਜਿਹੜਾ ਸਾਧਕ ਬਿਲਕੁਲ ਹੀ ਕੋਈ ਕੰਮ ਨਹੀਂ ਕਰਦਾ ਅਤੇ ਬਹੁਤ ਸਮਾਂ ਅੱਖਾਂ ਮੀਚ ਕੇ ਬੈਠਾ ਰਹਿੰਦਾ ਹੈ ਉਸਦਾ ਵੀ ਚਿੱਤ ਇਕਾਗਰ ਹੋ ਕੇ ਨਹੀਂ ਰਿਹਾ ਕਰਦਾ। ਗੁਰੂ ਮਹਾਰਾਜ ਤਾਂ ਸੰਸਾਰ ਦੀਆਂ, ਧਰਮ ਦੀਆਂ, ਸੁਸਾਇਟੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਦਸ ਰਹੇ ਸਨ ਕਿ ਚਿੱਤ ਪ੍ਰਮੇਸ਼ਰ ਨਾਲ ਕਿਵੇਂ ਲਾਇਆ ਜਾਂਦਾ ਹੈ। ਇਸ ਕਰਕੇ ਆਪ ਧਾਨਾਂ ਵਿਚੋਂ ਨਦੀਨ ਕਢਾ ਰਹੇ ਸਨ, ਇਹ ਵੀ ਨਹੀਂ ਕਿ ਉਹ ਧਾਨਾਂ ਦੀਆਂ ਵੱਟਾਂ ਤੇ ਖੜ੍ਹੇ ਨਦੀਣ ਕਢਾ ਰਹੇ ਸਨ ਪਰ ਆਪ ਵੀ ਇਸ ਕੰਮ ਵਿਚ ਓਨਾ ਹੀ ਰੁਝੇ ਹੋਏ ਸਨ ਜਿੰਨਾ ਕਿ ਹੋਰ ਸੇਵਾਦਾਰ। ਗੁਰਮਤਿ ਵਿਚ ਕੰਮ ਕਾਰ ਛੱਡ ਕੇ ਕੇਵਲ ਭਜਨ ਕਰਨ ਵਾਲੀ ਅਵਸਥਾ ਨੂੰ ਮਾਨਤਾ ਨਹੀਂ ਮਿਲੀ। ਇਸ ਤੋਂ ਉਪਰ ਯੋਗੀ ਉਹ ਹੈ ਜਿਹੜਾ ਸੰਸਾਰ ਦੇ ਕੰਮ ਵੀ ਕਰਦਾ ਹੋਵੇ ਅਤੇ ਉਸ ਦਾ ਚਿੱਤ ਪ੍ਰਮੇਸ਼ਰ ਨਾਲ ਜੁੜਿਆ ਰਹਿੰਦਾ ਹੋਵੇ। ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਸਬੰਧ ਵਿਚ ਕਈ ਮਿਸਾਲਾਂ ਦਾ ਜ਼ਿਕਰ ਨਾਮਦੇਵ ਜੀ ਨੇ ਕੀਤਾ ਹੈ। ਨਾਮਦੇਵ ਜੀ ਦੇ ਸਮਕਾਲੀ, ਭਗਤ ਤ੍ਰਿਲੋਚਨ ਜੀ ਨਾਮਦੇਵ ਜੀ ਪਾਸ ਆਏ, ਆਪ ਜ਼ਿਆਦਾਤਰ ਸਮਾਧੀ ਲਾਉਣ ਵਿਚ ਵਿਸ਼ਵਾਸ਼ ਰਖਦੇ ਸਨ।

ਉਹਨਾਂ ਸਮਿਆਂ ਵਿਚ ਸੰਚਾਰ ਸਾਧਨਾ ਦੀ ਅਣਹੋਂਦ ਕਾਰਨ ਜੇ ਕਿਤੇ ਘਟਨਾ ਵਾਪਰ ਜਾਣੀ ਤਾਂ ਉਹ ਪੰਜਾਂ ਸੱਤਾਂ ਕੋਲ ਆ ਕੇ ਦਸਦਿਆਂ ਹੋਰ ਦੀ ਹੋਰ ਹੋ ਜਾਣੀ। ਹੋਰ ਬੰਦਿਆਂ ਦੇ ਖਿਆਲ ਵਿਚ ਰਲ ਜਾਂਦੇ ਸਨ ਕਿਉਂਕਿ ਪ੍ਰਤੱਖ ਹੀ ਹੈ ਕਿ ਪਹਿਲਾ ਆਦਮੀ ਤਾਂ ਅੱਖਾਂ ਨਾਲ ਦੇਖ ਕੇ ਸਹੀ ਦੱਸ ਦਿੰਦਾ ਹੈ, ਦੂਜਾ ਹੋਰ ਹੀ ਦਸਦਾ ਹੈ, ਤੀਜਾ ਇਕ ਦੋ ਗੱਲਾਂ ਹੋਰ ਨਾਲ ਜੋੜ ਲੈਂਦਾ ਹੈ, ਪੰਜਵੇਂ ਸੱਤਵੇਂ ਤਕ ਪਹੁੰਚਦੇ ਤਕ ਤਾਂ ਗੱਲ ਹੋਰ ਵੀ ਵਿਗੜ ਜਾਵੇਗੀ। ਇਕ ਦਿਨ ਨਾਮਦੇਵ ਜੀ ਦੇਹੁਰੇ ਵਿਚ ਜਾ ਕੇ ਕੈਂਸੀਆਂ ਵਜਾ ਕੇ ਭਜਨ ਕਰਨ ਲੱਗੇ। ਉਹ ਛੋਟੀ ਜਾਤੀ ਦੇ ਸੀ। ਉਹ ਮੰਦਰ ਉਚ ਜਾਤੀਆਂ ਵਾਲਿਆਂ ਲਈ ਉਨ੍ਹਾਂ ਨੇ ਬਣਾਇਆ ਹੋਇਆ ਸੀ। ਇਹ ਆਪੋ ਆਪਣੇ ਖਿਆਲ ਹੋਇਆ ਕਰਦੇ ਹਨ ਪਰ ਗੁਰੂ ਨਾਨਕ ਪਾਤਸ਼ਾਹ ਨੇ ਨਿਰਮੂਲ ਖਿਆਲਾਂ ਨੂੰ ਬਿਲਕੁਲ ਹੀ ਨਹੀਂ ਮੰਨਿਆ। ਆਪ ਜੀ ਦਾ ਖਿਆਲ ਇਹ ਸੀ ਕਿ ਸਾਰੀ ਸ੍ਰਿਸ਼ਟੀ ਪ੍ਰਮੇਸ਼ਰ ਨੇ, ਆਪ ਜੀ ਨੇ ਆਪਣੇ ਆਪ ਵਿਚੋਂ ਪੈਦਾ ਕੀਤੀ ਹੈ। ਉਹ ਆਪ ਹੀ ਸਾਰੇ ਰੂਪ ਧਾਰ ਕੇ ਆਪਣੀ ਖੇਲ੍ਹ ਕਰ ਰਿਹਾ ਹੈ ਤੇ ਫੇਰ ਛੋਟਾ ਵੱਡਾ ਕਿਵੇਂ ਹੋਇਆ? ਬਾਣੀ ਵਿਚ ਤਾਂ ਇਥੋਂ ਤਕ

ਫੁਰਮਾਨ ਆਉਂਦਾ ਹੈ ਕਿ ਜੇ ਤੇਰੇ ਮਨ ਵਿਚ ਬਹੁਤ ਲੋਚਾ ਹੈ ਕਿ ਕਿਸੇ ਨੂੰ ਮਾੜਾ ਕਹਾਂ ਤਾਂ ਜੇ ਤੂੰ ਕਹਿਣਾ ਹੀ ਹੈ ਤਾਂ ਆਪਣੇ ਆਪ ਨੂੰ ਹੀ ਕਹਿ ਲੈ-

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥*** ***ਪੰਨਾ - 1364***

ਮੰਦਰ ਵਾਲਿਆਂ ਨੇ ਜਦੋਂ ਨਾਮਦੇਵ ਜੀ ਨੂੰ ਦੇਖਿਆ ਕਿ ਇਕ ਸ਼ੂਦਰ ਮੰਦਰ ਵਿਚ ਕੈਂਸੀਆਂ ਵਜਾ ਰਿਹਾ ਹੈ ਤਾਂ ਉਨ੍ਹਾਂ ਨੇ ਉਸੇ ਵੇਲੇ ਉਸ ਦਾ ਨਿਰਾਦਰ ਕੀਤਾ ਅਤੇ ਇਨ੍ਹਾਂ ਨੂੰ ਢੇਢ ਕਿਹਾ, (***ਏ ਪੰਡੀਆ ਮੋ ਕਉ ਢੇਢ ਕਹਤ***) ਸ਼ੂਦਰ ਕਿਹਾ, ਇਹ ਉਸੇ ਤਰ੍ਹਾਂ ਨਾਲ ਪਿਆਰ ਦੇ ਰੰਗੇ ਹੋਏ ਮੰਦਰ ਦੇ ਪਿਛੇ ਜਾ ਕੇ ਬੈਠ ਜਾਂਦੇ ਹਨ ਅਤੇ ਪ੍ਰਭੂ ਨੂੰ ਕਹਿ ਰਹੇ ਹਨ ਕਿ ਜੇ ਤੇਰਾ ਉਚੀਆਂ ਜਾਤੀਆਂ ਨਾਲ ਹੀ ਪਿਆਰ ਹੈ, ਤਾਂ ਮੈਨੂੰ ਛੀਪਾ ਜਾਤੀ ਵਿਚ ਜਨਮ ਨਹੀਂ ਸੀ ਦੇਣਾ। ਪਰ ਮੇਰਾ ਪ੍ਰਭੂ ਐਸਾ ਨਹੀਂ ਹੈ, ਉਹ ਨਿਮਾਣਿਆਂ ਨੂੰ ਮਾਣ ਦਿੰਦਾ ਹੈ, ਨਿਓਟਿਆਂ ਦੀ ਓਟ ਹੈ, ਜਿਨ੍ਹਾਂ ਦੇ ਮਨਾਂ ਵਿਚ ਹਦ ਦਰਜੇ ਦੀ ਨਿਮਰਤਾ ਹੈ, ਉਨ੍ਹਾਂ ਦੇ ਹਿਰਦਿਆਂ ਵਿਚ ਉਹ ਨਿਵਾਸ ਕਰਦਾ ਹੈ।

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥*** ***ਪੰਨਾ - 1089***

ਕਿਉਂਕਿ ਇਸ ਹੰਕਾਰ ਨੇ ਜੀਵ ਨੂੰ ਪ੍ਰਮੇਸ਼ਰ ਨਾਲੋਂ ਤੋੜਿਆ ਹੋਇਆ ਹੈ। ਇਹੋ ਅਹੰਭਾਵ ਜਿਸ ਕਰਕੇ ਮੈਂ ਤੇ ਮੇਰੀ ਦਾ ਜਨਮ ਹੋਇਆ ਹੈ ਜੀਵ ਨੂੰ ਪ੍ਰਮੇਸ਼ਰ ਨਾਲੋਂ ਤੋੜ ਕੇ ਰਖਦਾ ਹੈ। ਪ੍ਰਭੂ ਜੋ ਕਿ ਹਾਜ਼ਰ ਨਾਜ਼ਰ ਸਰਬ ਕਲਾ ਸਮਰੱਥ ਸਭ ਨੂੰ ਪਿਆਰ ਕਰਨ ਵਾਲੇ ਹਨ ਨਾਮਦੇਵ ਨੇ ਐਸਾ ਕੌਤਕ ਦੇਖਿਆ ਕਿ ਮੰਦਰ ਦਾ ਮੂੰਹ ਪੱਛਮ ਵਲ ਘੁਮਾ ਦਿਤਾ, ਜਦੋਂ ਕਿ ਆਮ ਮੰਦਰਾਂ ਦੇ ਮੂੰਹ ਪੂਰਬ ਵਲ ਹੀ ਹੋਇਆ ਕਰਦੇ ਹਨ।

ਭਗਤ ਤ੍ਰਿਲੋਚਨ ਜੀ ਇਹ ਦੇਖਣ ਵਾਸਤੇ ਨਾਮਦੇਵ ਜੀ ਪਾਸ ਆਉਂਦੇ ਹਨ ਕਿ ਨਾਮਦੇਵ ਜੀ ਕਿਸ ਤਰ੍ਹਾਂ ਭਗਤੀ ਕਰਦੇ ਹਨ, ਕਿਵੇਂ ਪ੍ਰਮੇਸ਼ਰ ਉਸ ਦੇ ਸਾਰੇ ਕੰਮ ਕਰਦਾ ਹੈ, ਪ੍ਰਗਟ ਹੁੰਦਾ ਹੈ, ਉਹ ਕਿਹੜੀ ਭਗਤੀ ਹੈ ਜਿਸ ਨਾਲ ਪ੍ਰਮੇਸ਼ਰ ਉਨ੍ਹਾਂ ਦੇ ਵਸ ਵਿਚ ਆ ਗਿਆ। ਜਦੋਂ ਨਾਮਦੇਵ ਜੀ ਪਾਸ ਭਗਤ ਤ੍ਰਿਲੋਚਨ ਪਹੁੰਚਦਾ ਹੈ, ਨਾਮਦੇਵ ਜੀ ਆਪਣੀ ਕਿਰਤ ਵਿਚ ਰੁਝੇ ਹੋਏ ਸਨ। ਦੱਖਣ ਵਿਚ ਮਸ਼ੀਨਾਂ ਆਉਣ ਤੋਂ ਪਹਿਲਾਂ ਕੱਪੜਾ ਠੱਪਿਆਂ ਨਾਲ ਛਾਪਿਆ ਜਾਂਦਾ ਸੀ, ਛਾਪਣ ਵਾਲਿਆਂ ਕੋਲ ਅਨੇਕ ਕਿਸਮ ਦੇ ਛਾਪੇ ਹੁੰਦੇ ਸਨ। ਕਪੜਿਆਂ ਉਪਰ ਛਾਪੇ ਲਾਉਂਦੇ ਸਨ, ਇਸੇ ਕਰਕੇ ਉਨ੍ਹਾਂ ਨੂੰ ਛੀਪਾ ਕਿਹਾ ਜਾਂਦਾ ਸੀ। ਨਾਮਦੇਵ ਜੀ ਆਪਣੀ ਕਿਰਤ ਵਿਚ ਰੁਝੇ ਹੋਏ ਸਨ। ਤ੍ਰਿਲੋਚਨ ਜਦੋਂ ਆਏ ਤਾਂ ਨਾਮਦੇਵ ਜੀ ਦੇ ਆਲੇ ਦੁਆਲੇ ਗਾਹਕਾਂ ਦਾ ਝੁਰਮਟ ਪਿਆ ਹੋਇਆ ਸੀ ਅਤੇ ਸਾਰੇ ਹੀ ਆਪਣੇ ਕਪੜੇ ਛੇਤੀ ਤੋਂ ਛੇਤੀ ਦੇਣ ਵਾਸਤੇ ਕਹਿ ਰਹੇ ਸਨ ਅਤੇ ਨਾਮਦੇਵ ਜੀ ਸਾਰਿਆਂ ਨੂੰ ਟਾਈਮ ਦੇ ਰਹੇ ਸਨ। ਇਸ ਨੇ ਸੋਚਿਆ ਕਿ ਇਹ ਤਾਂ ਬੁਰੀ ਤਰ੍ਹਾਂ ਨਾਲ ਫਸਿਆ ਹੋਇਆ ਗ੍ਰਿਹਸਤੀ ਹੈ, ਇਹ ਤਾਂ ਗੱਲਾਂ ਹੀ ਗੱਲਾਂ ਕਰਦਾ ਹੈ, ਇਹ ਰਾਮ ਦਾ ਨਾਮ ਕਦੋਂ ਜਪਦਾ ਹੈ। ਇਸ ਕੋਲ ਤਾਂ ਵਿਹਲ ਹੀ ਨਹੀਂ। ਫੇਰ ਇਹ ਭਗਤ ਕਿਵੇਂ ਹੋ ਸਕਦਾ ਹੈ? ਹੋ ਸਕਦਾ ਹੈ ਲੋਕ ਕਥਾਵਾਂ ਐਵੇਂ ਹੀ ਪ੍ਰਚਲਤ ਹੋ ਜਾਂਦੀਆਂ ਹਨ, ਸੰਤਾਂ ਦੇ ਸ਼ਰਧਾਲੂ ਅਨੇਕਾਂ ਕਥਾਵਾਂ ਪ੍ਰਚਲਤ ਕਰ ਦਿੰਦੇ ਹਨ। ਕਾਫੀ ਸਮੇਂ ਤੋਂ ਬਾਅਦ ਉਸ ਨੇ ਨਾਮਦੇਵ ਜੀ ਨੂੰ ਮੁਖਾਤਬ ਕਰਦਿਆਂ ਹੋਇਆਂ ਇਕ ਤਰ੍ਹਾਂ ਨਾਲ ਤਾਹਨਾ ਦਿਤਾ -

***ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥***
***ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥*** ***ਪੰਨਾ - 1375***

ਨਾਮਦੇਵ ਜੀ ਨੇ ਸੁਣਿਆ, ਆਪ ਮੁਸਕਰਾਏ ਅਤੇ ਉਨ੍ਹਾਂ ਨੇ ਪਰਤਵਾਂ ਉਤਰ ਦਿਤਾ ਕਿ ਤ੍ਰਿਲੋਚਨ ਜੀ! ਪਿਆਰ ਦਾ ਸਬੰਧ ਹਿਰਦੇ ਨਾਲ ਹੋਇਆ ਕਰਦਾ ਹੈ, ਜੀਭ ਨਾਲ ਨਹੀਂ ਹੋਇਆ ਕਰਦਾ। ਪ੍ਰਮੇਸ਼ਰ ਹਿਰਦੇ ਦੀਆਂ ਤਰੰਗਾਂ ਨਾਲ ਭਿਜਦਾ ਹੈ; ਨਾ ਗਾਉਣ ਨਾਲ ਭਿਜਦਾ ਹੈ, ਨਾ ਦਾਨ ਨਾਲ, ਨਾ ਤੀਰਥ ਯਾਤਰਾ ਨਾਲ; ਉਹ ਹਿਰਦੇ ਦੀ ਪ੍ਰੀਤ ਮੰਗਦਾ ਹੈ -

***ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥***
***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ਪੰਨਾ - 1376***

ਪਿਆਰ ਇਕ ਨਾਲ ਹੀ ਹੁੰਦਾ ਹੈ ਹੋਰ ਪਿਆਰ ਸੰਕੋਚਣੇ ਪੈਂਦੇ ਹਨ, ਪਿਆਰ ਖਿੱਚਾਂ ਪਾਉਂਦਾ ਹੈ,ਜੇ ਇਕ ਨਾਲ ਹੋਵੇ।

***ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥ ਪੰਨਾ - 657***

ਕਿਰਤ ਕਰਨਾ ਹੱਥਾਂ ਦਾ ਕੰਮ ਹੈ। ਸਰੀਰ ਦੀਆਂ ਅਨੇਕਾਂ ਲੋੜਾਂ ਹਨ, ਪਰਿਵਾਰ ਦੀਆਂ ਅਨੇਕਾਂ ਲੋੜਾਂ ਹਨ, ਗ੍ਰਹਿਸਤੀ ਦਾ ਧਰਮ ਹੈ ਕਿ ਧਰਮ ਦੀ ਕਿਰਤ ਕਰੇ, ਇਸ ਕਿਰਤ ਵਿਚੋਂ ਹੀ ਸਮਾਂ ਕੱਢੇ ਪ੍ਰਭੂ ਭਗਤੀ ਲਈ। ਤ੍ਰਿਲੋਚਨ ਜੀ! ਤੁਸੀਂ ਮੇਰੇ ਨਾਲ ਸਹਿਮਤ ਹੋਵੋਂਗੇ ਕਿ ਪ੍ਰਮੇਸ਼ਰ ਦਾ ਸਬੰਧ ਹਿਰਦੇ ਨਾਲ ਹੁੰਦਾ ਹੈ, ਦਿਮਾਗ ਨਾਲ ਨਹੀਂ ਹੁੰਦਾ, ਗਿਆਨੀ ਦਿਮਾਗ ਮੰਡਲ ਵਿਚ ਰਹਿੰਦੇ ਹਨ, ਉਹ ਦਿਮਾਗੀ ਮੰਤਕਾਂ ਨਵੀਆਂ ਤੋਂ ਨਵੀਆਂ ਕੱਢ ਲੈਂਦੇ ਹਨ। ਭਗਤ ਪ੍ਰਭੂ ਨਾਲ ਪਿਆਰ ਕਰਦੇ ਹਨ ਉਹ ਰੋ ਵੀ ਲੈਂਦੇ ਹਨ ਤੇ ਉਸ ਦੇ ਪਿਆਰ ਵਿਚ ਚੁੱਪ ਵੀ ਕਰ ਜਾਂਦੇ ਹਨ -

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹਿ॥ ਪੰਨਾ - 473***

ਸੋ ਤ੍ਰਿਲੋਚਨ ਜੀ! ਗ੍ਰਹਿਸਤ ਧਰਮ ਨਿਭਾਉਣ ਲਈ ਕਿਰਤ ਕਰਨੀ ਜ਼ਰੂਰੀ ਹੈ ਜੋ ਦੂਸਰਿਆਂ ਦੀ ਕਮਾਈ ਤੇ ਪਲਦਾ ਹੈ, ਦਾਨ ਕਰਨ ਵਾਲੇ ਉਸ ਦੀ ਕਮਾਈ ਦਾ ਹਿੱਸਾ ਲੈ ਜਾਂਦੇ ਹਨ। ਫੇਰ ਆਪਣੇ ਪਾਸ ਤਾਂ ਕੁਝ ਵੀ ਨਾ ਰਿਹਾ। ਭਗਤੀ ਦਾ ਜੋ ਧਨ ਹੈ ਉਸ ਨੂੰ ਤਾਂ ਸੇਵਾ ਕਰਨ ਵਾਲੇ ਹੀ ਲੁੱਟ ਕੇ ਲੈ ਜਾਣਗੇ। ਪ੍ਰਮੇਸ਼ਰ ਦਾ ਸਬੰਧ ਤਾਂ ਹਿਰਦੇ ਦੀ ਸਚਾਈ ਨਾਲ, ਹਿਰਦੇ ਦੀ ਖਿੱਚ ਨਾਲ ਹੈ ਜਿਵੇਂ ਕਿ ਕਿਹਾ ਹੈ -

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ। ਡਾ. ਭਾਈ ਵੀਰ ਸਿੰਘ ਜੀ***

ਸੋ ਤ੍ਰਿਲੋਚਨ ਜੀ! ਤੁਹਾਡੀ ਗੱਲ ਮੈਂ ਸਮਝ ਲਈ ਹੈ। ਤੁਸੀਂ ਆਪਣੀ ਥਾਂ ਠੀਕ ਹੋ ਕਿਉਂਕਿ ਤੁਸੀਂ ਕਿਰਤ ਨਹੀਂ ਕਰਦੇ, ਮੈਂ ਤਾਂ ਗਰੀਬ ਆਦਮੀ ਹਾਂ, ਪਰਿਵਾਰ ਪਾਲਣਾ ਹੈ, ਮੈਂ ਪੂਰੇ ਤਾਣ ਨਾਲ ਕਿਰਤ ਕਰਦਾ ਹਾਂ। ਭਗਤ ਜੀ! ਮੁਖ ਤੋਂ ਰਾਮ ਕਹੋ ਅਤੇ ਮੇਰੀ ਗੱਲ ਸੁਣੋ -

***ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥***
***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ਪੰਨਾ - 1376***

ਤ੍ਰਿਲੋਚਨ ਜੀ ਨੇ ਪ੍ਰਸ਼ਨ ਕੀਤਾ ਕਿ ਨਾਮਦੇਵ ਜੀ ਮਨ ਇਕ ਹੈ ਜਾਂ ਦੋ, ਚਿੱਤ ਇਕ ਹੈ ਜਾਂ ਦੋ। ਜਦੋਂ ਚਿੱਤ ਪ੍ਰਮੇਸ਼ਰ ਨਾਲ ਲੱਗਿਆ ਹੋਵੇ ਫੇਰ ਕੰਮ ਵਿਚ ਕਿਵੇਂ ਲਗ ਜਾਵੇਗਾ? ਨਾਮਦੇਵ ਜੀ ਨੇ ਕਿਹਾ, ਤ੍ਰਿਲੋਚਨ ਜੀ ਮਨ ਦੀਆਂ ਬਹੁਤ ਸਾਰੀਆਂ ਪਰਤਾਂ ਹੁੰਦੀਆਂ ਹਨ, ਉਪਰਲਾ ਮਨ ਕਿਰਤ ਵਿਚ ਰੁਝ ਜਾਂਦਾ ਹੈ, ਮਨ ਦੀ ਅੰਦਰਲੀ ਪਰਤ ਵਿਚ ਜੇ ਕੋਈ ਚੀਜ਼ ਗਹਿਰੀ ਚਲੀ ਜਾਵੇ ਉਹ ਭੁਲਿਆ ਨਹੀਂ ਕਰਦੀ। ਜੇ ਕੋਈ ਮਾਤਾ ਦਾ ਪੁੱਤਰ ਪ੍ਰਦੇਸ਼ ਚਲਿਆ ਜਾਵੇ ਤਾਂ ਉਹ ਜੇ ਕਹੇ ਕਿ ਮੈਂ ਦੁਖੀ ਹਾਂ, ਮਾਂ ਦੇ ਦਿਲ ਨੂੰ ਗਹਿਰਾ ਸਦਮਾ ਲੱਗੇਗਾ, ਉਸ ਨੂੰ ਹਿਲਾ ਕੇ ਰੱਖ ਦੇਵੇਗਾ। ਉਹ ਘਰ ਦੇ ਕੰਮ ਕਾਰ ਕਰਦੀ ਹੋਈ ਦਾ ਵੀ ਚਿੱਤ ਆਪਣੇ ਬੱਚੇ ਵਿਚ ਰਹੇਗਾ। ਇਕ ਬੱਚੇ ਨੇ ਗੁੱਡੀ ਬਣਾਈ, ਡੋਰ ਬੰਨ੍ਹੀ ਤੇ ਅਸਮਾਨਾਂ ਵਿਚ ਚਾੜ੍ਹ ਦਿਤੀ। ਉਹ ਸਹੀ ਤਾਂ ਹੀ ਚੜ੍ਹਦੀ ਹੈ ਜੇ ਉਸ ਨੂੰ ਸਹੀ ਤੁਣਕੇ ਟਾਈਮ ਨਾਲ ਦਿਤੇ ਜਾਣ। ਬੱਚੇ ਨਾਲ ਨਾਲ ਆਪਸ ਵਿਚ ਗੱਲਾਂ ਕਰਦੇ ਹਨ। ਹੱਸਣ ਦੀਆਂ ਵੀ ਗੱਲਾਂ ਕਰਦੇ ਹਨ। ਗੁੱਡੀ ਉਡਾਉਣ

ਵਾਲਾ ਸਾਰਿਆਂ ਨਾਲ ਗੱਲਾਂ ਕਰਦੇ ਹੋਏ ਵੀ ਆਪਣਾ ਗਹਿਰਾ ਧਿਆਨ ਗੁੱਡੀ ਵਿਚ ਰਖਦਾ ਹੈ। ਉਹ ਲੋੜ ਸਮੇਂ ਤੁਣਕਾ ਦਿੰਦਾ ਹੈ ਜਿਸ ਨਾਲ ਗੁੱਡੀ ਸਹੀ ਚੜ੍ਹਦੀ ਰਹਿੰਦੀ ਹੈ ਅਤੇ ਇਸ ਗੱਲੋਂ ਵੀ ਸਾਵਧਾਨ ਰਹਿੰਦਾ ਹੈ ਕਿ ਕੋਈ ਦੂਸਰਾ ਮੇਰੀ ਗੁੱਡੀ ਦੀ ਡੋਰ ਨਾ ਕੱਟ ਦੇਵੇ।

ਏਸੇ ਤਰ੍ਹਾਂ ਮੈਂ ਹੋਰ ਮਿਸਾਲ ਦਿੰਦਾ ਹਾਂ ਕਿ ਪਿੰਡ ਦੀਆਂ ਲੜਕੀਆਂ ਪਿੰਡ ਦੇ ਸਰੋਵਰ ਵਿਚੋਂ ਸਵੱਛ ਜਲ ਲੈ ਕੇ ਆ ਰਹੀਆਂ ਹਨ। ਉਨ੍ਹਾਂ ਨੇ ਦੋ ਘੜੇ ਸਿਰ ਤੇ, ਇਕ ਕੱਛ ਵਿਚ ਚੁਕਿਆ ਹੋਇਆ ਹੈ। ਗੱਲਾਂ ਕਰਦੀਆਂ, ਹਸਦੀਆਂ ਆਉਂਦੀਆਂ ਹਨ ਪਰ ਉਨ੍ਹਾਂ ਦਾ ਧਿਆਨ ਘੜੇ ਵਿਚ ਰਹਿੰਦਾ ਹੈ। ਚੌਥੀ ਮਿਸਾਲ ਦਿੰਦਾ ਹਾਂ ਕਿ ਇਕ ਸੋਨੇ ਦਾ ਕਾਰੀਗਰ ਹੈ। ਸੋਨੇ ਦਾ ਗਹਿਣਾ ਘੜ ਰਿਹਾ ਹੈ। ਗਾਹਕ ਆਉਂਦੇ ਹਨ, ਉਨ੍ਹਾਂ ਨਾਲ ਗੱਲ ਕਰਦੇ ਹਨ ਕਿ ਸਾਡੇ ਗਹਿਣੇ ਦਾ ਆਹ ਡਿਜ਼ਾਇਨ ਬਣਾਉਣਾ ਹੈ ਪਰ ਉਹ ਗੱਲਾਂ ਵੀ ਕਰਦਾ ਹੈ, ਨਾਲ ਆਪਣੀ ਠਕ ਠਕ ਵੀ ਬੰਦ ਨਹੀਂ ਕਰਦਾ। ਠੀਕ ਚਿਤਰ ਰਿਹਾ ਹੈ ਕਿਉਂਕਿ ਅੰਦਰ ਗਹਿਰੀ ਪੜਤ ਵਿਚੋਂ ਚਿਤਰ ਰਿਹਾ ਹੈ।

ਕੋਈ ਰਾਜਾ ਫੌਜ ਸਮੇਤ ਬੈਂਡ ਵਾਜੇ ਵਜਾਉਂਦਾ ਹੋਇਆ ਬਜ਼ਾਰ ਵਿਚੋਂ ਲੰਘ ਰਿਹਾ ਹੈ। ਦੂਜੇ ਪਾਸੇ ਕੋਈ ਕਲਾਕਾਰ ਗਹਿਣੇ ਘੜ ਰਿਹਾ ਸੀ, ਉਹ ਆਪਣੇ ਕੰਮ ਤੋਂ ਅੱਖ ਨਹੀਂ ਚੁਕ ਰਿਹਾ ਸੀ। ਰਾਜੇ ਦੀ ਫੌਜ ਲੰਘ ਗਈ, ਪਿਛੋਂ ਕਿਸੇ ਨੇ ਪੁਛਿਆ ਕਿ ਤੂੰ ਦੇਖਿਆ ਸੀ ਕਿ ਪਹਿਲਾਂ ਪੈਦਲ ਗਏ, ਫੇਰ ਹਾਥੀਆਂ ਵਾਲੇ ਗਏ, ਫੇਰ ਘੋੜ ਸਵਾਰ ਆਏ। ਉਸ ਨੇ ਕਿਹਾ ਕਿ ਮੈਨੂੰ ਤਾਂ ਆਪਣੇ ਕੰਮ ਵਿਚੋਂ ਐਨੀ ਵੀ ਸੁਰਤ ਨਹੀਂ ਕਿ ਉਹ ਲੰਘੇ ਹਨ, ਮੈਂ ਤਾਂ ਆਪਣਾ ਕੰਮ ਕਰ ਰਿਹਾ ਸੀ।

ਸੋ ਇਸ ਤਰ੍ਹਾਂ ਅਸਾਡੇ ਮਨ ਦੀ ਪੜਤ ਵਿਚ ਕੋਈ ਗਹਿਰੀ ਚੀਜ਼ ਸਮਾਅ ਜਾਂਦੀ ਹੈ ਤਾਂ ਅਸੀਂ ਉਪਰੋਂ ਉਪਰੋਂ ਭਾਵੇਂ ਹਸਦੇ ਹਾਂ ਪਰ ਕੋਈ ਗਮਗੀਨ ਅਸਰ ਹੋਇਆ ਹੈ ਤਾਂ ਹਉਕਾ ਆਪਣੇ ਆਪ ਹੀ ਅੰਦਰੋਂ ਨਿਕਲ ਜਾਵੇਗਾ।

ਇਕ ਹੋਰ ਮਿਸਾਲ ਦਿਤੀ ਕਿ ਇਕ ਤਾਜੀ ਸੂਈ ਹੋਈ ਗਊ ਚਰਵਾਹਿਆਂ ਨਾਲ ਜੰਗਲ ਵਿਚ ਚੁਗਣ ਗਈ। ਪਰ ਥੋੜ੍ਹੀ ਥੋੜ੍ਹੀ ਦੇਰ ਬਾਅਦ ਪਿੰਡ ਵਲ ਮੂੰਹ ਕਰਕੇ ਰੰਭਣਾ ਸ਼ੁਰੂ ਕਰ ਦਿੰਦੀ ਹੈ ਕਿਉਂਕਿ ਉਸ ਦਾ ਧਿਆਨ ਪਿਛੇ ਬਛੜੇ ਵਿਚ ਹੈ।

ਇਸੇ ਤਰ੍ਹਾਂ ਤ੍ਰਿਲੋਚਨ ਜੀ! ਹੱਥਾਂ ਨਾਲ ਕੋਈ ਕਿਰਤ ਕਰਦਾ ਹੈ, ਖੇਤੀ ਬਾੜੀ ਕਰਦਾ ਹੈ, ਕੋਈ ਕੰਮ ਕਰਦਾ ਹੈ ਉਹ ਆਪਣੇ ਚਿਤ ਦੀ ਅਵਸਥਾ ਦੇ ਮੁਤਾਬਿਕ ਉਸੇ ਪੜਤ ਵਿਚ ਰਹੇਗਾ ਜਿਸ ਪੜਤ ਵਿਚ ਉਸ ਨੇ ਗਹਿਰਾ ਥਾਂ ਬਣਾਇਆ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਨੇ ਕਿਰਤ ਨੂੰ ਮਹੱਤਤਾ ਦਿੰਦੇ ਹੋਏ ਆਪ ਕਿਰਤ ਕਰਕੇ ਦਿਖਾਈ।

ਅੱਜ ਆਪ ਧਾਨਾਂ ਵਿਚੋਂ ਨਦੀਨ ਕੱਢ ਰਹੇ ਹਨ, ਘਰ ਵਿਚ ਪਸ਼ੂ ਹਨ, ਦੁੱਧ ਚੋਣਾ ਹੈ, ਘਰ ਬਹੁਤ ਸਾਰੀਆਂ ਸੰਗਤਾਂ ਆਉਂਦੀਆਂ ਹਨ, ਉਨ੍ਹਾਂ ਦੀ ਜਲ ਪਾਣੀ ਨਾਲ ਸੇਵਾ ਕਰਨੀ ਹੈ। ਜਦੋਂ ਭਾਈ ਲਹਿਣਾ ਜੀ ਪਹੁੰਚੇ ਤਾਂ ਉਸ ਵੇਲੇ ਉਨ੍ਹਾਂ ਦੇ ਰੇਸ਼ਮ ਦੇ ਕਪੜੇ ਪਹਿਨੇ ਹੋਏ ਸਨ। ਆਪ ਵੀ ਉਸੇ ਤਰ੍ਹਾਂ ਗੁਰੂ ਨਾਨਕ ਪਾਤਸਾਹ ਨਾਲ ਕੰਮ ਕਰਨ ਲੱਗੇ। ਗੁਰੂ ਮਹਾਰਾਜ ਨੇ ਥੋੜ੍ਹੀ ਦੇਰ ਪਿਛੋਂ ਦੇਖਿਆ ਕਿ ਸੂਰਜ ਡੁੱਬਣ ਵਾਲਾ ਹੈ, ਪਸ਼ੂਆਂ ਵਾਸਤੇ ਚਾਰਾ ਛੇਤੀ ਜਾਣਾ ਹੈ। ਆਪ ਨੇ ਭਾਈ ਲਹਿਣਾ ਜੀ ਨੂੰ ਕਿਹਾ ਕਿ ਐਂ ਕਰ ਤੰਗੜ ਲੈ ਕੇ ਉਸ ਵਿਚ ਨਦੀਨ ਪਾ ਲੈ। ਲਹਿਣਾ ਜੀ ਨੇ ਦੋ ਪੰਡਾਂ ਬੰਨ੍ਹ ਲਈਆਂ। ਚਿੱਕੜ ਨਾਲ ਭਰੀਆਂ ਹੋਈਆਂ ਨੇ, ਇਕ ਪੰਡ ਸਿਰ ਤੇ ਚੁਕ ਲਈ। ਗੁਰੂ ਨਾਨਕ ਪਾਤਸ਼ਾਹ ਵੀ ਨਾਲ ਹੀ ਆ ਰਹੇ ਹਨ। ਉਨ੍ਹਾਂ ਪਾਸ ਹੋਰ ਸਮਾਨ ਖੁਰਪੀਆਂ ਆਦਿ ਫੜੀਆਂ ਹੋਈਆਂ ਹਨ। ਜਿਹੜਾ ਨਦੀਨ ਲਹਿਣਾ ਜੀ ਨੇ ਚੁਕਿਆ ਹੋਇਆ ਹੈ, ਉਹ ਪਾਣੀ ਵਿਚੋਂ ਕੱਢਿਆ ਹੋਇਆ ਸੀ, ਉਸ ਦੀਆਂ ਜੜ੍ਹਾਂ ਨਾਲ ਚਿੱਕੜ ਤੇ ਪਾਣੀ ਸੀ। ਉਸ ਦਾ ਪਾਣੀ ਚੋ ਚੋ ਕੇ ਭਾਈ ਲਹਿਣਾ ਜੀ ਦੇ ਰੇਸ਼ਮੀ ਬਸਤਰਾਂ ਉਪਰ ਕਾਫੀ ਗਹਿਰੇ ਦਾਗ ਪਾ ਗਿਆ। ਉਹ ਘਰੋਂ ਮਾਤਾ ਜੀ ਪਾਸੋਂ ਥੋੜ੍ਹੀ ਦੇਰ ਪਹਿਲਾਂ ਹੀ ਹੋ ਕੇ ਆਏ ਸਨ, ਉਨ੍ਹਾਂ ਨੇ

ਦੇਖਿਆ ਸੀ ਕਿ ਕਿੰਨੇ ਸੋਹਣੇ ਕੱਪੜੇ ਪਾਏ ਹਨ। ਜਦੋਂ ਦੇਖਿਆ ਕਿ ਕਪੜਿਆਂ ਉਪਰ ਦਾਗ ਪਏ ਹੋਏ ਹਨ ਤਾਂ ਉਸ ਵੇਲੇ ਆਪ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਕਿਹਾ ਕਿ ਇਹ ਪ੍ਰੇਮੀ ਦੂਰੋਂ ਦੂਰੋਂ ਸੇਵਾ ਕਰਨ ਆਉਂਦੇ ਹਨ, ਇਹ ਪ੍ਰੇਮੀ ਨਵਾਂ ਹੀ ਆਇਆ ਸੀ, ਐਨਾ ਤਾਂ ਦੇਖ ਲਿਆ ਕਰੋ ਤੇ ਇਹ ਪੰਡ ਕਿਸੇ ਦਾਸ ਤੋਂ ਚੁਕਵਾ ਲੈਂਦੇ, ਇਸ ਦੇ ਤਾਂ ਸਾਰੇ ਕਪੜੇ ਲਿਬੜ ਗਏ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਮੁਸਕਰਾਏ ਅਤੇ ਸਹਿਜ ਨਾਲ ਹੀ ਆਖਿਆ ਕਿ ਮੈਂ ਲਿਬੜੀ ਹੋਈ ਪੰਡ ਨਹੀਂ ਚੁਕਾਈ, ਇਹ ਤਾਂ ਦੀਨ ਦੁਨੀਆਂ ਦਾ ਛਤਰ ਇਸ ਦੇ ਸਿਰ ਤੇ ਰੱਖਿਆ ਹੈ। ਜਦੋਂ ਇਹ ਝੂਲੇਗਾ ਤਾਂ ਇਸ ਦੀਆਂ ਖੁਸ਼ਬੂਆਂ ਦੂਰ ਦੂਰ ਤਕ ਫੈਲਣਗੀਆਂ ਅਤੇ ਅਨੇਕਾਂ ਪ੍ਰੇਮੀਆਂ ਦਾ ਉਧਾਰ ਹੋਵੇਗਾ। ਤੂੰ ਗਹਿਰੀ ਨਿਗ੍ਹਾ ਕਰਕੇ ਤਾਂ ਦੇਖ, ਇਹ ਤਾਂ ਸੇਵਾ ਦਾ ਪੁੰਜ ਹੈ, ਸੇਵਾ ਕਰਕੇ ਹੀ ਵੱਡਾ ਮਾਣ ਪ੍ਰਾਪਤ ਹੁੰਦਾ ਹੈ –

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥*** ***ਪੰਨਾ – 26***

ਸਾਧਸੰਗਤ ਜੀ! ਗੁਰੂ ਘਰ ਵਿਚ ਸੇਵਾ ਤੇ ਸਿਮਰਨ ਇਸ ਤਰ੍ਹਾਂ ਜ਼ਰੂਰੀ ਹਨ ਜਿਵੇਂ ਹਵਾ ਵਿਚ ਉਡਦੇ ਹਵਾਈ ਜਹਾਜ਼ ਦੇ ਦੋ ਪਰ ਹੁੰਦੇ ਹਨ ਅਤੇ ਹਜ਼ਾਰਾਂ ਮੀਲਾਂ ਦਾ ਸਫਰ ਕੁਝ ਮਿੰਟਾਂ ਵਿਚ ਹੀ ਤਹਿ ਹੋ ਜਾਂਦਾ ਹੈ। ਗੁਰੂ ਸੇਵਾ, ਵਾਹਿਗੁਰੂ ਸੇਵਾ, ਸੰਤ ਸੇਵਾ, ਸਾਧਸੰਗਤ ਦੀ ਸੇਵਾ, ਦੇਸ਼ ਦੀ ਸੇਵਾ, ਸਮਾਜ ਦੀ ਸੇਵਾ, ਪਰਿਵਾਰ ਦੀ ਸੇਵਾ, ਭਾਈਚਾਰੇ ਦੀ ਸੇਵਾ; ਜਦੋਂ ਅਸੀਂ ਹੋਰ ਸੇਵਾ ਦੇ ਬਾਰੇ ਵਿਚਾਰ ਕਰਦੇ ਹਾਂ ਤਾਂ ਆਪਣੇ ਪਸ਼ੂਆਂ ਦੀ ਸੇਵਾ, ਫਸਲ ਦੀ ਸੇਵਾ ਆਪਣੇ ਕਿੱਤੇ ਦੀ ਸੇਵਾ ਇਸ ਵਿਚ ਸ਼ਾਮਲ ਹੋ ਜਾਂਦੀ ਹੈ। ਸੇਵਾ ਕਿਤੇ ਵੀ ਕਰਕੇ ਦੇਖ ਲਓ, ਮੇਵਾ ਮਿਲਦਾ ਹੈ। ਕੋਈ ਵੀ ਸੇਵਾ ਕਰ ਲਓ ਉਹ ਫਲ ਜ਼ਰੂਰ ਦਿੰਦੀ ਹੈ ਜਿਵੇਂ ਕਿ ਇਕ ਅਧਿਆਪਕ ਹੈ, ਕੁਝ ਬੱਚਿਆਂ ਨੂੰ ਪੜ੍ਹਾਉਣ ਦੀ ਮਨੋ ਤਨੋ ਸੇਵਾ ਕਰਦਾ ਹੈ, ਇਸ ਦਾ ਬਹੁਤ ਪੁੰਨ ਹੈ, ਬੱਚੇ ਕਾਬਲ ਹੋ ਜਾਂਦੇ ਹਨ, ਸੁਸਾਇਟੀ ਨਰੋਈ ਹੋ ਜਾਂਦੀ ਹੈ ਅਤੇ ਬੇਅੰਤ ਪ੍ਰੇਸ਼ਾਨੀਆਂ ਖਤਮ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਡਾਕਟਰ ਦੀ ਸੇਵਾ ਮਰੀਜ਼ਾਂ ਨੂੰ ਅਰੋਗ ਕਰ ਦਿੰਦੀ ਹੈ। ਜਦੋਂ ਕੋਈ ਸਰੀਰਕ ਤੌਰ ਤੇ ਸਵੱਸਥ ਹੋ ਜਾਂਦਾ ਹੈ ਤਾਂ ਕੁਦਰਤੀ ਉਸ ਦੇ ਮਨ ਵਿਚ ਆ ਜਾਂਦਾ ਹੈ ਕਿ ਡਾਕਟਰ ਨੇ ਮੈਨੂੰ ਨਵੀਂ ਜ਼ਿੰਦਗੀ ਦਿਤੀ ਹੈ। ਇਸੇ ਤਰ੍ਹਾਂ ਕੋਈ ਰਾਜਾ ਹੈ, ਕਰਮਚਾਰੀ ਹੈ, ਅਹਿਲਕਾਰ ਦੀ ਸੇਵਾ ਹੋਇਆ ਕਰਦੀ ਹੈ ਕਿ ਉਹ ਆਪਣੇ ਕਾਨੂੰਨ ਦੇ ਮੁਤਾਬਿਕ ਪੂਰੀ ਤਰ੍ਹਾਂ ਪਹਿਰਾ ਦੇ ਕੇ ਸਮਾਜ ਨੂੰ ਅਮਨ ਸ਼ਾਂਤੀ ਵਿਚ ਰਹਿਣ ਦੇ ਮੌਕੇ ਦੇਵੇ, ਕੋਈ ਨੇਤਾ ਹੈ ਉਹ ਚੋਣਾਂ ਵੇਲੇ ਸਮਾਜ ਨੂੰ ਕਹਿੰਦਾ ਹੈ ਕਿ ਮੈਂ ਤੁਹਾਡਾ ਸੇਵਾਦਾਰ ਹਾਂ ਤਾਂ ਉਹ ਵੀ ਜੇ ਚੰਗੀ ਤਰ੍ਹਾਂ ਸੇਵਾ ਕਰੇ ਤਾਂ ਉਹ ਆਪਣੇ ਇਲਾਕੇ ਦਾ ਹੁਲੀਆ ਬਦਲੀ ਕਰ ਦਿੰਦਾ ਹੈ। ਰਾਜੇ ਦਾ ਧਰਮ ਗੁਰੂ ਮਹਾਰਾਜ ਨੇ ਕਿਹਾ ਹੈ ਕਿ ਨਿਆਂ ਕਰਨਾ ਹੈ –

***ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥*** ***ਪੰਨਾ – 1240***

ਮਹਾਰਾਜ ਜੀ ਨੇ ਤਾਂ ਫੁਰਮਾਨ ਕੀਤਾ ਹੈ ਕਿ 'ਬਿਨ ਸੇਵਾ ਫਲ ਕਿਸੇ ਨਹੀ' ਦੁਨੀਆਂ ਦੀ ਸੇਵਾ, ਦੁਨੀਆਂ ਦੇ ਪਦਾਰਥ ਦਿੰਦੀ ਹੈ। ਗੁਰੂ ਦੀ ਸੇਵਾ ਗਿਆਨ ਪ੍ਰਦਾਨ ਕਰਦੀ ਹੈ। ਪ੍ਰਮੇਸ਼ਰ ਦੀ ਸੇਵਾ ਹੁੰਦੀ ਹੈ, ਸਾਰੀ ਦੁਨੀਆਂ ਦਾ ਭਲਾ ਸੱਚੇ ਦਿਲੋਂ ਚਿਤਵਨਾ –

***ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।***

ਇਕ ਆਦਮੀ ਕੋਲ ਕਈ ਦੁਧਾਰੂ ਪਸ਼ੂ ਹਨ ਪਰ ਉਹ ਉਨ੍ਹਾਂ ਦੀ ਪੂਰੀ ਤਰ੍ਹਾਂ ਸੇਵਾ ਨਹੀਂ ਕਰਦਾ, ਉਨ੍ਹਾਂ ਨੂੰ ਪੂਰੀ ਤਰ੍ਹਾਂ ਸਤੁੰਲਨ ਵਿਚ ਖੁਰਾਕ ਨਹੀਂ ਦਿੰਦਾ, ਉਨ੍ਹਾਂ ਲਈ ਧੁੱਪ ਛਾਂ ਦਾ ਖਿਆਲ ਨਹੀਂ ਕਰਦਾ, ਉਸ ਦੇ ਪਸ਼ੂਆਂ ਦਾ ਦੁੱਧ ਸੁੱਕ ਜਾਵੇਗਾ। ਉਸ ਨੂੰ ਇਹ ਹੋਵੇਗਾ ਕਿ ਕਿਸੇ ਨੇ ਨਜ਼ਰ ਲਾ ਦਿਤੀ ਪਰ ਉਸ ਨੂੰ ਇਹ ਨਹੀਂ ਪਤਾ ਕਿ ਮੈਂ ਆਪਣੇ ਪਸ਼ੂਆਂ ਦੀ ਸੇਵਾ ਨਹੀਂ ਕੀਤੀ; ਜੋ ਸੇਵਾ ਕਰਦੇ ਹਨ ਉਨ੍ਹਾਂ ਦੇ ਸਾਰੇ ਕੰਮ ਦੁੱਧ ਵਗੈਰਾ ਦੇ ਸਭ ਠੀਕ ਚਲਦੇ ਹਨ।

ਕਿਸੇ ਦਫਤਰ ਵਿਚ ਕੋਈ ਪ੍ਰੇਮੀ ਕਰਮਚਾਰੀ ਹੋਵੇ। ਜੇ ਉਹ ਆਪਣੇ ਫਰਜ਼ ਨੂੰ ਪੂਰੀ ਤਰ੍ਹਾਂ ਨਿਭਾਉਂਦਾ ਹੈ ਅਤੇ ਸਮੇਂ ਸਿਰ ਸਰਕਾਰੀ ਕਾਗਜ਼ਾਂ ਦਾ ਨਿਪਟਾਰਾ ਕਰਦਾ ਹੈ, ਉਸ ਦਾ ਇਹ ਕਰਮ ਪ੍ਰਸ਼ੰਸਾਯੋਗ ਹੈ ਅਤੇ

ਬੇਧਿਆਨੀ ਪੂਜਾ ਪਾਠ ਤੋਂ ਕਿਤੇ ਵਧੀਆ ਹੈ। ਇਨ੍ਹਾਂ ਸਾਰੀਆਂ ਸੇਵਾਵਾਂ ਤੋਂ ਪਰਮ ਸ੍ਰੇਸ਼ਟ ਸੇਵਾ ਗੁਰੂ ਦੀ ਹੈ। ਪਹਿਲੇ ਸਮਿਆਂ ਅੰਦਰ ਲੋਕ ਤਪਸਿਆ ਕਰਿਆ ਕਰਦੇ ਸਨ, ਜਿਸਨੂੰ ਜ਼ੋਹਦ ਕਹਿੰਦੇ ਹਨ। ਕੋਈ ਠੰਢੇ ਪਾਣੀ ਵਿਚ ਖੜ੍ਹ ਕੇ ਤਪ ਕਰਦਾ ਸੀ, ਕੋਈ ਪੰਜ ਧੂਣੀਆਂ ਲਾ ਕੇ ਉਸ ਅੱਗ ਦੇ ਘੇਰੇ ਵਿਚ ਬੈਠਦਾ ਸੀ ਅਤੇ ਆਪਣੇ ਤਨ ਦਾ ਲਹੂ ਸੁਕਾਉਂਦਾ ਸੀ, ਕੋਈ ਪੁੱਠਾ ਲਟਕਦਾ ਸੀ ਅਤੇ ਕੋਈ ਹੋਰ ਅਨੇਕ ਕਿਸਮ ਦੇ ਸਰੀਰ ਨੂੰ ਦੁੱਖ ਦੇਣ ਵਾਲੇ ਕੰਮ ਕਰਦਾ ਸੀ, ਰੰਗ ਕਾਲਾ ਹੋ ਜਾਣਾ ਅਤੇ ਸਰੀਰ ਦਾ ਸੁੱਕ ਜਾਣਾ ਤਪ ਕਹਾਉਂਦਾ ਸੀ। ਜਿਸ ਤਰ੍ਹਾਂ ਸਰਦੀਆਂ ਦੇ ਦਿਨਾਂ ਵਿਚ ਵੱਡੇ ਘੜੇ ਦੇ ਪੇਂਦੇ ਵਿਚ ਇਕ ਉਂਗਲ ਜਿੰਨੀ ਗਲੀ ਕਰਕੇ ਉਸ ਵਿਚ ਠੰਢਾ ਪਾਣੀ ਪਾਉਂਦੇ ਰਹਿਣਾ ਜੋ ਪਾਣੀ ਮੱਟ ਤੇ ਗਿਰ ਰਿਹਾ ਹੈ, ਉਸ ਦੇ ਹੇਠਾਂ ਬੈਠ ਜਾਣਾ ਤੇ ਸਰੀਰ ਤੇ ਉਹ ਪਾਣੀ ਪਾਉਣਾ। ਇਵੇਂ ਜਿਵੇਂ ਸੁਆਹ ਮਲਣੀ, ਕੋਈ ਭੁੱਖਾ ਰਹਿੰਦਾ ਸੀ, ਕੋਈ ਰੋੜਾਂ ਉਪਰ ਸੌਂਦਾ ਸੀ, ਕੋਈ ਥੋੜ੍ਹੇ ਤੋਂ ਥੋੜ੍ਹਾ ਖਾ ਕੇ ਸਰੀਰ ਨੂੰ ਤੁਰਦਾ ਫਿਰਦਾ ਰਖਦਾ ਸੀ ਕਿਉਂਕਿ ਮਨਾਂ ਵਿਚ ਸ਼ੌਂਕ ਸੀ ਕਿ ਤਪ ਕਰਕੇ ਕਿਸੇ ਕਿਨਾਰੇ ਪਹੁੰਚ ਜਾਈਏ ਪਰ ਇਹ ਨਹੀਂ ਸੀ ਪਤਾ ਕਿ ਇਹ ਕਿਸੇ ਮੰਜ਼ਲ ਤੇ ਪਹੁੰਚਾਉਂਦਾ ਹੈ ਜਾਂ ਨਹੀਂ। ਗੁਰੂ ਦੀ ਸੇਵਾ ਸਭ ਤੋਂ ਵੱਡੀ ਹੈ, ਗੁਰੂ ਦੀ ਸੇਵਾ ਦੇ ਬਰਾਬਰ ਹੋਰ ਕੋਈ ਸੇਵਾ ਨਹੀਂ ਹੈ। ਗੁਰੂ ਅੰਗਦ ਸਾਹਿਬ ਜੀ ਗੁਰੂ ਨਾਨਕ ਪਾਤਸ਼ਾਹ ਕੋਲ ਆ ਕੇ ਸੇਵਾ ਕਰਨ ਲਗ ਗਏ।

***ਧਾਰਨਾ - ਗੁਰੂ ਸੇਵਾ ਦੇ ਬਰਾਬਰ ਹੋਰ ਤਪ ਨਾ,***
***ਸੇਵਾ ਕਰ ਲੈ ਮਨ ਲਾ ਕੇ - 2, 2.***
***ਮੇਰੇ ਪਿਆਰੇ, ਸੇਵਾ ਕਰ ਲੈ ਮਨ ਲਾ ਕੇ-2,2***
***ਗੁਰੂ ਸੇਵਾ ਦੇ ਬਰਾਬਰ ਹੋਰ ਤਪ ਨਾ,..- 2.***

***ਪੈਰੀ ਪੈ ਪਾਖਾਕ ਹੋਇ ਛਡ ਮਣੀ ਮਨੂਰੀ।***
***ਪਾਣੀ ਪਖਾ, ਪੀਹਣਾ ਨਿਤ ਕਰੈ ਮਜੂਰੀ।***
***ਤੂਪੜ ਝਾੜਿ ਵਿਛਾਇਦਾ, ਚੁਲਿ ਝੋਕਿ ਨ ਝੂਰੀ।***
***ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ।***
***ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ।***
***ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ॥***
***ਭਾਈ ਗੁਰਦਾਸ ਜੀ ਦੀ ਵਾਰ - 27/19***

***ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥***
***ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ॥ ਪੰਨਾ - 423***

ਗੁਰੂ ਸੇਵਾ ਕਰਨ ਨਾਲ ਵਾਹਿਗੁਰੂ ਜੀ ਹਿਰਦੇ 'ਚ ਵਸ ਜਾਇਆ ਕਰਦੇ ਹਨ ਅਤੇ ਸਾਰੀਆਂ ਬਰਕਤਾਂ ਪ੍ਰਾਪਤ ਹੋ ਜਾਂਦੀਆਂ ਹਨ। ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ, ਗੁਰੂ ਗ੍ਰੰਥ ਸਾਹਿਬ ਦੇ ਅੰਦਰ ਆਏ ਰਹੱਸ ਨੂੰ ਪੂਰੀ ਤਰ੍ਹਾਂ ਖੋਲ੍ਹ ਕੇ ਪ੍ਰਗਟ ਕਰਦੇ ਹਨ। ਆਪ ਫੁਰਮਾਨ ਕਰਦੇ ਹਨ ਕਿ ਚਰਨਾਂ ਤੇ ਨਮਸਕਾਰ ਕਰਨੀ ਅਤੇ ਚਰਨਾਂ ਦੀ ਧੂੜੀ ਆਪਣੇ ਆਪ ਨੂੰ ਬਣਾਉਣਾ, ਮਾਣ ਜੋ ਆਪਣੇ ਅੰਦਰ ਹੈ ਕਿ ਮੈਂ ਵੱਡਾ ਸੈਕਟਰੀ ਹਾਂ, ਮੈਂ ਅਮੀਰ ਹਾਂ, ਮੇਰੀ ਵੱਡੀ ਵਾਕਫੀ ਹੈ, ਲੋਕ ਮੈਨੂੰ ਨਮਸਕਾਰਾਂ ਕਰਦੇ ਹਨ, ਮੈਂ ਵੱਡਾ ਗਿਆਨੀ ਹਾਂ, ਵੱਡਾ ਕਥਾਕਾਰ ਹਾਂ, ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਇਹ ਛੱਡ ਦੇ। ਪਾਣੀ, ਪੱਖਾ, ਪੀਹਣ ਵਗੈਰਾ, ਉਨ੍ਹਾਂ ਦਿਨਾਂ ਵਿਚ ਚੱਕੀਆਂ ਨਹੀਂ ਸੀ ਹੁੰਦੀਆਂ, ਪਾਣੀ ਪਿਲਾਉਣਾ, ਪੱਖਾ ਝਲਣਾ, ਪੀਸਣਾ ਇਹ ਬਹੁਤ ਵੱਡੀ ਸੇਵਾ ਗਿਣੀ ਜਾਂਦੀ ਸੀ। ਹੱਥਾਂ ਨਾਲ ਛੋਟੀਆਂ ਚੱਕੀਆਂ ਪੀਹਣੀਆਂ ਪੈਂਦੀਆਂ ਸਨ। ਸਤਿਸੰਗ ਵਾਸਤੇ ਤੱਪੜ ਝਾੜ ਕੇ ਵਿਛਾਏ ਜਾਂਦੇ ਸੀ। ਬਾਲਣ ਵਾਸਤੇ ਲੱਕੜਾਂ ਲਿਆ ਕੇ ਝੋਂਕਣਾ। ਇਹ ਕਰਨ ਵਾਸਤੇ ਆਪਣੇ ਆਪ ਨੂੰ ਕੁਝ ਜਾਣਨਾ ਨਾ, ਆਪਣੇ ਆਪ ਨੂੰ ਮੁਰਦੇ ਵਾਂਗ ਜਾਣਨਾ। ਸੇਵਾ ਕੁਝ ਬਣ ਕੇ ਕੀਤੀ ਫਲ ਨਹੀਂ ਦਿੰਦੀ -

*ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥*
*ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥*
*ਕਹਨ ਕਹਾਵਨ ਇਹੁ ਕੀਰਤਿ ਕਰਲਾ॥*
*ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ॥* *ਪੰਨਾ - 51*

ਦੇਖਿਆ ਇਹ ਜਾਂਦਾ ਹੈ ਕਿ ਕੋਈ ਆਦਮੀ ਸੇਵਾ ਕਰਦਾ ਹੈ, ਉਹ ਸੇਵਾ ਦੇ ਸਹੀ ਤਰੀਕੇ ਨੂੰ ਨਾ ਸਮਝਣ ਕਰਕੇ ਕਈ ਵਾਰੀ ਸੇਵਾ ਦਾ ਫਲ ਪ੍ਰਾਪਤ ਨਹੀਂ ਕਰਦਾ। ਸੇਵਾ ਕਰਕੇ ਜੇ ਗੁੱਸਾ ਕਰਦਾ ਹੈ ਜਾਂ ਦੂਜਿਆਂ ਨੂੰ ਬੁਰਾ ਭਲਾ ਆਖਦਾ ਹੈ ਕਿ ਤੁਸੀਂ ਸੇਵਾ ਨਹੀਂ ਕਰਦੇ, ਮੈਂ ਐਨੀ ਸੇਵਾ ਕਰਦਾ ਹਾਂ, ਉਹ ਸੇਵਾ ਫਲ ਨਹੀਂ ਦਿੰਦੀ। ਜੇ ਸੇਵਾ 'ਚ ਲਗਣਾ ਹੈ ਅਤੇ ਗੁਰੂ ਮਹਾਰਾਜ ਦੇ ਮਾਰਗ ਪੈਣਾ ਹੈ ਅਤੇ ਕੋਈ ਫਲ ਪ੍ਰਾਪਤ ਕਰਨਾ ਹੈ ਤਾਂ ਉਸ ਬਾਰੇ ਭਾਈ ਗੁਰਦਾਸ ਜੀ ਨੇ ਬਹੁਤ ਖੋਲ੍ਹ ਕੇ ਦੱਸਿਆ ਹੈ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ॥* *ਭਾਈ ਗੁਰਦਾਸ ਜੀ, ਵਾਰ 3/18*

ਸੇਵਾ ਕਰਨ ਵਾਲੇ ਦੇ ਮਨ ਵਿਚ ਅਥਾਹ ਸਿਦਕ ਚਾਹੀਦਾ ਹੈ, ਸਿਦਕ ਅਤੇ ਸਬਰ ਦਾ ਵੱਡਾ ਗੁਣ ਹੋਣਾ ਚਾਹੀਦਾ ਹੈ। ਐਵੇਂ ਨਾਟਕ ਚੇਟਕ ਕਰਕੇ ਵਾਹੁ ਵਾਹੁ ਨਾ ਕਰਾਵੇ ਸਗੋਂ ਉਨ੍ਹਾਂ ਸ਼ਕਤੀਆਂ ਨੂੰ ਗੁਪਤ ਰੱਖ ਕੇ ਅੱਗੇ ਵਧ ਕੇ ਸੇਵਾ ਕਰੇ।

ਸਿਦਕ ਬਾਰੇ ਜੇ ਵਿਚਾਰ ਕਰੀਏ ਤਾਂ ਗੁਰ ਇਤਿਹਾਸ ਨੂੰ ਵਾਚਦਿਆਂ ਗੁਰੂ ਦਸ਼ਮੇਸ਼ ਪਿਤਾ ਜੀ ਜਦੋਂ ਅਨੰਦਪੁਰ ਸਾਹਿਬ ਛੱਡ ਕੇ ਆਏ, ਮੁਗਲਾਂ ਨੇ ਕਸਮਾਂ ਖਾਧੀਆਂ, ਕੁਰਾਨ ਸ਼ਰੀਫ ਦੀ ਜਾਮਨੀ ਦੇ ਕੇ ਵੀ ਗੁਰੂ ਮਹਾਰਾਜ ਦੁਆਲੇ ਘੇਰਾ ਪਾ ਲਿਆ ਤੇ ਹਮਲਾ ਕਰ ਦਿਤਾ। ਬਹੁਤ ਸਿੰਘ ਸ਼ਹੀਦ ਹੋ ਗਏ। ਜਥੇਬੰਦੀ ਟੁੱਟ ਗਈ, ਜਿਧਰ ਨੂੰ ਕਿਸੇ ਦਾ ਮੂੰਹ ਹੋਇਆ ਉਧਰ ਨੂੰ ਤੁਰ ਪਏ। ਸਰਸਾ ਬਹੁਤ ਜ਼ਿਆਦਾ ਚੜ੍ਹਿਆ ਹੋਇਆ ਸੀ, ਬਹੁਤ ਸਾਰੇ ਸਿੰਘ ਵਿਚ ਰੁੜ੍ਹ ਗਏ। ਗੁਰੂ ਮਹਾਰਾਜ ਦਾ ਪਰਿਵਾਰ ਇਥੇ ਵਿਛੜ ਗਿਆ। ਮਾਤਾਵਾਂ ਹੌਲੀ ਹੌਲੀ ਗੁਪਤ ਰੂਪ ਵਿਚ ਚੱਲੀਆਂ, ਦਿੱਲੀ ਪਹੁੰਚੀਆਂ। ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਰੋਪੜ ਵਿਚੀਂ ਹੁੰਦੇ ਹੋਏ ਖੇੜੀ ਪਿੰਡ ਵਿਚ ਪਹੁੰਚ ਗਏ, ਜਿਥੇ ਗੰਗੂ ਬੇਈਮਾਨ ਨੇ ਚੁਗਲੀ ਕਰਕੇ ਉਨ੍ਹਾਂ ਨੂੰ ਮੋਰਿੰਡੇ ਵਾਲੇ ਥਾਣੇਦਾਰ ਪਾਸ ਕੈਦ ਕਰਾ ਦਿਤਾ ਜਿਨ੍ਹਾਂ ਨੂੰ ਉਨ੍ਹਾਂ ਨੇ ਨਵਾਬ ਵਜੀਰਖਾਨ ਸੂਬਾ ਸਰਹੰਦ ਦੇ ਹਵਾਲੇ ਕਰ ਦਿਤਾ।

ਗੁਰੂ ਮਹਾਰਾਜ ਨਾਲ ਉਸ ਸਮੇਂ 40 ਸਿੰਘ ਸਨ। ਇਕ ਸਿੰਘ ਜਿਸ ਦਾ ਨਾਮ ਬਚਿਤਰ ਸਿੰਘ ਸੀ ਉਹ ਬੁਰੀ ਤਰ੍ਹਾਂ ਘਾਇਲ ਹੋ ਗਿਆ ਸੀ। ਉਸ ਨੂੰ ਚੁਕ ਕੇ ਨਿਹੰਗ ਖਾਨ ਕੋਟਲੇ ਵਾਲੇ ਦੇ ਕਿਲੇ ਵਿਚ ਲਿਆਂਦਾ ਅਤੇ ਕਿਹਾ ਕਿ ਜੇ ਇਹ ਰਾਜ਼ੀ ਹੋ ਗਿਆ ਤਾਂ ਸਾਨੂੰ ਮਿਲ ਲਏਗਾ ਅਤੇ ਜੇ ਵਾਹਿਗੁਰੂ ਦੇ ਹੁਕਮ ਵਿਚ ਸ਼ਹੀਦੀ ਪਾ ਗਿਆ ਤਾਂ ਇਸ ਦਾ ਸਸਕਾਰ ਕਰ ਦੇਣਾ।

ਗੁਰੂ ਮਹਾਰਾਜ 40 ਸਿੰਘਾਂ ਸਮੇਤ ਚਮਕੌਰ ਦੀ ਗੜ੍ਹੀ ਵਿਚ ਮੋਰਚਾ ਲਾ ਲੈਂਦੇ ਹਨ ਅਤੇ ਬੜਾ ਹੀ ਭਿਆਨਕ ਯੁੱਧ ਹੋਇਆ। ਦੁਨੀਆਂ ਦੇ ਇਤਿਹਾਸ ਦੇ ਉਤੇ ਇਹ ਪਹਿਲਾ ਜੰਗ ਸੀ, ਜਿਸ ਵਿਚ ਚਾਲੀਆਂ ਸਿੰਘਾਂ ਦਾ ਦਸ ਲੱਖ ਫੌਜ ਨਾਲ ਮੁਕਾਬਲਾ ਹੋਇਆ। ਜਿਨ੍ਹਾਂ ਸਿੰਘਾਂ ਨੇ 24 ਘੰਟਿਆਂ ਤੋਂ ਕੁਝ ਵੀ ਖਾਧਾ ਨਹੀਂ ਸੀ, ਉਹ ਚਮਕੌਰ ਦੀ ਗੜੀ ਦੇ ਅੰਦਰ ਸਨ। ਦੂਜੇ ਪਾਸੇ ਮੁਲਖਈਆ ਫੌਜ ਗੜੀ ਨੂੰ ਘੇਰ ਕੇ ਗੁਰੂ

ਮਹਾਰਾਜ ਨੂੰ ਸ਼ਹੀਦ ਕਰਨ ਦੇ ਮਨਸੂਬੇ ਬਣਾ ਰਹੀ ਸੀ। ਇਨ੍ਹਾਂ ਕੋਲ ਤੋਪਾਂ ਵੀ ਸਨ ਪਰ ਅਜੇ ਜੰਗ ਦੇ ਮੈਦਾਨ ਵਿਚ ਪਹੁੰਚੀਆਂ ਨਹੀਂ ਸਨ। 10 ਲੱਖ ਇਨ੍ਹਾਂ ਦੀ ਗਿਣਤੀ ਦਸਦੇ ਹਨ, ਇਨ੍ਹਾਂ ਨੇ ਗੜ੍ਹੀ ਨੂੰ ਘੇਰਿਆ ਹੋਇਆ ਸੀ। ਇਸ ਜੰਗ ਵਿਚ ਪਿਸ਼ਾਵਰ ਤੋਂ ਲੈ ਕੇ ਦਿੱਲੀ ਤਕ ਆਮ ਲਾਮਬੰਦੀ ਕੀਤੀ ਹੋਈ ਸੀ, ਥਾਂ-ਥਾਂ ਨਾਕੇ, ਥਾਂ ਥਾਂ ਚੈਕਿੰਗ, ਕੋਈ ਬੰਦਾ ਵੀ ਗੁਰੂ ਸਾਹਿਬ ਨੂੰ ਨਹੀਂ ਮਿਲ ਸਕਦਾ ਸੀ। ਇਸ ਲਾਮ ਬੰਦੀ ਦੀ ਗਿਣਤੀ ਪਹਾੜੀ ਰਾਜਿਆਂ ਦੀ ਫੌਜ ਸਮੇਤ 10 ਲਖ ਦਸੀ ਜਾਂਦੀ ਹੈ। ਕੋਈ ਵੀ ਰਸਦ ਕਿਸੇ ਵੀ ਸਿੰਘ ਜਾਂ ਗੁਰੂ ਮਹਾਰਾਜ ਤਕ ਬਾਹਰੋਂ ਨਹੀਂ ਸੀ ਪਹੁੰਚ ਸਕਦੀ। ਡੇਢ ਲੱਖ ਦੀ ਫੌਜ ਦੱਸਿਆ ਜਾਂਦਾ ਹੈ ਕਿ ਦਿੱਲੀ ਤੋਂ ਆਈ ਜਿਸ ਪਾਸ ਤੋਪਾਂ ਵੀ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਗੜ੍ਹੀ ਤਾਂ ਕੱਚੀ ਹੀ ਹੈ, ਅੰਦਰ 40-50 ਸਿੰਘ ਹਨ ਤਾਂ ਉਨ੍ਹਾਂ ਨੇ ਤੋਪਾਂ ਦਾ ਇੰਤਜ਼ਾਰ ਨਾ ਕੀਤਾ ਕਿ ਹੱਥੋ ਹੱਥੀਂ ਹੀ ਫੜ ਲੈਣ ਦੀ ਵਿਉਂਤ ਬਣਾ ਕੇ ਹੱਲਾ ਕਰ ਦਿਤਾ। ਪਰ ਦੂਜੇ ਪਾਸੇ ਅਜਿਹੇ ਸਿਰਲੱਥ ਯੋਧੇ ਸਨ ਜਿਨ੍ਹਾਂ ਦੇ ਡਰ ਨੇੜੇ ਤੇੜੇ ਵੀ ਨਹੀਂ ਸੀ ਜੋ ਆਪਣੇ ਸਰੀਰ ਦਾ ਪੁਰਜਾ ਪੁਰਜਾ ਕਟਾ ਕੇ ਜੰਗ ਤੋਂ ਪਿਛੇ ਹਟਣ ਲਈ ਤਿਆਰ ਨਹੀਂ ਸਨ। ਪੂਰਾ ਦਿਨ ਯੁੱਧ ਹੁੰਦਾ ਰਿਹਾ ਪਰ ਉਹ ਗੁਰੂ ਮਹਾਰਾਜ ਜੀ ਨੂੰ ਫੜਨ ਵਿਚ ਕਾਮਯਾਬ ਨਾ ਹੋਏ। ਗੁਰੂ ਦਸ਼ਮੇਸ਼ ਪਿਤਾ ਜੀ ਯੁੱਧ ਵਿਚ ਸ਼ਹੀਦੀ ਦੇਣ ਵਾਸਤੇ ਵੱਡੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਭੇਜਦੇ ਹਨ ਅਤੇ ਆਪ ਫੁਰਮਾਨ ਕਰਦੇ ਹਨ ਕਿ ਬੇਟਾ ਇਹ ਧਰਮ ਯੁੱਧ ਹੈ, ਇਸ ਵਿਚ ਵੱਧ ਤੋਂ ਵੱਧ ਤਾਣ ਲਾ ਕੇ ਦੁਸ਼ਟਾਂ ਦਾ ਖਾਤਮਾ ਕਰਨਾ ਹੈ। ਤਿੰਨ ਘੰਟੇ ਦਾ ਯੁੱਧ ਸਾਹਿਬਜ਼ਾਦਾ ਅਜੀਤ ਸਿੰਘ ਦਾ ਹੋਇਆ, ਉਸ ਤੋਂ ਬਾਅਦ ਛੋਟੇ ਸਾਹਿਬਜ਼ਾਦੇ ਜਿਨ੍ਹਾਂ ਦੀ ਆਯੂ 14 ਸਾਲ ਦੀ ਸੀ, ਸਾਹਿਬ ਜੁਝਾਰ ਸਿੰਘ ਜੀ, ਉਨ੍ਹਾਂ ਨੂੰ ਯੁੱਧ ਵਿਚ ਭੇਜਿਆ ਗਿਆ। ਹੈਰਾਨ ਹੋ ਜਾਈਦਾ ਹੈ ਕਿ ਇਕ ਪਾਸੇ ਤਾਂ ਵੱਡੇ ਵੱਡੇ ਕੱਦਾਂ ਵਾਲੇ ਸਰਕਾਰ ਦੇ ਮਜ਼ਬੂਤ ਯੋਧੇ ਸਨ ਅਤੇ ਦੂਜੇ ਪਾਸੇ ਪੰਜ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ, ਆਪ ਜੀ ਨੇ ਪੂਰੇ ਤਿੰਨ ਘੰਟੇ ਮੁਕਾਬਲਾ ਕਰਕੇ ਸ਼ਹੀਦੀ ਪ੍ਰਾਪਤ ਕੀਤੀ। ਜਿਨ੍ਹਾਂ ਸਿੰਘਾਂ ਨੇ ਸਾਹਿਬਜ਼ਾਦਿਆਂ ਨੂੰ ਯੁੱਧ ਸਮੇਂ ਆਪਣੇ ਘੇਰੇ ਵਿਚ ਲਿਆ ਹੋਇਆ ਸੀ ਉਹ ਵੱਡੇ ਵੱਡੇ ਦੁਸ਼ਮਣਾਂ ਨੂੰ ਲਤਾੜ ਰਹੇ ਸਨ ਅਤੇ ਤਿੰਨ ਘੰਟੇ ਯੁੱਧ ਕਰਨ ਪਿਛੋਂ ਆਪ ਜੀ ਨੇ ਵੀ ਆਪਣੇ ਸਰੀਰ ਦਾ ਬਲੀਦਾਨ ਦੇ ਦਿਤਾ। ਜਦੋਂ ਸਾਹਿਬਜ਼ਾਦੇ ਸ਼ਹੀਦ ਹੋਏ ਉਸ ਵੇਲੇ ਗੁਰੂ ਮਹਾਰਾਜ ਜੀ ਨੇ ਅਕਾਲ ਪੁਰਖ ਅੱਗੇ ਸਨਿਮਰ ਬੇਨਤੀ ਕੀਤੀ ਕਿ ਪਾਤਸ਼ਾਹ ਇਹ ਬੱਚੇ ਆਪ ਜੀ ਦੀ ਅਮਾਨਤ ਸਨ, ਇਹ ਅਮਾਨਤ ਆਪ ਦੇ ਚਰਨਾਂ ਵਿਚ ਸਮਰਪਿਤ ਹੋ ਗਈ ਹੈ, ਮੈਂ ਵੱਡੇ ਭਾਗਾਂ ਵਾਲਾ ਹਾਂ।

ਇਸ ਯੁੱਧ ਵਿਚ ਅਨੋਖੀ ਗੱਲ ਇਹ ਸੀ ਕਿ ਇਕ ਨਾਲ ਇਕ ਨਹੀਂ ਸੀ ਲੜਦਾ। ਇਕ ਉਤੇ ਅਨੇਕਾਂ ਹੀ ਹਮਲਾ ਕਰ ਦਿੰਦੇ ਸਨ। ਮਹਾਂਭਾਰਤ ਦੇ ਯੁੱਧ ਵਿਚ ਜਦੋਂ ਅਭਮਨਿਊ ਨੇ ਯੁੱਧ ਕੀਤਾ, ਉਸ ਵੇਲੇ ਇਕ ਨਾਲ ਇਕ ਯੁੱਧ ਕਰਨ ਦੀ ਮਰਿਆਦਾ ਸੀ, ਉਸ ਵੇਲੇ ਦੁਰਯੋਧਨ ਨੇ ਵਾਰ ਰੋਕ ਕੇ ਸਾਰਿਆਂ ਨੂੰ ਇਕੱਠੇ ਹੋ ਕੇ ਵਾਰ ਕਰਨ ਲਈ ਕਿਹਾ ਅਤੇ ਉਸ ਦੀ ਹੱਤਿਆ ਕਰ ਦਿਤੀ। ਸਭ ਪਾਂਡਵਾਂ ਨੇ ਇਸ ਦਾ ਰੋਸ ਮਨਾਇਆ, ਅਫਸੋਸ ਕੀਤਾ ਤੇ ਪ੍ਰਣ ਕੀਤਾ ਕਿ ਇਸ ਯੁੱਧ ਵਿਚ ਇਨ੍ਹਾਂ ਯੋਧਿਆਂ ਨੂੰ ਜ਼ਰੂਰ ਖਤਮ ਕੀਤਾ ਜਾਵੇਗਾ। ਸੋ ਅਰਜਨ ਜੀ ਨੇ ਬਦਲਾ ਲਿਆ। ਕ੍ਰਿਸ਼ਨ ਮਹਾਰਾਜ ਜੀ ਨੇ ਬਹੁਤ ਦਿਲਾਸਾ ਦਿਤਾ ਤਾਂ ਵੀ ਉਨ੍ਹਾਂ ਦਾ ਵੈਰਾਗ ਬੰਦ ਨਾ ਹੋਇਆ।

ਪਰ ਇਸ ਯੁੱਧ ਵਿਚ ਕੋਈ ਅਸੂਲ ਕੰਮ ਨਹੀਂ ਸੀ ਕਰ ਰਿਹਾ। ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਯੁੱਧ ਕਰ ਰਹੇ ਸਨ ਤਾਂ ਸਾਰੇ ਸਾਮ੍ਹਣੇ ਤੋਂ ਇਕੱਠੇ ਵਾਰ ਕਰ ਰਹੇ ਸਨ। ਟਿੱਡੀ ਦਲ ਦਾ ਵਾਰ ਰੋਕਣਾ ਕਿੰਨਾ ਮੁਸ਼ਕਲ ਸੀ। ਐਨੇ ਵਾਰ ਹੁੰਦੇ ਹੋਏ ਵੀ ਆਪ ਪੂਰੇ ਤਿੰਨ ਘੰਟੇ ਪੂਰੇ ਉਤਸ਼ਾਹ ਨਾਲ ਯੁੱਧ ਕਰਦੇ ਰਹੇ। ਸਿੰਘਾਂ ਨੇ ਪਿੱਠਾਂ ਜੋੜੀਆਂ ਹੋਈਆਂ ਸਨ, ਵਾਰ ਰੋਕਦੇ ਸਨ, ਵਿਚਾਲੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਤਕ ਤਕ ਤੀਰ ਚਲਾਉਂਦੇ ਸਨ। ਜਦੋਂ ਸਾਥੀ ਸਿੰਘ ਸ਼ਹੀਦ ਹੋ ਗਏ ਤਾਂ ਉਸ ਤੋਂ ਕਾਫੀ ਦੇਰ ਬਾਅਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਸ਼ਹੀਦ ਹੋਏ। ਗੁਰੂ ਮਹਾਰਾਜ ਨੇ ਅੱਖਾਂ ਤੋਂ ਹੰਝੂ ਨਹੀਂ ਸੁੱਟੇ, ਆਪ ਨੇ ਅਕਾਲ ਪੁਰਖ ਜੀ ਨੂੰ ਨਮਸ਼ਕਾਰ ਕੀਤੀ ਅਤੇ ਸ਼ੁਕਰ ਕੀਤਾ ਕਿ ਸਾਹਿਬਜ਼ਾਦਾ ਅਜੀਤ ਸਿੰਘ ਨੇ ਸੂਰਬੀਰਤਾ ਵਿਖਾ ਕੇ ਕਸ਼ਤ੍ਰੀ ਧਰਮ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਹੈ। ਜਦੋਂ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਯੁੱਧ ਕਰ ਰਹੇ ਸਨ ਤਾਂ ਦੁਸ਼ਮਣ ਹੈਰਾਨ ਹੋ ਰਿਹਾ ਸੀ ਕਿ ਕਿੰਨੀ ਨਿਰਭੈਤਾ ਇਨ੍ਹਾਂ ਨੇ ਬੱਚਿਆਂ ਵਿਚ ਭਰ ਦਿਤੀ ਹੈ। ਕਿਵੇਂ ਐਡੇ ਵੱਡੇ ਦੁਸ਼ਮਣ ਦੇ ਹੜ੍ਹ ਨੂੰ ਜਿਸ ਨੂੰ ਕੋਈ ਵੀ ਠੱਲ੍ਹ ਨਹੀਂ ਸੀ ਸਕਦਾ ਦੂਰ ਤਕ ਘੁੰਮ ਫਿਰ ਕੇ ਠਲ੍ਹ ਪਾ ਰਹੇ ਸਨ। ਕੋਈ ਵੀ ਗੜ੍ਹੀ ਵਲ ਵਧਣ ਦਾ ਹੀਆ ਨਹੀਂ ਸੀ ਕਰਦਾ। ਇਸੇ ਤਰ੍ਹਾਂ

ਜਦੋਂ ਆਪ ਮਾਛੀਵਾੜੇ ਤੋਂ ਹੁੰਦੇ ਹੋਏ ਰਾਏ ਕੱਲੇ ਪਾਸ ਪਹੁੰਚਦੇ ਹਨ, ਜਦੋਂ ਮਾਂਹੀ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਸੁਣਾਉਂਦਾ ਹੈ ਤਾਂ ਆਪ ਨੇ ਹੰਝੂ ਨਹੀਂ ਸੁਟੇ, ਆਪ ਨੇ ਬੇਇਨਸਾਫੀ ਨੂੰ ਤੱਕਿਆ ਅਤੇ ਹੋਣ ਵਾਲੇ ਨਾਸ਼ ਨੂੰ ਦੇਖਦਿਆਂ ਕਾਂਹੀ ਦਾ ਬੂਟਾ ਪੁੱਟ ਕੇ ਬਚਨ ਕੀਤਾ ਕਿ ਅੱਜ ਮੁਗਲਰਾਜ ਦੀ ਜੜ੍ਹ ਪੁੱਟੀ ਗਈ ਜਿਸ ਵਿਚ ਕੋਈ ਇਨਸਾਫ ਨਹੀਂ ਰਿਹਾ। ਆਪ ਨੇ ਰੋ ਰਹੇ ਰਾਏ ਕੱਲੇ, ਉਸਦੇ ਸਾਥੀਆਂ ਅਤੇ ਬਹੁਤ ਸਾਰੇ ਪ੍ਰੇਮੀਆਂ ਨੂੰ ਦਿਲਾਸਾ ਦਿੰਦੇ ਕਿਹਾ ਕਿ ਉਹ ਵੀਰ ਬਹਾਦਰ ਸਨ ਉਹ ਆਪਣਾ ਧਰਮ ਪੂਰੀ ਤਰ੍ਹਾਂ ਨਿਭਾ ਗਏ ਹਨ, ਉਨ੍ਹਾਂ ਦਾ ਵਾਸਾ ਅਮਰਾਪੁਰੀ ਵਿਚ ਹੋ ਗਿਆ ਹੈ ਅਤੇ ਉਹ ਸਦਾ ਸਦਾ ਦੀ ਜ਼ਿੰਦਗੀ ਪ੍ਰਾਪਤ ਕਰ ਚੁੱਕੇ ਹਨ।

ਇਸ ਤਰ੍ਹਾਂ ਆਪ ਚਲਦੇ ਚਲਦੇ ਖਦਰਾਣੇ ਦੀ ਢਾਬ ਤੇ ਯੁੱਧ ਕਰਕੇ ਅੱਜ ਸਾਬੋ ਕੀ ਤਲਵੰਡੀ ਆਪ ਦਾ ਕੈਂਪ ਲੱਗਿਆ ਹੋਇਆ ਹੈ। ਉਥੇ ਭਾਈ ਡੱਲ੍ਹਾ ਜੋ ਉਥੇ ਦਾ ਚੌਧਰੀ ਸੀ ਤੇ ਫੌਜ ਵਿਚ 300 ਵੱਡਾ ਜਵਾਨ ਆਪਣੇ ਕੋਲ ਹਰ ਵਕਤ ਰੱਖਿਆ ਕਰਦਾ ਸੀ ਉਸ ਨੂੰ ਜਦੋਂ ਗੁਰੂ ਮਹਾਰਾਜ ਦੇ ਯੁੱਧਾਂ ਦਾ ਪਤਾ ਲੱਗਿਆ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਤਸੀਹੇ ਦੇ ਕੇ ਕੀਤੀ ਹੋਈ ਸ਼ਹੀਦੀ ਬਾਰੇ ਸੁਣਿਆ ਤਾਂ ਉਸ ਨੇ ਬਹੁਤ ਦੁਖ ਪ੍ਰਗਟ ਕੀਤਾ। ਪਰ ਉਸ ਅੰਦਰ ਕੁਝ ਅਭਿਮਾਨ ਸੀ ਕਿ ਜੇ ਗੁਰੂ ਮਹਾਰਾਜ ਮੈਨੂੰ ਯਾਦ ਕਰ ਲੈਂਦੇ ਤਾਂ ਮੇਰੇ ਜਵਾਨਾਂ ਨੇ ਐਨੇ ਖੰਡੇ ਚਲਾਉਣੇ ਸਨ ਕਿ ਜ਼ਰਾ-ਬਖਤਰ ਕੱਟ ਕੇ, ਘੋੜੇ ਦੀ ਕਾਠੀ ਤੇ ਘੋੜੇ ਦਾ ਪੇਟ ਕੱਟ ਕੇ ਖੰਡੇ ਧਰਤੀ 'ਚ ਖੋਭ ਦਿੰਦੇ। ਉਹ ਗੁਰੂ ਦੀ ਮਹਿਮਾ ਨੂੰ ਨਹੀਂ ਸੀ ਜਾਣਦਾ ਕਿ ਆਪ ਸਰਬ ਕਲਾ ਸਮਰੱਥ ਹਨ। ਉਸ ਨੇ ਮਨੁੱਖੀ ਅਨੁਮਾਨ ਨਾਲ ਗੁਰੂ ਮਹਾਰਾਜ ਨੂੰ ਕਿਹਾ ਕਿ ਮੈਂ ਵੀ ਤਾਂ ਸੀਗਾ, ਮੇਰੀ ਫੌਜ ਦੇ ਕਿਸੇ ਵੀ ਜਵਾਨ ਦੀ ਛਾਤੀ 45 ਇੰਚ ਤੋਂ ਘੱਟ ਨਹੀਂ ਹੈ ਅਤੇ ਕਿੱਡੇ ਕਿੱਡੇ ਸ਼ੇਰ ਨੇ ਸਾਢੇ ਛੇ ਛੇ ਫੁੱਟ, ਸੱਤ-ਸੱਤ ਫੁੱਟ ਉਚੇ। ਇਹ ਅਜਿੱਤ ਸੂਰਮੇ ਹਨ ਇਨ੍ਹਾਂ ਨੂੰ ਕੋਈ ਜਿੱਤ ਨਹੀਂ ਸੀ ਸਕਦਾ। ਤੁਸੀਂ ਮੈਨੂੰ ਯਾਦ ਕਰ ਲੈਣਾ ਸੀ ਤਾਂ ਐਨਾ ਨੁਕਸਾਨ ਨਾ ਹੁੰਦਾ। ਆਪ ਦਾ ਸੁਨੇਹਾ ਸੁਣਦੇ ਸਾਰ ਮੈਂ ਇਕ ਦਮ ਪਹੁੰਚ ਜਾਣਾ ਸੀ।

ਗੁਰੂ ਮਹਾਰਾਜ ਨੇ ਕਿਹਾ ਕਿ ਭਾਈ ਡੱਲ੍ਹਾ, ਤੇਰੀ ਸ਼ੁਭ ਇਛਿਆ ਦੇ ਅਸੀਂ ਧੰਨਵਾਦੀ ਹਾਂ ਪਰ ਇਕ ਗੱਲ ਸੁਣ, ਤੇਰੇ ਸੱਤ-ਸੱਤ ਫੁੱਟੇ ਸ਼ੇਰਾਂ ਵਰਗੇ ਜਵਾਨਾਂ ਨੇ ਅਸਾਡੇ ਧਰਮ ਹਿਤ ਹੁੰਦੇ ਯੁੱਧਾਂ ਵਿਚ ਲੜ ਨਹੀਂ ਸੀ ਸਕਣਾ ਕਿਉਂਕਿ ਇਨ੍ਹਾਂ ਵਿਚ ਅਭਿਮਾਨ ਹੈ ਕਿ ਅਸੀਂ ਬਹੁਤ ਸੂਰਮੇ ਹਾਂ, ਇਨ੍ਹਾਂ ਨੂੰ ਆਦਰਸ਼ ਦਾ ਪਤਾ ਨਹੀਂ, ਇਹ ਲੁੱਟ ਮਾਰ ਵਾਸਤੇ ਤਾਂ ਲੜ ਸਕਦੇ ਹਨ ਪਰ ਦੇਸ਼ ਤੇ ਧਰਮ ਦੀ ਰਾਖੀ ਲਈ ਆਪਣਾ ਬਲੀਦਾਨ ਨਹੀਂ ਦੇ ਸਕਦੇ। ਇਹ ਮਾਇਆ ਦੇ ਬੰਦੇ ਹਨ, ਹਉਮੈ ਵਿਚ ਹੋਣ ਕਰਕੇ ਦੂਸਰੇ ਲਈ ਕੁਰਬਾਨੀ ਨਹੀਂ ਦੇ ਸਕਦੇ। ਡੱਲ੍ਹੇ ਦੇ ਗੱਲ ਸਮਝ ਵਿਚ ਨਾ ਆਈ ਕਿ ਦੂਸਰੇ ਦੇ ਵਾਸਤੇ ਆਪਣਾ ਬਲੀਦਾਨ ਦੇ ਦੇਈਦਾ ਹੈ। ਉਹ ਤਾਂ ਐਨਾ ਹੀ ਜਾਣਦਾ ਸੀ ਕਿ ਜੇ ਕਿਸੇ ਨੇ ਹਮਲਾ ਕੀਤਾ ਹੈ ਤਾਂ ਉਸ ਦਾ ਮੁਕਾਬਲਾ ਕੀਤਾ ਜਾਵੇ। ਭਾਈ ਡੱਲ੍ਹੇ ਨੂੰ ਸਿਦਕ ਦਾ ਨਹੀਂ ਸੀ ਪਤਾ ਜਿਵੇਂ ਕਿ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

***ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ।      ਭਾਈ ਗੁਰਦਾਸ ਜੀ, ਵਾਰ 27/19***

ਭਾਈ ਡੱਲ੍ਹੇ ਨੇ ਦੋ ਤਿੰਨ ਵਾਰ ਗੁਰੂ ਸਾਹਿਬ ਨੂੰ ਆਪਣੇ ਬਹਾਦਰਾਂ ਬਾਰੇ ਕਿਹਾ। ਗੁਰੂ ਮਹਾਰਾਜ ਨੇ ਕਿਹਾ ਕਿ ਕੋਈ ਨਾ, ਜਦੋਂ ਲੋੜ ਪਈ ਤਾਂ ਤੇਰੀ ਬੇਨਤੀ ਉਤੇ ਗੌਰ ਕਰ ਲਵਾਂਗੇ।

ਗੁਰੂ ਮਹਾਰਾਜ ਜੀ ਇਕ ਦਿਨ ਸਿੰਘਾਸਨ ਤੇ ਬੈਠੇ ਸਨ। ਇਕ ਕਾਰੀਗਰ ਆਇਆ ਜਿਸ ਨੇ ਰਾਈਫਲ ਬਣਾਈ ਸੀ। ਉਸ ਨੇ ਗੁਰੂ ਮਹਾਰਾਜ ਦੇ ਚਰਨਾ ਵਿਚ ਭੇਟਾ ਕਰ ਦਿਤੀ ਅਤੇ ਨਾਲ ਹੀ ਕਿਹਾ ਕਿ ਮੈਂ ਇਸ ਦਾ ਨਿਸ਼ਾਨਾ ਬੜਾ ਸੋਧ ਕੇ ਦੇਖਿਆ ਹੈ, ਇਹ ਨਿਸ਼ਾਨਾ ਕਦੇ ਤੋਂ ਨਹੀਂ ਖੁੰਝਦਾ। ਗੁਰੂ ਮਹਾਰਾਜ ਜੀ ਬੜੇ ਪ੍ਰਸੰਨ ਹੋਏ। ਉਨ੍ਹਾਂ ਨੇ ਭਾਈ ਡੱਲੇ ਨੂੰ ਰਾਈਫਲ ਦਿਖਾ ਕੇ ਕਿਹਾ ਕਿ ਰਾਈਫਲ ਦੇਖਣ ਨੂੰ ਤਾਂ ਬਹੁਤ ਸੋਹਣੀ ਲਗਦੀ ਹੈ ਪਰ ਇਸ ਦੀ ਅਸਲੀ ਮਹੱਤਤਾ ਦਾ ਪਤਾ ਤਾਂ ਹੀ ਲਗੇਗਾ ਜੇ ਨਿਸ਼ਾਨਾ ਕੀਤਾ ਜਾਵੇ। ਇਸ ਪ੍ਰੇਮੀ ਨੇ ਕਿਹਾ ਹੈ ਕਿ ਇਸ ਰਾਈਫਲ ਦਾ ਨਿਸ਼ਾਨਾ ਕਦੇ ਵੀ ਨਹੀਂ ਗਲਤ ਹੁੰਦਾ। ਡੱਲਿਆ! ਅਸੀਂ ਦੇਖਣਾ ਚਾਹੁੰਦੇ ਹਾਂ ਕਿ ਇਸ ਵਿਚ ਕਿੰਨੀ ਤਾਕਤ ਹੈ ਅਤੇ ਕਿੰਨੇ ਬੰਦਿਆਂ ਦੇ ਸਰੀਰਾਂ ਵਿਚੋਂ ਲੰਘ ਸਕਦੀ ਹੈ। ਐਨਾ ਸੁਣ ਕੇ ਡੱਲੇ ਦੇ ਬੈਠੇ ਜਵਾਨਾਂ ਨੇ ਨੀਵੀਆਂ ਪਾ ਲਈਆਂ। ਗੁਰੂ ਮਹਾਰਾਜ ਨੇ ਕਿਹਾ

ਕਿ ਭਾਈ ਡੱਲਾ! ਆਪਣੇ ਦੋ ਜਵਾਨ ਸਾਮ੍ਹਣੇ ਖੜ੍ਹੇ ਕਰ, ਅਸੀਂ ਨਿਸ਼ਾਨਾ ਦੇਖਣਾ ਹੈ। ਜਿਹੜੇ ਜਵਾਨ ਸੀ ਇਕ ਇਕ ਕਰਕੇ ਖਿਸਕਣੇ ਸ਼ੁਰੂ ਹੋ ਗਏ। ਡੱਲਾ ਵੀ ਬੜਾ ਪਰੇਸ਼ਾਨ ਹੋ ਗਿਆ। ਗੁਰੂ ਮਹਾਰਾਜ ਨੇ ਫੇਰ ਕਿਹਾ। ਡੱਲਾ ਫੇਰ ਫੌਜੀ ਜਵਾਨਾਂ ਪਾਸ ਗਿਆ ਅਤੇ ਕਿਹਾ ਕਿ ਤੁਸੀਂ ਮੇਰੀ ਬੇਇਜ਼ਤੀ ਕਰਾ ਦਿਤੀ, ਤੁਸੀਂ ਤਾਂ ਖਿਸਕ ਆਏ, ਸਾਮ੍ਹਣੇ ਵੀ ਨਾ ਬੈਠੇ। ਉਨ੍ਹਾਂ ਨੇ ਕਿਹਾ ਕਿ ਚੌਧਰੀ ਅਸੀਂ ਬੰਦਿਆਂ ਨਾਲ ਲੜ ਸਕਦੇ ਹਾਂ, ਲੜਾ ਕੇ ਦੇਖ ਲੈ ਪਰ ਇਹ ਤਾਂ ਗੱਲ ਗਲਤ ਹੈ, ਨਿਸ਼ਾਨਾ ਪਰਖਣ ਲਈ ਦੋ ਬੰਦੇ ਗੋਲੀ ਨਾਲ ਮਾਰ ਦਿਤੇ ਜਾਣ, ਨਿਸ਼ਾਨਾ ਤਾਂ ਹੋਰ ਤਰੀਕੇ ਨਾਲ ਵੀ ਪਰਖਿਆ ਜਾ ਸਕਦਾ ਹੈ।

ਡੱਲੇ ਨੇ ਕਿਹਾ ਕਿ ਤੁਸੀਂ ਤਾਂ ਮੇਰਾ ਭਾਰੀ ਨਿਰਾਦਰ ਕਰ ਦਿਤਾ। ਮੈਂ ਹੁਣ ਮਹਾਰਾਜ ਜੀ ਨੂੰ ਕਹਿ ਕੇ ਆਇਆ ਹਾਂ ਕਿ ਮੈਂ ਲੈ ਕੇ ਆਉਂਦਾ ਹਾਂ, ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਮੈਂ ਤਾਂ ਤੁਹਾਡੀ ਬਹੁਤ ਇਜ਼ਤ ਕਰ ਰਿਹਾ ਹਾਂ ਕਿ ਮੇਰੇ ਜਵਾਨਾਂ ਵਰਗਾ ਕੋਈ ਵੀ ਸੂਰਮਾ ਨਹੀਂ ਹੈ ਪਰ ਤੁਸੀਂ ਤਾਂ ਇਕ ਇਕ ਕਰਕੇ ਖਿਸਕ ਕੇ ਬਾਹਰ ਆ ਗਏ ਜੋ ਤੁਸੀਂ ਕੀਤਾ ਹੈ, ਇਹ ਗੱਲ ਅੱਛੀ ਨਹੀਂ। ਕੀ ਜਵਾਨ, ਕੀ ਬਿਰਧ, ਸਭ ਨੇ ਮਰਨਾ ਹੈ, ਤੁਸੀਂ ਹੁਣ ਵੀ ਡਰਦੇ ਹੋਂ? ਕਹਿਣ ਲੱਗੇ ਸਾਡੇ ਹੱਥ ਜੇ ਦੇਖਣੇ ਹਨ ਤਾਂ ਜੰਗ ਵਿਚ ਦੇਖ। ਉਸ ਦੇ ਇਕ ਵੀ ਜਵਾਨ ਨੇ ਗੱਲ ਨਾ ਮੰਨੀ ਕਿ ਅਸੀਂ ਰਾਈਫਲ ਅੱਗੇ ਖੜ੍ਹੇ ਹੋਈਏ। ਡੱਲਾ ਨਿਰਾਸ਼ ਹੋ ਕੇ ਗੁਰੂ ਮਹਾਰਾਜ ਜੀ ਪਾਸ ਆਇਆ। ਗੁਰੂ ਜੀ ਕਹਿਣ ਲੱਗੇ ਡੱਲਿਆ! ਕੋਈ ਜਵਾਨ ਲਿਆਂਦਾ ਨਾ? ਮਹਾਰਾਜ ਜੀ ਨੇ ਕਿਹਾ ਕਿ ਤੂੰ ਬਹੁਤ ਮਜ਼ਬੂਤ ਹੈਂ, ਤੇਰੇ ਵਿਚੋਂ ਕੱਢ ਕੇ ਦੇਖ ਲੈਂਦੇ ਹਾਂ। ਇਹ ਸੁਣ ਕੇ ਡੱਲੇ ਦਾ ਚਿਹਰਾ ਪੀਲਾ ਹੋ ਗਿਆ, ਕਹਿਣ ਲੱਗਿਆ ਕਿ ਮੇਰੇ ਤਾਂ ਬੱਚੇ ਅਜੇ ਬਹੁਤ ਛੋਟੇ ਹਨ। ਗੁਰੂ ਮਹਾਰਾਜ ਨੇ ਕਿਹਾ, ਜਾਹ ਕਿਸੇ ਸਿੰਘ ਨੂੰ ਲੈ ਆ। ਡੱਲੇ ਦੇ ਜਾਨ 'ਚ ਜਾਨ ਆਈ।

ਕਾਹਲੀ ਨਾਲ ਉਠਿਆ। ਇਕ ਦਮ ਜਾ ਕੇ ਦੇਖਿਆ, ਦੋ ਸਿੰਘ ਨੇੜੇ ਹੀ ਹਨ, ਇਕ ਸਿੰਘ ਦਸਤਾਰ ਸਜਾ ਚੁਕਿਆ ਸੀ ਤੇ ਦੂਜਾ ਅਜੇ ਸਜਾ ਰਿਹਾ ਹੈ।

ਭਾਈ ਡੱਲੇ ਨੇ ਜਾ ਕੇ ਸਾਰੀ ਗੱਲ ਦੱਸੀ ਕਿ ਗੁਰੂ ਮਹਾਰਾਜ ਨੇ ਨਿਸ਼ਾਨਾ ਪਰਖਣਾ ਹੈ, ਤੁਹਾਡੇ ਦੋਹਾਂ ਵਿਚੋਂ ਇਕ ਸਿੰਘ ਆ ਜਾਓ। ਐਨੀ ਗੱਲ ਸੁਣਦੇ ਸਾਰ ਦੋਵੇਂ ਉਠ ਕੇ ਆ ਗਏ। ਜਿਹੜਾ ਦਸਤਾਰ ਸਜਾ ਰਿਹਾ ਸੀ ਉਹ ਥੋੜ੍ਹਾ ਪਿਛੇ ਰਹਿ ਗਿਆ, ਦੂਜਾ ਨੱਠ ਕੇ ਆ ਕੇ ਮਹਾਰਾਜ ਦੇ ਸਾਮ੍ਹਣੇ ਖੜ੍ਹ ਗਿਆ। ਐਨੇ ਨੂੰ ਉਹ ਵੀ ਪਹੁੰਚ ਗਿਆ, ਉਹ ਉਸ ਤੋਂ ਅੱਗੇ ਖੜ੍ਹ ਗਿਆ, ਉਹ ਉਸ ਤੋਂ ਅੱਗੇ ਖੜ੍ਹ ਗਿਆ। ਇਸ ਤਰ੍ਹਾਂ ਕਰਦੇ ਕਰਦੇ ਦੋਵੇਂ ਗੁਰੂ ਮਹਾਰਾਜ ਤਕ ਪਹੁੰਚ ਗਏ।

ਗੁਰੂ ਮਹਾਰਾਜ ਨੇ ਕਿਹਾ ਕਿ ਪਿਆਰਿਓ! ਮੈਂ ਤਾਂ ਇਕ ਨੂੰ ਬੁਲਾਇਆ ਸੀ, ਤੁਸੀਂ ਦੋ ਕਿਉਂ ਆ ਗਏ? ਡੱਲਾ ਦੇਖ ਦੇਖ ਹੈਰਾਨ ਹੋ ਰਿਹਾ ਹੈ।

ਇਕ ਨੇ ਕਿਹਾ ਕਿ ਮਹਾਰਾਜ ! ਮੈਂ ਤੁਹਾਡੇ ਨੇੜੇ ਬੈਠਾ ਸੀ, ਆਵਾਜ਼ ਪਹਿਲਾਂ ਮੈਂ ਸੁਣੀ ਹੈ, ਮੈਂ ਦਸਤਾਰ ਸਜਾਉਂਦਾ ਸੀ, ਇਸ ਨੇ ਦੂਰ ਖੜ੍ਹੇ ਨੇ ਸੁਣ ਲਿਆ ਅਤੇ ਇਹ ਮੇਰੇ ਨਾਲੋਂ ਪਹਿਲਾਂ ਨੱਠ ਕੇ ਆ ਗਿਆ, ਹੱਕ ਮੇਰਾ ਹੈ ਇਹਦਾ ਨਹੀਂ ਹੈ। ਦੂਜੇ ਨੇ ਕਿਹਾ ਕਿ ਮਹਾਰਾਜ ਇਹ ਹੱਕ ਅੱਗੇ ਪਿੱਛੇ ਦਾ ਨਹੀਂ, ਜਿਹੜਾ ਪਹਿਲਾਂ ਆ ਗਿਆ ਉਸ ਦਾ ਹੱਕ ਹੈ। ਗੁਰੂ ਮਹਾਰਾਜ ਨੇ ਕਿਹਾ ਦੋਨੋਂ ਖੜ੍ਹੇ ਹੋਵੋ। ਗੁਰੂ ਮਹਾਰਾਜ ਨੇ ਨਿਸ਼ਾਨਾ ਸੇਧ ਲਿਆ। ਡੱਲਾ ਮਨ ਵਿਚ ਡਰਿਆ ਹੋਇਆ ਹੈ ਕਿ ਇਕ ਸੈਕਿੰਡ ਵਿਚ ਗੁਰੂ ਨੇ ਦੋਨਾਂ ਨੂੰ ਮਾਰ ਦੇਣਾ ਹੈ ਪਰ ਜਦੋਂ ਗੋਲੀ ਚੱਲੀ, ਗੋਲੀ ਦਸਤਾਰ ਨੂੰ ਛੋਹ ਕੇ ਅੱਗੇ ਲੰਘ ਗਈ। ਮਹਾਰਾਜ ਨੇ ਕਿਹਾ ਵਾਹ ਬਈ ਵਾਹ ਮਿਸਤਰੀ! ਤੇਰੀ ਰਾਈਫਲ ਬਿਲਕੁਲ ਸਹੀ ਹੈ।

ਡੱਲਾ ਹੈਰਾਨ ਸੀ! ਗੁਰੂ ਮਹਾਰਾਜ ਨੇ ਕਿਹਾ ਕਿ ਤੇਰੇ ਸੱਤ-ਸੱਤ ਫੁੱਟ ਕੱਦ ਵਾਲੇ ਜਵਾਨ ਕਿਥੇ ਚਲੇ ਗਏ? ਪਿਆਰਿਆ ਤੈਨੂੰ ਕਿਹਾ ਸੀ ਨਾ ਕਿ ਇਨ੍ਹਾਂ ਨੇ ਨਹੀਂ ਲੜਨਾ। ਇਹ ਭਲੇ ਦੀ ਲੜਾਈ ਨਹੀਂ ਲੜ ਸਕਦੇ, ਇਹ ਹਉਮੈ ਵਾਲੀ ਲੜਾਈ ਲੜ ਸਕਦੇ ਹਨ। ਸਿਦਕੀ ਉਹ ਹੁੰਦੇ ਹਨ ਜਿਨ੍ਹਾਂ ਨੇ ਤਨ, ਮਨ, ਧਨ ਗੁਰੂ ਨੂੰ ਅਰਪਣ ਕਰ ਦਿਤਾ। ਇਨ੍ਹਾਂ ਸਿੰਘਾਂ ਨੇ ਆਪਣੇ ਕੋਲ ਕੁਝ ਨਹੀਂ ਰੱਖਿਆ ਹੋਇਆ। ਬ੍ਰਹਮਗਿਆਨ ਦੀ ਦਾਤ ਇਨ੍ਹਾਂ ਨੂੰ ਮਿਲੀ ਹੋਈ ਹੈ, ਦੇਹ ਅਧਿਆਸ ਇਨ੍ਹਾਂ ਦਾ ਟੁਟਿਆ ਹੋਇਆ ਹੈ। ਸੇਵਾਦਾਰ ਵਿਚ ਸਿਦਕ ਹੋਣਾ ਬਹੁਤ ਜ਼ਰੂਰੀ ਹੈ, ਸਬਰ ਹੋਣਾ ਚਾਹੀਦਾ ਹੈ, ਪਰ ਸਾਨੂੰ ਸਬਰ ਬਾਰੇ ਕੁਝ

ਵੀ ਪਤਾ ਨਹੀਂ ਕਿ 'ਸਾਬਰ' ਅੱਖਰ ਗੁਰੂ ਸਾਹਿਬ ਨੇ ਕੀ ਲਿਖ ਦਿਤਾ। ਅਸੀਂ ਤਾਂ ਇੰਜ ਸਮਝਦੇ ਹਾਂ ਕਿ ਕਿਸੇ ਨੂੰ ਭੁੱਖ ਲੱਗੀ ਹੋਈ ਹੈ ਤੇ ਉਹ ਕਹਿੰਦਾ ਹੈ ਛੇਤੀ ਰੋਟੀ ਦਿਓ, ਮਾਂ ਕਹਿੰਦੀ ਹੈ ਸਬਰ ਕਰ ਮੈਂ ਥੋੜ੍ਹੀ ਦੇਰ ਨੂੰ ਲਿਆਂਦੀ ਹਾਂ। ਪਰ ਗੁਰੂ ਘਰ ਵਿਚ ਸਬਰ ਦਾ ਜੋ ਆਸ਼ਾ ਹੈ ਉਹ ਬਹੁਤ ਹੀ ਉਚਾ ਹੈ।

ਈਰਾਨ ਦਾ ਬਾਦਸ਼ਾਹ ਆਪਣੀ ਸਭਾ ਦੇ ਵਿਚ ਰੂਹਾਨੀ ਬਚਨ ਸੁਣਿਆ ਕਰਦਾ ਸੀ। ਇਕ ਦਿਨ ਸਬਰ ਤੇ ਸ਼ੁਕਰ ਦਾ ਜ਼ਿਕਰ ਆ ਗਿਆ ਕਿਉਂਕਿ ਕੁਰਾਨ ਸ਼ਰੀਫ ਵਿਚ ਸਬਰ ਦੀ ਬਹੁਤ ਮਹੱਤਤਾ ਦੱਸੀ ਗਈ ਹੈ ਅਤੇ ਕਿਹਾ ਗਿਆ ਹੈ ਕਿ ਜਿਸ ਦੇ ਅੰਦਰ ਸਬਰ ਹੈ ਉਹ ਸਾਂਈ ਦੇ ਬਹੁਤ ਨਜ਼ਦੀਕ ਹੁੰਦਾ ਹੈ। ਸਬਰ ਅੰਦਰ ਹੀ ਖੁਦਾ ਹੈ। ਉਸ ਨੇ ਆਪਣੇ ਮੁਲਾਣਿਆਂ ਤੋਂ ਇਸ ਦਾ ਅਰਥ ਸਮਝਣ ਦਾ ਯਤਨ ਕੀਤਾ, ਉਨ੍ਹਾਂ ਨੇ ਆਪਣੀ ਸੋਚ ਅਨੁਸਾਰ ਅਰਥ ਕੀਤੇ ਪਰ ਬਾਦਸ਼ਾਹ ਦੀ ਤਸੱਲੀ ਨਾ ਹੋਈ।

ਉਸ ਸਮੇਂ ਉਥੇ ਕੋਈ ਸੂਫੀ ਪੀਰ ਬੈਠਾ ਸੀ ਉਸ ਨੇ ਕਿਹਾ ਕਿ ਜੇ ਤੂੰ ਅਮਲੀ ਤੌਰ ਤੇ ਅਰਥ ਜਾਨਣਾ ਚਾਹੁੰਦਾ ਹੈਂ ਤਾਂ ਕਿ ਔਰੰਗਜ਼ੇਬ ਦੀ ਕੈਦ ਵਿਚ ਵੇਖ ਜਿਥੇ ਇਕ ਮਹਾਨ ਪਹੁੰਚੇ ਹੋਏ ਬ੍ਰਹਮਗਿਆਨ ਦੀ ਅਵਸਥਾ ਦੇ ਸਾਂਈ ਲੋਕ ਕੈਦ ਹਨ ਜਿਨ੍ਹਾਂ ਦਾ ਨਾਮ ਸਰਮੱਦ ਹੈ, ਉਹ ਇਸ ਦਾ ਸਹੀ ਅਰਥ ਦਸ ਸਕਦੇ ਹਨ। ਤੂੰ ਆਪਣੇ ਵਕੀਲ ਨੂੰ ਭੇਜ ਕੇ ਅਰਥ ਪੁਛ ਲੈ ਕਿਉਂਕਿ ਔਰੰਗਜ਼ੇਬ ਨੇ ਉਸਨੂੰ ਛੇਤੀ ਹੀ ਕਤਲ ਕਰ ਦੇਣਾ ਹੈ। ਸੁਨੇਹਾ ਭੇਜਿਆ ਗਿਆ ਤੇ ਇਜਾਜ਼ਤ ਲੈ ਲਈ। ਸਰਮੱਦ ਨੂੰ ਜੇਲ੍ਹ ਵਿਚ ਮਿਲਣ ਦਾ ਸਮਾਂ ਲੈ ਲਿਆ। ਉਹ ਭੋਰੇ ਦੇ ਅੰਦਰ ਬੰਦ ਸੀ, ਸਾਰੀਆਂ ਸ਼ਕਤੀਆਂ ਦਾ ਮਾਲਕ ਸੀ, ਔਰੰਗਜੇਬ ਓਸ ਤੋਂ ਡਰਦਾ ਸੀ। ਜਾ ਕੇ ਬੇਨਤੀ ਕੀਤੀ ਕਿ ਮਹਾਰਾਜ! ਮੇਰੇ ਬਾਦਸ਼ਾਹ ਨੇ ਮੈਨੂੰ ਭੇਜਿਆ ਹੈ ਤੇ ਮੈਂ ਸਬਰ ਤੇ ਸ਼ੁਕਰ ਦਾ ਅਰਥ ਪੁਛਣਾ ਹੈ ਕੀ ਹੁੰਦਾ ਹੈ? ਕਹਿਣ ਲੱਗੇ, "ਐਂਓਂ ਕਰੀਂ, ਬੜੀ ਦੇਰ ਹੋ ਗਈ ਸਾਨੂੰ ਇਸ਼ਨਾਨ ਕਰਿਆਂ ਨੂੰ, ਬ੍ਰਹਿਨੇ ਰਹਿੰਦੇ ਹਾਂ, ਅਸੀਂ ਨੰਗੇ ਹਾਂ। ਦੋ ਗਜ਼ ਕਪੜਾ ਲੈ ਕੇ ਆਈਂ।" ਸੋ ਦੂਸਰੇ ਦਿਨ ਕੱਪੜਾ ਲੈ ਕੇ ਆਇਆ, ਨਾਲ ਇਕ ਮਸ਼ਕ ਪਾਣੀ ਦੀ ਲੈ ਗਿਆ। ਇਸ਼ਨਾਨ ਕਰਿਆ ਪੀਰ ਨੇ। ਇਸ਼ਨਾਨ ਕਰਕੇ ਦੋ ਗਜ਼ ਕੱਪੜਾ ਆਲੇ-ਦੁਆਲੇ ਵਲ੍ਹੇਟਿਆ ਤੇ ਬੈਠ ਗਏ।

ਕਹਿੰਦਾ, "ਮਹਾਰਾਜ! ਫੇਰ ਦੱਸੋ ਮੈਨੂੰ ਸਬਰ ਤੇ ਸ਼ੁਕਰ ਦੇ ਅਰਥ।"

ਕਹਿੰਦੇ, "ਹੁਣੇ ਤੈਨੂੰ ਪ੍ਰਤੱਖ ਰੂਪ ਵਿਚ ਸਮਝਾਉਂਦੇ ਹਾਂ।"

ਇੰਨੇ ਨੂੰ ਹੰਟਰ ਮਾਰਨ ਵਾਲਾ ਆ ਗਿਆ। ਸੌ ਕੋਰੜਾ ਰੋਜ਼ ਉਨ੍ਹਾਂ ਦੇ ਲਾਇਆ ਜਾਂਦਾ ਸੀ ਉਸ ਨੂੰ ਤਸੀਹੇ ਦੇ ਰਹੇ ਸੀ। ਆਪ ਖੜ੍ਹੇ ਹੋ ਗਏ ਤੇ ਕੋਰੜੇ ਲਗਣੇ ਸ਼ੁਰੂ ਹੋ ਗਏ। ਜਦੋਂ 50 ਲੱਗ ਗਏ, ਉਹ ਦਮ ਲੈਣ ਲੱਗ ਗਿਆ, ਇਹ ਬੈਠ ਗਏ। ਕਹਿਣ ਲੱਗੇ, "ਤੈਨੂੰ ਅਰਥ ਸਮਝ 'ਚ ਆਇਆ?"

ਕਹਿੰਦਾ, "ਨਾ ਮਹਾਰਾਜ! ਮੈਨੂੰ ਤਾਂ ਆਇਆ ਨਹੀਂ ਸਮਝ। ਉਸ ਵੇਲੇ ਤੁਸੀਂ ਤਾਂ ਇਸ ਤਰ੍ਹਾਂ (ਨਾਂਹ ਦਾ ਸੰਕੇਤ ਕਰਦੀ) ਉਂਗਲੀ ਹਿਲਾਉਂਦੇ ਸੀ ਜਦੋਂ ਕੋਰੜਾ ਲਗਦਾ ਸੀ।"

ਕਹਿੰਦੇ, "ਇਹੀ ਸਬਰ ਸੀ।"

ਕਹਿੰਦਾ, "ਮਹਾਰਾਜ! ਮੈਂ ਤਾਂ ਸਮਝਿਆ ਨਹੀਂ।"

ਕਹਿੰਦੇ, "ਫੇਰ ਹੁਣ ਸਮਝਾ ਦਿੰਦੇ ਹਾਂ।" ਅੱਖਾਂ ਤੇ ਹੱਥ ਫੇਰ ਦਿਤਾ।

ਕਹਿੰਦੇ, "ਲੈ ਹੁਣ ਗਾਇਬ (ਅਦ੍ਰਿਸ਼) ਨੂੰ ਦੇਖੀ ਤੂੰ।"

ਜਦੋਂ ਫੇਰ ਆ ਕੇ ਕੋਰੜੇ ਮਾਰਨ ਲੱਗਿਆ ਤਾਂ ਦੇਖਿਆ ਕਿ ਸਾਰੀਆਂ ਅਸਮਾਨੀ ਸ਼ਕਤੀਆਂ ਗਾਇਬ (ਅਦ੍ਰਿਸ਼) ਸ਼ਕਤੀਆਂ ਹੱਥ ਬੰਨ੍ਹੀ ਖੜ੍ਹੀਆਂ ਹਨ ਕਿ ਮਹਾਂਪੁਰਸ਼ੋ! ਹੁਕਮ ਕਰੋ, ਦਿੱਲੀ ਨੂੰ ਗਰਕ ਕਰ ਦੇਈਏ, ਨਾਲ ਬਾਦਸ਼ਾਹੀ ਨੂੰ। ਹੁਕਮ ਕਰੋ। ਹੱਥ ਹਿਲਾਈ ਜਾਂਦੇ ਨੇ, ਉਂਗਲੀ ਹਿਲਾਉਂਦੇ ਨੇ। ਕਹਿੰਦੇ, ਨਹੀਂ-ਨਹੀਂ-ਨਹੀਂ.....। ਪੂਰੇ 50 ਕੋਰੜੇ ਹੋਰ ਲੱਗ ਗਏ, 100 ਕੋਰੜਾ ਲੱਗ ਗਿਆ ਤੇ ਜਲਾਦ ਚਲਿਆ ਗਿਆ।

ਕਹਿੰਦੇ, "ਅਰਥ ਸਮਝ 'ਚ ਆਇਆ?"

ਕਹਿੰਦਾ, "ਅਜੇ ਵੀ ਨਹੀਂ ਆਇਆ।"

ਕਹਿੰਦੇ, "ਦੇਖ! ਐਨੀਆਂ ਸ਼ਕਤੀਆਂ ਦਾ ਮਾਲਕ ਹਾਂ। ਜੇ ਇਕ ਫੁਰਨਾ ਕਰ ਦੇਵਾਂ ਤਾਂ ਕਿਧਰੇ ਔਰੰਗਜ਼ੇਬ, ਕਿਧਰੇ ਇਸ ਦੀਆਂ ਫੌਜਾਂ, ਕਿਧਰੇ ਇਸ ਦਾ ਰਾਜ ਸਭ ਗਰਕ ਕਰ ਦੇਵਾਂ ਇਕ ਫੁਰਨੇ ਨਾਲ ਪਰ ਐਨੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ ਮੈਂ ਸਬਰ ਵਿਚ ਹਾਂ, ਕੋਈ ਸ਼ਕਤੀ ਨਹੀਂ ਦਿਖਾ ਰਿਹਾ।" ਸੋ ਇਸ ਨੂੰ ਸਬਰ ਕਹਿੰਦੇ ਹਨ।

ਕਹਿੰਦਾ, "ਮਹਾਰਾਜ! ਆਪ ਮਹਾਨ ਹੋ, ਸਚਮੁੱਚ ਪੂਰੇ ਸਾਬਰ ਹੋ। ਸ਼ੁੱਕਰ ਕੀ ਹੈ? ਇਹ ਵੀ ਦੱਸ ਦਿਉ?"

ਕਹਿੰਦੇ, "ਹੁਣੇ ਤੈਨੂੰ ਪਤਾ ਲੱਗ ਜਾਏਗਾ।" ਇੰਨੇ ਨੂੰ ਇਕ ਪਿਆਲਾ ਅੱਧਾ ਨਮਕ ਤੇ ਅੱਧਾ ਪਾਣੀ ਦਾ ਘੋਲ ਕੇ ਦੇ ਦਿਤਾ। ਇਨ੍ਹਾਂ ਨੇ ਪੀ ਲਿਆ ਤੇ ਪੀ ਕੇ ਕਹਿੰਦੇ, "ਅੱਲਾ ਤਾਲਾ! ਤੇਰਾ ਸ਼ੁਕਰ ਹੈ। ਤੂੰ ਮੇਰੇ ਵਾਸਤੇ ਇਥੇ ਵੀ ਪਾਣੀ ਆਪਣਾ ਭੇਜਦਾ ਹੈਂ।" ਉਸ ਵੇਲੇ ਕਹਿਣ ਲੱਗਿਆ, "ਮਹਾਰਾਜ! ਮੈਂ ਸਮਝਿਆ ਨਹੀਂ।"

ਕਹਿੰਦੇ, "ਹੁਣ ਸਮਝਾ ਦਿੰਦੇ ਹਾਂ।" ਦ੍ਰਿਸ਼ਟੀ ਖੋਲ੍ਹ ਦਿਤੀ। ਕੀ ਦੇਖ ਰਿਹਾ ਹੈ ਕਿ ਬੇਨਤੀਆਂ ਕਰ ਰਹੇ ਨੇ ਅਸਮਾਨੀ ਫਰਿਸ਼ਤੇ ਕਿ ਪੀਰ ਜੀ! ਆਹ ਵਧੀਆ ਵਧੀਆ ਪਦਾਰਥ ਛਕੋ ਤੁਸੀਂ, ਤੁਹਾਡੇ ਵਾਸਤੇ ਨੇ।

ਉਹ ਕਹਿੰਦੇ, "ਨਾ! ਜੋ ਪ੍ਰਾਲਬਧ ਅਨੁਸਾਰ ਪ੍ਰਮੇਸ਼ਰ ਨੇ ਮੈਨੂੰ ਭੇਜਿਆ ਹੈ, ਓਹੀ ਮੈਂ ਛਕਣਾ ਹੈ।" ਸੋ ਇਸ ਨੂੰ ਸਬਰ ਤੇ ਸ਼ੁਕਰ ਕਹਿੰਦੇ ਨੇ। ਸੋ ਫੁਰਮਾਨ ਕਰਦੇ ਨੇ –

***ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ।***
***ਭਾਈ ਗੁਰਦਾਸ ਜੀ ਦੀ ਵਾਰ 27/19***

ਐਨਾ ਸਿਦਕ ਹੋਵੇ ਤੇ ਸਬਰ ਹੋਵੇ, ਉਹ ਸੇਵਾਦਾਰ ਹੋਇਆ ਕਰਦਾ ਹੈ।

***ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ॥***
***ਭਾਈ ਗੁਰਦਾਸ ਜੀ ਦੀ ਵਾਰ 27/19***

ਫੇਰ ਫਲ ਕੀ ਹੁੰਦਾ ਹੈ। ਚੰਦਨ ਬਣ ਜਾਂਦਾ ਹੈ – ਸਿੰਮਲ ਰੁਖ।

***ਪੀਰ ਮੁਰੀਦਾ ਪਿਰਹੜੀ ਗੁਰਮਖਿ ਮਤਿ ਪੂਰੀ॥***
***ਭਾਈ ਗੁਰਦਾਸ ਜੀ ਦੀ ਵਾਰ 27/19***

ਸੋ ਸੇਵਾ ਐਵੇਂ ਨਹੀਂ ਹੋਇਆ ਕਰਦੀ ਇਸ ਦੇ ਵਿਚ ਬੇਅੰਤ ਸ਼ਕਤੀਆਂ ਨੇ। ਐਂ ਪੜ੍ਹ ਲਓ –

***ਧਾਰਨਾ – ਕਰਕੇ ਕੋਈ ਵੇਖ ਲਓ,***
***ਸੇਵਾ ਤੋਂ ਮਿਲਦਾ ਮੇਵਾ –2, 2.***
***ਸੇਵਾ ਤੋਂ ਮਿਲਦਾ ਮੇਵਾ –2, 2.***
***ਕਰਕੇ ਕੋਈ ਵੇਖ ਲਓ ..........–2***

***ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ॥ ਪੰਨਾ – 116***

ਇਕ ਚੀਜ਼ ਨਹੀਂ, ਕਹਿੰਦੇ ਜੋ ਕੁਝ ਵੀ ਮੰਗਦਾ ਹੈ।

***ਤੀਰਥ ਕੀਏ ਏਕ ਫਲ ਸੰਤ ਮਿਲੇ ਫਲ ਚਾਰ।***
***ਗੁਰੁ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਬੀਚਾਰ।***

***ਸਤਿਗੁਰ ਸੇਵੇ ਤਾ ਸਭ ਕਿਛੁ ਪਾਏ॥***
***ਜੇਹੀ ਮਨਸਾ ਕਰਿ ਲਾਗੀ ਤੇਹਾ ਫਲ ਪਾਏ॥ ਪੰਨਾ – 116***

ਜਿਹੋ ਜਿਹੀ ਮਨਸ਼ਾ ਕਰਕੇ ਗੁਰੂ ਦੀ ਸੇਵਾ ਕਰਨ ਲੱਗ ਜਾਵੇ, ਉਹੋ ਜਿਹਾ ਹੀ ਫਲ ਮਿਲ ਜਾਂਦਾ ਹੈ।

***ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ॥ ਪੰਨਾ – 116***

ਭਾਈ ਆਦਮ ਬਰਾੜ 70 ਸਾਲ ਦੀ ਉਮਰ ਹੋ ਗਈ, ਆਪ ਦੇ ਔਲਾਦ ਨਹੀਂ ਹੋਈ, ਬੜੇ ਯਤਨ

ਕੀਤੇ ਚੌਧਰੀ ਨੇ। ਆਹ ਜਿਹੜੇ ਕੈਥਲ ਵਾਲੇ ਹੋਏ ਨੇ ਰਾਜੇ, ਇਨ੍ਹਾਂ ਦਾ ਵਡੇਰਾ ਸੀ। ਕਿਸੇ ਮਹਾਂਪੁਰਸ਼ਾਂ ਨੇ ਦੱਸਿਆ ਕਿ ਭਾਈ ਆਦਮ! ਤੇਰੀ ਜੋ ਇੱਛਾ ਹੈ, ਇਥੇ ਨਹੀਂ ਪੂਰੀ ਹੋ ਸਕਦੀ, ਤੂੰ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਜਾਹ। ਉਥੇ ਜਾ ਕੇ ਤੇਰੀ ਇੱਛਾ ਪੂਰੀ ਹੋਏਗੀ।

ਸੋ ਆਪ ਗੁਰੂ ਰਾਮਦਾਸ ਮਹਾਰਾਜ ਜੀ ਦੇ ਦਰਬਾਰ ਵਿਚ ਆ ਜਾਂਦੇ ਨੇ ਅੰਮ੍ਰਿਤਸਰ। ਉਥੇ ਆ ਕੇ ਸੇਵਾ ਕਰਦੇ ਨੇ। ਘਰਵਾਲੀ ਹੈ ਇਕ ਲੜਕੀ ਹੈ। ਇਹ ਦੋਵੇਂ ਲੰਗਰ 'ਚ ਸੇਵਾ ਕਰਦੀਆਂ ਨੇ, ਸਾਰਾ ਦਿਨ ਸੇਵਾ ਕਰਦੀਆਂ ਨੇ। ਭਾਂਡੇ ਮਾਂਜਦੀਆਂ ਨੇ, ਝਾੜੂ ਦਿੰਦੀਆਂ ਨੇ ਹੋਰ ਅਨੇਕਾਂ ਪ੍ਰਕਾਰ ਦੀ ਸੇਵਾ ਦਾਲ-ਸਬਜ਼ੀਆਂ, ਪ੍ਰਸ਼ਾਦਿਆਂ ਦੀ ਤੇ ਇਹ ਭਾਈ ਆਦਮ ਜੰਗਲ 'ਚ ਚਲਿਆ ਜਾਂਦਾ ਹੈ, ਉਥੋਂ ਇਕ ਭਰ੍ਹਾ ਲਕੜੀਆਂ ਦਾ ਲੈ ਆਉਂਦਾ ਹੈ - ਗੁਰੂ ਕੇ ਲੰਗਰ ਵਿਚ, ਇਕ ਭਰ੍ਹਾ ਦੁਬਾਰਾ ਆਪਣੇ ਘਰ ਲੈ ਆਉਂਦਾ ਹੈ, ਉਸ ਦੇ ਵਿਚੋਂ ਅੱਧਾ ਵੇਚਦਾ ਹੈ ਤੇ ਅੱਧਾ ਰੱਖ ਲੈਂਦਾ ਹੈ। ਲੰਗਰ 'ਚ ਪ੍ਰਸ਼ਾਦਾ ਨਹੀਂ ਛਕਦੇ, ਘਰ ਆ ਕੇ ਛਕਦੇ ਨੇ। ਕਾਫੀ ਸਮਾਂ ਲੰਘ ਗਿਆ ਤੇ ਇਕ ਦਿਨ ਗੁਰੂ ਰਾਮਦਾਸ ਮਹਾਰਾਜ ਬਾਹਰੋਂ ਆਏ ਨੇ, ਸੰਗਤ ਨਾਲ ਹੈ, ਮੀਂਹ ਪੈਂਦਾ ਹੈ, ਸਰਦੀ ਦਾ ਮਹੀਨਾ ਹੈ।

ਮਹਾਰਾਜ ਨੇ ਸ੍ਰੀ ਮਾਨ ਜੀ ਵੱਡੇ ਲਾਂਗਰੀ ਨੂੰ ਪੁਛਿਆ, "ਭਾਈ ਪ੍ਰੇਮੀਆ! ਸੰਗਤਾਂ ਦੇ ਬਸਤ੍ਰ ਭਿੱਜ ਗਏ ਨੇ ਤੇ ਠੰਡ ਬਹੁਤ ਜ਼ਿਆਦਾ ਹੈ, ਠੰਡੀ ਹਵਾ ਚਲ ਰਹੀ ਹੈ ਤੇ ਮੀਂਹ ਬਰਸ ਰਿਹਾ ਹੈ। ਕੋਈ ਲੱਕੜਾਂ ਵਗੈਰਾ ਹਨ ਜੋ ਇਹ ਸੇਕ ਲੈਣ?"

ਕਹਿੰਦਾ, "ਸੱਚੇ ਪਾਤਸ਼ਾਹ! ਲੰਗਰ ਵਿਚ ਤਾਂ ਲੰਗਰ ਵਾਸਤੇ ਹੀ ਹਨ। ਹੁਕਮ ਜਿਵੇਂ ਕਰੋਗੇ ਉਵੇਂ ਵਰਤਿਆ ਜਾਏਗਾ।"

ਕਹਿਣ ਲੱਗੇ, "ਭਾਈ! ਫੇਰ ਪ੍ਰਸ਼ਾਦੇ ਵੀ ਲਾਹੁਣੇ ਨੇ ਸਵੇਰੇ।" ਮਹਾਰਾਜ ਅੰਦਰ ਚਲੇ ਗਏ।

ਏਧਰ ਭਾਈ ਆਦਮ ਨੂੰ ਪਤਾ ਲਗਿਆ, ਸਾਰੀ ਗੱਲ ਸੁਣ ਲਈ। ਉਸੇ ਵੇਲੇ ਜਿੰਨੀਆਂ ਲੱਕੜਾਂ ਸੀ ਸਾਰੀਆਂ ਚੁਕ-ਚੁਕ ਕੇ ਲਿਆ ਕੇ ਕਮਰਿਆਂ ਅੱਗੇ ਧੂਣੀਆਂ ਲਾ ਦਿਤੀਆਂ, ਧੂਣੀਆਂ ਹੀ ਧੂਣੀਆਂ ਲੱਗੀਆਂ ਪਈਆਂ ਹਨ, ਸੰਗਤਾਂ ਅਰਾਮ ਕਰ ਰਹੀਆਂ ਨੇ, ਵਸਤ੍ਰ ਸੁੱਕ ਗਏ। ਜਦੋਂ ਅੰਮ੍ਰਿਤ ਵੇਲੇ ਗੁਰੂ ਰਾਮਦਾਸ ਜੀ ਮਹਾਰਾਜ ਨੇ ਚਾਨਣਾ ਹੀ ਚਾਨਣਾ ਦੇਖਿਆ ਸਾਰੇ ਪਾਸੇ ਤਾਂ ਆਪ ਨੇ ਪੁਛਿਆ ਕਿ ਭਾਈ! ਇਹ ਚਾਨਣ ਕਿਥੋਂ ਆਇਆ?"

ਕਹਿਣ ਲੱਗੇ, "ਸੱਚੇ ਪਾਤਸ਼ਾਹ! ਇਕ ਇਥੇ ਸਿੱਖ ਹੈ ਮਾਲਵੇ ਤੋਂ ਆਇਆ ਹੋਇਆ ਤੇ ਉਸ ਦਾ ਨਾਮ ਆਦਮ ਹੈ, ਉਸ ਨੂੰ ਆਦਮ ਬਰਾੜ ਕਹਿੰਦੇ ਨੇ, ਉਸ ਦਾ ਗੋਤ ਹੈ ਸਿੱਧੂ ਬਰਾੜ। ਉਸ ਨੇ ਇਹ ਸੇਵਾ ਕੀਤੀ ਹੈ।"

ਕਹਿੰਦੇ, "ਸਾਡੇ ਪੇਸ਼ ਕਰਿਓ।"

ਦੀਵਾਨ ਲੱਗ ਗਿਆ, ਜਦੋਂ ਦੀਵਾਨ ਦੀ ਸਮਾਪਤੀ ਹੋਈ, ਮਹਾਰਾਜ ਨੇ ਕਿਹਾ ਕਿ ਭਾਈ! ਓਸ ਸੇਵਾਦਾਰ ਨੂੰ ਪੇਸ਼ ਕਰੋ। ਅਵਾਜ਼ ਹੋਈ ਕਿ ਭਾਈ ਆਦਮ! ਗੁਰੂ ਮਹਾਰਾਜ ਦੇ ਹਾਜ਼ਰ ਹੋਵੋ। ਸੰਗਤ ਵਿਚੋਂ ਉਠਿਆ ਤੇ ਹਾਜ਼ਰ ਹੋਇਆ।

ਮਹਾਰਾਜ ਕਹਿਣ ਲੱਗੇ, "ਭਾਈ ਆਦਮ! ਤੂੰ ਸੇਵਾ ਕਰਕੇ ਸਾਨੂੰ ਅਤਿ ਪ੍ਰਸੰਨ ਕਰ ਲਿਆ ਹੈ, ਮੰਗ ਕੀ ਮੰਗਦਾ ਹੈਂ।"

70 ਸਾਲ ਦੀ ਉਮਰ ਹੈ, ਝੱਕ ਗਿਆ ਕਿ ਹੁਣ ਜੇ ਮੈਂ ਕਿਹਾ ਕਿ ਮੈਨੂੰ ਪੁੱਤਰ ਚਾਹੀਦਾ ਹੈ, ਮੇਰੀ ਘਰਵਾਲੀ ਦੀ ਉਮਰ ਵੀ 70 ਸਾਲ ਦੀ ਹੈ ਤੇ ਕਿਵੇਂ ਹੋਏਗਾ? ਸੰਗ ਆ ਗਈ ਓਸਦੇ ਮਨ ਦੇ ਅੰਦਰ, ਕੁਦਰਤੀ ਹੈ ਸਾਧ ਸੰਗਤ ਜੀ! ਸੋ ਓਸ ਵੇਲੇ ਮਹਾਰਾਜ ਜੀ ਨੇ ਕਿਹਾ, "ਚੰਗਾ! ਤੂੰ ਸੰਗਦਾ ਹੈਂ, ਸਲਾਹ ਕਰ ਲਓ।"

ਦੂਸਰੇ ਦਿਨ ਫੇਰ ਮਹਾਰਾਜ ਨੇ ਕਿਹਾ, ਓਸ ਵੇਲੇ ਲੜਕੀ, ਘਰਵਾਲੀ ਤੇ ਆਪ ਖੜ੍ਹੇ ਨੇ। ਮਹਾਰਾਜ ਕਹਿਣ ਲੱਗੇ, "ਮੰਗ ਕੀ ਮੰਗਦਾ ਹੈਂ, ਤੈਨੂੰ ਗੁਰੂ ਨਾਨਕ ਤੋਂ ਦਿਵਾਈਏ।" ਲੜਕੀ ਕਹਿਣ ਲੱਗੀ, "ਮਹਾਰਾਜ! ਜੋੜੀ ਬਣਾ ਦਿਓ ਸਾਡੀ, ਵੀਰ ਨਹੀਂ ਹੈ ਮੇਰਾ।"

ਮਹਾਰਾਜ ਨੇ ਓਸ ਵੇਲੇ ਨੇਤਰ ਬੰਦ ਕਰੇ ਤੇ ਥੋੜ੍ਹੀ ਦੇਰ ਬਾਅਦ ਖੋਲ੍ਹੇ ਤੇ ਕਹਿਣ ਲੱਗੇ, "ਭਾਈ ਆਦਮ! ਕਈ ਜਨਮ ਤੱਕ ਤੇਰੇ ਪੁੱਤਰ ਨਹੀਂ ਸੀ ਕਿਸਮਤ ਵਿਚ ਲਿਖਿਆ ਹੋਇਆ। ਅਸੀਂ ਪ੍ਰਮੇਸ਼ਰ ਦੀ ਵਿਧਨਾ ਜੋ ਹੈ ਉਸ ਨੂੰ ਤਾਂ ਨਹੀਂ ਮਿਟਾਉਂਦੇ ਪਰ ਇਹ ਹੈ ਕਿ ਸਾਡੇ ਚੌਥਾ ਪੁੱਤਰ ਆਉਣਾ ਹੈ ਤੇ ਓਹ ਪੁੱਤਰ ਅਸੀਂ ਤੇਰੇ ਘਰ ਭੇਜਦੇ ਹਾਂ ਤੇ ਉਸ ਦਾ ਨਾਮ ਤੂੰ ਭਾਈ ਭਗਤੂ ਰੱਖੀ। ਉਹ ਜਮਾਂਦਰੂ ਹੀ ਸਿੱਧ ਹੋਏਗਾ, ਵੱਡੇ-ਵੱਡੇ ਓਸ ਨੇ ਕੰਮ ਕਰਨੇ ਨੇ।"

ਸੋ ਪੁੱਤਰ ਦੀ ਦਾਤ ਦੇ ਦਿਤੀ। ਸੋ ਸੇਵਾ ਜਿਸ ਭਾਵ ਨਾਲ ਕੋਈ ਕਰਨ ਲਗਦਾ ਹੈ, ਮਹਾਰਾਜ ਓਸ ਦੀ ਸੇਵਾ ਤੇ ਪ੍ਰਸੰਨ ਹੋ ਕੇ ਜੋ ਉਸ ਦੀ ਇੱਛਾ ਹੁੰਦੀ ਹੈ ਓਹ ਪੂਰੀ ਕਰ ਦਿੰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਅੰਗਦ ਸਾਹਿਬ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਦੇ ਦਰ ਤੇ ਬਹੁਤ ਸੇਵਾ ਕਰ ਰਹੇ ਨੇ। ਓਨ੍ਹਾਂ ਦੀ ਸੇਵਾ ਬਾਰੇ ਜਦੋਂ ਸੁਣਦੇ ਹਾਂ, ਪੜ੍ਹਦੇ ਹਾਂ ਤਾਂ ਹੈਰਾਨ ਹੋ ਜਾਈਦਾ ਹੈ ਕਿ ਅਸੀਂ ਤਾਂ ਧੇਲੇ ਦੇ ਵੀ ਸਿੱਖ ਨਹੀਂ ਹਾਂ। ਉਨ੍ਹਾਂ ਨੇ ਸਾਨੂੰ ਸਿੱਖੀ ਦਾ ਨਮੂਨਾ ਦਿਤਾ, ਸਾਧ ਸੰਗਤ ਜੀ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਮੈਂ ਸਮਾਪਤ ਕਰਦਾ ਹਾਂ। ਸੋ ਸਾਰੇ ਪ੍ਰੇਮੀ ਅਨੰਦ ਸਾਹਿਬ ਤੇ ਗੁਰਸਤੋਤਰ ਵਿੱਚ ਬੋਲ ਕੇ ਆਪਣੀ ਰਸਨਾ ਪਵਿੱਤਰ ਕਰੋ।

-ਅਨੰਦ ਸਾਹਿਬ-

-ਗੁਰਸਤੋਤਰ-

-ਅਰਦਾਸ-

ਸਥਾਨ - ਮੋਹਾਲੀ, ਮਿਤੀ - 13-5-90, ਵੀਡੀਓ ਕੈਸਟ ਨੰ: 127

ਸਥਾਨ - ਰਤਵਾੜਾ ਸਾਹਿਬ, ਮਿਤੀ - 14-5-90, ਵੀਡੀਓ ਕੈਸਟ ਨੰ: 128

ਸਥਾਨ - ਮੋਹਾਲੀ, ਮਿਤੀ - 20-5-90, ਵੀਡੀਓ ਕੈਸਟ ਨੰ: 129

# 6

ਸ਼ਾਨ ..................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥* *ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥* *ਪੰਨਾ - 289*

*ਧਾਰਨਾ - ਮੁੱਲ ਖਰੀਦੀ ਲਾਲਾ ਗੋਲਾ,*
*ਮੇਰਾ ਨਾਉ ਸੁਭਾਗਾ ਜੀ -2, 2.*
*ਮੇਰਾ ਨਾਉ ਸੁਭਾਗਾ ਜੀ, -4, 2.*
*ਮੁੱਲ ਖਰੀਦੀ ਲਾਲਾ ਗੋਲਾ, ... -2.*

*ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ॥*
*ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥*
*ਤੇਰੇ ਲਾਲੇ ਕਿਆ ਚਤੁਰਾਈ॥*
*ਸਾਹਿਬ ਕਾ ਹੁਕਮੁ ਨ ਕਰਣਾ ਜਾਈ॥*
*ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥*
*ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ॥*
*ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥*
*ਪਖਾ ਫੇਰੀ ਪਾਵ ਮਲੋਵਾ ਜਪਤ ਰਹਾ ਤੇਰਾ ਨਾਉ॥*
*ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥*
*ਆਦਿ ਜੁਗਾਦਿ ਦਇਆਪਤਿ ਦਾਤਾ*
*ਤੁਧੁ ਵਿਣੁ ਮੁਕਤਿ ਨ ਪਾਈ॥* *ਪੰਨਾ - 991*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋ, ਕਾਫੀ ਦਿਨਾਂ ਤੋਂ ਇਕ ਵਿਚਾਰ ਚਲ ਰਹੀ ਹੈ। ਉਹ ਵਿਚਾਰ ਇਹ ਹੈ ਕਿ ਗੁਰੂ ਨਾਨਕ ਪਾਤਿਸ਼ਾਹ -

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥* *ਪੰਨਾ - 1395*

ਸੰਸਾਰ ਵਿਚ ਉਹ ਕਿਹੜਾ ਦੂਸਰਾ ਗੁਰੂ ਨਾਨਕ ਸੀ ਜਿਸ ਦੇ ਅੱਗੇ ਗੁਰੂ ਨਾਨਕ ਨੂੰ ਝੁਕਣਾ ਪਿਆ, ਇਹ ਕਥਾ ਚੱਲ ਰਹੀ ਹੈ। ਅਜੇ ਤੱਕ ਆਪ ਨੇ ਸਰਵਣ ਕੀਤਾ ਹੈ ਕਿ ਭਾਈ ਲਹਿਣਾ ਜੋ ਪਹਿਲਾਂ ਦੇਵੀ ਦੇ ਉਪਾਸ਼ਕ ਸਨ, ਕਿਸੇ ਗੁਰਸਿੱਖ ਤੋਂ ਲਗਨ ਲੱਗੀ, ਲਗਨ ਲਗਦੀ ਸਾਰ ਇਸ ਤਰ੍ਹਾਂ ਹੋ ਗਿਆ ਜਿਵੇਂ ਪ੍ਰਬਲ ਸੰਸਕਾਰ ਜਾਗ ਪਏ, ਗੁਰੂ ਦੇ ਨਾਲ ਪਿਆਰ ਪੈ ਗਿਆ, ਸਾਂਝ ਪੈ ਗਈ। ਉਹ ਵੇਲਾ ਉਡੀਕਣ ਲਗੇ ਜਿਸ ਵਕਤ ਗੁਰੂ ਦੇ ਚਰਨਾਂ 'ਚ, ਗੁਰੂ ਨਾਨਕ ਦੇ ਦਰਸ਼ਨ ਕਰਨ ਜਾਣ। ਸੁਭਾਗ ਪ੍ਰਾਪਤ ਹੋਇਆ, ਦੇਵੀ ਦੇ ਸੰਗ ਨੂੰ ਲੈ ਕੇ ਜਾ ਰਹੇ ਨੇ, ਰਸਤੇ ਦੇ ਅੰਦਰ ਗੁਰੂ ਨਾਨਕ ਪਾਤਿਸ਼ਾਹ ਘਟ ਘਟ ਦੇ ਅੰਤਰਜਾਮੀ ਦੇਖ ਰਹੇ ਨੇ ਕਿ ਇਸ ਰੂਹਾਨੀ ਮੰਡਲ ਦੇ ਰਾਜ ਦਾ ਧਨੀ ਅੱਜ ਇਧਰ ਨੂੰ ਚੜ੍ਹਾਈ ਕਰਕੇ ਆ ਰਿਹਾ ਹੈ। ਆਪ ਇਕੱਲੇ ਬਾਹਰ ਰੋਹੀ ਵਿਚ ਆ ਜਾਂਦੇ ਹਨ ਤੇ ਭਾਈ ਲਹਿਣਾ ਜੀ ਘੋੜੇ ਤੇ ਸਵਾਰ ਹੋ ਕੇ ਗੁਰੂ

ਨਾਨਕ ਦਾ ਪਤਾ ਉਹਨਾਂ ਤੋਂ ਹੀ ਪੁੱਛਦੇ ਨੇ। ਅੱਗੇ-ਅੱਗੇ ਗੁਰੂ ਨਾਨਕ ਪਿਛੇ-ਪਿਛੇ ਭਾਈ ਲਹਿਣਾ ਜੀ, ਇਸ਼ਾਰਾ ਕਰ ਦਿੰਦੇ ਨੇ ਕਿ ਘੋੜਾ ਇਥੇ ਬੰਨ੍ਹ ਦਿਉ ਤੇ ਉਸ ਤੋਂ ਬਾਅਦ ਆਪ ਅੰਦਰ ਜਾ ਕੇ ਬੈਠ ਜਾਂਦੇ ਨੇ। ਜਦੋਂ ਅੰਦਰ ਜਾ ਕੇ ਭਾਈ ਲਹਿਣਾ ਜੀ ਵੇਖਦੇ ਨੇ, ਇਹ ਤਾਂ ਉਹੀ ਨੇ, ਆਪਣੀ ਭੁੱਲ ਦੀ ਖਿਮਾ ਮੰਗਦੇ ਨੇ ਕਿ ਪਾਤਿਸ਼ਾਹ! ਖਿਮਾ ਕਰੋ ਮੈਂ ਘੋੜੇ ਤੇ ਚੜ੍ਹਿਆ ਹੋਇਆ ਸੀ ਤੇ ਤੁਸੀਂ ਪੈਦਲ। ਕਹਿੰਦੇ, "ਤੇਰਾ ਨਾਉਂ ਕੀ ਹੈ?" ਕਹਿੰਦੇ, "ਪਾਤਿਸ਼ਾਹ! ਮੇਰਾ ਨਾਉ ਲਹਿਣਾ ਹੈ।" ਕਹਿੰਦੇ, "ਭਾਈ! ਲਹਿਣੇਦਾਰ ਹਮੇਸ਼ਾ ਹੀ ਘੋੜਿਆਂ ਤੇ ਚੜ੍ਹ ਕੇ ਆਇਆ ਕਰਦੇ ਨੇ; ਕੋਈ ਗੱਲ ਨਹੀਂ, ਤੈਂ ਲੈਣਾ ਹੈ ਤੇ ਅਸੀਂ ਦੇਣਾ ਹੈ, ਤੇ ਮੇਰੇ ਰਾਜ ਦਾ ਧਨੀ ਆਇਆ ਹੈ ਅੱਜ। ਆਪਣੇ ਧਨੀ ਨੂੰ ਲੈਣ ਵਾਸਤੇ ਪੈਦਲ ਜਾਣਾ ਉਸ ਦਾ ਸਤਿਕਾਰ ਹੋਇਆ ਕਰਦਾ ਹੈ।" ਇਹ ਗੱਲ ਸਮਝ 'ਚ ਨਾ ਆਈ ਉਨ੍ਹਾਂ ਦੇ। ਸੋ ਉਸ ਤੋਂ ਬਾਅਦ ਆਪ ਕੁਝ ਦਿਨ ਰਹੇ। ਸੰਗ ਵਾਲਿਆਂ ਨੂੰ ਜਵਾਬ ਦੇ ਦਿੱਤਾ, ਘਰ ਚਲੇ ਗਏ, ਰਹਿ ਨਹੀਂ ਸਕੇ, ਦਿਲ ਉਥੇ ਛੱਡ ਆਏ, ਸਰੀਰ ਨਾਲ ਲੈ ਆਏ। ਇਥੇ ਨਹੀਂ ਟਿਕ ਸਕੇ, ਵਾਪਸੀ ਦੇ ਅੰਦਰ ਇਕ ਨਮਕ ਦੀ ਪੰਡ ਚੁੱਕ ਕੇ ਜਾਂਦੇ ਨੇ। ਉਥੇ ਗੁਰੂ ਮਹਾਰਾਜ ਜੀ ਦੇ ਪਾਸ, ਪੰਡ ਲੰਗਰ ਵਿਚ ਸੁਟ ਕੇ ਜਾਂਦੇ ਨੇ। ਉਸ ਤੋਂ ਬਾਅਦ ਆਪ ਨੇ ਗੁਡਾਈ ਸ਼ੁਰੂ ਕੀਤੀ। ਮਹਾਰਾਜ ਕਹਿਣ ਲੱਗੇ, "ਤੈਨੂੰ ਨਹੀਂ ਭਾਈ ਲਹਿਣਾ ਇਹ ਗੱਲਾਂ ਆਉਂਦੀਆਂ।" "ਫੇਰ ਮਹਾਰਾਜ ਜੀ ਮੈਨੂੰ ਕੋਈ ਸੇਵਾ ਦਸੋ।" ਕਹਿੰਦੇ, "ਆਹ ਪੰਡਾਂ ਲੈ ਜਾ ਚੁਕ ਕੇ, ਮਿੱਟੀ ਚਿੱਕੜ ਸਾਫ ਕਰਕੇ ਪਸ਼ੂਆਂ ਨੂੰ ਪਾ ਦੇ।" ਉਹ ਚਿੱਕੜ ਨਾਲ ਭਰਿਆ ਹੋਇਆ ਘਾਹ ਆਪ ਨੇ ਸੀਸ ਤੇ ਚੁੱਕ ਲਿਆ। ਬਸਤਰ ਬਹੁਤ ਸੋਹਣੇ ਪਾਏ ਹੋਏ ਸੀ, ਉਹਨਾਂ ਦੇ ਉਤੇ ਛਿੱਟੇ ਪੈ ਗਏ। ਗੁਰੂ ਨਾਨਕ ਵੀ ਪਿਛੇ ਪਿਛੇ ਚਲੇ ਜਾਂਦੇ ਨੇ। ਮਾਤਾ ਜੀ ਨੇ ਜਦ ਦੇਖਿਆ ਤਾਂ ਕਹਿਣ ਲੱਗੇ, ਜੀ ਤੁਸੀਂ ਐਨਾ-ਕੁ ਤਾਂ ਦੇਖ ਲਿਆ ਕਰੋ, ਕਿ ਕੋਈ ਭਲਾ ਪੁਰਸ਼ ਆਇਆ ਹੈ, ਸੋਹਣੇ ਬਸਤਰ ਪਹਿਨੇ ਹੋਏ ਨੇ ਤੇ ਤੁਸੀਂ ਇਸ ਨੂੰ ਵੀ ਪੰਡ ਚੁਕਾ ਦਿੱਤੀ ਤੇ ਚਿੱਕੜ ਨਾਲ ਇਸ ਦਾ ਜਾਮਾ ਭਰ ਦਿੱਤਾ। ਮਹਾਰਾਜ ਜੀ ਕਹਿਣ ਲੱਗੇ, "ਨਹੀਂ! ਜਾਮਾ ਚਿੱਕੜ ਨਾਲ ਨਹੀਂ ਭਰਿਆ, ਦੇਖ ਨੇੜੇ ਹੋ ਕੇ, ਇਹ ਤਾਂ ਕੇਸਰ ਦੇ ਛਿੱਟੇ ਪਏ ਨੇ ਤੇ ਮੈਂ ਪੰਡ ਨਹੀਂ ਚੁਕਾਈ, ਮੈਂ ਤਾਂ ਦੀਨ-ਦੁਨੀ ਦਾ ਤਾਜ ਇਸ ਦੇ ਸਿਰ ਤੇ ਰੱਖਿਐ।" ਐਨੀ ਗੱਲ ਸੁਣਦੇ ਸਾਰ ਮਾਤਾ ਜੀ ਜਿਹੜੇ ਪਹਿਲਾਂ ਤੋਂ ਹੀ ਰਮਜ਼ਾਂ ਦੇ ਜਾਣੂ ਸਨ, ਇਕ ਦਮ ਉਹਨਾਂ ਦੇ ਮਨ 'ਚ ਪਰਛਾਈ ਆਈ ਕਿ ਪੁੱਤਰ ਕੀ ਕਰਨਗੇ ਜੇ ਦੀਨ-ਦੁਨੀ ਦੀ ਪੰਡ ਇਹਦੇ ਸਿਰ ਤੇ ਰੱਖ ਦਿੱਤੀ? ਕੋਈ ਬਚਨ ਨਹੀਂ ਕਰਿਆ, ਚੁੱਪ ਕਰ ਗਏ। ਉਸ ਤੋਂ ਬਾਅਦ ਭਾਈ ਲਹਿਣਾ ਜੀ (ਗੁਰੂ ਅੰਗਦ ਸਾਹਿਬ ਮਹਾਰਾਜ) ਤਨੋ-ਮਨੋ ਹੋ ਕੇ ਸੇਵਾ ਕਰ ਰਹੇ ਨੇ, ਭਾਵੇਂ ਪਿੰਡ ਦੇ ਲੋਕ ਕੁਝ ਬਦਨਾਮੀ ਕਰ ਰਹੇ ਨੇ। ਬਹੁਤ ਵਿਚਾਰ ਹੋ ਚੁਕੀ ਹੈ। ਹੁਣ ਦਿਨ-ਰਾਤ ਆਪ ਗੁਰੂ ਨਾਨਕ ਪਾਤਿਸ਼ਾਹ ਦੀ ਸੇਵਾ ਕਰ ਰਹੇ ਨੇ। ਸਭ ਤੋਂ ਵੱਡਾ ਜੋ ਤਪ ਹੁੰਦਾ ਹੈ ਉਹ ਗੁਰੂ ਸੇਵਾ ਹੈ ਜਿਸ ਦੇ ਬਰਾਬਰ ਸੰਸਾਰ ਦੇ ਅੰਦਰ ਹੋਰ ਕੋਈ ਤਪ ਹੈ ਹੀ ਨਹੀਂ -

***ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥***
***ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ ॥*** ***ਪੰਨਾ - 423***

ਐਡਾ ਵੱਡਾ ਸੰਸਾਰ ਦੇ ਅੰਦਰ ਕੋਈ ਤਪ ਨਹੀਂ, ਸਭ ਤੋਂ ਸ੍ਰੇਸ਼ਟ ਤਪ ਗੁਰੂ ਦੀ ਸੇਵਾ ਦਾ ਤਪ ਹੋਇਆ ਕਰਦਾ ਹੈ। ਸੋ ਗੁਰੂ ਘਰ ਦੇ ਅੰਦਰ ਦੋ ਚੀਜ਼ਾਂ ਪ੍ਰਧਾਨ ਨੇ, - ਵਾਹਿਗੁਰੂ ਦਾ ਸਿਮਰਨ, ਗੁਰੂ ਦੀ ਸੇਵਾ, ਸੰਗਤਾਂ ਦੀ ਸੇਵਾ, ਸੰਸਾਰ ਦੀ ਸੇਵਾ। ਦੋਹਾਂ ਪਰਾਂ ਨਾਲ ਜਿਵੇਂ ਜਹਾਜ਼ ਉਡਦਾ ਹੈ ਇਸੇ ਤਰ੍ਹਾਂ ਦੋ ਚੀਜ਼ਾਂ ਹੋਣ ਫੇਰ ਰੂਹਾਨੀਅਤ ਦਾ ਸਫਰ ਮੁਕਦਾ ਹੈ। ਸੋ ਗੁਰੂ ਘਰ ਦੇ ਅੰਦਰ ਸੇਵਾ ਨੂੰ ਬਹੁਤ ਪ੍ਰਧਾਨਗੀ ਦਿੱਤੀ ਹੋਈ ਹੈ। ਈਸਾ ਜੀ ਨੇ ਸੇਵਾ ਨੂੰ ਬਹੁਤ ਪ੍ਰਧਾਨਗੀ ਦਿੱਤੀ। ਅਮਲੀ ਤੌਰ ਤੇ ਸੇਵਾ ਕਰ ਰਹੇ ਨੇ, ਹਜ਼ਾਰਾਂ ਦੀ ਤਦਾਦ 'ਚ ਦੁਨੀਆਂ ਦੇ ਅੰਦਰ ਉਹਨਾਂ ਦੇ ਹਸਪਤਾਲ, ਅਨਾਥ ਆਸ਼ਰਮ ਹੋਰ ਅਨੇਕਾਂ ਆਸ਼ਰਮ ਬਣੇ ਹੋਏ ਨੇ, ਸਾਰੀ ਸਾਰੀ ਜ਼ਿੰਦਗੀ ਸੇਵਾ ਲਈ ਅਰਪਨ ਕਰਦੇ ਨੇ। ਪੂਰੀ ਜ਼ਿੰਦਗੀ ਦਾ ਵਰਤ ਲੈਂਦੀਐਂ ਬੀਬੀਆਂ ਵੀ, ਜਿਸ ਨੂੰ ਈਸਾਈ ਸੰਤਣੀ (nuns) ਕਹਿੰਦੇ ਨੇ ਤੇ ਦੂਸਰੇ ਪਾਦਰੀ ਵੀ, ਵਿਆਹ ਨਾ ਕਰਾਉਣ ਦਾ ਪ੍ਰਣ ਲੈਂਦੇ ਨੇ। ਦੋ ਹਜ਼ਾਰ ਸਾਲ ਹੋ ਚੁੱਕੇ ਨੇ ਈਸਾ ਜੀ ਨੂੰ, ਪਰ ਅਜੇ ਤੱਕ ਉਤਸ਼ਾਹ ਦੇ ਵਿਚ ਕੋਈ ਕਮੀ ਨਹੀਂ ਆਈ। ਵਧਦਾ ਜਾਂਦਾ ਹੈ। ਉਹਨਾਂ ਦੇ ਕੋਲ ਇਕ ਅਰਦਾਸ ਭਗਤੀ ਹੈ ਤੇ ਇਕ ਸੇਵਾ ਹੈ। ਸਾਡੇ ਕੋਲ 9 ਕਿਸਮ ਦੀਆਂ ਭਗਤੀਆਂ ਹਨ, ਦਸਵਾਂ ਫਲ ਪ੍ਰੇਮਾ ਭਗਤੀ ਦਾ, ਗਿਆਰਵਾਂ ਫਲ ਅਪਰਾ-ਭਗਤੀ, ਬਾਰ੍ਹਵਾਂ ਪਰਾ ਭਗਤੀ, ਬਹੁਤ ਜ਼ਿਆਦਾ ਸਿਧਾਂਤ ਦੇ ਅੰਦਰ ਅਸੀਂ ਅੱਗੇ ਵਧੇ ਹੋਏ ਹਾਂ ਪਰ ਅਮਲੀ

ਤੌਰ ਤੇ ਘਾਟੇ ਵੱਲ ਜਾ ਰਹੇ ਹਾਂ। ਸਿਧਾਂਤ ਬਹੁਤ ਉਚਾ ਹੈ ਉਦੇਸ਼ ਸਾਡੇ ਬਹੁਤ ਉਚੇ ਨੇ ਪਰ ਅਮਲੀ ਜੀਵਨ ਦੇ ਵਿਚ ਨਹੀਂ ਅਸੀਂ ਆ ਰਹੇ, ਉਤਸ਼ਾਹ ਨਹੀਂ ਹੈ ਜੋ ਈਸਾਈਆਂ ਦੇ ਅੰਦਰ ਈਸਾ ਜੀ ਦੇ ਪ੍ਰਚਾਰ ਵਾਸਤੇ ਉਤਸ਼ਾਹ ਹੈ। ਕਿਥੇ ਜੰਗਲਾਂ 'ਚ ਜਾ ਕੇ, ਅਫਰੀਕਾ ਦਾ ਜੇ ਤੁਸੀਂ ਹਾਲ ਪੜ੍ਹੋ ਉਥੇ ਕੋਈ ਬੰਦਾ ਨਹੀਂ ਸੀ ਜਾ ਸਕਦਾ, ਇਹਨਾਂ ਦੇ ਜੋ ਮਿਸ਼ਨਰੀ ਸੀ ਐਸੀਆਂ ਖਤਰਨਾਕ ਥਾਵਾਂ ਤੋਂ ਲੰਘੇ ਜਿਥੇ ਬੇਅੰਤ ਮਰ ਵੀ ਗਏ, ਲੇਕਿਨ ਪਿਛੇ ਨਹੀਂ ਹਟੇ, ਅੱਗੇ ਅੱਗੇ ਜਾਂਦੇ ਰਹੇ। ਕਾਂਗੂ ਸਟੇਟ ਦੇ ਅੰਦਰ ਇਕ ਮੱਖੀ ਸੀ, ਜਿਸਦੇ ਲੜ ਜਾਂਦੀ ਸੀ ਆਦਮੀ ਉਥੇ ਹੀ ਮਰ ਜਾਂਦਾ ਸੀ। ਜੰਗਲਾਂ 'ਚ ਐਨਾ ਹਨ੍ਹੇਰਾ ਸੀ ਕਿ ਸੂਰਜ ਵੀ ਨਹੀਂ ਦਿਸਦਾ ਸੀ। ਉਹਨਾਂ ਦੇ ਵਿਚੀਂ ਲੰਘ-ਲੰਘ ਕੇ ਉਹਨਾਂ ਬੰਦਿਆਂ ਤੱਕ ਪਹੁੰਚੇ, ਜਿਹੜੇ ਆਦਮੀ ਨੂੰ ਹੀ ਖਾ ਜਾਂਦੇ ਸਨ। ਉਹਨਾਂ ਨੂੰ ਰੱਬ ਦਾ ਗਿਆਨ ਦਿਤਾ ਜਾ ਕੇ। ਸੰਸਾਰ ਭਰ ਦੇ ਅੰਦਰ ਦੂਰ-ਦਰਾਜ਼ ਤੱਕ ਜਾਂਦੇ ਨੇ। ਸੇਵਾ ਤੇ ਸਿਮਰਨ ਅਰਦਾਸ, ਦੋ ਚੀਜ਼ਾਂ ਨੇ ਉਹਨਾਂ ਕੋਲ। ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਹੋਰ ਉਚਾ ਚੁਕਿਆ ਕਿ ਅਰਦਾਸ ਥੋੜ੍ਹੀ ਦੇਰ ਲਈ ਹੁੰਦੀ ਹੈ। ਯਾਦ ਵਿਚ ਉਸ ਨੂੰ ਲਿਆਓ, ਸਿਮਰਨ ਜਿਸ ਨੂੰ ਕਹਿੰਦੇ ਨੇ। ਸੋ ਗੁਰੂ ਘਰ ਦੇ ਅੰਦਰ ਦੋ ਚੀਜ਼ਾਂ ਦੀ ਮਹਾਨਤਾ ਹੈ - ਸੇਵਾ ਦੀ ਤੇ ਸਿਮਰਨ ਦੀ। ਦੋਹਾਂ ਦਾ ਫਲ ਇਸ ਤਰ੍ਹਾਂ ਨਾਲ ਫੁਰਮਾਨ ਕਰ ਰਹੇ ਹਨ -

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ -2, 2.***
***ਮੇਰੇ ਪਿਆਰੇ ਬਈ ਸੇਵਾ ਕਰਕੇ ਮਾਣ ਪਾਈਦੈ -2, 2.***
***ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,............ -2.***

ਸੰਸਾਰ 'ਚ ਸੇਵਾ ਕਰਕੇ, ਇਥੇ ਵੀ ਮਾਣ ਤੇ ਦਰਗਾਹ ਵਿਚ ਵੀ ਮਾਣ ਮਿਲਦਾ ਹੈ -

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥*** ***ਪੰਨਾ - 26***

ਨਾਮ ਜਪਣ ਨਾਲ ਸਾਰੇ ਦੁਖਾਂ ਦਾ ਖਾਤਮਾ ਹੁੰਦਾ ਹੈ। ਪ੍ਰਮੇਸ਼ਰ ਨੂੰ ਹਰ ਵਕਤ ਯਾਦ ਰੱਖਣਾ ਤੇ ਘਟ ਘਟ ਵਿਚ ਵਿਆਪਕ ਸਮਝ ਕੇ ਉਸਦੀ ਹਾਜ਼ਰੀ ਮਹਿਸੂਸ ਕਰਦੇ ਰਹਿਣਾ, ਇਹ ਨਾਮ ਦੀ ਪ੍ਰਾਪਤੀ ਹੋਇਆ ਕਰਦੀ ਹੈ। ਸੋ ਇਸਦੇ ਨਾਲ ਦੋਏ ਚੀਜ਼ਾਂ ਮਹਾਰਾਜ ਜੀ ਨੇ ਰੱਖੀਆਂ ਨੇ - ਸੇਵਾ ਵੀ ਤੇ ਸਿਮਰਨ ਵੀ। ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਜੋ ਆਦਰਸ਼, ਜੋ ਸਿਧਾਂਤ ਗੁਰੂ ਮਹਾਰਾਜ ਨੇ ਪੇਸ਼ ਕੀਤਾ ਹੈ। ਅਮਲੀ ਰੂਪ ਵਿਚ ਕਰਕੇ ਗੁਰਸਿਖਾਂ ਨੂੰ ਦਿਖਾਇਆ ਹੈ। ਸੋ ਸੇਵਾ ਦੇ ਨਾਲ ਮਾਣ ਮਿਲਦਾ ਹੈ। ਬਾਕੀ ਕੌਮਾਂ ਵੀ ਸੇਵਾ ਕਰਦੀਆਂ ਨੇ, ਪਰ ਈਸਾਈਆਂ ਦੀ ਸੇਵਾ ਸਭ ਤੋਂ ਵੱਡੀ ਹੈ। ਹੋਰ ਵੀ ਕਰਦੇ ਨੇ, ਪਰ ਐਨੀ ਨਹੀਂ ਕਰਦੇ ਜਿੰਨੀ ਉਹ ਕਰਦੇ ਹਨ। ਪਤਾ ਲੱਗ ਜਾਵੇ ਕਿ ਫਲਾਣਾ ਥਾਂ ਦੁਖਾਂ ਦਾ ਭਰਿਆ ਹੋਇਆ ਹੈ ਉਸੇ ਵੇਲੇ ਉਹ ਲੋਕ ਲੱਗ ਜਾਂਦੇ ਨੇ। ਈਥੋਪੀਆ (Ethopia) ਦੇ ਵਿਚ ਕਾਲ ਪੈ ਗਿਆ। ਮੈਂ ਅਮਰੀਕਾ 'ਚ ਸੀ। ਉਹਨਾਂ ਦਾ ਤਿੰਨ ਘੰਟੇ ਦਾ ਪ੍ਰੋਗਰਾਮ ਹੋਇਆ, 12 ਕਰੋੜ 60 ਲੱਖ ਰੁਪਈਆ ਉਦੋਂ ਹੀ ਇਕੱਠਾ ਹੋ ਗਿਆ - ਤਿੰਨ ਘੰਟੇ ਦੇ ਅੰਦਰ ਅੰਦਰ। ਬੰਗਲਾ ਦੇਸ਼ ਦੇ ਵਿਚ ਹੜ੍ਹ ਆ ਗਏ, ਤਿੰਨ ਕਰੋੜ 60 ਲੱਖ ਰੁਪਈਆ ਤਿੰਨ ਘੰਟੇ 'ਚ ਇਕੱਠਾ ਕਰਕੇ ਭੇਜ ਦਿੱਤਾ, ਸਮਾਨ ਲੈ ਕੇ ਵੰਡਣਾ ਸ਼ੁਰੂ ਕਰ ਦਿੱਤਾ। ਸੋ ਸੇਵਾ ਸਾਡੇ ਵੀ ਕਰਦੇ ਨੇ, ਦਾਨ ਵੀ ਕਰਦੇ ਨੇ, ਉਹ ਉਤਸ਼ਾਹ ਨਹੀਂ। ਸਾਧ ਸੰਗਤ ਜੀ! ਬਹੁਤ ਉਤਸ਼ਾਹ ਚਾਹੀਦਾ ਹੈ ਤਾਂ ਅਸੀਂ ਉਨ੍ਹਾਂ ਕੌਮਾਂ ਦੇ ਬਰਾਬਰ ਜਾ ਸਕਦੇ ਹਾਂ। ਗੱਲਾਂ ਬਾਤਾਂ 'ਚ ਤਾਂ ਅਸੀਂ ਬਹੁਤ ਉਚੇ ਹਾਂ। ਇਹ ਗੁਰੂ ਮਹਾਰਾਜ ਜੀ ਨੇ ਸਾਨੂੰ ਚਿਤਾਵਨੀ ਦਿੱਤੀ ਹੈ ਕਿ ਗੱਲਾਂ ਦੇ ਨਾਲ ਤਾਂ ਇਹ ਬਹੁਤ ਵੱਡੇ ਬਣਦੇ ਨੇ, ਇਹਨਾਂ ਦਾ ਇਤਿਹਾਸ ਵੱਡਾ ਹੈ, ਇਹੋ ਜਿਹੇ ਰਾਜੇ ਹੋਏ ਨੇ ਜਿਨ੍ਹਾਂ ਨੇ ਸਰਬੰਸ ਦਾਨ ਕਰ ਦਿੱਤੇ, ਉਹਨਾਂ ਦੀਆਂ ਕਹਾਣੀਆਂ ਪੜ੍ਹ ਕੇ ਅਸੀਂ ਖੁਸ਼ ਹੁੰਦੇ ਹਾਂ, ਗੌਰਵ ਮਹਿਸੂਸ ਕਰਦੇ ਹਾਂ ਕਿ ਸਾਡੇ ਬਜ਼ੁਰਗ ਐਸੇ ਸੀ, ਉਹਨਾਂ ਦੀਆਂ ਕਹਾਣੀਆਂ ਤੇ ਉਹਨਾਂ ਦੀਆਂ ਕੁਰਬਾਨੀਆਂ ਤੇ ਜਿਉਂਦੇ ਹਾਂ, ਅਸੀਂ ਦਿਨ ਕੱਟਦੇ ਹਾਂ।

ਇਕ ਵਾਰੀ ਅਮਰੀਕਾ ਦੇ ਅੰਦਰ ਜਲੂਸ ਨਿਕਲਿਆ - ਗੁਰੂ ਦਸਵੇਂ ਪਾਤਿਸ਼ਾਹ ਦੇ ਪ੍ਰਕਾਸ਼ ਉਤਸਵ ਤੇ। ਉਥੇ ਕਿਸੇ ਨੇ ਉੱਚੇ ਥਾਂ ਤੇ ਖੜ੍ਹ ਕੇ ਕਵਿਤਾ ਪੜ੍ਹੀ, ਕੁਝ ਭਾਸ਼ਨ ਦਿੱਤੇ ਕਿ ਛੋਟੇ-ਛੋਟੇ ਬੱਚੇ ਕੰਧਾਂ

ਦੇ ਵਿਚ ਚਿਣ ਦਿੱਤੇ ਗਏ ਲੇਕਿਨ ਉਹਨਾਂ ਨੇ ਧਰਮ ਨਹੀਂ ਛੱਡਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 17 ਸਾਲ ਤੇ 14 ਸਾਲ ਦੀ ਉਮਰ ਦੇ ਬੱਚੇ ਤਿੰਨ ਤਿੰਨ ਘੰਟੇ ਯੁੱਧ ਕਰਦੇ ਰਹੇ ਅਤੇ ਉਸ ਤੋਂ ਬਾਅਦ ਕਿਤੇ ਉਸਨੇ ਇਹ ਕਹਿ ਦਿਤਾ ਕਿ ਬਾਬਾ ਦੀਪ ਸਿੰਘ ਵਰਗੇ ਸਾਡੇ ਵਿਚ ਹੋਏ ਜਿਨ੍ਹਾਂ ਦਾ ਸੀਸ ਧੜ ਨਾਲੋਂ ਅੱਡ ਹੋ ਗਿਆ ਲੇਕਿਨ ਆਪ ਸੀਸ ਨੂੰ ਹੱਥ ਤੇ ਚੁੱਕ ਕੇ ਯੁੱਧ ਕਰਦੇ ਰਹੇ। ਇਕ ਅਮਰੀਕਨ ਉਸੇ ਵੇਲੇ ਖੜ੍ਹਾ ਹੋ ਗਿਆ। ਉਚੀ ਉਚੀ ਦੋਵੇਂ ਬਾਹਾਂ ਉੱਚੀਆਂ ਕਰਕੇ ਕਹਿਣ ਲੱਗਿਆ, ਓ ਲੋਕੋ! ਜੇ ਤੁਸੀਂ ਕੋਈ ਝੂਠ ਬੋਲਦੇ ਦੇਖਣਾ ਹੈ ਤਾਂ ਇਹ ਦੇਖ ਲਓ, ਇਹਨਾਂ ਨਾਲੋਂ ਦੁਨੀਆਂ 'ਚ ਕੋਈ ਝੂਠਾ ਨਹੀਂ। ਉਸ ਵੇਲੇ ਕਿਸੇ ਸਿਆਣੇ ਨੇ ਗੱਲ ਕਹੀ ਕਿ ਤੂੰ ਇਹ ਗੱਲ ਨਾ ਕਹਿ, ਏਸ ਤਰ੍ਹਾਂ ਨਹੀਂ ਹੈ ਇਹ ਬਿਲਕੁਲ ਸੱਚੀਆਂ ਗੱਲਾਂ ਨੇ। ਕਹਿੰਦਾ ਜੇ ਸੱਚੀਆਂ ਗੱਲਾਂ ਨੇ ਤਾਂ ਤੁਸੀਂ ਉਨ੍ਹਾਂ ਦੇ ਸਿੱਖ ਨਹੀਂ ਹੋ। ਤੁਸੀਂ ਗੁਲਾਮ ਹੋਏ ਬੈਠੇ ਹੋ। ਧਰਮ ਤੁਸੀਂ ਨਹੀਂ ਆਪਣਾ ਰੱਖ ਸਕਦੇ, ਇਥੇ ਆ ਕੇ ਕੇਸ ਦਾੜ੍ਹੀਆਂ ਮੁਨਾ ਦਿੰਦੇ ਹੋ, ਧਰਮ ਤੋਂ ਬੇ-ਪੱਤ ਹੋ ਜਾਂਦੇ ਹੋ ਤੇ ਗੱਲਾਂ ਤੁਸੀਂ ਉਹਨਾਂ ਦੀਆਂ ਕਰਦੇ ਹੋ ਜਿਹੜੇ ਸੀਸ ਤਲੀ ਤੇ ਧਰ ਕੇ ਲੜਦੇ ਰਹੇ; ਜਾਂ ਤੁਹਾਡੇ 'ਚ ਨੁਕਸ ਹੈ, ਤੁਸੀਂ ਤਾਂ ਨਾ ਇਹ ਗੱਲ ਕਹੋ ਕਿ ਸਾਡੇ ਬਜ਼ੁਰਗ ਸੀ। ਸੋ ਕਹਾਣੀਆਂ ਹੀ ਸਾਨੂੰ ਜੀਉਂਦਾ ਰਖਦੀਆਂ ਨੇ, ਜੀਵਨ ਨਹੀਂ ਸਾਡਾ ਅਮਲੀ ਰੂਪ ਵਿਚ। ਸੋ ਗੁਰੂ ਘਰ ਦੇ ਅੰਦਰ ਸੇਵਾ ਤੇ ਸਿਮਰਨ ਦੋ ਬਰਾਬਰ ਦੀਆਂ ਚੀਜ਼ਾਂ ਨੇ। ਸੇਵਾ ਦੇ ਅਨੇਕ ਤਰੀਕੇ ਨੇ, ਅਨੇਕ ਤਰ੍ਹਾਂ ਦੇ ਨਾਲ ਸੇਵਾ ਕੀਤੀ ਜਾਂਦੀ ਹੈ ਤੇ ਸਿਮਰਨ ਵਾਹਿਗੁਰੂ ਦੀ ਯਾਦ ਦਾ ਨਾਉਂ ਹੈ।

ਸੋ ਭਾਈ ਲਹਿਣਾ ਜੀ ਗੁਰੂ ਨਾਨਕ ਪਾਤਿਸ਼ਾਹ ਦੀ ਸੰਗਤ 'ਚ ਆ ਗਏ, ਬੜਾ ਕੁਝ ਆਪ ਨੇ, ਬੜੇ ਕੌਤਕ ਦੇਖੇ ਤੇ ਆਪ ਤਨੋਂ ਮਨੋ ਹੋ ਕੇ ਸੇਵਾ ਕਰਦੇ ਨੇ। ਗੁਰੂ ਦੀ ਜੋ ਸੇਵਾ ਹੈ ਉਹ ਸਾਰੀਆਂ ਸੇਵਾ ਤੋਂ ਵੱਡੀ ਹੋਇਆ ਕਰਦੀ ਹੈ।

***ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ।***
***ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ।***
***ਤ੍ਰਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ।***
***ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ॥***
***ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ।***
***ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ॥ ਭਾਈ ਗੁਰਦਾਸ ਜੀ ਦੀ ਵਾਰ 27/19***

ਕਹਿੰਦੇ, ਮੁਰਦੇ ਦੇ ਸਮਾਨ ਜਿੰਨਾ ਚਿਰ ਨਹੀਂ ਹੁੰਦਾ, ਉਨੀ ਦੇਰ ਤੱਕ ਸੇਵਾ ਨਹੀਂ ਕਰ ਸਕਦਾ ਕਿਉਂਕਿ-

***ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥ ਪੰਨਾ - 51***

ਜਿਸ ਨੂੰ ਜ਼ਰਾ ਕੁ ਗੱਲ ਕਹੀ ਤੇ ਗੁੱਸਾ ਆ ਜਾਵੇ, ਕਹਿੰਦੇ ਉਹ ਸੇਵਕ ਨਹੀਂ ਹੋਇਆ ਕਰਦਾ, ਉਹ ਤਾਂ ਰਸਮ ਪੂਰੀ ਕਰਨ ਵਾਲਾ ਹੈ। ਆਮ ਤੁਸੀਂ ਦੇਖ ਲਓ ਅਖੰਡ ਪਾਠ ਕਰਦੇ ਨੇ, ਥੋੜ੍ਹਾ ਜਿਹਾ ਸਮਾਂ, 10 ਮਿੰਟ ਉਪਰ ਲੰਘ ਜਾਣ, ਅੱਗ ਬਗੋਲਾ ਹੋ ਜਾਂਦਾ ਹੈ, ਉਂਞ ਸੇਵਾ ਕਰਦਾ ਹੈ। ਇੰਜ ਤਾਂ ਸੇਵਾ ਨਹੀਂ ਹੁੰਦੀ, ਉਸ ਨੂੰ ਤਾਂ ਸ਼ੁਕਰ 'ਚ ਰਹਿਣਾ ਚਾਹੀਦਾ ਹੈ ਕਿ ਮੇਰੇ ਤੋਂ ਮਹਾਰਾਜ ਸੇਵਾ ਲੈਂਦੇ ਨੇ, ਕਿਤੇ ਸੇਵਾ ਨਾ ਮੇਰੇ ਤੋਂ ਖੋਹ ਲੈਣ। ਸੇਵਾ ਦੀ ਥਾਂ ਤੇ ਅਭਿਮਾਨ ਆ ਜਾਂਦਾ ਹੈ। ਉਹਦਾ ਕਾਰਨ ਇਹ ਹੈ ਕਿ ਬਿਰਤੀ 'ਚ ਫਰਕ ਹੈ। ਜੇ ਬਿਰਤੀ 'ਚ ਨਾ ਫਰਕ ਹੋਵੇ, ਸਿਧਾਂਤ ਤੇ ਅਮਲ ਦੋ ਚੀਜ਼ਾਂ ਇਕੱਠੀਆਂ ਹੋ ਜਾਣ, ਫੇਰ ਨਤੀਜਾ ਨਿਕਲਿਆ ਕਰਦਾ ਹੈ। ਜੇ ਸਿਧਾਂਤ ਤੇ ਅਮਲ 'ਚ ਫਰਕ ਹੋਵੇ, ਫੇਰ ਨਹੀਂ ਨਿਕਲਿਆ ਕਰਦਾ। ਸੇਵਾ ਦਿਖਾ ਕੇ ਕਰਨੀ ਮਹਾਰਾਜ ਕਹਿੰਦੇ ਲੇਖੇ 'ਚ ਨਹੀਂ ਪੈਂਦੀ-

***ਵਿਚਿ ਹਉਮੈ ਸੇਵਾ ਥਾਇ ਨ ਪਾਏ॥ ਪੰਨਾ - 1070***

ਸੇਵਾ ਥਾਂ ਨਹੀਂ ਪੈਂਦੀ ਜੇ ਅਭਿਮਾਨ ਦੇ ਪ੍ਰਭਾਵ 'ਚ ਵਿਚ ਕਰਦਾ ਹੈ। ਜੇ ਸੇਵਾ ਕਰਨੀ ਹੈ ਤਾਂ -

***ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ॥ ਭਾਈ ਗੁਰਦਾਸ ਜੀ ਦੀ***

***ਵਾਰ 27/19***

ਉਹਦਾ ਚਾਹੇ ਆਦਰ ਕਰਦੈ, ਚਾਹੇ ਪ੍ਰਸੰਸਾ ਕਰਦੈ, ਨਹੀਂ ਕਰਦਾ। ਸਾਨੂੰ ਆਦਤ ਪਈ ਹੈ ਕਿ ਸੇਵਾ ਕਰਦਾ ਹੈ ਤਾਂ ਅਸੀਂ ਉਹਦੀ ਪ੍ਰਸੰਸਾ ਕਰਦੇ ਹਾਂ ਕਿ ਇਹ ਜੋੜਿਆਂ ਵਾਲੇ ਬੜੀ ਸੇਵਾ ਕਰਦੇ ਨੇ, ਦੇਖੋ ਕਿੰਨੀ ਮਿਹਨਤ ਕਰ ਰਹੇ ਹਨ। ਇਸ ਦਾ ਫਾਇਦਾ ਕੀ ਹੋਇਆ? ਉਹ ਤਾਂ ਗੁਰੂ ਨੂੰ ਖੁਸ਼ ਕਰਨ ਵਾਸਤੇ ਕਰ ਰਹੇ ਨੇ, ਪ੍ਰਸੰਸਾ ਲੈਣ ਵਾਸਤੇ ਤਾਂ ਨਹੀਂ ਕਰ ਰਹੇ। ਜੇ ਪ੍ਰਸੰਸਾ ਦੀ ਉਹਨਾਂ ਦੇ ਮਨ ਵਿਚ ਖਾਹਿਸ਼ ਹੈ ਤਾਂ ਉਹਨਾਂ ਦੀ ਸੇਵਾ ਕਿਸੇ ਥਾਂ ਨਹੀਂ ਪੈਂਦੀ। ਕੇਵਲ ਦਿਖਾਵਾ ਤੇ ਪ੍ਰਸੰਸਾ ਕਰਾਉਂਦੀ ਹੈ। ਸੋ ਜਿਹੜਾ ਮੁਰੀਦ ਮੁਰਦੇ ਵਾਂਗ ਹੋ ਕੇ ਸੇਵਾ ਕਰਦਾ ਹੈ ਉਹਦੇ 'ਚ ਕੋਈ ਵੀ ਇੱਛਾ ਨਹੀਂ ਹੁੰਦੀ, ਕੇਵਲ ਇਕ ਇੱਛਾ ਹੁੰਦੀ ਹੈ ਕਿ ਮੇਰਾ ਗੁਰੂ ਪ੍ਰਸੰਨ ਹੋ ਜਾਵੇ। ਸੇਵਾ ਦੇ ਵਿਚ ਪ੍ਰਾਪਤੀਆਂ ਨੇ ਸਾਧ ਸੰਗਤ ਜੀ! ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਕਰਕੇ ਕੋਈ ਵੇਖ ਲਓ,***
***ਸੇਵਾ ਤੋਂ ਮਿਲਦੈ ਮੇਵਾ –2, 2.***

***ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ॥ ਪੰਨਾ – 116***

ਇਕ ਦੋ ਚਾਰ ਚੀਜ਼ਾਂ ਨਹੀਂ, ਕਹਿੰਦੇ ਜਿੰਨੀਆਂ ਵੀ ਉਸ ਦੀ ਇੱਛਾ ਹੈ, ਉਹ ਸਾਰੀਆਂ ਮਿਲ ਜਾਂਦੀਆਂ ਹਨ।

***ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ॥***
***ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ॥***
***ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ॥ ਪੰਨਾ – 116***

ਪੂਰੇ ਭਾਗ ਹੋਣ ਤਾਂ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੀ ਸੇਵਾ ਜਿਸ ਨੇ ਕਰ ਲਈ, ਗੁਰੂ ਨੂੰ ਪ੍ਰਸੰਨ ਕਰ ਲਿਆ, ਉਸ ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ।

***ਧਰਤੀ ਬੀਉ ਬੀਜਾਇ ਸਹਸ ਫਲਾਇਆ॥ ਭਾਈ ਗੁਰਦਾਸ ਜੀ ਦੀ ਵਾਰ 14/20***

ਧਰਤੀ 'ਚ ਇਕ ਦਾਣਾ ਪਾ ਦਿਓ। ਪਹਿਲਾਂ ਸੇਵਾ ਕੀਤੀ, ਪੰਜ ਸੱਤ ਵਾਰੀ ਹੱਲ ਵਾਹਿਆ, ਨਦੀਣ ਕੱਢਿਆ, ਮਿੱਟੀ ਬਰੀਕ ਕੀਤੀ, ਪਾਣੀ ਦਿੱਤਾ ਤੇ ਵੱਤਰ ਤੇ ਲਿਆ ਕੇ ਇਕ ਦਾਣਾ ਪਾ ਦਿੱਤਾ। ਕਹਿੰਦੇ ਉਹ ਇਕ ਦਾਣਾ ਜਿਹੜਾ ਹੈ ਉਹ ਸੈਂਕੜੇ ਗੁਣਾਂ ਹੋ ਕੇ ਫਲ ਗਿਆ –

***ਧਰਤੀ ਬੀਉ ਬੀਜਾਇ ਸਹਸ ਫਲਾਇਆ॥***
***ਗੁਰਸਿਖ ਮੁਖਿ ਪਵਾਇ ਨ ਲੇਖ ਲਿਖਾਇਆ॥ ਭਾਈ ਗੁਰਦਾਸ ਜੀ ਦੀ ਵਾਰ 14/20***

ਕਹਿੰਦੇ ਜੇ ਗੁਰਸਿਖ ਨੂੰ ਪ੍ਰਸ਼ਾਦਾ ਛਕਾ ਦੇਵੇ ਕੋਈ, ਉਹਦਾ ਜਿਹੜਾ ਫਲ ਮਿਲਣਾ ਹੈ, ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਦਾ ਮਾਣ ਪ੍ਰਾਪਤ ਹੈ, ਕਹਿੰਦੇ ਉਹ ਲਿਖਿਆ ਨਹੀਂ ਜਾ ਸਕਦਾ ਕਿ ਕੀ ਫਲ ਹੁੰਦੈ, ਇਸ ਦਾ ਮਤਲਬ ਹੈ ਕਿ ਬਹੁਤ ਵੱਡਾ ਫਲ ਹੈ। ਆਮ ਵੀ ਫਲ ਹੁੰਦਾ ਹੈ। ਰਾਜਾ ਬਿਕਰਮਾਜੀਤ ਜੋ 2000 ਸਾਲ ਪਹਿਲਾਂ ਹਿੰਦੁਸਤਾਨ 'ਚ ਹੋਏ ਨੇ ਤੇ ਜਿਨ੍ਹਾਂ ਦੇ ਰਾਜ ਨੂੰ ਸਤਿਜੁਗ ਦਾ ਰਾਜ ਕਿਹਾ ਜਾਂਦਾ ਹੈ। ਉਹਨਾਂ ਦੇ ਵੱਡੇ ਵੱਡੇ ਸ਼ਿਲਾ ਲੇਖ ਮਿਲਦੇ ਹਨ ਤੇ ਇਕ ਲੇਖ ਮੰਦਰ 'ਚ ਲੱਗਿਆ ਹੋਇਆ ਹੈ। ਉਹਦੇ 'ਚ ਇਹ ਲਿਖਦੇ ਨੇ ਕਿ ਤਾਸ਼ਕੰਦ ਤੋਂ ਲੈ ਕੇ ਬ੍ਰਹਮਾ ਤੱਕ ਉਹਨਾਂ ਦਾ ਰਾਜ ਸੀ। ਅਫਗਾਨਿਸਤਾਨ ਵਗੈਰਾ ਸਾਰਾ ਉਹਨਾਂ ਦਾ ਰਾਜ ਸੀ ਤੇ ਇੰਤਜ਼ਾਮ ਕਿੱਡਾ ਸੀ, ਕਹਿੰਦੇ ਕੋਈ ਚੋਰ ਨਹੀਂ ਹੈ ਸਾਰੇ ਰਾਜ ਵਿਚ। ਇਸ ਕਰਕੇ ਮੈਂ ਹੁਕਮ ਕਰ ਦਿੱਤਾ ਹੈ ਕਿ ਕੋਈ ਬੰਦਾ ਆਪਣੇ ਘਰ ਨੂੰ ਤਾਲਾ ਨਾ ਲਾਵੇ, ਜੌਹਰੀਆਂ ਨੂੰ ਹੁਕਮ ਸੀ ਕਿ ਸੋਨੇ ਦੀਆਂ ਦੁਕਾਨਾਂ ਨੂੰ ਤਾਲਾ ਨਹੀਂ ਲਾਉਣਾ ਬਿਲਕੁਲ। ਤਾਲਾ ਲਾਉਣਾ ਇਹ ਦਸਦਾ ਹੈ ਕਿ ਸਰਕਾਰ ਦੇ ਉਤੇ ਬੇਵਿਸ਼ਵਾਸੀ ਹੈ। ਲੋਕਾਂ ਨੂੰ ਵਿਸ਼ਵਾਸ ਨਹੀਂ ਹੈ ਸਰਕਾਰ ਦੇ ਉਤੇ। ਕਿੱਡੀ ਵੱਡੀ ਬਾਤ ਸੀ ਉਸ ਵੇਲੇ, ਇਹ 2000 ਸਾਲ ਪਹਿਲਾਂ ਦੀ

ਗੱਲ ਹੈ। ਫੇਰ ਲਿਖਦੇ ਨੇ ਕਿ ਮੇਰੇ ਰਾਜ ਦੇ ਅੰਦਰ ਕੋਈ ਕਲਾਲਖਾਨਾ ਨਹੀਂ। ਕਲਾਲਖਾਨਾ ਸ਼ਰਾਬ ਖਾਨੇ ਨੂੰ ਕਹਿੰਦੇ ਨੇ ਤੇ ਸਾਰੇ ਰਾਜ ਦੇ ਅੰਦਰ ਕੋਈ ਵੀ ਆਦਮੀ ਸ਼ਰਾਬ ਨਹੀਂ ਪੀਂਦਾ, ਤੇ ਮੇਰੇ ਰਾਜ ਦੇ ਅੰਦਰ ਵੇਸਵਾ ਨਹੀਂ ਹੈ, ਕੋਈ ਵਿਭਚਾਰੀ ਨਹੀਂ ਹੈ, ਸਾਰੇ ਕਰਮ-ਧਰਮ ਦੇ ਪੱਕੇ ਲੋਕ ਨੇ।

ਇਕ ਦਿਨ ਉਸ ਨੇ ਆਪਣਾ ਪ੍ਰਤਾਪ ਦੇਖ ਕੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਉਹ ਕਿਹੜਾ ਕਰਮ ਹੈ ਜਿਹੜਾ ਕਰਮ ਕਰਨ ਦੇ ਨਾਲ ਮੈਨੂੰ ਐਡਾ ਅਮਨ ਚੈਨ ਵਾਲਾ ਰਾਜ ਪ੍ਰਾਪਤ ਹੋਇਐ। ਰਾਜ ਤਾਂ ਪ੍ਰਾਪਤ ਹੋ ਜਾਂਦਾ ਹੈ ਪਰ ਅਮਨ ਚੈਨ ਵਾਲਾ ਰਾਜ ਕਿਸੇ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦਾ ਹੈ। ਡੇਢ ਸੌ ਸਾਲ ਦੀ ਉਮਰ ਬਿਕਰਮਾਜੀਤ ਦੀ ਹੋਈ ਹੈ। ਉਹ ਡੇਢ ਸੌ ਸਾਲ ਦਾ ਸੀ ਜਦੋਂ ਰਾਜੇ ਸ਼ੱਲ ਨਾਲ ਉਹਦਾ ਯੁੱਧ ਹੋਇਆ। ਸੋ ਉਸ ਨੇ ਆਪਣੇ ਰਾਜ ਜੋਤਸ਼ੀਆਂ ਨੂੰ ਬੁਲਾਇਆ ਕਿ ਇਹ ਦੱਸੋ ਕਿ ਮੇਰਾ ਕਿਹੜਾ ਕਰਮ ਹੈ ਜਿਸ ਕਰਕੇ ਇਹ ਐਡਾ ਰਾਜ ਪ੍ਰਾਪਤ ਹੋਇਆ। ਬੜੇ ਹਿਸਾਬ-ਕਿਤਾਬ ਕੱਢੇ ਉਨ੍ਹਾਂ ਨੇ, ਕੱਖ ਨਹੀਂ ਸਮਝ 'ਚ ਪੈਂਦੀ। ਨਾਲ ਉਹਨੇ ਕਹਿ ਦਿਤਾ ਕਿ ਇਕ ਹਫਤੇ ਦੀ ਮੋਹਲਤ ਹੈ। ਜੇ ਤੁਸੀਂ ਨਾ ਦੱਸ ਸਕੇ, ਮੈਂ ਤੁਹਾਨੂੰ ਸਜ਼ਾ ਦੇਵਾਂਗਾ - ਸਖਤ ਸਜ਼ਾ, ਹੋ ਸਕਦਾ ਹੈ ਕਿ ਮੈਂ ਤੁਹਾਨੂੰ ਸਜਾਏ ਮੌਤ ਤੱਕ ਵੀ ਦੇਵਾਂ। ਸੋ ਇਸ ਤਰ੍ਹਾਂ ਦੀ ਜਦ ਬਾਤ ਹੋਈ, ਸਾਰੇ ਫਿਕਰ 'ਚ ਪੈ ਗਏ। ਜਦੋਂ 6 ਦਿਨ ਲੰਘੇ, ਰਾਜ ਜੋਤਸ਼ੀ ਦਾ ਚਿਹਰਾ ਉਤਰ ਗਿਆ ਤਾਂ ਉਸ ਦੀ ਲੜਕੀ ਨੇ ਪੁਛਿਆ ਕਿ ਪਿਤਾ ਜੀ! ਕੀ ਕਾਰਨ ਹੈ ਤੁਸੀਂ ਐਨੇ ਗਮਗੀਨ ਕਿਉ ਰਹਿੰਦੇ ਹੋ? ਗੱਲ ਦੱਸ ਦੇਈਦੀ ਹੈ, ਜੇ ਕੋਈ ਨਾ ਦੱਸਣ ਵਾਲਾ ਹੋਵੇ ਤਾਂ ਕੰਧ ਨੂੰ ਗੱਲ ਦੱਸ ਦਿਓ; ਜੇ ਕੋਈ ਸਲਾਹ ਦੇਣ ਵਾਲਾ ਨਾ ਹੋਵੇ ਤਾਂ ਕੰਧ ਤੋਂ ਸਲਾਹ ਲੈ ਲਵੋ। ਇਸ ਦਾ ਮਤਲਬ ਹੈ, ਸਲਾਹ ਲੈ ਕੇ ਕੰਮ ਕਰੋ। ਕਿਸੇ ਆਪਣੇ ਹਮਦਰਦੀ ਨੂੰ ਭੇਦ ਖੋਲ੍ਹ ਦਿਓ, ਕੋਈ ਹੱਲ ਕਰ ਦੇਵੇਗਾ। ਕਹਿਣ ਲੱਗੀ, "ਤੁਸੀਂ ਦੱਸੋ, ਆਪਣੇ ਆਪ 'ਚ ਨਾ ਗੱਲ ਰੱਖੋ।" ਕਹਿਣ ਲੱਗੇ, "ਬੇਟਾ! ਮਹਾਰਾਜਾ ਬਿਕਰਮਾਜੀਤ ਨੇ ਇਕ ਪ੍ਰਸ਼ਨ ਕੀਤਾ ਹੈ ਤੇ ਇਸਦਾ ਉੱਤਰ ਕੋਈ ਨਹੀਂ ਲੱਭ ਸਕਿਆ ਅਜੇ ਤੱਕ।" ਕਹਿੰਦੀ, "ਲੈ ਇਹ ਤਾਂ ਤੁਸੀਂ ਮੈਨੂੰ ਪਹਿਲਾਂ ਹੀ ਦਸਦੇ, ਮੈਂ ਜਵਾਬ ਦੇਵਾਂਗੀ।" ਸੱਤਵਾਂ ਦਿਨ ਆ ਗਿਆ, ਦਰਬਾਰ ਲੱਗ ਗਿਆ, ਲੜਕੀ ਦਰਬਾਰ 'ਚ ਬੈਠ ਗਈ ਜਾ ਕੇ। ਉਸ ਦੇ ਪਿਤਾ ਨੇ ਕਿਹਾ, ਮਹਾਰਾਜ! ਇਸ ਗੱਲ ਦਾ ਜਵਾਬ ਮੇਰੀ ਲੜਕੀ ਦੇਵੇਗੀ ਕਿ ਤੁਸੀਂ ਕਿਹੜਾ ਚੰਗਾ ਕਰਮ ਕਰਿਐ, ਜਿਸ ਦੇ ਕਰਕੇ ਤੁਹਾਨੂੰ ਐਡਾ ਰਾਜ ਪ੍ਰਾਪਤ ਹੋਇਆ ਹੈ। ਲੜਕੀ ਨੂੰ ਬੁਲਾਇਆ, ਉਸ ਨੇ ਝੁਕ ਕੇ ਪ੍ਰਣਾਮ ਕੀਤੀ, ਕਹਿਣ ਲੱਗੀ, "ਮਹਾਰਾਜ! ਦੱਸ ਤਾਂ ਮੈਂ ਦਿੰਦੀ ਹਾਂ ਪਰ ਤੁਹਾਨੂੰ ਯਕੀਨ ਨਹੀਂ ਆਉਣਾ, ਇਸ ਕਰਕੇ ਯਕੀਨ ਆਉਣ ਵਾਸਤੇ ਤੁਸੀਂ ਖੇਚਲ ਕਰੋ ਕਿ ਇਥੋਂ 30 ਮੀਲ ਦੇ ਉਤੇ ਇਕ ਮਹਾਤਮਾ ਰਹਿੰਦੇ ਨੇ ਤੇ ਉਹ ਸਵਾਹ ਪੀਂਦੇ ਨੇ ਘੋਲ ਕੇ, ਉਹਨਾਂ ਦੇ ਕੋਲ ਚਲੇ ਜਾਓ, ਉਹ ਤੁਹਾਡੇ ਪ੍ਰਸ਼ਨ ਦਾ ਜਵਾਬ ਦੇਣਗੇ। ਉਸੇ ਤਰ੍ਹਾਂ ਕੀਤਾ ਗਿਆ ਉਥੇ ਜਾ ਕੇ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰੀ। ਉਸ ਤੋਂ ਬਾਅਦ ਪੁੱਛਿਆ, ਤਾਂ ਆਪ ਨੇ ਫੁਰਮਾਇਆ ਕਿ ਮੈਂ ਦੱਸ ਤਾਂ ਦਿੰਦਾ ਹਾਂ ਪਰ ਤੈਨੂੰ ਯਕੀਨ ਨਹੀਂ ਆਉਣਾ ਇਥੋਂ ਕੁਝ ਮੀਲਾਂ ਦੇ ਫਾਸਲੇ ਤੇ ਇਕ ਹੋਰ ਮਹਾਤਮਾ ਨੇ, ਉਹ ਅੰਗਿਆਰ ਖਾਂਦੇ ਨੇ, ਉਹ ਤੇਰੇ ਪ੍ਰਸ਼ਨ ਦਾ ਜਵਾਬ ਦੇਣਗੇ। ਉਥੇ ਚਲਿਆ ਗਿਆ ਤਾਂ ਉਹ ਮਹਾਤਮਾ ਕਹਿਣ ਲੱਗੇ ਕਿ ਪ੍ਰਸ਼ਨ ਦਾ ਜਵਾਬ ਤਾਂ ਅਸੀਂ ਦੇ ਸਕਦੇ ਹਾਂ, ਹੋ ਸਕਦਾ ਹੈ ਤੈਨੂੰ ਵਿਸ਼ਵਾਸ ਨਾ ਆਏ। ਤੇਰਾ ਜਵਾਬ ਇਕ ਬੱਚੇ ਨੇ ਦੇਣਾ ਹੈ, ਉਹਨੇ ਕੱਲ੍ਹ ਨੂੰ ਜਨਮ ਲੈਣੈ - ਫਲਾਣੇ ਪਿੰਡ ਦੇ ਅੰਦਰ, ਤੇ ਕੁਝ ਘੜੀਆਂ ਉਸਨੇ ਜਿਉਣੈ। ਤੇਰਾ ਜਵਾਬ ਦੇਣ ਵਾਸਤੇ ਆਉਂਦਾ ਹੈ ਬਾਰ-ਬਾਰ ਸੰਸਾਰ ਤੇ, ਅਤੇ ਮਰ ਜਾਂਦਾ ਹੈ ਕਿਉਂਕਿ ਤੂੰ ਉਸ ਤੋਂ ਪੁਛਣ ਨਹੀਂ ਜਾ ਰਿਹਾ। ਅਤਾ-ਪਤਾ ਲੈ ਲਿਆ, ਜਾ ਕੇ ਇੰਤਜ਼ਾਰ ਕੀਤਾ, ਬੱਚਾ ਪੈਦਾ ਹੋਇਆ, ਬਿਕਰਮਾਜੀਤ ਕੋਲ ਲਿਆਂਦਾ ਤਾਂ ਇਸ ਨੇ ਸਵਾਲ ਕਰਿਆ, ਬੱਚਾ ਖਿੜ-ਖੜਾ ਕੇ ਹੱਸਿਆ, ਕਹਿਣ ਲੱਗਿਆ, "ਰਾਜਨ! ਚੰਗਾ ਹੋਇਆ ਤੂੰ ਆ ਗਿਆ।" ਤੂੰ, ਮੈਂ ਤੇ ਅੰਗਿਆਰ ਖਾਣ ਵਾਲਾ ਤੇ ਸਵਾਹ ਘੋਲ ਕੇ ਪੀਣ ਵਾਲਾ ਸਾਧੂ, ਆਪਾਂ ਚਾਰੇ ਤਪ ਕਰ ਰਹੇ ਸੀ। ਕਿੰਨੇ ਜਨਮ ਲੰਘ ਗਏ ਤੇ ਆਪਣੀ ਭਗਤੀ ਅਤੇ ਤਪ ਤੇ ਪ੍ਰਸੰਨ ਹੋ ਕੇ ਵਿਸ਼ਨੂੰ ਭਗਵਾਨ ਨੇ ਕਸਵੱਟੀ ਲਾ ਕੇ ਪਰਖਣਾ ਚਾਹਿਆ ਕਿ ਖਰਾ ਕਿਹੜਾ ਹੈ ਤੇ ਖੋਟਾ ਕਿਹੜਾ ਹੈ। ਪਹਿਲਾਂ ਉਹ ਮਹਾਤਮਾ ਕੋਲ ਆਏ। ਦੋ ਰੋਟੀਆਂ ਆਪਾਂ ਨੂੰ ਲੜਕੀ ਲਿਆ ਕੇ ਦਿੰਦੀ ਹੁੰਦੀ ਸੀ। ਉਹ ਲੜਕੀ ਉਹ ਹੀ ਸੀ ਜੋ ਵਜ਼ੀਰ ਦੀ ਲੜਕੀ ਹੈ ਅੱਜ ਕਲ੍ਹ। ਇਹ ਆਪਾਂ ਲਈ 8 ਰੋਟੀਆਂ ਲਿਆਉਂਦੀ ਸੀ, ਆਪਾਂ ਦੋ-ਦੋ ਵੰਡ

ਲੈਂਦੇ ਸੀ। ਭਗਵਾਨ ਅਤਿਥੀ ਦੇ ਰੂਪ ਵਿਚ ਆਪਣੇ ਕੋਲ ਆ ਗਏ ਤੇ ਇਹਨਾਂ ਨੇ ਪਹਿਲੇ ਮਹਾਤਮਾ ਨੂੰ ਕਿਹਾ ਕਿ ਮੈਂ ਬੜਾ ਭੁੱਖਾ ਹਾਂ, ਮੈਨੂੰ ਪ੍ਰਸ਼ਾਦਾ ਦਿਓ। ਉਹਨੇ ਅੱਧੀ ਰੋਟੀ ਦੇ ਦਿਤੀ, ਫੇਰ ਅੱਧੀ ਦੇ ਦਿੱਤੀ, ਫੇਰ ਅੱਧੀ ਦੇ ਦਿੱਤੀ, ਜਦੋਂ ਬਾਕੀ ਦੀ ਅੱਧੀ ਮੰਗੀ, ਉਹ ਕਹਿੰਦਾ ਕਿਉਂ, ਮੈਂ ਸਵਾਹ ਘੋਲ ਕੇ ਪੀਵਾਂਗਾ? ਕਹਿੰਦੇ ਉਹਨਾਂ ਨੇ ਕਿਹਾ, 'ਤਥਾ-ਅਸਤੂ।' ਅੱਗੇ ਦੂਸਰੇ ਮਹਾਤਮਾ ਨੂੰ ਪੁਛਿਆ, ਉਸ ਨੇ ਵੀ ਇਸੇ ਤਰ੍ਹਾਂ ਕਰਿਆ ਤੇ ਉਸਨੇ ਕਿਹਾ, ਕੀ ਮੈਂ ਅੰਗਿਆਰ ਖਾਊਂ - ਪਿਛਲੀ ਅੱਧੀ ਦੇ ਕੇ? ਕਹਿੰਦੇ, 'ਤਥਾ ਅਸਤੂ'। ਮੇਰੇ ਕੋਲ ਆਏ, ਮੈਂ ਵੀ ਇਸੇ ਤਰ੍ਹਾਂ ਕੀਤਾ। ਮੈਂ ਅੱਧੀ ਰੋਟੀ ਆਪਣੇ ਵਾਸਤੇ ਰੱਖੀ, ਜਦੋਂ ਉਹ ਵੀ ਉਸਨੇ ਮੰਗੀ ਤਾਂ ਮੈਂ ਕਿਹਾ ਕਿ ਕੀ ਮੈਂ ਭੁੱਖਾ ਮਰਾਂਗਾ? ਕਹਿੰਦੇ, 'ਤਥਾ-ਅਸਤੂ।' ਤੇਰੇ ਕੋਲ ਆਏ, ਤੂੰ ਦੋਵੇਂ ਪ੍ਰਸ਼ਾਦੇ ਦੇ ਦਿਤੇ ਤੇ ਨਿਮਰਤਾ ਦੇ ਨਾਲ ਸੇਵਾ ਕਰੀ, ਬੇਨਤੀ ਕਰੀ ਕਿ ਮਹਾਰਾਜ! ਜੇ ਹੁਕਮ ਹੋਵੇ ਤਾਂ ਮੈਂ ਹੋਰ ਲੈ ਆਵਾਂ? ਉਹ ਪ੍ਰਸੰਨ ਹੋਏ ਤੇ ਉਹਨਾਂ ਨੇ ਆਪਣਾ ਰੂਪ ਦਿਖਾਇਆ ਤੇ ਉਹ ਦੋ ਪ੍ਰਸ਼ਾਦਿਆਂ ਦਾ ਬਦਲਾ ਤੈਨੂੰ ਇਹ ਐਡਾ ਵੱਡਾ ਰਾਜ ਮਿਲ ਗਿਆ ਭਾਰਤ ਵਰਸ਼ ਦਾ - ਅਤਿਥੀ ਸੇਵਾ ਦੇ ਬਦਲੇ। ਜਦੋਂ ਸਾਨੂੰ ਪਤਾ ਲਗਿਆ ਕਿ ਇਹ ਤਾਂ ਵਿਸ਼ਨੂੰ ਭਗਵਾਨ ਨੇ ਤਾਂ ਅਸੀਂ ਬੇਨਤੀ ਕੀਤੀ ਕਿ ਹੇ ਭਗਵਾਨ! ਅਸਾਡੀ ਕਲਿਆਣ ਕਦੋਂ ਹੋਵੇਗੀ? ਭਗਵਾਨ ਨੇ ਕਿਹਾ ਕਿ ਤੁਹਾਡਾ ਸਰਾਪ ਉਸ ਦਿਨ ਖਤਮ ਹੋਏਗਾ ਜਿਸ ਦਿਨ ਮੈਂ ਬਿਕਰਮਜੀਤ ਨੂੰ ਪ੍ਰੇਰਾਂਗਾ ਤੇ ਇਹ ਪੁਛੇਗਾ ਕਿ ਮੈਂ ਕਿਹੜਾ ਪੁੰਨ ਕੀਤਾ ਹੈ ਜਿਸ ਦੇ ਕਰਕੇ ਮੈਨੂੰ ਐਡਾ ਰਾਜ ਪ੍ਰਾਪਤ ਹੋਇਆ। ਉਸ ਵੇਲੇ ਤੇਰੇ ਕੋਲੋਂ ਪੁਛੇਗਾ - ਜਨਮ ਸਮੇਂ। ਉਸ ਦਿਨ ਫੇਰ ਤੁਹਾਡੇ ਸਾਰਿਆਂ ਦੇ ਸਰੀਰ ਛੁੱਟ ਕੇ ਬੇਕੁੰਠ ਧਾਮ 'ਚ ਜਾਓਂਗੇ। ਸੋ ਕਹਿਣ ਲੱਗੇ, ਰਾਜਨ! ਸਿਰਫ ਦੋ ਪ੍ਰਸ਼ਾਦੇ ਛਕਾਉਣ ਦਾ ਫਲ ਤੈਨੂੰ ਐਡਾ ਰਾਜ ਪ੍ਰਾਪਤ ਹੋਇਆ ਹੈ-

ਸੋ ਭਾਈ ਗੁਰਦਾਸ ਜੀ ਕਹਿੰਦੇ ਨੇ -

***ਗੁਰਸਿਖ ਮੁਖਿ ਪਵਾਇ ਨ ਲੇਖ ਲਿਖਾਇਆ॥ ਭਾਈ ਗੁਰਦਾਸ ਜੀ ਦੀ ਵਾਰ 14/20***

ਬਿਕਰਮਾਜੀਤ ਨੂੰ ਤਾਂ ਰਾਜ ਮਿਲ ਗਿਆ। ਪਰ ਜਿਹੜਾ ਗੁਰਸਿਖ ਨੂੰ ਪ੍ਰਸ਼ਾਦਾ ਛਕਾ ਦਿੰਦਾ ਹੈ - ਬ੍ਰਹਮਗਿਆਨੀ ਮਹਾਂਪੁਰਸ਼ ਨੂੰ, ਕਹਿੰਦੇ ਉਹਦਾ ਲੇਖਾ ਹੀ ਨਹੀਂ ਹੈ ਕਿੰਨਾ ਪੁੰਨ ਬਣ ਜਾਂਦਾ ਹੈ -

***ਧਰਤੀ ਦੇਇ ਫਲਾਇ ਜੋਈ ਫਲ ਪਾਇਆ॥ ਭਾਈ ਗੁਰਦਾਸ ਜੀ ਦੀ ਵਾਰ 14/20***

ਧਰਤੀ 'ਚ ਕੋਈ ਬੀਜ ਪਾ ਲਓ, ਉਹ ਫਲ ਲਿਆ ਹੀ ਦਿੰਦੀ ਹੈ। ਕੋਈ ਬੀਜ, ਬੀਜ ਲਓ, ਗੁਠਲੀ ਬੀਜ ਦਿਓ, ਅੰਬ ਆ ਹੀ ਜਾਵੇਗਾ। ਕਣਕ ਦਾ ਦਾਣਾ ਬੀਜ ਦਿਓ, ਕਣਕ ਆ ਹੀ ਜਾਏਗੀ।

***ਗੁਰ ਸਿਖ ਮੁਖਿ ਸਮਾਇ ਸਭ ਫਲ ਲਾਇਆ।***
***ਬੀਜੇ ਬਾਝੁ ਨ ਖਾਇ ਨ ਧਰਤਿ ਜਮਾਇਆ। ਭਾਈ ਗੁਰਦਾਸ ਜੀ ਦੀ ਵਾਰ 14/20***

ਜਿਹੜਾ ਬੀਜਦਾ ਹੀ ਨਹੀਂ, ਉਹ ਖਾਏਗਾ ਕੀ? ਦੇਖੋ ਨਾ ਤੁਸੀਂ ਸੋਚ ਕੇ? ਮੈਂ ਤਾਂ ਕਹਿ ਰਿਹਾ ਹਾਂ ਭਾਈ ਬੀਜ ਲਓ ਜੇ ਬੀਜ ਹੁੰਦੈ ਕਿਸੇ ਤੇ। ਮਹਾਰਾਜ ਜੀ ਕਹਿੰਦੇ ਮਿਲਣਾ ਨਹੀਂ। ਬੀਜੇ ਬਿਨਾ, ਪੜ੍ਹੋ ਪਿਆਰ ਨਾਲ -

***ਧਾਰਨਾ - ਕਿਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ,***
***ਕਿੱਕਰਾਂ ਦੇ ਬੀਜ ਬੀਜ ਕੇ -2, 2.***
***ਮੇਰੇ ਪਿਆਰੇ, ਕਿੱਕਰਾਂ ਦੇ ਬੀਜ ਬੀਜ ਕੇ -2, 2.***
***ਕਿਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ ... -2.***

***ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ॥***
***ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ ਪੰਨਾ - 1379***

ਕਿੱਕਰਾਂ ਦੇ ਬੀਜ ਬੀਜੋਗੇ ਤਾਂ ਕੰਡਿਆਂ ਵਾਲੀਆਂ ਕਿੱਕਰਾਂ ਹੀ ਜੰਮਣਗੀਆਂ। ਫੇਰ ਕਿਥੋਂ ਭਾਲਦਾ ਹੈਂ – ਦਾਖ ਬਿਜੌਰੀਆਂ? ਕਿਉਂਕਿ ਇਹ ਗੱਲ ਬੰਦੇ ਦੇ ਅਜੇ ਤੱਕ ਸਮਝ 'ਚ ਨਹੀਂ ਆਈ ਸੋ ਮਹਾਰਾਜ ਕਹਿੰਦੇ –

***ਬੀਜੇ ਬਾਝੁ ਨ ਖਾਇ ਨ ਧਰਤਿ ਜਮਾਇਆ।*** ***ਭਾਈ ਗੁਰਦਾਸ ਜੀ ਦੀ ਵਾਰ 14/20***

ਜਦ ਬੀਜਣਾ ਹੀ ਨਹੀਂ ਤਾਂ ਖਾਏਂਗਾ ਕਿਥੋਂ?

ਇਕ ਵਾਰੀ ਅਕਬਰ ਨੇ ਬੀਰਬਲ ਨੂੰ ਕਿਹਾ, ਚਾਰ ਬੰਦੇ ਲਿਆ ਕੇ ਮੈਨੂੰ ਦੱਸ। ਇਕ ਤਾਂ ਉਹ ਜਿਹੜਾ ਤਿੰਨ ਜਨਮ ਦਾ ਕੰਗਾਲ ਹੋਵੇ, ਇਕ ਉਹ ਜਿਹੜਾ ਤਿੰਨ ਜਨਮ ਦਾ ਅਮੀਰ ਹੋਵੇ। ਇਕ ਉਹ ਜਿਹੜਾ ਹੁਣ ਸੁਖੀ ਅਗੇ ਦੁਖੀ ਹੋਵੇ, ਇਕ ਉਹ ਜਿਹੜਾ ਹੁਣ ਦੁਖੀ ਅਗੇ ਸੁਖੀ ਹੋਵੇ। ਹਫਤੇ ਦੀ ਮੋਹਲਤ ਲੈ ਲਈ, ਚਾਰੇ ਬੰਦੇ ਲਿਆ ਕੇ ਖੜ੍ਹੇ ਕਰ ਦਿੱਤੇ। ਕਹਿੰਦਾ ਮੈਂ ਕਿਵੇਂ ਜਾਣਾ ਕਿ ਤੂੰ ਲੈ ਆਇਆ? ਕਹਿੰਦਾ ਮਹਾਰਾਜ! ਆਹ ਇਕ ਅਮੀਰ ਆਦਮੀ ਸੇਠ ਹੈ। ਇਸ ਨੇ ਛੇਤਰ ਲਵਾਏ ਹੋਏ ਨੇ, ਲੰਗਰ ਚਲ ਰਹੇ ਨੇ, ਭੁੱਖਾ ਆ ਕੇ ਪ੍ਰਸ਼ਾਦਾ ਛਕਦਾ ਹੈ, ਲੋੜ ਵੰਦ ਨੂੰ ਕੱਪੜਾ ਮਿਲਦਾ ਹੈ, ਬੀਮਾਰ ਨੂੰ ਦਵਾਈ ਮਿਲਦੀ ਹੈ ਤੇ ਬੇਅੰਤ ਧਨੀ ਹੈ। ਪਹਿਲਾਂ ਬੀਜਿਆ ਹੋਇਆ ਹੁਣ ਖਾ ਰਿਹਾ ਹੈ, ਹੁਣ ਜਿਹੜਾ ਬੀਜ ਰਿਹਾ ਹੈ ਉਹ ਅਗਲੇ ਜਨਮ 'ਚ ਖਾਏਗਾ, ਸੋ ਤਿੰਨ ਜਨਮ ਦਾ ਇਹ ਧਨੀ ਪੁਰਸ਼ ਹੈ। ਆਹ ਮਹਾਰਾਜ! ਕੰਗਾਲ ਹੈ – ਗਰੀਬੀ ਦਾ ਮਾਰਿਆ ਹੋਇਆ। ਪਹਿਲਾਂ ਕੁਝ ਦਾਨ ਨਹੀਂ ਕਰ ਸਕਿਆ, ਹੁਣ ਇਸ ਨੂੰ ਮਿਲਿਆ ਕੁਝ ਨਹੀਂ ਹੈ, ਹੁਣ ਇਹ ਬੀਜ ਨਹੀਂ ਰਿਹਾ, ਅਗਾਹਾਂ ਜਾ ਕੇ ਫੇਰ ਭੁੱਖਾ ਮਰੇਗਾ। ਆਹ ਇਕ ਵੇਸ਼ਵਾ ਹੈ, ਜਿਹੜੀ ਆਪਣੇ ਸਰੀਰ ਨੂੰ ਵੇਚਦੀ ਹੈ, ਹੁਸਨ ਨੂੰ ਵੇਚਦੀ ਹੈ, ਨੱਚਦੀ ਹੈ, ਗਾਉਂਦੀ ਹੈ ਅਤੇ ਬੇਅੰਤ ਧਨ ਕਮਾ ਰਹੀ ਹੈ ਪਰ ਨਤੀਜਾ ਇਹ ਹੈ ਕਿ ਹੁਣ ਪੈਸੇ ਦਾ ਸੁਖ ਭਾਲਦੀ ਹੈ, ਫੇਰ ਅਗਲੇ ਜਨਮ ਵਿਚ ਇਸ ਨੂੰ ਨਰਕ ਸਹਿਣੇ ਪੈਣੇ ਨੇ। ਕੁਸ਼ਟੀ ਸਰੀਰ ਮਿਲੇਗਾ, ਬੇਰੰਗ ਸਰੀਰ ਹੋਏਗਾ, ਨਕਸ਼ ਬਿਲਕੁਲ ਗੰਦੇ ਹੋਣਗੇ, ਦੁੱਖਾਂ ਦੀ ਭਰੀ ਹੋਈ, ਜਮਾਂਦਰੂ ਦੁਖਾਂ ਦਾ ਭਰਿਆ ਹੋਇਆ ਸਰੀਰ ਹੋਏਗਾ ਤੇ ਤ੍ਰਿਸਕਾਰ ਹੋਏਗਾ ਸਮਾਜ ਦੇ ਅੰਦਰ। ਸੋ ਇਹ ਦੁਖੀ ਹੋਏਗੀ ਅਗਲੇ ਜਨਮ ਵਿਚ। ਚੌਥਾ ਬੰਦਾ ਮਹਾਰਾਜ ਜੀ ਇਹ ਤਪੀ ਹੈ, ਧੂਣੀਆਂ ਤਾਪ ਰਿਹਾ ਹੈ, ਜਲ ਧਾਰੇ ਕਰ ਰਿਹਾ ਹੈ। ਤਪ ਦਾ ਫਲ ਰਾਜ ਹੋਇਆ ਕਰਦਾ ਹੈ।

***ਤਪੋਂ ਰਾਜ ਰਾਜੋਂ ਨਰਕ।***

ਜੇ ਰਾਜਾ ਧਰਮੀ ਨਾ ਰਹੇ, ਫੇਰ ਨਰਕਾਂ 'ਚ ਜਾਇਆ ਕਰਦਾ ਹੈ। ਸੋ ਮਹਾਰਾਜ! ਇਹ ਹੁਣ ਤਪ ਕਰਦਾ ਹੈ। ਕਿਉਂਕਿ ਇੱਛਾ ਨਾਲ ਕਰ ਰਿਹਾ ਹੈ ਇਸ ਕਰਕੇ ਇਹਦਾ ਫਲ ਇਸ ਨੂੰ ਰਾਜ ਮਿਲੇਗਾ। ਸੋ ਭਾਈ ਗੁਰਦਾਸ ਜੀ ਲਿਖਦੇ ਨੇ ਕਿ –

***ਬੀਜੇ ਬਾਝੁ ਨ ਖਾਇ ਨ ਧਰਤਿ ਜਮਾਇਆ॥*** ***ਭਾਈ ਗੁਰਦਾਸ ਜੀ ਦੀ ਵਾਰ 14/20***

ਧਰਤੀ ਕਿਵੇਂ ਜਮਾ ਦਏਗੀ, ਜੇ ਬੀਜਦਾ ਹੀ ਨਹੀਂ ਹੈ। ਦੁਖ ਬੀਜ ਕੇ ਹਜ਼ਾਰ ਦੁੱਖ ਮਿਲ ਜਾਂਦਾ ਹੈ। ਬੀਜ ਦਾ ਵੀ ਸਮਾਂ ਆਇਐ ਪਰ ਬੀਜ ਨਾ ਸਕਿਆ। ਸੋ ਇਸ ਤਰ੍ਹਾਂ ਦੇ ਨਾਲ –

***ਗੁਰਮੁਖਿ ਚਿਤਿ ਵਸਾਇ ਇਛਿ ਪੁਜਾਇਆ॥*** ***ਭਾਈ ਗੁਰਦਾਸ ਜੀ ਦੀ ਵਾਰ 14/20***

ਚਾਹੇ ਪੈਸੇ ਦੀ ਸੇਵਾ ਕਰਦਾ ਹੈ, ਚਾਹੇ ਸਰੀਰਕ ਤੌਰ ਤੇ ਕਰਦਾ ਹੈ, ਚਾਹੇ ਵਿਦਿਆ ਪੜ੍ਹਾਉਂਦਾ ਹੈ, ਚਾਹੇ ਡਾਕਟਰੀ ਕਰਦਾ ਹੈ, ਇਹ ਸਾਰੀਆਂ ਸੇਵਾਵਾਂ ਨੇ। ਜੇ ਪੁਲਿਸ ਦਾ ਸਿਪਾਹੀ ਠੀਕ ਤਰੀਕੇ ਨਾਲ ਆਪਣੀ ਡਿਊਟੀ ਦੇਵੇ, ਬਹੁਤ ਵੱਡੀ ਸੇਵਾ ਹੈ, ਉਹਦੇ ਜਿੰਨੀ ਸੇਵਾ ਕਿਸੇ ਦੀ ਵੀ ਨਹੀਂ ਹੈ ਕਿਉਂਕਿ ਸਾਰੇ ਲੋਕ ਸੁਖ ਅਰਾਮ ਨਾਲ ਸੌਂ ਸਕਦੇ ਨੇ, ਕਿਸੇ ਨੂੰ ਕਿਸੇ ਦਾ ਡਰ ਨਹੀਂ ਰਹਿੰਦਾ ਤੇ ਉਹਦੀ ਸੇਵਾ

ਦਾ ਫਲ ਬਹੁਤ ਵੱਡਾ ਹੋ ਜਾਂਦਾ ਹੈ। ਫੌਜ ਦਾ ਸਿਪਾਹੀ ਆਪਣੀ ਜਾਨ ਤਲੀ ਤੇ ਰੱਖ ਕੇ ਰੱਖਿਆ ਕਰ ਰਿਹਾ ਹੈ ਸਾਰੇ ਦੇਸ਼ ਦੀ। ਸੋ ਹਰ ਮੈਦਾਨ ਦੇ ਅੰਦਰ ਸੇਵਾ ਹੀ ਸੇਵਾ ਹੈ। ਕਹਿੰਦੇ ਸੇਵਾ ਦਾ ਫਲ ਮਿਲਦਾ ਹੈ ਕੋਈ ਵੀ ਕਰਕੇ ਦੇਖ ਲਓ। ਐਸੀਆਂ ਗੁਰੂ ਘਰ ਦੇ ਅੰਦਰ ਬੇਅੰਤ ਮਿਸਾਲਾਂ ਆਉਂਦੀਆਂ ਨੇ –

***ਗੁਰਸਿਖ ਮੁਖਿ ਪਵਾਇ ਨ ਲੇਖ ਲਿਖਾਇਆ। ਭਾਈ ਗੁਰਦਾਸ ਜੀ ਦੀ ਵਾਰ 14/20***

ਗੁਰੂ ਪੰਜਵੇਂ ਪਾਤਿਸ਼ਾਹ ਮਹਾਰਾਜ ਜੀ ਦੇ ਘਰ ਬਹੁਤ ਦੇਰ ਤੱਕ ਔਲਾਦ ਨਾ ਹੋਈ। ਮਾਤਾ ਕਰਮੋ ਜੀ, ਪ੍ਰਿਥੀ ਚੰਦ ਦੇ ਘਰੋਂ ਸਨ, ਇਕ ਦਿਨ ਉਹਨਾਂ ਨੇ ਤਾਨ੍ਹਾਂ ਮਾਰਿਆ ਜਦੋਂ ਮਾਤਾ ਗੰਗਾ ਜੀ ਨੇ ਬਸਤਰ ਸੁੱਕਣੇ ਪਾਏ ਹੋਏ ਸੀ। ਗੋਲੀ ਕਹਿਣ ਲੱਗੀ ਕਿ ਦੇਖੋ ਇਹਨਾਂ ਦੇ ਘਰ 'ਚ ਕਿੰਨੇ ਬਸਤਰ ਆਉਂਦੇ ਨੇ। ਕਹਿੰਦੀ, "ਕੋਈ ਨਹੀਂ, ਇਹ ਤਾਂ ਔਤਰੇ ਨੇ, ਸਭ ਕੁਝ ਸਾਡੇ ਕੋਲ ਹੀ ਆ ਜਾਣਾ ਹੈ, ਥੋੜ੍ਹੇ ਦਿਨਾਂ ਦਾ ਹੀ ਕੰਮ ਹੈ।" ਆਹ ਗੱਲ ਉਹਨਾਂ ਦੇ ਮਨ ਤੇ ਲੱਗੀ। ਮਹਾਰਾਜ ਕੋਲ ਉਹਨਾਂ ਨੇ ਬੇਨਤੀ ਕਰੀ ਕਿ ਪਾਤਸ਼ਾਹ! ਸਾਰੀ ਦੁਨੀਆਂ ਨੂੰ ਬਖਸ਼ਿਸ਼ਾਂ ਬਖਸ਼ਦੇ ਹੋ ਤੇ ਦਾਸੀ ਦੀ ਝੋਲੀ ਵਿਚ ਵੀ ਦਾਤ ਪਾ ਦਿਓ – ਪੁੱਤਰ ਦੀ। ਕਹਿਣ ਲੱਗੇ ਅਸੀਂ ਗੁਰੂ ਨਾਨਕ ਸਾਹਿਬ ਦੇ trustee ਹਾਂ, ਸ਼ਰਧਾ ਦੇ ਨਾਲ ਜਗਿਆਸੂ ਆਉਂਦੇ ਨੇ, ਉਹ ਜੋ ਮੰਗਦੇ ਹਨ ਉਹਨਾਂ ਨੂੰ ਦਿੱਤਾ ਜਾਂਦਾ ਹੈ ਪਰ ਇਹ ਆਪਣੇ ਘਰ ਲਈ ਤਾਂ ਨਹੀਂ ਨਾ ਅਸੂਲ ਵਰਤਿਆ ਜਾਂਦਾ ਕਿ ਘਰ ਹੀ ਭਰ ਲਈਏ ਆਪਣਾ। ਬਾਰ-ਬਾਰ ਬੇਨਤੀ ਕਰੀ। ਕਹਿਣ ਲੱਗੇ, "ਤੁਸੀਂ ਸੁਖਮਨੀ ਸਾਹਿਬ ਤਾਂ ਪੜ੍ਹਦੇ ਹੋ ਨਾ?"

ਕਹਿੰਦੇ, "ਹਾਂ ਮਹਾਰਾਜ।" ਕਹਿੰਦੇ, "ਸਾਧੂਆਂ ਦੀ ਜਿਥੇ ਮਹਿਮਾ ਲਿਖੀ ਹੋਈ ਹੈ ਉਥੇ ਆਪ ਨੇ ਪੜ੍ਹਿਆ ਹੋਏਗਾ –

***ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥***
***ਪੰਨਾ – 266***

ਤੇ ਤੁਸੀਂ ਮਹਾਂਪੁਰਸ਼ਾਂ ਦੀ ਸੇਵਾ ਕਰੋ।" ਕਹਿਣ ਲੱਗੇ, "ਪਾਤਿਸ਼ਾਹ! ਮਹਾਂਪੁਰਸ਼ ਦੀ ਦੱਸ ਵੀ ਆਪ ਪਾਓ।" ਕਹਿੰਦੇ, "ਬਾਬਾ ਬੁੱਢਾ ਜੀ ਬ੍ਰਹਮਗਿਆਨੀ ਨੇ ਤੇ ਉਹਨਾਂ ਨੂੰ ਤੁਸੀਂ ਪ੍ਰਸੰਨ ਕਰੋ।" ਤਰੀਕਾ ਦੱਸ ਦਿਤਾ ਕਿ ਪ੍ਰਸ਼ਾਦਾ ਲੈ ਕੇ ਜਾਇਓ, ਪ੍ਰਸੰਨ ਕਰਿਓ। ਗੁਰਸਿਖ ਦੇ ਮੁਖ ਦੇ ਵਿਚ ਜੇ ਪ੍ਰਸ਼ਾਦਾ ਪੈ ਜਾਵੇ ਤੇ ਪ੍ਰਸੰਨ ਹੋ ਜਾਵੇ, ਕਹਿੰਦੇ ਐਨੀਆਂ ਦਾਤਾਂ ਦੇ ਦਿੰਦਾ ਹੈ ਜਿਹੜੀਆਂ ਲਿਖੀਆਂ ਨਹੀਂ ਜਾਂਦੀਆਂ।

***ਗੁਰਸਿਖ ਮੁਖਿ ਪਵਾਇ ਨ ਲੇਖ ਲਿਖਾਇਆ। ਭਾਈ ਗੁਰਦਾਸ ਜੀ ਦੀ ਵਾਰ 14/20***

ਬੇਅੰਤ ਦਾਤਾਂ ਦੇ ਦਿੰਦਾ ਹੈ। ਸੋ ਮਾਤਾ ਜੀ ਪਹਿਲਾਂ ਸ਼ਾਨੋ-ਸ਼ੌਕਤ ਦੇ ਨਾਲ ਗਏ। ਵਰ ਦੀ ਥਾਂ ਤੇ ਸਰਾਪ ਲੈ ਲਿਆ। ਕਹਿੰਦੇ ਗੁਰੂ ਕਿਆਂ ਨੂੰ ਕਿਧਰੋਂ ਭਾਜੜਾਂ ਪੈ ਗਈਆਂ? ਮਾਤਾ ਜੀ ਨੇ ਪੁੱਤਰ ਵਾਸਤੇ ਬੇਨਤੀ ਕਰੀ। ਬਾਬਾ ਜੀ ਕਹਿਣ ਲੱਗੇ ਮਾਤਾ ਜੀ! ਅਸੀਂ ਤਾਂ ਗਰੀਬ ਸਿੱਖ ਹਾਂ। ਅਸੀਂ ਤਾਂ ਸਾਰਾ ਕੁਝ ਗੁਰੂ ਤੋਂ ਲੈਂਦੇ ਹਾਂ, ਗੁਰੂ ਸਮਰੱਥ ਨੇ। ਸਮੁੰਦਰ ਨੂੰ ਛੱਡ ਕੇ ਤੁਸੀਂ ਨਿਕੀ ਜਿਹੀ ਛੱਪੜੀ ਕੋਲ ਕਿਉਂ ਆਏ ਹੋ? ਜਾਉ, ਉਥੋਂ ਹੀ ਮਿਲੇਗਾ ਸਭ ਕੁਝ। ਉਦਾਸ ਹੋ ਕੇ ਵਾਪਸ ਆ ਗਏ। ਮਹਾਰਾਜ ਕਹਿੰਦੇ ਕਿਵੇਂ ਗਏ ਸੀ? ਕਹਿੰਦੇ ਐਂ ਗਏ ਸੀ ਅਸੀਂ, ਰੱਥ ਲੈ ਕੇ ਗਏ ਸੀ, ਗੱਡੀਆਂ ਲੈ ਗਏ ਸੀ। ਕਹਿੰਦੇ ਸੰਤਾਂ ਕੋਲ ਇਉਂ ਜਾਈਦਾ ਹੈ? ਸੰਤਾਂ ਕੋਲ ਜਾਣਾ ਤਾਂ ਨਿਮਰਤਾ ਨਾਲ ਜਾਓ।

***ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥***
***ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ॥ ਪੰਨਾ – 1370***

ਸੰਤ ਨੂੰ ਮਿਲਣਾ ਹੈ ਤਾਂ ਘਰੋਂ ਸ਼ਰਧਾ ਦੇ ਨਾਲ ਚਲੋ, ਜਲੂਸ ਕੱਢ ਕੇ ਨਾ ਲੈ ਜਾਓ; ਫੇਰ ਸੰਤ ਚੁਪ ਰਹਿੰਦੇ ਨੇ। ਜਿਹੜੀ ਆਪ ਨੇ ਗੱਲ ਪੁਛਣੀ ਹੈ ਉਹ ਵੀ ਨਹੀਂ ਪੁੱਛ ਸਕਦਾ। ਤੁਸੀਂ ਨਿਮਰਤਾ ਦੇ

ਨਾਲ ਜਾਣਾ ਸੀ। "ਪਾਤਿਸ਼ਾਹ! ਜੁਗਤੀ ਦੱਸੋ।" ਕਹਿੰਦੇ, "ਆਪਣੇ ਹੱਥਾਂ ਦੇ ਨਾਲ ਹੁਣ ਕਣਕ ਤੇ ਛੋਲੇ ਚੁਣ ਲਓ, ਕੋਈ ਚੀਜ਼ ਨਾ ਉਸ ਵਿਚ ਰਹਿ ਜਾਵੇ। ਅੰਮ੍ਰਿਤ ਵੇਲੇ ਉਠ ਕੇ ਜਪੁਜੀ ਸਾਹਿਬ ਦਾ ਪਾਠ ਕਰਿਓ, ਇਸ਼ਨਾਨ ਕਰਨ ਤੋਂ ਬਾਅਦ, ਨਾਲੇ ਚੱਕੀ ਦੇ ਵਿਚ ਆਟਾ ਪੀਸਿਓ ਆਪਣੇ ਹੱਥਾਂ ਦੇ ਨਾਲ, ਆਪ ਦੁੱਧ ਰਿੜਕਿਓ, ਮੱਖਣ ਕੱਢਿਓ, ਲੱਸੀ ਤੇ ਦਹੀਂ, ਪਿਆਜ ਤੇ ਮਿੱਸੇ ਪ੍ਰਸ਼ਾਦੇ ਬਹੁਤ ਸੋਹਣੇ ਘਿਓ ਨਾਲ ਚੋਪੜ ਕੇ, ਸਿਰ ਦੇ ਉਪਰ ਲੱਸੀ ਦਾ ਝੱਕਰਾ ਰੱਖ ਕੇ ਤੇ ਉਤੇ ਪ੍ਰਸ਼ਾਦੇ ਰੱਖ ਕੇ ਤੁਸੀਂ ਇਥੋਂ ਹੀ ਨੰਗੇ ਪੈਰੀਂ ਤੁਰਿਓ। ਇਕ ਕਦਮ ਦਾ ਇਕ ਅਸ਼੍ਵਮੇਧ ਜਗ ਦਾ ਫਲ ਤੁਹਾਨੂੰ ਪ੍ਰਾਪਤ ਹੋਏਗਾ। ਸੋ ਜਦੋਂ ਤੁਸੀਂ ਇਸ ਤਰ੍ਹਾਂ ਨਿਮਰਤਾ ਨਾਲ ਜਾਓਗੇ, ਫੇਰ ਸਾਧੂ ਪ੍ਰਸੰਨ ਹੋ ਜਾਂਦੇ ਨੇ। ਪ੍ਰਸੰਨ ਹੋਇਆਂ ਉਹਨਾਂ ਦਾ ਜੋ ਬਚਨ ਹੁੰਦਾ ਹੈ, ਬਚਨ ਆਪਣੇ ਆਪ ਹੀ ਕਰ ਦਿੰਦੇ ਨੇ।" ਸੋ ਦੂਸਰੇ ਦਿਨ ਇਸ ਤਰ੍ਹਾਂ ਕੀਤਾ। ਆਪ ਜਾਂਦੇ ਨੇ - ਨੰਗੇ ਪੈਰੀਂ ਸ਼ਰਧਾ ਦੇ ਨਾਲ ਬੜੇ ਪਿਆਰ ਦੇ ਨਾਲ। ਪਿਆਰ ਦੀ ਬੜੀ ਖਿੱਚ ਪਈ, ਭੁੱਖ ਲੱਗ ਗਈ ਬਾਬਾ ਜੀ ਨੂੰ, ਅੰਮ੍ਰਿਤਸਰ ਸ਼ਹਿਰ ਵੱਲ ਨੂੰ ਦੇਖ ਰਹੇ ਨੇ। ਦੂਰੋਂ ਦੇਖਿਆ ਕਿ ਮਾਤਾ ਜੀ ਆ ਰਹੇ ਨੇ। ਸੇਵਾਦਾਰ ਨੇ ਦੱਸਿਆ ਕਿ ਮਾਤਾ ਜੀ ਆ ਰਹੇ ਨੇ। ਬਾਬਾ ਜੀ ਅੱਗੇ ਵਧੇ, ਆ ਕੇ ਸਿਰ ਤੋਂ ਝੱਕਰਾ ਚੁਕ ਲਿਆ। ਮਾਤਾ! ਪੁੱਤਰਾਂ ਵਾਸਤੇ ਐਨਾ ਪਿਆਰ; ਤੇ ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ, ਮਾਤਾ! ਤੁਸੀਂ ਤਾਂ ਬਹੁਤ ਵੱਡੀ ਕ੍ਰਿਪਾ ਕਰੀ। ਨਿਮਰਤਾ ਦੇ ਵਾਕ ਕਹਿੰਦੇ ਤੁਰੇ ਆਉਂਦੇ ਨੇ। ਰਾਹ 'ਚ ਬੈਠ ਗਏ, ਝੱਕਰਾ ਰੱਖ ਲਿਆ, ਪੋਣਾ ਖੋਲ੍ਹ ਕੇ ਮਾਤਾ ਜੀ ਨੇ ਪ੍ਰਸ਼ਾਦੇ ਹੱਥ ਤੇ ਰੱਖ ਦਿੱਤੇ ਤੇ ਵੱਡਾ ਸਾਰਾ ਪਿਆਜ ਦੇ ਦਿੱਤਾ। ਬਾਬਾ ਜੀ ਨੇ ਪਿਆਜ ਲਿਆ, ਲੈ ਕੇ ਗੋਡੇ ਤੇ ਰੱਖ ਕੇ ਜ਼ੋਰ ਨਾਲ ਮੁੱਕਾ ਮਾਰਿਆ। ਕਹਿੰਦੇ, ਮਾਤਾ! ਆਹ ਜਿਵੇਂ ਪਿਆਜ ਭੰਨਿਆ ਹੈ ਨਾ, ਐਂ ਵੱਡੇ ਵੱਡੇ ਆਕੀ, ਖਾਨ, ਮੁਗਲਾਂ ਦੇ ਸਿਰ ਭੰਨਣ ਵਾਲਾ ਸਾਹਿਬਜ਼ਾਦਾ ਹੋਏਗਾ। ਦੁਸ਼ਟਾਂ ਨੂੰ ਸਜ਼ਾ ਦੇਏਗਾ। ਮੀਰੀ ਤੇ ਪੀਰੀ ਦੇ ਸ਼ਸਤਰ ਪਹਿਨੇਗਾ। ਮੀਰਾਂ ਦੀ ਮੀਰੀ ਖਿੱਚ ਲਏਗਾ ਤੇ ਪੀਰਾਂ ਦੀ ਪੀਰੀ ਖਿੱਚ ਲਏਗਾ। ਐਡੇ ਪ੍ਰਤਾਪ ਵਾਲਾ ਹੋਏਗਾ, ਕੋਈ ਉਹਦੇ ਸਾਹਮਣੇ ਝਾਕ ਨਹੀਂ ਸਕੇਗਾ। ਕੋਈ ਉਹਦੇ ਉਤੇ ਹਾਵੀ ਨਹੀਂ ਹੋ ਸਕੇਗਾ। ਪੂਰਨ ਰਾਜਾ-ਜੋਗੀ ਹੋਏਗਾ, ਸੰਸਾਰ ਦਾ ਉਧਾਰ ਕਰੇਗਾ, ਬਚਨ ਦਾ ਬਲੀ ਹੋਏਗਾ। ਪ੍ਰਸ਼ਾਦਾ ਇਕ ਬੁਰਕੀ ਖਾ ਲੈਂਦੇ ਨੇ ਤੇ ਵਰ ਦਿੰਦੇ ਜਾ ਰਹੇ ਨੇ। ਮਾਤਾ ਜੀ ਬਹੁਤ ਪ੍ਰਸੰਨ ਹੋ ਕੇ ਆਏ। ਮਹਾਰਾਜ ਜੀ ਨੂੰ ਦੱਸਿਆ ਕਿ ਸੱਚੇ ਪਾਤਿਸ਼ਾਹ! ਅੱਜ ਤਾਂ ਗਿਣਤੀ-ਮਿਣਤੀ ਤੋਂ ਜ਼ਿਆਦਾ ਬਾਬਾ ਜੀ ਨੇ ਬਚਨ ਕਰ ਦਿੱਤੇ ਹਨ।

***ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥ ਪੰਨਾ - 306***

ਸੰਤ ਮੁਖ ਤੋਂ ਜੋ ਗੱਲ ਕਹਿੰਦੇ ਨੇ, ਉਸੇ ਤਰ੍ਹਾਂ ਹੋਇਆ ਕਰਦੇ ਨੇ। ਜੋ ਉਸ ਨੂੰ ਬਦਲਾਉਂਦਾ ਹੈ ਕਿ ਐਂ ਕਹਿ ਦਿਓ, ਉਹ ਬਚਨ ਨਹੀਂ ਹੈ; ਬਚਨ ਉਹੀ ਹੈ ਜਿਹੜਾ ਅਚਾਨਕ ਮੂੰਹ 'ਚੋਂ ਨਿਕਲੇ। ਬਹੁਤ ਬਚਨ ਹੋਏ। ਮਹਾਰਾਜ ਕਹਿੰਦੇ, ਫੇਰ ਨਿਮਰਤਾ ਨਾਲ ਜਾਣ ਨਾਲ ਪ੍ਰਸੰਨਤਾ ਆਉਂਦੀ ਹੈ।

***ਧਰਤੀ ਬੀਉ ਬੀਜਾਇ ਸਹਸ ਫਲਾਇਆ॥ ਭਾਈ ਗੁਰਦਾਸ ਜੀ ਦੀ ਵਾਰ 14/20***

ਧਰਤੀ ਦੇ ਵਿਚ ਬੀਜ ਬੀਜ ਦਿਉ, ਹਜ਼ਾਰ ਦਾਣਾ ਹੋ ਜਾਂਦਾ ਹੈ। ਪਰ ਗੁਰਸਿਖ ਦੇ ਮੁਖ 'ਚ ਜੇ ਦਾਣਾ ਚਲਿਆ ਜਾਵੇ, ਕਹਿੰਦੇ ਉਸ ਦਾ ਲੇਖ ਹੀ ਨਹੀਂ; ਨਾ ਹਜ਼ਾਰ, ਨਾ ਲੱਖ, ਕੁਝ ਵੀ ਨਹੀਂ ਕਹਿ ਸਕਦੇ।

***ਧਰਤੀ ਦੇਇ ਫਲਾਇ ਜੋਈ ਫਲ ਪਾਇਆ। ਭਾਈ ਗੁਰਦਾਸ ਜੀ ਦੀ ਵਾਰ 14/20***

ਜਿਹੜਾ ਵੀ ਬੀਜ ਪਾ ਦਿਤਾ, ਧਰਤੀ 'ਚ ਫਲ ਜਾਣਾ ਹੈ-

***ਗੁਰ ਸਿਖ ਮੁਖਿ ਸਮਾਇ ਸਭ ਫਲ ਲਾਇਆ। ਭਾਈ ਗੁਰਦਾਸ ਜੀ ਦੀ ਵਾਰ 14/20***

ਪਰ ਗੁਰਮੁਖ ਦੇ ਮੁਖ ਦੇ ਵਿਚ ਜਿਹੜੀ ਚੀਜ਼ ਸਮਾਅ ਜਾਂਦੀ ਹੈ, ਕਹਿੰਦੇ ਫਲਾਂ ਦੀ ਗਿਣਤੀ ਨਹੀਂ ਰਹਿੰਦੀ, ਸਾਰੇ ਫਲ ਮਿਲ ਜਾਂਦੇ ਹਨ।

*ਬੀਜੇ ਬਾਝੁ ਨਾ ਖਾਇ ਨ ਧਰਤਿ ਜਮਾਇਆ।*
*ਗੁਰਮੁਖਿ ਚਿਤਿ ਵਸਾਇ ਇਛਿ ਪੁਜਾਇਆ॥ ਭਾਈ ਗੁਰਦਾਸ ਜੀ ਦੀ ਵਾਰ 14/20*

ਸੋ ਇਸ ਤਰ੍ਹਾਂ ਦੀਆਂ ਗੁਰੂ ਘਰ 'ਚ ਬੇਅੰਤ ਮਿਸਾਲਾਂ ਆਉਂਦੀਆਂ ਹਨ ਸੇਵਾ ਦੀਆਂ।

ਗੁਰੂ ਪੰਜਵੇਂ ਪਾਤਿਸ਼ਾਹ ਮਹਾਰਾਜ ਜੀ ਦੇ ਪਾਸ ਇਕ ਲਾਹੌਰ ਦਾ ਵਾਸੀ ਭਾਈ ਬੁੱਧੂ, ਜੋ ਆਵਿਆਂ (ਭੱਠਿਆਂ) ਦਾ ਕੰਮ ਕਰਿਆ ਕਰਦਾ ਸੀ, ਆਪ ਮਹਾਰਾਜ ਜੀ ਦੀ ਚਰਨ ਸ਼ਰਨ ਆਏ, ਬੇਨਤੀ ਕਰੀ ਕਿ ਪਾਤਸ਼ਾਹ! ਮੈਂ ਦਸਵੰਧ ਲੈ ਕੇ ਹਾਜ਼ਰ ਹੋਇਆ ਹਾਂ। ਗੁਰਸਿਖ ਦਾ ਫਰਜ਼ ਬਣਦਾ ਹੈ ਦਸਵੰਧ ਦੇਣਾ, ਜਿਹੜਾ ਦਸਵੰਧ ਨਹੀਂ ਦਿੰਦਾ, ਮਹਾਰਾਜ ਕਹਿੰਦੇ ਉਹ ਚੋਰੀ ਦਾ ਧਨ ਖਾਂਦਾ ਹੈ, ਗੁਰੂ ਦਾ ਧਾਨ ਖਾਂਦਾ ਹੈ ਤੇ ਉਹਦੀ ਕਮਾਈ 'ਚ ਬਰਕਤ ਨਹੀਂ ਹੋਇਆ ਕਰਦੀ। ਗਰੀਬ ਹੋਵੇ, ਅਮੀਰ ਹੋਵੇ, ਦਸਵੰਧ ਗੁਰੂ ਦਾ ਦੇਣਾ ਹੀ ਪੈਂਦਾ ਹੈ, ਨਹੀਂ ਤਾਂ ਤਿੰਨ ਹੋਰ ਭਰਾ ਨੇ, ਉਹ ਖਾ ਜਾਂਦੇ ਨੇ। ਉਹ ਕਹਿੰਦੇ ਜੇ ਸਾਡੇ ਵੱਡੇ ਭਰਾ ਨੂੰ ਨਹੀਂ ਦਿੰਦਾ ਫੇਰ ਅਸੀਂ ਜਬਰਦਸਤੀ ਕਰਕੇ ਨਾਲੇ ਤਾਂ ਦੁਖੀ ਕਰਦੇ ਹਾਂ, ਨਾਲੇ ਉਦੂੰ ਵੀ ਦਸ ਗੁਣਾਂ ਕਢਾਉਂਦੇ ਹਾਂ। ਇਕ ਤਾਂ ਹੈ ਬੀਮਾਰੀ - ਬੀਮਾਰੀ ਲੱਗ ਜਾਣੀ; ਲਈ ਜਾ ਦਵਾਈਆਂ, ਕਿਤੋਂ ਰਾਜ਼ੀ ਨਹੀਂ ਹੁੰਦਾ। ਦੂਸਰਾ ਹੈ ਮੁਕੱਦਮਾ - ਸਰਕਾਰ ਨਾਲ ਕੋਈ ਝਗੜਾ ਛਿੜ ਜਾਣਾ। ਤੀਸਰਾ ਹੋਇਆ ਕਰਦਾ ਹੈ ਕੁਦਰਤੀ ਆਫਤ (Natural calamity) ਕੋਈ ਆਫਤ ਆ ਜਾਣੀ, ਅੱਗ ਲੱਗ ਜਾਣੀ, ਹੋਰ ਕੋਈ ਆਫਤ ਆ ਜਾਣੀ। ਉਹ ਕਹਿੰਦੇ ਫੇਰ ਅਸੀਂ ਲੈਂਦੇ ਹਾਂ ਜਿਹੜਾ ਗੁਰੂ ਦਾ ਦਾਨ ਨਹੀਂ ਦਿੰਦਾ, ਗੁਰੂ ਦਾ ਹਿੱਸਾ ਨਹੀਂ ਦਿੰਦਾ। ਸੋ ਪਾਤਿਸ਼ਾਹ! ਮੈਂ ਗਰੀਬ ਹੋ ਗਿਆ ਪਰ ਗਰੀਬੀ ਦੇ ਵਿਚ, ਗਰੀਬੀ ਦਾਵੇ 'ਚ ਹੀ ਮੈਂ ਦਸਵੰਧ ਜੋ ਵੀ ਬਣਿਆ - ਥੋੜ੍ਹਾ-ਬਹੁਤ, ਮੈਂ ਆਪ ਜੀ ਦੀ ਚਰਨ ਸ਼ਰਨ ਲੈ ਕੇ ਆਇਆ ਹਾਂ। ਆਪ ਕ੍ਰਿਪਾ ਕਰੋ, ਅੰਗੀਕਾਰ ਕਰੋ ਤੇ ਨਾਲ ਹਜ਼ੂਰ ਮੇਰੀ ਬੇਨਤੀ ਹੈ ਕਿ ਮੇਰੇ ਸਿਰ ਤੇ ਐਨਾ ਕਰਜ਼ਾ ਹੋ ਗਿਆ ਹੈ ਜਿਹੜਾ ਮੇਰੀ ਤਾਕਤ ਤੋਂ ਬਾਹਰ ਹੈ ਹੁਣ ਮੋੜਨਾ। ਕ੍ਰਿਪਾ ਕਰੋ, ਮੇਰੇ ਕੰਮ ਦੇ ਵਿਚ ਬਰਕਤ ਪਾਓ। ਮਹਾਰਾਜ ਕਹਿੰਦੇ, "ਭਾਈ ਬੁੱਧੂ! ਸੁਖਮਨੀ ਸਾਹਿਬ ਪੜ੍ਹਦਾ ਹੁੰਦੈਂ?" ਕਹਿੰਦਾ, "ਹਾਂ ਮਹਾਰਾਜ।" "ਵਿਚਾਰਦਾ ਵੀ ਹੁੰਦੈਂ?" ਕਹਿੰਦਾ, "ਵਿਚਾਰਦਾ ਵੀ ਹਾਂ ਮਹਾਰਾਜ! ਅਰਥ ਸਮਝ ਕੇ ਪੜ੍ਹਦਾ ਹਾਂ।" "ਜੇ ਵਿਚਾਰਦਾ ਹੈਂ ਤਾਂ ਫਿਰ ਤੂੰ ਇਹ ਗੱਲ ਨਹੀਂ ਸੀ ਕਹਿਣੀ ਕਿਉਂਕਿ ਅਸੀਂ ਤਾਂ ਸਪਸ਼ਟ ਤੌਰ ਤੇ ਇਹ ਫੁਰਮਾਅ ਦਿੱਤਾ ਹੈ -

*ਧਾਰਨਾ - ਜੇ ਤੂੰ ਚਾਰ ਪਦਾਰਥ ਲੈਣੇ,*
*ਸੇਵਾ ਕਰ ਲੈ ਸਾਧੂਆਂ ਦੀ -2, 2.*
*ਮੇਰੇ ਪਿਆਰੇ, ਸੇਵਾ ਕਰ ਲੈ ਸਾਧੂਆਂ ਦੀ -2, 2.*
*ਜੇ ਤੈਂ ਚਾਰ ਪਦਾਰਥ ਲੈਣੇ, .......... -2.*

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥ ਪੰਨਾ - 266*

ਭਾਈ ਬੁੱਧੂ! ਗੁਰੂ ਦੀਆਂ ਸੰਗਤਾਂ ਤਨੋ-ਮਨੋ ਗੁਰੂ ਦਾ ਹੁਕਮ ਕਮਾਉਂਦੀਆਂ ਨੇ, ਗੁਰਸਿਖ ਅੰਮ੍ਰਿਤ ਵੇਲੇ ਜਾਗਦੈ, ਜਦ ਸੰਸਾਰ ਸੁੱਤਾ ਪਿਆ ਹੁੰਦਾ ਹੈ।"

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*

ਸੋ ਸਾਰੇ ਗੁਰਸਿਖ, ਜਿੰਨੇ ਤੈਨੂੰ ਨਜ਼ਰ ਆਉਂਦੇ ਨੇ, ਬੰਦਗੀ ਕਰਦੇ ਨੇ, ਗੁਰੂ ਨਾਲ ਪਿਆਰ ਕਰਦੇ ਨੇ ਭਾਈ! ਇਹ ਸਾਰੇ ਸਾਧੂ ਨੇ, ਸਿੱਖ ਕਹੋ, ਸਾਧੂ ਕਹੋ, ਸੰਤ ਕਹੋ, ਇਕ ਦਰਜਾ ਹੋਇਆ ਕਰਦਾ ਹੈ ਉਹਨਾਂ ਪੁਰਸ਼ਾਂ ਦਾ ਜਿਹੜੇ ਸਾਧਨਾ ਸੰਪੰਨ ਹੁੰਦੇ ਨੇ, ਐਵੇਂ ਗੱਲਾਂ ਨਹੀਂ ਮਾਰਦੇ। ਸਾਧਨਾ ਕਰਕੇ ਆਪਣੇ ਅਨੁਭਵ ਤੋਂ ਗੱਲ ਪਰਖ ਕੇ ਫੇਰ ਬੋਲਦੇ ਨੇ, ਨਹੀਂ ਤਾਂ ਬੋਲਿਆ ਨਹੀਂ ਕਰਦੇ। ਸੰਗਤ ਦੇ ਅੰਦਰ ਪ੍ਰਭੂ ਦਾ ਵਾਸਾ ਹੁੰਦਾ ਹੈ, ਤੂੰ ਸੰਗਤ ਨੂੰ ਬੁਲਾ ਕੇ ਪ੍ਰਸ਼ਾਦਾ ਛਕਾ, ਫੇਰ ਸੰਗਤ ਕਰੇਗੀ ਅਰਦਾਸ ਤੇ ਤੇਰਾ ਕਾਰਜ ਸਿੱਧ ਹੋ ਜਾਏਗਾ। ਕਹਿਣ ਲੱਗਿਆ, "ਪਾਤਿਸ਼ਾਹ! ਆਪ ਵੀ ਚਰਨ ਪਾਓ।" ਮਹਾਰਾਜ ਜੀ ਕਹਿੰਦੇ, "ਸਾਡੇ ਜਾਣ ਨਾਲ ਬਹੁਤ ਵੱਡਾ ਇਕੱਠ ਹੋ ਜਾਏਗਾ।" ਕਹਿੰਦਾ, "ਸੱਚੇ ਪਾਤਿਸ਼ਾਹ! ਮੌਕਾ ਦਿਓ ਦਾਸ ਨੂੰ ਸੇਵਾ ਕਰਨ ਦਾ।" ਸੋ ਮਹਾਰਾਜ ਜੀ ਤੋਂ ਤਰੀਕ ਲੈ ਲਈ ਤੇ ਆਪ ਨੇ ਜਾ ਕੇ ਆਪਣੇ ਭਾਈਚਾਰੇ ਨੂੰ ਇਕੱਠਾ ਕਰਿਆ ਤੇ ਸਾਰਾ ਪ੍ਰੋਗਰਾਮ ਦਿੱਤਾ। ਤਿਆਰੀ ਅਰੰਭ ਕਰ ਦਿੱਤੀ। ਨੀਅਤ ਤਰੀਕ ਦੇ ਉਤੇ ਗੁਰੂ ਮਹਾਰਾਜ ਉਸ ਦੇ ਘਰ ਚਰਨ ਪਾਉਣ ਚਲੇ ਗਏ, ਤੇ ਉਸ ਨੇ ਬੜੇ ਪਿਆਰ ਦੇ ਨਾਲ ਪ੍ਰਸ਼ਾਦਾ ਤਿਆਰ ਕਰਕੇ ਪੰਗਤਾਂ ਲਾ ਲਈਆਂ ਤੇ ਪੰਗਤਾਂ ਲਾ ਕੇ ਪ੍ਰਸ਼ਾਦਾ ਛਕਾਉਣਾ ਸ਼ੁਰੂ ਕਰ ਦਿੱਤਾ। ਕੁਝ ਸਿੱਖ ਹੌਲੀ-ਹੌਲੀ ਆਏ, ਬਾਅਦ ਵਿਚ ਆਏ, ਉਹ ਬਾਹਰ ਇੰਤਜ਼ਾਰ ਕਰ ਰਹੇ ਨੇ ਕਿ ਪੰਗਤ ਖਤਮ ਹੋਵੇ ਤੇ ਫੇਰ ਅਸੀਂ ਪ੍ਰਸ਼ਾਦਾ ਛਕੀਏ। ਸੋ ਉਹਨਾਂ ਦੇ ਅੰਦਰ ਇਕ ਗੁਰਸਿਖ ਆਇਆ ਜਿਸ ਦਾ ਨਾਂ ਭਾਈ ਲੱਖੂ ਸੀ। ਭਾਈ ਲੱਖੂ ਪਹਿਲਾਂ ਧਾੜਵੀ ਹੁੰਦਾ ਸੀ ਲੇਕਿਨ ਗੁਰਸਿਖਾਂ ਦੇ ਨਾਲ ਮਿਲ ਕੇ ਉਪਦੇਸ਼ ਲਿਆ ਤੇ ਉਪਦੇਸ਼ ਲੈਣ ਦੇ ਨਾਲ ਸਾਡੇ ਵਾਂਗ ਨਹੀਂ ਕਰਿਆ ਕਿ ਉਪਦੇਸ਼ ਵੀ ਲੈਣਾ ਅਤੇ ਕਮਾਈ ਵੀ ਨਾ ਕਰਨੀ। ਇਹ ਲੋਕ ਜਿਹੜੇ ਐਸ ਤਰ੍ਹਾਂ ਦੇ Extremist (ਆਖਰੀ ਸਿਰੇ ਤੇ) ਹੁੰਦੇ ਨੇ, ਜੇ ਉਹ ਸਹੀ ਮਾਰਗ ਤੇ ਆ ਜਾਣ ਫੇਰ ਬਹੁਤ ਵੱਡੇ ਬਣ ਜਾਂਦੇ ਨੇ। ਬਾਲਮੀਕ ਜੋ ਬੰਦੇ ਮਾਰਦਾ ਸੀ ਤੇ ਜਦੋਂ ਸਹੀ ਮਾਰਗ ਤੇ ਆ ਗਿਆ ਤਾਂ ਫੇਰ ਕਿੱਡਾ ਵੱਡਾ ਮਹਾਨ ਰਿਸ਼ੀ ਹੋਇਆ। ਦੁਨੀਆਂ ਹੁਣ ਤੱਕ ਉਸ ਨੂੰ ਯਾਦ ਕਰਦੀ ਹੈ। ਸੋ ਇਸੇ ਤਰ੍ਹਾਂ ਦੇ ਨਾਲ ਜੋ ਭਾਈ ਬਿਧੀ ਚੰਦ ਡਾਕੇ ਮਾਰਦਾ ਸੀ, ਧਾੜੇ ਮਾਰਦਾ ਸੀ ਫੇਰ ਗੁਰਸਿਖ ਵੀ ਬ੍ਰਹਮਗਿਆਨੀ ਹੋਇਆ। ਵਿਚ ਵਿਚਾਲੇ ਵਾਲੇ ਜਿਹੜੇ ਬੰਦੇ ਹੁੰਦੇ ਨੇ, ਕਿਸੇ ਕੰਮ ਦੇ ਨਹੀਂ ਹੁੰਦੇ, ਨਾ ਇਧਰ ਨਾ ਉਧਰ। ਸੋ ਜਦੋਂ ਇਹ ਸੁਧਰ ਜਾਣ, ਫੇਰ ਬਹੁਤ ਵੱਡੇ ਮਨੁੱਖ ਹੁੰਦੇ ਨੇ। ਭਾਈ ਲੱਖੂ ਡਾਕੇ ਮਾਰਦਾ ਹੈ, ਉਸ ਨੂੰ ਗੁਰਸਿਖ ਦਾ ਮਿਲਾਪ ਹੋਇਆ ਤੇ ਉਸ ਨੇ ਗੁਰੂ ਪੰਜਵੇਂ ਪਾਤਿਸ਼ਾਹ ਦੇ ਪਾਸ ਲਿਆ ਕੇ ਨਾਮ ਦੀ ਦਾਤ ਲਿਤੀ। ਉਸ ਦੀ ਸੰਗਤ ਹੋਈ ਤੇ ਐਡਾ ਉਸਦਾ ਨਿਤਨੇਮ ਹੋ ਗਿਆ ਕਿ 25 ਪਾਠ ਰੋਜ਼ ਜਪੁਜੀ ਸਾਹਿਬ ਦੇ ਉਸ ਦਾ ਨਿਤਨੇਮ ਸੀ। ਅੰਮ੍ਰਿਤ ਵੇਲੇ ਬੰਦਗੀ ਕਰਦਾ ਸੀ ਤੇ ਹਰ ਵਕਤ ਗੁਰੂ ਦੇ ਧਿਆਨ 'ਚ ਰਹਿੰਦਾ ਸੀ। ਧਿਆਨ ਧਰਦਾ ਸੀ ਗੁਰੂ ਪੰਜਵੇਂ ਪਾਤਿਸ਼ਾਹ ਦਾ ਤੇ ਸੁਰਤੀ ਦੇ ਨਾਲ ਚਰਨਾਂ ਦੇ ਨਾਲ ਜੁੜਿਆ ਰਹਿੰਦਾ ਸੀ। ਸੋ ਜਦੋਂ ਉਹ ਆਇਆ, ਉਹਦੇ ਮਨ ਦੇ ਅੰਦਰ ਬਹੁਤ ਪਿਆਰ ਹੈ ਤੇ ਛੇਤੀ ਤੋਂ ਛੇਤੀ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਦਰਵਾਜ਼ਾ ਖਟ-ਖਟਾਇਆ ਇਸ ਆਸ ਨਾਲ ਕਿ ਮੈਨੂੰ ਦਰਵਾਜ਼ਾ ਖੋਲ੍ਹ ਦੇਣਗੇ ਤੇ ਮੈਂ ਜਾ ਕੇ ਗੁਰੂ ਮਹਾਰਾਜ ਦੇ ਚਰਨਾਂ ਤੇ ਨਮਸ਼ਕਾਰ ਕਰਾਂਗਾ। ਭਾਈ ਬੁੱਧੂ ਆਪ ਆਇਆ, ਕਹਿਣ ਲੱਗੇ, "ਕਿਉਂ ਦਰਵਾਜ਼ਾ ਖੜਕਾਈ ਜਾਂਦਾ ਹੈਂ?" ਕਹਿੰਦਾ, "ਮੈਂ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨੇ ਨੇ ਹੁਣੇ ਹੀ।" ਕਹਿੰਦਾ, "ਰਹਿ ਨਹੀਂ ਸਕਦਾ?" ਕਹਿੰਦੇ, "ਨਾ ਮੈਂ ਨਹੀਂ ਰਹਿ ਸਕਦਾ। ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ, ਗੁਰਮੁਖਾ ਐਸ ਤਰ੍ਹਾਂ ਮੈਂ ਗੁਰੂ ਦੇ ਦਰਸ਼ਨ ਬਿਨਾਂ ਨਹੀਂ ਰਹਿੰਦਾ, ਛੇਤੀ ਕਰ ਮੈਨੂੰ ਛੇਤੀ ਦਰਸ਼ਨ ਕਰਾ, ਬੜੀ ਦੂਰੋਂ ਮੈਂ ਦੌੜ ਕੇ ਆਇਆ ਹਾਂ ਕਿ ਮਹਾਰਾਜ ਚਲੇ ਨਾ ਜਾਣ, ਸੰਗਤ ਦੇ ਉਠਣ ਤੋਂ ਪਹਿਲਾਂ ਪਹਿਲਾਂ ਮੈਂ ਦਰਸ਼ਨ ਕਰ ਲਵਾਂ ਤੇ ਨਾਲੇ ਮੈਨੂੰ ਭੁੱਖ ਬੜੀ ਲੱਗੀ ਹੋਈ ਹੈ ਤੇ ਪ੍ਰਸ਼ਾਦਾ ਵੀ ਛਕਾਅ।" ਉਹ ਕਹਿਣ ਲੱਗਿਆ, "ਕੁਝ ਕਹਿ, ਕੁਝ ਨਾ ਕਹਿ, ਅਰਦਾਸ ਹੋਣੀ ਹੈ ਉਸ ਤੋਂ ਬਾਅਦ ਮੈਂ ਦਰਵਾਜ਼ਾ ਖੋਲ੍ਹਣੈ, ਉਸ ਤੋਂ ਪਹਿਲਾਂ ਨਹੀਂ ਖੋਲ੍ਹਣਾ।" ਤਕਰਾਰ ਕਰਿਆ, ਥੋੜ੍ਹਾ ਹਉਮੈ 'ਚ ਆ ਗਿਆ। ਜਾਣਿਆ ਨਹੀਂ ਕਿ ਮੇਰੇ ਘਰ ਗੁਰਸਿਖ ਆ ਗਿਆ, ਨਿਮਰਤਾ ਨਾਲ ਮੈਂ ਬਚਨ ਕਰਾਂ। ਨਾਲ ਇਹ ਸੋਚਿਆ ਕਿ ਗੁਰੂ ਸਾਹਿਬ ਆਪ ਆ ਗਏ ਮੇਰੇ ਘਰ, ਹੁਣ ਮੈਨੂੰ ਕਿਸ ਦੀ ਲੋੜ ਹੈ? ਬਹੁਤੇ ਪ੍ਰੇਮੀ ਹੁੰਦੇ ਨੇ, ਸੰਤਾਂ ਦੇ ਨਾਲ ਤਾਂ ਬਹੁਤ ਨੇੜਤਾ ਰੱਖਦੇ ਹਨ ਤੇ ਨਾਲ-ਨਾਲ ਫਿਰੀ ਜਾਣਗੇ। (ਅਸੀਂ ਰਾੜਾ ਸਾਹਿਬ ਮਹਾਰਾਜ ਦੇ ਨਾਲ ਦੇਖੇ ਸੀ, ਨਾਲ ਹੀ ਨਾਲ ਰਹਿਣਗੇ, ਜਿਧਰ ਨੂੰ ਜਾਂਦੇ ਨੇ ਉਧਰ

ਹੀ ਨਾਲ। ਜੇ ਸੰਗਤ ਦਾ ਬੰਦਾ ਚਲਿਆ ਜਾਏ, ਉਸ ਨੂੰ ਪਾਣੀ ਵੀ ਨਹੀਂ ਪੁਛਦੇ, ਗੱਲ ਵੀ ਨਹੀਂ ਉਹਦੇ ਨਾਲ ਕਰਦੇ। ਐਸਾ ਹੀ ਹੁੰਦਾ ਹੈ, ਉਹ ਸੰਗਤ ਨੂੰ ਵੀ ਕੁਝ ਨਹੀਂ ਸਮਝਿਆ ਕਰਦੇ, ਆਪਣੇ ਤਾਲੁਕਾਤ ਨੂੰ ਸਮਝਦੇ ਨੇ।) ਸੰਤਾਂ ਦਾ ਇਹ ਹੁੰਦਾ ਹੈ ਕਿ ਸੰਗਤ 'ਚ, ਨੀਵਿਆਂ 'ਚ ਉਹਨਾਂ ਦਾ ਵਾਸਾ ਹੁੰਦਾ ਹੈ। ਜੇ ਕੋਈ ਦਿਲ ਦੁਖ ਜਾਵੇ ਤਾਂ ਉਹਨਾਂ ਦਾ ਵੀ ਦਿਲ ਦੁਖ ਜਾਂਦਾ ਹੈ।

***ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥***
***ਪੰਨਾ - 1384***

ਜੇ ਰੱਬ ਨੂੰ ਮਿਲਣਾ ਹੈ ਤਾਂ ਕਿਸੇ ਗਰੀਬ ਦਾ ਦਿਲ ਨਾ ਤੋੜ ਦੇਈਂ। ਫੇਰ ਨਹੀਂ ਮਿਲਿਆ ਕਰਦਾ। ਸੋ ਭਾਈ ਲੱਖੂ ਦਾ ਦਿਲ ਟੁੱਟ ਗਿਆ। ਚੁੱਪ ਕਰ ਰਹੇ ਕਿ ਅੱਛਾ ਮਹਾਰਾਜ ਤੇਰਾ ਭਾਣਾ। ਅਰਦਾਸ ਹੋ ਰਹੀ ਹੈ, ਅਰਦਾਸੀਆ ਕਹਿ ਰਿਹੈ ਕਿ ਮਹਾਰਾਜ ਤੇਰੀ ਸੰਗਤ ਨੂੰ ਪ੍ਰਸ਼ਾਦਾ ਛਕਾਇਐ ਤੇ ਇਹਦੇ ਆਵੇ ਪੱਕੇ ਹੋ ਜਾਣ, ਕਾਰੋਬਾਰ ਦੇ ਵਿਚ ਸਫਲਤਾ ਹੋ ਜਾਵੇ। ਭਾਈ ਲੱਖੂ ਨੇ ਆਵੇ ਦੀ ਗੱਲ ਸੁਣਦੀ ਸਾਰ ਉੱਚੀ ਉੱਚੀ ਤਿੰਨ ਵਾਰੀ ਕਹਿ ਦਿਤਾ ਕਿ ਪੱਕੇ ਨਹੀਂ ਹੋਣੇ, ਕੱਚੇ ਰਹਿਣਗੇ - ਕੱਚੇ ਰਹਿਣਗੇ - ਕੱਚੇ ਰਹਿਣਗੇ। ਪੂਰੇ ਜ਼ੋਰ ਨਾਲ ਕਹਿ ਦਿੱਤਾ, ਅਰਦਾਸੀਏ ਤੱਕ ਅਵਾਜ਼ ਪਹੁੰਚ ਗਈ। ਭਾਈ ਬੁੱਧੂ ਦੇ ਮਨ ਵਿਚ ਭਾਰਾ ਸ਼ੰਕਾ ਹੋ ਗਿਆ ਕਿ ਇਹ ਕੱਚੇ ਕਹਿਣ ਵਾਲਾ ਕੌਣ ਹੈ? ਸਾਰੀ ਸੰਗਤ ਕਹਿ ਰਹੀ ਹੈ ਗੁਰੂ ਮਹਾਰਾਜ ਜੀ ਦੀ ਹਜ਼ੂਰੀ 'ਚ ਕਿ ਪੱਕੇ ਹੋ ਜਾਣ ਤੇ ਇਹ ਕਹਿ ਰਿਹਾ ਹੈ ਕਿ ਕੱਚੇ ਰਹਿਣਗੇ। ਸੋ ਉਸ ਵੇਲੇ ਜਦੋਂ ਅਰਦਾਸ ਹੋ ਹਟੀ, ਦਰਵਾਜ਼ਾ ਖੋਲ੍ਹਿਆ, ਭਾਈ ਬੁੱਧੂ ਨੇ ਕਿਹਾ, "ਕੌਣ ਕਹਿੰਦਾ ਸੀ ਕੱਚੇ ਰਹਿਣਗੇ?" ਕਹਿੰਦਾ, "ਮੈਂ ਕਹਿੰਦਾ ਸੀ, ਰਹਿਣਗੇ ਵੀ ਕੱਚੇ।" ਉਹ ਕਹਿੰਦਾ, "ਪ੍ਰੇਮੀਆ! ਸੰਗਤ ਨੇ ਅਰਦਾਸ ਕਰੀ ਹੈ, ਤੇਰੇ ਕਹੇ ਤੇ ਕੱਚੇ ਕਿਵੇਂ ਰਹਿ ਜਾਣਗੇ?" ਉਹ ਕਹਿੰਦਾ, "ਜਿਹੜਾ ਸੰਗਤ ਦੇ ਵਿਚ ਬੋਲਦਾ ਹੈ, ਮੇਰੇ ਵਿਚ ਵੀ ਉਹੀ ਬੋਲਿਆ ਹੈ।" ਕਿਉਂਕਿ ਐਸਾ ਫੁਰਮਾਨ ਹੈ -

***ਧਾਰਨਾ - ਪ੍ਰਭ ਜੀ ਦਾ ਵਾਸਾ ਹੈ,***
***ਸੰਤਾਂ ਦੀ ਰਸਨਾ ਉੱਤੇ -2, 2.***
***ਸੰਤਾਂ ਦੀ ਰਸਨਾ ਉੱਤੇ, -2, 2.***
***ਪ੍ਰਭ ਜੀ ਦਾ ਵਾਸਾ ਹੈ, ............ -2.***

***ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਪੰਨਾ - 263***

ਕਹਿਣ ਲੱਗੇ ਮੇਰੀ ਰਸਨਾ ਤੇ ਵੀ ਗੁਰੂ ਹੀ ਬੋਲਿਆ ਹੈ। ਮਨ ਦੇ ਅੰਦਰ ਸੰਸਾ ਪੈਦਾ ਹੋ ਗਿਆ, ਫੇਰ ਹੌਂਸਲਾ ਆਉਂਦੈ ਕਿ ਸੰਗਤ ਨੇ ਅਰਦਾਸ ਕਰੀ ਹੈ; ਇਕੱਲੇ ਸਿੱਖ ਦੀ ਕੀ ਚੱਲਣੀ ਹੈ? ਸੋ ਮਹਾਰਾਜ ਜੀ ਦੇ ਕੋਲ ਚਲਿਆ ਜਾਂਦਾ ਹੈ ਕਿਉਂਕਿ ਜੋ ਗੁਰੂ ਹੈ ਸਾਧ ਸੰਗਤ ਜੀ! ਜਿਹੜਾ ਗੁਰਸਿੱਖ ਹਰ ਵਕਤ ਅਭੇਦ ਰਹਿੰਦੈ ਗੁਰੂ ਦੇ ਨਾਲ, ਉਹਦੀ ਰਸਨਾ ਤੇ ਆ ਕੇ ਗੁਰੂ ਆਪੇ ਹੀ ਬੋਲਣ ਲੱਗ ਜਾਂਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਸ੍ਰੀ ਨਗਰ, ਕਸ਼ਮੀਰ ਮਾਤਾ ਭਾਗਭਰੀ ਨੂੰ ਦਰਸ਼ਨ ਦੇਣ ਵਾਸਤੇ ਜਾਂਦੇ ਨੇ, ਤੇ ਸੰਗਤ ਨੂੰ ਪਤਾ ਲਗਦਾ ਹੈ ਤਾਂ ਸੰਗਤ ਬਹੁਤ ਵਹੀਰਾਂ ਘੱਤ ਕੇ ਦਰਸ਼ਨ ਨੂੰ ਆ ਰਹੀ ਹੈ ਤੇ ਇਕ ਪਿੰਡ ਦਾ ਜਥਾ ਸੋਹਣੇ ਫਲ ਟੋਕਰੇ ਵਿਚ ਪਾ ਕੇ ਤੇ ਸ਼ਹਿਦ ਲੈ ਕੇ ਗੁਰੂ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਸ਼ਬਦ ਪੜ੍ਹਦਾ ਜਾ ਰਿਹਾ ਹੈ। ਫਲਾਂ ਦੇ ਉਤੇ ਬਹੁਤ ਸੋਹਣਾ ਕੱਪੜਾ ਦਿੱਤਾ ਹੋਇਐ, ਰੰਗਦਾਰ ਕਾਗਜ਼ ਦੇ ਕੇ ਬੰਨ੍ਹੇ ਹੋਏ ਨੇ ਤੇ ਸ਼ਹਿਦ ਦਾ ਮੂੰਹ ਵੀ ਬਹੁਤ ਸੋਹਣੇ ਬਸਤ੍ਰ ਨਾਲ ਢਕਿਆ ਹੋਇਆ ਹੈ ਤੇ ਕੋਲ ਦੀ ਜਾਂਦੇ ਨੇ ਸ਼ਬਦ ਪੜ੍ਹਦੇ ਤੇ ਰਸਤੇ ਦੇ ਅੰਦਰ ਭਾਈ ਕੱਟੂ ਕਸ਼ਮੀਰੀ ਸੰਗਤ ਨੂੰ ਆ ਕੇ ਨਮਸਕਾਰ ਕਰਦਾ ਹੈ, ਪੁਛਦਾ ਹੈ ਕਿ ਕਿਥੇ ਜਾ ਰਹੇ ਹੋ? ਕਹਿੰਦੇ, ਅਸੀਂ ਮਹਾਰਾਜ ਜੀ ਦੇ ਦਰਸ਼ਨ ਕਰਨ ਜਾ ਰਹੇ ਹਾਂ। ਉਸ ਦੀ ਨਿਗ੍ਹਾ ਟੋਕਰੇ ਤੇ ਪਈ, ਉਸ ਬਰਤਨ ਤੇ ਪਈ। ਕਹਿੰਦਾ, ਇਸ ਬਰਤਨ 'ਚ ਕੀ ਹੈ? ਕਹਿੰਦੇ, "ਗੁਰੂ ਮਹਾਰਾਜ ਵਾਸਤੇ ਅਸੀਂ ਫਲ ਲੈ ਕੇ ਜਾ ਰਹੇ ਹਾਂ ਤੇ ਕਸ਼ਮੀਰ ਦੇ ਮੇਵੇ ਨੇ, ਵੰਨ-ਸੁਵੰਨੇ, ਤਾਜੇ ਤੋੜ ਕੇ ਲਿਆਂਦੇ ਨੇ। ਭਾਈ ਕੱਟੂ! ਇਹਦੇ 'ਚ ਸ਼ੁਧ ਸ਼ਹਿਦ ਹੈ, ਫੁੱਲਾਂ ਦੀ ਸੁਗੰਧੀ ਵਾਲਾ ਸ਼ਹਿਦ ਹੈ। ਹੱਥ ਕਰ ਦਿੱਤਾ ਭਾਈ ਕੱਟੂ ਨੇ ਅੱਗੇ ਕਿ ਥੋੜ੍ਹਾ ਜਿਹਾ ਮੈਨੂੰ ਵੀ ਪਾ ਦੇ, ਜੀਅ ਕਰਦਾ ਹੈ ਮੇਰਾ ਤੇ

ਇਕ ਦੋ ਫਲ ਦੇ ਦਿਓ, ਉਥੇ ਵੀ ਤੁਸੀਂ ਸੰਗਤ ਨੂੰ ਹੀ ਵੰਡਣੇ ਨੇ ਜਾ ਕੇ। ਜਥੇਦਾਰ ਕਹਿਣ ਲੱਗਿਆ, ਭਾਈ ਕੱਟੂ! ਸੁੱਚੀ ਚੀਜ਼ ਗੁਰੂ ਮਹਾਰਾਜ ਦੇ ਪੇਸ਼ ਕਰਨੀ ਹੈ, ਰਾਹ 'ਚ ਹੀ ਵੰਡ ਕੇ ਲੈ ਜਾਈਏ? ਕਹਿੰਦਾ, "ਚੰਗਾ ਤੁਹਾਡੀ ਮਰਜ਼ੀ।" ਗੁਰੂ ਛੇਵੇਂ ਪਾਤਿਸ਼ਾਹ ਮਹਾਰਾਜ ਜੀ ਦੇ ਹਜ਼ੂਰ ਜਾ ਕੇ ਫਲਾਂ ਦਾ ਟੋਕਰਾ ਵੀ ਰੱਖ ਦਿਤਾ ਤੇ ਸ਼ਹਿਦ ਵਾਲਾ ਬਰਤਨ ਵੀ ਰੱਖ ਦਿੱਤਾ। ਮਹਾਰਾਜ ਜੀ ਨੇ ਦੋ ਵਾਰ ਦੇਖਿਆ, ਕਹਿੰਦੇ, "ਭਾਈ ਗੁਰਮੁਖੋ! ਦੁਰਗੰਧ ਜਿਹੀ ਕਿਥੋਂ ਆਉਣ ਲੱਗ ਪਈ।"

ਕਹਿੰਦੇ, "ਮਹਾਰਾਜ! ਕੋਈ ਚੀਜ਼ ਤਾਂ ਹੈ ਨਹੀਂ – ਦੁਰਗੰਧ ਵਾਲੀ।"

ਕਹਿੰਦੇ, "ਇਨ੍ਹਾਂ ਦੇ ਥੱਲੇ ਕੀ ਹੈ, ਖੋਲ੍ਹੋ।" ਖੋਲ੍ਹ ਕੇ ਦੇਖਿਆ, ਕੀ ਦੇਖਦੇ ਨੇ ਕਿ ਸਾਰੇ ਹੀ ਫਲ ਗਲੇ ਪਏ ਨੇ।

ਕਹਿੰਦੇ, "ਆਹ ਬਰਤਨ 'ਚ ਕੀ ਚੀਜ਼ ਹੈ, ਮੂੰਹ ਖੋਲ੍ਹਿਆ ਤੇ ਬਰਤਨ ਮਹਾਰਾਜ ਜੀ ਦੇ ਹੱਥ ਵਿਚ ਫੜਾਇਆ। ਮਹਾਰਾਜ ਜੀ ਕਹਿੰਦੇ ਕਿ ਦੇਖੋ ਭਾਈ ਕੀ ਚੀਜ਼ ਹੈ?

ਕਹਿੰਦੇ, "ਸ਼ੁਧ ਸ਼ਹਿਦ ਹੁਣੇ ਚੋ ਕੇ ਲਿਆਏ ਹਾਂ।" ਕਹਿੰਦੇ, "ਇਹ ਸ਼ਹਿਦ ਹੈ ਕਿ ਕੁਝ ਹੋਰ ਚੀਜ਼ ਹੈ।" ਜਦੋਂ ਵਾਪਸ ਸੰਗਤ ਨੇ ਦੇਖਿਆ ਤਾਂ ਕੁਰਬੁਲ-ਕੁਰਬੁਲ ਕਰਦੇ ਕੀੜੇ ਵਿਚ ਫਿਰਦੇ ਨੇ।

ਕਹਿੰਦੇ, "ਸਾਧ ਸੰਗਤ ਜੀ! ਇਹੋ ਜਿਹੀਆਂ ਚੀਜ਼ਾਂ ਗੁਰੂ ਦੀ ਭੇਟ 'ਚ ਲਿਆਈ ਦੀਆਂ ਨੇ?" ਰੋਣ ਲੱਗ ਗਏ, "ਪਾਤਿਸ਼ਾਹ ਪਤਾ ਨਹੀਂ ਕੀ ਭਾਣਾ ਵਰਤਿਆ? ਸ਼ੁਧ ਲਿਆਏ ਸੀ ਸਾਰੀਆਂ ਚੀਜ਼ਾਂ।" ਕਹਿਣ ਲੱਗੇ, "ਓਏ ਪ੍ਰੇਮੀਓ! ਹੁਣ ਕਾਹਨੂੰ ਅਫਸੋਸ ਕਰਦੇ ਹੋ, ਜਦੋਂ ਅਸੀਂ ਮੰਗਿਆ ਸੀ, ਹੱਥ ਕੱਢ ਕੇ, ਉਦੋਂ ਤੁਸੀਂ ਸਾਨੂੰ ਦਿੱਤਾ ਨਾ ਤੇ ਹੁਣ ਤੁਸੀਂ ਅਫਸੋਸ ਕਰਦੇ ਹੋ। ਕੌਣ ਮਿਲਿਆ ਸੀ ਰਾਹ 'ਚ?" ਕਹਿੰਦੇ, "ਭਾਈ ਕੱਟੂ।" ਕਹਿੰਦੇ, "ਫੇਰ ਭਾਈ ਕੱਟੂ ਦੇ ਵਿਚ ਤਾਂ ਅਸੀਂ ਹਰ ਵਕਤ ਰਹਿੰਦੇ ਹਾਂ, ਹਰ ਵਕਤ ਸਾਡਾ ਨਿਵਾਸ ਹੈ – ਅਭੇਦ ਅਵਸਥਾ ਦੇ ਗੁਰਸਿਖਾਂ 'ਚ, ਉਨ੍ਹਾਂ ਵਿਚ ਤੇ ਸਾਡੇ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਉਹ ਗੁਰੂ ਵਰਗੇ, ਪ੍ਰਮੇਸ਼ਰ ਵਰਗੇ ਹੀ ਹੁੰਦੇ ਨੇ।"

***ਧਾਰਨਾ – ਸਾਂਈ ਹੀ ਵਰਗੇ ਨੇ,***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ –2, 2.***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ –2, 2.***
***ਸਾਂਈ ਹੀ ਵਰਗੇ ਨੇ, ............... –2.***

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*** ***ਪੰਨਾ – 397***

***ਖਾਲਸਾ ਮੇਰੋ ਰੂਪ ਹੈ ਖਾਸ॥***
***ਖਾਲਸੇ ਮਹਿ ਹੌ ਕਰੌ ਨਿਵਾਸ॥*** ***ਸਰਬ ਲੋਹ ਗ੍ਰੰਥ 'ਚੋਂ***

***ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*** ***ਸਰਬ ਲੋਹ ਗ੍ਰੰਥ 'ਚੋਂ***

ਪਿਆਰਿਆ! ਗੁਰਸਿਖ ਨੇ ਗੱਲ ਕਹਿ ਦਿੱਤੀ, ਕਹਿੰਦੇ ਜਦੋਂ ਮੰਗਦਾ ਸੀ, ਉਸ ਵੇਲੇ ਤੁਸੀਂ ਦਿੱਤਾ ਨਹੀਂ। ਸੋ ਗੁਰਸਿਖ ਦੀ ਜ਼ੁਬਾਨ ਤੇ ਪ੍ਰਭੂ ਵਸਦੈ ਜਿਹੜਾ ਹਰ ਵਕਤ ਪ੍ਰਭੂ ਦੀ ਯਾਦ ਵਿਚ ਗੁਰਸਿੱਖ ਰਹਿੰਦਾ ਹੈ। ਸੋ ਭਾਈ ਬੁੱਧੂ ਮਹਾਰਾਜ ਜੀ ਦੇ ਪਾਸ ਚਲਿਆ ਗਿਆ। ਕਹਿਣ ਲੱਗਿਆ "ਪਾਤਿਸ਼ਾਹ! ਵਿਘਨ ਪੈ ਗਿਆ। ਸੰਗਤ ਨੇ ਤਾਂ ਅਰਦਾਸ ਕਰ ਦਿੱਤੀ, ਆਪ ਨੇ ਮਨਜ਼ੂਰ ਕਰ ਲਈ ਪਰ ਇਕ ਮਸਤਾਨਾ ਜਿਹਾ ਸਿੱਖ ਬਾਹਰ ਖੜ੍ਹਾ ਸੀ, ਉਸ ਨੇ ਤਿੰਨ ਵਾਰੀ ਕਿਹਾ – ਕੱਚੇ, ਕੱਚੇ, ਕੱਚੇ।" ਕਹਿੰਦੇ, "ਕੌਣ ਗੁਰਸਿੱਖ ਹੈ ਉਹ ਪਿਆਰਿਆ!"

ਕਹਿਣ ਲੱਗਿਆ, "ਮਹਾਰਾਜ! ਉਹ ਧਾੜਵੀ ਡਾਕੂ, ਲੁਟੇਰਾ।"

ਕਹਿੰਦੇ, "ਕਿਹੜਾ? ਗੁਰਸਿੱਖ ਵੀ ਲੁਟੇਰਾ ਹੁੰਦਾ ਹੈ? ਹਾਂ ਲੁਟੇਰਾ ਹੁੰਦਾ ਹੈ ਪ੍ਰਮੇਸ਼ਰ ਦੇ ਨਾਮ ਦਾ, ਜਦੋਂ ਦੁਨੀਆਂ ਸੁੱਤੀ ਪਈ ਹੁੰਦੀ ਹੈ, ਉਹ ਉਸ ਵੇਲੇ ਲੁੱਟਣ ਲੱਗਿਆ ਹੁੰਦਾ ਹੈ। ਉਸ ਵੇਲੇ ਨਾਮ ਦਾ ਭੰਡਾਰਾ ਕਾਇਮ ਕਰ ਲੈਂਦਾ ਹੈ। ਕਿਸੇ ਨੂੰ ਪਤਾ ਨਾ ਲੱਗ ਜਾਵੇ, ਅਮੀਰ ਆਦਮੀ ਇਸ ਲਈ ਦੌਲਤ ਨੂੰ ਛੁਪਾ ਕੇ ਰੱਖਦਾ ਹੈ। ਇਸੇ ਤਰ੍ਹਾਂ ਜਿਹੜਾ ਗੁਰਸਿੱਖ ਹੈ ਆਪਣੀ ਕਮਾਈ ਨੂੰ ਛੁਪਾ ਕੇ ਰੱਖਦਾ ਹੈ ਕਿ ਮੱਖੀਆਂ ਆ ਜਾਣਗੀਆਂ, ਮੰਗਤੇ ਆ ਜਾਣਗੇ, ਐਸਾ ਕਿਹੜਾ ਗੁਰਸਿੱਖ ਹੈ ਭਾਈ? ਗੁਰਸਿੱਖ ਤਾਂ ਲੁਟੇਰਾ ਹੋ ਹੀ ਨਹੀਂ ਸਕਦਾ।"

"ਪਾਤਿਸ਼ਾਹ! ਪਹਿਲਾਂ ਸੀ।"

"ਨਾਉਂ ਲੈ ਭਾਈ ਗੁਰਮੁਖਾ!"

"ਮਹਾਰਾਜ! ਭਾਈ ਲੱਖੂ।"

"ਭਾਈ ਲੱਖੂ ਨੇ ਕਹਿ ਦਿਤਾ?"

"ਹਾਂ! ਮਹਾਰਾਜ!"

ਖਾਮੋਸ਼ ਹੋ ਗਏ ਮਹਾਰਾਜ।

ਕਹਿਣ ਲੱਗਿਆ, "ਮਹਾਰਾਜ! ਆਪ ਨੇ ਕੁਝ ਫੁਰਮਾਇਆ ਨਹੀਂ।"

ਕਹਿੰਦੇ, "ਫੁਰਮਾਉਣਾ ਕੀ ਹੈ ਬੁੱਧੂ! ਹੁਣ ਤਾਂ ਗੁਰਸਿੱਖ ਦਾ ਬਚਨ ਹੀ ਸਫਲਾ ਹੋਏਗਾ, ਕਿਉਂਕਿ ਉਹ ਅਭੇਦ ਅਵਸਥਾ ਦਾ ਗੁਰਸਿੱਖ ਹੈ। ਉਹ ਹਰ ਵਕਤ ਮੇਰੇ 'ਚ ਰਹਿੰਦਾ ਹੈ ਮੈਂ ਉਹਦੇ 'ਚ ਰਹਿੰਦਾ ਹਾਂ ਤੇ ਜੋ ਕੁਝ ਉਸ ਨੇ ਬੋਲ ਦਿੱਤਾ ਹੁਣ ਉਹ ਟਾਲਿਆ ਨਹੀਂ ਜਾ ਸਕਦਾ।

***ਧਾਰਨਾ - ਭਾਵੇ ਚੰਦਰਮਾ ਨਾਸ ਹੋ ਜਾਵੇ,***
***ਸੰਤਾਂ ਦਾ ਬੋਲ ਨਾ ਟਲੇ -2, 2.***
***ਪਿਆਰੇ ਜੀ! ਸੰਤਾਂ ਦਾ ਬੋਲ ਨਾ ਟਲੇ -2, 2.***
***ਭਾਵੇਂ ਚੰਦਰਮਾ ਨਾਸ ਹੋ ਜਾਵੇ, ....... -2.***

***ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥***
***ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥***
***ਪੰਨਾ - 1204***

ਕਹਿਣ ਲੱਗੇ, "ਭਾਈ ਬੁੱਧੂ! ਇਹ ਤਾਂ ਅਭੇਦ ਅਵਸਥਾ ਵਾਲੇ ਗੁਰਮੁਖ ਦੇ ਮੁੱਖ 'ਚੋਂ ਬਚਨ ਨਿਕਲ ਗਿਆ। ਇਹ ਤਾਂ ਹੁਣ ਟਲ ਨਹੀਂ ਸਕਦਾ।" "ਪਾਤਿਸ਼ਾਹ! ਤੁਸੀਂ ਸਰਬ ਕਲਾ ਸਮਰੱਥ ਹੋ।" ਉਹ ਕਹਿੰਦੇ, "ਉਹ ਠੀਕ ਹੈ, ਗੁਰੂ ਸਿੱਖ ਦਾ ਬਚਨ ਟਾਲਣ 'ਚ ਸਮੱਰਥ ਹੈ ਪਰ ਇਹ ਆਦਿ-ਜੁਗਾਦਿ ਤੋਂ ਰੀਤ ਚਲੀ ਆਈ ਹੈ।"

ਗੁਰੂ ਨਾਨਕ ਪਾਤਸ਼ਾਹ ਜੀ ਜਮਨਾ ਕੰਢੇ ਠਹਿਰੇ ਹੋਏ ਹਨ, ਬੇਅੰਤ ਸੰਗਤ ਦਰਸ਼ਨ ਲਈ ਆਉਂਦੀ ਹੈ। ਇਕ ਦਿਨ ਸਵੇਰੇ ਅੰਮ੍ਰਿਤ ਵੇਲੇ ਰੋਣ ਦੀ ਆਵਾਜ਼ ਆਉਂਦੀ ਹੈ।

ਉਥੇ ਹਾਥੀਆਂ ਵਾਲੇ ਜੋ ਮਹਾਵਤ ਲੋਕ ਨੇ ਪਰਿਵਾਰਾਂ ਸਮੇਤ ਰਹਿ ਰਹੇ ਨੇ, ਇਕ ਇਕ ਹਾਥੀ ਇਕ ਇਕ ਮਹਾਵਤ ਨੂੰ ਦਿੱਤਾ ਹੋਇਆ ਹੈ। ਉਸ ਦੇ ਉੱਤੇ ਉਨ੍ਹਾਂ ਦੇ ਪਰਿਵਾਰ ਦਾ ਗੁਜ਼ਾਰਾ ਚਲਦਾ ਹੈ। ਅੱਧੀ ਰਾਤ ਹੋਈ ਤਾਂ ਉਸ ਵੇਲੇ ਇਕ ਹਾਥੀ ਮਰ ਗਿਆ। ਗੁਰੂ ਮਹਾਰਾਜ ਜੀ ਇਸ਼ਨਾਨ ਕਰਕੇ ਡੇਢ ਪਹਿਰ ਰਾਤ ਰਹਿੰਦੇ ਅੰਤਰ ਧਿਆਨ ਹੋ ਕੇ ਬੈਠ ਰਹੇ ਨੇ ਤੇ ਇਧਰੋਂ ਉੱਚੀ-ਉੱਚੀ ਰੋਣ ਦੀ ਆਵਾਜ਼ ਆ ਰਹੀ ਹੈ। ਸੰਤਾਂ ਦਾ ਦਿਲ ਪੱਥਰ ਦਾ ਦਿਲ ਨਹੀਂ ਹੋਇਆ ਕਰਦਾ। ਗੁਰੂਆਂ ਦਾ, ਸੰਤਾਂ ਦਾ, ਮਹਾਂਪੁਰਸ਼ਾਂ ਦਾ, ਗੁਰਸਿਖਾਂ ਦੇ, ਦਿਲ ਅੰਦਰ ਦਰਦ ਹੋਇਆ ਕਰਦਾ ਹੈ। ਹੂਕ ਸੁਣੀ, ਮਜ਼ਬੂਰੀ ਦੇਖੀ, ਆਵਾਜ਼ ਸੁਣੀ ਕਿ ਬਹੁਤ ਮਜ਼ਬੂਰ ਬੰਦਿਆਂ

ਦੀ ਆਵਾਜ਼ ਆ ਰਹੀ ਹੈ। ਭਾਈ ਮਰਦਾਨਾ! ਪਤਾ ਕਰ ਕੀ ਗੱਲ ਹੈ? ਪਤਾ ਕਰਕੇ ਆ ਗਿਆ, ਪਾਤਿਸ਼ਾਹ! ਮਹਾਵਤ ਦਾ ਰਿਜ਼ਕ ਜਿਹੜਾ ਸੀ ਉਹ ਹਾਥੀ ਦੇ ਉਤੇ ਸੀ, ਉਸਦਾ ਹਾਥੀ ਮਰ ਗਿਆ ਹੈ ਤੇ ਹੁਣ ਉਹ ਰੋਂਦਾ ਹੈ ਕਿ ਮੈਨੂੰ ਬਾਦਸ਼ਾਹ ਕੱਢ ਦੇਏਗਾ ਤੇ ਮੇਰੀ ਰੋਜ਼ੀ ਦਾ ਹੁਣ ਕੀ ਪ੍ਰਬੰਧ ਹੋਏਗਾ?

ਗੁਰੂ ਮਹਾਰਾਜ ਨੇ ਕਿਹਾ, "ਜਾਹ! ਉਸ ਨੂੰ ਕਹਿ ਦੇ ਕਿ ਹਾਥੀ ਮਰਿਆ ਨਹੀਂ ਹੈ, ਉਂਝ ਹੀ ਪਿਆ ਹੈ, ਉਠਾ ਲੈ ਇਸ ਨੂੰ, ਮਰਿਆ ਨਹੀਂ ਹੈ।" ਸੋ ਇਸੇ ਤਰ੍ਹਾਂ ਕੀਤਾ, ਜਾ ਕੇ ਉਸਨੇ ਹਾਥੀ ਵੱਲ ਦੇਖਿਆ, ਹਾਥੀ ਉਠ ਕੇ ਬੈਠ ਗਿਆ ਤੇ ਦਿਨ ਚੜ੍ਹ ਗਿਆ ਤਾਂ ਉਸਨੇ ਜ਼ਿਕਰ ਕਰਿਆ ਕਿ ਬਹੁਤ ਵੱਡੇ ਮਹਾਂਪੁਰਸ਼ ਇਥੇ ਆਏ ਹੋਏ ਨੇ। ਹਾਥੀ ਮਰ ਚੁੱਕਿਆ ਸੀ, ਠੰਡਾ-ਠਾਰ ਹੋ ਗਿਆ ਸੀ ਤੇ ਉਹਨਾਂ ਨੇ ਕਹਿ ਦਿਤਾ, ਮਰਿਆ ਨਹੀਂ ਹੈ।" ਕਹਿੰਦੇ, "ਜਿਉਂਦਾ ਹੋ ਗਿਆ। ਬਾਦਸ਼ਾਹ ਤੱਕ ਗੱਲ ਪਹੁੰਚ ਗਈ। ਬਾਦਸ਼ਾਹ ਨੂੰ ਵੀ ਦਿਲਚਸਪੀ ਹੋਈ ਤੇ ਗੁਰੂ ਨਾਨਕ ਪਾਤਿਸ਼ਾਹ ਨੂੰ ਬੁਲਾਇਆ - ਮਹਾਵਤ ਖਾਨੇ ਵਿਚ।"

ਕਹਿਣ ਲੱਗੇ, "ਫਕੀਰ ਸਾਂਈ! ਮੈਨੂੰ ਪਤਾ ਲਗਿਆ ਹੈ ਕਿ ਤੂੰ ਮਰਿਆਂ ਹੋਇਆਂ ਨੂੰ ਜਿਊਂਦੇ ਕਰ ਦਿੰਦਾ ਹੈਂ।"

ਮਹਾਰਾਜ ਕਹਿਣ ਲੱਗੇ, "ਨਾ ਬਾਦਸ਼ਾਹ! ਮਰਿਆਂ ਹੋਇਆਂ ਨੂੰ ਜਿਊਂਦਾ ਕਰਨ ਵਾਲਾ ਅਕਾਲ ਪੁਰਖ ਹੈ? ਜਿਊਂਦਿਆਂ ਨੂੰ ਮਾਰਨ ਵਾਲਾ ਅਕਾਲ ਪੁਰਖ ਹੈ।"

ਕਹਿੰਦਾ, "ਪਰ ਤੂੰ ਤਾਂ ਇਹ ਜਿਊਂਦਾ ਕਰ ਦਿੱਤਾ ਹੈ, ਹੁਣ ਮਾਰ ਕੇ ਦਿਖਾ।"

ਮਹਾਰਾਜ ਕਹਿਣ ਲੱਗੇ, "ਇਹ ਮਰਿਆ ਹੋਇਆ ਤਾਂ ਪਹਿਲਾਂ ਹੀ ਹੈ। ਉਹ ਹਾਥੀ ਧੜੰਮ ਕਰਕੇ ਗਿਰ ਗਿਆ।"

ਕਹਿੰਦਾ, "ਹੁਣ ਜਿਊਂਦਾ ਕਰਕੇ ਦਿਖਾ।"

ਮਹਾਰਾਜ ਕਹਿੰਦੇ, "ਬਾਦਸ਼ਾਹ! ਰੱਬ ਦੀ ਸੁੱਟੀ ਹੋਈ ਨੂੰ ਚੁੱਕ ਲਿਆ ਕਰਦੇ ਨੇ ਉਸਦੇ ਦਰਵੇਸ਼, ਉਸਦੇ ਪਿਆਰੇ; ਦਰਵੇਸ਼ਾਂ ਦੀ ਸੁੱਟੀ ਹੋਈ ਨੂੰ ਕੋਈ ਵੀ ਨਹੀਂ ਚੁੱਕ ਸਕਦਾ। ਕਹਿੰਦੇ ਦੇਖ ਅੱਗ ਜਲਦੀ ਹੈ, ਵਿਚ ਕੋਲੇ ਬਣ ਜਾਂਦੇ ਨੇ, ਕੋਲੇ ਨੂੰ ਹੱਥ ਨਾਲ ਚੁੱਕ ਲੈ, ਪਲ ਦੋ ਪਲ ਅਸੀਂ ਘੁਮਾ ਕੇ ਹੱਥ ਤੇ ਰੱਖ ਸਕਦੇ ਹਾਂ। ਜਿਹੜੇ ਫਕੀਰ ਹੁੰਦੇ ਨੇ, ਸੰਤ ਹੁੰਦੇ ਨੇ, ਰੱਬ ਦੇ ਪਿਆਰ ਵਿਚ ਲਾਲ ਹੋਏ ਹੁੰਦੇ ਨੇ ਜਿਵੇਂ ਲੋਹਾ ਅੱਗ ਦੇ ਵਿਚ ਸੁੱਟ ਦਿਉ, ਉਸ ਲੋਹੇ ਨੂੰ ਤਾਂ ਹੱਥ ਸਪਰਸ਼ ਕਰਦੀ ਸਾਰ ਹੀ ਹੱਥ ਜਲ ਜਾਏਗਾ। ਲੋਹੇ ਨੂੰ ਚੁੱਕਣਾ ਹਰੇਕ ਦਾ ਕੰਮ ਨਹੀਂ ਹੈ। ਸੋ ਸੰਤਾਂ ਦੀ ਮਾਰੀ ਹੋਈ ਕੋਈ ਨਹੀਂ ਉਠਾ ਸਕਿਆ ਕਰਦਾ, ਰੱਬ ਦੀ ਮਾਰੀ ਹੋਈ ਨੂੰ ਸੰਤ ਉਠਾ ਲੈਂਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਬਾਣੀ ਵਿਚ ਆਉਂਦਾ ਹੈ।

***ਧਾਰਨਾ - ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,***
***ਭਗਤਾਂ ਦੀ ਬੰਨ੍ਹੀ ਨਾ ਛੁਟਦੀ -2, 2.***
***ਮੇਰੇ ਪਿਆਰੇ ਭਗਤਾਂ ਦੀ ਬੰਨ੍ਹੀ ਨਾ ਛੁੱਟਦੀ -2, 2.***
***ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ, ......-2.***

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਪੰਨਾ - 1252***

ਕਹਿਣ ਲੱਗੇ, "ਭਾਈ ਗੁਰਸਿਖਾ! ਇਹ ਆਦਿ ਜੁਗਾਦਿ ਤੋਂ ਹੀ ਹੈ ਕਿ ਜੋ ਅਭੇਦ ਅਵਸਥਾ ਦਾ ਗੁਰਸਿਖ ਹੈ, ਉਹ ਜੋ ਬਚਨ ਕਰ ਦਿੰਦਾ ਹੈ ਉਸ ਨੂੰ ਗੁਰੂ ਬਦਲਿਆ ਨਹੀਂ ਕਰਦਾ, ਕਿਉਂਕਿ ਮਰਿਆਦਾ ਪ੍ਰਸ਼ੋਤਮਾਂ ਨੇ, ਮਰਿਆਦਾ ਬੰਨ੍ਹੀ ਹੋਈ ਹੈ। ਕ੍ਰਿਸ਼ਨ ਮਹਾਰਾਜ ਦੇ ਆਪਣੇ ਬਹੁਤ ਪੁੱਤਰ ਪੋਤਰੇ ਸਨ। ਕਲਜੁਗ ਦਾ ਸਮਾਂ ਆ ਗਿਆ, ਗੁਸਤਾਖੀ ਆ ਗਈ ਬੱਚਿਆਂ 'ਚ। ਆਪਣੇ ਸਾਥੀਆਂ ਵਿਚੋਂ ਇਕ ਬੱਚਾ ਚੁਣ ਲਿਆ, ਉਸਦੇ ਪੇਟ ਦੇ ਉਤੇ ਇਕ ਬਾਟੀ ਬੰਨ੍ਹ ਕੇ ਉਤੋਂ ਦੀ ਕੱਪੜੇ ਵਲ੍ਹੇਟ ਦਿੱਤੇ। ਬੀਬੀਆਂ ਵਾਲੇ ਕੱਪੜੇ ਪੁਆ ਲਏ। ਪੰਜ ਸੱਤ ਨੇ ਹੋਰ ਪਾ ਲਏ। ਕੁੜੀਆਂ ਤੇ ਮੁੰਡਿਆਂ ਦੇ ਰੂਪ ਵਿਚ ਇਕੱਠੇ ਹੋ ਕੇ, ਇਕੱਲੇ

ਇਕੱਲੇ ਸੰਤ ਕੋਲ ਜਾਂਦੇ ਨੇ – ਸਾਧੂਆਂ ਕੋਲ; ਬਾਬਾ ਜੀ ਪ੍ਰਣਾਮ, ਨਮਸ਼ਕਾਰ। ਅਸੀਸ ਲੈਂਦੇ ਨੇ। ਕਹਿੰਦੇ ਨੇ ਬਾਬਾ ਜੀ ਆਹ ਲੜਕੀ ਸੰਗਦੀ ਹੈ। ਆਪ ਪੁੱਛ ਨਹੀਂ ਸਕਦੀ, ਕ੍ਰਿਪਾ ਕਰਕੇ ਦੱਸੋ, ਇਸ ਦੇ ਕੌਣ ਪੈਦਾ ਹੋਏਗਾ, ਲੜਕਾ ਜਾਂ ਲੜਕੀ? ਸੰਤ ਚੁੱਪ ਕਰ ਰਹਿੰਦੇ ਨੇ, ਜਾਣਦੇ ਸਾਰੇ ਹੀ ਨੇ। ਇਸ ਤਰ੍ਹਾਂ ਮਸ਼ਕਰੀ ਕਰਦੇ-ਕਰਦੇ ਦੁਰਬਾਸ਼ਾ ਰਿਸ਼ੀ ਦੇ ਕੋਲ ਪਹੁੰਚ ਗਏ, ਜੋ ਉਨ੍ਹਾਂ ਦੇ ਕੁਲ ਗੁਰੂ ਸੀ। ਜਦੋਂ ਉਹਨਾਂ ਕੋਲ ਜਾ ਕੇ ਸਵਾਲ ਕਰਿਆ। ਕਿਉਂਕਿ ਤੱਤ ਹੁੰਦੇ ਨੇ, ਪ੍ਰਕਿਰਤੀ ਹੁੰਦੀ ਹੈ ਸਾਧ ਸੰਗਤ ਜੀ! ਸਾਧੂਆਂ ਦੀ ਵੀ। ਕਈ ਸਾਧੂ ਤਮੋ ਗੁਣੀ ਬਿਰਤੀ ਵਿਚ ਰਹਿੰਦੇ ਨੇ, ਗਾਲ੍ਹਾਂ ਹੀ ਕੱਢੀ ਜਾਂਦੇ ਨੇ, ਨੇੜੇ ਨਹੀਂ ਕਿਸੇ ਨੂੰ ਆਉਣ ਦਿੰਦੇ। ਕਈ ਸਤੋ-ਗੁਣੀ ਬਿਰਤੀ ਵਿਚ ਹੁੰਦੇ ਨੇ, ਸਾਰਿਆਂ ਨੂੰ ਨੇੜੇ ਆਉਣ ਦਿੰਦੇ ਨੇ, ਸਾਰਿਆਂ ਦੀ ਗੱਲ ਮੰਨ ਲੈਂਦੇ ਨੇ। ਕੋਈ ਰਜੋ-ਗੁਣੀ ਬਿਰਤੀ 'ਚ ਹੁੰਦੇ ਨੇ, ਪਰਉਪਕਾਰ ਕਰਦੇ ਨੇ, ਸਕੂਲ ਬਣਾਉਂਦੇ ਨੇ, ਕੁਝ ਹੋਰ ਬਣਾਉਂਦੇ ਨੇ ਆਪੋ ਆਪਣੀਆਂ ਬਿਰਤੀਆਂ ਦਾ ਹਿਸਾਬ ਹੈ। ਅੰਦਰਲੇ ਗਿਆਨ ਦਾ ਕੋਈ ਫਰਕ ਨਹੀਂ ਹੋਇਆ ਕਰਦਾ, ਅੰਦਰਲਾ ਗਿਆਨ ਸਭ ਦਾ ਇਕ ਹੋਇਆ ਕਰਦਾ ਹੈ, ਗ੍ਰਿਹਸਥੀ ਦਾ ਵੀ ਇਕ ਹੁੰਦੈ, ਸਾਧੂ ਦਾ ਵੀ ਇਕ ਹੁੰਦਾ ਹੈ, ਗਿਆਨ 'ਚ ਕੋਈ ਫਰਕ ਨਹੀਂ ਹੁੰਦਾ। ਕੇਵਲ ਪ੍ਰਾਕਿਰਤੀ ਦੇ ਗੁਣਾਂ ਕਰਕੇ, ਉਸ ਦੇ ਸੁਭਾਅ 'ਚ ਫਰਕ ਹੋਇਆ ਕਰਦਾ ਹੈ ਤੇ ਸਾਧੂ ਅਸੰਗ ਹੁੰਦੇ ਨੇ ਜੋ ਪ੍ਰਕਿਰਤੀ ਦੇ ਸੁਭਾਅ ਦੇ ਮੁਤਾਬਿਕ ਉਨ੍ਹਾਂ ਦੇ ਇੰਦ੍ਰੇ ਕੰਮ ਕਰਦੇ ਨੇ। ਉਹ ਇੰਦਰਿਆਂ ਤੋਂ ਉਤੇ ਰਹਿੰਦਾ ਹੈ ਉਹ ਆਪਣੇ ਆਪ ਗੁਣਾਂ ਦੇ ਸੁਭਾਵ ਤੋਂ ਅਸੰਗ ਰਖਦਾ ਹੈ। ਆਪ ਬਿਲਕੁਲ ਅਸੰਗ ਤੇ ਅਲੇਪ ਰਹਿੰਦੇ ਨੇ।

ਸੋ ਉਨ੍ਹਾਂ ਦੇ ਪਾਸ ਗਏ, ਉਨ੍ਹਾਂ ਦੀ ਪ੍ਰਕਿਰਤੀ ਵਿਚ ਤਮੋ ਗੁਣ ਵੱਧ ਸੀ। ਗੁੱਸਾ ਆ ਗਿਆ ਕਿ ਆਹ ਬੱਚੇ ਐਨੀ ਗੁਸਤਾਖੀ ਕਰਦੇ ਨੇ ਕਿ ਸਾਧੂ ਸੰਤਾਂ ਨੂੰ ਆ ਕੇ ਇੱਜ਼ਤ ਤਾਂ ਕੀ ਕਰਨੀ ਹੈ, ਮਖੌਲਾਂ ਕਰਦੇ ਨੇ, ਟਿਚਰਾਂ ਕਰਦੇ ਨੇ।

***ਸੰਤਨ ਸੇਤੀ ਮਸਕਰੀ ਕੁਲ ਡੋਬਣ ਕੀ ਰੀਤ।***

ਜਿਸਨੇ ਡੁੱਬਣਾ ਹੋਵੇ ਉਹ ਸੰਤਾਂ ਨੂੰ ਮਸ਼ਕਰੀਆਂ ਕਰਨ ਲੱਗ ਜਾਵੇ –

***ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥ ਪੰਨਾ – 693***

ਮਸ਼ਕਰੀ ਕਰੀ ਜਾ ਕੇ। ਪਹਿਲੀ ਵਾਰੀ ਹਟਾਇਆ ਕਿ ਨਾ ਬੱਚਿਓ ਨਾ, ਇਹੋ ਜਿਹੀ ਗੱਲ ਨਹੀਂ ਕਰੀਦੀ। ਨਾ ਬਾਬਾ ਜੀ! ਅਸੀਂ ਤਾਂ ਜ਼ਰੂਰ ਪੁੱਛਣਾ ਹੈ। ਕਹਿੰਦੇ, ਫੇਰ ਦੱਸਾਂ? ਕਰੋਧ 'ਚ ਆ ਗਏ। ਨੇਤਰ ਲਾਲ ਕਰ ਲਏ। ਦੂਸਰੀ ਵਾਰੀ ਫੇਰ ਤੇਜ 'ਚ ਆ ਕੇ ਕਿਹਾ ਕਿ ਦੱਸਾਂ ਫੇਰ? ਕਹਿੰਦੇ ਦੱਸੋ। ਝੁਕੇ ਨਹੀਂ, ਕਹਿੰਦੇ, "ਦੱਸੋ।"

ਕ੍ਰਿਸ਼ਨ ਜੀ ਦੇ ਬੱਚੇ ਸਨ, ਥੋੜ੍ਹੇ ਗੁਸਤਾਖ ਸਨ ਕਿ ਸਾਡੇ ਤਾਂ ਪਿਤਾਮਾ ਸੋਲ੍ਹਾਂ ਕਲਾਂ ਸੰਪੂਰਨ ਅਵਤਾਰ ਨੇ, ਨੀਵੇਂ ਨਹੀਂ ਹੋਏ ਸਗੋਂ ਉਨਾਂ ਹੀ ਉੱਚਾ ਬੋਲਿਆ।

ਤੀਸਰੀ ਵਾਰੀ ਫੇਰ ਦੁਰਬਾਸਾ ਜੀ ਨੇ ਗਰਜ ਕੇ ਕਿਹਾ, ਕਹਿੰਦੇ, "ਫੇਰ ਦੱਸ ਹੀ ਦੇਵਾਂ?" ਉਤਨਾ ਹੀ ਉਚਾ ਗਰਜ ਕੇ ਕਹਿੰਦੇ, "ਦੱਸ ਦਿਉ ਫੇਰ ਦੇਰ ਕਿਉਂ ਲਾਈ ਐ?"

ਕਹਿੰਦੇ, "ਜਾਓ ਇਹਦੇ ਪੇਟ 'ਚੋਂ ਉਹ ਪੈਦਾ ਹੋਏਗਾ, ਜਿਹੜਾ ਤੁਹਾਡੀ ਕੁਲ ਦਾ ਖਾਤਮਾ ਕਰੇਗਾ।" ਸਰਾਪ ਲੈ ਲਿਆ, ਵਾਪਸ ਆ ਗਏ, ਰੋਣ ਲੱਗ ਗਏ ਕ੍ਰਿਸ਼ਨ ਮਹਾਰਾਜ ਜੀ ਕੋਲ ਆ ਕੇ ਤੇ ਉਧਰ ਪੇਟ ਦੇ ਉਤੋਂ ਕੱਪੜੇ ਲਾਹੇ, ਬਾਟੀ ਤਾਂ ਗਾਇਬ ਹੋ ਗਈ ਤੇ ਉਸ ਦੀ ਜਗ੍ਹਾ ਇਕ ਮੁਸਲ ਨਿਕਲ ਆਇਆ। ਕ੍ਰਿਸ਼ਨ ਮਹਾਰਾਜ ਕੋਲ ਚਲੇ ਗਏ। ਕਹਿਣ ਲੱਗੇ, "ਮਹਾਰਾਜ! ਸਾਨੂੰ ਦੁਰਬਾਸਾ ਰਿਸ਼ੀ ਨੇ ਸਰਾਪ ਦੇ ਦਿੱਤਾ।"

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਬੱਚਿਓ! ਸਾਧੂ ਬਗੈਰ ਕਿਸੇ ਮਤਲਬ ਤੋਂ ਨਾ ਵਰ ਦਿੰਦੇ ਨੇ, ਨਾ ਸਰਾਪ ਦਿੰਦੇ ਨੇ; ਸੇਵਾ ਕਰ ਲਓ, ਪ੍ਰਸੰਨ ਕਰ ਲਓ, ਪ੍ਰਸੰਨ ਹੋ ਕੇ ਉਹਨਾਂ ਦੇ ਮੁਖ 'ਚੋਂ ਵਰ ਨਿਕਲ ਜਾਂਦਾ ਹੈ, ਬਚਨ ਨਿਕਲ ਜਾਂਦਾ ਹੈ। ਉਹ ਵਰ ਦੇ ਰੂਪ 'ਚ ਹੁੰਦੇ ਨੇ। ਨਾਰਾਜ਼ ਕਰ ਲਓ, ਦੁਖੀ ਕਰ

ਲਓ ਤਾਂ ਫੇਰ ਸਰਾਪ ਵੀ ਹੋ ਜਾਇਆ ਕਰਦਾ ਹੈ। ਕੀ ਸਰਾਪ ਦਿੱਤਾ ਹੈ? ਕਹਿੰਦੇ, "ਮਹਾਰਾਜ! ਇਕ ਬੱਚੇ ਦੇ ਪੇਟ ਤੇ ਲੋਹੇ ਦੀ ਬਾਟੀ ਕਪੜਿਆਂ ਵਿਚ ਵਲ੍ਹੇਟ ਕੇ ਐਉਂ ਕਰ ਲਿਆ ਜਿਵੇਂ ਗਰਭ ਵਾਲਾ ਪੇਟ ਹੁੰਦਾ ਹੈ। ਸੋ ਘਰੋਂ ਤਾਂ ਬਾਟੀ ਬੰਨ੍ਹੀ ਸੀ, ਇਹ ਲੋਹੇ ਦਾ ਭਾਰੀ ਮੁਸਲ ਬਣ ਗਿਆ ਤੇ ਨਾਲ ਉਨ੍ਹਾਂ ਨੇ ਇਹ ਕਿਹਾ ਕਿ ਜੋ ਤੁਹਾਡੀ ਕੁਲ ਦਾ ਖਾਤਮਾ ਕਰੇਗਾ, ਉਹ ਜੰਮੇਗਾ ਇਹਦੇ 'ਚੋਂ। ਤੁਸੀਂ 16 ਕਲਾਂ ਸੰਪੂਰਨ ਅਵਤਾਰ ਹੋ, ਬਦਲ ਸਕਦੇ ਹੋ, ਬਚਨ ਟਾਲ ਸਕਦੇ ਹੋ।" ਕਹਿੰਦੇ, "ਨਾ! ਮੈਂ ਨਹੀਂ ਬਚਨ ਟਾਲ ਸਕਦਾ, ਇਹ ਨਿਰੰਕਾਰ ਦਾ ਆਦਿ ਤੋਂ ਹੁਕਮ ਹੈ।

***ਮੇਰੀ ਬਾਂਧੀ ਭਗਤੁ ਛੁਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਪੰਨਾ - 1252***

ਮੈਨੂੰ ਬੰਨ੍ਹ ਲਏ ਫੇਰ ਮੈਂ ਜਵਾਬ ਨਹੀਂ ਦੇ ਸਕਦਾ। ਨਾਮਦੇਵ ਦਾ ਦੇਹੁਰਾ ਫੇਰਦਾ ਫਿਰਦਾ ਹੈ, ਧੰਨੇ ਦੀਆਂ ਗਊਆਂ ਚਾਰਦਾ ਫਿਰਦਾ ਹੈ। ਉਹ ਜਿਹੜਾ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ, ਜਿਸਦਾ ਨਾ ਕੋਈ ਆਦਿ ਨਾ ਕੋਈ ਅੰਤ, ਪਿਆਰ ਦੇ ਵਸੀਭੂਤ ਹੋ ਕੇ ਛੋਲਿਆਂ ਦੀਆਂ ਰੋਟੀਆਂ ਖਾ ਰਿਹਾ ਹੈ, ਲੱਸੀ ਦੇ ਗਲਾਸ ਭਰ-ਭਰ ਪੀ ਰਿਹਾ ਹੈ ਕਿਉਂਕਿ ਪਿਆਰ ਵਿਚ ਬੰਨ੍ਹਿਆ ਜਾਂਦਾ ਹੈ। ਹੋਰ ਕੋਈ ਤਰੀਕਾ ਨਹੀਂ ਪ੍ਰਮੇਸ਼ਰ ਨੂੰ ਕਾਬੂ ਕਰਨ ਦਾ। ਸਾਰਿਆਂ ਦਾ ਮਾਲਕ ਹੈ ਉਹ ਪਰ ਸੰਤਾਂ ਤੇ ਭਗਤਾਂ ਦੇ ਅੰਤਸ਼ਕਰਣ ਵਿਚ ਕੈਦ ਹੋ ਜਾਇਆ ਕਰਦਾ ਹੈ।

ਸੋ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਮੈਂ ਨਹੀਂ ਛੁਡਾ ਸਕਦਾ, ਮੈਂ ਆਪਣੇ ਪਿਆਰੇ ਦਾ ਬਚਨ ਨਹੀਂ ਬਦਲ ਸਕਦਾ। ਜਾਓ! ਪਰਾਸ਼ਚਿਤ ਕਰ ਲਓ। ਪ੍ਰਭਾਸਸ਼ੇਤਰ 'ਚ ਜਾਓ, ਉਥੇ ਜਾ ਕੇ ਇਸ ਨੂੰ ਰਗੜ ਦਿਓ, ਸਮੁੰਦਰ 'ਚ ਸੁੱਟ ਦਿਓ।" ਨਾਲ ਬਚਨ ਕਰ ਦਿੱਤਾ ਕਿ ਸ਼ਰਾਬ ਨਾ ਪੀਓ। ਰਗੜ ਰਗੜ ਕੇ ਸਮੁੰਦਰ 'ਚ ਸੁੱਟ ਦਿੱਤਾ, ਇਕ ਛੋਟਾ ਜਿਹਾ ਹਿੱਸਾ, ਨਿੱਕਾ ਜਿਹਾ ਬਚ ਗਿਆ ਉਹ ਹੱਥ 'ਚੋਂ ਨਿਕਲ ਗਿਆ, ਹੇਠਾਂ ਮੱਛੀ ਸੀ, ਮੱਛੀ ਨੇ ਨਿਗਲ ਲਿਆ। ਗੁਸਤਾਖੀ 'ਚ ਆ ਗਏ, ਸ਼ਰਾਬ ਪੀ ਲਈ ਉਥੇ ਹੀ ਆਪਸ ਵਿਚ ਲੜ ਕੇ, ਕੱਟ ਵੱਢ ਕੇ ਸਾਰੇ ਹੀ ਮਰ ਗਏ, ਇਕ ਨਾ ਬਚਿਆ।

***ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥ ਪੰਨਾ - 693***

ਕ੍ਰਿਸ਼ਨ ਮਹਾਰਾਜ ਇਕੱਲੇ ਰਹਿ ਗਏ ਤੇ ਆਪ ਨੇ ਬਸਤੀ ਛੱਡ ਕੇ ਜੰਗਲ 'ਚ ਜਾ ਕੇ ਇਕ ਦਰਖਤ ਨਾਲ ਢਾਸਣਾ ਲਾ ਲਿਆ ਤੇ ਪੈਰ ਗੋਡੇ ਉਤੇ ਰੱਖ ਲਿਆ। ਇਧਰਲੇ ਪਾਸਿਓਂ ਇਕ ਬੱਧਕ, ਜਿਸ ਨੇ ਇਕ ਮੱਛੀ ਫੜ ਲਈ ਸੀ, ਮੱਛੀ ਦੇ ਵਿਚੋਂ ਉਹੋ ਅਣੀ ਨਿਕਲੀ, ਉਸ ਨੇ ਆਪਣੇ ਤੀਰ ਦੇ ਉਤੇ ਲਾ ਲਈ। ਉਹੀ ਤੀਰ ਮਣੀ ਵਾਲਾ ਉਸ ਨੇ ਸਿੰਨ੍ਹ ਕੇ ਮਾਰਿਆ ਕਿ ਹਿਰਨ ਹੈ ਤੇ ਉਹ ਜਾ ਕੇ ਕ੍ਰਿਸ਼ਨ ਮਹਾਰਾਜ ਜੀ ਦੀ ਵੱਖੀ 'ਚ ਲਗਿਆ। ਭਾਈ ਗੁਰਦਾਸ ਜੀ ਲਿਖਦੇ ਨੇ ਕਿ -

***ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ॥***
***ਚਰਣ ਕਮਲ ਵਿਚਿ ਪਦਮੁ ਹੈ, ਝਿਲਮਿਲ ਝਲਕੈ ਵਾਂਗੀ ਤਾਰੇ॥***
***ਭਾਈ ਗੁਰਦਾਸ ਜੀ ਦੀ ਵਾਰ 10/23***

ਤਾਰੇ ਵਾਂਗ ਝਿਲਮਿਲ-ਝਿਲਮਿਲ ਕਰ ਰਿਹਾ ਹੈ।

***ਬਧਿਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।***
***ਭਾਈ ਗੁਰਦਾਸ ਜੀ ਦੀ ਵਾਰ 10/23***

ਉਸ ਨੇ ਮਿਰਗ ਸਮਝ ਲਿਆ, ਮਿਰਗ ਸਮਝ ਕੇ ਵੱਖੀ 'ਚ ਬਾਣ ਮਾਰਿਆ।

***ਦਰਸਣ ਡਿਠੋਸ ਜਾਇਕੈ ਕਰਣ ਪਲਾਵ ਕਰੇ ਪੁਕਾਰੇ।***
***ਭਾਈ ਗੁਰਦਾਸ ਜੀ ਦੀ ਵਾਰ 10/23***

ਜਦੋਂ ਕੋਲ ਗਿਆ, ਉਸ ਵੇਲੇ ਉਹਨੇ ਬੜਾ ਰੋਣਾ ਸ਼ੁਰੂ ਕਰਿਆ ਕਿ ਮੈਂ ਤਾਂ ਬੜਾ ਭਾਰਾ ਪਾਪ ਕਰਿਆ ਹੈ ਤੇ ਕ੍ਰਿਸ਼ਨ ਮਹਾਰਾਜ ਜੀ ਦੇ ਬਾਣ ਮਾਰ ਦਿੱਤਾ ਤੇ ਇਸ ਤਰ੍ਹਾਂ ਬੇਨਤੀਆਂ ਕਰਦਾ ਹੈ –

*ਧਾਰਨਾ – ਮਿਰਗ ਜਾਣ ਕੇ ਬਾਣ ਮੈਂ ਮਾਰਿਆ,*
*ਭੁੱਲ ਮੇਰੀ ਬਖਸ਼ੀਂ ਮਾਲਕਾ –2, 2.*
*ਭੁੱਲ ਮੇਰੀ ਓ, ਬਖਸ਼ੀਂ ਮਾਲਕਾ –2, 2.*
*ਮਿਰਗ ਜਾਣ ਕੇ ਬਾਣ ਮੈਂ ਮਾਰਿਆ, .. –2.*

*ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ।*
*ਚਰਣ ਕਮਲ ਵਿਚਿ ਪਦਮੁ ਹੈ, ਝਿਲਮਿਲ ਝਲਕੈ ਵਾਂਗੀ ਤਾਰੇ।*
*ਬਧਿਕੁ ਆਇਆ ਭਾਲਦਾ, ਮਿਰਗੈ ਜਾਣਿ ਬਾਣੁ ਲੈ ਮਾਰੇ।*
*ਦਰਸਨ ਡਿਠੋਸ ਜਾਇਕੈ ਕਰਣ ਪਲਾਵ ਕਰੇ ਪੁਕਾਰੇ।*
*ਗਲਿ ਵਿਚਿ ਲੀਤਾ ਕ੍ਰਿਸ਼ਨ ਜੀ ਅਵਗੁਣੁ ਕੀਤਾ ਹਰਿ ਨ ਚਿਤਾਰੇ।*
*ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।*
*ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।*
*ਪਾਪ ਕਰੇਂਦੇ ਪਤਿਤ ਉਧਾਰੇ॥ ਭਾਈ ਗੁਰਦਾਸ ਜੀ ਦੀ ਵਾਰ 10/23*

ਐਨੇ ਬਚਨ ਸਮਝਾ ਕੇ ਗੁਰੂ ਪੰਜਵੇਂ ਪਾਤਸ਼ਾਹ ਕਹਿਣ ਲੱਗੇ, "ਦੇਖ, ਭਾਈ ਬੁੱਧੂ! ਦੁਆਪਰ ਯੁੱਗ ਦੇ ਅੰਦਰ 16 ਕਲਾ ਸੰਪੂਰਨ ਅਵਤਾਰ ਨੇ ਆਪਣੀ ਕੁਲ ਦਾ ਨਾਸ਼ ਕਰਾ ਲਿਆ, ਪਰ ਸਾਧੂ ਦਾ ਬਚਨ ਨਹੀਂ ਬਦਲਿਆ। ਸੋ ਇਸ ਕਰਕੇ ਬਚਨ ਤਾਂ ਨਹੀਂ ਅਸੀਂ ਬਦਲ ਸਕਦੇ।" ਬੁੱਧੂਸ਼ਾਹ ਕਹਿਣ ਲੱਗਿਆ, "ਪਾਤਸ਼ਾਹ! ਮੈਂ ਤਾਂ ਬਰਬਾਦ ਹੋ ਜਾਵਾਂਗਾ, ਬੜਾ ਕਰਜਾ ਲੈ ਕੇ ਮੈਂ ਆਵਿਆਂ ਤੇ ਲਾਇਐ।" ਕਹਿੰਦੇ, ਸੰਗਤ ਦੀ ਸੇਵਾ ਕੀਤੀ ਨਿਹਫਲ ਨਹੀਂ ਜਾਂਦੀ। ਜੇ ਸੰਗਤ ਦੀ ਸੇਵਾ ਕਰੀ ਬੇ-ਫਲ ਚਲੀ ਗਈ ਤਾਂ ਸਾਰੇ ਹੀ ਜੋ ਵੀ ਬਚਨ ਨੇ ਇਸ ਦੇ ਵਿਚ ਉਹ ਸਾਰੇ ਰੱਦ ਹੋ ਜਾਣਗੇ। ਹਾਂ ਇਹ ਹੈ ਕਿ ਰਹਿਣਗੇ ਤਾਂ ਤੇਰੇ ਆਵੇ ਪਿੱਲੇ ਹੀ ਪਰ ਪੱਕਿਆਂ ਤੋਂ ਵੀ ਮਹਿੰਗੇ ਵਿਕਣਗੇ। ਆਵੇ ਖੋਲ੍ਹੇ ਗਏ, ਪਿੱਲੇ ਪਏ ਨੇ, ਕੋਈ ਨਹੀਂ ਖਰੀਦਦਾ। ਬਾਰਿਸ਼ ਐਨੀ ਜ਼ਿਆਦਾ ਹੋਈ ਕਿ ਕਿਲੇ ਦੀ ਦੀਵਾਰ ਗਿਰ ਗਈ, ਬੇਅੰਤ ਘਰ ਢਹਿ ਗਏ। ਕਿਸੇ ਆਵੇ 'ਚ ਇੱਟ ਨਾ ਰਹੀ, ਸਾਰੀਆਂ ਖਰੀਦੀਆਂ ਗਈਆਂ, ਇੱਟਾਂ ਮਹਿੰਗੀਆਂ ਹੋ ਗਈਆਂ ਤੇ ਉਧਰ ਕਿਲੇ ਦੀ ਕੰਧ ਵਾਸਤੇ ਕਿਤੋਂ ਵੀ ਇੱਟ ਨਹੀਂ ਮਿਲਦੀ। ਭਾਈ ਬੁੱਧੂ ਦੇ ਆਵੇ, ਇੱਟਾਂ ਖਰੀਦਣ ਵਾਲੇ ਆਏ ਤਾਂ ਭਾਈ ਬੁੱਧੂ ਕਹਿਣ ਲੱਗਿਆ ਕਿ ਮੇਰੇ ਆਵੇ ਤਾਂ ਕੱਚੇ ਨੇ ਪਰ ਮੈਂ ਏਸ ਭਾਅ ਦੇਣੇ ਨੇ। ਪੱਕਿਆਂ ਤੋਂ ਮਹਿੰਗੇ ਵਿਕ ਗਏ। ਸੋ ਇਸ ਤਰ੍ਹਾਂ ਦੇ ਨਾਲ –

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥ ਪੰਨਾ – 266*

ਫਲ ਵੀ ਪ੍ਰਾਪਤ ਹੁੰਦੇ ਨੇ ਤੇ ਦਰਗਾਹ ਦੇ ਵਿਚ ਜਾ ਕੇ ਵੀ ਸੁਰਖਰੂ ਹੁੰਦਾ ਹੈ।

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥ ਪੰਨਾ – 26*

*ਧਾਰਨਾ – ਦਰਗਹ ਮੋਖ ਦੁਆਰ,*
*ਇਥੇ ਮਿਲਦੀਆਂ ਨੇ ਵਡਿਆਈਆਂ –2, 2.*
*ਇਥੇ ਮਿਲਦੀਆਂ ਨੇ ਵਡਿਆਈਆਂ –4, 2.*
*ਦਰਗਹ ਮੋਖ ਦੁਆਰ, ............... –2.*

***ਸਤਿਗੁਰ ਕੀ ਸੇਵਾ ਚਾਕਰੀ..........॥*** ***ਪੰਨਾ - 586***

ਕਿਹੋ ਜਿਹੀ ਹੈ? ਮਹਾਰਾਜ ਜੀ ਕਹਿੰਦੇ -

***.............. ਸੁਖੀ ਹੂੰ ਸੁਖ ਸਾਰੁ॥*** ***ਪੰਨਾ - 586***

ਸੁਖ ਦੇਣ ਵਾਲੀ ਤੇ ਸੁੱਖਾਂ ਦਾ ਖਜ਼ਾਨਾ ਹੈ।

***ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ॥*** ***ਪੰਨਾ - 586***

ਇਥੇ ਵਡਿਆਈਆਂ ਮਿਲਦੀਆਂ ਨੇ, ਜੋ ਇੱਛਦਾ ਹੈ ਉਹ ਪ੍ਰਾਪਤੀ ਹੋ ਜਾਂਦੀ ਹੈ ਤੇ ਦਰਗਾਹ ’ਚ ਜਾ ਕੇ ਮੋਖ ਦੁਆਰਾ ਮਿਲਦਾ ਹੈ। ਮਹਾਰਾਜ ਜੀ (ਸੰਤ ਰਾੜੇ ਵਾਲੇ) ਜਦੋਂ ਢੱਕੀ ਸਾਹਿਬ ਛੱਡ ਕੇ ਜਿਥੇ ਹੁਣ ਮੌਜੂਦਾ ਗੁਰਦੁਆਰਾ ਰਾੜਾ ਸਾਹਿਬ ਹੈ ਇਹਦੇ ਪਿਛਲੇ ਪਾਸੇ ਪਹਿਲਾਂ ਪਹਿਲਾਂ ਛੱਪਰੀਆਂ ਪਾਈਆਂ ਹੁੰਦੀਆਂ ਸੀ ਤੇ ਉਹਨਾਂ ਛੱਪਰੀਆਂ ’ਚ ਮਹਾਰਾਜ ਜੀ ਵੀ ਰਿਹਾ ਕਰਦੇ ਸੀ। ਚੌਥੀ ਛੱਪਰੀ ਸੀ ਜਿਸ ਦੇ ਵਿਚ ਮੇਰਾ ਵੀ ਆਸਨ ਲੱਗਿਆ ਹੁੰਦਾ ਸੀ। ਬਹੁਤ ਅਨੰਦ ਆਉਂਦਾ ਸੀ ਭਜਨ-ਬੰਦਗੀ ਦਾ, ਅੰਮ੍ਰਿਤ ਵੇਲੇ ਜਾਗਣਾ, ਕੋਈ ਕਿਸੇ ਨੂੰ ਬੁਲਾਉਂਦਾ ਨਹੀਂ ਸੀ, ਮੋਨ ਵਰਤ ਰਖਾਇਆ ਕਰਦੇ ਸੀ ਤੇ ਉਹਨਾਂ ਦਿਨਾਂ ਦੇ ਅੰਦਰ, ਕੋਲ ਪਿੰਡ ਹਾਂਸਾ ਹੈ ਉਥੇ ਦੇ ਰਹਿਣ ਵਾਲੇ ਸ. ਮੋਹਨ ਸਿੰਘ ਜਿਨ੍ਹਾਂ ਦਾ ਕਾਰੋਬਾਰ ਦਿੱਲੀ ਚਲਦਾ ਸੀ, ਉਸ ਵੇਲੇ ਤੇਲ ਮਿੱਲ ਦੇ ਅੰਦਰ ਫਰਨੀਸ਼ਿੰਗ ਕੰਪਨੀ ਸੀ ਉਹਨਾਂ ਦੀ। ਉਹ ਵੀ ਆਏ ਤੇ ਆ ਕੇ ਮਹਾਰਾਜ ਕੋਲ ਬੇਨਤੀ ਕਰੀ, ਕਹਿੰਦੇ ਜੀ, ਜੇ ਹੁਕਮ ਹੋਵੇ ਮਹਾਰਾਜ! ਇਕ ਛੋਟਾ ਜਿਹਾ ਮਕਾਨ ਆਪ ਦੇ ਰਹਿਣ ਵਾਸਤੇ ਮੈਂ ਇਥੇ ਬਣਾ ਦੇਵਾਂ, ਆਪ ਦੀ ਆਗਿਆ ਦੀ ਜ਼ਰੂਰਤ ਹੈ ਤੇ ਆਪ ਦੱਸੋ ਕਿੱਡਾ ਕੁ ਹੋਣਾ ਚਾਹੀਦਾ ਹੈ। ਮਹਾਰਾਜ ਕਹਿੰਦੇ, “ਹੋਣਾ ਕਿੰਨਾ ਚਾਹੀਦੈ? ਇਕਲਿਆਂ ਵਾਸਤੇ ਹੀ ਚਾਹੀਦਾ ਹੈ। ਹੇਠਾਂ ਭੋਰਾ ਹੋਵੇ ਉਪਰ ਕੋਈ ਬਰਸਾਤੀ ਹੋ ਜਾਵੇ ਜਾਂ ਕਮਰਾ ਹੋ ਜਾਵੇ। ਇਸ ਤਰ੍ਹਾਂ ਦਾ ਬਣਾ ਦਿਓ ਜੇ ਤੁਹਾਡੀ ਇੱਛਾ ਹੈ, ਮਰਜ਼ੀ ਹੈ, ਨਹੀਂ ਤਾਂ ਸਾਡੇ ਇਸ ਛੱਪਰੀ ’ਚ ਬਹੁਤ ਸੋਹਣੇ ਦਿਨ ਕੱਟ ਹੁੰਦੇ ਨੇ -

***ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥*** ***ਪੰਨਾ - 745***

ਕਹਿੰਦੇ ਕੋਈ ਸਾਨੂੰ ਫਰਕ ਨਹੀਂ, ਨਾ ਛਪਰੀ ਦਾ ਫਰਕ ਹੈ, ਨਾ ਮਹਿਲਾਂ ਦਾ ਫਰਕ ਹੈ, ਉਹਦੇ ਨਾਲੋ ਸਗੋਂ ਸਤੋ ਗੁਣੀ ਜਿਆਦਾ ਇਹੀ ਹੁੰਦੀ ਹੈ। ਸੋ ਆਪ ਨੇ ਦਿੱਲੀ ਤੋਂ ਓਵਰਸੀਅਰ ਭੇਜ ਦਿੱਤਾ, ਨਕਸ਼ਾ ਭੇਜ ਦਿਤਾ ਬਣਾ ਕੇ ਤੇ ਭੋਰਾ ਸਾਹਿਬ ਬਣਨਾ ਸ਼ੁਰੂ ਹੋ ਗਿਆ। ਪਹਿਲੀ ਮੰਜਲ ਬਣੀ, ਦੂਸਰੀ ਬਣੀ, ਤੀਸਰੀ ਬਣੀ, ਚੌਥੀ ਉਪਰ ਜਾ ਕੇ ਛੋਟੀ ਜਿਹੀ ਮੰਮਟੀ ਬਣ ਗਈ। ਇਕ ਮੰਜੇ ਦੇ ਡਹਿਣ ਦਾ ਥਾਂ ਸੀ, ਉਸਦੇ ਵਿੱਚ ਥੋੜ੍ਹਾ ਜਿਹਾ ਸਮਾਨ ਰੱਖਣ ਨੂੰ ਪਿਛਲੇ ਪਾਸੇ ਸੀ ਤੇ ਵਰਾਂਡਾ ਸੀ ਆਲੇ-ਦੁਆਲੇ। ਹੁਣ ਤਾਂ ਛੱਤਿਆ ਹੋਇਐ, ਪਹਿਲਾਂ ਤਾਂ ਨੰਗਾ ਹੀ ਵਰਾਂਡਾ ਸੀ। ਜਿਸ ਵਕਤ ਬਣ ਗਿਆ ਤਾਂ ਉਸਦੇ ਵਿਚ ਅਜੇ ਇੱਟਾਂ ਉਸੇ ਤਰ੍ਹਾਂ ਪਈਆਂ ਸਨ, ਸ. ਮੋਹਨ ਸਿੰਘ ਦਿੱਲੀ ਤੋਂ ਆਏ। ਛੱਤਾਂ ਪੈ ਚੁੱਕੀਆਂ ਸਨ, ਤਿਆਰੀ ਹੋਣ ਵਾਲੀ ਸੀ ਤੇ ਉਸ ਵੇਲੇ ਮੈਂ ਵੀ ਬੈਠਾ ਸੀ ਤੇ ਉਹ ਵੀ ਆ ਗਏ, ਆ ਕੇ ਕਹਿਣ ਲੱਗੇ, “ਮਹਾਰਾਜ! ਬੜੀ ਦੇਰ ਤੋਂ ਮੈਥੋਂ ਆ ਨਹੀਂ ਹੋਇਆ, ਇਹ ਓਵਰਸੀਅਰ ਭੇਜਿਆ ਸੀ - ਸੇਵਾਦਾਰ ਵਗੈਰਾ। ਪਤਾ ਨਹੀਂ ਤੁਹਾਡੀ ਰੁਚੀ ਅਨੁਸਾਰ ਬਣ ਗਿਆ ਹੈ ਜਾਂ ਨਹੀਂ। ਕਹਿੰਦੇ, “ਨਹੀਂ, ਬਹੁਤ ਸੋਹਣਾ ਬਣ ਗਿਆ, ਮੋਹਨ ਸਿੰਘ! ਬਹੁਤ ਖੁਸ਼ੀਆਂ ਨੇ।” ਮਹਾਂਪੁਰਸ਼ਾਂ ਦੇ ਮੁੱਖ ਤੋਂ ਨਿਕਲ ਗਿਆ। ਮੋਮਬੱਤੀ ਜਲ ਰਹੀ ਸੀ ਤੇ ਇੱਟਾਂ ਦੇ ਵਿਚ ਕੁਰਸੀ ਡਾਹੀ ਹੋਈ ਸੀ ਤੇ ਅਸੀਂ ਇੱਟਾਂ ਪਰੇ ਕਰਕੇ ਦੋਏ ਜਣੇ ਬੈਠੇ ਸੀ। ਮਹਾਰਾਜ ਜੀ ਕਹਿਣ ਲੱਗੇ, “ਮੋਹਨ ਸਿੰਘ! ਇਕ ਸ਼ੇਰ ਨੇ ਸਾਧੂਆਂ ਵਾਸਤੇ, ਇਕ ਰਾਤ ਕੱਟਣ ਵਾਸਤੇ ਆਪਣਾ ਘੁਰਨਾ ਦੇ ਦਿੱਤਾ ਸੀ ਤੇ ਉਹਦਾ ਬੇਅੰਤ ਫਲ ਇਸ ਸੇਵਾ ਦਾ ਪ੍ਰਾਪਤ ਹੋਇਆ ਸੀ।” “ਸੱਚੇ ਪਾਤਸ਼ਾਹ ਉਹ ਕਿਵੇਂ ਦੇ ਦਿੱਤਾ ਸੀ, ਕ੍ਰਿਪਾ ਕਰਕੇ ਦੱਸੋ ਮੈਂ ਜਾਣਦਾ ਨਹੀਂ।” ਮਹਾਰਾਜ ਜੀ ਕਹਿਣ ਲੱਗੇ, “ਜਿਸ ਵਕਤ ਗੁਰੂ ਨੌਵੇਂ ਪਾਤਸ਼ਾਹ ਜੀ ਅਨੰਦਪੁਰ ਸਾਹਿਬ ਦੀ ਤਿਆਰੀ ਕਰਾ ਰਹੇ ਨੇ, ਇਮਾਰਤਾਂ ਬਣ ਰਹੀਆਂ ਨੇ ਤਾਂ ਉਥੇ ਇਕ ਪੀਰ ਮੌਲੇ ਸ਼ਾਹ, ਰੋਪੜ ਦਾ ਆ ਗਿਆ। ਉਹਨੇ ਤਰਕ ਕੀਤੀ, ਗੁਰਸਿੱਖਾਂ ਨੂੰ ਕਿਹਾ -

***ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ॥*** ***ਪੰਨਾ - 787***

ਕਹਿੰਦੇ, “ਬਾਣੀ ਤਾਂ ਤੁਹਾਡੀ ਐਂ ਕਹਿੰਦੀ ਹੈ ਤੇ ਗੁਰੂ ਵੱਡੇ ਵੱਡੇ ਮਹੱਲ ਬਣਾਉਣ ਲੱਗੇ ਹੋਏ

ਨੇ, ਬੜੇ ਕਮਰੇ ਬਣਾ ਰਹੇ ਨੇ, ਬਉਲੀਆਂ ਬਣਾ ਰਹੇ ਨੇ, ਇਹਨਾਂ ਨੇ ਨਹੀਂ ਚਲੇ ਜਾਣਾ ਇਥੋਂ?" ਗੁਰਸਿੱਖ ਚੁੱਪ ਕਰ ਗਏ। ਮਹਾਰਾਜ ਜੀ ਦੇ ਪਾਸ ਜਾ ਕੇ ਬੇਨਤੀ ਕਰੀ, "ਪਾਤਿਸ਼ਾਹ! ਪੀਰ ਰੋਪੜ ਵਾਲਾ ਐਉਂ ਕਹਿੰਦਾ ਹੈ।" ਮਹਾਰਾਜ ਕਹਿੰਦੇ, "ਕੋਈ ਨਾ, ਆਸਣ ਕਰਾ ਦਿਉ, ਪ੍ਰਸ਼ਾਦ ਪਾਣੀ ਦਿਉ ਤੇ ਉਹਦੇ ਬਾਅਦ ਉਹਨਾਂ ਨਾਲ ਬਚਨ ਕਰ ਲਵਾਂਗੇ।" ਸੋ ਪ੍ਰਸ਼ਾਦਾ ਛਕਾਇਆ ਤੇ ਉਸ ਤੋਂ ਬਾਅਦ ਰਿਹਾਇਸ਼ ਨੂੰ ਥਾਂ ਦਿੱਤਾ ਤੇ ਅਰਾਮ ਦੇ ਬਾਅਦ ਬੇਨਤੀ ਕੀਤੀ ਤੇ ਆਪ ਬਿਰਾਜ ਗਏ। ਜਦੋਂ ਬਿਰਾਜੇ ਉਸ ਵੇਲੇ ਗੁਰੂ ਮਹਾਰਾਜ ਆਏ ਸੁਪਨੇ 'ਚ, ਕਹਿਣ ਲੱਗੇ, ਆਉ ਪੀਰ ਜੀ ਸੈਰ ਕਰਾਈਏ। ਬਹਿਸ਼ਤਾਂ 'ਚ ਲੈ ਗਏ; ਬਹਿਸ਼ਤ ਇਕ ਨਹੀਂ ਹੈ, ਸ਼ਾਸਤਰਾਂ ਦੇ ਮੁਤਾਬਿਕ ਗਿਆਰਾਂ ਬਹਿਸ਼ਤਾਂ ਨੇ ਜਿਨ੍ਹਾਂ ਨੂੰ ਸਵਰਗ ਕਹਿੰਦੇ ਨੇ, ਇਕ ਤੋਂ ਇਕ ਚੜ੍ਹਦਾ ਹੈ ਤੇ ਉਹਨਾਂ ਦੀ ਸੈਰ ਕਰਾਉਣ ਲੱਗੇ ਬਹੁਤ ਵਧੀਆ ਸਵਰਗ ਦੇ ਵਿਚ। ਪੀਰ ਜੀ ਨੇ ਕਿਹਾ ਕਿ ਆਹ ਬੜਾ ਸੁਖੀ ਰਹਿੰਦੈ ਦੇਵਤਾ। ਪਤਾ ਨਹੀਂ ਇਹਨੇ ਕਿਹੜਾ ਪੁੰਨ ਕਰਿਐ, ਜਿਸ ਦੇ ਕਰਕੇ ਇਸ ਨੂੰ ਐਨਾ ਸੁਖ ਪ੍ਰਾਪਤ ਹੋਇਆ ਹੈ। ਮਹਾਰਾਜ ਜੀ ਕਹਿੰਦੇ ਪੁੱਛ ਲੈ। ਕਹਿੰਦਾ, "ਐ ਫਰਿਸ਼ਤੇ! ਤੂੰ ਸੰਸਾਰ ਦੇ ਅੰਦਰ ਕਿਹੜਾ ਦਾਨ ਕਰਿਆ ਜਿਸ ਕਰਕੇ ਤੂੰ ਐਨਾ ਸੁਖੀ ਰਹਿੰਦਾ ਹੈਂ।" ਕਹਿਣ ਲੱਗਿਆ, "ਪੀਰ ਜੀ! ਮੈਂ ਤਾਂ ਕੋਈ ਦਾਨ ਨਹੀਂ ਕੀਤਾ, ਮੈਂ ਮਨੁੱਖ ਨਹੀਂ ਸੀ, ਮੈਂ ਪਿਛਲੇ ਜਨਮ ਦੇ ਅੰਦਰ ਸ਼ੇਰ ਜੂਨੀ 'ਚ ਸੀ, ਤਾਮਸੀ ਜੂਨੀ 'ਚ ਮਾਸ ਖਾਂਦਾ ਸੀ। ਜੋ ਚੀਜ਼ ਮਿਲ ਜਾਏ ਉਸ ਦਾ ਮਾਸ ਖਾਂਦਾ ਸੀ, ਬੁੱਧੀ ਮੇਰੀ ਬਿਲਕੁਲ ਮੰਦ ਸੀ। ਕਿਸੇ ਤੇ ਮੈਂ ਰਹਿਮ ਨਹੀਂ ਸੀ ਕਰਦਾ ਤੇ ਇਕ ਦਿਨ ਦੇਵ ਨੇਤ ਨਾਲ ਬਾਰਿਸ਼ ਹੋ ਰਹੀ ਸੀ, ਠੰਢ ਦਾ ਮੌਕਾ ਸੀ, ਗੜ੍ਹੇ ਪੈ ਰਹੇ ਸੀ, ਬਿਜਲੀ ਲਿਸ਼ਕ ਰਹੀ ਸੀ ਤੇ ਮੈਂ ਵੀ ਠੰਡ ਦਾ ਮਾਰਿਆ ਹੋਇਆ ਘੁਰਨੇ ਨੂੰ ਨੱਠਿਆ। ਅੱਗੇ ਆ ਕੇ ਦੇਖਿਆ ਤਾਂ ਤਿੰਨ ਚਾਰ ਸੰਤ ਬੈਠੇ ਨੇ। ਉਹ ਸੰਤਾਂ ਦੇ ਦਰਸ਼ਨ ਕਰਕੇ ਮੇਰੇ ਉਤੇ ਕੋਈ ਐਸਾ ਅਸਰ ਹੋਇਆ ਕਿ ਮੇਰੇ ਅੰਦਰ ਵਿਚਾਰ ਆ ਗਈ ਮੈਂ ਤਾਂ ਹੈਗਾ ਤਾਮਸੀ ਜੂਨੀ 'ਚ ਤਕੜਾ, ਮੈਨੂੰ ਸਰਦੀ ਕੁਝ ਨਹੀਂ ਕਹਿ ਸਕਦੀ ਤੇ ਜੇ ਮੈਂ ਅੰਦਰ ਗਿਆ ਤਾਂ ਇਹ ਡਰ ਜਾਣਗੇ ਤੇ ਜੇ ਮੈਂ ਕੋਈ ਮਾਰ ਕੇ ਖਾ ਲਿਆ ਪਤਾ ਨਹੀਂ ਮੈਨੂੰ ਕਿਹੜਾ ਪਾਪ ਲਗੇਗਾ। ਸੋ ਮੈਂ ਉਥੋਂ ਹੀ ਮੁੜ ਗਿਆ ਤੇ ਮੇਰੀ ਠੰਡ ਦੇ ਨਾਲ ਮੌਤ ਹੋ ਗਈ, ਮੇਰਾ ਸਰੀਰ ਠੰਡ ਕਰਕੇ ਜਕੜ ਗਿਆ, ਮੈਂ ਜਕੜਨ ਦੇ ਨਾਲ ਮਰ ਗਿਆ ਤੇ ਮਰੇ ਹੋਏ ਨੂੰ ਮੈਨੂੰ ਇਕ ਰਾਤ ਭਰ ਸੰਤਾਂ ਨੂੰ ਆਪਣਾ ਘੁਰਨਾ ਦੇਣ ਦੇ ਬਦਲੇ ਆਹ ਸਵਰਗ ਦੀ ਪ੍ਰਾਪਤੀ ਹੋਈ ਹੈ।" ਐਨੀ ਗੱਲ ਸੁਣੀ ਤੇ ਉਦੋਂ ਹੀ ਉਸ ਦੀ ਅੱਖ ਖੁੱਲ੍ਹ ਗਈ। ਮਹਾਰਾਜ ਜੀ ਨੇ ਬੁਲਾ ਲਿਆ। ਕਹਿੰਦੇ, "ਆਓ ਪੀਰ ਜੀ! ਦੱਸੋ ਕੀ ਸ਼ੰਕਾ ਹੈ।" ਕਹਿੰਦੇ, "ਪਾਤਿਸ਼ਾਹ! ਸ਼ੰਕਾ ਸੀ ਜਬਰਦਸਤ ਪਰ ਹੁਣ ਨਹੀਂ ਰਿਹਾ। ਕਹਿੰਦੇ, "ਪੀਰ ਜੀ! ਅਸੀਂ ਆਪਣੇ ਵਾਸਤੇ ਕੁਛ ਨਹੀਂ ਬਣਾ ਰਹੇ, ਜੋ ਕੁਝ ਬਣ ਰਿਹਾ ਹੈ ਸੰਗਤਾਂ ਵਾਸਤੇ ਬਣ ਰਿਹਾ ਹੈ, ਦੂਰ ਦਰਾਜ਼ ਤੋਂ ਸੰਗਤਾਂ ਨੇ ਆਉਣਾ ਹੈ, ਥੱਕੇ ਹੋਣੇ ਨੇ, ਉਹਨਾਂ ਨੂੰ ਕੁੱਲੀ-ਗੁੱਲੀ-ਜੁੱਲੀ ਤਿੰਨ ਚੀਜ਼ਾਂ ਦੀ ਲੋੜ ਪੈਣੀ ਹੈ। ਕੁੱਲੀਆਂ ਪਾ ਰਹੇ ਹਾਂ ਸਿਰ ਢਕਣ ਵਾਸਤੇ, ਮੌਸਮ ਤੋਂ ਬਚਣ ਵਾਸਤੇ - ਬਾਰਸ਼ਾਂ ਤੋਂ, ਪਾਲੇ ਤੋਂ; ਬਉਲੀਆਂ ਬਣਾ ਰਹੇ ਹਾਂ ਉਹਨਾਂ ਨੂੰ ਠੰਡਾ ਪਾਣੀ ਮਿਲੇਗਾ। ਹੋਰ ਤਾਂ ਅਸੀਂ ਕੁਝ ਨਹੀਂ ਬਣਾ ਰਹੇ, ਅਸੀਂ ਆਪਣੇ ਵਾਸਤੇ ਤਾਂ ਆਹ ਦੇਖ ਲੈ ਕੱਚਾ ਜਿਹਾ ਕੋਠਾ ਬਣਾਇਆ ਹੋਇਆ ਹੈ। ਕਹਿੰਦਾ, ਮਹਾਰਾਜ! ਮੇਰਾ ਤਾਂ ਸ਼ੰਕਾ ਨਵਿਰਤ ਹੋ ਗਿਆ। ਹੁਣ ਕੋਈ ਸ਼ੰਕਾ ਨਹੀਂ ਰਿਹਾ ਕਿਉਂਕਿ ਇਹ ਤਾਂ ਬਹੁਤ ਭਾਰੀ ਪੁੰਨ ਹੈ।

ਸੋ ਮਹਾਰਾਜ ਜੀ ਕਹਿੰਦੇ, "ਮੋਹਨ ਸਿੰਘ ਜੀ! ਇਕ ਰਾਤ ਦਾ ਫਲ ਕਿੰਨਾ ਪ੍ਰਾਪਤ ਹੋਇਆ। ਹੁਣ ਤੂੰ ਦੱਸ, ਤੈਨੂੰ ਗੁਰੂ ਨਾਨਕ ਪਾਤਸ਼ਾਹ ਤੋਂ ਕੀ ਦਵਾਈਏ? ਕਿਉਂਕਿ ਇਥੇ ਅਸੀਂ ਬੈਠ ਕੇ ਅਕਾਲ ਪੁਰਖ ਨਾਲ ਇਕ ਚਿਤ ਹੋ ਕੇ ਬੰਦਗੀ ਕਰਨੀ ਹੈ ਤੇ ਉਸਦੀ ਤੈਨੂੰ ਵੀ ਵਡਿਆਈ ਮਿਲਣੀ ਚਾਹੀਦੀ ਹੈ। ਚੁੱਪ ਕਰ ਰਹੇ। ਦੂਸਰਾ ਬਚਨ ਫੇਰ ਕਰਿਆ, ਆਪ ਨੇ ਫੇਰ ਨੀਵੀਂ ਪਾ ਲਈ। ਤੀਸਰਾ ਬਚਨ ਮਹਾਂਪੁਰਸ਼ਾਂ ਨੇ ਫੇਰ ਕਰਿਆ ਕਹਿੰਦੇ, "ਬੋਲਦੇ ਨਹੀਂ ਹੋ।" ਚੁਪ ਕਰ ਗਏ ਤੇ ਉਸ ਵੇਲੇ ਆਪੇ ਹੀ ਮਹਾਂਪੁਰਸ਼ਾਂ ਦੇ ਮੁੱਖ ਤੋਂ ਉਚਾਰਣ ਹੋਇਆ, ਕਹਿੰਦੇ, "ਜਾਹ! ਤੇਰੇ ਘਰ ਗੁਰੂ ਨਾਨਕ ਦੀਨ ਵੀ ਰਖੇਗਾ ਤੇ ਦੁਨੀਆਂ ਵੀ ਰੱਖੇਗਾ। ਦੁਨੀਆਂ ਵਿਚ ਵੀ ਤੁਸੀਂ ਪੂਰੇ ਰਹੋਗੇ, ਦੀਨ ਵੀ ਤੁਹਾਡੇ ਘਰ ਰਹੇਗਾ, ਪ੍ਰਭਤਾ ਪਾ ਕੇ ਤੁਸੀਂ ਭੁਲੋਂਗੇ ਨਹੀਂ ਤੇ ਗੁਰੂ ਨੂੰ ਯਾਦ ਰਖੋਂਗੇ।" ਸੋ ਇਥੇ ਵੀ ਵਡਿਆਈ ਮਿਲਦੀ ਹੈ, ਦਰਗਾਹ ਦੇ ਵਿਚ ਵੀ ਵਡਿਆਈ ਮਿਲਦੀ ਹੈ।

ਕਰਨਲ ਲਾਲ ਸਿੰਘ ਪਟਿਆਲੇ ਫੌਜ ਦੇ ਵਿਚ ਸੀ। ਆਪ ਨੇ ਯੂ.ਪੀ. 'ਚ ਫਾਰਮ ਲੈ ਲਿਆ ਤੇ ਉਹਨਾਂ ਨੇ ਨਾਨਕ ਮਤੇ ਦੀ ਸੇਵਾ ਲੈ ਲਈ, ਰੀਠਾ ਸਾਹਿਬ ਵਾਸਤੇ 31 ਵਿਘੇ ਜ਼ਮੀਨ ਲੈ ਕੇ ਦਿੱਤੀ। ਬਾਗੇਸ਼ੂਰ ਦਾ ਗੁਰਦਵਾਰਾ ਕਢਾਇਆ ਜੋ ਸਰਕਾਰ ਦੇ ਕਾਗਜ਼ਾਂ 'ਚ ਸੀ ਪਰ ਲੋਕਾਂ ਨੇ ਦੱਬ ਲਿਆ ਸੀ। ਅਲਮੋੜੇ ਦਾ ਗੁਰਦੁਆਰਾ ਬਿਲਕੁਲ ਖਤਮ ਹੋਣ ਲਗਿਆ ਸੀ, ਉਹ ਸਾਰਾ ਉਨ੍ਹਾਂ ਨੇ ਕਢਾਇਐ, ਹੋਰ ਵੀ ਜਿਥੇ ਜਿਥੇ ਸੁਣਦਾ ਸੀ, ਵਿਚਾਰਾ ਤੁਰਿਆ ਰਹਿੰਦਾ ਸੀ। ਜਦੋਂ ਅੰਤ ਦਾ ਸਮਾਂ ਆਇਆ, ਉਹ ਦਿੱਲੀ ਚੜ੍ਹਾਈ ਕਰੇ। ਉਹਨਾਂ ਦੇ ਲੜਕਿਆਂ ਨੂੰ ਮੈਂ ਪੁਛਿਆ, ਸ. ਰਾਜਿੰਦਰ ਸਿੰਘ ਬਰਗੇਡੀਅਰ (ਪਿਛੋਂ ਮੇਜਰ ਜਨਰਲ) ਸੀ, ਹਰਮਿੰਦਰ ਸਿੰਘ ਏਅਰ ਕਮਾਂਡਰ ਨੂੰ, ਬਈ ਕਿਸ ਤਰ੍ਹਾਂ ਦੇ ਨਾਲ ਚੜ੍ਹਾਈ ਕਰੀ, ਉਹ ਮੈਨੂੰ ਦੱਸੋ ਉਹ ਆਖਰੀ ਬਾਤ ਚੀਤ। ਉਹ ਕਹਿੰਦੇ, ਜੀ ਆਖਰੀ ਸਮਾਂ ਐਸ ਤਰ੍ਹਾਂ ਆਇਆ, ਹਸਪਤਾਲ 'ਚ ਅਸੀਂ ਇਨ੍ਹਾਂ ਦੇ ਪਲੰਘ ਦੁਆਲੇ ਖੜ੍ਹੇ ਸੀ। ਵਲਿੰਗਟਨ ਹਾਸਪੀਟਲ 'ਚ ਇਹ ਪਏ ਨੇ, ਅਚਾਨਕ ਬੋਲਦੇ ਬੋਲਦੇ ਚੁਪ ਕਰ ਗਏ, ਤੇ ਸਾਡੇ ਚਾਚਾ ਜੀ ਡਾ. ਮੁਨਸ਼ੀ ਸਿੰਘ ਨੇ ਕਿਹਾ, ਲਾਲ ਸਿੰਘ! ਚੁਪ ਕਰ ਗਿਆ, ਪਛਾਣਦਾ ਹੈਂ ਸਾਨੂੰ, ਦਸ ਤਾਂ ਸਹੀ? ਸਾਡੇ ਸਾਰਿਆਂ ਦੇ ਨਾਉਂ ਲੈ ਦਿੱਤੇ, ਅਸੀਂ 7-8 ਖੜ੍ਹੇ ਸੀ। ਇਹ ਦੱਸ ਕੇ ਚੁਪ ਕਰ ਗਏ, ਕਹਿੰਦੇ ਮੈਨੂੰ ਬੁਲਾਓ ਨਾ, ਮੈਨੂੰ ਅਜਿਹਾ ਅਨੰਦ ਆਉਂਦੈ ਜਿਹੜਾ ਮੈਂ ਸਾਰੀ ਜ਼ਿੰਦਗੀ ਨਹੀਂ ਦੇਖਿਆ, ਬਹੁਤ ਹੀ ਕੋਈ ਮਨ ਦੀ ਸ਼ਾਂਤੀ (piece of mind) ਹੈ। ਕਹਿੰਦਾ ਅਸੀਂ ਖੜ੍ਹੇ ਰਹੇ, ਨਬਜ਼ ਦੇਖੀ, ਨਬਜ਼ ਠੀਕ ਚਲਦੀ ਹੈ ਤੇ ਉਸ ਤੋਂ ਬਾਅਦ 10-15 ਮਿੰਟ ਲੰਘੇ, ਅੱਖਾਂ ਖੋਲ੍ਹੀਆਂ, ਦੇਖਣ ਲੱਗ ਗਏ ਤੇ ਫੇਰ ਖੁਸ਼ੀ ਦੇ ਨਾਲ ਉਚੀ ਦੇ ਕੇ ਬੋਲੇ, ਕਹਿੰਦੇ, ਲੈ ਬਈ ਗੁਰੂ ਨਾਨਕ ਸਾਹਿਬ ਆ ਗਏ ਉਹ ਸਾਹਮਣੇ, ਬੋਲ ਗੁਰੂ ਨਾਨਕ ਦੇਵ ਦੀ ਜੈ, ਬੋਲ ਗੁਰੂ ਅੰਗਦ ਸਾਹਿਬ ਦੀ ਜੈ, ਦਸਾਂ ਪਾਤਿਸ਼ਾਹੀਆਂ ਦੀ ਜੈ ਬੁਲਾ ਕੇ ਕਹਿੰਦੇ, ਪਾਤਿਸ਼ਾਹ ਆ ਗਏ, ਦੋਵੇਂ ਹੱਥ ਜੋੜ ਕੇ ਇਸ ਤਰ੍ਹਾਂ ਕਰਿਆ ਜਿਸ ਤਰ੍ਹਾਂ ਨਮਸ਼ਕਾਰ ਕਰਦੇ ਹਾਂ। ਕਹਿੰਦੇ ਲਓ ਬਈ ਮੈਂ ਤਾਂ ਹੁਣ ਚਲਿਆ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਇਕ ਹੱਥ ਇਧਰ ਰੱਖ ਲਿਆ, ਇਕ ਇਧਰ ਰੱਖ ਲਿਆ, ਜਦ ਅਸੀਂ ਨਬਜ਼ ਦੇਖੀ ਉਥੇ ਕੁਝ ਵੀ ਨਾ। ਸੇਵਾ ਦਾ ਫਲ ਕੀ ਹੋਇਆ ਕਿ ਗੁਰੂ ਨਾਨਕ ਪਾਤਿਸ਼ਾਹ ਆਪ ਲੈਣ ਵਾਸਤੇ ਆਏ। ਸੋ ਇਸ ਕਰਕੇ ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਧਾਰਨਾ - ਦਰਗਹ ਮੋਖ ਦੁਆਰ,***
***ਇਥੇ ਮਿਲਦੀਆਂ ਨੇ ਵਡਿਆਈਆਂ -2, 2.***
***ਮਿਲਦੀਆਂ ਨੇ ਵਡਿਆਈਆਂ,***
***ਇਥੇ ਮਿਲਦੀਆਂ ਨੇ ਵਡਿਆਈਆਂ -2, 2.***
***ਦਰਗਹ ਮੋਖ ਦੁਆਰ, ....... -2.***

***ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ॥***
***ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ॥ ਪੰਨਾ - 586***

ਜਨਮ ਤੇ ਮਰਨ ਦਾ ਦੁਖ ਖਤਮ ਹੋ ਜਾਂਦੈ ਜੇ ਗੁਰੂ ਦੀ ਸੇਵਾ ਕਰੇ-

***ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ॥ ਪੰਨਾ - 587***

ਵਾਹਿਗੁਰੂ ਮਨ 'ਚ ਆ ਕੇ ਵਸ ਜਾਂਦਾ ਹੈ, ਅਚਿੰਤ ਦੀ ਅਵਸਥਾ ਜਿਸ ਦੇ ਵਿੱਚ ਕੋਈ ਫਿਕਰ ਨਾ ਰਹੇ, ਬੇ-ਗਮ ਅਵਸਥਾ, ਉਹ ਆ ਕੇ ਵੱਸ ਜਾਂਦੀ ਹੈ ਸੇਵਾਦਾਰ ਦੇ।

***ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ ਹਰਿ ਨਾਮੇ ਲਗੈ ਪਿਆਰੁ॥***
***ਨਾਨਕ ਜਨਮੁ ਸਵਾਰਨਿ ਆਪਣਾ ਕੁਲ ਕਾ ਕਰਨਿ ਉਧਾਰੁ॥***
***ਪੰਨਾ - 552***

ਨਾਲੇ ਤਾਂ ਆਪਣਾ ਜਨਮ ਸਵਾਰ ਲਿਆ ਤੇ ਦੂਜਿਆਂ ਦਾ ਵੀ ਕੁਝ ਭਲਾ ਹੋਇਆ। ਮਹਾਰਾਜ ਕਹਿੰਦੇ 21 ਕੁਲਾਂ ਦਾ ਉਧਾਰ ਕਰ ਦਿੰਦਾ ਹੈ -

***ਹਰਿ ਕਾ ਸੇਵਕੁ ਸੋ ਹਰ ਜੇਹਾ॥***

*ਭੇਦੁ ਨ ਜਾਣਹੁ ਮਾਣਸ ਦੇਹਾ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ॥* *ਪੰਨਾ - 1076*

ਕਹਿੰਦੇ ਉਹ ਤਾਂ ਪ੍ਰਮੇਸ਼ਰ ਦਾ ਹੀ ਰੂਪ ਹੋ ਜਾਇਆ ਕਰਦਾ ਹੈ। ਸੋ ਜੇ ਸੇਵਾ ਨਹੀਂ ਕਰਦਾ, ਹੁਕਮ ਦੇਈ ਜਾਂਦਾ ਹੈ ਕਿ ਆਹ ਕਰ ਲਓ, ਆਹ ਕਰ ਲਓ, ਆਪ ਦੂਰ ਹੀ ਖੜ੍ਹਾ ਹੈ, ਭੋਰਾ ਜਿੰਨੀ ਵੀ ਗਰਦ ਨਹੀਂ ਪੈਣ ਦਿੰਦਾ, ਸਾਧ ਸੰਗਤ ਜੀ! ਇਹ ਗਰਦ ਜਿਹੜੀ ਹੈ ਇਹ ਚਰਨ ਧੂੜ ਕਹਾਂਉਦੀ ਹੈ, ਇਹਦੇ 'ਚ ਅਕਸੀਰ ਹੈ, ਦੁਖੀਆਂ ਦੇ ਦੁਖ ਦੂਰ ਕਰਨ ਦੀ ਸਮਰਥਾ ਇਸ ਦੇ ਵਿਚ ਹੈ। ਵਿਘਨਾਂ ਦੇ ਨਾਸ਼ ਕਰਨ ਦੀ ਸਮਰੱਥਾ ਇਸਦੇ ਵਿਚ ਹੈ ਕਿਉਂਕਿ ਇਥੇ ਪ੍ਰਮੇਸ਼ਰ ਦੇ ਪਿਆਰਿਆਂ ਨੇ ਹਰੀ ਦਾ ਜਸ ਕਰਿਆ ਹੈ। ਦਰੀਆਂ ਨਹੀਂ ਝਾੜਦਾ, ਕਪੜਿਆਂ ਤੇ ਧੂੜ ਪੈ ਜਾਵੇਗੀ। ਬਹੁਤ ਬੜੀ ਨਿਆਮਤ ਤੋਂ ਵਾਂਝਾ ਰਹਿ ਜਾਇਆ ਕਰਦਾ ਹੈ ਤੇ ਇਥੇ ਤੱਕ ਮਹਾਰਾਜ ਨੇ ਕਿਹਾ ਕਿ ਨਾ ਸੇਵਾ ਕਰਨ ਵਾਲਾ ਜਿਹੜਾ ਬੰਦਾ ਹੈ ਉਸ ਨੂੰ ਬੰਦਾ ਨਾ ਆਖੋ, ਉਹ ਮਰਿਆ ਹੋਇਆ ਬੰਦਾ ਹੈ, ਮੁਰਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ - ਸੰਗਤ ਬੈਠੀ ਹੈ, ਹਰੀ ਦਾ ਜਸ ਹੋ ਰਿਹਾ ਹੈ। ਉਸ ਵੇਲੇ ਆਪ ਦੇ ਮੁਖ ਤੋਂ ਨਿਕਲਿਆ-'ਪਾਣੀ'। ਇਕ ਬਹੁਤ ਸੁੰਦਰ ਬੱਚਾ ਪਾਣੀ ਲੈ ਕੇ ਆਉਂਦਾ ਹੈ, ਮਹਾਰਾਜ ਜੀ ਨੇ ਕਟੋਰਾ ਫੜ ਲਿਆ ਤੇ ਨਾਲ ਦੀ ਨਾਲ ਹੱਥ ਦੇਖੇ, ਬੜੇ ਹੀ ਨਰਮ ਹੱਥ ਨੇ।

ਗੁਰੂ ਮਹਾਰਾਜ ਨੇ ਕਿਹਾ, "ਬੇਟਾ! ਤੇਰੇ ਹੱਥ ਬੜੇ ਨਰਮ ਨੇ।"

"ਪਾਤਸ਼ਾਹ! ਤੇਰੀ ਦਿੱਤੀ ਅਮੀਰੀ ਸਾਡੇ ਘਰ ਵਿਚ ਬਹੁਤ ਹੈ, ਕਦੇ ਕੋਈ ਕੰਮ ਨਹੀਂ ਕਰਿਆ। ਇਸ ਕਰਕੇ, ਕੰਮ ਨਾ ਕਰਨ ਕਰਕੇ ਹੱਥਾਂ ਤੇ ਅੱਟਣ ਨਹੀਂ ਪੈਂਦੇ, ਹੱਥਾਂ ਦੀ ਸ਼ਕਲ ਨਹੀਂ ਵਿਗੜਦੀ।"

ਮਹਾਰਾਜ ਕਹਿੰਦੇ, "ਪ੍ਰੇਮੀਆ! ਕਦੇ ਸੰਗਤਾਂ ਦੇ ਜੋੜੇ ਸਾਫ ਕਰੇ ਨੇ?"

"ਨਾ ਮਹਾਰਾਜ!"

"ਦਰੀਆਂ ਝਾੜ ਕੇ ਵਿਛਾਈਐਂ ਕਦੇ?"

"ਨਾ ਪਾਤਿਸ਼ਾਹ! ਸਾਡੇ ਕੋਲ ਨੌਕਰ ਬੜੇ ਨੇ, ਨੌਕਰ ਲਾ ਦਿੰਦੇ ਹਾਂ ਅਸੀਂ।"

"ਕਦੇ ਪੱਖਾ ਝੱਲਿਆ ਹੈ ਸੰਗਤਾਂ ਨੂੰ?"

"ਨਾ ਪਾਤਿਸ਼ਾਹ।"

ਕਦੇ ਬਰਤਨ ਮਾਂਜੇ ਨੇ ਜੂਠੇ?"

"ਨਹੀਂ ਪਾਤਿਸ਼ਾਹ!"

"ਕਦੇ ਝੋਕਾ ਲਾਇਆ ਹੈ?"

ਕਹਿੰਦਾ, "ਨਾ ਮਹਾਰਾਜ! ਮੇਰਾ ਤਾਂ ਅੱਜ ਪਹਿਲਾ ਦਿਨ ਹੈ ਕਿ ਮੈਂ ਆਪ ਨੂੰ ਜਲ ਦਾ ਕਟੋਰਾ ਦਿੱਤਾ ਹੈ। ਅੱਜ ਤਾਂਈ ਮੈਂ ਆਪ ਹੀ ਮੰਗਦਾ ਰਿਹਾ ਹਾਂ, ਮੈਂ ਕਿਸੇ ਨੂੰ ਲਿਆ ਕੇ ਨਹੀਂ ਦਿੱਤਾ।" ਮਹਾਰਾਜ ਜੀ ਨੇ ਜਲ ਡੋਲ੍ਹ ਦਿੱਤਾ। ਸਾਰੀ ਸੰਗਤ ਦੇ ਮਨ 'ਚ ਖਿਆਲ ਹੋ ਗਿਆ ਕਿ ਪੁਛੀਏ ਕੀ ਗੱਲ ਹੈ। ਮਹਾਰਾਜ ਜੀ ਕਹਿੰਦੇ, "ਕੀ ਸ਼ੰਕਾ ਹੈ?" ਇਕ ਸਿੰਘ ਖੜ੍ਹਾ ਹੋ ਗਿਆ, ਕਹਿਣ ਲਗਿਆ, "ਪਾਤਿਸ਼ਾਹ! ਆਹ ਬੱਚਾ ਪਾਣੀ ਲਿਆਇਆ ਹੈ, ਤੁਸੀਂ ਕੋਈ ਬਚਨ ਕੀਤੇ ਨੇ ਜੋ ਅਸੀਂ ਸੁਣੇ ਨਹੀਂ ਤੇ ਤੁਸੀਂ ਪਾਣੀ ਨਹੀਂ ਪੀਤਾ, ਡੋਲ੍ਹ ਦਿੱਤਾ। ਇਹਦੇ ਵਿਚ ਕੋਈ ਭੇਦ ਹੈ।"

ਮਹਾਰਾਜ ਜੀ ਕਹਿੰਦੇ, "ਤੁਹਾਡੇ 'ਚੋਂ ਕੋਈ ਐਸਾ ਹੈ ਜਿਹੜਾ ਮੁਰਦੇ ਦਾ ਛੋਹਿਆ ਹੋਇਆ ਜਲ ਪੀ ਲਵੇਗਾ?"

ਕਹਿੰਦੇ, "ਮਹਾਰਾਜ! ਮੁਰਦੇ ਦੇ ਨਾਲ ਤਾਂ ਇਕ ਪਾਸੇ ਰਿਹਾ, ਜੇ ਮੁਰਦੇ ਦੇ ਪਿਛੇ ਚਲੇ ਜਾਈਏ ਸ਼ਮਸ਼ਾਨ ਭੂਮੀ ਤੱਕ, ਜਦ ਤੱਕ ਆ ਕੇ ਪੰਜ ਇਸ਼ਨਾਨਾ ਜਾਂ ਕੱਪੜੇ ਨਹੀਂ ਧੋਂਦੇ ਜਾਂ ਕੱਪੜੇ ਬਦਲਦੇ ਨਹੀਂ, ਇਸ਼ਨਾਨ ਨਹੀਂ ਕਰਦੇ, ਮਹਾਰਾਜ! ਮੁੱਖ ਵਿਚ ਕੁਝ ਨਹੀਂ ਪਾਇਆ ਜਾਂਦਾ।" ਕਹਿੰਦੇ, "ਫੇਰ ਅਸੀਂ ਕਿਵੇਂ ਪੀ ਲੈਂਦੇ?" "ਸਮਝ 'ਚ ਨਹੀਂ ਆਈ ਪਾਤਿਸ਼ਾਹ! ਗੱਲ ਸਮਝ 'ਚ ਨਹੀਂ ਆਈ।" ਕਹਿੰਦੇ, "ਗੁਰੂ ਨਾਨਕ ਦੇਵ ਜੀ ਦੀ ਬਾਣੀ ਭੁੱਲ ਗਈ ਤੁਹਾਨੂੰ? ਉਹਨਾਂ ਨੇ ਮੁਰਦਾ ਕਿਸ ਨੂੰ ਕਿਹਾ ਹੈ?" ਚੁੱਪ ਨੇ ਸਾਰੇ, ਕਿਸੇ ਦੇ ਦਿਮਾਗ 'ਚ ਨਹੀਂ ਆ ਰਹੀ। "ਮਹਾਰਾਜ! ਆਪ ਹੀ ਕ੍ਰਿਪਾ ਕਰਕੇ ਫੁਰਮਾਓ।" ਇਸ ਤਰ੍ਹਾਂ ਫੁਰਮਾਉਂਦੇ ਨੇ –

***ਧਾਰਨਾ – ਮ੍ਰਿਤਕ ਕਹੀਏ ਨਾਨਕਾ,***
***ਮ੍ਰਿਤਕ ਕਹੀਏ ਨਾਨਕਾ –2, 2.***
***ਜੇ ਪ੍ਰੀਤ ਨਹੀਂ ਭਗਵੰਤ – 4, 2***
***ਮ੍ਰਿਤਕ ਕਹੀਅਹਿ ਨਾਨਕਾ,............. –2.***

ਫੁਰਮਾਣ ਲੱਗੇ ਕਿ ਪ੍ਰੇਮੀਆਂ ਦੋ ਤਰ੍ਹਾਂ ਦੇ ਮੁਰਦੇ ਹੁੰਦੇ ਨੇ – ਇਕ ਤਾਂ ਮੁਰਦਾ ਉਹ ਹੁੰਦਾ ਹੈ ਜਿਸ ਦੇ ਸਰੀਰ ਵਿਚੋਂ ਚੇਤਨ ਕਲਾ ਨਿਕਲ ਜਾਵੇ, ਇਕ ਮੁਰਦਾ ਉਹ ਹੁੰਦਾ ਹੈ ਜਿਸ ਦੇ ਹਿਰਦੇ ਵਿਚ ਪਿਆਰ ਨਾ ਹੋਵੇ ਭਾਵੇਂ ਉਸ ਵਿਚ ਕਿੰਨੇ ਹੀ ਉਤਮ ਗੁਣ ਕਿਉਂ ਨਾ ਹੋਣ –

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥ ਪੰਨਾ – 253***

ਪੰਜ ਸਿਫਤਾਂ ਇਕ ਬੰਦੇ 'ਚ ਅਤਿ, ਆਖਰੀ ਦਰਜੇ ਤੱਕ ਹੋਣ, ਸੁੰਦਰਤਾ ਦਾ ਉਹਦਾ ਕੋਈ ਅੰਤ ਨਾ ਹੋਵੇ, ਵੱਡੀ ਕੁਲ ਨਾਲ ਸੰਬੰਧ ਰੱਖਣ ਵਾਲਾ ਹੋਵੇ, ਗੱਲਾਂ ਬਾਤਾਂ 'ਚ ਐਨਾ ਚਤੁਰ ਹੋਵੇ ਕਿਸੇ ਨੂੰ ਬਾਤ ਨਾ ਆਉਣ ਦੇਵੇ, ਘੰਟਿਆਂ ਬੱਧੀ ਬੋਲ ਸਕਦਾ ਹੋਵੇ। ਮੂੰਹ ਦਾ ਙਿਆਨੀ ਹੋਵੇ, ਗਿਆਨ ਦਿੰਦਾ ਹੋਵੇ, ਕਰਨੀ ਦਾ ਗਿਆਨ ਨਹੀਂ, ਮੂੰਹ ਦਾ ਗਿਆਨੀ (ਮਿਥਿਆ ਗਿਆਨੀ)। ਬੇਅੰਤ ਧਨੀ ਹੋਵੇ। ਜੇ ਉਹਦੇ ਵਿਚ ਪ੍ਰਮੇਸ਼ਰ ਦਾ ਪਿਆਰ ਨਹੀਂ ਹੈ –

***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ ਪੰਨਾ – 253***

ਪਿਆਰ ਜ਼ਿੰਦਗੀ ਹੁੰਦੀ ਹੈ, ਜੇ ਪਿਆਰ ਤੋਂ ਹੀਣਾ ਹੈ ਤਾਂ ਮੁਰਦਾ ਹੈ –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥ ਪੰਨਾ – 142***

ਤੇ ਵਾਹਿਗੁਰੂ ਦੇ ਪਿਆਰ ਤੋਂ ਬਗੈਰ ਜਿਹੜਾ ਜਿਉਂਦਾ ਹੈ, ਕਹਿੰਦੇ ਉਹ ਹਰਾਮ ਖਾਂਦਾ ਹੈ, ਉਹਦੀ ਪੱਤ ਦਿਨ-ਰਾਤ ਲਹਿ ਰਹੀ ਹੈ। ਸੋ ਪ੍ਰੇਮੀਓਂ! ਅਸੀਂ ਇਸ ਮੁਰਦੇ ਦੇ ਹੱਥ ਦਾ ਪਾਣੀ ਕਿਵੇਂ ਪੀ ਲੈਂਦੇ? ਤੇ ਦੂਸਰੇ, ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਦਾ ਮਾਣ ਪ੍ਰਾਪਤ ਹੋਇਆ ਹੈ, ਉਹ ਵੀ ਬਹੁਤ ਖੋਲ੍ਹ ਕੇ ਇਸ ਤਰ੍ਹਾਂ ਫੁਰਮਾਉਂਦੇ ਨੇ–

***ਧਾਰਨਾ – ਧਿਰਕਾਰ ਹੱਥਾਂ ਪੈਰਾਂ ਨੂੰ,***
***ਧਿਰਕਾਰ ਹੱਥਾਂ ਪੈਰਾਂ ਨੂੰ –2, 2.***
***ਬਾਝ ਗੁਰਾਂ ਦੀ ਸੇਵਾ,***
***ਧਿਰਕਾਰ ਹੱਥਾਂ ਪੈਰਾਂ ਨੂੰ, ............. –2.***

ਮਾਨਸ ਸਰੀਰ ਦੇ ਸਾਰੇ ਅੰਗਾਂ ਨੂੰ ਗਿਣਦੇ ਹੋਏ ਆਪ ਦੱਸਦੇ ਨੇ ਕਿ –

***ਧ੍ਰਿਗ ਸਿਰੁ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ।***
***ਭਾਈ ਗੁਰਦਾਸ ਜੀ ਦੀ ਵਾਰ 27/10***

ਧਿਰਕਾਰ ਹੈ ਉਸ ਸਿਰ ਨੂੰ ਜਿਹੜਾ ਗੁਰੂ ਦੇ ਚਰਨਾਂ 'ਚ ਆ ਕੇ ਨਮਸ਼ਕਾਰ ਨਹੀਂ ਕਰਦਾ, ਕਿਉਂਕਿ ਨਮਸ਼ਕਾਰ ਕਰਨ ਦੇ ਨਾਲ ਪਿਛਲੇ ਜਿਹੜੇ ਸਾਡੇ ਕਰਮ ਹੁੰਦੇ ਨੇ, ਉਹ ਦਗੱਧ ਹੋ ਜਾਇਆ ਕਰਦੇ ਨੇ, ਜਿਹੜੇ ਚੰਗੇ ਕਰਮ ਅਜੇ ਫਲ ਦੇਣ ਨਹੀਂ ਲੱਗੇ ਉਹ ਉਘੜ ਜਾਇਆ ਕਰਦੇ ਨੇ। ਬਹੁਤੇ ਪ੍ਰੇਮੀ ਹੁੰਦੇ ਨੇ, ਪਰ੍ਹੇ ਖੜ੍ਹੇ ਹੀ, ਨਮਸਕਾਰ ਕਰਨ ਦੀ ਥਾਂ ਥੋੜ੍ਹਾ ਜਿਹਾ ਸਿਰ ਝੁਕਾ ਕੇ ਬਹਿ ਜਾਂਦੇ ਨੇ। ਨਮਸ਼ਕਾਰ ਨਹੀਂ ਕਰਦੇ। ਕਹਿੰਦੇ ਧਿਰਕਾਰ ਹੈ; ਬਹੁਤੇ ਕਰਦੇ ਹੀ ਨਹੀਂ, ਜਾਂਦੇ ਹੀ ਨਹੀਂ ਇਸ਼ਟ ਦੇਵ ਕੋਲ -

***ਧ੍ਰਿਗੁ ਲੋਇਣ ਗੁਰ ਦਰਸ ਵਿਣੁ ਵੇਖੈ ਪਰ ਤਰਣੀ॥***
***ਭਾਈ ਗੁਰਦਾਸ ਜੀ ਦੀ ਵਾਰ 27/10***

ਗੁਰੂ ਦਰਸ਼ਨ ਤਾਂ ਕਰਦੇ ਨਹੀਂ ਤੇ ਹੋਰ ਹੀ ਚੀਜ਼ਾਂ ਅੱਖਾਂ ਨਾਲ ਦੇਖਦੇ ਨੇ।

***ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।***
***ਭਾਈ ਗੁਰਦਾਸ ਜੀ ਦੀ ਵਾਰ 27/10***

ਉਪਦੇਸ਼ ਤੋਂ ਬਗੈਰ ਜਿਹੜੇ ਕੰਨ ਨੇ, ਜਿੰਨਾ ਚਿਰ ਪੰਜ ਪਿਆਰਿਆਂ ਦਾ ਉਪਦੇਸ਼ ਜਿਸ ਨੂੰ ਨਹੀਂ ਪ੍ਰਾਪਤ ਹੋਇਆ, ਗੁਰਮੰਤ੍ਰ ਦੀ ਪ੍ਰਾਪਤੀ ਨਹੀਂ ਹੋਈ, ਕਹਿੰਦੇ ਧਿਰਕਾਰ ਹੈ ਉਹਦੇ ਕੰਨਾਂ ਨੂੰ। ਉਸਤੋਂ ਵੀ ਜ਼ਿਆਦਾ ਧ੍ਰਿਕਾਰ ਹੈ ਜਿਸਨੇ ਸੁਣ ਲਿਆ, ਫੇਰ ਸੁਰਤੀ 'ਚ ਨਹੀਂ ਵਸਾਉਂਦਾ।

***ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।***
***ਭਾਈ ਗੁਰਦਾਸ ਜੀ ਦੀ ਵਾਰ 27/10***

ਹੋਰ ਹੀ ਊਟ-ਪਟਾਂਗ ਮੰਤਰਾਂ ਦਾ ਜਾਪ ਕਰੀ ਜਾਂਦੀ ਹੈ ਤੇ ਗੁਰੂ ਦੇ ਸ਼ਬਦ ਦਾ ਜਾਪ ਨਹੀਂ ਕਰਦੀ। ਕਹਿੰਦੇ ਉਸ ਜਿਹਬਾ ਨੂੰ ਧਿਰਕਾਰ ਹੈ।

***ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।***
***ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ। ਭਾਈ ਗੁਰਦਾਸ ਜੀ ਦੀ ਵਾਰ 27/10***

ਸੋ ਇਸ ਤਰ੍ਹਾਂ ਦੇ ਨਾਲ ਮਾਨਸ ਦੇਹੀ ਦਾ ਜੋ ਪਰਮ ਫਰਜ਼ ਹੈ - ਨਾਮ ਜਪਣਾ ਤੇ ਸੇਵਾ ਕਰਨੀ -

***ਧਾਰਨਾ - ਤੈਨੂੰ ਮਾਨਸ ਦੇਹੀ ਮਿਲ ਗਈ,***
***ਕਰ ਲੈ ਸੇਵਾ ਪੂਰੇ ਸਤਿਗੁਰ ਦੀ -2, 2.***
***ਕਰ ਲੈ ਸੇਵਾ ਜੀ ਪੂਰੇ ਸਤਿਗੁਰ ਦੀ -2, 2.***
***ਤੈਨੂੰ ਮਾਨਸ ਦੇਹੀ ਮਿਲ ਗਈ, ........2***

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥ ਪੰਨਾ - 1159***

ਭਗਤੀ ਕਰਨ ਵਾਸਤੇ ਤੇ ਗੁਰੂ ਦੀ ਸੇਵਾ ਕਰਨ ਵਾਸਤੇ ਆਹ ਸਾਢੇ ਤਿੰਨ ਹੱਥ ਦਾ ਕਾਰਖਾਨਾ ਜਿਹਾ ਮਿਲਿਆ ਹੋਇਆ ਹੈ। ਇਹਦੇ ਵਿਚ ਜਿਹੜੀ ਰੂਹ ਹੈ ਉਸ ਦੀ ਪਛਾਣ ਨਹੀਂ, ਸਰੀਰ ਨੂੰ ਹੀ 'ਮੈਂ' ਕਹਿੰਦਾ ਹੈ। ਸਰੀਰ ਨੂੰ ਗਲਤੀ ਨਾਲ 'ਮੈਂ' ਨਾ ਕਿਹਾ ਕਰੋ। ਮੈਂ ਕਹਿ ਕੇ ਅਣਜਾਣ-ਪੁਣਾ ਅਸੀਂ ਪ੍ਰਗਟ ਕਰਦੇ ਹਾਂ। ਇਹ ਤਾਂ ਸਾਡਾ ਮਕਾਨ ਹੈ, ਇੰਜਨ ਹੈ ਜਾਂ ਮਸ਼ੀਨ ਕਹਿ ਲਓ। ਇਸ ਮਸ਼ੀਨ ਦੇ ਨਾਲ ਕੰਮ ਲੈਣੈ - ਇਕ ਭਗਤੀ ਦਾ ਤੇ ਇਕ ਸੇਵਾ ਦਾ -

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥***
***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ॥***

*ਮਾਨਸ ਜਨਮ ਕਾ ਏਹੀ ਲਾਹੁ॥*
*ਜਬ ਲਗੁ ਜਰਾ ਰੋਗੁ ਨਹੀ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥*
*ਜਬ ਲਗੁ ਬਿਕਲ ਭਈ ਨਹੀ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ॥* *ਪੰਨਾ - 1159*

ਜਿਵੇਂ ਪਪੀਹਾ ਪਿਰਹੁ-ਪਿਰਹੁ ਕਰਦਾ ਹੈ, ਐਸ ਤਰ੍ਹਾਂ ਕਰ ਲੈ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ, ਦਿਨ ਰਾਤ ਕਰੀ ਜਾ, ਤੇ ਨਾਲ ਸੇਵਾ ਕਰ, ਦੁੱਗਣੀ ਤਰੱਕੀ ਹੋਏਗੀ ਤੇ ਸੇਵਾ ਦਾ ਜੋ ਮਹਾਤਮ ਹੈ ਫੁਰਮਾਨ ਕਰਦੇ ਨੇ ਕਿ -

*ਇੰਦ੍ਰ ਪੁਰੀ ਲਖ ਰਾਜ ਨੀਰ ਭਰਾਵਣੀ।* *ਭਾਈ ਗੁਰਦਾਸ ਜੀ ਦੀ ਵਾਰ 14/18*

ਇੰਦਰਪੁਰੀ ਤੇ ਲਖ ਰਾਜਾਂ ਨਾਲੋਂ ਵੱਧ ਹੈ ਜਿਹੜਾ ਸੰਗਤਾਂ ਦੀ ਸੇਵਾ ਵਾਸਤੇ ਪਾਣੀ ਭਰ ਕੇ ਪਿਲਾਉਂਦਾ ਹੈ -

*ਲਖ ਸੁਰਗ ਸਿਰਤਾਜ ਗਲਾ ਪੀਹਾਵਣੀ।* *ਭਾਈ ਗੁਰਦਾਸ ਜੀ ਦੀ ਵਾਰ 14/18*

ਜਿਹੜਾ ਆਟਾ ਪੀਹ ਕੇ ਲਿਆਉਂਦਾ ਹੈ, ਸੁਰਗਾਂ ਦਾ ਸਿਰਤਾਜ ਜਿਹੜਾ ਵੱਡਾ ਸਵਰਗ ਹੈ ਉਸ ਤੋਂ ਵੱਡਾ ਲੱਖਾਂ ਦਾ ਹੈ।

*ਰਿਧਿ ਸਿਧਿ ਨਿਧਿ ਲਖ ਸਾਜ ਚੁਲਿ ਝੁਕਾਵਣੀ।* *ਭਾਈ ਗੁਰਦਾਸ ਜੀ ਦੀ ਵਾਰ 14/18*

ਜਿਹੜਾ ਚੁਲ੍ਹੇ 'ਚ ਬਾਲਣ ਪਾਉਂਦਾ ਹੈ ਉਹ ਰਿਧੀਆਂ-ਸਿਧੀਆਂ ਤੋਂ ਵੀ ਉਪਰਲੀ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ।

*ਸਾਧ ਗਰੀਬ ਨਿਵਾਜ ਗਰੀਬੀ ਆਵਣੀ।* *ਭਾਈ ਗੁਰਦਾਸ ਜੀ ਦੀ ਵਾਰ 14/18*

ਨਿਮਰਤਾ ਜਿਸ ਦੇ ਹਿਰਦੇ 'ਚ ਆ ਜਾਂਦੀ ਹੈ।

*ਅਨਹਦ ਸਬਦ ਅਗਾਜ ਬਾਣੀ ਗਾਵਣੀ।* *ਭਾਈ ਗੁਰਦਾਸ ਜੀ ਦੀ ਵਾਰ 14/18*

ਜਦੋਂ ਬਾਣੀ ਪੜ੍ਹਦਾ ਹੈ ਤਾਂ ਅਨਹਦ ਸ਼ਬਦਾਂ ਦੀ ਸੁਗੰਧੀ ਉਸ ਨੂੰ ਪ੍ਰਤੀਤ ਦਿੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਸੇਵਾ ਤੇ ਸਿਮਰਨ ਦੋਹਾਂ ਦਾ ਗੁਰੂ ਮਹਾਰਾਜ ਜੀ ਨੇ ਬਹੁਤ ਵੱਡਾ ਗੁਰਸਿਖੀ ਦੇ ਅੰਦਰ ਮਹਾਤਮ ਦੱਸਿਆ ਹੈ। ਗੁਰੂ ਆਪ ਸੇਵਾ ਕਰਦੇ ਨੇ। ਗੁਰੂ ਪੰਜਵੇਂ ਪਾਤਸ਼ਾਹ ਨੇ ਕਿੰਨੀ ਸੇਵਾ ਕਰੀ, ਆਪ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿੰਨੀ ਦੇਰ ਤੱਕ ਲਿਖਾਂਉਦੇ ਰਹੇ, ਹਰਿ ਮੰਦਰ ਬਣਾਏ। ਸਾਰੇ ਮਹਾਤਮਾ ਹੀ ਸੇਵਾ ਕਰਦੇ ਨੇ। ਮਹਾਰਾਜ ਜੀ ਨੇ ਕਿੰਨਾ ਕੁਝ ਕਰਿਆ, ਆਸ਼ਰਮ ਬਣਾਏ, ਕਿਸ ਵਾਸਤੇ - ਬੰਦਗੀ ਕਰਨ ਵਾਲਿਆਂ ਵਾਸਤੇ, ਸਕੂਲ ਬਣਾਏ ਪੜ੍ਹਨ ਵਾਲਿਆਂ ਵਾਸਤੇ, ਕਾਲਜ ਬਣਾਏ, ਹਸਪਤਾਲ ਬਣਾਏ, ਲੰਗਰ ਚੱਲ ਰਹੇ ਨੇ ਆਪ ਤਾਂ ਉਹਨਾਂ ਨੇ ਨਹੀਂ ਕੁਝ ਕਰਨਾ, ਉਹ ਦਿਨ ਰਾਤ ਤੁਰੇ ਫਿਰਦੇ ਨੇ, ਇਹ ਸਾਰੀ ਗੁਰੂ ਦੀ ਸੇਵਾ ਹੈ ਸਾਧ-ਸੰਗਤ ਜੀ! ਵਿਦਿਆ ਪੜ੍ਹਾਉਣੀ, ਸਾਜ ਸਿਖਾਉਣੇ, ਸਾਜ ਵਜਾਉਣੇ, ਪੋਥੀਆਂ ਗੁਰਮਤਿ ਦੀਆਂ ਲਿਖਣੀਆਂ, ਸਭ ਸੇਵਾ ਹੈ।

ਸੋ ਇਸ ਤਰ੍ਹਾਂ ਸਾਰਿਆਂ ਨੂੰ ਸੇਵਾ ਪ੍ਰਾਪਤ ਨਹੀਂ ਹੋਇਆ ਕਰਦੀ। ਮਾਤਾ ਗੰਗਾ ਜੀ ਦੀ ਕਿੰਨੀ ਸੇਵਾ ਹੈ, ਸੰਗਤ ਦੂਰ ਦੇਸ਼ ਤੋਂ ਦਰਸ਼ਨਾਂ ਲਈ ਆ ਰਹੀ ਹੈ, ਮਾਤਾ ਜੀ ਉਨ੍ਹਾਂ ਨੂੰ ਰਸਤੇ ਵਿਚ ਹੀ ਲੰਗਰ ਛਕਾਉਣ ਲਈ ਦਾਲ ਦਾ ਦੇਗਾ ਸਿਰ ਤੇ ਚੁੱਕੀ ਲਿਜਾਂਦੇ ਨੇ। ਗੁਰੂ ਪੰਜਵੇਂ ਪਾਤਿਸ਼ਾਹ ਪ੍ਰਸ਼ਾਦਿਆਂ ਦਾ

ਟੋਕਰਾ ਚੁੱਕੀ ਲਈ ਜਾਂਦੇ ਨੇ, ਕਿਸੇ ਨੂੰ ਨਾਲ ਨਹੀਂ ਲਿਆ। ਪਿੱਪਲੀ ਸਾਹਿਬ ਜਾ ਕੇ ਸਭ ਨੂੰ ਪ੍ਰਸ਼ਾਦੇ ਛਕਾਉਂਦੇ ਨੇ, ਪੱਖੇ ਝੱਲਦੇ ਨੇ, ਤੇ ਜਦੋਂ ਪੁਛਦੇ ਨੇ ਗੁਰਸਿਖ ਕਿ ਮਹਾਰਾਜ! ਅਸੀਂ ਸੇਵਾ ਕਰਦੇ ਹਾਂ। ਮਹਾਰਾਜ ਕਹਿੰਦੇ, ਸਾਨੂੰ ਬੜੀ ਪ੍ਰਸੰਨਤਾ ਹੈ, ਸੇਵਾ ਕਰਕੇ ਅਸੀਂ ਪ੍ਰਸੰਨ ਹੁੰਦੇ ਹਾਂ -

***ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥***
***ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥*** ***ਪੰਨਾ - 811***

ਕਹਿੰਦੇ ਅੱਗ 'ਚ ਜਾਲ ਦੇ ਸਰਦਾਰੀਆਂ ਜਿਹੜੀਆਂ ਸੇਵਾ ਨਹੀਂ ਕਰਨ ਦਿੰਦੀਆਂ। ਸੰਗ ਲਗਦੀ ਹੈ ਸੇਵਾ ਕਰਦੇ ਨੂੰ, ਕਹਿੰਦਾ ਹੈ ਮੈਂ ਤਾਂ ਖਾਸ ਬੰਦਾ ਹਾਂ, ਮੇਰੇ ਕੱਪੜਿਆਂ ਤੇ ਗਰਦ ਨਾ ਪੈ ਜਾਵੇ। ਉਹ ਗਰਦ ਨਹੀਂ ਹੈ ਸਾਧ ਸੰਗਤ ਜੀ! ਇਹ ਤਾਂ ਅਕਸੀਰ ਹੈ, ਚਰਨ ਧੂੜ ਮਿਲਦੀ ਨਹੀਂ ਕਿਤੇ, ਕਿੰਨੇ ਦੁਖ ਦੂਰ ਹੁੰਦੇ ਨੇ ਪਰਤਿਆ ਕੇ ਦੇਖ ਲਿਆ ਅਸੀਂ। ਕਹਿੰਦੇ, ਭਾਈ ਚਰਨ ਧੂੜ ਲਿਆ, ਠੀਕ ਹੋ ਜਾਏਂਗਾ। ਇਥੇ ਰੱਬ ਦੇ ਪਿਆਰੇ ਇਕੱਠੇ ਹੋ ਬੈਠੇ ਹਰੀ ਦਾ ਜਸ ਕਰ ਰਹੇ ਨੇ, ਵਾਹਿਗੁਰੂ ਦਾ ਸੰਬੰਧ ਸਾਰਿਆਂ ਦੇ ਹਿਰਦੇ ਦੇ ਨਾਲ ਜੁੜਿਆ ਹੋਇਆ ਹੈ, ਧਰਤੀ ਪਵਿੱਤਰ ਹੋ ਰਹੀ ਹੈ ਸਾਰੀ। ਸੋ ਇਸ ਕਰਕੇ ਸੇਵਾ ਤਾਂ ਭਾਗਾਂ ਵਾਲਿਆਂ ਨੂੰ ਮਿਲਦੀ ਹੈ। ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਭਾਗਾਂ ਵਾਲੇ ਬੰਦੇ,***
***ਕਰਦੇ ਸੇਵਾ ਸਾਧੂਆਂ ਦੀ -2, 2.***

ਭਾਗਾਂ ਵਾਲੇ ਇਸ ਕਰਕੇ ਨੇ ਕਿਉਂਕਿ ਧੁਰ ਤੋਂ ਲਿਖੀ ਹੁੰਦੀ ਹੈ ਸੇਵਾ, ਜਿਸ ਦੀ ਕਿਸਮਤ 'ਚ ਲਿਖੀ ਹੈ, ਉਹੀ ਸੇਵਾ ਕਰਦਾ ਹੈ, ਸਾਧ ਸੰਗਤ ਜੀ।

***ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥*** ***ਪੰਨਾ - 457***

ਬਾਕੀ ਤਾਂ ਨਹੀਂ ਲਗਦੇ ਸੇਵਾ, ਬਾਕੀ ਤਾਂ ਗਰਜ਼ ਦੇ ਬੰਦੇ ਹੁੰਦੇ ਨੇ ਬਈ ਆਹ ਕਰ ਲਈਏ ਤਾਂ ਸਾਡਾ ਉਹ ਹੋ ਜਾਏਗਾ, ਆਹ ਕਰ ਲਈਏ ਤਾਂ ਆਹ ਹੋ ਜਾਊ। ਉਹ ਤਾਂ ਸੌਦਾ ਖਰੀਦਣ ਜਾਂਦੇ ਨੇ। ਨਿਸ਼ਕਾਮ ਸੇਵਾ ਤਾਂ ਕੋਈ ਕੋਈ ਕਰਿਆ ਕਰਦਾ ਹੈ। ਬਾਕੀ ਤਾਂ ਸੁਕਾਮੀ ਹੁੰਦੇ ਹਨ।

***ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥***
***ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ॥*** ***ਪੰਨਾ - 457***

***ਐਸੀ ਮਾਂਗੁ ਗੋਬਿਦ ਤੇ॥***
***ਟਹਲ ਸੰਤਨ ਕੀ ਸੰਗੁ ਸਾਧੂ ਕਾ***
***ਹਰਿ ਨਾਮਾਂ ਜਪਿ ਪਰਮ ਗਤੇ॥*** ***ਪੰਨਾ - 1298***

ਸੋ ਸੇਵਾ ਤੋਂ ਜੋ ਹੀਣਾ ਰਹਿ ਜਾਂਦਾ ਹੈ, ਨਾਮ ਤੋਂ ਹੀਣਾ ਰਹਿ ਜਾਂਦਾ ਹੈ, ਉਹਦੇ ਪੱਲੇ ਕੁਝ ਨਹੀਂ ਪੈਂਦਾ, ਮਹਾਰਾਜ ਕਹਿੰਦੇ ਪਛਤਾਵਾ ਪੱਲੇ ਪੈਂਦਾ ਹੈ -

***ਧਾਰਨਾ - ਜਾਵੇਂਗਾ ਪਛਤਾਉਂਦਾ,***
***ਰਹਿ ਕੇ ਗੁਰ ਸੇਵਾ ਤੋਂ ਹੀਣਾ -2, 2.***

ਸੇਵਾ ਕਰਕੇ ਵਡਿਆਈਆਂ ਮਿਲਦੀਆਂ ਹਨ ਤੇ ਅੱਗੇ ਮੁਕਤੀ ਦੁਆਰ ਖੁਲ੍ਹਦਾ ਹੈ; ਸੇਵਾ ਨਾ ਕਰਕੇ ਪਛਤਾਵਾ ਰਹਿੰਦਾ ਹੈ -

***ਬਿਨੁ ਸਤਿਗੁਰ ਸੇਵੇ ਜਗਤੁ ਮੁਆ ...........॥*** ***ਪੰਨਾ - 591***

ਇਕ-ਦੋ-ਚਾਰ-ਦੱਸ ਨਹੀਂ, ਸੰਸਾਰ ਮਰ ਗਿਆ ਸਾਰਾ ਹੀ -

***ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ॥*** ***ਪੰਨਾ - 591***

ਕਾਹਦੇ ਕੰਮ ਆਇਆ? ਰੋਟੀਆਂ ਖਾ ਗਿਆ, ਪਾਣੀ ਪੀ ਲਿਆ, ਚੀਜ਼ਾਂ ਖਾ ਗਿਆ, ਕੱਪੜੇ ਹੰਢਾ ਗਿਆ, ਨਾਲ ਤਾਂ ਕੁਝ ਵੀ ਨਹੀਂ ਲੈ ਕੇ ਗਿਆ, ਜਾਂਦਾ ਹੋਇਆ ਖਾਲੀ ਹੱਥ ਜਾਂਦਾ ਹੈ। ਜੇ ਸੇਵਾ ਕੀਤੀ

ਹੋਵੇ ਫੇਰ ਤਾਂ ਕੋਈ ਥਾਂ ਮਿਲਦੀ ਹੈ, ਜੇ ਸੇਵਾ ਹੀ ਨਹੀਂ ਕਰੀ –

***ਦੂਜੈ ਭਾਇ ਅਤਿ ਦੁਖੁ ਲਗਾ ..........॥*** ***ਪੰਨਾ - 591***

ਮਹਾਰਾਜ ਕਹਿੰਦੇ ਹੱਦ ਤੋਂ ਜ਼ਿਆਦਾ ਦੁਖ ਮਿਲਦਾ ਹੈ।

***............ ਮਰਿ ਜੰਮੈ ਆਵੈ ਜਾਇ॥*** ***ਪੰਨਾ - 591***

ਮਰਦਾ ਹੈ ਜੰਮਦਾ ਹੈ, ਮਰਦਾ ਹੈ ਜੰਮਦਾ ਹੈ ਸੰਸਾਰ 'ਚ ਆਉਂਦਾ ਹੈ –

***ਵਿਸਟਾ ਅੰਦਰਿ ਵਾਸੁ ਫਿਰਿ ਫਿਰਿ ਜੂਨੀ ਪਾਇ॥*** ***ਪੰਨਾ - 591***

ਵਿਸ਼ਟਾ, ਗੰਦਗੀ ਦੇ ਅੰਦਰ ਵਾਸ ਮਿਲਦਾ ਹੈ, ਬਾਰ-ਬਾਰ ਜੂਨੀਆਂ 'ਚ ਆਉਂਦਾ ਹੈ।

***ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ॥***

***ਪੰਨਾ - 591***

ਸੋ ਇਸ ਕਰਕੇ ਸੇਵਾ ਸਾਧਨ ਹੈ ਸਾਧ ਸੰਗਤ ਜੀ – ਪ੍ਰਮੇਸ਼ਰ ਨੂੰ ਮਿਲਣ ਦਾ, ਇਸ ਤਰ੍ਹਾਂ ਫੁਰਮਾਨ ਕਰਦੇ ਨੇ।

***ਧਾਰਨਾ – ਜੇ ਮਿਲਣੈ ਰਾਮ ਪਿਆਰੇ ਨੂੰ, -2, 2.***
***ਕਰ ਲੈ ਹਰੀ ਦੀ ਸੇਵਾ,***
***ਜੇ ਮਿਲਣੈ ਰਾਮ ਪਿਆਰੇ ਨੂੰ, .....2***

ਪ੍ਰਭੂ ਦੀ ਸੇਵਾ ਕਰ, ਪ੍ਰਮੇਸ਼ਰ ਮਿਲ ਜਾਏਗਾ। ਇਕ ਰਮਨ ਨਾਮ ਦਾ ਰਿਸ਼ੀ ਹੋਇਐ, ਭਾਰਤ ਵਰਸ਼ ਵਿਚ, ਥੋੜ੍ਹਾ ਚਿਰ ਹੋਇਆ ਜਦੋਂ ਈਸਾਈਆਂ ਦਾ ਵਕਤ ਸੀ। ਈਸਾਈ ਵੀ ਸੇਵਾ ਬਹੁਤ ਕਰਿਆ ਕਰਦੇ ਸਨ ਲੇਕਿਨ ਉਹ ਰਮਨ ਜੀ ਇਹਨਾਂ ਤੋਂ ਵੀ ਵੱਧ ਸੇਵਾ ਕਰਿਆ ਕਰਦਾ ਸੀ ਤੇ ਲੋਕਾਂ 'ਚ ਇਹ ਮਸ਼ਹੂਰ ਹੋ ਗਿਆ ਕਿ ਰਮਨ ਨੂੰ ਰੋਜ਼ ਰੱਬ ਮਿਲਦਾ ਹੈ। ਇਕ ਦਿਨ ਈਸਾਈ ਅਤੇ ਮਿਸ਼ਨਰੀ ਕਹਿਣ ਲੱਗੇ, "ਰਮਨ! ਅਸੀਂ ਸੁਣਿਐ ਤੈਨੂੰ ਪ੍ਰਮੇਸ਼ਰ ਮਿਲਦਾ ਹੈ। ਕੀ ਸਾਨੂੰ ਪ੍ਰਮੇਸ਼ਰ ਦਿਖਾ ਸਕਦਾ ਹੈਂ?" ਦਰਸ਼ਨ ਕਰਾ ਸਕਦਾ ਹੈਂ? ਕਹਿੰਦਾ, "ਹਾਂ! ਕੱਲ੍ਹ ਨੂੰ 8 ਵਜੇ ਫਲਾਣੇ ਥਾਂ ਆ ਜਾਇਓ।" ਜਗ੍ਹਾ ਦੱਸ ਦਿੱਤੀ ਤੇ ਉਥੇ ਉਹ ਪਹੁੰਚ ਗਏ। ਉਹ ਉਹਨਾਂ ਤੋਂ ਪਹਿਲਾਂ ਪਹੁੰਚਿਆ ਹੋਇਆ ਹੈ, ਉਹਦੇ ਕੋਲ ਸਾਬਣ ਹੈ, ਪੱਟੀਆਂ ਨੇ, ਦਵਾਈਆਂ ਨੇ, ਅੰਦਰ ਕੀ ਦੇਖਦਾ ਹੈ ਇਕ ਜੋੜਾ ਪਿਆ, ਦੋਹਾਂ ਨੂੰ ਕੋਹੜ੍ਹ ਹੋਇਆ ਹੋਇਆ ਹੈ। ਕੋਈ ਉਹਨਾਂ ਦੇ ਨੇੜੇ ਨਹੀਂ ਜਾਂਦਾ, ਕੋਈ ਉਹਨਾਂ ਨੂੰ ਜਲ ਪਾਣੀ ਨਹੀਂ ਦਿੰਦਾ, ਕੋਈ ਉਹਨਾਂ ਨੂੰ ਬਸਤ੍ਰ ਨਹੀਂ ਦਿੰਦਾ। ਇਸ ਨੇ ਪਹਿਲਾਂ ਤਾਂ ਆਪਣੇ ਹੱਥ ਦੇ ਨਾਲ ਉਹਨਾਂ ਨੂੰ ਪ੍ਰਸ਼ਾਦਾ ਛਕਾਇਆ, ਜਲ ਪਾਣੀ ਪਿਲਾਇਆ ਉਸ ਤੋਂ ਬਾਅਦ ਉਹਨਾਂ ਦੇ ਜ਼ਖਮ ਸਾਫ ਕਰੇ, ਸਾਫ ਕਰਕੇ ਬੰਨ੍ਹੇ, ਇਹ ਦੋਵੇਂ ਕੰਮ ਕਰਦੇ ਨੂੰ ਇਸ ਨੂੰ ਕੋਈ ਦੋ ਢਾਈ ਘੰਟੇ ਲੱਗ ਗਏ ਤੇ ਇਹ ਬੈਠੇ ਹੋਏ ਦੇਖਦੇ ਰਹੇ। ਜਦ ਬਾਹਰ ਵਿਹਲਾ ਹੋ ਕੇ ਆ ਗਿਆ, ਕਹਿਣ ਲੱਗੇ, "ਖੁਦਾ ਮਿਲਿਆ ਤੈਨੂੰ, ਸਾਨੂੰ ਤਾਂ ਪਤਾ ਨਹੀਂ ਲਗਿਆ?" ਰਿਸ਼ੀ ਨੇ ਕਿਹਾ, "ਭੋਲਿਓ! ਰੱਬ ਕਿਥੇ ਹੈ? ਰੱਬ ਆਪਣੇ ਬੰਦਿਆਂ 'ਚ ਰਹਿੰਦਾ ਹੈ, ਘਟਿ ਘਟਿ ਦੇ ਵਿਚ, ਸਾਰਿਆਂ ਦੇ ਅੰਦਰ ਹੈ, ਕੋਈ ਥਾਂ ਐਸੀ ਨਹੀਂ ਜਿਥੇ ਪ੍ਰਮੇਸ਼ਰ ਨਾ ਹੋਵੇ ਤੇ ਇਸ ਤੋਂ ਵੀ ਜੇ ਅਗਲੀ ਗੱਲ ਕਹੀਏ ਤਾਂ ਪ੍ਰਮੇਸ਼ਰ ਆਪ ਅਨੇਕ ਰੂਪ ਧਾਰੀਂ ਬੈਠਾ ਹੈ। ਸੋ ਮੈਂ ਤਾਂ ਇਹਨਾਂ ਬੰਦਿਆਂ ਦੀ ਸੇਵਾ ਕਰਨ ਨਹੀਂ ਆਉਂਦਾ, ਮੈਂ ਆਪਣੇ ਪ੍ਰਭੂ ਦੀ ਸੇਵਾ ਕਰਦਾ ਹਾਂ, ਮੈਨੂੰ ਤਾਂ ਪ੍ਰਭੂ ਦਰਸ਼ਨ ਹੁੰਦੇ ਨੇ ਇਹਨਾਂ ਦੇ ਵਿਚ। ਮਹਾਰਾਜ ਕਹਿੰਦੇ–

***ਮੇਰੇ ਮਨ ਸੇਵਹੁ ਸੋ ਪ੍ਰਭ ਸ੍ਰਬ ਸੁਖਦਾਤਾ***
***ਜਿਤੁ ਸੇਵਿਐ ਨਿਜ ਘਰਿ ਵਸੀਐ॥*** ***ਪੰਨਾ - 170***

ਜਦੋਂ ਦੁਨੀਆਂ ਦੀ ਸੇਵਾ ਕਰੋਂਗੇ, ਪ੍ਰਭੂ ਦੀ ਸੇਵਾ ਕਰੋਂਗੇ ਸਾਰਾ ਮੈਦਾਨ ਖੁੱਲ੍ਹਾ ਪਿਐ ਸੇਵਾ ਵਾਸਤੇ, ਸਾਧ ਸੰਗਤ ਜੀ! ਇਕ-ਦੋ-ਚਾਰ ਥਾਉਂ ਨਹੀਂ ਹੈ, ਸਾਰਾ ਸੰਸਾਰ ਜਿਥੇ ਜੀਅ ਕਰਦਾ ਹੈ ਜਿਸ ਖੇਤਰ 'ਚ ਵੀ ਹੈ। ਮਾਸਟਰ ਨਾਲੇ ਤਨਖਾਹ ਲਵੇ, ਨਾਲੇ ਬੱਚਿਆਂ ਨੂੰ ਪੂਰੀ ਤਰ੍ਹਾਂ ਪੜ੍ਹਾਵੇ, ਉਹਦੀ ਸੇਵਾ ਹੋ ਜਾਂਦੀ ਹੈ।

ਡਾਕਟਰ ਨਾਲੇ ਆਪਣੀ ਫੀਸ ਲੈ ਲਏ, ਨਾਲੇ ਮਰੀਜ਼ ਦਾ ਤਨੋ-ਮਨੋ ਹੋ ਕੇ ਇਲਾਜ ਕਰੇ, ਉਹਦੀ ਸੇਵਾ ਹੋ ਜਾਂਦੀ ਹੈ। ਇਸੇ ਤਰ੍ਹਾਂ ਜਿਥੇ ਵੀ ਕੋਈ ਹੈ, ਜਿਸ ਡਿਊਟੀ ਤੇ ਹੈ, ਡਿਊਟੀ ਵੀ ਦੇਵੇ, ਤਨਖਾਹ ਵੀ ਲਵੇ ਤੇ ਨਾਲ ਸੇਵਾ ਵੀ ਕਰੇ ਪੂਰੀ ਤਰ੍ਹਾਂ ਦੇ ਨਾਲ। ਗੁਰੂ ਘਰ ਦੀ ਸੇਵਾ ਹੈ ਤੇ ਨਾਮ ਜਪਣ ਦੀ ਸੇਵਾ ਸਭ ਤੋਂ ਵੱਡੀ ਸੇਵਾ ਹੈ ਕਿਉਂਕਿ ਸੰਸਾਰ ਸੁਖੀ ਹੁੰਦਾ ਹੈ। ਜਦੋਂ ਬੰਦਗੀ ਕਰਨ ਵਾਲਾ ਬੰਦਗੀ ਕਰਦੈ, ਸੰਸਾਰ ਦੇ ਉਤੋਂ ਕਸ਼ਟ ਦੇ ਬਦਲ ਦੂਰ ਹੋ ਜਾਇਆ ਕਰਦੇ ਨੇ ਤੇ ਉਹ ਬੇ-ਮਲੂਮੇ, ਅਦ੍ਰਿਸ਼ਟ ਰੂਪ ਦੇ ਅੰਦਰ ਸਾਰਿਆਂ ਨੂੰ ਸੁਖ ਪਹੁੰਚਾਉਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਅੰਗਦ ਸਾਹਿਬ ਮਹਾਰਾਜ ਦਿਨ-ਰਾਤ ਇਕ ਕਰ ਰਹੇ ਨੇ, ਹਰ ਵਕਤ ਗੁਰੂ ਨਾਨਕ ਪਾਤਿਸ਼ਾਹ ਦੀ ਸੇਵਾ ਕਰਦੇ ਨੇ, ਪਹਿਲਾਂ ਉਠਦੇ ਨੇ, ਜਲ ਪਾਣੀ ਦਾ ਬੰਦੋਬਸਤ ਕਰਦੇ ਨੇ। ਗੁਰੂ ਨਾਨਕ ਜਾਂਦੇ ਨੇ ਰਾਵੀ 'ਚ ਇਸ਼ਨਾਨ ਕਰਨ, ਆਪ ਨਾਲ ਜਾਂਦੇ ਨੇ। ਰਾਵੀ ਦੇ ਵਿਚ ਖੜ੍ਹੇ ਹੋ ਜਾਂਦੇ ਨੇ, ਆਪ ਬਸਤ੍ਰ ਲੈ ਕੇ ਬਾਹਰ ਖੜ੍ਹੇ ਰਹਿੰਦੇ ਨੇ। ਜਦ ਤੱਕ ਪਾਤਸ਼ਾਹ ਬਾਹਰ ਨਹੀਂ ਆਉਂਦੇ, ਉਥੇ ਖੜ੍ਹੇ ਇੰਤਜ਼ਾਰ ਕਰੀ ਜਾਂਦੇ ਨੇ। ਹੋਰ ਅਨੇਕ ਪ੍ਰਕਾਰ ਲੰਗਰ ਦੀ ਸੇਵਾ ਕਰਦੇ ਨੇ, ਬਸਤਰ ਧੋ ਰਹੇ ਨੇ, ਬਰਤਨ ਮਾਂਜ ਰਹੇ ਨੇ, ਝਾੜੂ ਮਾਰ ਰਹੇ ਨੇ, ਸੰਗਤਾਂ ਨੂੰ ਸਾਂਭ ਰਹੇ ਨੇ, ਬਹੁਤ ਸੇਵਾ ਵਿਚ ਉਹਨਾਂ ਦੀ ਬਿਰਤੀ ਲੀਨ ਹੋਈ ਤੇ ਇਕ ਸੰਕਿਟ ਵੀ ਸੇਵਾ ਤੋਂ ਬਗੈਰ ਨਹੀਂ ਰਹਿੰਦੇ ਤੇ ਸੇਵਾ ਕਰਦੇ-ਕਰਦੇ ਗੁਰੂ ਮਹਾਰਾਜ ਨਾਲ ਐਨਾ ਪਿਆਰ ਪੈ ਗਿਆ ਕਿ ਬਾਕੀ ਸਾਰਾ ਸੰਸਾਰ ਮਨ ਤੋਂ ਵਿਸਰ ਗਿਆ। ਪ੍ਰੀਤ, ਪਿਆਰ ਜਿਹੜਾ ਹੁੰਦਾ ਹੈ, ਰੱਬ ਦਾ ਰੂਪ ਹੁੰਦਾ ਹੈ, ਸਾਧ ਸੰਗਤ ਜੀ! ਰੱਬ ਦਾ ਰੂਪ ਪਿਆਰ ਹੈ।

***ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥ ਜਾਪੁ ਸਾਹਿਬ***

ਮਹਾਰਾਜ ਕਹਿੰਦੇ, ਪਿਆਰ ਹੋ ਕੇ ਰੱਬ ਫੈਲਿਆ ਹੋਇਆ ਹੈ। ਉਹ ਕਿਸੇ ਤਰੀਕੇ ਨਾਲ ਵੱਸ ਨਹੀਂ ਆਉਂਦਾ, ਜੇ ਆਉਂਦਾ ਹੈ ਤਾਂ ਪਿਆਰ ਨਾਲ ਵੱਸ ਆ ਜਾਂਦਾ ਹੈ। ਪਿਆਰ ਦਾ ਰੂਪ ਧਾਰ ਕੇ ਹਰੇਕ ਥਾਂ ਪਸਰਿਆ ਹੋਇਆ ਹੈ। ਬੂਟਿਆਂ ਨੂੰ ਜ਼ਿੰਦਗੀ ਦੇ ਰਿਹਾ ਹੈ, ਹਰਿਆਵਲ ਦੇ ਰਿਹਾ ਹੈ, ਸਾਰੀ ਸ੍ਰਿਸ਼ਟੀ ਦੇ ਅੰਦਰ ਜ਼ਿੰਦਗੀ ਦਾ ਤੋਰਾ ਤੋਰ ਰਿਹਾ ਹੈ। ਸਭ ਨੂੰ ਆਪਣੇ ਪਿਆਰ ਦੇ ਵਸ ਕਰਕੇ ਆਪਣੇ ਥਾਂ-ਥਾਂ ਤੇ ਡਿਊਟੀਆਂ ਲਾਈਆਂ ਹੋਈਆਂ ਨੇ। ਪਿਆਰ ਤੋਂ ਬਗੈਰ ਜਿਹੜਾ ਬੰਦਾ ਹੈ ਕਹਿੰਦੇ ਉਹ ਮੁਰਦਾ ਹੋਇਆ ਕਰਦਾ ਹੈ। ਤੇ ਪ੍ਰੀਤ ਲੱਗ ਗਈ ਤੇ ਪ੍ਰੀਤ ਵੀ ਐਨੀ ਲੱਗ ਗਈ ਜਿਸ ਦਾ ਕੋਈ ਹਿਸਾਬ ਨਹੀਂ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਲੱਗ ਗਈ ਪ੍ਰੀਤ, ਜਲ ਨਾਲ, ਜਿਵੇਂ ਮੱਛੀ ਦੀ - 2.***
***ਜਲ ਨਾਲ ਜਿਵੇਂ ਮੱਛੀ ਦੀ -4, 2.***
***ਲੱਗ ਗਈ ਪ੍ਰੀਤ ........ -2.***

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥ ਪੰਨਾ - 708***

ਇਕ ਪਲ ਵਾਸਤੇ ਗੁਰੂ ਨਾਨਕ ਪਾਤਿਸ਼ਾਹ ਦੇ ਪਵਿੱਤਰ ਦਰਸ਼ਨਾਂ ਨੂੰ ਅੱਖਾਂ ਤੋਂ ਉਹਲੇ ਨਹੀਂ ਕਰਦੇ। ਹਰ ਵਕਤ ਗੁਰੂ ਮਹਾਰਾਜ ਦੇ ਨਾਲ ਜੁੜੇ ਰਹਿੰਦੇ ਨੇ, ਦਿਨ-ਰਾਤ ਸੇਵਾ ਕਰਦੇ ਨੇ। ਨਾ ਰਾਤ ਦੇਖਦੇ ਨੇ, ਨਾ ਦਿਨ ਦੇਖਦੇ ਨੇ। ਐਨੀ ਸੇਵਾ ਤੇ ਐਨਾ ਪਿਆਰ ਕਰਿਆ ਕਿ ਗੁਰੂ ਮਹਾਰਾਜ ਦਾ ਜੋ ਚਿੱਤ ਹੈ ਉਹਦੀ ਸੂਈ ਇਧਰ ਨੂੰ ਖਿੱਚਦੀ ਚਲੀ ਜਾਂਦੀ ਹੈ ਕਿਉਂਕਿ ਪਿਆਰ ਇਕ ਤਰਫਾ ਨਹੀਂ ਹੋਇਆ ਕਰਦਾ, ਦੋਹੀਂ ਪਾਸੀਂ ਇਕੋ-ਜਿਹਾ ਹੋਇਆ ਕਰਦਾ ਹੈ। ਕਿਸੇ ਨੂੰ ਪਿਆਰ ਕਰੋ ਉਹ ਵੀ ਪਿਆਰ ਕਰਦਾ ਹੈ, ਕਿਸੇ ਨੂੰ ਨਫਰਤ ਕਰੋ, ਉਧਰਲੇ ਪਾਸਿਓਂ ਵੀ ਨਫਰਤ ਆਉਂਦੀ ਹੈ। ਸੋ ਪਿਆਰ ਵਾਲਿਆਂ ਦਾ ਜੋ ਜੀਵਨ ਹੁੰਦਾ ਹੈ ਉਹ ਵੱਖਰਾ ਹੋਇਆ ਕਰਦਾ ਹੈ ਕਿਉਂਕਿ ਪਿਆਰ ਸਰਵਉਚ ਚੀਜ਼ ਹੈ ਜਿਸ ਦੇ ਨਾਲ

ਵਾਹਿਗੁਰੂ ਵਸ ਹੁੰਦਾ ਹੈ, ਹੋਰ ਕੋਈ ਚੀਜ਼ ਨਹੀਂ ਹੈ।

***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥*** ***ਪੰਨਾ - 962***

ਸੋ ਇਸ ਤਰ੍ਹਾਂ ਪਿਆਰ ਦੇ ਨਾਲ ਗੁਰੂ ਨਾਨਕ ਪਾਤਿਸ਼ਾਹ ਦੇ ਪਾਸ ਰਹਿ ਕੇ ਆਪ ਸੇਵਾ ਵੀ ਕਰਦੇ ਨੇ ਤੇ ਜਦੋਂ ਵਿਹਲੇ ਹੁੰਦੇ ਨੇ ਇਕ ਟੱਕ ਗੁਰੂ ਨਾਨਕ ਦੇ ਪਵਿੱਤਰ ਮੁਖੜੇ ਦੇ ਦਰਸ਼ਨ ਕਰਦੇ ਰਹਿੰਦੇ ਨੇ। ਨੇਤਰ ਨਹੀਂ ਝਮਕਦੇ ਇਕ ਪਲ ਵਾਸਤੇ ਵੀ, ਉਹ ਵੀ ਇੰਜ ਲਗਦੈ ਜਿਵੇਂ ਕਈ ਸਾਲ ਹੋ ਗਏ ਦਰਸ਼ਨ ਕਰੇ ਨੂੰ। ਸੋ ਇਸ ਤੀਬਰਤਾ ਦਾ ਸਾਰਿਆਂ ਨੂੰ ਨਹੀਂ ਪਤਾ ਹੁੰਦਾ, ਇਹ ਉਹਨੂੰ ਹੀ ਪਤਾ ਹੁੰਦਾ ਹੈ ਜਿਸ ਤੇ ਕਦੇ ਐਸੇ ਹਾਲਾਤ ਵਰਤੇ ਹੋਣ। ਸੋ ਆਪ ਜੀ ਚਰਨ ਦੱਬ ਰਹੇ ਨੇ, ਸੇਵਾ ਕਰ ਰਹੇ ਨੇ, ਪੱਖਾ ਝੱਲ ਰਹੇ ਨੇ। ਗੁਰੂ ਮਹਾਰਾਜ ਬਿਰਾਜੇ ਹੋਏ ਨੇ, ਥੋੜ੍ਹੀ ਜਿਹੀ ਦੇਰ ਬਾਅਦ ਮਹਾਰਾਜ ਜੀ ਦਾ ਚਰਨ ਹਿੱਲ ਜਾਂਦਾ ਹੈ, ਥੋੜ੍ਹੀ ਜਿਹੀ ਦੇਰ ਬਾਅਦ ਫਿਰ ਚਰਨ ਹਿਲ ਜਾਂਦਾ ਹੈ। ਆਪ ਨੇ ਬੇਨਤੀ ਕਰੀ, ਪਾਤਸ਼ਾਹ! ਇਹ ਕੀ ਕਾਰਨ ਹੈ? ਸੋ ਇਸ ਪਿਆਰ ਬਾਰੇ ਲਿਖਦੇ ਨੇ ਕਿ =

***ਭਲੀ ਪ੍ਰੀਤ ਨਹਿ ਜਾਇ ਬਖਾਨੀ॥***

ਕਹਿੰਦੇ ਐਨੀ ਪ੍ਰੀਤ ਲੱਗੀ ਜਿਹੜੀ ਦੱਸੀ ਨਹੀਂ ਜਾਂਦੀ। ਕਹਿੰਦੇ ਪਤੰਗੇ ਦੀ ਪ੍ਰੀਤ ਜਾਣੀ ਗਈ ਹੈ ਕਿ ਲਾਟ ਦੇ ਵਿਚ ਆ ਕੇ ਜਲ ਜਾਂਦਾ ਹੈ, ਮਿਰਗ ਦੀ ਪ੍ਰੀਤ ਮਸ਼ਹੂਰ ਹੈ ਕਿ ਘੰਡੇ-ਹੇੜੇ ਦਾ ਸ਼ਬਦ ਸੁਣ ਕੇ ਮਰਨ ਤੋਂ ਨਹੀਂ ਡਰਦਾ, ਸ਼ਿਕਾਰੀ ਦੇ ਹੱਥ ਆ ਜਾਂਦਾ ਹੈ। ਤੇ ਭੌਰੇ ਦੀ ਪ੍ਰੀਤ ਮਸ਼ਹੂਰ ਹੈ, ਫੁੱਲ ਦੇ ਵਿਚ ਬੈਠ ਜਾਂਦਾ ਹੈ, ਫੁੱਲ ਬੰਦ ਹੋ ਜਾਂਦਾ ਹੈ ਤੇ ਮਰਿਆ ਹੋਇਆ ਹੀ ਨਿਕਲਦਾ ਹੈ।

***ਤਿਨ ਤੇ ਤੁਰਨ ਤਾਂ ਪਹਿਚਾਨੀ॥***

ਕਹਿੰਦੇ ਇਹਦੇ ਨਾਲੋਂ ਘੱਟ ਨਹੀਂ ਗੁਰੂ ਅੰਗਦ ਸਾਹਿਬ ਦੀ ਪ੍ਰੀਤ ਗੁਰੂ ਨਾਨਕ ਸਾਹਿਬ ਲਈ। ਇਹਨਾਂ ਤੋਂ ਕਿਤੇ ਵੱਧ ਹੈ -

***ਸੀਸ ਦੇਣ ਕੀ ਹੋਇ ਜੇ ਰਜਾਇ॥***
***ਪਲਕ ਮਾਤਰ ਕਬਹੂੰ ਨ ਬਿਲਮਾਇ॥***

ਕਹਿੰਦੇ ਜੇ ਗੁਰੂ ਮਹਾਰਾਜ ਕਹਿ ਦੇਣ ਗੁਰੂ ਨਾਨਕ ਪਾਤਿਸ਼ਾਹ ਕਿ ਭਾਈ ਲਹਿਣਾ! ਸੀਸ ਚਾਹੀਦਾ ਹੈ, ਕਹਿੰਦੇ, ਜ਼ੁਬਾਨ 'ਚੋਂ ਅਜੇ ਨਿਕਲੇਗਾ, ਉਸੇ ਵੇਲੇ ਸੀਸ ਦੇ ਦੇਣਗੇ, ਬਿਲਮ ਨਹੀਂ ਲਾਉਂਦੇ। ਸੋ ਆਪ ਜੀ ਗੁਰੂ ਮਹਾਰਾਜ ਜੀ ਦੇ ਹਰ ਵਕਤ ਨਾਲ ਰਹਿੰਦੇ ਹਨ। ਆਰਾਮ ਕਰ ਰਹੇ ਹੋਣ, ਬਿਰਾਜੇ ਹੋਣ, ਮਹਾਂਪੁਰਸ਼ ਸੌਂਦੇ ਨਹੀਂ ਹੁੰਦੇ, ਕਦੇ ਗੁਰੂ ਸੌਂਦੇ ਨਹੀਂ ਹੁੰਦੇ, ਉਹ ਤਾਂ ਦੁਨੀਆਂ ਦੇ ਕਾਰਜ ਕਰਦੇ ਹੁੰਦੇ ਨੇ। ਸੋ ਆਪ ਦੇ ਚਰਨ ਹਿਲਦੇ ਨੇ। ਜਦੋਂ ਮਹਾਰਾਜ ਜੀ ਨੇ ਨੇਤਰ ਖੋਲ੍ਹੇ ਉਸ ਵੇਲੇ ਆਪ ਨੇ ਬੇਨਤੀ ਕਰੀ, "ਪਾਤਸ਼ਾਹ! ਆਪ ਦੇ ਚਰਨ ਕਿਉਂ ਹਿਲਦੇ ਸੀ।" ਮਹਾਰਾਜ ਕਹਿੰਦੇ, "ਲਹਣਿਆ! ਗੁਪਤ ਗੱਲਾਂ ਹੁੰਦੀਆਂ ਨੇ।" "ਪਾਤਸ਼ਾਹ! ਕ੍ਰਿਪਾ ਕਰੋ, ਪਤਾ ਲੱਗੇ ਕਿ ਚਰਨ ਕਿਉਂ ਹਿਲਦੇ ਸੀ? ਮਹਾਰਾਜ ਜੀ ਕਹਿੰਦੇ, "ਭਾਈ ਲਹਿਣਾ! ਸਵਰਗ ਲੋਕਾਂ ਦੇ ਦੇਵਤੇ ਆਇਆ ਕਰਦੇ ਨੇ ਤੇ ਫੇਰ ਉਹ ਨਮਸ਼ਕਾਰ ਕਰਕੇ ਚਲੇ ਜਾਂਦੇ ਨੇ।"

***ਸੁਰ ਪਗ ਦੋਇ ਬੰਦਨ ਕਰੇ ਪੁੰਨ ਸਦਨ ਸਿਧਾਰੇ॥***

ਕਹਿੰਦੇ, ਫੇਰ ਬੰਦਨਾ ਕਰਕੇ ਘਰਾਂ ਨੂੰ ਚਲੇ ਜਾਂਦੇ ਨੇ, ਐਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਕਰਦੇ ਡੰਡਉਤਾਂ ਜੀ,***
***ਸਵਰਗਾਂ ਤੋਂ ਆ ਕੇ ਦੇਵਤੇ -2, 2.***
***ਸਵਰਗਾਂ ਤੋਂ ਆ ਕੇ ਦੇਵਤੇ -4, 2.***
***ਕਰਦੇ ਡੰਡਉਤਾਂ ਜੀ,.........2***

ਸੋ ਭਾਈ ਲਹਿਣਾ! ਸੰਤ ਜੋ ਹੋਇਆ ਕਰਦਾ ਹੈ ਉਹ ਪ੍ਰਮੇਸ਼ਰ ਦਾ ਸਾਕਾਰ ਸਰੂਪ ਹੋਇਆ ਕਰਦਾ ਹੈ। ਸੋ ਨਿਰਾਕਾਰ ਦੇ ਦਰਸ਼ਨ ਤਾਂ ਹੁੰਦੇ ਨਹੀਂ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ ਪੰਨਾ - 7*

ਵਾਹਿਗੁਰੂ ਦਾ ਨਿਰਾਕਾਰ ਸਰੂਪ ਤਾਂ ਦਿਖ ਨਹੀਂ ਸਕਿਆ ਕਰਦਾ ਤੇ ਇਸ ਸੰਸਾਰ ਦੇ ਦੇਵ ਲੋਕਾਂ ਦੇ ਦੇਵਤਾ ਆ ਕੇ ਨਮਸ਼ਕਾਰ ਕਰਦੇ ਨੇ। ਇਸ ਤਰ੍ਹਾਂ ਬਾਣੀ ਵਿਚ ਲਿਖਿਆ ਹੋਇਆ ਹੈ -

*ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ ਬ੍ਰਹਮ ਗਿਆਨੀ ਨੂੰ - 2, 4.*

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥ ਪੰਨਾ - 273*

ਕਿਉਂ ਖੋਜਦੇ ਨੇ?

*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ - 273*

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੋਂ ਹੀ ਅਗਲੀ ਵੀਚਾਰ ਸ਼ੁਰੂ ਕੀਤੀ ਜਾਵੇਗੀ। ਸੋ ਹੁਣ ਸਾਰੇ ਗੁਰੂ ਸਤੋਤਰ ਵਿਚ ਬੋਲੋ।

-ਅਨੰਦ ਸਾਹਿਬ-

-ਗੁਰਸਤੋਤਰ-

-ਅਰਦਾਸ-

# 7

ਸ਼ਾਨ .....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥* *ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥* *ਪੰਨਾ - 289*

*ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥*
*ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥* *ਪੰਨਾ - 858*

*ਧਾਰਨਾ - ਪ੍ਰਭ ਸਭ ਕਿਛ ਤੇਰਾ ਜੀ,*
*ਮੈਂ ਕਿਛੁ ਨਾਹੀ, ਮੈਂ ਕਿਛੁ ਨਾਹੀ -2, 2.*
*ਮੈਂ ਕਿਛੁ ਨਾਹੀ, ਮੈਂ ਕਿਛੁ ਨਾਹੀ - 2, 2.*
*ਪ੍ਰਭ ਸਭ ਕਿਛ ਤੇਰਾ ਜੀ, ............-2*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨਹੇਰਾ॥* *ਪੰਨਾ - 827*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਦੂਰ-ਦਰਾਜ਼ ਤੋਂ ਗੁਰੂ ਮਹਾਰਾਜ ਦੀ ਹਜ਼ੂਰੀ ਦੇ ਅੰਦਰ ਸਸ਼ੋਭਤ ਹੋਏ ਇਕ ਮਹਾਨ-ਮਹਾਨ ਤਪੱਸਿਆ ਕਰ ਰਹੇ ਹੋ ਕਿਉਂਕਿ ਇਸ ਤਪ ਦਾ ਤੇ ਹਠ ਵਾਲੇ ਤਪ ਦਾ ਬਹੁਤ ਅੰਤਰ ਹੈ। ਹਠ ਵਾਲਾ ਤਪ ਸੌ ਸਾਲ ਕੀਤਾ ਜਾਵੇ ਤੇ ਆਹ ਜਿਹੜੀਆਂ 2-4 ਘੜੀਆਂ ਹਨ ਆਪਣੇ ਕੋਲ ਐਨਾ ਕੁ ਚਿਰ ਜੇ ਮਨ-ਚਿਤ ਇਕਾਗਰ ਕਰਕੇ, ਗੁਰੂ ਦੀ ਬਾਣੀ ਗਾ ਕੇ ਤੇ ਉਸ ਦੇ ਉਤੇ ਵਿਸ਼ਵਾਸ ਕਰਕੇ ਜੇ ਹਿਰਦੇ ਵਿਚ ਵਸਾ ਲਿਆ ਤਾਂ ਉਹ 100 ਸਾਲ ਵਾਲਾ ਧੂਣੀਆਂ ਤਾਪਣ ਵਾਲਾ ਤਪ ਇਸ ਦੇ ਅੱਗੇ ਕੁਝ ਵੀ ਨਹੀਂ ਹੈ ਕਿਉਂਕਿ ਇਸ ਦਾ ਫਲ ਬਹੁਤ ਜ਼ਿਆਦਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥* *ਪੰਨਾ - 546*

ਜਿਹੜੇ ਸੁਣਦੇ ਨੇ ਤੇ ਗਾਉਂਦੇ ਨੇ ਫੇਰ ਜਿਹੜੇ ਗੁਰੂ ਦੀ ਆਗਿਆ ਨੂੰ ਸਤਿ ਕਰਕੇ ਮੰਨਦੇ ਨੇ

ਉਨ੍ਹਾਂ ਨੂੰ ਕਈ ਕਰੋੜ ਜੱਗਾਂ ਦਾ ਫਲ ਮਿਲਦਾ ਹੈ। ਕਈ ਪ੍ਰੇਮੀਆਂ ਦੇ ਮਨਾਂ ਵਿਚ ਇਹ ਵਿਸ਼ਵਾਸ ਨਹੀਂ ਆਉਂਦਾ ਕਿਉਂਕਿ ਮਨ ਦਾ ਸੁਭਾਅ ਐਸਾ ਹੀ ਲਿਖਿਆ ਹੈ ਕਿ ਇਹ ਛੇਤੀ-ਛੇਤੀ ਗੱਲ ਨਹੀਂ ਮੰਨਿਆ ਕਰਦਾ ਕਿ ਐਨਾ ਮੈਨੂੰ ਮਿਲ ਜਾਏਗਾ? ਇਨ੍ਹਾਂ ਗੱਲਾਂ ਦਾ ਪਤਾ ਦਰਗਾਹ 'ਚ ਜਾ ਕੇ ਲਗਦਾ ਹੈ। ਮਹਾਰਾਜ ਦੀ ਬਾਣੀ ਇਹ ਨਹੀਂ ਹੈ ਕਿ ਕਿਸੇ ਦਾ ਦਿਲ ਪ੍ਰਚਾਵਣ ਵਾਲੀ ਹੈ, ਇਹ ਸਤਿ ਦਾ ਮਾਰਗ ਦਸਦੀ ਹੈ, ਸਤਿ ਦੇ ਰਸਤੇ ਤੇ ਇਸ ਨੇ ਚਲਾਉਣਾ ਹੈ, ਜੀਵ ਦੇ ਦੁਖਾਂ ਤੇ ਕਲੇਸ਼ਾਂ ਦਾ ਖਾਤਮਾ ਕਰਨਾ ਹੈ, ਵਿਘਨਾਂ ਦਾ ਨਾਸ਼ ਕਰਨਾ ਹੈ, ਬਿਮਾਰੀਆਂ ਦਾ ਖਾਤਮਾ ਕਰਨਾ ਹੈ ਪਰ ਤਾਂ ਜੇ ਬਾਣੀ ਨੂੰ ਪਹਿਲਾਂ ਸੁਣੀਏ, ਫੇਰ ਸਮਝੀਏ, ਫੇਰ ਕਮਾਈਏ - ਤਿੰਨ ਚੀਜ਼ਾਂ ਨੇ। ਸੋ ਇਸ ਕਰਕੇ ਆਪ ਇਕ ਬੜਾ ਭਾਰਾ ਤਪ ਕਰ ਰਹੇ ਹੋ। ਥੋੜ੍ਹਾ ਸਹਿਯੋਗ ਦਿਓ ਕਿ ਇਸ ਤਪ ਦੇ ਵਿਚ ਭੰਗਣਾ ਨਾ ਪੈ ਜਾਵੇ। ਕੰਨਾਂ ਦੇ ਨਾਲ ਗੁਰੂ ਦੀ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕਰਕੇ ਹਿਰਦੇ 'ਚ ਧਾਰਨ ਕਰੋ ਤੇ ਜਦੋਂ ਵਾਰੀ ਆਉਂਦੀ ਹੈ ਰਸਨਾ ਦੇ ਨਾਲ ਗੱਜ-ਵੱਜ ਕੇ ਸ਼ਬਦਾਂ ਵਿਚ ਬੋਲੋ। ਸੋ ਉਸ ਵੇਲੇ ਸਾਨੂੰ ਪੂਰਾ-ਪੂਰਾ ਫਲ ਪ੍ਰਾਪਤ ਹੁੰਦਾ ਹੈ-

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥*** ***ਪੰਨਾ - 1377***

ਅੱਧੀ ਤੋਂ ਵੀ ਅੱਧੀ ਸਵਾ ਛੇ ਮਿੰਟ ਦੀ ਹੁੰਦੀ ਹੈ -

***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥*** ***ਪੰਨਾ - 1377***

ਜਿਹੜੀ ਵੀ ਗੋਸ਼ਟ ਕਰ ਲਈ, ਬਚਨ ਸੁਣ ਲਿਆ ਉਹ ਲਾਭ ਹੀ ਲਾਭ ਹੁੰਦਾ ਹੈ ਘਾਟੇ ਦਾ ਸੌਦਾ ਨਹੀਂ ਹੁੰਦਾ। ਘਾਟੇ ਦਾ ਸੌਦਾ ਹੁੰਦਾ ਹੈ ਮਨਮੁਖ ਦੀ ਸੰਗਤ; ਜੇ ਕੋਲੋਂ ਦੀ ਵੀ ਲੰਘ ਜਾਓ ਉਹ ਵੀ ਘਾਟੇ ਦਾ ਸੌਦਾ ਹੈ। ਕਹਿੰਦੇ ਨੇੜੇ ਦੀ ਨਾ ਲੰਘੋ। ਮਨ ਦੇ ਪਿਛੇ ਲੱਗਣ ਵਾਲੇ ਤੇ ਇਕ ਕਰੋਧੀ ਬੰਦੇ ਨੂੰ ਹੱਥ ਨਾ ਲਾਓ ਕਿਉਂਕਿ ਭਿੱਟ ਲੱਗ ਜਾਂਦੀ ਹੈ ਇਨ੍ਹਾਂ ਦੀ-

***ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥*** ***ਪੰਨਾ - 1371***

ਦੂਰ ਤੋਂ ਨੱਠ ਜਾਓ, ਕੋਲ ਨਾ ਖੜ੍ਹੋ -

***ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥*** ***ਪੰਨਾ - 1371***

ਕਾਲੇ ਭਾਂਡੇ ਦੇ ਨੇੜੇ ਲੱਗ ਜਾਵੇ ਸਫੇਦ ਕੱਪੜਾ, ਹਵਾ ਨਾਲ ਉਡ ਕੇ ਵੀ ਮਾੜ੍ਹਾ ਜਿਹਾ ਲੱਗ ਜਾਵੇ ਉਥੇ ਹੀ ਦਾਗ ਪੈ ਜਾਏਗਾ। ਸੋ ਇਸ ਤਰ੍ਹਾਂ ਦੇ ਨਾਲ ਥੋੜ੍ਹਾ ਸਮਝਣ ਦਾ ਯਤਨ ਕਰਿਓ। ਦੂਰ-ਦਰਾਜ਼ ਤੋਂ ਸੰਗਤ ਆਉਂਦੀ ਹੈ ਤੇ ਅੱਜ ਜੋ ਆਪਾਂ ਵਿਚਾਰ ਕਰਨੀ ਹੈ ਇਹ ਥੋੜ੍ਹਾ ਜਿਹਾ ਮੁਸ਼ਕਲ ਇਉਂ ਵਿਸ਼ਾ ਹੈ ਸਾਧ ਸੰਗਤ ਜੀ! ਆਸਾਨ ਵੀ ਬਹੁਤ ਹੈ ਤੇ ਔਖਾ ਵੀ ਬਹੁਤ ਹੈ। ਇਉਂ ਸਮਝ ਲਓ ਕਿ ਪਹਿਲੀ ਜਮਾਤ ਤੋਂ ਲੈ ਕੇ Ph.D ਤੱਕ ਦਾ ਸਬਕ ਹੈ। ਪੂਰੇ ਧਿਆਨ ਨਾਲ ਜੇ ਨਾਲ-ਨਾਲ ਚਲੋਂਗੇ ਤਾਂ ਫੇਰ ਗੱਲ ਸਮਝ ਜਾਵਾਂਗੇ, ਜੇ ਕਿਤੇ ਮਨ ਸਾਥ ਛੱਡ ਗਿਆ ਉਥੇ ਹੀ ਅਸੀਂ ਟੁੱਟ ਜਾਵਾਂਗੇ।

ਸੋ ਇਕ ਵਿਚਾਰ ਬਹੁਤ ਦੇਰ ਦੀ ਚੱਲ ਰਹੀ ਹੈ। ਗੁਰੂ ਅੰਗਦ ਸਾਹਿਬ ਨੇ ਉਹ ਕਿਹੜੀ ਸੇਵਾ ਗੁਰੂ ਨਾਨਕ ਪਾਤਸ਼ਾਹ ਦੀ ਕੀਤੀ ਜਿਸ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਰੀਝ ਗਏ ਕਿਉਂਕਿ ਸੇਵਾ ਕਰਨ ਵਾਲੇ ਤਾਂ ਬਾਬਾ ਬੁੱਢਾ ਜੀ ਵੀ ਸੀ ਤੇ ਬਚਪਨ ਤੋਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਸੀ, ਭਾਈ ਬਾਲਾ ਜੀ ਸੀ, ਭਾਈ ਸਧਾਰਨ ਵੀ ਸੀ, ਭਾਈ ਮਨਸੁਖ ਵੀ ਸੀ, ਭਾਈ ਕਮਲੀਆ ਵੀ ਸੀ, ਭਾਈ ਭਗੀਰਥ ਵੀ ਸੀ ਤੇ ਹੋਰ ਵੀ ਬੇਅੰਤ ਗੁਰਸਿੱਖ ਸਨ ਜਿਹੜੇ ਬਚਪਨ ਤੋਂ ਹੀ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਮੋਦੀ ਖਾਨੇ ਦੇ ਵੇਲੇ ਤੋਂ ਲੱਗੇ ਹੋਏ ਸਨ। ਉਹ ਕਿਉਂ ਨਾ ਆ ਸਕੇ ਅੱਗੇ ਤੇ ਗੁਰੂ ਅੰਗਦ ਸਾਹਿਬ ਸਿਰਫ ਤਿੰਨ ਸਾਲ ਸੇਵਾ ਕਰਕੇ ਕਿਸ ਤਰ੍ਹਾਂ ਪ੍ਰਵਾਨ ਹੋ ਗਏ। ਸੋ ਉਸ ਦੀ ਵਿਚਾਰ ਬਹੁਤ ਵਿਸਥਾਰ ਦੇ ਨਾਲ ਹੋ ਰਹੀ ਹੈ, ਇਕੱਲੇ-ਇਕੱਲੇ ਵਿਸ਼ੇ ਦੇ ਉੱਤੇ।

ਸੋ ਅੱਜ ਜੋ ਬਚਨ ਕਰਨ ਲੱਗੇ ਹਾਂ ਉਸ ਨੂੰ ਜ਼ਰਾ ਧਿਆਨ ਦੇ ਨਾਲ ਸਰਵਣ ਕਰਿਓ ਕਿਉਂਕਿ ਇਹ ਇਕ, ਦੋ, ਚਾਰ ਨਹੀਂ, ਸਾਰੀ ਸ੍ਰਿਸ਼ਟੀ ਦੇ ਨਾਲ ਉਹ ਚੀਜ਼ਾਂ ਵਰਤਦੀਆਂ ਹਨ। ਇਹ ਗੁਰੂ ਨਾਨਕ ਪਾਤਿਸ਼ਾਹ

ਨੇ ਬੜੇ ਵਿਸਥਾਰ ਨਾਲ ਸਾਨੂੰ ਦੱਸਿਆ ਹੈ। ਸੋ ਹੁਣ ਸਾਰੇ ਪ੍ਰੇਮੀ ਚਿਤ ਨੂੰ ਇਕਾਗਰ ਕਰਕੇ ਸ਼ਬਦ ਵਿਚ ਬੋਲੋ-

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥***
***ਸਾਵਧਾਨ ਏਕਾਗਰ ਚੀਤ॥*** ***ਪੰਨਾ - 295***

***ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,***
***ਤਿਨ ਕੀ ਕਥਾ ਨਿਰਾਰੀ ਰੇ -2, 2.***
***ਤਿਨ ਕੀ ਕਿਥਾ ਨਿਰਾਰੀ ਰੇ -4, 2.***
***ਹਰਿ ਕੇ ਸੇਵਕ ਜੋ ਹਰਿ ਭਾਏ, .... -2.***

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥***
***ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥***
***ਪੰਨਾ - 855***

ਸੋ ਇਸ ਤਰ੍ਹਾਂ ਜਿਹੜੇ ਪ੍ਰੇਮੀ ਲਗਾਤਾਰ ਦੀਵਾਨਾਂ ਵਿਚ ਆਉਂਦੇ ਨੇ ਉਨ੍ਹਾਂ ਨੇ ਸਰਵਣ ਕੀਤਾ ਹੈ ਕਿ ਭਾਈ ਲਹਿਣਾ ਜੀ ਪਹਿਲਾਂ ਦੇਵੀ ਦੇ ਭਗਤ ਸਨ। ਗੁਰੂ ਦੀ ਤਲਾਸ਼ ਸੀ ਪਰ ਇਕ ਗੁਰਸਿਖ ਭਾਈ ਜੋਧ ਦੇ ਨਾਲ ਸੰਪਰਕ ਹੋ ਗਿਆ। ਉਹ 'ਜਪੁਜੀ ਸਾਹਿਬ' ਤੇ 'ਆਸਾ ਦੀ ਵਾਰ' ਪੜ੍ਹਦਾ ਆਪ ਨੇ ਸੁਣਿਆ ਤੇ ਸੱਟ ਲੱਗੀ, ਸੀਨੇ 'ਚ ਛੇਕ ਪੈ ਗਿਆ, ਬਾਣੀ ਨੇ ਬਾਣ ਮਾਰ ਦਿੱਤਾ, ਗੁਰੂ ਨਾਨਕ ਪਾਤਿਸ਼ਾਹ ਦੇ ਦਰਸ਼ਨਾਂ ਦੀ ਕਾਹਲ ਲੱਗ ਗਈ। ਦੇਵੀ ਦਾ ਸੰਗ ਲੈ ਕੇ ਜਾਂਦੇ ਨੇ। ਆਪ ਮੁਖੀ ਨੇ ਤੇ ਜਦੋਂ ਕਰਤਾਰਪੁਰ ਸਾਹਿਬ ਗਏ, ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਬਾਹਰ ਆ ਕੇ ਲੈਣ ਆ ਗਏ ਤੇ ਇਹ ਬਚਨ ਕਹਿ ਆਏ ਕਿ ਅੱਜ ਮੇਰੇ ਰਾਜ-ਜੋਗ ਦਾ ਧਨੀ ਆ ਰਿਹਾ ਹੈ, ਲੈ ਕੇ ਆਉਣਾ ਹੈ।

ਭਾਈ ਲਹਿਣਾ ਜੀ ਘੋੜੇ ਤੇ ਚੜ੍ਹੇ ਹੋਏ ਨੇ ਤੇ ਗੁਰੂ ਨਾਨਕ ਸਾਹਿਬ ਨੂੰ ਪੁਛਿਆ ਕਿ ਮੈਂ ਨਾਨਕ ਤਪੇ ਦੇ ਦਰਸ਼ਨ ਕਰਨੇ ਨੇ ਕਿਉਂਕਿ ਇਸੇ ਨਾਮ ਨਾਲ ਬਹੁਤੇ ਲੋਕ ਬੁਲਾਇਆ ਕਰਦੇ ਸੀ।

ਕਹਿੰਦੇ, "ਆ ਜਾ ਭਾਈ ਮੇਰੇ ਪਿਛੇ-ਪਿਛੇ।"

ਅੱਗੇ-ਅੱਗੇ ਆਪ ਜਾਂਦੇ ਨੇ, ਪਿਛੇ ਇਹ ਆਉਂਦੇ ਨੇ। ਉਥੇ ਜਾ ਕੇ ਆਪ ਕਹਿੰਦੇ, ਘੋੜਾ ਬੰਨ੍ਹ ਦੇ ਤੇ ਏਧਰ ਦੀ ਆ ਜਾ। ਜਦੋਂ ਦਰਸ਼ਨ ਕਰੇ ਤਾਂ ਹੈਰਾਨ ਹੋ ਗਿਆ ਕਿ ਇਹ ਤਾਂ ਓਹੀ ਨੇ ਜਿਹੜੇ ਕਦੇ ਹੌਲੀ-ਹੌਲੀ ਚਲਦੇ ਸੀ ਤੇ ਕਦੇ ਘੋੜੇ ਦੀ ਤੇਜ ਚਾਲ ਦੇਖ ਕੇ ਦੌੜ ਵੀ ਪੈਂਦੇ ਸੀ। ਬਹੁਤ ਗਹਿਰਾ ਅਸਰ ਹੋਇਆ ਹਿਰਦੇ ਵਿਚ, ਤੇ ਆਪ ਦਾ ਆਉਣਾ-ਜਾਣਾ ਖਤਮ ਹੋ ਗਿਆ।

ਕਹਿਣ ਲੱਗੇ, "ਜਿਥੇ ਮੈਂ ਆਉਣਾ ਸੀ ਆ ਗਿਆ।"

ਚਾਰ ਦਿਨ ਰੱਖ ਕੇ ਮਹਾਰਾਜ ਨੇ ਭੇਜ ਦਿੱਤੇ। ਦੁਬਾਰਾ ਫੇਰ ਜਾਂਦੇ ਨੇ, ਸੇਵਾ ਵਿਚ ਡੱਟ ਜਾਂਦੇ ਨੇ, ਬਹੁਤ ਸਾਰੇ ਕੌਤਕ ਆਪ ਨੇ ਦੇਖੇ ਤੇ ਅੱਜ ਆਪ ਗੁਰੂ ਨਾਨਕ ਪਾਤਿਸ਼ਾਹ ਦੀ ਸੇਵਾ ਕਰ ਰਹੇ ਨੇ। ਪਿਆਰ ਐਨਾ ਜ਼ਬਰਦਸਤ ਹੈ ਕਿ ਇਕ ਸਕਿੰਟ ਵਾਸਤੇ ਵੀ ਅੱਖ ਨਹੀਂ ਝਮਕਦੇ ਕਿ ਜੇ ਮੈਂ ਅੱਖ ਝਮਕੀ ਤੇ ਮੈਥੋਂ ਦਰਸ਼ਨ ਓਹਲੇ ਨਾ ਹੋ ਜਾਣ, ਐਨਾ ਵੀ ਗਵਾਰਾ ਨਹੀਂ ਕਰਦੇ - ਨਾ ਦਿਨ-ਨਾ ਰਾਤ, ਐਨਾ ਪਿਆਰ ਪੈ ਗਿਆ

ਸੋ ਆਪ ਮਹਾਰਾਜ ਜੀ ਦੀ ਸੇਵਾ ਕਰ ਰਹੇ ਨੇ। ਗੁਰੂ ਮਹਾਰਾਜ ਬਿਰਾਜੇ ਹੋਏ ਨੇ ਤੇ ਥੋੜ੍ਹੀ ਜਿਹੀ ਦੇਰ ਬਾਅਦ ਮਹਾਰਾਜ ਦੇ ਚਰਨ ਹਿੱਲ ਜਾਂਦੇ ਨੇ। ਆਪ ਹੈਰਾਨ ਹੁੰਦੇ ਨੇ ਕਿ ਮਹਾਰਾਜ ਦੇ ਚਰਨ ਕਿਉਂ ਹਿਲਦੇ ਨੇ। ਜਦੋਂ ਮਹਾਰਾਜ ਜੀ ਨੇ ਨੇਤਰ ਖੋਲ੍ਹੇ ਤਾਂ ਬੇਨਤੀ ਕੀਤੀ, "ਪਾਤਸ਼ਾਹ! ਅੱਜ ਮੈਂ ਇਕ ਕੌਤਕ ਦੇਖਿਆ ਜੋ ਅੱਗੇ ਮੇਰੇ ਧਿਆਨ ਵਿਚ ਨਹੀਂ ਆਇਆ ਕਿ ਆਪ ਪਏ ਹੋ ਤੇ ਆਪ ਦੇ ਚਰਨ ਕਿਉਂ ਹਿਲ ਰਹੇ ਸੀ?"

ਕਹਿੰਦੇ, "ਪੁਰਖਾ! ਬਹੁਤ ਸਾਰੇ ਬਚਨ ਐਸੇ ਹੁੰਦੇ ਨੇ ਕਿ ਆਹ ਜੋ ਦਿਸਦਾ ਸੰਸਾਰ ਹੈ ਇਸ ਤੋਂ

ਅੱਗੇ ਬਹੁਤ ਸੰਸਾਰ ਨੇ ਜਿਹੜੇ ਅੱਖਾਂ ਨਾਲ ਨਹੀਂ ਦਿਸਦੇ, ਕੇਵਲ ਜਦੋਂ ਰੂਹ ਸਰੀਰ ਛੱਡ ਕੇ ਜਾਂਦੀ ਹੈ ਉਸ ਨੂੰ ਉਸ ਵੇਲੇ ਦਿਸਦੇ ਨੇ। ਉਸ ਦੇ ਨੇਤਰ ਹੋਰ ਹੁੰਦੇ ਨੇ, ਇਹ ਨੇਤਰ ਪ੍ਰਾਕ੍ਰਿਤਕ ਹੋਣ ਕਰਕੇ ਨਜ਼ਰ ਨਹੀਂ ਆਉਂਦੇ।"

ਬੇਅੰਤ ਸੂਖਸ਼ਮ ਤੇ ਸਥੂਲ ਸ੍ਰਿਸ਼ਟੀਆਂ ਨੇ ਤੇ ਉਨ੍ਹਾਂ ਵਿਚੋਂ ਬਹੁਤ ਸ੍ਰਿਸ਼ਟੀਆਂ ਉਚੇ ਦਰਜੇ ਦੀਆਂ ਨੇ ਜਿਨ੍ਹਾਂ ਵਿਚ ਮਹਾਨ-ਮਹਾਨ ਸੁਖ ਹੈ ਜਿਨ੍ਹਾਂ ਨੂੰ ਸਵਰਗ ਕਹਿੰਦੇ ਨੇ, ਦੇਵਤਿਆਂ ਦੀ ਦੁਨੀਆਂ ਕਹਿੰਦੇ ਨੇ। ਸੋ ਉਸ ਦੇਵਤਿਆਂ ਦੀ ਦੁਨੀਆਂ ਦੇ ਅੰਦਰੋਂ ਬਹੁਤ ਸਾਰੇ ਦੇਵਤੇ ਸਤਿਪੁਰਸ਼ਾਂ ਦੀ ਤਲਾਸ਼ ਵਿਚ ਆਉਂਦੇ ਨੇ, ਪ੍ਰਭੂ ਦੇ ਪ੍ਰਵਾਨ ਹੋਇਆਂ ਦੇ ਪਾਸ ਆਉਂਦੇ ਨੇ ਤੇ ਭਾਈ ਲਹਿਣਾ! ਉਹ ਆ ਕੇ ਨਮਸ਼ਕਾਰਾਂ ਕਰਦੇ ਸੀ ਤੇ ਉਸ ਤੋਂ ਬਾਅਦ ਆਪਣੇ ਲੋਕਾਂ ਨੂੰ ਚਲੇ ਜਾਂਦੇ ਨੇ। ਸੋ –

***ਸੁਰ ਪਗ ਦ੍ਵੈ ਬੰਦਨ ਕਰੈ ਪੁੰਨ ਸਦਨ ਸਿਧਾਈ॥***

ਬੰਦਨਾ ਕਰਨ ਆਉਂਦੇ ਨੇ ਤੇ ਵਾਪਸ ਆਪਣੇ-ਆਪਣੇ ਲੋਕਾਂ ਨੂੰ ਚਲੇ ਜਾਂਦੇ ਹਨ – ਗੰਧਰਬ ਲੋਕ ਹੈ, ਦੇਵ ਗੰਧਰਵ ਲੋਕ ਹੈ, ਪਿੱਤਰ ਲੋਕ ਹੈ, ਇੰਦਰ ਲੋਕ ਹੈ, ਸਵਰਗ ਲੋਕ ਹੈ, ਕਰਮ ਦੇਵ ਲੋਕ ਹੈ, ਅਜਾਨ ਦੇਵ ਲੋਕ ਹੈ, ਪ੍ਰਜਾਪਤ ਲੋਕ, ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਧਾਮ, ਇਥੋਂ ਤੱਕ ਕਿ ਦਰਸ਼ਨ ਕਰਨ ਵਾਸਤੇ ਸਚਖੰਡ ਤੋਂ ਵੀ ਰੂਹਾਂ ਆ ਜਾਇਆ ਕਰਦੀਆਂ ਹਨ।

ਇਕ ਵਾਰੀ ਛੇਵੇਂ ਪਾਤਸ਼ਾਹ ਮਹਾਰਾਜ ਦਿੱਲੀ ਜਮਨਾ ਦੇ ਕਿਨਾਰੇ ਬੈਠੇ ਨੇ ਤੇ ਜਹਾਂਗੀਰ ਨੇ ਪੀਰ ਸਿਕੰਦਰ ਔਲੀਆ ਨੂੰ ਬੁਲਾਇਆ। ਕਹਿਣ ਲੱਗਿਆ, "ਦੇਖੋ! ਗੁਰੂ ਹਰਗੋਬਿੰਦ ਆਏ ਨੇ, ਮੈਂ ਕੋਈ ਗਲਤੀ ਨਾ ਕਰ ਲਵਾਂ ਕਿਉਂਕਿ ਮੈਂ ਕਾਨੂੰਨੀ ਦਫਾ ਦੇ ਅਧੀਨ ਉਨ੍ਹਾਂ ਨੂੰ ਬੁਲਾਇਆ ਹੈ ਤੇ ਉਹ ਪੂਰੇ ਹੋਣ, ਤੇ ਮੈਂ ਕੋਈ ਗਲਤੀ ਕਰ ਬੈਠਾਂ। ਤੁਸੀਂ ਜਾਓ ਤੇ ਮੈਨੂੰ ਪੂਰਾ ਪਤਾ ਦਸੋ ਕਿ ਉਨ੍ਹਾਂ 'ਚ ਕੋਈ ਰੂਹਾਨੀ ਚੀਜ਼ ਹੈ ਕਿਉਂਕਿ ਇਨ੍ਹਾਂ ਤੋਂ ਪਹਿਲੇ ਜਿਹੜੇ ਗੁਰੂ ਸੀ ਉਹ ਸਾਧੂਆਂ ਦੇ ਲਿਬਾਸ ਵਿਚ ਰਿਹਾ ਕਰਦੇ ਸੀ ਤੇ ਇਨ੍ਹਾਂ ਦਾ ਸ਼ਾਹੀ ਲਿਬਾਸ ਹੈ। ਦੋ ਕਿਰਪਾਨਾਂ ਪਹਿਨੀਆਂ ਹੋਈਆਂ ਹਨ – ਇਕ ਮੀਰੀ ਦੀ ਤੇ ਇਕ ਪੀਰੀ ਦੀ ਤੇ ਕਲਗੀ ਲਾਈ ਹੋਈ ਹੈ ਤੇ ਸਾਰਾ ਹੀ ਰਾਜਸੀ ਠਾਠ ਹੈ ਤੇ ਮੈਨੂੰ ਪਤਾ ਲਿਆ ਕੇ ਦਿਓ ਕਿ ਇਹ ਅਸਲ ਵਿਚ ਹੈਂ ਵੀ ਜਾਂ ਉਪਰੋਂ-ਉਪਰੋਂ ਹੀ ਨੇ।"

ਸੋ 12 ਪੀਰ ਦਿੱਲੀ ਦੇ ਗੁਰੂ ਛੇਵੇਂ ਪਾਤਸ਼ਾਹ ਜੀ ਨੂੰ ਪਰਖਣ ਜਾਂਦੇ ਨੇ। ਪਹਿਲੇ ਨੇ ਕਿਹਾ ਕਿ ਜੇ ਆਪਣੇ 12 ਦੇ ਹੀ ਨਾਉਂ ਲੈ ਕੇ ਬਿਠਾਉਣਗੇ, ਫੇਰ ਮੰਨਾਂਗੇ। ਦੂਸਰਾ ਕਹਿਣ ਲੱਗਾ ਕਿ ਜੇ ਉਹ ਸਾਨੂੰ ਗਰਮ-ਗਰਮ ਕੜਾਹ-ਪ੍ਰਸ਼ਾਦ ਛਕਾਉਣਗੇ ਫੇਰ ਮੰਨਾਂਗੇ। ਇਕ ਤਾਂ ਇਸ ਦੇ ਨਾਲ ਉਨ੍ਹਾਂ ਦੀ ਅਜ਼ਮਤ ਦਾ ਪਤਾ ਲੱਗੇਗਾ, ਦੂਸਰਾ ਫੇਰ ਅਸੀਂ ਰੂਹਾਨੀ ਬਚਨ ਕਰਾਂਗੇ, ਉਸ ਦੇ ਵਿਚ ਸਾਰਾ ਪਤਾ ਲੱਗ ਜਾਏਗਾ।

ਸੋ ਜਦੋਂ ਮਹਾਰਾਜ ਜੀ ਦੇ ਪਾਸ ਜਾਂਦੇ ਨੇ। ਮਹਾਰਾਜ ਕਹਿੰਦੇ, "ਆਓ ਸਿਕੰਦਰ ਜੀ!" ਸਾਰਿਆਂ ਦੇ ਨਾਂ ਲੈ ਦਿੱਤੇ ਤੇ ਕਹਿੰਦੇ, "ਬੈਠੋ।" ਨਮਸ਼ਕਾਰ ਕਰ ਦਿੱਤੀ ਪਹਿਲੀ ਵਾਰ ਹੀ। ਉਸ ਤੋਂ ਬਾਅਦ ਪਰਾਤ ਸਿਰ ਤੇ ਰੱਖੀ ਇਕ ਗੁਰਸਿਖ ਆ ਗਿਆ, ਮਹਾਰਾਜ ਕੋਲ ਲਿਆ ਕੇ ਕੜਾਹ ਪ੍ਰਸ਼ਾਦ ਭੇਟਾ ਕਰ ਦਿੱਤਾ।

ਮਹਾਰਾਜ ਕਹਿੰਦੇ, "ਗਰਮ ਹੈ?"

ਕਹਿੰਦਾ, "ਮਹਾਰਾਜ! ਗਰਮ-ਗਰਮ ਹੈ, ਹੱਥ ਨਹੀਂ ਲਗਦਾ।"

ਕਹਿੰਦੇ, "ਇਨ੍ਹਾਂ ਨੂੰ ਦਿਓ, ਇਹ ਗਰਮ ਚਾਹੁੰਦੇ ਨੇ।" ਤੇ ਸਾਰਿਆਂ ਨੂੰ ਪ੍ਰਸ਼ਾਦ ਦੇ ਦਿੱਤਾ। ਦੋ ਗੱਲਾਂ ਪੂਰੀਆਂ ਹੋ ਗਈਆਂ। ਹੁਣ ਬਚਨ ਕਰਨ ਦਾ ਖਿਆਲ ਮਨ ਵਿਚ ਆਉਂਦਾ ਹੈ ਕਿ ਬਚਨ ਕਰਕੇ ਹਰਾਈਏ ਇਨ੍ਹਾਂ ਨੂੰ। ਇੰਨੇ ਨੂੰ ਕੀ ਦੇਖਦੇ ਨੇ ਕਿ ਜਮਨਾ ਦੇ ਉਤੇ ਪਾਣੀ ਦੇ ਦਰਮਿਆਨ ਵਿਚ ਇਕ ਬਿਜਲੀ ਲਿਸ਼ਕੀ। ਬਿਜਲੀ ਲਿਸ਼ਕ ਕੇ ਚਾਨਣਾ ਖਤਮ ਹੋ ਜਾਇਆ ਕਰਦਾ ਹੈ ਲੇਕਿਨ ਉਹ ਖਤਮ ਨਹੀਂ ਹੋਇਆ, ਚਾਨਣਾ ਓਵੇਂ-ਜਿਵੇਂ ਖੜ੍ਹਾ ਹੈ। ਜਿਥੇ ਤੱਕ ਨਿਗ੍ਹਾ ਜਾਂਦੀ ਹੈ ਉਥੇ ਤੱਕ ਚਾਨਣਾ ਹੀ ਚਾਨਣਾ ਖੜ੍ਹਾ ਹੈ ਤੇ ਦੇਖਦੇ-ਦੇਖਦੇ ਉਹ ਚਾਨਣਾ ਅਲੋਪ ਹੋ ਗਿਆ ਤੇ ਉਸ ਦੇ ਵਿਚ ਇਕ ਬੀਬੀ ਬ੍ਰਹਮ ਦੀ

ਪ੍ਰਕਾਸ਼ਮਈ ਮੂਰਤ ਆ ਗਈ। ਉਹ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਪੜ੍ਹਦੀ ਹੋਈ ਆ ਰਹੀ ਹੈ। ਉਹ ਪਾਣੀ ਉਤੇ ਇਸ ਤਰ੍ਹਾਂ ਤੁਰਦੀ ਹੈ ਜਿਵੇਂ ਧਰਤੀ ਤੇ ਤੁਰ ਰਹੀ ਹੋਵੇ। ਸੋ ਓਸ ਵੇਲੇ ਉਸ ਨੇ ਆ ਕੇ ਨਮਸ਼ਕਾਰ ਕੀਤੀ।

ਮਹਾਰਾਜ ਨੇ ਪੁਛਿਆ, "ਬੇਟਾ! ਕਿਸ ਤਰ੍ਹਾਂ ਆਏ ਤੁਸੀਂ?"

ਕਹਿੰਦੀ, ਪਾਤਸ਼ਾਹ! ਆਪ ਦੀ ਕਿਰਪਾ ਹੈ। ਜਦੋਂ ਆਪ ਦਾ ਗੁਰੂ ਨਾਨਕ ਦਾ ਸਰੂਪ ਸੀ, ਉਸ ਵੇਲੇ ਮੇਰੇ ਸਹੁਰਾ-ਪਿਤਾ ਜੀ ਨੇ ਆਪ ਤੋਂ ਸਿੱਖੀ ਦੀ ਦਾਤ ਲਈ ਸੀ ਤੇ ਮੇਰੇ ਪਤੀ ਵੀ ਬਹੁਤ ਗੁਰਸਿਖ ਸੀ, ਬੰਦਗੀ ਕਰਨ ਵਾਲੇ ਸੀ ਤੇ ਮੈਂ ਪਤੀਬਰਤਾ ਇਸਤ੍ਰੀ ਸੀ। ਮੈਂ ਉਨ੍ਹਾਂ ਦਾ ਹੁਕਮ ਨਹੀਂ ਸੀ ਕਦੇ ਵੀ ਮੋੜਦੀ, ਕਦੇ ਕੌੜਾ ਨਹੀਂ ਸੀ ਬੋਲਦੀ, ਕਦੇ ਫਿੱਕਾ ਨਹੀਂ ਸੀ ਬੋਲਦੀ, ਸਦਾ ਹੀ ਭਰੋਸਾ ਰੱਖਦੀ ਸੀ ਤੇ ਮੈਂ ਉਨ੍ਹਾਂ ਨੂੰ ਪ੍ਰਮੇਸ਼ਰ ਦਾ ਰੂਪ ਜਾਣ ਕੇ ਉਨ੍ਹਾਂ ਦੀ ਸੇਵਾ ਕਰਦੀ ਸੀ, ਬਾਣੀ ਪੜ੍ਹਦੀ ਸੀ, ਨਾਮ ਜਪਦੀ ਸੀ। ਫੇਰ ਜਦੋਂ ਸਰੋਵਰ ਬਣਾਇਆ ਪੰਜਵੇਂ ਪਾਤਸ਼ਾਹ ਨੇ। ਪਾਤਸ਼ਾਹ! ਮੈਂ ਆਪਣੇ ਪਤੀ ਤੋਂ ਪੁਛਿਆ ਕਿ ਮੈਂ ਸੇਵਾ ਕਰ ਆਇਆ ਕਰਾਂ। ਉਹ ਕਹਿੰਦੇ, ਹਾਂ! ਚਲੀ ਜਾਇਆ ਕਰ।" ਆਗਿਆ ਪਾ ਕੇ ਮੈਂ ਰੋਜ਼ ਕਾਬਲ ਤੋਂ ਆ ਕੇ ਕਾਰ-ਸੇਵਾ ਕਰਦੀ ਰਹੀ ਤੇ ਰਾਤ ਨੂੰ ਮੈਂ ਮੁੜ ਜਾਂਦੀ।

ਸਾਰਿਆਂ ਗੁਰਸਿੱਖਾਂ ਨੇ ਸਾਖੀ ਸੁਣੀ ਹੋਈ ਸੀ ਕਿ ਜਦੋਂ ਸਰੋਵਰ ਵਿਚ ਸੇਵਾ ਹੁੰਦੀ ਸੀ ਇਕ ਬੀਬੀ ਆਇਆ ਕਰਦੀ ਸੀ ਤਾਂ ਉਸ ਦਾ ਆਉਂਦੀ ਦਾ ਨਹੀਂ ਸੀ ਪਤਾ ਲਗਦਾ, ਜਾਂਦੀ ਦਾ ਨਹੀਂ ਸੀ ਲਗਦਾ ਤੇ ਜਦੋਂ ਟੋਕਰੀ ਭਰ ਕੇ ਸੁੱਟਦੀ ਸੀ ਤੇ ਕਦੇ-ਕਦੇ ਹੱਥ ਹਵਾ 'ਚ ਐਂ ਮਾਰਦੀ ਸੀ ਕਿ ਜਿਵੇਂ ਕਿਸੇ ਚੀਜ਼ ਨੂੰ ਝੂਟਾ ਦਿੰਦੀ ਹੋਵੇ। ਗੁਰੂ ਪੰਜਵੇਂ ਪਾਤਸ਼ਾਹ ਦੇ ਪਾਸ ਬਚਨ ਪਹੁੰਚਿਆ ਕਿ ਪਾਤਸ਼ਾਹ! ਇਕ ਬੀਬੀ ਆਉਂਦੀ ਹੈ ਤੇ ਉਹ ਆ ਕੇ ਇਹ ਕਿਰਿਆ ਕਰਦੀ ਹੈ ਤੇ ਪਤਾ ਨਹੀਂ ਲਗਦਾ। ਮਹਾਰਾਜ ਨੇ ਬੁਲਾ ਲਿਆ ਤੇ ਪੁਛਿਆ ਕਿ ਬੇਟਾ! ਕਿਥੋਂ ਆਉਂਦੀ ਹੈਂ? "ਪਾਤਸ਼ਾਹ ਮੈਂ ਕਾਬਲ ਤੋਂ ਰੋਜ਼ ਆਉਂਦੀ ਹਾਂ।" ਕਹਿੰਦੇ, "ਕਾਹਦੀ ਸਵਾਰੀ ਕਰਦੀ ਹੈਂ?"

ਕਹਿੰਦੀ, "ਪਾਤਸ਼ਾਹ! ਤੇਰੇ ਸ਼ਬਦ ਵਿਚ ਐਨੀ ਸ਼ਕਤੀ ਹੈ ਕਿ 'ਵਾਹਿ' ਕਹਿ ਕੇ ਮੈਂ ਪੈਰ ਪੁਟਦੀ ਹਾਂ ਤੇ 'ਗੁਰੂ' ਕਹਿ ਕੇ ਮੇਰਾ ਪੈਰ ਪ੍ਰਕਰਮਾ ਵਿਚ ਹੁੰਦਾ ਹੈ।"

ਕਿਉਂਕਿ ਸ਼ਬਦ ਦੀ ਸਵਾਰੀ ਗੁਰੂ ਨਾਨਕ ਪਾਤਸ਼ਾਹ ਕਰਦੇ ਸੀ। ਆਹ ਜਿਹੜੇ ਪ੍ਰੋਫੈਸਰ ਨੇ, ਪੜ੍ਹੇ-ਲਿਖੇ ਜਿਹੇ, ਇਹ ਨਾਸਤਿਕਤਾ ਵੱਲ ਨੂੰ ਜਾ ਰਹੇ ਨੇ। ਇਨ੍ਹਾਂ ਨੂੰ ਪਤਾ ਨਹੀਂ ਇਨ੍ਹਾਂ ਗੱਲਾਂ ਦਾ ਕਿ ਰੂਹਾਨੀਅਤ ਦੇ ਵਿਚ ਇਹ ਗੱਲਾਂ ਵੀ ਹੋਇਆ ਕਰਦੀਆਂ ਨੇ, ਲਿਖਣ ਤੋਂ ਡਰਦੇ ਨੇ ਕਿ ਕੋਈ ਹੋਰ ਕਹਿ ਦਏਗਾ ਕਿ ਸੰਭਵ ਨਹੀਂ ਇਹ ਗੱਲ। ਅਸੀਂ ਨਹੀਂ ਡਰਦੇ, ਅਸੀਂ ਤਾਂ ਜਾਣਦੇ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਆਪ ਪਾਰਬ੍ਰਹਮ ਪ੍ਰਮੇਸ਼ਰ ਨੇ। ਫੇਰ ਗੁਰੂ ਨਾਨਕ ਪਾਤਸ਼ਾਹ ਨੂੰ ਅਸੀਂ ਕਿਉਂ ਯਾਦ ਕਰਨੈ ਜੇ ਉਹ ਸਮਰੱਥ ਨਹੀਂ ਹਨ? ਉਹ ਸਭ ਕੁਝ ਕਰ ਸਕਦੇ ਹਨ। ਜਦੋਂ ਗੁਰਸਿਖਾਂ ਵਿਚ ਇਹ ਤਾਕਤ ਹੈ - ਆਹ ਬੀਬੀ ਜੀ (ਬੀਬੀ ਰਣਜੀਤ ਕੌਰ) ਉਨ੍ਹਾਂ ਦੇ ਪਿਤਾ ਜੀ ਬਿਮਾਰ ਸੀ ਲਾਹੌਰ, ਇਨ੍ਹਾਂ ਨੂੰ ਕਹਿਣ ਲੱਗੇ, ਬਾਬਾ ਲੋਹਗੜ੍ਹੀਆ ਨਹੀਂ ਆਇਆ। ਕਿਸ਼ਨ ਸਿੰਘ ਧੂਪੀਆ ਨੂੰ ਕਹਿੰਦੇ ਸੀ, ਉਹ ਨਾਮਧਾਰੀ ਸਿੰਘ ਸੀ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਅੰਦਰ 1000 ਅਖੰਡ ਪਾਠ ਇਕੱਲਿਆਂ ਨੇ ਕਰਿਆ ਸੀ, ਇਕ ਚੌਂਕੜੀ ਵਿਚ ਅਖੰਡਪਾਠ ਕਰਿਆ ਕਰਦੇ ਸੀ। 25 ਰੁ: ਭੇਟਾ ਲੈਂਦੇ ਸੀ ਤੇ ਹੁਣ ਤੱਕ ਸਾਰੇ ਭੈਣੀ ਸਾਹਿਬ ਵਹੀ ਵਿਚ ਲਿਖੇ ਹੋਏ ਹਨ, 25,000/- ਰੁਪਿਆ ਉਨ੍ਹਾਂ ਨੇ 1000 ਅਖੰਡਪਾਠ ਦਾ ਜਮ੍ਹਾ ਕਰਵਾਇਆ। ਆਪ ਸ਼ਕਤੀਆਂ ਦੇ ਮਾਲਕ ਸੀ।

ਸੋ ਆਪ ਕਹਿਣ ਲੱਗੇ, "ਬਾਬਾ ਜੀ ਨਹੀਂ ਆਏ?"

ਕਹਿੰਦੇ, "ਆਏ ਨਹੀਂ!"

ਇਹ ਜਦੋਂ ਹਸਪਤਾਲ ਤੋਂ ਥੱਲੇ ਉਤਰੇ ਤਾਂ ਬਾਬਾ ਜੀ ਆ ਗਏ। ਨਾਲ ਹੀ ਮੁੜ ਗਏ ਸਾਰੇ ਬੱਚੇ। ਕਹਿੰਦੇ, "ਪਿਤਾ ਜੀ! ਬਾਬਾ ਜੀ ਆ ਗਏ।"

ਪਿਤਾ ਜੀ ਬਾਬਾ ਜੀ ਨੂੰ ਕਹਿਣ ਲੱਗੇ, "ਤੁਸੀਂ ਤਾਂ ਆਏ ਹੀ ਨਹੀਂ?"

ਕਹਿੰਦੇ, "ਤੁਸੀਂ ਤਾਂ ਯਾਦ ਹੀ ਹੁਣ ਕਰਿਆ ਹੈ।"

ਕਹਿੰਦੇ, "ਤੁਸੀਂ ਕਿਥੇ ਸੀ?"

ਕਹਿੰਦੇ, "ਅਸੀਂ ਲਾਲਾਮੂਸੇ ਸੀ - ਰਾਵਲਪਿੰਡੀ।" ਕਿਥੇ ਰਾਵਲਪਿੰਡੀ ਤੇ ਕਿਥੇ ਲਾਹੌਰ। ਇਧਰੋਂ ਯਾਦ ਕਰਦੇ ਨੇ ਓਧਰੋਂ ਉਹ ਹਸਪਤਾਲ ਦੇ ਦਰਵਾਜ਼ੇ ਅੱਗੇ ਆ ਜਾਂਦੇ ਨੇ।

ਇਕ ਹੋਰ ਹੋਏ ਨੇ ਸੰਤ ਮੋਹਨ ਜੀ। ਉਹ ਵੀ ਨਾਮਧਾਰੀ ਹੋਏ ਨੇ। ਗੁਰਦਾਸਪੁਰ ਆਪ ਨੇ ਜੀਵਨ ਲਾਇਆ ਹੋਇਆ ਸੀ ਤੇ ਉਥੇ ਮਹਾਂਪੁਰਸ਼ ਬਾਬਾ ਪ੍ਰਤਾਪ ਸਿੰਘ ਜੀ ਗਏ ਹੋਏ ਸੀ ਤੇ ਭੈਣੀ ਸਾਹਿਬ ਨੂੰ ਵਾਪਸ ਆ ਰਹੇ ਨੇ।

ਉਹ ਕਹਿੰਦੇ, "ਮਹਾਰਾਜ! ਮੈਨੂੰ ਵੀ ਲੈ ਚਲੋ।"

ਕਹਿੰਦੇ, "ਮਸਤਾਨਿਆ! ਜਗ੍ਹਾ ਨਹੀਂ ਹੈ।"

ਕਹਿੰਦੇ, "ਚੰਗਾ ਸਤਿਗੁਰੋ! ਤੁਹਾਡੀ ਮਰਜ਼ੀ।"

ਜਦੋਂ ਭੈਣੀ ਸਾਹਿਬ ਆਏ, ਦੇਖਿਆ ਤਾਂ ਦੀਵਾਨ ਲੱਗਿਆ ਹੋਇਆ ਹੈ। ਮਹਾਂਪੁਰਸ਼ਾਂ ਨੇ ਪੁਛਿਆ ਕਿ ਕਿੰਨਾ ਚਿਰ ਹੋ ਗਿਆ ਦੀਵਾਨ ਲੱਗੇ ਨੂੰ।

ਕਹਿੰਦੇ, "ਜੀ! ਤਿੰਨ ਘੰਟੇ ਹੋ ਗਏ ਕੀਰਤਨ ਕਰਦੇ ਨੂੰ।"

ਉਹ ਗੁਰਦਾਸਪੁਰ ਤੋਂ ਕਾਰ ਵਿਚ ਆਏ ਨੇ, ਇਹ ਆ ਕੇ ਤਿੰਨ ਘੰਟੇ ਪਹਿਲਾਂ ਦੀਵਾਨ ਲਾਈ ਬੈਠੇ ਨੇ। ਦੀਵਾਨ ਤੋਂ ਬਾਅਦ ਵਾਪਸ ਬੁਲਾ ਲਿਆ, ਡੰਡਾ ਲੈ ਲਿਆ।

ਕਹਿੰਦੇ, " ਐਨੀਆਂ ਸ਼ਕਤੀਆਂ ਤੂੰ ਪ੍ਰਤੱਖ ਰੂਪ ਵਿਚ ਦਿਖਾਈ ਜਾਂਦਾ ਹੈਂ?"

ਸੋ ਇਸ ਤਰ੍ਹਾਂ ਦੇ ਨਾਲ ਕਹਿੰਦੀ, "ਮਹਾਰਾਜ! 'ਵਾਹਿ' ਮੈਂ ਓਥੇ ਕਹਿੰਦੀ ਹਾਂ ਤੇ ਆਪ ਦੇ ਸ਼ਬਦ ਵਿਚ ਐਨੀ ਸ਼ਕਤੀ ਹੈ। ਕਿਉਂਕਿ ਕਮਾਇਆ ਹੋਇਆ ਜਿਹੜਾ 'ਵਾਹਿਗੁਰੂ' ਸ਼ਬਦ ਹੈ ਉਸ ਦੇ ਵਿਚ ਸ਼ਕਤੀ ਹੈ, ਸਾਧ ਸੰਗਤ ਜੀ!

ਕਹਿੰਦੀ, "ਜਦੋਂ 'ਗੁਰੂ' ਕਹਿੰਦੀ ਹਾਂ ਤਾਂ ਦੂਸਰਾ ਪੈਰ ਮੇਰਾ ਪ੍ਰਕਰਮਾ 'ਚ ਹੁੰਦਾ ਹੈ।"

ਕਹਿੰਦੇ, "ਬੇਟਾ! ਫੇਰ ਤੂੰ ਹਵਾ 'ਚ ਇਸ ਤਰ੍ਹਾਂ ਹੱਥ ਕਿਉਂ ਮਾਰਦੀ ਹੈਂ?"

ਕਹਿੰਦੀ, "ਪਾਤਿਸ਼ਾਹ! ਮੈਂ ਆਪਣੇ ਬੱਚੇ ਨੂੰ ਸੁਲਾ ਕੇ ਆਉਂਦੀ ਹਾਂ ਤੇ ਉਹ ਝੂਲੇ ਤੇ ਪਾਇਆ ਹੁੰਦਾ ਹੈ ਤੇ ਮੈਂ ਇਹ ਦੇਖਦੀ ਹਾਂ ਕਿ ਕਿਤੇ ਉਹ ਜਾਗ ਨਾ ਪਵੇ। ਇਸ ਕਰਕੇ ਮੈਂ ਝੂਟਾ ਦੇ ਕੇ ਉਸ ਨੂੰ ਸੁਲਾ ਦਿੰਦੀ ਹਾਂ।

ਸੋ ਪਾਤਿਸ਼ਾਹ! ਮੇਰਾ ਸਰੀਰ ਛੁੱਟ ਗਿਆ। ਮੈਂ ਸਚਖੰਡ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਦਰਗਾਹ ਵਿਚ ਚਲੀ ਗਈ ਤੇ ਅੱਜ ਮੇਰੇ ਮਨ ਵਿਚ ਫੁਰਨਾ ਉਠਿਆ ਕਿ ਛੇਵੇਂ ਗੁਰੂ ਨਾਨਕ ਦੇ ਸਰੂਪ ਦੇ ਦਰਸ਼ਨ ਕਰਾਂ ਤੇ ਆਪਣੀ ਸ਼ਰਧਾ ਭੇਂਟ ਕਰਾਂ।" ਸੋ ਇਸ ਤਰ੍ਹਾਂ ਸਚਖੰਡ ਤੋਂ ਵੀ ਰੂਹਾਂ ਦਰਸ਼ਨਾਂ ਲਈ ਆ ਜਾਇਆ ਕਰਦੀਆਂ ਹਨ।

ਸੋ ਮਹਾਰਾਜ ਕਹਿਣ ਲੱਗੇ, "ਭਾਈ ਲਹਿਣਾ ਜੀ! ਇਹ ਸਵਰਗ ਲੋਕਾਂ ਦੇ ਦੇਵਤੇ ਨੇ।" ਇਸ ਤਰ੍ਹਾਂ ਫੁਰਮਾਉਂਦੇ ਨੇ-

***ਧਾਰਨਾ - ਕਰਦੇ ਡੰਡਓਤਾਂ ਜੀ!***
***ਸੁਰਗਾਂ ਤੋਂ ਆ ਕੇ ਦੇਵਤੇ -2, 2.***

*ਸੁਰਗਾਂ ਤੋਂ ਆ ਕੇ ਦੇਵਤੇ -2, 2.*
*ਕਰਦੇ ਡੰਡਓਤਾਂ ਜੀ, .............. -2.*

***ਅਮਰ ਬਿੰਦ ਛ੍ਵੈ ਛ੍ਵੈ ਜਗ ਪਾਈ॥***
***ਬੰਦਨ ਕਰਿ ਕਰਿ ਸਦਨ ਸਿਧਾਈ॥*** *ਪੰਨਾ - 1164 ( ਗੁਰ ਨਾਨਕ ਪ੍ਰਕਾਸ਼)*

ਕਹਿੰਦੇ, "ਭਾਈ ਲਹਿਣਾ! ਦੇਵ ਲੋਕਾਂ ਦੇ ਅੰਦਰ ਸਾਧੂ ਨਹੀਂ ਜਾਇਆ ਕਰਦੇ, ਬੰਦਗੀ ਕਰਨ ਵਾਲੇ ਮਹਾਂਪੁਰਸ਼ ਨਹੀਂ ਜਾਇਆ ਕਰਦੇ। ਸੋ ਉਨ੍ਹਾਂ ਕੋਲ ਇਕੋ ਹੀ ਚਾਰਾ ਹੈ ਕਿ ਇਸ ਮਾਤ ਲੋਕ ਵਿਚ ਆਉਣ ਤੇ ਫੇਰ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ।"

ਗੁਰੂ ਦਸਵੇਂ ਪਾਤਸ਼ਾਹ ਇਕ ਵਾਰੀ ਬਚਨ ਕਰ ਰਹੇ ਸਨ ਕਿ ਸਿੰਘੋ! ਤੁਸੀਂ ਹੀ ਨਹੀਂ ਇਥੇ ਬੈਠੇ, ਗੁਪਤ ਲੋਕਾਂ ਤੋਂ ਬੇਅੰਤ ਰੂਹਾਂ ਆ ਕੇ, ਇਥੋਂ ਤੱਕ ਕਿ ਸ਼ਿਵ ਜੀ, ਬ੍ਰਹਮਾ, ਵਿਸ਼ਨੂੰ ਆਦਿ ਜੋ ਮੁਖ ਦੇਵਤੇ ਨੇ ਉਹ ਵੀ ਆ ਕੇ ਹਰੀ ਦੇ ਜਸ ਨੂੰ ਸਰਵਣ ਕਰਦੇ ਨੇ ਕਿਉਂਕਿ ਸਵਰਗ-ਲੋਕਾਂ 'ਚ ਇਹ ਚੀਜ਼ ਹੈ ਨਹੀਂ। ਹਰੀ ਦਾ ਜਸ ਨਹੀਂ ਹੈ, ਇਹ ਤਾਂ ਇਥੇ ਮਾਤ ਲੋਕ ਵਿਚ ਹੀ ਹੈ ਕੇਵਲ।

***ਕਹਿ ਕਮੀਰ ਅਬ ਕਹੀਐ ਕਾਹਿ॥***
***ਸਾਧਸੰਗਤਿ ਬੈਕੁੰਠੈ ਆਹਿ॥*** *ਪੰਨਾ - 1161*

ਆਹ ਵੱਡਾ ਬੈਕੁੰਠ ਹੈ ਸਾਧੂ ਦੀ ਸੰਗਤ ਤੇ ਹਰੀ ਦਾ ਜਸ ਜਿਥੇ ਹੁੰਦਾ ਹੋਵੇ। ਇਥੋਂ ਤੱਕ ਕਿ ਭਗਵਾਨ ਵੀ ਸਾਕਾਰ-ਰੂਪ ਧਾਰ ਕੇ ਤੇ ਸੰਗਤ ਵਿਚ ਗੁਪਤ ਰੂਪ ਵਿਚ ਬੈਠ ਜਾਂਦੇ ਨੇ, ਪਛਾਣੇ ਹੀ ਨਹੀਂ ਜਾਂਦੇ। ਅਠਾਹਠ ਤੀਰਥਾਂ ਦੇ ਦੇਵਤੇ ਸਾਰਿਆਂ ਨਾਲੋਂ ਪਿਛੇ ਬੈਠੇ ਹੋਣਗੇ -

***ਹਰਿ ਕੀ ਕਥਾ ਹੋਤ ਹੈ ਜਹਾਂ ਗੰਗਾ ਭੀ ਚਲ ਆਵਤ ਤਹਾਂ॥***

ਆਪਣੇ-ਆਪਣੇ ਫਲ ਖੋਲ੍ਹੀ ਬੈਠੇ ਹੁੰਦੇ ਨੇ ਕਿ ਜੇ ਮੇਰੇ ਵਾਲੀ ਚੀਜ਼ ਮੰਗ ਲਈ ਤਾਂ ਮੈਂ ਨੱਠ ਕੇ ਜਾ ਕੇ ਦੇ ਦਿਆਂਗਾ ਓਸ ਨੂੰ। ਸਾਰੀਆਂ ਲੋੜਾਂ ਸਤਿਸੰਗ ਦੇ ਵਿਚ ਪੂਰੀਆਂ ਹੁੰਦੀਆਂ ਹਨ ਕਿਉਂਕਿ ਇਹ ਕੋਈ ਐਵੇਂ ਹੀ ਇਕੱਠ ਨਹੀਂ ਹੈ ਆਮ ਬੰਦਿਆਂ ਦਾ। ਇਥੇ ਦੀ ਚਰਨ ਧੂੜ ਐਨੀ ਪਵਿੱਤਰ ਹੈ ਕਿ ਉਹ ਰੋਗ ਜੋ ਡਾਕਟਰਾਂ ਤੋਂ ਦੂਰ ਨਹੀਂ ਹੁੰਦੇ, ਦੂਰ ਹੋ ਜਾਂਦੇ ਨੇ ਕਿਉਂਕਿ ਹਰੀ ਦੇ ਪਿਆਰੇ ਵਾਹਿਗੁਰੂ ਨਾਲ ਜੁੜ ਕੇ ਇਥੇ ਬੈਠ ਕੇ ਹਰੀ ਦਾ ਜਸ ਕਰਦੇ ਨੇ। ਸੋ ਗੁਰਸਿਖ ਕਹਿਣ ਲੱਗੇ, "ਪਾਤਿਸ਼ਾਹ! ਕਦੇ ਦਰਸ਼ਨ ਹੀ ਕਰਵਾ ਦਿਓ।"

ਮਹਾਰਾਜ ਨੇ ਬਚਨ ਕਰ ਦਿਤਾ -

***ਸਰਬ ਭੂਤ ਆਪਿ ਵਰਤਾਰਾ॥ ਸਰਬ ਨੈਨ ਆਪਿ ਪੇਖਨਹਾਰਾ॥***
*ਪੰਨਾ - 294*

ਹੱਥ ਮਾਰਿਆ ਅਸਮਾਨ ਦੇ ਵਿਚ। ਇਕ ਦਮ ਕੀ ਦੇਖਦੇ ਨੇ ਕਿ ਰੋਸ਼ਨੀ ਹੀ ਰੋਸ਼ਨੀ ਹੋਈ ਪਈ ਹੈ, ਬੇਅੰਤ ਕਿਸਮ ਦੇ ਦੇਵਤੇ ਨਜ਼ਰ ਆਉਣੇ ਸ਼ੁਰੂ ਹੋ ਗਏ ਤੇ ਇੰਨੇ ਨੂੰ ਇਕ ਰਾਜਾ ਆਇਆ, ਮੱਥਾ ਟੇਕਿਆ ਉਸ ਨੇ। ਦੇਵਤੇ ਇਧਰ ਓਧਰ ਹਿੱਲਣ ਲੱਗ ਗਏ।

ਮਹਾਰਾਜ ਕਹਿੰਦੇ, "ਜਲਦੀ ਲਿਆਓ ਭਾਈ ਕਿਓੜਾ, ਖੁਸ਼ਬੂਆਂ ਆਦਿ ਛਿੜਕੋ। ਲੇਕਿਨ ਉਹ ਚਲੇ ਗਏ।

ਸਿੱਖ ਕਹਿੰਦੇ, "ਮਹਾਰਾਜ ਸੱਚੇ ਪਾਤਿਸ਼ਾਹ! ਦਰਸ਼ਨ ਵੀ ਹੋਏ ਪਰ ਫੇਰ ਕੀ ਗੱਲ ਹੈ ਦੇਵਤੇ ਚਲੇ ਕਿਉਂ ਗਏ?"

ਮਹਾਰਾਜ ਕਹਿੰਦੇ, "ਭਾਈ ਕਾਹਦਾ ਪੜਦਾ ਖੁਲ੍ਹਾਉਂਦੇ ਹੋ, ਇਸ ਰਾਜੇ ਨੇ ਤਿੰਨ ਦਿਨ ਪਹਿਲਾਂ ਤੰਬਾਕੂ ਪੀਤਾ ਸੀ, ਉਸ ਤੰਬਾਕੂ ਦੀ ਦੁਰਗੰਧ ਐਨੀ ਬੁਰੀ ਹੈ ਕਿ ਦੇਵਤਾ ਸਹਿਨ ਨਹੀਂ ਕਰ ਸਕਦੇ।"

ਸੋ ਤੰਬਾਕੂ ਬਹੁਤ ਬੁਰੀ ਚੀਜ਼ ਹੈ। ਸਾਰੀ ਦੁਨੀਆਂ ਹੁਣ ਤਾਂ ਇਸ ਦੇ ਮਗਰ ਪੈ ਗਈ ਹੱਥ ਧੋ ਕੇ। ਪਰ ਸਾਡਾ ਜਿਹੜਾ ਦੇਸ਼ ਹੈ, ਸਾਡੇ ਨੌਜਵਾਨ ਇਹ ਇਸ ਛੱਡੀ ਹੋਈ ਚੀਜ਼ ਨੂੰ ਹੁਣ ਅਪਣਾਅ ਰਹੇ ਨੇ। ਜਦੋਂ ਸਾਰੀ ਦੁਨੀਆਂ ਹਟ ਗਈ ਇਹ ਕਹਿੰਦੇ ਸਾਨੂੰ ਦਿਓ, ਅਸੀਂ ਖਾਵਾਂਗੇ ਜ਼ਰਦੇ 'ਚ ਪਾ ਕੇ। ਸਾਰਾ ਭਾਰਤ ਪੀ ਰਿਹਾ ਹੈ, ਇਸ ਨੂੰ ਵੀ ਸੋਝੀ ਆਉਣੀ ਹੈ, ਫੇਰ ਦੌੜਿਆ ਫਿਰਨਾ ਹੈ ਜਦੋਂ ਇਲਾਜ ਹੀ ਨਹੀਂ ਕੋਈ ਰਹਿਣਾ।

ਸੋ ਇਸ ਤਰ੍ਹਾਂ ਦੇ ਨਾਲ ਜਿਥੇ ਹਰੀ ਦਾ ਜਸ ਹੁੰਦਾ ਹੈ ਉਥੇ ਅਠਾਹਠ ਤੀਰਥ, ਦੇਵੀ-ਦੇਵਤਾ ਆ ਜਾਂਦੇ ਨੇ। ਇਕ ਵਾਰੀ ਵੱਡੇ ਮਹਾਰਾਜ ਜੀ ਦੇ ਦੀਵਾਨ ਫਤਹਿਗੜ੍ਹ ਸਾਹਿਬ ਲੱਗੇ ਹੋਏ ਸੀ, ਐਸਾ ਕੌਤਕ ਵਰਤਿਆ ਕਿ ਸਾਰਿਆਂ ਨੂੰ ਤਾਂ ਦਿਸੇ ਨਾ, ਇਕ ਨੂੰ ਦਿਸੇ। ਮਹਾਰਾਜ ਦੇ ਅੱਗੇ ਜਿਥੇ ਚਾਦਰਾਂ ਵਿਛੀਆਂ ਹੋਈਆਂ ਸਨ, ਤਿੰਨ ਦੇਵਤੇ ਆ ਕੇ ਬੈਠ ਗਏ। ਪੂਰਾ ਕੀਰਤਨ ਸੁਣ ਕੇ ਜਦੋਂ ਉਠ ਕੇ ਗਏ ਤਾਂ ਉਹ ਦੇਖਦੇ ਰਹੇ। ਜਦੋਂ ਸ਼ਾਮਿਆਨੇ ਦੇ ਪਰਲੇ ਕੋਨੇ ਕੋਲ ਗਏ ਉਥੇ ਛਾਈ-ਮਾਈ (ਅਲੋਪ) ਹੋ ਗਏ। ਬੜੀ ਅਚੰਭਾ ਚੀਜ਼ ਲੱਗੀ।

ਮਹਾਰਾਜ ਜੀ ਕੋਲ ਬਚਨ ਕੀਤਾ, "ਮਹਾਰਾਜ! ਇਹ ਕੌਣ ਸੀ ਸਾਧੂ ਜੋ ਆਏ ਸੀ?"

ਮਹਾਰਾਜ ਕਹਿੰਦੇ, "ਭਾਈ! ਇਹ ਗੁਪਤ ਗੱਲਾਂ ਗੁਪਤ ਰੱਖੋ, ਇਹ ਪ੍ਰਗਟ ਕਰਨ ਵਾਲੀਆਂ ਨਹੀਂ ਹੁੰਦੀਆਂ। ਜਿਹੜੇ ਦੇਵਤੇ ਨੇ ਸਵਰਗਾਂ ਦੇ, ਉਹ ਹਰੀ ਦਾ ਜਸ ਉਥੇ ਨਾ ਮਿਲਣ ਕਰਕੇ, ਜਿਥੇ ਪ੍ਰਮੇਸ਼ਰ ਦੇ ਪਿਆਰੇ ਇਕ ਚਿਤ ਹੋ ਕੇ ਲੀਨਤਾ 'ਚ ਆ ਕੇ ਹਰੀ ਦਾ ਜਸ ਕਰਦੇ ਨੇ ਓਥੇ ਆ ਕੇ ਉਹ ਸੁਣਿਆ ਕਰਦੇ ਨੇ ਤੇ ਗੁਰਬਾਣੀ ਦੇ ਅੰਦਰ ਵੀ ਇਸ ਤਰ੍ਹਾਂ ਨਾਲ ਫੁਰਮਾਨ ਆਉਂਦਾ ਹੈ -

***ਧਾਰਨਾ - ਸ਼ਿਵਜੀ ਖੋਜਦੇ ਫਿਰਦੇ ਬ੍ਰਹਮ ਗਿਆਨੀ ਨੂੰ -2, 4.***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ - 273***

ਇਹ ਗੁਰੂ ਪ੍ਰਮੇਸ਼ਰ ਸਾਕਾਰ ਰੂਪ ਵਿਚ ਸੰਸਾਰ ਤੇ ਆ ਗਏ, ਹੁਣ ਤਾਂ ਦੇਵਤਿਆਂ ਨੂੰ ਬਹੁਤ ਸੁਖਾਲਾ ਹੋ ਗਿਆ ਕਿ ਦਰਸ਼ਨ ਕਰੀਏ ਚੱਲ ਕੇ, ਨਿਰੰਕਾਰ ਦੇ ਤਾਂ ਹੁੰਦੇ ਨਹੀਂ ਕਿਉਂਕਿ-

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥***
***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥***
***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ ਪੰਨਾ - 7***

ਵਾਹਿਗੁਰੂ ਦੇਖਦਾ ਹੈ ਪਰ ਇਨ੍ਹਾਂ ਨੂੰ ਪ੍ਰਮੇਸ਼ਰ ਨਜ਼ਰ ਨਹੀਂ ਆਉਂਦਾ। ਹੁਣ ਪ੍ਰਮੇਸ਼ਰ ਮਨੁੱਖ ਦੇ ਜਾਮੇ ਵਿਚ ਪ੍ਰਗਟ ਹੋਇਆ ਹੋਇਆ ਹੈ - ਗੁਰੂ ਪ੍ਰਮੇਸ਼ਰ! ਉਥੇ ਤਾਂ ਸਾਧ-ਸੰਗਤ ਜੀ! ਨਮਸਕਾਰਾਂ ਕਰਨੀਆਂ ਹੀ ਸੀ, ਆਉਣਾ ਹੀ ਸੀ।

ਸੋ ਆਪ ਨੇ ਨਮਸਕਾਰ ਕਰ ਦਿੱਤੀ। ਸ਼ਰਧਾ ਵਧ ਗਈ ਕਿ ਹੈਂ! ਗੁਰੂ ਨਾਨਕ ਪਾਤਿਸ਼ਾਹ ਕੋਈ ਮਾਮੂਲੀ ਬੰਦਾ ਤਾਂ ਹੈ ਕੋਈ ਨਹੀਂ, ਕੋਈ ਮਾਮੂਲੀ ਸੰਤ ਨਹੀਂ ਹੈ ਤੇ ਕੇਵਲ ਬ੍ਰਹਮਗਿਆਨੀ ਨਹੀਂ, ਇਹ ਤਾਂ ਆਪ ਸੰਸਾਰ ਦੇ ਉਤੇ ਆਏ ਹੋਏ ਨੇ। ਇਕ ਦਿਨ ਗੁਰੂ ਮਹਾਰਾਜ ਜੀ ਬਿਰਾਜੇ ਹੋਏ ਨੇ ਤੇ ਆਪ ਪਹਿਰੇ ਤੇ ਨੇ ਕਿਉਂਕਿ ਇਕ ਅਵਸਥਾ ਐਸੀ ਆਉਂਦੀ ਹੈ ਜਿਥੇ ਨੀਂਦ ਤੇ ਭੁੱਖ ਦੋਵੇਂ ਹਟ ਜਾਇਆ ਕਰਦੀਆਂ ਨੇ - ਨਾ ਨੀਂਦ ਰਹਿੰਦੀ ਹੈ ਨਾ ਭੁੱਖ ਰਹਿੰਦੀ ਹੈ। ਆਪ ਗੁਰੂ ਮਹਾਰਾਜ ਜੀ ਦੀ 24 ਘੰਟੇ ਜਾਗ ਕੇ ਹੀ ਸੇਵਾ ਕਰਿਆ ਕਰਦੇ ਸੀ ਤੇ ਅੱਜ ਕੀ ਦੇਖਦੇ ਨੇ ਕਿ ਇਕ ਬਹੁਤ ਸੁੰਦਰ ਬੀਬੀ ਸੂਹੇ ਬਸਤ੍ਰ ਪਹਿਨੇ ਹੋਏ, ਬਹੁਤ ਸੁੰਦਰਤਾ (ਅਦਬ) ਦੇ ਨਾਲ ਝਾੜੂ ਦੇ ਰਹੀ ਹੈ ਤੇ ਹੈਰਾਨ ਹੋਏ ਕਿ ਇਹ ਅੰਮ੍ਰਿਤ ਵੇਲੇ ਐਨੇ ਸਾਝਰੇ (ਸਵੇਰੇ) ਕੌਣ ਆ ਗਿਆ ਤੇ ਗੁਰੂ ਨਾਨਕ ਪਾਤਸ਼ਾਹ ਨੂੰ ਆਪ ਨੇ ਬੇਨਤੀ ਕਰੀ, "ਪਾਤਸ਼ਾਹ! ਅੱਜ ਦੋ ਵਜੇ ਅੰਮ੍ਰਿਤ ਵੇਲੇ ਇਕ ਲੜਕੀ ਆਈ, ਬਹੁਤ ਸੁੰਦਰ ਸੀ ਤੇ ਬੜੇ ਗਹਿਣੇ ਪਹਿਨੇ ਹੋਏ ਸੀ। ਪਾਤਿਸ਼ਾਹ!

ਮੈਨੂੰ ਪਤਾ ਨਹੀਂ ਲੱਗ ਸਕਿਆ ਕਿ ਉਹ ਕੌਣ ਸੀ।"

ਮਹਾਰਾਜ ਮੁਸਕਰਾ ਪਏ, ਕਹਿੰਦੇ, "ਭਾਈ ਲਹਿਣਾ! ਇਹ ਉਹ ਠੱਗਣੀ ਸੀ ਜਿਸ ਨੇ ਸਾਰੇ ਸੰਸਾਰ ਨੂੰ ਠੱਗਿਆ ਹੋਇਆ ਹੈ, ਪ੍ਰਮੇਸ਼ਰ ਦੇ ਨਾਲੋਂ ਤੋੜਿਆ ਹੋਇਆ ਹੈ। ਉਹ ਸੰਸਾਰ ਦੀ ਪਿਆਰੀ ਹੈ ਪਰ ਸੰਤਾਂ ਦੀ ਪਿਆਰੀ ਨਹੀਂ।"

ਕਹਿੰਦੇ, "ਮਹਾਰਾਜ! ਕੌਣ ਹੋਈ ਐਸੀ?"

ਮਹਾਰਾਜ ਕਹਿੰਦੇ, "ਉਸ ਦਾ ਨਾਉ ਮਾਇਆ ਹੈ, ਮਾਇਆ ਕਹਿੰਦੇ ਨੇ ਓਸ ਨੂੰ। ਇਸ ਦੇ ਰੂਪ ਬਹੁਤ ਨੇ, ਇਕ ਰੂਪ ਨਹੀਂ ਹੈ, ਬਹੁਤ ਰੂਪ ਨੇ ਤੇ ਇਸ ਨੇ ਸਾਰੇ ਸੰਸਾਰ ਨੂੰ ਮੋਹਿਆ ਹੋਇਆ ਹੈ।"

ਕਹਿੰਦੇ, "ਪਾਤਿਸ਼ਾਹ! ਮੈਂ ਤਾਂ ਪਹਿਲੀ ਵਾਰੀ ਸੁਣੀ ਹੈ ਇਹ ਗੱਲ, ਕਿੰਨੇ ਰੂਪ ਬਦਲ ਲੈਂਦੀ ਹੈ ਇਹ?"

ਮਹਾਰਾਜ ਕਹਿਣ ਲੱਗੇ, ਇਹ ਜੜ੍ਹ ਵੀ ਬਣ ਜਾਂਦੀ ਹੈ, ਚੇਤਨ ਵੀ ਹੈ, ਸੂਖਸ਼ਮ ਵੀ ਹੈ ਤੇ ਅਗਿਆਨ ਵੀ ਹੈ। ਜੜ੍ਹ ਸ਼ਕਤੀ ਤਾਂ ਜਿਹੜੀ ਹੈ ਇਹ ਜਾਇਦਾਦ ਬਣਦੀ ਹੈ, ਪੈਸੇ-ਟਕੇ ਬਣਦੀ ਹੈ, ਚੀਜ਼ਾਂ ਬਣਦੀ ਹੈ, ਸੋਹਣੇ ਮਕਾਨ, ਸੋਹਣੀਆਂ ਕੋਠੀਆਂ, ਸੋਹਣੀਆਂ ਸਵਾਰੀਆਂ ਇਹ ਬਣ ਜਾਂਦੀ ਹੈ। ਇਸ ਦੇ ਨਾਲ ਮੋਹ ਲੈਂਦੀ ਹੈ, ਬੰਦਗੀ ਨਹੀਂ ਕਰਨ ਦਿੰਦੀ।

ਜਦੋਂ ਇਹ ਚੇਤਨ ਬਣਦੀ ਹੈ ਫੇਰ ਇਹ ਇਸਤ੍ਰੀ ਦੇ ਰੂਪ ਵਿਚ ਆਉਂਦੀ ਹੈ ਫੇਰ ਕੀਤਾ ਕਰਾਇਆ ਸਾਰਾ ਮਿੱਟੀ 'ਚ ਰਲਾਉਣ ਵਾਸਤੇ ਤਿਆਰ ਰਹਿੰਦੀ ਹੈ, ਮੋਂਹਦੀ ਹੈ। ਚੇਤਨ ਮਾਇਆ ਬੱਚੇ ਹੁੰਦੇ ਨੇ, ਰਿਸ਼ਤੇਦਾਰ ਹੁੰਦੇ ਨੇ, ਕੁਟੰਬ ਹੁੰਦਾ ਹੈ, ਮਿੱਤਰ-ਦੋਸਤ ਹੁੰਦੇ ਨੇ, ਇਹ ਸਾਰੀ ਚੇਤਨ ਮਾਇਆ ਹੈ। ਇਹ ਵੀ ਪ੍ਰਮੇਸ਼ਰ ਵੱਲ ਨਹੀਂ ਜਾਣ ਦਿੰਦੀ, ਇਹ ਵੀ ਮੋਹ ਲਿਆ ਕਰਦੀ ਹੈ।

ਤੀਸਰੀ ਹੋਇਆ ਕਰਦੀ ਹੈ ਰਿਧੀ-ਸਿਧੀ, ਸ਼ਕਤੀਆਂ। ਉਨ੍ਹਾਂ ਲਈ ਚਿੱਲ੍ਹੇ ਕਟਦਾ ਹੈ, ਸ਼ਬਦਾਂ ਦੇ ਅਭਿਆਸ ਕਰਦਾ ਹੈ ਕਿ ਮੇਰੇ ਵਿਚ ਸ਼ਕਤੀ ਆ ਜਾਵੇ, ਲੋਕ ਆਉਣ ਤੇ ਮੇਰੀ ਮਾਨਤਾ ਹੋਵੇ।

ਮਹਾਰਾਜ ਕਹਿੰਦੇ -

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥ ਪੰਨਾ - 593***

ਕਹਿੰਦੇ, "ਇਕ ਮਾਇਆ ਦਾ ਰੂਪ ਹੈ ਤੇ ਸਾਰਿਆਂ ਨਾਲੋਂ ਜਿਹੜਾ ਭੈੜਾ ਰੂਪ ਹੈ ਮਾਇਆ ਦਾ ਉਹ ਅਗਿਆਨ ਹੈ। ਅਗਿਆਨ ਉਸ ਨੂੰ ਕਹਿੰਦੇ ਨੇ ਕਿ ਹੁੰਦੀ ਚੀਜ਼ ਅਸਲੀ ਰੂਪ 'ਚ ਨਜ਼ਰ ਨਾ ਆਵੇ, ਨਕਲੀ ਵਿਚ ਨਜ਼ਰ ਆਵੇ।

ਸੋ ਇਸ ਤਰ੍ਹਾਂ ਭਾਈ ਲਹਿਣਾ! ਇਹ ਮਿੱਤਰ ਨਹੀਂ ਹੈ ਇਹ ਤਾਂ ਸਾਧੂਆਂ ਦੀ ਵੈਰਨ ਹੁੰਦੀ ਹੈ।" ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਤਿੰਨਾਂ ਲੋਕਾਂ ਦੀ ਪਿਆਰੀ ਮਾਇਆ,***
***ਵੈਰਨ ਸਾਧੂਆਂ ਦੀ -2, 2.***
***ਪਿਆਰਿਓ! ਵੈਰਨ ਸਾਧੂਆਂ ਦੀ -2, 2.***
***ਤਿੰਨਾਂ ਲੋਕਾਂ ਦੀ ਪਿਆਰੀ ਮਾਇਆ,.... -2.***

ਸੋ ਕਹਿੰਦੇ, "ਭਾਈ ਲਹਿਣਾ ਜੀ! ਇਹ ਜੋ ਮਾਇਆ ਦੱਸੀ ਹੈ - ਅਗਿਆਨ ਦੀ ਮਾਇਆ, ਰਿਧੀ-ਸਿਧੀ ਦੀ ਮਾਇਆ ਤੇ ਇਸਤ੍ਰੀ ਦੀ ਮਾਇਆ ਤੇ ਬਾਕੀ ਜੜ੍ਹ ਮਾਇਆ, ਇਹ ਸਾਧੂਆਂ ਦੀ ਵੈਰਨ ਹੈ, ਸਾਧੂ ਨਹੀਂ ਚਾਹੁੰਦੇ ਏਸ ਨੂੰ।"

ਇਕ ਵਾਰੀ ਭਗਵਾਨ ਦੇ ਕੋਲ ਵੈਸੇ ਹੀ ਬਚਨ ਚਲਦੇ ਸੀ। ਭਗਵਾਨ ਨੇ ਪੁਛਿਆ, "ਲੱਛਮੀ! ਇਹ ਤੇਰੇ ਕੇਸ ਅਗਿਓਂ ਕਿਉਂ ਘਸੇ ਹੋਏ ਨੇ ਤੇ ਪਿਛੋਂ-ਜੂੰਡੇ ਤੇਰੇ ਕਿਉਂ ਪੁੱਟੇ ਹੋਏ ਨੇ? ਇਹ ਕੀ ਗੱਲ?"

ਕਹਿਣ ਲੱਗੀ, "ਮਹਾਰਾਜ ਮੈਂ ਕੀ ਕਰਾਂ? ਤੇਰੇ ਸਾਧੂਆਂ ਕੋਲ ਜਾ ਕੇ ਮੈਂ ਨਮਸ਼ਕਾਰਾਂ ਕਰਦੀ ਹਾਂ ਕਿ ਮੈਨੂੰ ਅੰਗੀਕਾਰ ਕਰ ਲਓ, ਮਿੰਨਤਾ ਕਰਦੀ ਹਾਂ ਬੇਨਤੀਆਂ ਕਰਦੀ ਹਾਂ ਪਰ ਉਹ ਮੈਨੂੰ ਅੰਗੀਕਾਰ ਨਹੀਂ ਕਰਦੇ ਤੇ ਮੈਨੂੰ ਇਹ ਕਹਿ ਛਡਦੇ ਨੇ ਕਿ –

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥*** ***ਪੰਨਾ - 593***

ਨਾਮ ਸਾਨੂੰ ਚਾਹੀਦਾ ਹੈ, ਤੂੰ ਨਹੀਂ ਚਾਹੀਦੀ।" ਜਿਥੇ ਨਾਮ ਆ ਗਿਆ–

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥*** ***ਪੰਨਾ - 649***

ਉਥੇ ਫੇਰ ਰਿੱਧੀਆਂ ਸਿੱਧੀਆਂ ਪਿਛੇ ਲੱਗੀਆਂ ਫਿਰਦੀਆਂ ਨੇ। ਮਹਾਰਾਜ ਜੀ ਨੇ (ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ) ਇਕ ਵਾਰੀ ਦੱਸਿਆ, ਸਹਿਜ ਸੁਭਾਅ ਬਚਨ ਚੱਲ ਪਏ। ਮੈਂ ਕਿਹਾ, "ਮਹਾਰਾਜ! ਫਲਾਣਾ ਬੰਦਾ ਤੁਹਾਡਾ ਜੀਵਨ ਲਿਖਣਾ ਚਾਹੁੰਦਾ ਹੈ।"

ਕਹਿੰਦੇ, ਸੰਤਾਂ ਦੇ ਜੀਵਨ ਦਾ ਕਿਸੇ ਨੂੰ ਕੀ ਪਤਾ ਹੁੰਦਾ ਹੈ ਜਦੋਂ ਤੱਕ ਆਪ ਨਾ ਲਿਖਣ?"

ਮੈਂ ਕਿਹਾ, "ਮਹਾਰਾਜ! ਉਹ ਕਿਹੜੀਆਂ ਗੁਪਤ ਗੱਲਾਂ ਨੇ?" ਆਪ ਨੇ ਦੋ-ਤਿੰਨ ਬਚਨ ਮੈਨੂੰ ਦੱਸੇ ਕਿ ਲਿਖਣ ਵਾਲਾ ਤਾਂ ਇਹੀ ਲਿਖੇਗਾ ਕਿ ਅਸੀਂ ਰਹਿੰਦੇ ਸੀ ਇਥੇ ਲੇਕਿਨ ਸਾਨੂੰ ਪਤਾ ਹੈ ਅਸੀਂ 9 ਸਾਲ ਪਿੱਠ ਨਹੀਂ, ਲਾਈ ਧਰਤੀ ਨੂੰ - 9 ਸਾਲ; ਇਕ, ਦੋ, ਚਾਰ ਸਾਲ ਨਹੀਂ - 9 ਸਾਲ।

ਕਹਿੰਦੇ, "ਸਾਰੀ ਸਾਰੀ ਰਾਤ ਸਾਰਾ ਸਾਰਾ ਦਿਨ ਬੈਠ ਕੇ ਕੱਢਿਆ।"

4 ਫੁੱਟ ਦਾ ਟੋਆ ਪੁੱਟਿਆ ਹੁੰਦਾ - 4 ਫੁੱਟ ਮੁਰੱਬਾ, ਉਸ ਦੇ ਵਿਚ ਬਿਠਾ ਦਿੰਦੇ ਸੀ ਸਾਰਿਆਂ ਭਜਨ ਕਰਨ ਵਾਲਿਆਂ ਨੂੰ; ਪੈਣ ਨੂੰ ਕਿਥੇ ਥਾਂ ਹੁੰਦਾ ਸੀ? 4 ਫੁੱਟ ਵਿਚ ਤਾਂ ਬੈਠ ਹੀ ਸਕਦਾ ਹੈ ਆਦਮੀ, ਸਾਰੇ ਹੀ ਜਾਣਦੇ ਹਾਂ।

ਕਹਿੰਦੇ, "ਜਿਹੜੇ ਸਾਡੇ ਸੇਵਾਦਾਰ ਨੇ ਉਨ੍ਹਾਂ ਨੂੰ ਵੀ ਨਹੀਂ ਪਤਾ। ਸਫ ਤੇ ਹੀ ਅਸੀਂ ਬੈਠੇ ਰਹਿੰਦੇ ਸੀ।

ਫੇਰ ਕਹਿਣ ਲੱਗੇ, "ਜੋ ਅੰਦਰਲੀ ਅਵਸਥਾ ਹੈ ਉਸ ਨੂੰ ਨਹੀਂ ਕੋਈ ਜਾਣਦਾ।"

ਮੈਂ ਕਿਹਾ, "ਮਹਾਰਾਜ! ਕਿਰਪਾ ਕਰਕੇ ਦੱਸੋ ਥੋੜ੍ਹਾ ਜਿਹਾ।"

ਕਹਿਣ ਲੱਗੇ, "ਜਦੋਂ ਸਾਧਨਾ ਦੀ ਅਵਸਥਾ ਹੁੰਦੀ ਹੈ ਇਸ ਦੇ ਵਿਚ ਜਦੋਂ ਸਹੰਸਰਾਰਦਲ ਕਮਲ ਤੋਂ ਬਿਰਤੀ ਉਪਰ ਨੂੰ ਜਾਂਦੀ ਹੈ, ਦਸਵੇਂ ਦੁਆਰ ਦੇ ਹੇਠਾਂ ਉਥੇ ਰਿਧੀ-ਸਿਧੀ ਆ ਕੇ ਹਾਕਾਂ ਮਾਰਦੀ ਹੈ ਕਿ ਮੈਨੂੰ ਅੰਗੀਕਾਰ ਕਰ, ਮੈਂ ਤੈਨੂੰ ਸਾਰੀ ਦੁਨੀਆਂ ਵਿਚ ਜਿਥੇ ਜਿਸ ਬੰਦੇ ਨੂੰ ਦੇਖਣਾ ਹੈ ਇਥੇ ਬੈਠਾ ਹੀ ਦਿਖਾ ਦਿਆ ਕਰਾਂਗੀ।

ਦੂਜੀ ਹਾਕਾਂ ਮਾਰਦੀ ਹੈ ਕਿ ਮੈਨੂੰ ਅੰਗੀਕਾਰ ਕਰ, ਅੰਤਰਜਾਮਤਾ ਮੇਰਾ ਨਾਉਂ ਹੈ, ਸਾਰਿਆਂ ਦੇ ਦਿਲਾਂ ਦੀਆਂ ਗੱਲਾਂ ਤੈਨੂੰ ਪਹਿਲਾਂ ਹੀ ਦੱਸ ਦਿਆ ਕਰਾਂਗੀ ਕਿ ਇਸ ਦੇ ਮਨ ਵਿਚ ਆਹ ਗੱਲ ਹੈ, ਆਹ ਕਹਿੰਦਾ ਹੈ ਕਿ ਮੇਰਾ ਨਾਉਂ ਲੈ ਕੇ ਮੈਨੂੰ ਹਾਕ (ਅਵਾਜ਼) ਮਾਰ, ਬੇਅੰਤ ਦੁਨੀਆਂ ਚਾਹੁੰਦੀ ਹੈ ਸੰਤਾਂ ਨੂੰ ਪਰਖਣਾ।

ਤੀਸਰੀ ਕਹਿੰਦੀ ਮੈਂ ਪ੍ਰੇਰਨਾ ਸ਼ਕਤੀ ਹਾਂ, ਜਿਸ ਨੂੰ ਵੀ ਧਿਆਨ ਵਿਚ ਲਿਆਉਗੇ ਉਸੇ ਵੇਲੇ ਤੁਹਾਡੇ ਚਰਨਾਂ ਵਿਚ ਹਾਜ਼ਰ ਕਰ ਦਿਆਂਗੀ।"

ਸੋ ਕਹਿੰਦੇ, "ਸਾਨੂੰ ਹਾਕਾਂ (ਆਵਾਜ਼ਾਂ) ਮਾਰ ਰਹੀਆਂ ਸਨ ਪਰ ਸਾਨੂੰ ਵੈਰਾਗ ਐਨਾ ਸੀ ਕਿ ਅਸੀਂ ਸੁਣਨਾ ਬੰਦ ਕਰ ਦਿਤਾ ਕਿ ਸੁਣਨਾ ਨਹੀਂ, ਧਿਆਨ ਨਹੀਂ ਦੇਣਾ ਏਧਰ। ਉਸ ਤੋਂ ਬਾਅਦ ਹਾਰ ਗਈਆਂ ਤੇ ਇਸਤ੍ਰੀਆਂ ਦਾ ਰੂਪ ਹੋ ਕੇ ਸਾਹਮਣੇ ਮਿੰਨਤਾਂ ਕਰਨ ਲੱਗ ਗਈਆਂ, ਬੇਨਤੀਆਂ ਕਰਨ ਲੱਗ ਗਈਆਂ

ਪਰ ਅਸੀਂ ਅੱਖ ਪੱਟ ਕੇ ਨਾ ਦੇਖਿਆ ਤੇ ਜਦੋਂ ਹੋਰ ਅੱਗੇ ਲੰਘ ਜਾਓ, ਉਥੇ ਫੇਰ ਪਿੱਛੇ ਲੱਗ ਕੇ ਬੇਨਤੀਆਂ ਕਰਦੀਆਂ ਹਨ ਕਿ ਮੈਨੂੰ ਕੋਈ ਸੇਵਾ ਦੱਸੋ ਤਾਂ ਜੋ ਮੇਰਾ ਭਲਾ ਹੋ ਜਾਵੇ।"

ਸੋ ਮਾਇਆ ਕਹਿਣ ਲੱਗੀ, ਮਹਾਰਾਜ! ਮੈਂ ਸਾਧੂਆਂ ਦੀਆਂ ਦਹਿਲੀਜ਼ਾਂ ਤੇ ਜਾ ਕੇ ਸੀਸ ਰਗੜਦੀ ਹਾਂ, ਮੱਥਾ ਰਗੜਦੀ ਹਾਂ ਉਥੇ ਮੇਰੇ ਇਹ ਵਾਲ ਘਸ ਗਏ ਮੱਥੇ ਦੇ। ਪਿਛਲੇ ਵਾਲ - ਇਹ ਜੋ ਮਨਮੁਖ ਲੋਕ ਨੇ, ਇਹ ਦਿਨ-ਰਾਤ ਨਾ ਸੌਂਦੇ ਨੇ, ਨਾ ਟਿਕਦੇ ਨੇ। ਬੁਰੇ ਕੰਮ ਕਰ-ਕਰ ਕੇ ਮੈਨੂੰ ਕਾਬੂ ਕਰਨਾ ਚਾਹੁੰਦੇ ਨੇ ਪਰ ਮੈਂ ਇਨ੍ਹਾਂ ਦੇ ਹੱਥ ਵਿਚ ਨਹੀਂ ਆਉਂਦੀ, ਤੁਰ ਜਾਂਦੀ ਹਾਂ। ਮੈਨੂੰ ਇਹ ਬੁਰਿਆਂ ਕੰਮਾਂ ਵਿਚ ਲਾਉਂਦੇ ਨੇ, ਮਾੜੇ ਕੰਮ ਮੈਥੋਂ ਲੈਂਦੇ ਨੇ।

ਭਗਵਾਨ ਕਹਿਣ ਲੱਗੇ, "ਫੇਰ ਮੇਰੇ ਭਗਤ ਤਕੜੇ ਹੋਏ ਨਾਂਹ?" ਹਾਸਾ ਆਪਸ ਵਿਚ ਕਰ ਲਿਆ।

ਕਹਿੰਦੀ, "ਨਹੀਂ ਮਹਾਰਾਜ! ਮੇਰੇ ਭਗਤ ਬਹੁਤ ਤਕੜੇ ਨੇ। ਆਓ ਤੁਹਾਨੂੰ ਦਿਖਾ ਦਿੰਦੀ ਹਾਂ, ਜੇ ਨਾ ਧੱਕੇ ਮਰਵਾਏ ਤੁਹਾਨੂੰ।"

ਕਹਿੰਦੇ, "ਚੰਗਾ!"

ਇਕ ਸੇਠ ਕੋਲ ਗਏ। ਉਹ ਆਏ-ਗਇਆਂ ਦੀ ਬੜੀ ਸੇਵਾ ਕਰਿਆ ਕਰਦਾ ਸੀ, ਛੇਤਰ ਲਾਇਆ ਹੋਇਆ ਸੀ, ਰਹਿਣ ਵਾਸਤੇ ਕਮਰੇ ਦਿੰਦਾ ਸੀ।

ਕਹਿੰਦੀ, "ਪਹਿਲਾਂ ਤੁਸੀਂ ਆਪਣਾ ਭਗਤ ਦੇਖੋ।"

ਆਪ ਉਥੇ ਇਕ ਬਿਰਧ ਦਾ ਰੂਪ ਧਾਰਨ ਕਰਕੇ ਚਲੇ ਗਏ। ਮਹਾਤਮਾ ਨੂੰ ਦੇਖ ਕੇ ਸੇਠ ਨੇ ਨਮਸਕਾਰ ਕਰੀ, ਕਹਿੰਦਾ, "ਮਹਾਰਾਜ! ਸਾਡਾ ਘਰ ਵੀ ਪਵਿੱਤਰ ਕਰੋ ਤੇ ਕੁਝ ਦਿਨ ਠਹਿਰੋ।"

ਕਹਿੰਦੇ, "ਅਸੀਂ ਠਹਿਰਨਾ ਤਾਂ ਹੈ ਪਰ ਤਾਂ ਠਹਿਰਾਂਗੇ ਕਿ ਜੇ ਜਿਥੇ ਸਾਨੂੰ ਠਹਿਰਾ ਦਏਂਗਾ, ਉਥੋਂ ਅਸੀਂ ਮਿਥੇ ਸਮੇਂ ਲਈ ਨਿਕਲਣਾ ਨਹੀਂ ਹੈ ਕਿਉਂਕਿ ਅਸੀਂ ਨਿਰਵਿਘਨ ਜਾਪ ਕਰਨਾ ਹੈ।"

ਸਾਰੇ ਕਮਰੇ ਦਿਖਾ ਦਿੱਤੇ ਤੇ ਇਕ ਮਾੜਾ ਜਿਹਾ ਕਮਰਾ ਲੈ ਲਿਆ ਆਪ ਨੇ। ਬੈਠ ਗਏ ਤੇ ਐਨੇ ਨੂੰ ਇਹ ਵੀ ਆ ਗਈ ਤੇ ਆ ਕੇ ਕਹਿਣ ਲੱਗੀ, "ਸੇਠ ਜੀ! ਮੈਨੂੰ ਕੀਮਤੀ ਰੇਸ਼ਮੀ ਕੱਪੜੇ ਦੇ ਥਾਨ ਚਾਹੀਦੇ ਨੇ, ਜਰੀ-ਬਾਦਰੇ ਦੇ ਤਿੰਨ ਚਾਹੀਦੇ ਨੇ, ਮੈਨੂੰ ਦੇ ਸਕਦੇ ਹੋ?"

ਕਹਿੰਦੇ, "ਦੇਖਦੇ ਹਾਂ ਬੀਬੀ! ਲੱਭਦੇ ਹਾਂ, ਇਹ ਤਾਂ ਬਹੁਤ ਕੀਮਤੀ ਹੁੰਦੇ ਨੇ।"

ਕਹਿੰਦੀ, "ਕੀਮਤੀ ਦਾ ਫਰਕ ਨਹੀਂ ਪੈਂਦਾ, ਜਿੰਨੇ ਕਹੋਂਗੇ, ਉਨੇ ਦੇ ਦਿਆਂਗੀ ਪਰ ਮੈਨੂੰ ਪਾਣੀ ਪਿਲਾ ਦਿਓ।" ਪਾਣੀ ਲਿਆ ਕੇ ਗਿਲਾਸ 'ਚ ਪਾ ਦਿੱਤਾ।

ਕਹਿੰਦੀ, "ਇਸ ਦੇ ਵਿਚ ਨਾ ਪਾਓ, ਮੇਰੇ ਗਿਲਾਸ ਵਿਚ ਪਾ ਦਿਓ।"

ਝੋਲੇ ਵਿਚੋਂ ਗਿਲਾਸ ਕੱਢ ਲਿਆ। ਸੇਠ ਨੇ ਦੇਖਿਆ ਕਿ ਗਿਲਾਸ ਬੜਾ ਵਧੀਆ ਹੈ ਸੋਨੇ ਦਾ। ਪਾਣੀ ਪੀਤਾ, ਪਾਣੀ ਪੀ ਕੇ ਗਿਲਾਸ ਓਥੇ ਹੀ ਰੱਖ ਦਿੱਤਾ। ਥੋੜ੍ਹਾ ਚਿਰ ਦੇਖਿਆ।

ਸੇਠ ਕਹਿਣ ਲੱਗਿਆ, "ਬੀਬੀ ਜੀ! ਗਿਲਾਸ ਕੋਈ ਚੁੱਕ ਕੇ ਨਾ ਲੈ ਜਾਵੇ, ਬੜਾ ਕੀਮਤੀ ਗਿਲਾਸ ਹੈ।"

ਕਹਿੰਦੀ, " ਨਾ ਸੇਠ ਜੀ! ਹੁਣ ਇਹ ਮੇਰੇ ਕਿਸੇ ਕੰਮ ਦਾ ਨਹੀਂ। ਜਿਸ ਵਿਚ ਮੈਂ ਇਕ ਵਾਰੀ ਪਾਣੀ ਪੀ ਲਵਾਂ ਉਸ ਨੂੰ ਦੁਬਾਰਾ ਹੱਥ ਨਹੀਂ ਲਾਇਆ ਕਰਦੀ, ਨਾ ਮੈਂ ਮਾਂਜਿਆ ਕਰਦੀ ਹਾਂ, ਮੈਂ ਤਾਂ ਉਥੇ ਹੀ ਛੱਡ ਜਾਂਦੀ ਹਾਂ।"

ਸੇਠ ਨੇ ਸੋਚਿਆ ਕਿ ਜੇ 2-4 ਦਿਨ ਰਹਿ ਗਈ ਇਹ, ਫੇਰ ਤਾਂ ਪੁਸ਼ਤਾਂ ਦੀਆਂ ਰੋਟੀਆਂ ਦੇ ਜਾਏਗੀ। ਇਸ ਨੇ ਰੋਟੀਆਂ ਵੀ ਖਾਣੀਆਂ ਨੇ, ਥਾਲ ਵਿਚ ਦੇਣੀ ਹੈ, ਕੌਲੀਆਂ 'ਚ ਦਾਲਾਂ, ਸਬਜ਼ੀਆਂ ਆਦਿ ਪਾਉਣੀਆਂ ਨੇ।

ਸੋ ਕਹਿਣ ਲੱਗਿਆ, "ਬੀਬੀ ਜੀ! ਦੋ ਥਾਨ ਤਾਂ ਹਨ ਪਰ ਇਕ ਆਉਣ ਵਾਲਾ ਹੈ, ਪਰਸੋਂ ਜਾਂ ਚੌਥੇ ਨੂੰ ਆ ਜਾਏਗਾ।" ਮਤਲਬ ਸੀ ਕਿ ਇਹ ਰੁਕ ਜਾਵੇ ਤੇ ਸੋਨਾ ਹੀ ਸੋਨਾ ਹੋ ਜਾਏ।

ਕਹਿੰਦੀ, "ਕੋਈ ਗੱਲ ਨਹੀਂ, ਰਿਹਾਇਸ਼ ਵਾਸਤੇ ਥਾਂ ਦੇ ਦਿਓ, ਮੈਂ ਰੁਕ ਜਾਂਦੀ ਹਾਂ। ਹੁਣ ਜਦੋਂ ਮੈਂ ਲੈਣਾ ਹੀ ਹੈ ਤਾਂ ਲੈ ਕੇ ਜਾਵਾਂਗੀ।"

ਕਮਰੇ ਦਿਖਾਉਣ ਲੱਗ ਗਿਆ। ਅਗਲੇ ਕਮਰੇ ਵਿਚ ਗਿਆ।

ਕਹਿੰਦੀ, "ਆਹ ਜਿਥੇ ਬੁੜ੍ਹਾ (ਬੁੱਢਾ) ਜਿਹਾ ਹੈ ਨਾ, ਇਹ ਕਮਰਾ ਵਧੀਆ ਹੈ, ਇਸ ਨੂੰ ਕੱਢ ਕੇ ਕਿਤੇ ਹੋਰ ਪਾਸੇ ਕਰ ਦੇ।"

ਮੁੰਡੇ ਆ ਗਏ, ਕਹਿੰਦੇ, "ਬਾਬਾ! ਆਹ ਕਮਰਾ ਖਾਲੀ ਕਰ ਦੇ।"

ਕਹਿੰਦਾ, "ਮੈਂ ਤਾਂ ਤੁਹਾਨੂੰ ਕਿਹਾ ਸੀ, ਮੈਂ ਨਹੀਂ ਖਾਲੀ ਕਰਨਾ।"

ਕਹਿੰਦੇ, "ਤੂੰ ਪਟਾ ਲਿਖਾ ਲਿਆ ਕਿ ਤੂੰ ਖਾਲੀ ਨਹੀਂ ਕਰਨਾ?"

ਕਹਿੰਦਾ, "ਮੈਂ ਨਹੀਂ ਹਿਲਣਾ।"

ਦੋ ਗਏ ਤੇ ਦੋਹਾਂ ਨੇ ਬਾਹਾਂ ਫੜ ਲਈਆਂ ਤੇ ਇਕ ਪਿਛੋਂ ਧੱਕੇ ਮਾਰਨ ਲੱਗ ਗਿਆ, ਬਾਹਰ ਮਾਰਿਆ ਕੱਢ ਕੇ। ਕਹਿੰਦੇ, "ਲੈ! ਕੋਠੀ ਤੇ ਹੀ ਕਬਜ਼ਾ ਕਰ ਬੈਠਿਆ, ਜਾਹ ਪਰ੍ਹੇ।" ਇਹ ਵੀ ਛਾਈਂ-ਮਾਈ (ਅਲੋਪ) ਹੋ ਗਈ ਓਸੇ ਵੇਲੇ। ਇਹ ਦੇਖਦੇ ਨੇ ਕਿ ਉਹ ਬੀਬੀ ਕਿਧਰ ਗਈ। ਅੱਗੇ ਭਗਵਾਨ ਵੀ ਛਾਈ-ਮਾਈਂ (ਅਲੋਪ) ਹੋ ਗਏ।

ਕਹਿੰਦੀ, "ਦੇਖਿਆ ਨਾ ਹਾਲ ਮੇਰੇ ਭਗਤਾਂ ਦਾ, ਤੁਹਾਨੂੰ ਧੱਕੇ ਮਰਵਾਏ ਜਾ ਨਹੀਂ?"

ਕਹਿੰਦੀ, "ਕੋਈ ਨਹੀਂ ਤੁਹਾਡਾ ਨਾਮ ਲੈਂਦਾ, ਕੋਈ ਤੁਹਾਡਾ ਭਜਨ ਨਹੀਂ ਕਰਦਾ। ਨਾਲੇ ਮੇਰਾ ਪ੍ਰਚਾਰ ਨਹੀਂ ਹੈ, ਮੈਂ ਕੋਈ ਸਤਿਸੰਗ ਨਹੀਂ ਲਾਉਂਦੀ, ਮੈਂ ਕੋਈ ਗੁਰਦਵਾਰੇ, ਮੰਦਰ ਆਦਿ ਨਹੀਂ ਬਣਵਾਉਂਦੀ, ਕੁਝ ਨਹੀਂ ਕਰਦੀ, ਫੇਰ ਵੀ ਮੇਰੇ ਭਗਤ ਬਹੁਤੇ ਨੇ। ਤੁਹਾਡੇ ਭਗਤ ਕਹੀ ਜਾਂਦੇ ਨੇ ਸ਼ਰਾਬ ਨਾ ਪੀਓ, ਸ਼ਰਾਬ ਨਾ ਪੀਓ। ਮੇਰੇ ਭਗਤ ਫੇਰ ਹਟਦੇ ਨੇ ਕਿਤੇ? ਨਾਲੇ ਪੈਸੇ ਖਰਚਦੇ ਨੇ, ਨਾਲੇ ਗਿਰਦੇ ਨੇ, ਉਲਟੀਆਂ ਕਰਦੇ ਨੇ ਨਾਲੇ ਫੇਰ ਨਹੀਂ ਹਟਦੇ।

ਹੇ ਭਗਵਾਨ! ਤੇਰਾ ਤਾਂ ਪ੍ਰਚਾਰ ਹੋ ਰਿਹਾ ਹੈ, ਮੈਂ ਤਾਂ ਕੋਈ ਪ੍ਰਚਾਰ ਨਹੀਂ ਕਰਦੀ, ਜੇ ਮੈਂ ਪ੍ਰਚਾਰ ਕਰਾਂ ਤੇਰਾ ਨਾਮ-ਨਿਸ਼ਾਨ ਖਤਮ ਕਰ ਦੇਵਾਂ, ਕੋਈ ਨਾ ਤੈਨੂੰ ਯਾਦ ਕਰੇ।"

ਕਹਿੰਦੇ, "ਐਡੀ ਉਚੀ ਬਾਤ ਨਾ ਕਰ, ਮੇਰੇ ਭਗਤ ਵੀ ਬੜੇ ਡਾਹਢੇ ਨੇ। ਚੱਲ ਕਾਸ਼ੀ ਚਲੀਏ।"

ਕਬੀਰ ਸਾਹਿਬ ਵੱਲ ਇਸ਼ਾਰਾ ਕਰਕੇ ਕਹਿੰਦੇ, "ਆਹ ਬੈਠਾ ਹੈ ਮੇਰਾ ਭਗਤ।"

ਉਥੇ ਚਲੀ ਗਈ, ਜਾ ਕੇ ਕਹਿੰਦੀ, "ਭਗਤ ਜੀ! ਤੁਸੀਂ ਆਹ ਤਾਣਾ ਬੜਾ ਉਲਝਣਾਂ ਵਾਲਾ ਲਾਇਆ ਹੋਇਆ ਹੈ, ਪਤਾ ਨਹੀਂ ਕਿੰਨੇ ਦਿਨਾਂ ਪਿਛੋਂ ਲਹੇ, ਇਹ ਤਾਣਾ ਲਾਹ ਦਿਓ ਤੇ ਆਹ ਰੇਸ਼ਮ ਦੇ ਧਾਗੇ ਲੈ ਲਓ ਮੈਥੋਂ ਤੇ ਬੁਣ ਦਿਓ। ਮਜ਼ਦੂਰੀ ਵੀ ਮੈਂ ਤੁਹਾਨੂੰ ਦੁਗਣੀ-ਤਿਗਣੀ ਦੇ ਦਿਆਂਗੀ, ਜਿੰਨੀ ਕਹੋਗੇ।"

ਕਬੀਰ ਸਾਹਿਬ ਨੇ ਦੇਖਿਆ ਨਹੀਂ ਤੇ ਸਹਿਜ-ਸੁਭਾਅ ਕਹਿਣ ਲੱਗੇ, "ਬੀਬੀ! ਸਾਡਾ ਤਾਂ ਇਹ ਅਸੂਲ

ਹੈ ਕਿ ਜਿਸ ਦਾ ਤਾਣਾ ਪਹਿਲਾਂ ਲਾਇਆ ਹੋਵੇ ਉਸ ਦਾ ਬੁਣਨਾ ਹੈ, ਚਾਹੇ ਹੋਰ ਕੋਈ ਕਿੰਨਾ ਹੀ ਪੈਸਾ ਦੇ ਦਏ।"

ਕਹਿੰਦੀ, "ਨਾ ਭਗਤ ਜੀ! ਮੈਨੂੰ ਜ਼ਰੂਰੀ ਚਾਹੀਦਾ ਹੈ। ਇਹ ਤਾਂ ਗੁਲਝਾਂ ਹੀ ਨਹੀਂ ਤੁਹਾਡੇ ਤੋਂ ਖੁਲ੍ਹਣੀਆਂ, ਹੋਰ ਦੋ ਘੜੀ ਨੂੰ ਖੋਲ੍ਹ ਲਿਓ। ਆਹ ਮੇਰਾ ਤਾਣਾ ਨਿੱਕਾ-ਜਿਹਾ ਹੈ, ਚੱਦਰ ਹੀ ਬਣਾਉਣੀ ਹੈ, ਹੋਰ ਕੁਝ ਨਹੀਂ ਬਣਵਾਉਣਾ ਤੇ ਦੋ ਘੰਟੇ ਦਾ ਤੁਹਾਡਾ ਕੰਮ ਹੈ ਸਾਰਾ, ਪੈਸੇ ਜਿੰਨੇ ਜੀਅ ਕਰਦਾ ਹੈ ਲੈ ਲਓ।"

ਕਬੀਰ ਸਾਹਿਬ ਅੰਤਰ ਧਿਆਨ ਹੋਏ। ਕਹਿੰਦੇ, "ਅੱਛਾ, ਤੂੰ ਇਥੇ ਵੀ ਆ ਗਈ ਸਾਨੂੰ ਛੱਲਣ?"

ਕਹਿੰਦੇ, "ਬੇਟਾ ਕਮਾਲਾ! ਛੁਰੀ ਲਿਆ।" ਖੁਸ਼ ਹੋ ਗਈ ਕਿ ਹੁਣ ਤਾਣਾ ਕੱਟਣ ਲੱਗਿਐ। ਕਬੀਰ ਸਾਹਿਬ ਵਿਚੋਂ ਨਿਕਲ ਆਏ ਤਾਣੇ ਦੇ। ਛੁਰੀ ਤਿੱਖੀ ਕਰਨ ਲੱਗ ਪਏ, ਉਹ ਤਾਣੇ ਵੱਲ ਨੂੰ ਤਾਂ ਲੈ ਕੇ ਨਾ ਗਏ ਤੇ ਇਸ ਨੂੰ ਫੜ ਲਿਆ, ਪਿਛੋਂ ਇਸ ਦੇ ਕੇਸ ਕੱਟ ਦਿਤੇ, ਕੰਨ ਕੱਟ ਦਿੱਤੇ ਤੇ ਨੱਕ ਕੱਟ ਦਿਤਾ। ਕਹਿੰਦੇ, "ਜਾਹ! ਨੱਠ ਜਾ, ਕਿਸੇ ਹੋਰ ਨੂੰ ਨਾ ਛਲੀਂ।"

***ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ॥***
***ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ॥ ਪੰਨਾ - 476***

***ਧਾਰਨਾ - ਤਿੰਨਾਂ ਲੋਕਾਂ ਦੀ ਪਿਆਰੀ ਮਾਇਆ,***
***ਵੈਰਨ ਸਾਧੂਆਂ ਦੀ -2, 2.***
***ਪਿਆਰਿਓ! ਵੈਰਨ ਸਾਧੂਆਂ ਦੀ -2 ,2.***
***ਤਿੰਨਾਂ ਲੋਕਾਂ ਦੀ ਪਿਆਰੀ ਮਾਇਆ,... -2.***

ਕਿਉਂਕਿ ਲੋਕਾਂ ਨੂੰ ਪਤਾ ਨਹੀਂ ਹੈ ਕਿ ਇਹ ਕਿੰਨਾ ਨੁਕਸਾਨ ਕਰ ਰਹੀ ਹੈ, ਅਗਿਆਨ ਕਿੰਨਾ ਨੁਕਸਾਨ ਕਰ ਰਿਹਾ ਹੈ, ਕਰੋੜਾਂ ਜਨਮਾਂ ਦੇ ਘੁੰਮਦੇ ਫਿਰਦੇ ਹਾਂ ਲੇਕਿਨ ਫੇਰ ਨਹੀਂ ਇਸ ਦੇ ਵਿਚੋਂ ਛੁੱਟ ਸਕਦੇ। ਜੇ ਕਿਸੇ ਦੇ ਮਨ ਵਿਚ ਇਹ ਸ਼ੰਕਾ ਹੋਵੇ ਕਿ ਸੰਤਾਂ ਦਾ ਕੰਮ ਵੀ ਤਾਂ ਮਾਇਆ ਨਾਲ ਹੀ ਚਲਦਾ ਹੈ। ਸੰਤਾਂ ਦਾ ਕੰਮ ਕੋਈ ਨਹੀਂ ਚਲਦਾ ਸਾਧ ਸੰਗਤ ਜੀ! ਸੰਤਾਂ ਦੇ ਤਾਂ ਆਪਣੇ ਆਪ ਹੀ ਪਿਛੇ ਲੱਗੀ ਫਿਰਦੀ ਹੈ। ਸੰਤ ਤਾਂ ਸੰਸਾਰ ਦੀ ਮਾਇਆ ਨੂੰ ਸਫਲ ਕਰਕੇ ਉਸਦੇ ਪੁੰਨ ਨੂੰ ਲੱਖਾਂ ਗੁਣਾ ਵਧਾਉਂਦੇ ਨੇ, ਮੱਦਦ ਕਰਦੇ ਨੇ, ਉਨ੍ਹਾਂ ਦੀ ਸੇਵਾ ਕਰ ਰਹੇ ਨੇ। ਉਨ੍ਹਾਂ ਨੂੰ ਮਾਇਆ ਨਾਲ ਕੋਈ ਲਗਾਓ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ -

***ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥***
***ਪੰਨਾ - 10***

ਉਹ ਤਾਂ ਆਪ ਹੀ ਦੌੜੀ ਫਿਰਦੀ ਹੈ। ਬੜੀਆਂ ਐਸੀਆਂ ਸਾਖੀਆਂ ਨੇ।

ਭਾਈ ਗੜ੍ਹੀਆ ਇਕ ਸਿਖ ਛੇਵੇਂ ਪਾਤਿਸ਼ਾਹ ਦੇ ਵੇਲੇ ਹੋਇਆ ਹੈ ਅਤੇ ਕਸ਼ਮੀਰ ਨੂੰ ਜਾਣ ਸਮੇਂ ਉਹ ਰਸਤੇ ਵਿਚ ਪੀਰ ਦੌਲੇ ਸ਼ਾਹ ਗੁਜਰਾਤ ਵਾਲੇ ਦੇ ਕੋਲ ਚਲਿਆ ਗਿਆ। ਕਸ਼ਮੀਰ ਦੇ ਦਸਵੰਧ ਦੀ ਉਗਰਾਹੀ ਕਰਨ ਗਏ ਸੀ। ਜਦੋਂ ਉਥੇ ਗਏ ਤਾਂ ਉਸ ਨੇ ਕਿਹਾ ਕਿ ਗਰੀਬ ਜਿਹਾ ਸਿੱਖ ਹੈ।

ਕਹਿਣ ਲੱਗਿਆ, "ਭਾਈ ਸਾਹਿਬ! ਤੁਸੀਂ ਸਾਥੋਂ ਕੁਝ ਅੰਗੀਕਾਰ ਕਰ ਲਓ, ਤੁਹਾਡੀ ਜੁੱਤੀ ਵੀ ਟੁੱਟੀ ਹੋਈ ਹੈ, ਕੱਪੜੇ ਵੀ ਪਾਟੇ ਹੋਏ ਨੇ ਤੇ ਓਹ ਡਲਾ (ਮਿੱਟੀ ਦਾ) ਚੁਕ ਲਓ।"

ਪੀਰ ਜੀ ਨੇ ਨਿਗ੍ਹਾ ਕਰਕੇ ਮਿਟੀ ਦਾ ਡਲਾ ਸੋਨੇ ਦਾ ਬਣਾ ਦਿੱਤਾ।

ਇਹ ਕਹਿੰਦੇ, "ਨਹੀਂ ਸਾਨੂੰ ਲੋੜ ਨਹੀਂ।" ਉਸ ਨੇ ਬਾਰ-ਬਾਰ ਕਿਹਾ। ਗੁਰਸਿੱਖ ਨੇ ਸੋਚਿਆ ਕਿ

ਇਸ ਦੇ ਮਨ ਵਿਚ ਇਹ ਹੈ ਕਿ ਇਹ ਸਿੱਖ ਗਰੀਬ ਹੁੰਦੇ ਨੇ ਪਰ ਇਸ ਨੂੰ ਅੰਦਰਲੀ ਅਵਸਥਾ ਦਾ ਨਹੀਂ ਪਤਾ। ਭਾਈ ਸਾਹਿਬ ਨੇ ਜਦੋਂ ਨਿਗ੍ਹਾ ਕਰੀ ਤਾਂ ਸਾਰਾ ਹੀ ਖੇਤ ਸੋਨੇ ਦਾ ਬਣਾ ਦਿੱਤਾ। ਜਦੋਂ ਪੀਰ ਨੇ ਦੇਖਿਆ ਤਾਂ ਚਰਨੀਂ ਹੱਥ ਲਾ ਦਿੱਤਾ।

ਕਹਿੰਦਾ, "ਗੁਰਸਿੱਖਾ! ਐਨੀਆਂ ਸ਼ਕਤੀਆਂ ਰੱਖੀਆਂ ਹਨ, ਫੇਰ ਪਾਟੇ ਹੋਏ ਕੱਪੜੇ ਪਾਈ ਫਿਰਦੇ ਹੋ?"

ਭਾਈ ਘਨ੍ਹਈਆ ਜੀ ਮੁਗਲ ਖਾਨ ਨੂੰ ਪਾਣੀ ਪਿਲਾ ਰਹੇ ਸੀ ਜਦੋਂ ਗੁਰੂ ਦਸਵੇਂ ਪਾਤਿਸ਼ਾਹ ਦੇ ਸਿੰਘਾਂ ਨੇ ਆ ਕੇ ਫੜਿਆ। ਜਰਨੈਲ ਸੀ ਉਹ ਜਿਸ ਨੇ ਇਹ ਫੈਸਲਾ ਕਰਿਆ ਸੀ ਕਿ ਮੈਂ ਅੱਜ ਗੁਰੂ ਗੋਬਿੰਦ ਸਿੰਘ ਫੜ ਕੇ ਲਿਆਉਣੇ ਨੇ। ਉਹ ਜ਼ਖਮੀ ਕਰਕੇ ਸਿੰਘਾਂ ਨੇ ਲੜਾਈ ਦੇ ਮੈਦਾਨ ਵਿਚ ਸੁੱਟ ਦਿਤਾ। ਭਾਈ ਘਨ੍ਹਈਆ ਨੇ ਪਾਣੀ ਪਿਲਾ ਕੇ ਮੁੜ ਕੇ ਸੁਰਜੀਤ ਕਰ ਦਿਤਾ, ਸੁਰਜੀਤ ਕੀ ਕਰਿਆ ਉਸ ਦੇ ਵਿਚੋਂ ਵੈਰ ਕੱਢ ਦਿਤਾ ਸਾਰਾ ਹੀ, ਅੰਮ੍ਰਿਤ ਸੀ ਉਸ ਦੇ ਹੱਥ ਦਾ ਜਲ।"

ਸੋ ਭਾਈ ਘਨ੍ਹਈਆ ਜੀ ਜਦੋਂ ਅਨੰਦਪੁਰ ਸਾਹਿਬ ਤੋਂ ਚਲੇ ਗਏ ਆਪ ਨੇ ਲੱਭਣਾ ਸ਼ੁਰੂ ਕਰ ਦਿਤਾ, ਪਤਾ ਲੱਗਿਆ ਕਿ ਉਹ ਤਾਂ ਬਨੂੰ-ਕੁਹਾਟ ਵੱਲ ਨੇ। ਦਰਿਆ ਦੇ ਕੰਢੇ ਰਹਿੰਦੇ ਨੇ, 200 ਘੜਾ ਰੋਜ਼ ਭਰ ਕੇ ਪਹਾੜ ਦੇ ਉਤੇ ਰਖਦੇ ਸੀ ਤੇ ਰਸਤੇ ਵਿਚ ਜਿਹੜਾ ਜਾਂਦਾ ਸੀ, ਉਸ ਨੂੰ ਪਾਣੀ ਪਿਲਾਉਂਦੇ ਰਹਿੰਦੇ ਸੀ।

ਅੱਜ ਉਹ ਦਰਿਆ ਦੇ ਕੰਢੇ ਬੈਠੇ ਸਮਾਧੀ ਸਥਿਤ ਨੇ ਤੇ ਇਹ ਮੁਗਲ ਖਾਨ ਚਲਿਆ ਗਿਆ। ਇਸ ਨੇ ਜਾ ਕੇ ਪਾਰਸ ਮੱਥਾ ਟੇਕ ਦਿਤਾ। ਜਦੋਂ ਆਪ ਸਮਾਧੀ ਤੋਂ ਉਥਾਨ ਹੋਏ ਇਸ ਨੇ ਬੇਨਤੀ ਕਰੀ ਕਿ ਮਹਾਰਾਜ! ਮੈਂ ਓਹੀ ਹਾਂ ਜਿਸ ਦੀ ਜਾਨ ਤੁਸੀਂ ਬਚਾਈ ਸੀ - ਮੁਗਲ ਫੌਜਾਂ ਦਾ ਜਰਨੈਲ ਮੁਗਲ ਖਾਨ, ਰੋਪੜ ਦੇ ਰਹਿਣ ਵਾਲਾ ਤੇ ਆਪਨੇ ਜਲ ਕੀ ਪਿਲਾ ਦਿਤਾ ਮੈਨੂੰ ਆਬ-ਏ-ਹਿਯਾਤ ਪਿਲਾ ਦਿੱਤਾ, ਮੇਰੇ ਵਿਚੋਂ ਸਭ ਬੁਰਿਆਈਆਂ ਕੱਢ ਦਿੱਤੀਆਂ। ਹੁਣ ਮੈਂ ਆਪ ਦੀ ਚਰਨ-ਸ਼ਰਨ ਆਇਆ ਹਾਂ ਤੇ ਆਹ ਪਾਰਸ ਮੈਂ ਆਪ ਦੀ ਭੇਟਾ ਕਰਦਾ ਹਾਂ, ਇਹ ਸਾਡੇ ਬਜ਼ੁਰਗਾਂ ਤੋਂ ਚਲਿਆ ਆਉਂਦਾ ਹੈ। ਲੋਹੇ ਨੂੰ ਲਾਓ, ਲੋਹਾ ਸੋਨਾ ਬਣ ਜਾਂਦਾ ਹੈ।

ਉਹ ਕਹਿੰਦੇ, "ਭਾਈ! ਸਾਡੇ ਕਿਸੇ ਕੰਮ ਨਹੀਂ।"

8-10 ਵਾਰੀ ਇਸ ਨੇ ਬੇਨਤੀ ਕਰੀ। ਉਨ੍ਹਾਂ ਨੇ ਅੰਗੀਕਾਰ ਨਾ ਕਰਿਆ। ਜਦੋਂ ਇਸ ਨੇ ਬਹੁਤਾ ਹੀ ਕਰਿਆ ਤਾਂ ਹੱਥ ਵਿਚ ਪਾਰਸ ਲੈ ਲਿਆ।

ਕਹਿੰਦੇ, "ਹੁਣ ਇਹ ਮੇਰਾ ਹੋ ਗਿਆ ਨਾ, ਮੈਂ ਕੁਝ ਵੀ ਕਰਾਂ।"

ਕਹਿੰਦਾ, "ਹਾਂ ਜੀ!" ਆਪ ਨੇ ਦਰਿਆ ਵਿਚ ਮਾਰਿਆ ਵਗ੍ਹਾ ਕੇ। ਇਹ ਰੋਣ ਲੱਗ ਗਿਆ।

ਕਹਿੰਦਾ, "ਮਹਾਰਾਜ! ਇਹ ਪਾਰਸ ਪੱਥਰ ਤਾਂ ਲਭਦਾ ਹੀ ਨਹੀਂ ਹੈ।"

ਕਹਿੰਦੇ, "ਭਾਈ ਜਦੋਂ ਹੁਣ ਸਾਡਾ ਹੋ ਗਿਆ ਫੇਰ ਤੂੰ ਰੁਦਨ ਕਿਉਂ ਕਰਦਾ ਹੈਂ? ਵਾਪਸ ਲੈਣਾ ਹੈ?"

ਕਹਿੰਦਾ, "ਹਾਂ ਜੀ!"

ਨੇਤਰ ਕਰੇ, ਦਰਿਆ ਨੂੰ ਕਹਿੰਦੇ, "ਭਾਈ! ਇਸ ਦਾ ਪਾਰਸ ਵਾਪਸ ਕਰ ਦੇ।" ਦਰਿਆ ਦੋ ਧਾਰਾਂ ਵਿਚ ਵੱਗਣ ਲੱਗ ਗਿਆ, ਵਿਚੋਂ ਧਰਤੀ ਉੱਚੀ ਹੋ ਕੇ ਨਿਕਲ ਆਈ।

ਕਹਿੰਦੇ, "ਜਾਹ! ਚਲਿਆ ਜਾ ਉਥੇ, ਆਪਣਾ ਪਾਰਸ ਚੁੱਕ ਲਿਆ।"

ਉਥੇ ਜਾ ਕੇ ਕੀ ਦੇਖਦਾ ਹੈ, ਸਾਰੇ ਪਾਰਸ ਹੀ ਪਾਰਸ ਪਏ ਨੇ, ਜਿਸ ਨੂੰ ਹੱਥ ਲਾਉਂਦਾ ਹੈ ਓਹੀ ਪਾਰਸ, ਜਿਸ ਨੂੰ ਹੱਥ ਲਾਉਂਦਾ ਹੈ ਓਹੀ ਪਾਰਸ। ਵਾਪਸ ਆ ਗਿਆ ਤੇ ਸੋਚਦਾ ਹੈ ਕਿ ਇਹ ਪੱਥਰ ਮੈਂ

ਕੀ ਕਰਨਾ ਹੈ? ਮੈਂ ਉਹ ਪਾਰਸ ਲਵਾਂ ਜਿਹੜਾ ਨਿਗ੍ਹਾ ਕਰੇ ਤੇ ਹੀ ਸਭ ਪਾਰਸ ਬਣਾ ਦੇਵੇ। ਚਰਨ ਫੜ ਲਏ ਤੇ ਕਹਿੰਦਾ, "ਮੈਨੂੰ ਤਾਂ ਉਹ ਚੀਜ਼ ਦੇ ਦਿਓ ਤੇ ਉਹ ਕਿਹੜੀ ਚੀਜ਼ ਹੈ?"

ਉਹ ਕਹਿੰਦੇ, "ਉਹ ਤਾਂ ਸਾਈਂ ਦਾ ਨਾਮ ਹੈ ਭਾਈ।"

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*** ***ਪੰਨਾ - 81***

ਕਹਿੰਦਾ, "ਮੈਨੂੰ ਉਹ ਨਾਮ ਦੇ ਦਿਓ।"

ਕਿਉਂਕਿ ਨਾਮ ਵਿਚ ਸ਼ਕਤੀ ਹੈ -

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥*** ***ਪੰਨਾ - 649***

ਸੰਤਾਂ ਦਾ ਕੰਮ ਹੁੰਦਾ ਹੈ ਚੁੱਪ ਕਰਕੇ ਬੈਠਣਾ, ਬੰਦਗੀ ਕਰਨੀ। ਸੰਸਾਰ ਦੇ ਭਲੇ ਵਾਸਤੇ ਪਿੰਡ-ਪਿੰਡ ਤੁਰੇ ਫਿਰਦੇ ਨੇ, ਗੁਰੂ ਨਾਨਕ ਦਾ ਸੰਦੇਸ਼ ਦਿੰਦੇ ਫਿਰਦੇ ਨੇ, ਆਪਣਾ ਨਿੱਜ ਆਨੰਦ ਛਡਦੇ ਨੇ, ਫੇਰ ਮਾਇਆ ਲੈਂਦੇ ਨੇ, ਮਾਇਆ ਨੂੰ ਸਫਲ ਕਰਦੇ ਨੇ - ਕਿਤੇ ਡਿਸਪੈਂਸਰੀਆਂ ਚਲਦੀਆਂ ਨੇ, ਕਿਤੇ ਲੰਗਰ ਚਲਦੇ ਨੇ, ਕਿਤੇ ਹੋਰ ਗਰੀਬਾਂ ਨੂੰ ਕੱਪੜੇ ਲੀੜੇ, ਹੋਰ ਚੀਜ਼ਾਂ, ਰਿਹਾਇਸ਼ ਲਈ ਮਕਾਨ; ਸੰਤਾਂ ਨੇ ਕੀ ਕਰਨਾ ਹੈ? ਉਨ੍ਹਾਂ ਨੇ ਕੋਈ ਬਾਲ-ਬੱਚਿਆਂ ਨੂੰ ਦੇਣਾ ਹੈ? ਸੰਸਾਰ ਕਮਾਈਆਂ ਤਾਂ ਕਰਦਾ ਹੈ ਕਿ ਬਾਲ-ਬੱਚਿਆਂ ਨੂੰ ਦੇਣਾ ਹੈ। ਸੰਤਾਂ ਨੂੰ ਕੋਈ ਲੋੜ ਨਹੀਂ ਹੁੰਦੀ, ਸੰਤ ਤਾਂ ਸਿਰਫ ਕਮਾਈ ਵਿਚੋਂ ਵਿਘਨ ਕੱਢਣ ਵਾਸਤੇ ਦਾਨ ਕਰਾ ਦਿੰਦੇ ਨੇ ਕਿ ਇਹ ਤਾਂ ਭੋਗ ਹੈ ਇਸ ਨੂੰ ਪਤਾ ਨਹੀਂ ਹੈ, ਇਸ ਤੋਂ ਦਾਨ ਕਰਾਓ ਤਾਂ ਕਿ ਇਸ ਦੇ ਵਿਘਨ ਦੂਰ ਹੋ ਜਾਣ। ਅੱਗੇ ਵਾਸਤੇ ਬਚਾਓ। ਜੇ ਜਨਮ ਧਾਰਿਆ ਹੈ ਤਾਂ ਤਰਲਿਆਂ ਵਿਚ ਨਾ ਗੁਜ਼ਾਰੇ, ਫੇਰ ਨਾ ਮਾੜੀਆਂ ਥਾਵਾਂ ਤੇ ਜਨਮ ਲਵੇ ਜਿਥੇ ਰੋਟੀ ਵੀ ਮਸਾਂ ਮਿਲਦੀ ਹੈ।

ਸੋ ਇਸ ਤਰ੍ਹਾਂ ਇਹ ਕਹਿਣ ਲੱਗੇ ਕਿ ਭਾਈ! ਵੈਰਨ ਹੈ ਸਾਧੂਆਂ ਦੀ। ਸਾਧੂ ਫੇਰ ਵੀ ਇਸ ਨੂੰ ਢੰਗ ਦੇ ਨਾਲ, ਪੜਦੇ ਦੇ ਨਾਲ ਵਰਤਦੇ ਨੇ। ਸੋ ਬਾਕੀ ਜਿਹੜਾ ਸੰਸਾਰ ਹੈ ਉਹ ਕਹਿੰਦੇ ਬਉਰਾ ਹੋਇਆ ਹੋਇਆ ਹੈ, ਹਲਕਿਆ ਹੋਇਆ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਹੋ ਗਿਆ ਜਗ ਬਉਰਾ ਓ***
***ਮਾਇਆ ਦਾ ਮੋਹਿਆ ਹੋਇਆ -2, 2.***
***ਮਾਇਆ ਦਾ ਮੋਹਿਆ ਹੋਇਆ -2, 2.***
***ਹੋ ਗਿਆ ਜਗ ਬਉਰਾ ਜੀ,.......... -2.***

ਮਾਇਕ ਕੀਮਤਾਂ ਹੋਰ ਹੁੰਦੀਆਂ ਹਨ, ਰੂਹਾਨੀ ਕੀਮਤਾਂ ਹੋਰ ਹੁੰਦੀਆਂ ਹਨ। ਸੰਸਾਰ ਦੀ ਆਦਤ ਹੈ ਕਿਸੇ ਨੂੰ ਨਾਪਣਾ-ਤੋਲਣਾ ਹੋਵੇ ਤਾਂ ਸੋਨੇ ਦੇ ਗਜ ਨਾਲ ਨਾਪਦੇ ਨੇ ਕਿ ਇਸ ਦੇ ਕੋਲ ਕਿੰਨੀ ਜਾਇਦਾਦ, ਹੈ, ਕਿੰਨਾ ਪੈਸਾ ਹੈ, ਕਿਹੜੀ-ਕਿਹੜੀ ਸਵਾਰੀ ਹੈ, ਕਿੰਨੇ ਪਸ਼ੂ ਨੇ, ਬੰਦਾ ਭਾਵੇਂ ਕਿੰਨਾ ਹੀ ਚੰਗਾ ਹੋਵੇ, ਗੁਣਾਂ ਦਾ ਭਰਿਆ ਹੋਵੇ, ਨਾ! ਉਸ ਨੂੰ ਨਹੀਂ ਪੁਛਦੇ। ਬੇਵਕੂਫ ਬੰਦਾ ਹੋਵੇ, ਪੈਸਾ ਜਮ੍ਹਾ ਹੋਵੇ, ਸਾਰੇ ਉਸ ਨੂੰ ਆਦਰ ਦਿੰਦੇ ਨੇ। ਮਹਾਰਾਜ ਕਹਿੰਦੇ -

***ਆਥਿ ਸੈਲ ਨੀਚ ਘਰਿ ਹੋਇ॥*** ***ਪੰਨਾ - 931***

ਮਾੜੇ ਕੰਮ ਕਰਨ ਵਾਲੇ ਬੰਦਿਆਂ ਦੇ ਕੋਲ ਬਥੇਰਾ ਪੈਸਾ ਹੁੰਦਾ ਹੈ।

***ਆਥਿ ਦੇਖਿ ਨਿਵੈ ਜਿਸੁ ਦੋਇ॥*** ***ਪੰਨਾ - 931***

ਪੈਸਾ ਦੇਖ ਕੇ ਲੋਕ ਦੋਏ ਹੱਥ ਜੋੜ ਕੇ ਨਿਵਦੇ ਨੇ।

***ਆਥਿ ਹੋਇ ਤਾ ਮੁਗਧੁ ਸਿਆਨਾ॥*** ***ਪੰਨਾ - 931***

ਕਹਿੰਦੇ -

*ਜਿਹੜੇ ਘਰ ਦਾਣੇ ਓਹਦੇ ਕਮਲੇ ਵੀ ਸਿਆਣੇ।*

ਪਰ –

*ਭਗਤਿ ਬਿਹੂਨਾ ਜਗੁ ਬਉਰਾਨਾ॥* *ਪੰਨਾ – 931*

ਜੇ ਭਗਤੀ ਨਹੀਂ, ਨਾਮ ਨਹੀਂ ਹੈ, ਕਹਿੰਦੇ ਫੇਰ ਤਾਂ ਬਉਰਾ ਹੈ, ਹਲਕੇ ਹੋਏ ਨੇ। ਹਲਕਿਆ ਹੋਇਆ ਆਪਣੇ ਆਪ ਨੂੰ ਹੀ ਵੱਢ ਦਿੰਦਾ ਹੈ।

ਇਕ ਦਿਨ ਕਬੀਰ ਸਾਹਿਬ ਦੇ ਪਾਸ ਮਾਇਆ ਬਾਰ-ਬਾਰ ਆਉਂਦੀ ਹੈ ਤੇ ਸੰਤ ਬੈਠੇ ਨੇ ਬਹੁਤ ਸਾਰੇ ਤੇ ਕਬੀਰ ਸਾਹਿਬ ਨੇ ਨਿਗ੍ਹਾ ਹੀ ਨਾ ਕਰੀ ਕਿ ਇਹ ਹਟਦੀ ਹੀ ਨਹੀਂ, ਫੇਰ ਆ ਜਾਂਦੀ ਹੈ।

ਸੰਤਾਂ ਨੇ ਕਿਹਾ, "ਭਗਤ ਜੀ! ਆਹ ਗਰੀਬੜੀ ਜਿਹੀ ਆਈ ਹੈ, ਇਸ ਦੇ ਨਾਲ ਤਾਂ ਤੁਸੀਂ ਗੱਲਾਂ ਮਾਰੀ ਜਾਂਦੇ ਹੋ ਕਦੋਂ ਦੇ, ਬਾਲ-ਬੱਚਿਆਂ ਦਾ ਵੀ ਹਾਲ ਪੁਛਦੇ ਹੋ, ਵੈਸੇ ਵੀ ਪੁਛਦੇ ਹੋ ਕਿ ਠੀਕ ਹੋ ਗਈ, ਕੰਮ ਠੀਕ ਚਲਦਾ ਹੈ; ਓਹ ਐਡੀ ਅਮੀਰ ਆਈ, ਤੁਸੀਂ ਝਾਕੇ ਵੀ ਨਹੀਂ। ਕੀ ਗੱਲ ਹੈ?"

ਕਹਿੰਦੇ, "ਸੰਤੋ! ਉਹ ਠਗਣੀ ਹੈ, ਆਪਾਂ ਨੂੰ ਠੱਗ ਲਏਗੀ। ਜਾਣ ਦਿਓ ਉਸ ਨੂੰ।"

ਕਹਿੰਦੇ, "ਮਹਾਰਾਜ! ਸਾਨੂੰ ਕਿਵੇਂ ਪਤਾ ਲੱਗੇ?"

ਕਹਿੰਦੇ, "ਬੁਲਾ ਕੇ ਪੁਛ ਲਓ।"

ਬੁਲਾ ਲਿਆ, ਕਹਿੰਦੇ, "ਕੌਣ ਹੈਂ ਤੂੰ?"

ਕਹਿੰਦੀ, "ਮੈਂ ਮਾਇਆ ਹਾਂ, ਇਸਤ੍ਰੀ ਦਾ ਰੂਪ ਧਾਰ ਕੇ ਆਈ ਹਾਂ।"

ਕਹਿੰਦੇ, "ਕੋਈ ਕੌਤਕ ਦਿਖਾ ਸਕਦੀ ਹੈਂ?"

ਕਹਿੰਦੀ, "ਚਲੋ! ਮੈਂ ਇਹੋ ਜਿਹੀ ਸੇਵਾ ਬਹੁਤ ਕਰਨ ਜਾਣਦੀ ਹਾਂ।"

ਜੰਗਲ ਵਿਚ ਲੈ ਗਈ। ਕਹਿੰਦੀ, "ਇਥੇ ਬਹਿ ਜਾਓ ਤੁਸੀਂ, ਹੁਣ ਦੇਖਣਾ ਤੁਸੀਂ, ਮੈਂ ਕੀ ਕਰਦੀ ਹਾਂ।"

ਚਾਰ ਮਿੱਤਰ ਤੁਰੇ ਆਉਂਦੇ ਨੇ ਤੇ ਉਥੇ ਸਾਹਮਣੇ ਖੜ੍ਹੀ ਹੈ ਤੇ ਦੇਖਦੇ-ਦੇਖਦੇ ਗਾਇਬ ਹੋ ਗਈ। ਇਕ ਥੈਲੀ ਬਣ ਗਈ, ਉਹ ਸੋਨੇ ਦੀਆਂ ਮੋਹਰਾਂ ਦੀ ਭਰੀ ਪਈ ਹੈ, ਵੱਡੀ ਲੰਮੀ ਥੈਲੀ ਹੈ।

ਚਾਰਾਂ ਨੇ ਦੇਖੀ। ਇਕ ਕਹਿੰਦਾ ਕਿ ਉਹ ਦੇਖੋ ਕੁਝ ਪਿਆ ਹੈ, ਬਾਹਰ ਸੋਨਾ ਚਮਕਦਾ ਹੈ ਸੋਨਾ। ਕਹਿੰਦੇ, "ਲੈ ਭਾਈ! ਆਪਾਂ ਨੱਠ ਕੇ ਨਾ ਪਓ ਇਕੱਲਾ-ਇਕੱਲਾ, ਚਾਰੇ ਹੀ ਅਸੀਂ ਸਾਂਝੀ ਕਰ ਲਓ ਤੇ ਚਾਰ ਹਿੱਸੇ ਕਰਾਂਗੇ। ਜਾ ਕੇ ਦੇਖਿਆ ਤਾਂ ਖੁਸ਼ ਹੋ ਗਏ ਕਿ ਐਨਾ ਤਾਂ ਸਾਰੀ ਜ਼ਿੰਦਗੀ 'ਚ ਕਮਾਇਆ ਨਹੀਂ ਜਾਣਾ। ਇਕ ਪਾਸੇ ਹੋ ਗਏ – ਜੰਗਲ ਵਿਚ ਨੂੰ ਕਿ ਜਿਸ ਦਾ ਪੈਸਾ ਹੈ ਕਿਤੇ ਨੱਠ ਕੇ ਨਾ ਆ ਜਾਵੇ ਘੋੜੇ ਤੇ, ਪੈਸਾ ਵੀ ਕਿਸੇ ਤਕੜੇ ਬੰਦੇ ਦਾ ਹੈ ਜਿਹੜਾ ਐਨਾ ਗਿਰਿਆ ਹੈ, ਐਵੇਂ ਤਲਾਸ਼ੀ ਲੈ ਲਏਗਾ। ਉਹ ਜੰਗਲ 'ਚ ਹੋ ਗਏ ਕਿ ਲੈ ਭਾਈ ਵੰਡ ਲਈਏ। ਸਾਰਿਆਂ ਦਾ ਦਿਲ ਧੱਕ-ਧੱਕ ਕਰੀ ਜਾਂਦਾ ਹੈ ਖੁਸ਼ੀ ਨਾਲ।

ਕਹਿੰਦੇ ਐਂ ਕਰੋ, ਅਰਾਮ ਨਾਲ ਗਿਣਾਂਗੇ, ਅਜੇ ਤਾਂ ਸਾਹ ਨਾਲ ਸਾਹ ਹੀ ਨਹੀਂ ਰਲਦਾ ਤੇ ਆਪਾਂ ਰੋਟੀ ਖਾ ਲਈਏ। ਲਓ ਆਹ ਇਕ ਮੋਹਰ ਕੱਢ ਕੇ ਲੈ ਜਾਓ ਇਸ ਦੇ ਵਿਚੋਂ, ਜਾ ਕੇ ਵਧੀਆ ਪ੍ਰਸ਼ਾਦਾ ਬਣਾ ਕੇ ਲਿਆਓ। ਅਸੀਂ ਦੋ ਇਥੇ ਬੈਠੇ ਹਾਂ, ਦੋ ਤੁਸੀਂ ਜਾਓ। ਦੋ ਚਲੇ ਗਏ ਤੇ ਚੁੱਪ ਕਰੀ ਜਾਂਦੇ ਨੇ, ਨਾ ਉਹ ਉਸ ਦੇ ਨਾਲ ਬੋਲਦਾ ਹੈ, ਨਾ ਉਹ ਉਸ ਦੇ ਨਾਲ ਬੋਲਦਾ ਹੈ। ਕਹਿੰਦੇ, "ਯਾਰ! ਬੋਲ-ਚਾਲ ਹੀ ਖਤਮ ਹੋ ਗਈ ਜਦੋਂ ਦਾ ਸੋਨਾ ਮਿਲਿਆ ਹੈ, ਸੋਚ ਹੀ ਪੈ ਗਈ।"

ਕਹਿੰਦਾ, "ਕੀ ਸੋਚਦਾ ਹੈਂ?"

ਕਹਿੰਦਾ, "ਤੂੰ ਵੀ ਕੀ ਸੋਚਦਾ ਹੈਂ? ਖਬਰੇ (ਪਤਾ ਨਹੀਂ) ਆਪਣੀ ਦੋਹਾਂ ਦੀ ਸੋਚ ਰਲ ਹੀ ਜਾਏ।

ਕਹਿੰਦੈ, "ਸਹੁੰ ਖਾਹ! ਜੇ ਨਾ ਰਲੀ ਤਾਂ ਅਗਾਹਾਂ ਨਾ ਗੱਲ ਕਰੀਂ।"

ਕਹਿੰਦਾ, "ਅੱਛਾ ਸਹੁੰ ਖਾਂਦਾ ਹਾਂ।"

ਕਹਿੰਦਾ, "ਮੈਂ ਇਹ ਸੋਚਦਾ ਹਾਂ ਕਿ ਆਪਾਂ ਦੋਵੇਂ ਕਿਉਂ ਨਾ ਰੱਖ ਲਈਏ?"

ਕਹਿੰਦਾ, "ਮੈਂ ਵੀ ਆਹੀ ਸੋਚਦਾ ਜਾਂਦਾ ਹਾਂ ਕਿ ਐਨਾ ਤਾਂ ਬਣਨਾ ਹੀ ਨਹੀਂ ਕਦੇ। ਇਹ ਤਾਂ ਪੁੱਤ-ਪੋਤਿਆਂ ਤੱਕ ਜਾਏਗਾ। ਫੇਰ ਤਰਕੀਬ.....?"

ਕਹਿੰਦਾ, "ਤਰਕੀਬ! ਆਪਾਂ ਰੋਟੀ ਖਾ ਚਲਦੇ ਹਾਂ ਤੇ ਉਨ੍ਹਾਂ ਦੀ ਰੋਟੀ ਵਿਚ ਜ਼ਹਿਰ ਪਵਾ ਕੇ ਲੈ ਜਾਂਦੇ ਹਾਂ ਤੇਜ਼-ਤੇਜ਼ ਬੁਰਕੀ ਮੂੰਹ 'ਚ ਪਾਉਣਗੇ ਤੇ ਉਦੋਂ ਹੀ ਮਰ ਜਾਣਗੇ?"

ਏਧਰ ਤਾਂ ਇਹ ਹੋ ਰਿਹਾ ਹੈ। ਉਧਰਲੇ ਪਾਸੇ ਉਹ ਚੁੱਪ ਕਰੇ ਬੈਠੇ ਨੇ।

ਇਕ ਕਹਿੰਦਾ, "ਯਾਰ! ਕੋਈ ਗੱਲ ਹੀ ਨਹੀਂ ਕਰਦਾ, ਪੈਸਾ ਤਾਂ ਕੀ ਲੱਭ ਗਿਆ ਤੇਰੀ ਬਾਤ-ਚੀਤ ਹੀ ਹਟ ਗਈ; ਕੀ ਸੋਚੀ ਜਾਂਦਾ ਹੈਂ?"

ਦੂਜਾ ਕਹਿੰਦਾ, "ਸੋਚਦਾ ਤਾਂ ਮੈਂ ਬਹੁਤ ਕੰਮ ਦੀ ਗੱਲ ਹਾਂ ਪਰ ਪਤਾ ਨਹੀਂ ਤੇਰੇ ਫਿੱਟ ਬੈਠੇ ਜਾਂ ਨਾ।"

ਕਹਿੰਦਾ, "ਦੱਸ ਤਾਂ ਸਹੀ।"

ਕਹਿੰਦਾ, "ਜੇ ਆਪਾਂ ਹੀ ਰੱਖ ਲਈਏ ਦੋਵੇਂ?"

ਕਹਿੰਦਾ, "ਮੈਂ ਵੀ ਏਹੀ ਸੋਚ ਰਿਹਾ ਸੀ।"

ਕਹਿੰਦਾ, "ਫੇਰ ਵਿਉਂਤ ਕਿਵੇਂ ਬਣੇ?"

ਕਹਿੰਦਾ, "ਰੋਟੀ ਲੈਣ ਭੇਜੇ ਨੇ, ਜੰਗਲ ਹੈ, ਉਹਦੇ ਸਾਹਮਣੇ ਨਦੀ ਚਲਦੀ ਹੈ। ਕਿਸੇ ਨੂੰ ਨਹੀਂ ਪਤਾ ਜਦੋਂ ਆਪਾਂ ਚਾਰੇ ਤੁਰੇ ਹਾਂ, ਇਕੱਲੇ-ਇਕੱਲੇ ਰਲੇ ਹਾਂ ਅੱਗੇ ਆ ਕੇ। ਤੇ ਜਦੋਂ ਰੋਟੀ ਰੱਖਣ ਲੱਗਣ, ਤਲਵਾਰ ਕੱਢ ਰੱਖੀਂ, ਆਪਾਂ ਗਰਦਨਾਂ ਉਤੇ ਮਾਰਾਂਗੇ, ਮੁੰਡੀਆਂ ਵੱਢ ਕੇ, ਘੜੀਸ ਕੇ ਨਦੀ ਵਿਚ ਸੁੱਟ ਦਿਆਂਗੇ, ਫੇਰ ਆਪਾਂ ਵੰਡ ਲਵਾਂਗੇ।"

ਹੁਣ ਵਿਓਂਤਾਂ ਬਣ ਗਈਆਂ ਤੇ ਓਧਰਲੇ ਪਾਸਿਓਂ ਉਹ ਰੋਟੀ ਲੈ ਕੇ ਆ ਗਏ।

ਕਹਿੰਦੇ, "ਲਓ ਭਾਈ! ਬਹੁਤ ਹੀ ਸਵਾਦੂ ਭੋਜਨ ਹੈ।"

ਉਹ ਕਹਿੰਦੇ, "ਰੱਖ ਦਿਓ ਇਥੇ।"

ਜਦੋਂ ਰੱਖਣ ਲੱਗੇ ਦੋਹਾਂ ਨੇ ਹੀ ਉਨ੍ਹਾਂ ਦੀਆਂ ਗਰਦਨਾਂ ਵੱਢ ਦਿੱਤੀਆਂ ਤੇ ਲੱਤਾਂ ਤੋਂ ਘੜੀਸ ਕੇ ਸੁੱਟ ਦਿੱਤਾ ਪਾਣੀ ਵਿਚ।

ਕਹਿੰਦੇ, ਲਓ ਹੁਣ ਰੋਟੀ ਖਾ ਲਈਏ ਆਪਾਂ। ਰੋਟੀ ਦੀਆਂ ਚਾਰ-ਚਾਰ ਬੁਰਕੀਆਂ ਖਾਧੀਆਂ, ਉਸ ਦੇ ਵਿਚ ਜ਼ਹਿਰ ਐਨੀ ਤੇਜ਼ ਸੀ ਕਿ ਉਥੇ ਹੀ ਲੁੜਕ ਗਏ। ਮਾਇਆ ਉਠ ਕੇ, ਖੜ੍ਹੀ ਹੋ ਕੇ ਸੰਤਾਂ ਕੋਲ ਆ ਗਈ।

ਕਹਿੰਦੀ, "ਦੇਖਿਆ ਮੇਰਾ ਕੌਤਕ? ਐਸ ਤਰ੍ਹਾਂ ਠਗਦੀ ਹਾਂ, ਮੈਂ ਐਂ ਮਾਰਦੀ ਹਾਂ ਸੰਸਾਰ ਨੂੰ।"

***ਆਥਿ ਹੋਇ ਤ ਮੁਗਧੁ ਸਿਆਨਾ॥***
***ਭਗਤਿ ਬਿਹੂਨਾ ਜਗੁ ਬਉਰਾਨਾ॥*** ***ਪੰਨਾ - 931***

*ਸੰਪੈ ਕਉ ਈਸਰੁ ਧਿਆਈਐ॥*
*ਸੰਪੈ ਪੁਰਬਿ ਲਿਖੇ ਕੀ ਪਾਈਐ॥*
*ਸੰਪੈ ਕਾਰਣਿ ਚਾਕਰ ਚੋਰ॥* *ਪੰਨਾ - 937*

ਚਾਕਰ ਬਣਦਾ ਹੈ, ਨੌਕਰੀਆਂ ਕਰਦਾ ਹੈ ਆਦਮੀ ਜਾ ਕੇ। ਕਹਿੰਦੇ, ਕੇਸਾਂ ਵਾਲਾ ਨਹੀਂ ਅਸੀਂ ਰਖਣਾ। ਕਹਿੰਦਾ, ਮੈਂ ਮੁਨਾ ਦਿੰਦਾ ਹਾਂ ਮਿੰਟ ਲਗਦਾ ਹੈ। ਕਿਰਪਾਨ ਨਹੀਂ ਚਾਹੀਦੀ। ਕਹਿੰਦਾ, ਇਹ ਵੀ ਲਾਹ ਦਿੰਦਾ ਹਾਂ। ਚੋਰੀਆਂ ਕਰਦਾ ਹੈ।

*ਚੋਰ ਕੀ ਹਾਮਾ ਭਰੇ ਨ ਕੋਇ॥*
*ਚੋਰੁ ਕੀਆ ਚੰਗਾ ਕਿਉ ਹੋਇ॥* *ਪੰਨਾ - 662*

*ਸੰਪੈ ਸਾਥਿ ਨ ਚਾਲੈ ਹੋਰ॥* *ਪੰਨਾ - 937*

ਮਹਾਰਾਜ ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਨੇ ਕਿ -

*ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥*
*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥* *ਪੰਨਾ - 417*

ਸੋ ਮਾਇਆ ਬੁਰੀ ਨਹੀਂ ਹੈ, ਮਾਇਆ ਦੀ ਵਰਤੋਂ ਬੁਰੀ ਹੈ ਕਿਉਂਕਿ ਆਦਮੀ ਐਨਾ ਅੰਨ੍ਹਾਂ ਹੋ ਜਾਂਦਾ ਹੈ ਉਸ ਨੂੰ ਪਤਾ ਹੀ ਨਹੀਂ ਰਹਿੰਦਾ। ਜੇ ਮਾਇਆ ਦੀ ਵਰਤੋਂ ਸ਼ੁਧ ਕਰੇ ਫੇਰ ਇਹ ਕੰਮ ਵੀ ਆਉਂਦੀ ਹੈ। ਦਾਨ ਕਰ ਦਿੱਤਾ, ਅਗਲੇ ਜਨਮ ਦੇ ਅੰਦਰ ਬਣਿਆ-ਬਣਾਇਆ ਠਾਠ ਮਿਲ ਜਾਏਗਾ। ਜੇ ਦਾਨ ਨਹੀਂ ਕਰਿਆ ਤਾਂ ਇਹ ਕਿਸੇ ਕੰਮ ਨਹੀਂ ਆਉਂਦੀ। ਮਹਾਰਾਜ ਐਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਦਾਨ ਪੁੰਨ ਨਹੀਂ ਸੰਤਨ ਸੇਵਾ,*
*ਮਾਇਆ ਕੰਮ ਨਾ ਆਈ -2, 2.*
*ਮਾਇਆ ਕੰਮ ਨ ਆਈ -4, 2.*
*ਦਾਨ ਪੁੰਨ ਨਹੀਂ ਸੰਤਨ ਸੇਵਾ,......... -2.*

*ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ .......॥* *ਪੰਨਾ - 712*

ਕਹਿੰਦੇ ਦਿਨ ਰਾਤ ਦੌੜਿਆ ਹੀ ਫਿਰਦਾ ਹੈ ਪੈਸੇ ਵਾਸਤੇ।

*........... ਇਕਤ੍ਰ ਕਰੀ ਹੈ ਮਾਇਆ॥* *ਪੰਨਾ - 712*

ਬੈਂਕ ਵਿਚ ਜੋੜੀ ਜਾਂਦਾ ਹੈ ਕਿ ਹੁਣ ਦਸ ਹਜ਼ਾਰ, ਵੀਹ ਹਜ਼ਾਰ ਹੋ ਗਿਆ, ਦੋ ਲੱਖ ਹੋ ਗਿਆ, ਦੱਸ ਲੱਖ ਹੋ ਗਿਆ, ਇਕੱਠਾ ਹੀ ਕਰਦਾ ਚਲਿਆ ਜਾਂਦਾ ਹੈ। ਮਹਾਰਾਜ ਕਹਿੰਦੇ -

*ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ॥* *ਪੰਨਾ - 712*

ਕੀ ਫਾਇਦਾ ਹੋਇਆ, ਓਧਰ ਭਜਨ ਵੀ ਛੱਡਿਆ ਤੇ ਇਹ ਤਾਂ ਬੈਂਕ ਵਿਚ ਧਰੀ-ਧਰਾਈ ਰਹਿ ਜਾਣੀ ਹੈ। ਕੋਠੀਆਂ ਪਾ ਲਈਆਂ, ਇਥੇ ਹੀ ਰਹਿ ਜਾਣੀਆਂ ਨੇ, ਕਿਸੇ ਕੰਮ ਤਾਂ ਨਾ ਆਈਆਂ ਨਾ!

ਇਕ ਸੇਠ ਸੀ, ਉਸ ਨੇ ਮਹਾਂਪੁਰਸ਼ਾਂ ਤੋਂ ਐਸੇ ਬਚਨ ਸੁਣੇ ਤੇ ਉਸ ਦੇ ਮਨ ਵਿਚ ਖਿਆਲ ਆਇਆ ਕਿ ਪੈਸਾ ਤਾਂ ਬਹੁਤ ਕਮਾ ਲਿਆ, ਚਲੋ ਥੋੜ੍ਹਾ-ਬਹੁਤਾ ਕੱਢ ਦੇਈਏ ਤੇ ਸੰਤ ਕਹਿੰਦੇ ਨੇ, ਅਗਾਹਾਂ ਦਰਗਾਹ ਵਿਚ ਕੰਮ ਆਏਗਾ, ਤੇਰਾ ਦਿਤਾ ਹੋਇਆ ਹੀ ਅੱਗੇ ਮਿਲਦਾ ਹੈ - ਬੀਜਿਆ ਹੋਇਆ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥* *ਪੰਨਾ - 134*

ਬੀਜ ਲੈ ਜਿਹੜਾ ਕੁਝ ਬੀਜਣਾ ਹੈ, ਓਹੀ ਮਿਲਣਾ ਹੈ, ਬਿਨਾ ਬੀਜੇ ਨਹੀਂ ਮਿਲਣਾ। ਚੰਗੇ ਕੰਮ ਬੀਜ ਲੈ, ਚੰਗਾ ਮਿਲ ਜਾਏਗਾ; ਮਾੜੇ ਕੰਮ ਬੀਜ ਲੈ ਮਾੜਾ ਮਿਲ ਜਾਏਗਾ, ਦਾਨ-ਪੁੰਨ ਕਰ ਲੈ ਲੱਖਾਂ

ਗੁਣਾਂ ਹੋ ਕੇ ਮਿਲ ਜਾਏਗਾ। ਸੋ ਏਸ ਤਰ੍ਹਾਂ ਚਾਰ ਮੁੰਡੇ ਸੀ ਉਸਦੇ ਤੇ ਪੰਜ ਹਿੱਸੇ ਕਰ ਲਏ ਧਨ ਦੇ। ਕੋਠੀਆਂ ਵਗੈਰਾ ਬਹੁਤ ਸਨ। ਇਕ-ਇਕ ਕੋਠੀ ਸਾਰਿਆਂ ਨੂੰ ਦੇ ਦਿਤੀ, ਪੰਜਵੀਂ ਕੋਠੀ ਆਪ ਲੈ ਲਈ, ਪੰਜਵਾਂ ਹਿੱਸਾ ਪੈਸੇ ਦਾ ਆਪ ਲੈ ਲਿਆ। ਰਹਿਣ ਲੱਗ ਗਿਆ ਤੇ ਸੋਚੀ ਜਾਂਦਾ ਹੈ ਕਿ ਦਾਨ ਇਥੇ ਕਰਾਂ ਜਾਂ ਓਥੇ ਕਰਾਂ। ਨੁਕਸ ਕੱਢੀ ਜਾਂਦਾ ਹੈ ਕਿ ਉਥੇ ਤਾਂ ਆਹ ਗੱਲ ਹੈ, ਉਥੇ ਓਹ ਗੱਲ ਹੈ, ਪਸੰਦ ਹੀ ਨਹੀਂ ਆਉਂਦਾ ਕੋਈ। ਅਖੀਰ ਕਰਦੇ-ਕਰਦੇ ਇਸ ਗੱਲ ਤੋਂ ਡਰਦੇ ਨੇ ਕਿ ਕਿਤੇ ਚੋਰ ਨਾ ਲੈ ਜਾਣ, ਉਸ ਨੇ ਕੰਧ ਵਿਚ ਇਕ ਆਲਾ ਬਣਾ ਕੇ, ਰੱਖਣਾ ਬਣਾ ਲਿਆ ਤੇ ਉਸ ਦੇ ਉਤੇ ਇੱਟਾਂ ਲਾ ਕੇ ਬੰਦ ਕਰ ਲਿਆ ਤੇ ਉਸ ਦੇ ਵਿਚ ਰੱਖ ਦਿਤਾ ਜੋ ਵੀ ਧਨ ਸੀ ਤੇ ਏਧਰ ਇਹ ਬਿਮਾਰ ਹੋ ਗਿਆ ਤੇ ਜਦੋਂ ਜ਼ਿਆਦਾ ਹੋਇਆ ਤਾਂ ਸਾਰਾ ਭਾਈਚਾਰਾ ਆ ਗਿਆ ਕਿ ਭਾਈ ਹੁਣ ਇਹ ਜਾਣ ਵਾਲਾ ਹੈ ਸੇਠ, ਆਖਰੀ ਸਮਾਂ ਹੈ, ਕੋਈ ਬਚਨ ਕਰ ਲਈਏ ਤੇ ਮੁੰਡੇ ਵੀ ਚਾਰੇ ਖੜ੍ਹੇ ਨੇ। ਉਸ ਵੇਲੇ ਮੁੰਡਿਆਂ ਨੂੰ ਹੱਥ (ਇਸ਼ਾਰੇ) ਕਰਨ ਲੱਗ ਗਿਆ ਕੰਧ ਵੱਲ ਨੂੰ। ਲੋਕ ਕਹਿੰਦੇ ਭਾਈ ਸੇਠ ਕੁਝ ਕਹਿੰਦਾ ਹੈ, ਸਮਝੋ ਕੀ ਕਹਿੰਦਾ ਹੈ। ਮੁੰਡੇ ਖਚਰੇ ਸੀ, ਉਨ੍ਹਾਂ ਨੂੰ ਪਤਾ ਸੀ, ਬਾਪੂ ਨੇ ਦੱਸਿਆ ਹੋਇਆ ਸੀ ਕਿ ਇਥੇ ਪੈਸਾ ਹੈ ਮੇਰਾ ਰੱਖਿਆ ਹੋਇਆ ਤੇ ਇਹ ਕਹਿੰਦਾ ਹੁੰਦਾ ਸੀ ਕਿ ਮੈਂ ਪੁੰਨ ਕਰਨਾ ਹੈ, ਕਿਤੇ ਪੁੰਨ ਨਾ ਕਰ ਦੇਵੇ ਹੁਣੇ ਹੀ।

ਕਹਿੰਦੇ, "ਸਾਡਾ ਪਿਤਾ ਸੇਠ ਇਹ ਕਹਿੰਦਾ ਹੈ ਕਿ ਪੈਸਾ ਮੈਂ ਬਹੁਤ ਕਮਾਇਆ ਹੈ, ਆਹ ਦੇਖੋ ਕਿਹੋ ਜਿਹੀਆਂ ਕੋਠੀਆਂ ਪਾ ਦਿੱਤੀਆਂ।"

ਉਹ ਸੁਣਦਾ ਤਾਂ ਹੈ ਪਰ ਬੋਲ ਨਹੀਂ ਹੁੰਦਾ ਉਸ ਤੋਂ। ਉਠ ਨਹੀਂ ਹੁੰਦਾ ਤੇ ਫੇਰ ਖਿਝ ਗਿਆ ਤੇ ਖਿਝ ਕੇ ਜ਼ੋਰ-ਜ਼ੋਰ ਨਾਲ ਕੰਧ ਵੱਲ ਨੂੰ ਹੱਥ ਕਰਦਾ ਹੈ।

ਕਹਿੰਦੇ, ਦੇਖੋ ਹੁਣ ਕਹਿੰਦਾ ਹੈ ਕਿ ਮੈਂ ਹੁਣ ਚਲਿਆ ਹਾਂ ਤੇ ਸਾਰੀਆਂ ਕੋਠੀਆਂ ਇਥੇ ਹੀ ਰਹਿ ਗਈਆਂ ਨੇ, ਮੈਂ ਬੜੀ ਮਿਹਨਤ ਕਰਕੇ ਬਣਾਈਆਂ ਨੇ।"

ਉਹ ਗੱਲ ਹੀ ਨਹੀਂ ਹੋ ਸਕੀ, ਅਖੀਰ ਸੁਆਸ ਨਿਕਲ ਗਏ। ਗੁਰੂ ਮਹਾਰਾਜ ਕਹਿੰਦੇ ਪ੍ਰੇਮੀਆਂ! ਫੇਰ ਕੀ ਕਰੇਂਗਾ -

*ਮਨ ਕੀ ਮਨ ਹੀ ਮਾਹਿ ਰਹੀ॥*
*ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ॥* *ਪੰਨਾ - 631*

ਫੇਰ ਕਿਸੇ ਕੰਮ ਨਹੀਂ ਆਉਂਦੀ -

*ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ॥*
*ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ॥* *ਪੰਨਾ - 712*

ਸਗੋਂ ਉਲਟਾ ਜਿਹੜਾ ਮਾਇਆ ਨੂੰ ਪਿਆਰ ਕਰਦਾ ਹੈ ਉਸ ਦੀ ਗਤੀ ਮਾੜੀ ਹੁੰਦੀ ਹੈ -

*ਧਾਰਨਾ - ਨਰਕਾਂ ਨੂੰ ਲੈ ਜਾਏਗਾ,*
*ਮਾਇਆ ਦਾ ਪਿਆਰ ਬੁਰਾ ਹੈ -2, 2.*
*ਮਾਇਆ ਦਾ ਪਿਆਰ ਬੁਰਾ ਹੈ -2, 2.*
*ਨਰਕਾਂ ਨੂੰ ਲੈ ਜਾਏਗਾ, ............ -2.*

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥*
*ਸੁਤ ਦਾਰਾ ਪਹਿ ਆਨਿ ਲੁਟਾਵੈ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥*

*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ॥*
*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ॥*
*ਕਹਤੁ ਕਬੀਰੁ ਕੋਈ ਨਹੀ ਤੇਰਾ॥*
*ਹਿਰਦੈ ਰਾਮੁ ਕੀ ਨ ਜਪਹਿ ਸਵੇਰਾ॥* *ਪੰਨਾ - 656*

ਬੇਈਮਾਨੀਆਂ ਕਰਕੇ, ਠੱਗੀਆਂ ਕਰਕੇ, ਮਿਲਾਵਟਾਂ ਕਰਕੇ, ਧੋਖੇ ਦੇ ਕੇ, ਕਪਟ ਕਰਕੇ, ਬੇਅੰਤ ਕਿਸਮ ਦੇ ਛਲ ਕਰਕੇ ਪੈਸੇ ਲਿਆਉਂਦਾ ਹੈ ਤੇ ਸੁਤ (ਪੁੱਤਰ) ਦੇ ਕੋਲ ਤੇ ਦਾਰਾ (ਘਰਵਾਲੀ) ਕੋਲ ਆ ਕੇ ਲੁਟਾਉਂਦਾ ਹੈ। ਕਹਿੰਦੇ ਇਨ੍ਹਾਂ ਨੇ ਤਾਂ ਤੇਰਾ ਸਾਥ ਨਹੀਂ ਦੇਣਾ ਪ੍ਰੇਮੀਆ। ਜਿਥੇ ਲੇਖਾ ਦੇਣਾ ਹੈ ਉਥੇ ਤੂੰ ਇਕੱਲਾ ਹੀ ਹੋਏਂਗਾ।

ਗਰੀਬ ਬੰਦਿਆਂ ਤੋਂ ਤੂੰ ਰਿਸ਼ਵਤਾਂ ਲੈਂਦਾ ਹੈਂ। ਬੈਂਕ ਤੋਂ ਰੁਪਈਏ ਲਓ, ਕਹਿੰਦੇ ਜੀ! ਪੱਚੀ ਹਜ਼ਾਰ ਮਨਜ਼ੂਰ ਕਰ ਦਿੱਤਾ। ਮੈਂ ਕਿਹਾ, "ਮਿਲ ਗਿਆ?"

ਕਹਿੰਦੇ, "ਬੈਂਕ ਮੈਨੇਜਰ ਪੰਜ ਹਜ਼ਾਰ ਮੰਗਦਾ ਹੈ। ਵੀਹ ਹਜ਼ਾਰ ਦਿੰਦਾ ਹੈ। ਕਹਿੰਦਾ ਪੰਜ ਹਜ਼ਾਰ ਰਹਿਣ ਦੇ, ਪੱਚੀ ਤੇ ਦਸਤਖਤ ਕਰੋ।"

ਪੱਚੀ ਤੇ ਦਸਤਖਤ ਕਰ ਦਿੱਤੇ। ਪਤਾ ਹੈ ਨਹੀਂ ਕਿ ਦੇਣਾ ਕਿੰਨਾ ਔਖਾ ਹੋ ਜਾਣਾ ਹੈ ਫੇਰ। ਵਿਆਜ ਹੀ ਲੱਗ ਜਾਂਦਾ ਹੈ 18%; ਢਾਈ ਗੁਣਾ ਹੋ ਜਾਂਦਾ ਹੈ; ਫੇਰ ਜ਼ਮੀਨ ਵਿਕਦੀ ਹੈ। ਕਿਤੇ ਵੀ ਕੰਮ ਕਰ ਲਓ, ਕਿਤੇ ਵੀ ਕੋਈ ਇਕ ਮਹਿਕਮਾ ਨਹੀਂ, ਸਾਰੇ ਚੋਰਾਂ ਦੇ ਮਹਿਕਮੇ ਹੋ ਗਏ, ਠੱਗੀ ਹੀ ਠੱਗੀ ਹੋ ਗਈ, ਧੋਖਾ ਹੀ ਧੋਖਾ, ਦੁਨੀਆਂ ਦੁਖੀ ਹੋਈ ਪਈ ਹੈ। ਕਿਸੇ ਪਾਸੇ ਵੀ ਚੈਨ ਨਹੀਂ ਆਉਂਦੀ, ਅਮਨ ਦਾ ਸਾਹ ਨਹੀਂ ਆ ਰਿਹਾ। ਜਿਵੇਂ ਜੋਕਾਂ ਹੁੰਦੀਆਂ ਹਨ ਐਉਂ ਲੱਗ ਗਈਆਂ ਚਾਰੇ ਪਾਸੇ। ਕਹਿੰਦੇ ਫੇਰ ਹੋਏਗਾ ਕੀ?

ਆਇਆ ਖੜ੍ਹਾ ਹੈ ਬੁਢਾਪਾ, ਫੇਰ ਰੋਏਂਗਾ ਜਦੋਂ ਜਮਦੂਤਾਂ ਨੇ ਆ ਕੇ ਖਿੱਚ ਲਿਆ ਨਾ, ਫੇਰ ਔਖਾ ਹੋ ਜਾਏਂਗਾ। ਮਹਾਰਾਜ ਕਹਿੰਦੇ ਹੁਣ ਤਾਂ ਤੂੰ ਕਰੀ ਜਾਂਦਾ ਹੈਂ ਫੇਰ ਔਖਾ ਹੋ ਜਾਏਗਾ–

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ -2, 2.*
*ਫੇਰ ਤੇਰਾ ਜੀ, ਕੋਈ ਨਾ ਬਣੇ -2, 2.*
*ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,.. -2.*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥* *ਪੰਨਾ - 464*

ਜਨਮ ਗਵਾ ਕੇ ਰੋਂਦਾ ਹੈ, ਫੇਰ ਜਦੋਂ ਕਹਿੰਦੇ ਨੇ ਇਥੇ ਥਾਂ ਨਹੀਂ ਮਿਲਣਾ ਜਾਹ! ਹੁਣ ਕੁਤਿਆਂ ਬਿੱਲਿਆਂ ਦੀ ਜੂਨੀ ਵਿਚ ਪੈ ਜਾ ਕੇ, ਕਹਿੰਦੇ ਨਰਕਾਂ ਨੂੰ ਲੈ ਜਾਂਦੀ ਹੈ ਤੇਰੀ ਕਰਨੀ -

*ਤਨੁ ਧਨੁ ਆਪਨ ਥਾਪਿਓ ਹਰਿ ਜਪੁ ਨ ਨਿਮਖ ਜਾਪਿਓ*
*ਅਰਥੁ ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ॥* *ਪੰਨਾ - 678*

ਤੇਰੇ ਨਾਲ ਤਾਂ ਕੁਝ ਜਾਣਾ ਹੀ ਨਹੀਂ ਹੈ। ਕਿਵੇਂ ਲੈ ਜਾਂਦੀ ਹੈ ਨਰਕਾਂ ਨੂੰ? ਜਿਹੜਾ ਸਾਰੀ ਜ਼ਿੰਦਗੀ ਪੈਸਾ-ਪੈਸਾ, ਕੋਠੀਆਂ, ਜ਼ਮੀਨ-ਜ਼ਮੀਨ ਕਰਦਾ ਮਰ ਜਾਏਗਾ ਉਸ ਦੀ ਗਤੀ ਮਾੜੀ ਹੁੰਦੀ ਹੈ।

***ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲਿ ਵਲਿ ਅਉਤਰੈ॥*** ***ਪੰਨਾ - 526***

ਸੱਪ ਬਣ ਜਾਏਂਗਾ। ਗੁਰੂ ਛੇਵੇਂ ਪਾਤਿਸ਼ਾਹ ਮਹਾਰਾਜ ਫਿਰੋਜ਼ਪੁਰ ਜ਼ਿਲ੍ਹੇ ਦੇ ਇਕ ਪਿੰਡ ਲਧਾਈਕੇ ਦੇ ਬਾਹਰ ਖੜ੍ਹੇ ਨੇ ਰੋਹੀ ਵਿਚ। ਆਲੇ-ਦੁਆਲੇ ਸਰਕੜੇ ਖੜ੍ਹੇ ਨੇ। ਸਰਕੜਿਆਂ ਵਿਚ ਐਂ ਹੋ ਰਿਹਾ ਹੈ ਜਿਵੇਂ ਦੋ ਸਾਂਢ ਭਿੜਦੇ ਹੁੰਦੇ ਨੇ। ਸਿੱਖ ਕਹਿੰਦੇ, "ਏਧਰ ਮਹਾਰਾਜ ਪਤਾ ਨਹੀਂ ਕੀ ਖੜਕਾ ਹੋ ਰਿਹਾ ਹੈ? ਦੇਖੀਏ?"

ਮਹਾਰਾਜ ਕਹਿੰਦੇ, "ਕੋਈ ਨਾ, ਇਥੇ ਹੀ ਆ ਜਾਣਾ ਹੈ ਖੜਕੇ ਨੇ।"

ਦੇਖਦੇ-ਦੇਖਦੇ ਇਕ ਬਹੁਤ ਵੱਡੀ ਸਰ੍ਹਾਲ ਨਿਕਲੀ। ਜਿਥੇ ਸਾਡੀਆਂ ਜ਼ਮੀਨਾਂ ਸੀ ਸਾਧ ਸੰਗਤ ਜੀ! ਉਥੇ 18 ਇੰਚ ਚੌੜੀਆਂ ਤੇ 22 ਫੁੱਟ ਲੰਮੀਆਂ ਸਰ੍ਹਾਲਾਂ ਸੀ, ਬੱਕਰੀ ਨੂੰ ਸਾਬਤੀ ਨੂੰ ਨਿਘਾਰ ਜਾਂਦੀਆਂ ਸੀ, ਹਿਰਨ ਪੇਟ 'ਚ ਪਏ ਹੁੰਦੇ, 3-3 ਜਾਨਵਰ ਪੇਟ 'ਚੋਂ ਕੱਢੇ। ਉਹ ਜਿਸ ਵਕਤ ਮਹਾਰਾਜ ਵੱਲ ਨੂੰ ਆ ਰਹੀ ਹੈ, ਸਿੱਖ ਕਹਿੰਦੇ, "ਸੱਚੇ ਪਾਤਸ਼ਾਹ! ਤੁਹਾਡੇ ਵੱਲ ਨੂੰ ਆ ਰਹੀ ਹੈ।" ਕਹਿੰਦੇ, "ਆ ਜਾਣ ਦਿਓ।" ਜਦੋਂ ਨੇੜੇ ਆਈ, ਮਹਾਰਾਜ ਨੇ ਚਰਨ ਛੁਹਾ ਦਿੱਤਾ। ਚਰਨ ਛੂੰਹਦੀ ਸਾਰ ਕੀ ਦੇਖਦੇ ਨੇ ਧੂੰਆਂ ਜਿਹਾ ਨਿਕਲਣਾ ਸ਼ੁਰੂ ਹੋ ਗਿਆ ਉਸ ਦੇ ਵਿਚੋਂ, ਕੁਝ ਚਾਨ੍ਹਣਾ ਜਿਹਾ ਤੇ ਮਨੁੱਖ ਵਰਗੀ ਸ਼ਕਲ ਬਣ ਗਈ।

ਕਹਿੰਦੇ, "ਸੱਚੇ ਪਾਤਸ਼ਾਹ! ਇਹ ਕੌਣ ਹੋਇਆ?"

ਮਹਾਰਾਜ ਕਹਿੰਦੇ, "ਭਾਈ! ਕੌਣ ਹੈਂ ਤੂੰ? ਸੰਗਤ ਨੂੰ ਆਪਣਾ ਪਰਿਚਯ ਦੇ।"

ਕਹਿੰਦਾ, "ਮਹਾਰਾਜ! ਮੈਂ ਗੁਰੂ ਸੀ, ਕੱਚਾ ਗੁਰੂ, ਪਖੰਡੀ ਗੁਰੂ ਤੇ ਮੈਂ ਪੈਸਾ ਹੀ ਪੈਸਾ ਚਾਹੁੰਦਾ ਸੀ ਕਿ ਤੂੰ ਵੀ ਦਸਵੰਧ ਦੇਹ, ਤੂੰ ਵੀ ਦੇਹ। ਦਸਵੰਧ ਲੈਂਦਾ-ਲੈਂਦਾ ਮੈਂ ਕੋਈ ਨੇਕੀ ਦਾ ਕੰਮ ਨਹੀਂ ਸੀ ਕਰਦਾ, ਆਪਣੀ ਐਸ਼ੋ-ਇਸ਼ਰਤ ਤੇ ਪੈਸੇ ਖਰਚਦਾ ਰਿਹਾ ਤੇ ਮਰਨ ਵੇਲੇ ਬੇਅੰਤ ਧਨ ਮੇਰਾ ਜਮ੍ਹਾਂ ਸੀ। ਮੇਰੀ ਸੁਰਤ ਪੈਸੇ ਵਿਚ ਰਹਿ ਗਈ ਤੇ ਮੈਂ ਸੱਪ ਬਣ ਗਿਆ। ਮਹਾਰਾਜ! ਮੈਂ ਬਹੁਤ ਦੁਖੀ ਹੋਇਆ। ਜਿਹੜੇ ਮੇਰੇ ਚੇਲੇ ਸੀ ਉਹ ਮੇਰਾ ਧਿਆਨ ਧਰਦੇ ਸੀ, ਹੁਣ ਉਹ ਮੇਰੇ ਸਰੀਰ ਵਿਚ ਕੀੜੇ ਬਣ ਕੇ ਰਹਿੰਦੇ ਨੇ ਤੇ ਮਹਾਰਾਜ! ਇਨ੍ਹਾਂ ਤੇ ਵੀ ਕ੍ਰਿਪਾ ਕਰੋ।"

ਮਹਾਰਾਜ ਨੇ ਉਨ੍ਹਾਂ ਤੇ ਵੀ ਕਿਰਪਾ ਕਰ ਦਿਤੀ। ਕੀ ਦਿਤਾ ਸੁਖ ਪੈਸੇ ਨੇ, ਸੱਪ ਬਣਾ ਦਿੱਤਾ।

***ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥*** ***ਪੰਨਾ - 526***

***ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਸੂਕਰ ਜੋਨਿ ਵਲਿ ਵਲਿ ਅਉਤਰੈ॥*** ***ਪੰਨਾ - 526***

ਸੂਰ ਬਣ ਜਾਂਦਾ ਹੈ ਜਿਹੜਾ ਬੱਚਿਆਂ ਦਾ ਧਿਆਨ ਧਰਦਾ ਹੈ ਕਿ ਮੇਰੇ ਲੜਕਾ ਨਹੀਂ ਹੋਇਆ, ਜੋੜੀ ਬਣ ਜਾਵੇ, ਇਕ ਹੈ। ਜੇ ਉਹ ਮਰ ਜਾਵੇ ਤਾਂ ਸੂਰੀ ਬਣਦਾ ਹੈ, 12-12 ਜੰਮਦੇ ਨੇ ਇਕੱਠੇ ਹੀ - 6-6 ਮਹੀਨੇ ਬਾਅਦ।

***ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਬੇਸਵਾ ਜੋਨਿ ਵਲਿ ਵਲਿ ਅਉਤਰੈ॥*** ***ਪੰਨਾ - 526***

ਇਸਤ੍ਰੀ ਵਿਚ ਧਿਆਨ ਰਹਿ ਜਾਵੇ ਵੇਸਵਾ ਬਣ ਜਾਂਦਾ ਹੈ।

***ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਪ੍ਰੇਤ ਜੋਨਿ ਵਲਿ ਵਲਿ ਅਉਤਰੈ॥*** ***ਪੰਨਾ - 526***

ਜਾਇਦਾਦ ਵਿਚ ਜੇ ਧਿਆਨ ਰਹਿ ਜਾਵੇ - ਕੋਠੀਆਂ ਵਿਚ, ਜ਼ਮੀਨ ਜਾਇਦਾਦ ਵਿਚ ਤਾਂ ਪ੍ਰੇਤ

ਬਣ ਜਾਂਦਾ ਹੈ -

ਜੇ ਰੱਬ ਨਾਲ ਪਿਆਰ ਹੈ -

***ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥ ਪੰਨਾ - 526***

ਵਾਹਿਗੁਰੂ ਉਸ ਦੇ ਹਿਰਦੇ ਵਿਚ ਵਸ ਜਾਂਦਾ ਹੈ ਤੇ ਸਿੱਧਾ ਹੀ ਸਚਖੰਡ ਨੂੰ ਜਾਂਦਾ ਹੈ। ਮਹਾਰਾਜ ਕਹਿੰਦੇ ਇਹ ਨਰਕਾਂ ਨੂੰ ਲੈ ਜਾਂਦੀ ਹੈ ਜੇ ਇਸ ਦੀ ਵਰਤੋਂ ਗਲਤ ਕਰੇ। ਪਿਆਰ ਨਾ ਪਾ ਇਸ ਦੇ ਨਾਲ ਇਹ ਤਾਂ -

***ਦਮੜਾ ਤਿਸੀਕਾ ਜੋ ਖਰਚੈ ਅਰ ਖਾਏ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥ ਨਸੀਹਤਨਾਮਾ***

ਵਾਧੂ ਦਿਤਾ ਹੈ ਪ੍ਰਮੇਸ਼ਰ ਨੇ ਤਾਂ ਭਲੇ ਦੇ ਕੰਮ ਕਰ ਲੈ, ਜੋ ਤੇਰੇ ਨਾਲ ਜਾਂਦਾ ਹੈ, ਨਹੀਂ ਤਾਂ ਨਾਲ ਨਹੀਂ ਜਾਂਦਾ ਇਹ ਧਨ -

***ਬਾਬਾ ਮਾਇਆ ਸਾਥਿ ਨ ਹੋਇ॥***
***ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥ ਪੰਨਾ - 595***

ਤੇ ਮਾਇਆ ਹੀ ਸਾਰੇ ਝਗੜਿਆਂ ਦਾ ਕਾਰਨ ਹੈ ਕਹਿੰਦੇ -

***ਮਾਇਆ ਸੰਚਿ ਰਾਜੇ ਅਹੰਕਾਰੀ॥***
***ਮਾਇਆ ਸਾਥਿ ਨ ਚਲੈ ਪਿਆਰੀ॥ ਪੰਨਾ - 1342***

ਪਿਆਰੀ ਕਰਕੇ ਤਾਂ ਰੱਖ ਲਈ ਸਾਰਿਆਂ ਤੋਂ ਜ਼ਿਆਦਾ ਪਰ ਨਾਲ ਨਹੀਂ ਜਾਂਦੀ -

***ਮਾਇਆ ਮਮਤਾ ਹੈ ਬਹੁ ਰੰਗੀ॥***
***ਬਿਨੁ ਨਾਵੈ ਕੋ ਸਾਥਿ ਨ ਸੰਗੀ॥ ਪੰਨਾ - 1342***

ਕਹਿੰਦੇ ਇਕ ਰੰਗ ਨਹੀਂ ਹੈ - ਪੁੱਤਰ ਵੀ ਮਾਇਆ ਹੈ, ਰਿਸ਼ਤੇਦਾਰ ਵੀ ਮਾਇਆ ਨੇ, ਜ਼ਮੀਨਾਂ ਜਾਇਦਾਦਾਂ ਵੀ ਮਾਇਆ ਨੇ, ਆਪਣੀ ਪ੍ਰਭਤਾ ਵੀ ਮਾਇਆ ਹੈ, ਆਪਣਾ ਅਹੁਦਾ ਵੀ ਮਾਇਆ ਹੈ ਇਨ੍ਹਾਂ ਵਿਚ ਚਿਤ ਲਾਉਂਦਾ ਹੈਂ, ਤੂੰ ਨਾਮ ਵਲ ਚਿਤ ਨਹੀਂ ਲਾਉਂਦਾ, ਤੇਰੇ ਨਾਲ ਨਹੀਂ ਕੁਝ ਵੀ ਜਾਣਾ -

***ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ॥ ਪੰਨਾ - 673***

ਭਾਈ ਨੂੰ ਭਾਈ ਵੱਢਦਾ ਹੈ, ਕਹਿੰਦਾ ਹਿੱਸਾ ਨਹੀਂ ਦਿੱਤਾ। ਭਾਈ ਇਕ ਵੱਡਾ ਹੈ, ਸਾਰਾ ਰੱਖ ਲਿਆ ਆਪ ਹੀ, ਛੋਟੇ ਤੁਰੇ ਫਿਰਦੇ ਨੇ। ਉਹ ਫੇਰ ਘਟ ਨਹੀਂ ਕਰਦੇ, ਉਹ ਵੀ ਮਾਰਨ ਦੀਆਂ ਤਿਆਰੀਆਂ ਕਰ ਲੈਂਦੇ ਨੇ -

***ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ॥ ਪੰਨਾ - 673***

ਕਹਿੰਦੇ ਲੜਾਉਂਦੀ ਹੈ ਇਹ ਮਾਇਆ, ਰੱਬ ਦਾ ਨਾਮ ਤਾਂ ਨਹੀਂ ਲੜਾਉਂਦਾ। ਰੱਬ ਦਾ ਨਾਉਂ ਤਾਂ ਆਪ ਵੀ ਸੁਖ ਤੇ ਸ਼ਾਂਤੀ ਦਿੰਦਾ ਹੈ ਤੇ ਜਿਹੜਾ ਨੇੜੇ ਲੱਗ ਜਾਵੇ ਉਸਦੀ ਵੀ ਬੁੱਧੀ ਨਿਰਮਲ ਕਰ ਦਿੰਦਾ ਹੈ।

ਸੋ ਮਹਾਰਾਜ ਕਹਿਣ ਲੱਗੇ, "ਭਾਈ ਲਹਿਣਾ! ਇਹ ਅੱਗ ਦਿਸਦੀ ਤਾਂ ਹੈ ਨਹੀਂ ਪਰ ਗੁੱਝੀ ਅੱਗ ਹੈ। ਇਹ ਹੋਰ ਤਾਂ ਸਾਰਿਆਂ ਨੂੰ ਜਾਲ ਦਿੰਦੀ ਹੈ ਇਕ ਸੰਤ ਨਹੀਂ ਜਲਦੇ ਇਸ ਤੋਂ।"

***ਹਉ ਬਲਿਹਾਰੀ ਸਤਿਗੁਰ ਆਪੁਨੇ ਜਿਨਿ ਇਹੁ ਚਲਤੁ ਦਿਖਾਇਆ॥***
***ਗੂੜੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ॥ ਪੰਨਾ - 673***

***ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ॥ ਪੰਨਾ - 1347***

ਕਹਿੰਦੇ, ਸੰਤ ਇਸ ਦੇ ਨਾਲ ਮਿੱਤਰਤਾ ਹੀ ਨਹੀਂ ਪਾਉਂਦੇ, ਤੋੜ ਕੇ ਰਖਦੇ ਨੇ। ਜਦੋਂ ਆ ਜਾਂਦੀ ਹੈ ਉਦੋਂ ਹੀ ਸੋਚਦੇ ਨੇ ਕਿ ਕਿਥੇ ਲਾਈਏ ਇਸ ਨੂੰ। ਜੇ ਸਭ ਕੁਝ ਬਣ ਗਿਆ, ਫੇਰ ਦੂਜੇ ਪਾਸੇ ਲਾਉਣੀ ਸ਼ੁਰੂ ਕਰ ਦਿੰਦੇ ਨੇ ਕਿ ਡਿਸਪੈਂਸਰੀ ਬਣਾ ਦਿਓ, ਓਹ ਪਿੰਡ ਦਾ ਗੁਰਦਵਾਰਾ ਕਮਜ਼ੋਰ ਹੈ ਉਸ ਨੂੰ ਬਣਾ ਦਿਓ, ਉਸ ਪਿੰਡ ਵਿਚ ਸਕੂਲ ਬਣਾ ਦਿਓ। ਪਿਆਰ ਨਹੀਂ ਉਸ ਦੇ ਨਾਲ ਕਰਦੇ ਕਿ ਬੈਂਕ ਵਿਚ ਜਮ੍ਹਾਂ ਕਰ ਦਿਓ।

***ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ॥***
***ਗੁਰਿ ਕਹਿਆ ਇਹ ਝੂਠੀ ਧੋਹੀ॥ ਪੰਨਾ - 1347***

ਮੇਰੇ ਗੁਰੂ ਨੇ ਦੱਸ ਦਿਤਾ ਕਿ ਇਹ ਝੂਠੀ ਹੈ, ਇਸ ਦੇ ਨਾਲ ਨਾ ਪਿਆਰ ਪਾਈਂ। ਨੇੜੇ ਹੀ ਨਹੀਂ ਆਉਣ ਦਿੰਦੇ। ਭਗਤ ਰਵਿਦਾਸ ਜੀ ਕਬੀਰ ਸਾਹਿਬ ਦੇ ਗੁਰ ਭਾਈ ਸੀ। ਇਕ ਸੇਵਕ ਸੀ ਕਬੀਰ ਜੀ ਦਾ ਤੇ ਉਹ ਰਵਿਦਾਸ ਜੀ ਦੇ ਦਰਸ਼ਨ ਨਹੀਂ ਸੀ ਕਰਿਆ ਕਰਦਾ ਤਾਂ ਉਸ ਵੇਲੇ ਕਬੀਰ ਸਾਹਿਬ ਕਹਿਣ ਲੱਗੇ, "ਖਾਨ ਸਾਹਿਬ! ਤੁਸੀਂ ਭਗਤ ਰਵਿਦਾਸ ਜੀ ਦੇ ਨਹੀਂ ਕਦੇ ਗਏ?"

ਕਹਿੰਦਾ, "ਨਾ ਮਹਾਰਾਜ! ਮੈਂ ਤਾਂ ਗਿਆ ਨਹੀਂ ਕਦੇ।"

ਕਹਿੰਦੇ, "ਦੇਖੋ! ਸਾਡੇ ਗੁਰ ਭਾਈ ਨੇ, ਤੁਸੀਂ ਜਾਇਓ। ਬੜੇ ਚੰਗੇ ਨੇ, ਪਹੁੰਚੇ ਹੋਏ ਨੇ, ਪ੍ਰਮੇਸ਼ਰ ਦਾ ਰੂਪ ਨੇ ਉਹ ਤਾਂ।"

ਸੋ ਚੱਲਣ ਲੱਗਿਆ। ਹੁਣ ਸੰਤਾਂ ਕੋਲ ਜਾਣਾ ਹੈ। ਕਹਿੰਦੇ ਜੇ ਸੰਤਾਂ ਕੋਲ ਜਾਣਾ ਹੋਵੇ ਤਾਂ ਖਾਲੀ ਹੱਥ ਨਾ ਜਾਵੇ। ਜੇ ਖਾਲੀ ਹੱਥ ਜਾਂਦਾ ਹੈ ਤਾਂ ਖਾਲੀ ਹੱਥ ਮੁੜ ਆਉਂਦਾ ਹੈ। ਕੁਝ ਸ਼ਰਧਾ, ਕੋਈ ਨਾ ਕੋਈ ਚੀਜ਼ ਲੈ ਕੇ ਜਾਣੀ ਚਾਹੀਦੀ ਹੈ, ਚਾਹੇ ਫੁੱਲ ਹੀ ਲੈ ਜਾਵੇ, ਚਾਹੇ ਦਾਤਣ ਹੀ ਲੈ ਜਾਵੇ। ਉਸ ਦੀ ਸ਼ਰਧਾ ਨਾਪੀ ਜਾਂਦੀ ਹੈ ਇਸ ਚੀਜ਼ ਤੋਂ। ਸੋ ਇਸ ਦੇ ਘਰ ਇਕ ਹੀਰਾ ਪਿਆ ਸੀ ਬਹੁਤ ਕੀਮਤੀ ਕਿ ਮੇਰੇ ਗੁਰਦੇਵ ਕਹਿੰਦੇ ਨੇ ਤਾਂ ਕਿਉਂ ਨਾ ਮੈਂ ਹੀਰਾ ਉਨ੍ਹਾਂ ਦੀ ਭੇਟਾ ਕਰਾਂ। ਸੋ ਹੀਰਾ ਲੈ ਕੇ ਚਲਿਆ ਗਿਆ ਤੇ ਜਾ ਕੇ ਰਵਿਦਾਸ ਜੀ ਦੀ ਭੇਟਾ ਕਰ ਦਿੱਤਾ। ਆਪ ਨੇ ਗੌਲਿਆ ਹੀ ਨਾ (ਧਿਆਨ ਹੀ ਨਾ ਦਿਤਾ) ਉਸ ਨੂੰ ਖਿਆਲ ਆਇਆ ਕਿ ਇਨ੍ਹਾਂ ਨੂੰ ਪਤਾ ਨਹੀਂ ਕਿ ਇਹ ਹੀਰਾ ਬੜਾ ਕੀਮਤੀ ਹੈ ਤੇ ਇਹ ਸਮਝਦੇ ਨੇ ਕਿ ਸ਼ਾਇਦ ਇਹ ਐਵੇ ਹੀ ਕੋਈ ਕੱਚ ਦਾ ਟੁਕੜਾ ਰੱਖ ਦਿਤਾ।

ਕਹਿੰਦਾ, "ਭਗਤ ਜੀ! ਇਹ ਹੀਰਾ ਹੈ ਹਜ਼ਾਰਾਂ ਰੁਪਏ ਦਾ, ਬਹੁਤ ਕੀਮਤੀ ਹੈ। ਸਾਡੇ ਖਾਨਦਾਨ ਵਿਚ ਸਾਂਭ ਕੇ ਰੱਖਿਆ ਹੋਇਆ ਸੀ।"

ਕਹਿੰਦੇ, "ਅੱਛਾ! ਬਹੁਤ ਕੀਮਤੀ ਹੈ?"

ਕਹਿੰਦਾ, "ਹਾਂ ਮਹਾਰਾਜ! ਉਨ੍ਹਾਂ ਨੇ ਫੇਰ ਕੋਈ ਧਿਆਨ ਨਾ ਦਿੱਤਾ। ਜਦੋਂ 5-7 ਵਾਰੀ ਕਿਹਾ ਤਾਂ ਉਨ੍ਹਾਂ ਨੇ ਜਿਥੇ ਜੁੱਤੀਆਂ ਦੇ, ਚਮੜੇ ਦੇ ਪੱਚਰ ਚੁੱਕ ਕੇ ਸੁਟਿਆ ਕਰਦੇ ਸੀ ਟੋਏ ਵਿਚ, ਉਸ ਦੇ ਵਿਚ ਪੱਚਰਾਂ ਦੇ ਨਾਲ ਹੀ ਸੁੱਟ ਦਿਤਾ। ਉਹ ਆਥਣ ਵੇਲੇ ਸਾਰੇ ਪੱਚਰ ਕੱਢ ਕੇ ਬਾਹਰ ਸੁੱਟ ਦਿੰਦੇ ਸੀ। ਇਸ ਦਾ ਮਨ ਬੜਾ ਉਦਾਸ ਹੋਇਆ, ਕੋਈ ਬਚਨ ਨਾ ਕਰਿਆ, ਨਮਸ਼ਕਾਰ ਕਰਕੇ ਮੁੜ ਆਇਆ। ਕਬੀਰ ਸਾਹਿਬ ਕੋਲ ਪਹੁੰਚ ਗਿਆ।

ਕਬੀਰ ਸਾਹਿਬ ਕਹਿੰਦੇ, "ਖਾਨ ਜੀ! ਸੰਤਾਂ ਦੇ ਦਰਸ਼ਨ ਕਰਕੇ ਤਾਂ ਚਿੱਤ ਖੁਸ਼ ਹੋਇਆ ਕਰਦੈ, ਤੁਸੀਂ ਮੁਰਝਾਅ ਕਿਉਂ ਗਏ? ਅਸਲੀ ਗੱਲ ਦੱਸੋ।"

ਕਹਿੰਦਾ, "ਮਹਾਰਾਜ! ਮੈਂ ਹੀਰਾ ਭੇਟ ਕਰਿਆ ਬਹੁਤ ਕੀਮਤੀ।"

ਕਹਿੰਦੇ, "ਫੇਰ।"

ਕਹਿੰਦਾ, "ਉਨ੍ਹਾਂ ਨੇ ਪੱਚਰਾਂ ਵਿਚ ਸੁੱਟ ਦਿੱਤਾ ਜਿਥੇ ਚਮੜੇ ਦੀਆਂ ਪੱਚਰਾਂ ਕੱਟ ਕੇ ਸੁੱਟਦੇ ਨੇ।"

ਕਹਿੰਦੇ, "ਤੁਸੀਂ ਦੱਸ ਦੇਣਾ ਸੀ।"

ਕਹਿੰਦਾ, "ਮਹਾਰਾਜ! ਮੈਂ ਬੜਾ ਦੱਸਿਆ।"

ਕਹਿੰਦੇ, "ਫੇਰ?"

ਕਹਿੰਦਾ, "ਮਹਾਰਾਜ! ਉਹ ਤਾਂ ਕੱਲ੍ਹ ਨੂੰ ਸੁੱਟ ਦੇਣਗੇ, ਪਤਾ ਨਹੀਂ ਕਿਸ ਦੇ ਹੱਥ ਲੱਗੇ। ਜੇ ਆਪਾਂ ਨੂੰ ਵਾਪਸ ਮਿਲ ਜਾਵੇ ਤਾਂ ਚੰਗਾ ਹੈ।"

ਕਹਿੰਦੇ, "ਚੱਲ! ਮੈਂ ਚਲਦਾ ਹਾਂ, ਤੂੰ ਤਾਂ ਸੰਗਦੇ ਨੇ ਕੁਝ ਕਹਿਣਾ ਨਹੀਂ।"

ਕਬੀਰ ਸਾਹਿਬ ਨਾਲ ਲੈ ਕੇ ਆ ਗਏ। ਦੋਏ ਮਿਲੇ, ਬੜਾ ਪਿਆਰ ਕਰਿਆ। ਉਹ ਕਹਿਣ ਤੁਸੀਂ ਸਿਰ੍ਹਾਣੇ ਵੱਲ ਬੈਠੋ, ਉਹ ਕਹਿਣ ਤੁਸੀਂ ਬੈਠੋ। ਅਖੀਰ ਕਬੀਰ ਸਾਹਿਬ ਨੂੰ ਬਿਠਾਇਆ ਗੱਦੀ ਤੇ ਆਪ ਹੇਠਾਂ ਉਤਰ ਕੇ ਬਹਿ ਗਏ।

ਕਹਿੰਦੇ, "ਰਵਿਦਾਸ ਜੀ! ਇਹ ਖਾਨ ਸਾਹਿਬ ਭੇਜੇ ਸੀ ਤੁਹਾਡੇ ਕੋਲ।"

ਕਹਿੰਦੇ, "ਹਾਂ! ਆਏ ਸੀ, ਬੜੇ ਗੁਰਮੁਖ ਬੰਦੇ ਨੇ।"

ਕਹਿੰਦੇ, "ਇਨ੍ਹਾਂ ਨੇ ਹੀਰਾ ਭੇਟਾ ਕਰਿਆ ਸੀ?"

ਕਹਿੰਦੇ, "ਹਾਂ! ਕਰਿਆ ਸੀ।"

ਕਬੀਰ ਸਾਹਿਬ ਕਹਿੰਦੇ, "ਬਹੁਤ ਕੀਮਤੀ ਹੈ।"

ਕਹਿੰਦੇ, "ਹਾਂ! ਇਨ੍ਹਾਂ ਨੇ ਦੱਸਿਆ ਸੀ।"

ਕਹਿੰਦੇ, "ਫੇਰ ਜੇ ਤੁਹਾਨੂੰ ਲੋੜ ਨਹੀਂ ਹੈ ਤਾਂ ਇਨ੍ਹਾਂ ਨੂੰ ਵਾਪਸ ਕਰ ਦਿਓ। ਤੁਸੀਂ ਤਾਂ ਸੁੱਟ ਹੀ ਦੇਣਾ ਹੈ।"

ਕਹਿੰਦੇ, "ਕਿੱਥੇ ਸੁਟਿਆ ਸੀ ਪ੍ਰੇਮੀਆ?"

ਕਹਿੰਦਾ, "ਆਹ ਪੱਚਰਾਂ ਵਿਚ ਸੁਟਿਆ ਸੀ।"

ਕਹਿੰਦੇ, "ਕੱਢ ਲੈ ਆਪਣਾ ਹੀਰਾ।"

ਜਦੋਂ ਪੱਚਰਾਂ ਉਤੋਂ ਚੁਕੀਆਂ ਚਮੜੇ ਦੀਆਂ, ਹੇਠਾਂ ਕੀ ਦੇਖਦਾ ਹੈ, ਹੀਰਿਆਂ ਨਾਲ ਭਰਿਆ ਪਿਆ ਹੈ ਟੋਆ। ਬਾਹਰ ਕੱਢ ਲਿਆ ਉਂਜਲ ਭਰ ਕੇ। ਇਸ ਦਾ ਹੀਰਾ ਨਿੱਕਾ ਜਿਹਾ ਸਾਰਿਆਂ ਨਾਲੋਂ ਤੇ ਬਾਕੀ ਵੱਡੇ-ਵੱਡੇ ਪਏ ਨੇ। ਸ਼ਰਮਿੰਦਾ ਹੋ ਗਿਆ ਬਹੁਤ ਕਿ ਮੈਂ ਇਕ ਨਿੱਕਾ ਜਿਹਾ ਹੀਰਾ ਦੇ ਕੇ ਸੰਤਾਂ ਤੇ ਅਹਿਸਾਨ ਕਰਿਆ ਹੈ ਤੇ ਇਹ ਤਾਂ ਮਾਲਕ ਨੇ, ਇਨ੍ਹਾਂ ਕੋਲ ਕਿੱਡੇ-ਕਿੱਡੇ ਹੀਰੇ ਪਏ ਨੇ।

ਕਹਿਣ ਲੱਗੇ, "ਪ੍ਰੇਮੀਆਂ! ਤੂੰ ਕਬੀਰ ਸਾਹਿਬ ਦੀ ਸੰਗਤ ਕਰਦਾ ਹੈਂ, ਤੈਨੂੰ ਦੱਸਿਆ ਨਹੀਂ ਕਿ ਹੀਰਾ ਵੱਡਾ ਕਿਹੜਾ ਹੁੰਦਾ ਹੈ? ਸੰਤਾਂ ਕੋਲ ਤਾਂ ਉਹ ਹੀਰਾ ਹੈ, ਜੇ ਇਕ ਨਿਗ੍ਹਾ ਕਰ ਦੇਣ, ਤਾਂ ਸਾਰੀ ਧਰਤੀ ਹੀਰਿਆਂ ਦੀ ਕਰ ਦੇਣ।"

***ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥***

***ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥*** ***ਪੰਨਾ - 1377***

ਕਹਿੰਦੇ, "ਉਹ ਤਾਂ ਦੋਜ਼ਕਾਂ ਨੂੰ ਜਾਣਗੇ।"

ਸੋ ਸੰਤ ਨਹੀਂ ਇਸ ਦੇ ਨਾਲ ਬਣਾਉਂਦੇ -

***ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ॥***
***ਗੁਰਿ ਕਹਿਆ ਇਹ ਝੂਠੀ ਧੋਹੀ॥*** ***ਪੰਨਾ - 1347***

ਇਹ ਧੋਖਾ ਦੇਣ ਵਾਲੀ ਹੈ।

***ਮੁਖਿ ਮੀਠੀ ਖਾਇ ਕਉਰਾਇ॥*** ***ਪੰਨਾ - 1347***

ਜਦੋਂ ਇਸ ਨੂੰ ਖਾਂਦੇ ਹਾਂ ਫੇਰ ਕੌੜੀ ਹੋ ਜਾਂਦੀ ਹੈ। ਜਦੋਂ ਆ ਜਾਂਦੀ ਹੈ ਫੇਰ ਚਿੰਤਾ ਲਗ ਜਾਂਦੀ ਹੈ ਕਿ ਮੁੰਡੇ ਨੂੰ ਨਾ ਪਤਾ ਲੱਗ ਜਾਵੇ, ਘਰਵਾਲੀ ਨੂੰ ਨਾ ਪਤਾ ਲੱਗ ਜਾਵੇ, ਇਸ ਬੈਂਕ ਦੇ ਖਾਤੇ ਦਾ ਨਾਂ ਪਤਾ ਲੱਗ ਜਾਵੇ। ਫੇਰ ਘਰ ਵਾਲੇ ਕਹਿੰਦੇ, ਬੁੜ੍ਹੇ ਦਾ ਗਲ ਘੋਟੋ ਛੇਤੀ। ਇਹ ਮਰਦਾ ਹੀ ਨਹੀਂ ਕਾਲੇ ਕਾਂ ਖਾ ਕੇ ਜੰਮਿਆ ਹੈ। ਇਹ ਦਿੰਦਾ ਹੀ ਨਹੀਂ। ਕਹਿੰਦੇ, ਬਾਪੂ! ਸਾਡੇ ਨਾਉਂ ਕਰਾ ਦੇ ਕੁਝ। ਤੂੰ ਤਾਂ ਮਰਨਾ ਹੀ ਨਹੀਂ। ਜਦੋਂ ਨਾਉਂ ਕਰਾਉਂਦਾ ਹੈ ਤਾਂ ਉਹ ਰੋਟੀ ਦੇਣ ਤੋਂ ਵੀ ਹਟ ਜਾਂਦੇ ਨੇ। ਕਹਿੰਦੇ ਐਂ ਝਗੜਦੇ ਨੇ, ਕੌੜੀ ਹੋ ਜਾਂਦੀ ਹੈ -

***ਮੁਖਿ ਮੀਠੀ ਖਾਈ ਕਉਰਾਇ॥***
***ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ॥***
***ਲੋਭ ਮੋਹ ਸਿਉ ਗਈ ਵਿਖੋਟਿ॥*** ***ਪੰਨਾ - 1347***

ਖੋਟਾ ਹੋ ਜਾਂਦਾ ਹੈ ਲੋਭ ਤੇ ਮੋਹ ਵਿਚ ਆ ਕੇ। ਲੋਭ ਛੋਟਾ ਵੀ ਤੇ ਵੱਡਾ ਵੀ ਇਕੋ ਜਿਹਾ ਹੁੰਦਾ ਹੈ। ਇਕ ਵਾਰੀ ਇਕ ਲੋਭੀ ਪ੍ਰੇਮੀ ਸੀ ਸੰਤਾਂ ਕੋਲ ਚਲਿਆ ਗਿਆ।

ਸੰਤ ਕਹਿੰਦੇ, "ਪ੍ਰੇਮੀਆਂ! ਪ੍ਰਸ਼ਾਦਾ ਛਕਣਾ ਹੈ?"

ਕਹਿੰਦਾ, "ਹਾਂ ਜੀ!"

ਕਹਿੰਦੇ, "ਆਉਣ ਵਾਲਾ ਹੈ ਆਪਣਾ ਪ੍ਰਸ਼ਾਦਾ। ਬੈਠ ਤੂੰ ਹੁਣੇ ਆ ਜਾਂਦਾ ਹੈ।"

ਇੰਨੇ ਨੂੰ ਇਕ ਪ੍ਰੇਮੀ ਆਇਆ। ਉਸ ਨੇ ਛੇ ਪਰੌਂਠੇ ਲੈ ਆਂਦੇ, ਨਾਲ ਦਾਲ-ਸਬਜ਼ੀ ਲੈ ਆਇਆ।

ਸੰਤ ਕਹਿੰਦੇ, "ਲੈ ਭਾਈ ਪ੍ਰੇਮੀਆ! ਉਥੇ ਰੱਖ ਦੇਹ।"

ਉਥੇ ਰੱਖ ਦਿੱਤਾ।

ਸੰਤ ਕਹਿੰਦੇ, "ਐਸ ਤਰ੍ਹਾਂ ਕਰੋ, ਹੁਣ ਆਪਾਂ ਇਸ਼ਨਾਨ ਕਰ ਲਈਏ ਚੱਲ ਕੇ? ਫੇਰ ਆ ਕੇ ਅਰਾਮ ਨਾਲ ਛਕਾਂਗੇ।"

ਕਹਿੰਦਾ, "ਮੈਂ ਤਾਂ ਜੀ ਪਹਿਲਾਂ ਹੀ ਘਰੋਂ ਕਰਕੇ ਹੀ ਤੁਰਿਆ ਸੀ।"

ਸੰਤ ਕਹਿੰਦੇ, "ਚੰਗਾ! ਫੇਰ ਅਸੀਂ ਇਸ਼ਨਾਨ ਕਰ ਆਈਏ, ਤੂੰ ਇਥੇ ਬੈਠ ਕੇ ਆਹ ਪ੍ਰਸ਼ਾਦੇ ਦਾ ਧਿਆਨ ਰੱਖੇਗਾਂ ਨਾ।"

ਕਹਿੰਦਾ, "ਜੀ! ਪੂਰਾ ਧਿਆਨ ਰਖਾਂਗਾ, ਫਿਕਰ ਨਾ ਕਰੋ।"

ਮਨ 'ਚ ਲੋਭ ਆ ਗਿਆ। ਲਾਲਚ ਛੋਟੀ ਚੀਜ਼ ਦਾ ਵੀ, ਲਾਲਚ ਵੱਡੀ ਦਾ ਵੀ, ਨਿੱਕੀ ਤੋਂ ਨਿੱਕੀ ਚੀਜ਼ ਦਾ ਵੀ ਲਾਲਚ ਹੋ ਸਕਦਾ ਹੈ, ਲਾਲਚ ਇਕ ਆਦਤ ਹੁੰਦੀ ਹੈ। ਮਹਾਰਾਜ ਕਹਿੰਦੇ, ਲਾਲਚੀ ਬੰਦੇ ਦਾ ਵਿਸਾਹ ਨਾ ਕਰੀਂ -

***ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥***
***ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥*** ***ਪੰਨਾ - 1417***

ਜਿਥੇ ਹੱਥ ਨਾ ਪਵੇ, ਲੋਭ ਉਥੇ ਸੁਟਦਾ ਹੈ। ਇਸ ਨੇ ਦੇਖਿਆ ਕਿ ਸੰਤ ਤਾਂ ਨਹਾ ਰਹੇ ਨੇ ਨਦੀ 'ਚ, ਤੇ ਸਮਾਂ ਲਾਉਣਗੇ। ਆਪਾਂ ਕਿਉਂ ਨਾ ਦੇਖੀਏ ਕਿ ਕੀ ਬਣਾਇਆ ਹੈ? ਜਦੋਂ ਦੇਖਿਆ ਕਿ ਪਰੌਂਠੇ ਨੇ ਵਧੀਆ, ਸੋਚਿਆ ਕਿ ਇਹ ਛੇ ਨੇ, ਆਪਾਂ ਨੂੰ ਤਾਂ ਚਾਰ ਮਿਲਣੇ ਚਾਹੀਦੇ ਨੇ ਸੰਤਾਂ ਨੇ ਕਿਹੜਾ ਗਿਣੇ ਨੇ, ਚੁਪ ਕਰਕੇ ਦੋ ਖਾ ਲਓ। ਦੋ ਪਰੌਂਠੇ ਖਾ ਲਏ। ਸੰਤ ਆ ਗਏ। ਰੋਅਬ ਨਾਲ ਬਹਿ ਗਿਆ ਜਿਵੇਂ ਪਤਾ ਹੀ ਨਹੀਂ।

ਸੰਤ ਕਹਿੰਦੇ, "ਆ ਜਾ ਪ੍ਰੇਮੀਆਂ! ਪ੍ਰਸ਼ਾਦੇ ਛਕੀਏ।"

ਕਹਿੰਦਾ, "ਚਲੋ ਮਹਾਰਾਜ! ਛਕ ਲਓ।"

ਸੰਤਾਂ ਨੇ ਜਦੋਂ ਖੋਲ੍ਹਿਆ ਪੋਣਾ, ਤਾਂ ਚਾਰ ਪਰੌਂਠੇ।

ਕਹਿੰਦੇ, "ਪ੍ਰੇਮੀਆ! ਅੱਗੇ ਛੇ ਆਉਂਦੇ ਹੁੰਦੇ ਨੇ ਤੇ ਇਹ ਚਾਰ ਨੇ; ਤੂੰ ਤਾਂ ਨਹੀਂ ਖਾਧੇ?"

ਕਹਿੰਦਾ, "ਨਾਂਹ ਮਹਾਰਾਜ ਮੈਂ ਕਿਥੇ ਖਾਣੇ ਸੀ? ਮੈਂ ਨਹੀਂ ਖਾਧੇ।"

ਕਹਿੰਦੇ, "ਨਾ! ਤੇਰਾ ਕਿਤੇ ਜੀਅ ਕਰ ਗਿਆ ਹੋਣੈ?"

ਕਹਿੰਦਾ, "ਨਾ-ਨਾ ਮਹਾਰਾਜ! ਮੈਂ ਇਹੋ ਜਿਹਾ ਬੰਦਾ ਨਹੀਂ ਹਾਂ ਕਿ ਤੁਹਾਡੇ ਪਰੌਂਠੇ ਹੀ ਖਾ ਲਵਾਂਗਾ ਚੋਰੀ। ਤੁਹਾਡਾ ਹੋਰ ਸਮਾਨ ਵੀ ਤਾਂ ਪਿਆ ਹੈ, ਮੈਂ ਉਧਰ ਝਾਕਿਆਂ ਵੀ ਨਹੀਂ।"

ਸੰਤਾਂ ਨੇ ਦੋ ਉਸ ਨੂੰ ਦੇ ਦਿੱਤੇ ਤੇ ਦੋ ਆਪ ਲੈ ਲਏ। ਸੰਤਾਂ ਦੇ ਮਨ ਵਿਚ ਆਇਆ ਕਿ ਕੁਝ ਹੋਵੇ, ਇਸ ਤੋਂ ਸੱਚ ਬੁਲਾ ਕੇ ਛੱਡਣਾ ਹੈ, ਲੋਭੀ ਬੰਦਾ ਹੈ ਇਹ।

ਸੰਤ ਕਹਿੰਦੇ, "ਕਿਥੇ ਜਾਣਾ ਹੈ?"

ਕਹਿੰਦਾ, "ਸ਼ਹਿਰ ਵਿਚ।"

ਕਹਿੰਦੇ, "ਅੱਗੇ ਤਾਂ ਨਦੀ ਪੈਂਦੀ ਹੈ।"

ਕਹਿੰਦਾ, "ਜੀ! ਉਥੋਂ ਕਿਸੇ ਤਰ੍ਹਾਂ ਲੰਘ ਜਾਵਾਂਗੇ, ਕੋਈ ਕਿਸ਼ਤੀ ਹੋਏਗੀ, ਕੁਝ ਹੋਰ ਹੋਏਗਾ।"

ਸੰਤ ਕਹਿੰਦੇ, "ਮੈਂ ਵੀ ਚਲਣਾ ਹੈ।" ਨਾਲ ਹੀ ਤੁਰ ਪਏ। ਅੱਗੇ ਗਏ ਤਾਂ ਨਦੀਂ ਛੱਲਾਂ ਮਾਰਦੀ ਹੈ। ਕਿਸ਼ਤੀ ਵਾਲੇ ਨੂੰ ਕਿਹਾ, ਉਹ ਕਹਿੰਦਾ, ਜੀ ਮੈਂ ਜਾਂਦਾ ਹਾਂ, ਕਿਸ਼ਤੀ ਉਲਟ ਜਾਏਗੀ।

ਸੰਤ ਕਹਿੰਦੇ, "ਆ ਜਾ ਰਾਮ ਰਾਮ ਕਹਿ ਕੇ ਲੰਘਦੇ ਹਾਂ।" ਸੰਤ ਰਾਮ-ਰਾਮ ਕਹਿੰਦੇ ਨੇ, ਇਸ ਨੇ ਵੀ ਪੈਰ ਧਰ ਲਿਆ, ਲੰਘ ਗਿਆ ਨਦੀਂ ਤੋਂ।

ਕਹਿੰਦੇ, "ਦੇਖਿਆ! ਰਾਮ ਦੇ ਨਾਮ ਵਿਚ ਕਿੰਨੀ ਸ਼ਕਤੀ ਹੈ।"

ਕਹਿੰਦਾ, "ਹਾਂ ਮਹਾਰਾਜ।"

ਕਹਿੰਦੇ, "ਹੁਣ ਤੂੰ ਉਸ ਰਾਮ ਨੂੰ ਹਾਜ਼ਰ-ਨਾਜ਼ਰ ਜਾਣ ਕੇ ਦੱਸ ਕਿ ਪਰੌਂਠੇ ਖਾਧੇ ਸੀ?"

ਕਹਿੰਦਾ, "ਮਹਾਰਾਜ! ਪਰੌਂਠੇ? ਪਰੌਂਠੇ ਮੈਂ ਤਾਂ ਨਹੀਂ ਖਾਧੇ, ਤੁਹਾਨੂੰ ਵਹਿਮ ਹੋ ਗਿਆ ਮੇਰੇ ਤੇ, ਮੈਂ ਨਹੀਂ ਖਾਧੇ।"

ਅੱਗੇ ਚਲੇ ਗਏ, ਸ਼ੇਰ ਮਿਲ ਗਿਆ।

ਕਹਿੰਦਾ, "ਮਹਾਰਾਜ! ਇਹ ਤਾਂ ਖਾ ਜਾਏਗਾ।"

ਸੰਤ ਕਹਿੰਦੇ, "ਰਾਮ-ਰਾਮ ਕਰ।" ਰਾਮ ਰਾਮ ਕਰਦੇ ਲੰਘ ਗਏ। ਸੰਤਾਂ ਨੇ ਪਿਛੇ ਮੁੜ ਕੇ ਦੇਖਿਆ।

ਕਹਿੰਦੇ, "ਦੇਖਿਆ ਪ੍ਰੇਮੀਆਂ! ਪ੍ਰਮੇਸ਼ਰ ਦੇ ਨਾਮ ਦੀ ਸ਼ਕਤੀ?"

ਕਹਿੰਦਾ, "ਹਾਂ ਮਹਾਰਾਜ! ਇਹ ਤਾਂ ਅਸੀਂ ਮੰਨਦੇ ਹਾਂ। ਮੈਂ ਤਾਂ ਪਹਿਲਾਂ ਹੀ ਮੰਨਦਾ ਹਾਂ।"

ਕਹਿੰਦੇ, "ਹੁਣ ਦਸ ਦੇ, ਤੂੰ ਪਰੌਂਠੇ ਖਾਧੇ ਸੀ?"

ਕਹਿੰਦਾ, "ਮਹਾਰਾਜ! ਤੁਹਾਨੂੰ ਤਾਂ ਵਹਿਮ ਹੋ ਗਿਆ, ਰੋਟੀ ਤਾਂ ਕੀ ਮੈਂ ਤੁਹਾਡੇ ਕੋਲੋਂ ਖਾ ਲਈ।"

ਅਗੇ ਚਲੇ ਗਏ, ਅੱਗ ਲੱਗੀ ਹੋਈ ਹੈ ਜੰਗਲ ਨੂੰ।

ਉਥੇ ਗਏ ਤਾਂ ਸੰਤ ਕਹਿੰਦੇ, "ਰਾਮ-ਰਾਮ ਕਹਿ ਕੇ ਆ ਜਾ, ਨਿਕਲ ਚੱਲੀਏ, ਕੁਝ ਨਹੀਂ ਹੁੰਦਾ।"

ਵਿਚੋਂ ਦੀ ਨਿਕਲ ਗਏ। ਜਦੋਂ ਸੰਤ ਮੁੜ ਕੇ ਪਿਛੇ ਦੇਖਣ ਲੱਗੇ ਤਾਂ ਕਹਿੰਦਾ -

"ਤੁਸੀਂ ਪਰੌਂਠਿਆਂ ਦੀ ਗੱਲ ਫੇਰ ਕਰਨ ਲੱਗੇ ਹੋ?"

ਕਹਿੰਦੇ, "ਹਾਂ।"

ਕਹਿੰਦਾ, "ਤੁਹਾਨੂੰ ਤਾਂ ਵਹਿਮ ਪੈ ਗਿਆ।"

ਅੱਗੇ ਕੁਝ ਦੇਖਿਆ ਸੰਤਾਂ ਨੇ ਤੇ ਕਹਿਣ ਲੱਗੇ, "ਪ੍ਰੇਮੀਆਂ! ਉਹ ਕੁਝ ਪਿਆ ਹੈ ਤੇ ਆਪਾਂ ਇਹ ਹਿੱਸੇ ਕਰਕੇ ਵੰਡਾਂਗੇ।"

ਖੋਲ੍ਹ ਕੇ ਦੇਖਿਆ ਤਾਂ ਸੋਨੇ ਦੀਆਂ ਮੋਹਰਾਂ ਦੀ ਭਰੀ ਹੋਈ ਥੈਲੀ। ਸੰਤ ਕਹਿੰਦੇ, "ਗਿਣਨੀ ਕੀ ਹੈ, ਉਜਲਾਂ ਨਾਲ ਲਾ ਲੈਂਦੇ ਹਾਂ ਢੇਰੀਆਂ।"

ਤਿੰਨ ਢੇਰੀਆਂ ਲਾ ਲਈਆਂ। ਕਹਿੰਦਾ, "ਮਹਾਰਾਜ! ਆਪਾਂ ਤਾਂ ਦੋ ਜਣੇ ਹਾਂ ਤੇ ਢੇਰੀਆਂ ਤਿੰਨ ਨੇ।"

ਕਹਿੰਦੇ, "ਆਹ ਤਾਂ ਤੇਰੀ, ਆਹ ਮੇਰੀ ਤੇ ਆਹ ਓਹਦੀ ਜਿਸਨੇ ਦੋ ਪਰੌਂਠੇ ਖਾਧੇ ਨੇ।"

ਕਹਿੰਦਾ, "ਉਹ ਤਾਂ ਮੈਂ ਹੀ ਖਾਧੇ ਸੀ। ਮੈਨੂੰ ਤਾਂ ਸੰਗ ਪੈ ਗਈ। ਮੈਂ ਦਸਦਾ ਹਾਂ ਮਹਾਰਾਜ! ਉਹ ਤਾਂ ਮੈਂ ਖਾਧੇ ਸੀ ਜਦੋਂ ਤੁਸੀਂ ਨਹਾਉਂਦੇ ਸੀ।"

ਕਹਿੰਦੇ, "ਤੂੰ ਤਾਂ ਤਿੰਨ ਵਾਰੀ ਕਿਹਾ ਕਿ ਤੂੰ ਖਾਧੇ ਨਹੀਂ।"

ਕਹਿੰਦਾ, "ਨਾ ਮਹਾਰਾਜ! ਮੈਂ ਹੁਣ ਸੱਚ ਕਹਿੰਦਾ ਹਾਂ, ਦੇਖੋ! ਰੱਬ ਨੂੰ ਹਾਜਰ ਨਾਜਰ ਜਾਣ ਕੇ ਕਿ ਮੈਂ ਹੀ ਖਾਧੇ ਸੀ।"

ਸੋ ਮਹਾਰਾਜ ਕਹਿੰਦੇ, ਐਸੀ ਚੀਜ਼ ਹੈ ਇਹ -

***ਲੋਭ ਮੋਹ ਸਿਉ ਗਈ ਵਿਖੋਟਿ॥***
***ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ॥*** ***ਪੰਨਾ - 1347***

ਕਹਿੰਦੇ ਰੱਬ ਨੇ, ਗੁਰੂ ਨੇ, ਬਚਾ ਲਿਆ ਸਾਨੂੰ ਇਨ੍ਹਾਂ ਗੱਲਾਂ ਤੋਂ ਇਕ ਘਰ ਨਹੀਂ ਗਾਲਿਆ ਇਸ ਨੇ ਬਹੁਤ ਘਰ ਗਾਲੇ ਨੇ -

***ਇਹ ਠਗਵਾਰੀ ਬਹੁਤੁ ਘਰ ਗਾਲੇ॥***
***ਹਮ ਗੁਰਿ ਰਾਖਿ ਲੀਏ ਕਿਰਪਾਲੇ॥***
***ਕਾਮ ਕ੍ਰੋਧ ਸਿਉ ਠਾਟੁ ਨ ਬਨਿਆ॥***
***ਗੁਰ ਉਪਦੇਸੁ ਮੋਹਿ ਕਾਨੀ ਸੁਨਿਆ॥*** ***ਪੰਨਾ - 1347***

*ਜਹ ਦੇਖਉ ਤਹ ਮਹਾ ਚੰਡਾਲ॥*
*ਰਾਖਿ ਲੀਏ ਅਪੁਨੈ ਗੁਰਿ ਗੋਪਾਲ॥* *ਪੰਨਾ - 1347*

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਸਾਰਾ ਸੰਸਾਰ ਇਸ ਮਾਇਆ ਦੀ ਗੁੱਝੀ ਅੱਗ ਦੇ ਵਿਚ ਜਲਦਾ ਹੈ, ਨਿਕਲ ਨਹੀਂ ਸਕਦਾ, ਇਹ ਐਸੀ ਚੀਜ਼ ਹੈ। ਇਹ ਤਾਂ ਐਂ ਸਮਝ ਲਓ ਕਿ ਸਾਰਾ ਸੰਸਾਰ ਖਾ ਹੀ ਲਿਆ। ਐਸਾ ਫੁਰਮਾਨ ਕਰਦੇ ਨੇ-

*ਧਾਰਨਾ - ਮਾਇਆ ਮੋਹਣੀ ਨੇ ਖਾ ਲਿਆ ਜਗ ਸਾਰਾ,*
*ਗੁਰਮੁਖਾਂ ਦੇ ਨੇੜੇ ਨਾ ਆਵੇ -2, 2.*
*ਮੇਰੇ ਪਿਆਰੇ, ਗੁਰਮੁਖਾਂ ਦੇ ਨੇੜੇ ਨਾ ਆਵੇ -2, 2.*
*ਮਾਇਆ ਮੋਹਣੀ ਨੇ ਖਾ ਲਿਆ............੨*

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥*
*ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥*
*ਪੰਨਾ - 643*

ਮਹਾਰਾਜ ਕਹਿੰਦੇ, ਮਨਮੁਖ ਤਾਂ ਸਾਰੇ ਹੀ ਇਸ ਨੇ ਖਾ ਲਏ। ਦਿਸਦੇ ਨੇ ਤੁਰਦੇ-ਫਿਰਦੇ ਪਰ ਮਾਇਆ ਦੇ ਖਾਧੇ ਹੋਏ ਨੇ। ਕਿੰਨੀ ਬੇ-ਅਮਨੀ ਸੰਸਾਰ ਵਿਚ ਹੈ, ਰਾਜ ਵਿਚ ਕਿੰਨੀ ਬੇ-ਅਮਨੀ ਹੈ, ਪੰਜਾਬ 'ਚ ਕਿੰਨੀ ਬੇ-ਅਮਨੀ ਹੈ। ਸਭ ਮਾਇਆ ਨੇ ਖਾ ਲਏ, ਸ਼ਾਸ਼ਕ ਵੀ ਖਾ ਲਏ, ਜਿਹੜੇ ਰਾਜ ਕਰਨ ਵਾਲੇ ਸੀ - ਕੁਰਸੀਆਂ ਨੇ ਖਾ ਲਏ। ਕਿੰਨੀ ਤਕਲੀਫ ਹੋ ਰਹੀ ਹੈ ਸਾਰੇ ਸੰਸਾਰ ਨੂੰ? ਪੁੱਛੋ ਉਨ੍ਹਾਂ ਮਾਵਾਂ ਨੂੰ ਜਿਨ੍ਹਾਂ ਦੇ ਬੱਚੇ ਮਾਰ ਦਿੱਤੇ ਜਾਂਦੇ ਨੇ। ਕਿੰਨੀ ਔਖ ਹੋ ਰਹੀ ਹੈ? ਸਾਰਾ ਮਾਇਆ ਦਾ ਫਸਾਦ ਪਾਇਆ ਹੋਇਆ ਹੈ, ਕੁਰਸੀਆਂ ਦਾ ਫਸਾਦ ਹੈ, ਸਾਧ ਸੰਗਤ ਜੀ!

ਕੌਣ ਉਭਰਦੇ ਨੇ?

*.................. ਜਿਨੀ ਸਚਿ ਨਾਮਿ ਚਿਤੁ ਲਾਇਆ॥* *ਪੰਨਾ - 643*

*ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ॥* *ਪੰਨਾ - 643*

ਕਹਿੰਦੇ, ਪਾਗਲ ਹੋ ਗਿਆ ਸੰਸਾਰ -

*ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ*
*ਸੁਖਦਾਤਾ ਮਨਿ ਨ ਵਸਾਇਆ॥*
*ਨਾਨਕ ਨਾਮੁ ਤਿਨਾ ਕਉ ਮਿਲਿਆ*
*ਜਿਨ ਕਉ ਧੁਰਿ ਲਿਖਿ ਪਾਇਆ॥* *ਪੰਨਾ - 643*

ਤੇ ਮਹਾਰਾਜ ਨੇ ਤਾਂ ਬਾਣੀ ਦੇ ਅੰਦਰ ਇਸ ਨੂੰ ਬਹੁਤ ਗਲਤ ਖਿਤਾਬ ਦਿੱਤਾ ਹੈ, ਮਹਾਰਾਜ ਕਹਿੰਦੇ ਉਹ ਤਾਂ ਸਰਪਣੀ ਹੈ ਸਰਪਣੀ -

*ਸਰਪਨੀ ਤੇ ਊਪਰਿ ਨਹੀ ਬਲੀਆ॥* *ਪੰਨਾ - 480*

ਇਸ ਤੋਂ ਕੋਈ ਵਧੇਰੇ ਬਲੀ ਪੁਰਸ਼ ਨਹੀਂ ਹੈ। ਆਹ ਜਿੰਨਾ ਸੰਸਾਰ ਹੈ, ਸਿਵਾਏ ਗੁਰਮੁਖਾਂ ਤੋਂ ਬਾਕੀ ਨਹੀਂ ਇਹ ਕਿਸੇ ਨੂੰ ਛਡਦੀ - ਨਾ ਦੇਵੀਆਂ ਨੂੰ, ਨਾ ਦੇਵਤਿਆਂ ਨੂੰ, ਨਾ ਛੋਟਿਆਂ ਨੂੰ, ਨਾ ਵੱਡਿਆਂ ਨੂੰ-

*ਸਰਪਨੀ ਤੇ ਊਪਰਿ ਨਹੀ ਬਲੀਆ॥*
*ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥* *ਪੰਨਾ - 480*

*ਤਪ ਕਰਤੇ ਤਪਸੀ ਭੂਲਾਏ॥* *ਪੰਨਾ - 370*

ਕਹਿੰਦੇ ਤਪ ਕਰਦੇ ਹੋਏ ਤਪੱਸਵੀ ਵੀ ਭੁਲਾ ਦਿੱਤੇ। ਇਕ ਤਪੀਆ ਸੀ। ਇਕ ਕੋਈ ਪ੍ਰੇਮੀ ਆ

ਕੇ ਉਨ੍ਹਾਂ ਦੀ ਸੇਵਾ ਕਰਨ ਲੱਗ ਗਿਆ ਕਿ ਬੜਾ ਤਪ ਕਰਦਾ ਹੈ ਇਹ ਤਾਂ ਸਮਾਧੀ ਲਾ ਕੇ ਹੀ ਰਖਦਾ ਹੈ। ਇਕ ਹੋਰ ਪ੍ਰੇਮੀ ਆਇਆ, ਇਹ ਪਹਿਰੇ ਤੇ ਬੈਠਾ ਸੀ ਤੇ ਉਸ ਨੇ ਪੰਜ ਮੋਹਰਾਂ ਮੱਥਾ ਟੇਕ ਦਿੱਤੀਆਂ। ਉਨ੍ਹਾਂ ਪੰਜਾਂ ਦਾ ਖੜਕਾ ਅੱਡ-ਅੱਡ ਹੋਇਆ, ਪਹਿਲੀ ਦੇ ਉਪਰ ਦੂਈ ਮਾਰੀ, ਤੀਜੀ ਮਾਰੀ, ਚੌਥੀ ਮਾਰੀ, ਪੰਜਵੀਂ ਮਾਰੀ। ਸੇਵਾਦਾਰ ਨੇ ਕਿਹਾ ਕਿ ਸੰਤ ਤਾਂ ਸਮਾਧੀ ਵਿਚ ਨੇ, ਇਕ ਆਪਾਂ ਜੇਬ 'ਚ ਪਾ ਲੈਂਦੇ ਹਾਂ, ਕੰਮ ਆਏਗੀ। ਸੰਤਾਂ ਦਾ ਸੇਵਕ, ਉਸ ਨੇ ਸੋਚਿਆ ਇਨ੍ਹਾਂ ਨੂੰ ਕਿਹੜਾ ਪਤਾ ਹੈ ਤੇ ਉਸ ਨੇ ਜੇਬ 'ਚ ਪਾ ਲਈ - ਇਕ ਮੋਹਰ ਚੁੱਕ ਕੇ। ਜਦੋਂ ਸੰਤਾਂ ਨੇ ਨੇਤਰ ਖੋਲ੍ਹੇ, ਦੇਖਿਆ, ਤੇ ਜਦੋਂ ਗਿਣੀਆਂ ਤਾਂ ਚਾਰ ਸਨ।

ਸੰਤ ਕਹਿੰਦੇ, "ਪ੍ਰੇਮੀਆਂ! ਪੰਜ ਮੋਹਰਾਂ ਮੱਥਾ ਟੇਕੀਆਂ ਸਨ।"

ਕਹਿੰਦਾ, "ਤੁਸੀਂ ਤਾਂ ਅੱਖਾਂ ਬੰਦ ਕੀਤੀਆਂ ਹੋਈਆਂ ਸੀ ਮਹਾਰਾਜ।"

ਕਹਿੰਦੇ, "ਮੈਂ ਕੰਨ ਤਾਂ ਨਹੀਂ ਬੰਦ ਕੀਤੇ ਹੋਏ ਸੀ, ਮੈਨੂੰ ਕੰਨਾਂ ਨਾਲ ਸੁਣਿਆ ਸੀ ਖੜਕਾ ਉਨ੍ਹਾਂ ਦਾ।"

ਕਹਿੰਦਾ, "ਮਹਾਰਾਜ! ਫੇਰ ਤੁਹਾਡਾ ਧਿਆਨ ਇਸ ਦੇ ਵਿਚ ਹੀ ਸੀ, ਰੱਬ ਵਿਚ ਨਹੀਂ ਸੀ।"

ਮਹਾਰਾਜ ਕਹਿੰਦੇ, ਤਪ ਕਰਦੇ ਤਪਸੀਆਂ ਨੂੰ ਵੀ ਭੁਲਾ ਦਿੰਦੀ ਹੈ ਇਹ -

***ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥*** ***ਪੰਨਾ - 370***

ਜਿਸ ਨੇ ਇਸ ਦੇ ਨਾਲ ਪਿਆਰ ਪਾ ਲਿਆ, ਉਹ ਖਾਧਾ ਗਿਆ ਸਮਝੋ -

***ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ॥*** ***ਪੰਨਾ - 370***

ਜਿਹੜਾ ਇਸ ਨੂੰ ਸੁਖੀ ਰਖਦਾ ਹੈ ਖਰਚਦਾ ਨਹੀਂ ਹੈ, ਪ੍ਰਮੇਸ਼ਰ ਦੇ ਨਮਿਤ ਨਹੀਂ ਲਾਉਂਦਾ, ਉਸ ਨੂੰ ਫੇਰ ਬਹੁਤ ਡਰ ਪਿਆ ਰਹਿੰਦਾ ਹੈ - ਹਰ ਵਕਤ ਕਿ ਕੋਈ ਲੈ ਨਾ ਜਾਏ, ਆਮਦਨ ਕਰ ਵਾਲੇ ਨਾ ਛਾਪਾ ਮਾਰ ਦੇਣ, ਮੁੰਡਾ ਨਾ ਖੋਹ ਲਏ। ਮਹਾਰਾਜ ਕਹਿੰਦੇ, ਛੋਟਿਆਂ-ਛੋਟਿਆਂ ਦੀ ਗੱਲ ਛੱਡੋ -

***ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨੇ ਬਸਿ ਅਪਨਹੀ॥*** ***ਪੰਨਾ - 498***

ਮੁਨੀ, ਜੋਗੀ ਵੱਡੇ-ਵੱਡੇ ਪੰਡਤ, ਸ਼ਾਸਤ੍ਰੀ -

***ਤੀਨਿ ਦੇਵ ਅਰੁ ਕੋੜਿ ਤੇਤੀਸਾ ...........॥*** ***ਪੰਨਾ - 498***

ਕਹਿੰਦੇ ਤਿੰਨ ਦੇਵਤੇ - ਬਰਮ੍ਹਾ, ਵਿਸ਼ਨੂੰ ਤੇ ਮਹੇਸ਼ ਤੇ 33 ਕਰੋੜ ਦੇਵਤਾ -

***................. ਤਿਨ ਕੀ ਹੈਰਤ ਕਛੁ ਨ ਰਹੀ॥*** ***ਪੰਨਾ - 498***

ਮਾਇਆ ਨੇ ਮੋਹ ਕੇ ਸੁੱਟ ਦਿੱਤੇ ਸਾਰੇ -

***ਬਲਵੰਤਿ ਬਿਆਪਿ ਰਹੀ ਸਭ ਮਹੀ॥*** ***ਪੰਨਾ - 499***

ਬਰ੍ਹਮਾ, ਵਿਸ਼ਨੂੰ, ਮਹੇਸ਼ ਤਿੰਨ ਵੱਡੇ ਦੇਵਤੇ ਨੇ, ਤਿੰਨਾਂ ਨੂੰ ਖਾ ਗਈ ਮਾਇਆ। ਕਿਵੇਂ ਖਾ ਗਈ? ਭਾਈ ਗੁਰਦਾਸ ਜੀ ਲਿਖਦੇ ਨੇ ਕਿ -

***ਚਾਰੇ ਬੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ॥*** ***ਭਾਈ ਗੁਰਦਾਸ ਜੀ ਵਾਰ 12/7***

ਚਾਰ ਵੇਦ - ਜਿਸ ਨੂੰ ਈਸ਼ਵਰੀ ਬਾਣੀ ਕਹਿੰਦੇ ਨੇ। ਉਸ ਦੀ ਵਿਆਖਿਆ ਕਰਦਾ ਹੈ ਤੇ ਚਤਰ ਮੁਖੀ ਕਹਾਉਂਦਾ ਹੈ ਭਾਵ ਚਾਰ ਮੂੰਹ ਨੇ ਉਸ ਦੇ। ਉਸ ਦੀ ਲੜਕੀ ਦਾ ਨਾਉਂ ਸਰਸਵਤੀ ਸੀ।

***ਲੋਕਾਂ ਨੋ ਸਮਝਾਇਦਾ ਦੇਖਿ ਸੁਰਸਤੀ ਰੂਪ ਲੋਭਾਣਾ॥*** ***ਭਾਈ ਗੁਰਦਾਸ ਜੀ ਵਾਰ 12/7***

ਸਾਹਮਣੇ ਆ ਕੇ ਸਰਸਵਤੀ ਬਹਿ ਗਈ, ਐਸੀ ਕਾਮ-ਦ੍ਰਿਸ਼ਟੀ ਉਸ ਦੇ ਅੰਦਰ ਪੈਦਾ ਹੋਈ (ਬਰ੍ਹਮਾ

ਦੇ) ਕਿ ਲੜਕੀ ਵੱਲ ਝਾਕੀ ਹੀ ਜਾਂਦਾ ਹੈ ਬੁਰੀ ਨਜ਼ਰ ਨਾਲ। ਦੁਨੀਆਂ ਨੂੰ ਰਚਣ ਵਾਲੇ ਦੇਵਤੇ ਦੀ ਗੱਲ ਹੈ - ਮਾੜੇ ਧੀੜੇ ਦੀ ਨਹੀਂ ਕਰਦਾ। ਲੜਕੀ ਨੇ ਦੇਖ ਲਿਆ ਕਿ ਮੇਰੇ ਵੱਲ ਨਿਗ੍ਹਾ ਬਹੁਤ ਬੁਰੀ ਹੈ ਇਸ ਦੀ, ਉਹ ਪਾਸੇ ਹੋ ਗਈ। ਉਹ ਓਧਰਲੇ ਸਿਰ ਨਾਲ ਦੇਖਣ ਲੱਗ ਗਿਆ। ਦੂਜੇ ਪਾਸੇ ਹੋ ਗਈ ਉਹ ਓਧਰ ਦੇਖਣ ਲੱਗ ਗਿਆ। ਪਿਛਲੇ ਪਾਸੇ ਹੋ ਗਈ ਉਹ ਓਧਰ ਦੇਖਣ ਲੱਗ ਗਿਆ। ਅਖੀਰ ਉਹ ਆਪਣੀ ਸ਼ਕਤੀ ਨਾਲ ਉਡ ਚਲੀ, ਇਸ ਨੇ ਪੰਜਵਾਂ ਸਿਰ ਲਾ ਲਿਆ। ਸ਼ਿਵ ਜੀ ਬੈਠੇ ਸੀ ਕੋਲ, ਉਨ੍ਹਾਂ ਨੇ ਕਿਹਾ ਕਿ ਇਹ ਕਿੱਡਾ ਬੇਅਣਖ ਹੋਇਆ ਹੈ, ਸਾਰੇ ਦੇਵਤੇ ਬੈਠੇ ਨੇ, ਆਪਣੀ ਲੜਕੀ ਤੇ ਮੋਹਿਤ ਹੋਇਆ ਹੈ। ਉਨ੍ਹਾਂ ਨੇ ਤ੍ਰਿਸ਼ੂਲ ਲੈ ਕੇ ਸਿਰ ਵੱਢ ਦਿਤਾ। ਉਨ੍ਹਾਂ ਦੇ ਹੱਥ ਨਾਲ ਸਿਰ ਚਿੰਬੜ ਗਿਆ -

ਸੋ ਮਹਾਰਾਜ ਕਹਿੰਦੇ ਕਿ ਦੇਖੋ! ਐਡਾ ਵੱਡਾ ਦੇਵਤਾ -

***ਤੀਨਿ ਦੇਵ ਅਰੁ ਕੋੜਿ ਤੇਤੀਸਾ ............॥*** ***ਪੰਨਾ - 498***

ਵਿਸ਼ਨੂੰ ਜੀ ਸਾਰਿਆਂ ਤੋਂ ਵੱਡੇ ਦੇਵਤੇ ਨੇ। ਇਕ ਵਾਰੀ ਪਾਰਬਤੀ ਹਾਰ-ਸ਼ਿੰਗਾਰ ਲਾ ਕੇ ਬੈਠੀ ਹੈ ਤੇ ਜਲੰਧਰ ਇਕ ਦੈਂਤ ਹੋਇਆ ਹੈ। ਉਸ ਵੇਲੇ ਉਸ ਦੇ ਮੁਕਾਬਲੇ ਦੇ ਦੇਵਤੇ ਵੀ ਨਹੀਂ ਸੀ ਤੇ ਉਸ ਵੇਲੇ ਸ਼ਿਵ ਜੀ ਨੂੰ ਕਹਿਣ ਲੱਗਿਆ-

***ਕਹਿ ਸ਼ਿਵ ਨਾਰ ਸ਼ਿੰਗਾਰ ਕੈ ਮਮ ਗ੍ਰਹਿ ਦੇਇ ਬਿਠਾਇ॥***

ਕਹਿੰਦਾ, ਤੇਰੀ ਨਾਰੀ ਨੇ ਸ਼ਿੰਗਾਰ ਲਾਏ ਹੋਏ ਨੇ ਸ਼ਿਵ! ਮੇਰੇ ਘਰ ਭੇਜ ਦੇ ਇਸ ਨੂੰ ਅੱਜ।

***ਨਾ ਤ੍ਰਿਸ਼ੂਲ ਸੰਭਾਲ ਕੈ ਸੰਗਿ ਲਰੋ ਮੋਹਿ ਆਇ॥***

ਕਹਿੰਦਾ, ਨਹੀਂ ਤਾਂ ਤ੍ਰਿਸ਼ੂਲ ਚੁੱਕ ਲੈ ਤੇ ਮੇਰੇ ਨਾਲ ਲੜਾਈ ਕਰ। ਉਸ ਨੇ ਵਿਸ਼ਨੂੰ ਜੀ ਨੂੰ ਕਿਹਾ ਕਿ ਇਹ ਤਾਂ ਬਹੁਤ ਤਕੜਾ ਹੈ, ਮੇਰਾ ਵਸ ਨਹੀਂ ਇਸ ਦੇ ਨਾਲ ਚਲਦਾ, ਤੁਸੀਂ ਕਰੋ ਕਿਰਪਾ, ਮੇਰੀ ਮੱਦਦ ਕਰੋ। ਵਿਸ਼ਨੂੰ ਜੀ ਵੀ ਮੱਦਦ ਕਰਨ ਲੱਗੇ, ਉਹ ਕਿਸੇ ਦੀ ਵੀ ਪੇਸ਼ ਨਾ ਜਾਣ ਦੇਵੇ। ਵਿਸ਼ਨੂੰ ਜੀ ਨੇ ਅੰਤਰ-ਧਿਆਨ ਹੋ ਕੇ ਦੇਖਿਆ ਕਿ ਇਸ ਦੀ ਤਾਕਤ ਕਿਥੋਂ ਆਈ ਹੈ? ਉਸ ਦੀ ਜਿਹੜੀ ਇਸਤ੍ਰੀ ਸੀ ਉਹ ਪਤੀ ਬ੍ਰਤਾ ਸੀ। ਪਤੀ ਬ੍ਰਤਾ ਇਸਤਰੀਆਂ ਦੀ ਤਾਕਤ ਬਹੁਤ ਵੱਡੀ-ਵੱਡੀ ਗਿਣੀ ਗਈ ਹੈ। ਪਹਿਲਾਂ ਮੈਂ ਬੇਨਤੀ ਕਰੀ ਸੀ ਕਿ ਸਚਖੰਡ ਵਿਚੋਂ ਦਰਸ਼ਨ ਕਰਨ ਆ ਗਈ - ਪਤੀ-ਬ੍ਰਤਾ ਦੇ ਬਲ ਕਰਕੇ।

ਸੋ ਵਿਸ਼ਨੂੰ ਨੇ ਸੋਚਿਆ ਕਿ ਜਦੋਂ ਤੱਕ ਉਸ ਦਾ ਸਤਿ ਨਹੀਂ ਟੁੱਟਦਾ, ਓਨਾਂ ਚਿਰ ਨਹੀਂ ਇਸ ਨੇ ਹਾਰਨਾ। ਸੋ ਉਸ ਵੇਲੇ ਉਸ ਨੇ (ਵਿਸ਼ਨੂੰ ਨੇ) ਇਸ ਦਾ (ਜਲੰਧਰੀ ਦੈਂਤ ਦਾ) ਰੂਪ ਧਾਰ ਲਿਆ। ਇਸਤ੍ਰੀ ਦਾ ਨਾਉਂ ਸੀ ਬਿੰਦਰਾ। ਜਲੰਧਰੀ ਦਾ ਰੂਪ ਧਾਰ ਕੇ ਬਿੰਦਰਾ ਦੇ ਪਾਸ ਚਲਿਆ ਗਿਆ, ਜਾ ਕੇ ਗੱਲਾਂ-ਬਾਤਾਂ ਕਰਨ ਲੱਗ ਗਿਆ ਤੇ ਅਖੀਰ ਉਸ ਦਾ ਸਤ ਭੰਗ ਕਰ ਦਿੱਤਾ ਤੇ ਉਸ ਨੂੰ ਪਤਾ ਲੱਗ ਗਿਆ ਕਿ ਇਹ ਤਾਂ ਮੇਰੇ ਨਾਲ ਛਲ ਹੋਇਆ ਹੈ। ਉਸ ਨੇ ਉਸੇ ਵੇਲੇ ਸਰਾਪ ਦੇ ਦਿਤਾ ਕਿ ਜਾਹ! ਤੂੰ ਧਰਤੀ ਤੇ ਪੱਥਰ ਬਣ ਕੇ ਗਿਰ, ਤੇ ਤੇਰੇ ਸਰੀਰ ਦੇ ਉਤੇ ਚਿੱਟੀ ਧਾਰੀ ਹੋਏਗੀ ਜਿਸ ਨੂੰ ਸਾਲਗ੍ਰਾਮ ਕਹਿੰਦੇ ਨੇ।

ਉਸ ਵੇਲੇ ਗਿਰਦੇ-ਗਿਰਦੇ ਕਹਿੰਦਾ, "ਮੈਂ ਤਾਂ ਗਿਰਾਂਗਾ ਪਰ ਤੈਨੂੰ ਵੀ ਤੁਲਸੀ ਬਣਾਵਾਂਗਾ, ਵਿਆਹ ਮੇਰਾ ਤੇਰੇ ਨਾਲ ਹੀ ਕਰਿਆ ਕਰਨਗੇ ਲੋਕ।" ਮਹਾਰਾਜ ਕਹਿੰਦੇ, ਐਂ ਭੁਲਦੇ ਨੇ।

ਤੇ ਹੁਣ ਸ਼ਿਵ ਜੀ ਦੀ ਵਾਰਤਾ ਸੁਣੋ। ਜਦੋਂ ਸਮੁੰਦਰ ਰਿੜਕਿਆ ਗਿਆ ਤਾਂ ਉਸ ਦੇ ਵਿਚੋਂ ਇਕ ਮੋਹਣੀ ਇਸਤ੍ਰੀ ਨਿਕਲੀ, ਉਸ ਨੂੰ ਦੇਖ ਕੇ ਸ਼ਿਵ ਜੀ ਲੁਭਾਅ ਗਿਆ। ਸੀ ਉਹ ਵਿਸ਼ਨੂੰ ਨੇ ਹੀ ਰੂਪ ਬਣਾਇਆ ਹੋਇਆ। ਮਗਰ-ਮਗਰ ਸ਼ਿਵ ਜੀ ਹੈ ਤੇ ਅੱਗੇ-ਅੱਗੇ ਵਿਸ਼ਨੂੰ (ਇਸਤ੍ਰੀ ਰੂਪ ਵਿਚ) ਨੱਠਿਆ ਜਾਂਦਾ ਹੈ। ਮਹਾਰਾਜ ਕਹਿੰਦੇ, ਹੋਰ ਕਿਸ ਦੀ ਗੱਲ ਕਰਨੀ ਹੈ ਪ੍ਰੇਮੀਓ! -

***ਤੀਨਿ ਦੇਵ ਅਰੁ ਕੋੜਿ ਤੇਤੀਸਾ***
***ਤਿਨ ਕੀ ਹੈਰਤ ਕਛੁ ਨ ਰਹੀ॥*** ***ਪੰਨਾ - 498***

ਪਰ ਕਹਿੰਦੇ ਜੇ ਮਾਇਆ ਕਾਬੂ ਆਉਂਦੀ ਹੈ ਤਾਂ ਕੇਵਲ ਸੰਤਾਂ ਦੇ ਆਉਂਦੀ ਹੈ।

*ਧਾਰਨਾ- ਦਾਸੀ ਹੋ ਕੇ ਕਾਰ ਕਮਾਵੇ,*
*ਮਾਇਆ ਸਾਧੂਆਂ ਦੀ -2, 2.*
*ਮਾਇਆ ਸਾਧੂਆਂ ਦੀ -2, 2.*
*ਦਾਸੀ ਹੋ ਕੇ ਕਾਰ ਕਮਾਵੇ,............ -2.*

ਕਹਿੰਦੀ ਹੋਰ ਸਾਰਿਆਂ ਦੀ ਤਾਂ ਮੈਂ ਭੈਣ-ਭਾਣਜੀ ਲਗਦੀ ਹਾਂ ਪਰ ਮੈਂ ਚੇਰੀ ਓਹਦੀ ਹਾਂ ਜਿਸ ਨੇ ਮੈਨੂੰ ਬੰਨ੍ਹ ਲਿਆ। ਉਸ ਦੀ ਮੈਂ ਸੇਵਾ ਕਰਦੀ ਫਿਰਦੀ ਹਾਂ।

*ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥*
*ਚਰਣੀ ਲਾਗੈ ਤਾ ਮਹਲੁ ਪਾਵੈ॥*
*ਸਦ ਹੀ ਨਿਰਮਲੁ ਸਹਜਿ ਸਮਾਵੈ॥* *ਪੰਨਾ - 231*

ਉਸ ਦਾ ਛੁਟਕਾਰਾ ਹੀ ਨਹੀਂ ਹੁੰਦਾ ਤੇ ਉਸ ਦਾ ਉਧਾਰ ਹੀ ਨਹੀਂ ਹੁੰਦਾ ਜਦੋਂ ਤੱਕ ਸੰਤਾਂ ਦੇ ਚਰਨੀ ਨਹੀਂ ਲਗਦੀ -

*ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ॥*
*ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ॥* *ਪੰਨਾ - 90*

ਤੁਰੀ ਫਿਰਦੀ ਹੈ ਅੱਗੇ-ਅੱਗ -

*ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥*
*ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ॥*
*ਭਾਈ ਮੀਤ ਕੁਟੰਬ ਦੇਖਿ ਬਿਬਾਦੇ॥*
*ਹਮ ਆਈ ਵਸਗਤਿ ਗੁਰ ਪਰਸਾਦੇ॥* *ਪੰਨਾ - 370*

ਜਿਸ ਦੇ ਉੱਤੇ ਗੁਰੂ ਦੀ ਕਿਰਪਾ ਹੋਵੇ, ਉਸ ਦੇ ਵਸ ਆਉਂਦੀ ਹੈ।

*ਐਸਾ ਦੇਖਿ ਬਿਮੋਹਿਤ ਹੋਏ॥*
*ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ॥* *ਪੰਨਾ - 370*

ਸੰਤਾਂ ਤੋਂ ਬਗੈਰ ਬਾਕੀ ਸਾਰੇ ਧੋਖਾ ਖਾ ਗਏ। ਕੋਈ ਇਕ-ਅੱਧਾ ਨਹੀਂ, ਸਾਰਾ ਸੰਸਾਰ ਮਾਇਆ ਦਾ ਧੋਖਾ ਖਾਈ ਬੈਠਾ ਹੈ। ਹੈ ਤਾਂ ਇਥੇ ਵਾਹਿਗੁਰੂ ਪਰ ਨਜ਼ਰ ਕਿਉਂ ਨਹੀਂ ਆਉਂਦਾ? ਨਜ਼ਰ ਨਹੀਂ ਆਉਣ ਦਿੰਦੀ-

*ਇਕਿ ਫਿਰਹਿ ਉਦਾਸੀ ਤਿਨ ਕਾਮਿ ਵਿਆਪੈ॥*
*ਇਕਿ ਸੰਚਹਿ ਗਿਰਹੀ ਤਿਨ ਹੋਇ ਨ ਆਪੈ॥* *ਪੰਨਾ - 370*

ਘਰ ਛੱਡ ਦਿੱਤਾ, ਸਭ ਕੁਝ ਛੱਡ ਦਿੱਤਾ ਪਰ ਕਾਮ ਨਹੀਂ ਉਨ੍ਹਾਂ ਦਾ ਖਹਿੜਾ ਛੱਡਦਾ।

ਇਕ ਪੈਸਾ ਇਕੱਠਾ ਕਰਦੇ ਨੇ, ਜਮ੍ਹਾਂ ਕਰਦੇ ਨੇ, ਬੈਂਕਾਂ 'ਚ ਭਰਦੇ ਨੇ, ਕਹਿੰਦੇ ਉਨ੍ਹਾਂ ਦੀ ਇਹ ਬਣਦੀ ਨਹੀਂ ਹੈ।

*ਇਕਿ ਸਤੀ ਕਹਾਵਹਿ ਤਿਨ ਬਹੁਤੁ ਕਲਪਾਵੈ॥*
*ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ॥*
*ਤਪੁ ਕਰਤੇ ਤਪਸੀ ਭੂਲਾਏ॥*
*ਪੰਡਿਤ ਮੋਹੇ ਲੋਭਿ ਸਬਾਏ॥* *ਪੰਨਾ - 370*

ਕਹਿੰਦੇ ਸਾਰੇ ਹੀ ਕਿੰਨੇ ਮੋਹੇ ਹੋਏ ਨੇ ਸਾਧ ਸੰਗਤ ਜੀ! ਰਾਗੀਆਂ ਤੋਂ ਕੀਰਤਨ ਕਰਾਉਂਦੇ ਨੇ। ਮੈਨੂੰ ਇਕ ਪ੍ਰੇਮੀ ਦੱਸੇ ਕਿ ਅਸੀਂ ਕੀਰਤਨ ਦਰਬਾਰ ਕਰਿਆ ਸੀ, ਤੁਸੀਂ ਨਹੀਂ ਆਏ। ਮੈਂ ਕਿਹਾ, "ਮੈਂ ਕੀ ਕਰਨਾ ਹੈ ਰਾਗੀਆਂ 'ਚ ਆ ਕੇ। ਸਾਡਾ ਤਾਂ ਸਿੱਧਾ-ਜਿਹਾ ਕੰਮ ਹੈ। ਅਸੀਂ ਤਾਂ ਸਭ ਇਕੱਠੇ ਹੋ ਕੇ ਬੋਲਦੇ

ਹਾਂ।"

ਕਹਿੰਦਾ, ਤੁਸੀਂ ਜ਼ਰੂਰ ਆਉਣਾ ਸੀ।"

ਮੈਂ ਕਿਹਾ, "ਮੈਂ ਤਾਂ ਇਥੇ ਨਹੀਂ ਸੀ।"

ਕਹਿੰਦਾ, "ਘਰ ਗਏ ਸੀ।"

ਮੈਂ ਕਿਹਾ, "ਖਰਚ ਕੀ ਕਰਿਆ? ਕੀਰਤਨ ਦਰਬਾਰ ਦਾ ਤਾਂ ਖਰਚ, ਮੈਂ ਸੁਣਿਆ ਸੀ, ਬਹੁਤ ਆਉਂਦਾ ਹੈ।"

ਉਹ ਕਹਿੰਦਾ, "ਇਕ ਰਾਗੀ ਕੋਲ ਗਏ, ਉਹ ਕਹਿੰਦਾ ਇਕ ਘੰਟੇ ਦਾ ਮੇਰਾ 5000/-ਰੁ: ਹੈ। ਜਦੋਂ ਦੂਜੇ ਕੋਲ ਗਿਆ ਉਸ ਨੇ ਵੀ ਕਿਹਾ ਮੇਰਾ 5000/- ਰੁਪਏ ਮੁੱਲ ਹੈ - ਉਹ ਵੱਡੇ ਰਾਗੀ ਨੇ ਸਾਰੇ ਪੰਥ ਵਿਚ। ਤੀਸਰੇ ਕੋਲ ਗਿਆ ਉਹ ਕਹਿੰਦਾ ਦੇਖ ਕਾਕਾ! ਇਕ ਘੰਟੇ ਦੇ 3200/- ਰੁਪਏ ਲੈਂਦਾ ਹਾਂ, ਇਸ ਤੋਂ ਘੱਟ ਚੌਥੇ ਕੋਲ ਗਿਆ, ਉਹ ਕਹਿੰਦਾ ਮੇਰਾ ਤਾਂ ਇਕ ਘੰਟੇ ਦਾ 3000/- ਰੇਟ ਹੈ।"

ਮੈਂ ਕਿਹਾ, "ਫੇਰ ਪੈਸੇ ਕਿਵੇਂ ਦੇ ਦਿੱਤੇ?"

ਕਹਿੰਦਾ, "ਪੈਸੇ ਦੀ ਕੀ ਕਹਾਣੀ ਹੈ, ਸੰਗਤ ਬਹੁਤ ਆ ਜਾਂਦੀ ਹੈ। ਚੜ੍ਹਾਵੇ ਦਾ ਅਸੀਂ ਹਿਸਾਬ ਲਾਇਆ ਕਿ ਔਸਤ ਕੀ ਬਣਦੀ ਹੈ - ਸਾਰੇ ਪੈਸਿਆਂ ਦੀ, ਪੱਲਿਓਂ ਤਾਂ ਅਸੀਂ ਦੇਣੇ ਨਹੀਂ ਤੇ ਅਸੀਂ ਔਸਤ ਕੱਢੀ ਤਾਂ 3000/- ਵਾਲੇ ਨੂੰ 2000/- ਬਣੀ, 5000/- ਵਾਲੇ ਨੂੰ 3,500/- ਬਣੀ। ਅਸੀਂ ਢੇਰੀ ਲਾ ਕੇ ਰੱਖੀ ਗਏ ਤੇ ਕਿਹਾ ਕਿ ਮਹਾਰਾਜ! ਇਸ ਤੋਂ ਵੱਧ ਸਾਡੇ ਕੋਲ ਹੁਣ ਹੈ ਹੀ ਨਹੀਂ। ਹੁਣ ਕੀਰਤਨ ਤਾਂ ਅਸੀਂ ਕਰਾ ਲਿਆ ਸੀ, ਅਸੀਂ ਕਿਹਾ ਹੁਣ ਕੀ ਕਰ ਲੈਣਗੇ ਇਹ? ਤੇ ਉਹ ਚੁੱਪ ਕਰਕੇ ਚੁੱਕੀ ਗਏ, ਹਾਂ! ਪਹਿਲਾਂ ਤਾਂ ਕਹੀ ਗਏ ਕਿ ਮੈਂ ਨਹੀਂ ਘੱਟ ਲੈਣਾ, ਰੇਟ ਮੇਰਾ ਪੱਕਾ ਹੈ।"

ਸੋ ਮਹਾਰਾਜ ਕਹਿੰਦੇ ਐਸ ਤਰ੍ਹਾਂ ਭੁਲਾਉਂਦੀ ਹੈ ਪ੍ਰੇਮੀਓ, ਇਹ ਕਿ ਕਥਾਕਾਰ ਕਥਾ ਕਰਨਗੇ ਲੋਕਾਂ ਨੂੰ ਪੈਸੇ ਵਿਚੋਂ ਕੱਢਣ ਦੀ, ਲੇਕਿਨ ਆਪਣਾ ਮੁੱਲ ਬੰਨ੍ਹਿਆ ਹੁੰਦਾ ਹੈ।

***ਤ੍ਰੈ ਗੁਣ ਮੋਹੇ ਮੋਹਿਆ ਆਕਾਸੁ॥***
***ਹਮ ਸਤਿਗੁਰ ਰਾਖੇ ਦੇ ਕਰਿ ਹਾਥੁ॥*** ***ਪੰਨਾ - 370***

ਕਹਿੰਦੇ ਮਾਇਆ ਨੇ ਤਾਂ ਆਕਾਸ਼ ਵੀ ਮੋਹ ਲਿਆ। ਰਜੋ ਗੁਣ, ਸਤੋ ਗੁਣ, ਤਮੋ ਗੁਣ ਤਿੰਨਾਂ ਗੁਣਾਂ 'ਚ ਸਾਰੇ ਹੀ ਦੇਵਤੇ ਮੋਹੇ ਪਏ ਨੇ -

***ਗਿਆਨੀ ਕੀ ਹੋਇ ਵਰਤੀ ਦਾਸਿ॥***
***ਕਰਿ ਜੋੜੇ ਸੇਵਾ ਕਰੇ ਅਰਦਾਸਿ॥*** ***ਪੰਨਾ - 370***

ਜਿਨ੍ਹਾਂ ਨੂੰ ਗਿਆਨ ਹੋ ਗਿਆ, ਉਨ੍ਹਾਂ ਦੀ ਦਾਸੀ ਹੋ ਕੇ ਵਰਤਦੀ ਹੈ ਅਤੇ ਅਰਦਾਸਾਂ ਕਰਦੀ ਹੈ -

***ਜੋ ਤੂੰ ਕਹਹਿ ਸੁ ਕਾਰ ਕਮਾਵਾ॥***
***ਜਨ ਨਾਨਕ ਗੁਰਮੁਖ ਨੇੜਿ ਨ ਆਵਾ॥*** ***ਪੰਨਾ - 370***

ਜਿਹੜਾ ਕੁਝ ਕਹੇ ਮੈਂ ਉਹ ਕੰਮ ਕਰਾਂਗੀ। ਮੈਂ ਤੈਨੂੰ ਧੋਖਾ ਨਹੀਂ ਦੇਵਾਂਗੀ। ਇਸ ਦਾ ਇਹ ਮਤਲਬ ਨਹੀਂ ਕਿ ਇਸਤ੍ਰੀ ਮਾਇਆ ਹੁੰਦੀ ਹੈ। ਇਸਤ੍ਰੀ ਵਾਸਤੇ ਪਤੀ ਵੀ ਮਾਇਆ ਹੁੰਦਾ ਹੈ ਜੇ ਉਹ ਗਲਤ ਹੋਵੇ। ਜੇ ਇਸਤ੍ਰੀ ਸਾਥ ਦੇਵੇ ਤਾਂ ਭਜਨ-ਬੰਦਗੀ, ਸੇਵਾ ਸਭ ਕੁਝ ਹੋ ਸਕਦਾ ਹੈ। ਜੇ ਇਸਤ੍ਰੀ ਸਾਥ ਨ ਦੇਵੇ ਤਾਂ ਸਭ ਕੁਝ ਕਰਦੇ-ਕਰਾਉਂਦੇ ਨੂੰ ਖਰਾਬ ਕਰ ਸਕਦੀ ਹੈ।

ਇਕ ਵਾਰੀ ਇਕ ਮਹਾਤਮਾ ਨੂੰ ਉਸ ਦੇ ਘਰਵਾਲੀ ਕਹਿਣ ਲੱਗੀ ਕਿ ਸੰਤ ਜੀ! ਜੇ ਤੁਹਾਡੀ ਮਦਦ ਮੈਂ ਨਾ ਕਰਾਂ ਤਾਂ ਤੁਹਾਨੂੰ ਕੋਈ ਨਾ ਪੁਛੇ। ਇਹ ਤਾਂ ਮੇਰੀ ਹੀ ਮਿਹਰਬਾਨੀ ਹੈ ਕਿ ਮੈਂ ਤੁਹਾਨੂੰ ਸੰਤ ਬਣਾਇਆ ਹੋਇਆ ਹੈ।

ਕਹਿੰਦੇ, "ਤੂੰ ਕੀ ਕਰ ਸਕਦੀ ਹੈਂ?"

ਕਹਿੰਦੀ, "ਮੈਂ ਤੁਹਾਨੂੰ ਕਰਕੇ ਦਿਖਾ ਦਿੰਦੀ ਹਾਂ, ਗੁੱਸੇ ਨਾ ਹੋਇਓ।"

ਕਹਿੰਦੇ, "ਜਾਹ! ਮੈਂ ਤੈਨੂੰ ਮਾਫ ਕਰਿਆ।"

ਕਹਿੰਦੀ, "ਤੁਸੀਂ ਗੁੱਸੇ ਹੋ ਜਾਣਾ ਹੈ, ਮੈਂ ਕਰ ਤਾਂ ਦਿੰਦੀ ਹਾਂ। ਮੈਂ ਕੀ ਹੈ ਦੋ ਗੱਲਾਂ ਕਰਨੀਆਂ ਨੇ ਇੰਨੇ ਨਾਲ ਹੀ ਤੁਹਾਡਾ ਕੁਝ ਤੇ ਕੁਝ ਬਣ ਜਾਏਗਾ।"

ਕਹਿੰਦਾ, "ਕਰਕੇ ਦੇਖ ਲੈ।"

ਉਹ ਕਹਿੰਦੀ, "ਚੰਗਾ! ਗੁੱਸੇ ਨਾ ਹੋਇਓ ਫੇਰ।"

ਉਸ ਨੇ ਕੀ ਕਰਿਆ, ਬਜ਼ਾਰ ਵਿਚ ਜਾ ਕੇ ਇਕ ਮੋਹਲਾ ਖਰੀਦ ਲਿਆ ਤੇ ਇਕ ਰੱਸਾ ਖਰੀਦ ਲਿਆਂਦਾ। ਇਕ ਸੰਤ ਆ ਗਏ – ਉਨ੍ਹਾਂ ਦੇ ਜਾਣ-ਪਛਾਣ ਵਾਲੇ, ਜਿਹੜੇ ਰੋਜ਼ ਹੀ ਆਉਂਦੇ ਸੀ।

ਉਹ ਕਹਿੰਦੇ, "ਸੰਤ ਜੀ! ਕਿਥੇ ਗਏ ਨੇ?"

ਇਹ ਢਿੱਲਾ ਜਿਹਾ ਬੋਲੀ।

ਉਹ ਕਹਿੰਦੇ, "ਕੀ ਗੱਲ ਬੀਬੀ! ਢਿੱਲਾ ਜਿਹਾ ਬੋਲੀ ਹੈਂ ਤੂੰ?"

ਕਹਿੰਦੀ, "ਮੈਂ ਕੀ ਦੱਸਾਂ! ਸੰਤਾਂ ਦਾ ਤਾਂ ਸਾਰਾ ਤੌਰ-ਤਰੀਕਾ ਹੀ ਬਦਲ ਗਿਆ।"

ਕਹਿੰਦੇ, "ਕੀ ਬਦਲ ਗਿਆ?"

ਕਹਿੰਦੀ, "ਦੇਖੋ! ਅੱਗੇ ਕਿੰਨੀ ਸੇਵਾ ਕਰਦੇ ਸੀ, ਮੈਂ ਵੀ ਸੇਵਾ ਕਰਦੀ ਸੀ। ਹੁਣ ਮੈਨੂੰ ਕਹਿ ਦਿੱਤਾ ਕਿ ਸੰਤ ਨੂੰ ਆਏ ਨੂੰ ਪਾਣੀ ਵੀ ਨਾ ਪੁੱਛੀਂ, ਪਰਸ਼ਾਦਾ ਨਾ ਪੁੱਛੀਂ, ਨਹੀਂ ਤੈਨੂੰ ਕੁਟਾਂਗਾ ਮੈਂ ਤੇ ਹੁਣ ਜਿਹੜੇ ਵੀ ਸੰਤ ਆਉਂਦੇ ਨੇ, ਆਪ ਮੋਹਲਾ ਲੈ ਲੈਂਦੇ ਨੇ ਤੇ ਰੱਸੇ ਨਾਲ ਬੰਨ੍ਹ ਕੇ ਕੁੱਟਦੇ ਨੇ, ਕਈ ਵਿਚਾਰਿਆਂ ਦੇ ਹੱਡ ਤੋੜ ਦਿੱਤੇ, ਮੈਂ ਮਸਾਂ ਛਡਾਉਂਦੀ ਹਾਂ ਤੇ ਹੁਣ ਆਉਣ ਵਾਲੇ ਹੀ ਨੇ।"

ਉਧਰੋਂ ਉਹ ਆ ਰਹੇ ਸੀ, ਉਸ ਨੇ ਦੇਖ ਲਏ। ਉਹ ਕਾਹਲੀ-ਕਾਹਲੀ ਦੂਜੇ ਰਸਤੇ ਭੱਜ ਚਲਿਆ। ਇੰਨੇ ਨੂੰ ਸੰਤ ਜੀ ਵੀ ਆ ਗਏ।

ਕਹਿੰਦੇ, "ਕੋਈ ਮਹਾਤਮਾ ਤਾਂ ਨਹੀਂ ਆਏ?"

ਕਹਿੰਦੀ, "ਆਏ ਸੀ।"

ਕਹਿੰਦੇ, "ਪ੍ਰਸ਼ਾਦ-ਪਾਣੀ ਛਕਿਆ ਉਨ੍ਹਾਂ ਨੇ?"

ਕਹਿੰਦੀ, "ਉਹ ਕਹਿੰਦੇ ਪ੍ਰਸ਼ਾਦ-ਪਾਣੀ ਤਾਂ ਅਸੀਂ ਛਕਣਾ ਨਹੀਂ, ਆਹ ਮੋਹਲਾ ਤੇ ਰੱਸੀ ਮੰਗਦੇ ਸੀ, ਮੈਂ ਲੈ ਕੇ ਆਈ ਹਾਂ ਤੇ ਜਰਾ ਕੁ ਦੇਰ ਹੋ ਗਈ ਤੇ ਕਹਿੰਦੇ ਦੇਰ ਕਿਉਂ ਕਰੀ ਹੈ ਤੇ ਇਉਂ ਮਰੋੜਾ ਜਿਹਾ ਮਾਰ ਕੇ ਤੁਰ ਗਏ ਨੇ। ਔਹ ਜਾਂਦੇ ਨੇ।"

ਸੰਤਾਂ ਨੇ ਜਿਉਂ ਚੁਕਿਆ ਮੋਹਲਾ ਤੇ ਰੱਸਾ, ਤੇ ਮਗਰ ਭੱਜ ਲਏ ਤੇ ਹਾਕਾਂ ਮਾਰਦੇ ਜਾਂਦੇ ਨੇ ਕਿ ਸੰਤ ਜੀ! ਠਹਿਰ ਜਾਓ-ਠਹਿਰ ਜਾਓ। ਉਸ ਨੇ ਦੇਖਿਆ ਕਿ ਮੋਹਲਾ ਹੱਥ ਵਿਚ ਹੈ ਤੇ ਰੱਸਾ ਵੀ ਫੜੀ ਆਉਂਦਾ ਹੈ, ਇਹ ਤਾਂ ਅੱਜ ਭੰਨੇਗਾ ਮੈਨੂੰ। ਉਹ ਸੰਤ ਮੋਹਰੇ-ਮੋਹਰੇ ਤੇ ਦੂਜੇ ਪਿਛੇ-ਪਿਛੇ, ਅਖੀਰ ਹਫ ਗਏ ਨੱਠ-ਨੱਠ ਕੇ।

ਉਹ ਕਹਿੰਦੇ, "ਲੈ ਬਈ! ਤੂੰ ਮੇਰੇ ਸਿਰ ਵਿਚ ਨਾ ਮਾਰੀਂ, ਦੇਖੀਂ ਕਿਤੇ, ਤੇ ਮੈਨੂੰ ਬੰਨ੍ਹੀਂ ਨਾ; ਤੈਨੂੰ ਕੀ ਹੋ ਗਿਆ?"

ਕਹਿੰਦੇ, "ਗੱਲ ਕੀ ਹੈ? ਤੁਸੀਂ ਨਾਲੇ ਮੋਹਲਾ ਮੰਗਿਆ ਹੈ ਤੇ ਨਾਲੇ ਰੱਸਾ ਮੰਗਿਆ ਹੈ ਤੇ ਹੁਣ ਤੁਸੀਂ ਛੱਡ ਕੇ ਕਿਉਂ ਜਾ ਰਹੇ ਹੋ? ਜੇ ਦੇਰ ਹੋ ਗਈ ਤਾਂ ਕੀ ਫਰਕ ਪੈਂਦਾ ਹੈ? ਉਹ ਲੈ ਤਾਂ ਆਈ ਤੇ ਤੁਸੀਂ ਗੁੱਸਾ ਕਰਕੇ ਆ ਗਏ।"

ਉਹ ਕਹਿੰਦੇ, "ਮੈਂ ਨਹੀਂ ਗੁੱਸਾ ਕਰਕੇ ਆਇਆ। ਉਹ ਤਾਂ ਕਹਿੰਦੀ ਸੀ ਕਿ ਸੰਤ ਜੀ ਅੱਜ-ਕੱਲ੍ਹ ਪਹਿਲਾਂ ਬੰਨ੍ਹ ਲੈਂਦੇ ਨੇ ਰੱਸੇ ਨਾਲ, ਫੇਰ ਮੋਹਲਿਆਂ ਨਾਲ ਕੁੱਟਦੇ ਨੇ।"

ਕਹਿੰਦੇ, "ਅੱਛਾ! ਕੰਮ ਤਾਂ ਬਹੁਤ ਬੁਰਾ ਕਰਿਆ।" ਵਾਪਸ ਆ ਗਏ।

ਕਹਿੰਦੇ, "ਤੂੰ ਇਹ ਕੀ ਗੱਲ ਕਰੀ ਹੈ?"

ਕਹਿੰਦੀ, "ਮੈਂ ਤੁਹਾਨੂੰ ਦੱਸ ਦਿੱਤਾ ਸੀ ਨਾ ਕਿ ਤੁਸੀਂ ਮੈਨੂੰ ਮਾਇਆ-ਮਾਇਆ ਕਰੀ ਜਾਂਦੇ ਹੋ। ਜੇ ਮੈਂ ਮਾਇਆ ਬਣ ਜਾਵਾਂ ਤਾਂ ਤੁਹਾਡਾ ਸੰਤਪੁਣਾ ਕੁਝ ਨਾ ਚੱਲੇ, ਮੈਂ ਤੁਹਾਨੂੰ ਦੋ ਦਿਨਾਂ ਵਿਚ ਬਦਨਾਮ ਕਰਕੇ ਰੱਖ ਦਿੰਦੀ ਹਾਂ। ਗੱਲਾਂ ਹੀ ਕਰਨੀਆਂ ਨੇ।"

ਸੋ ਇਸ ਤਰ੍ਹਾਂ ਇਹ ਸਹਾਇਤਾ ਵੀ ਕਰਦੀ ਹੈ ਸਾਧ ਸੰਗਤ ਜੀ! ਸੰਤਾਂ ਦੇ ਕੋਲ ਆਹ ਗੱਡੀਆਂ ਨੇ, ਉਹ ਛੇਤੀ-ਛੇਤੀ ਜਾ ਸਕਦੇ ਨੇ। ਇਕ-ਇਕ ਦਿਨ ਵਿਚ ਕਈ-ਕਈ ਦੀਵਾਨ ਲਾ ਸਕਦੇ ਨੇ। ਜੇ ਨਾ ਹੋਣ ਤਾਂ ਪੈਦਲ ਤੁਰਨਾ ਤੇ ਵਾਜੇ ਚੁਕਣੇ ਹੀ ਔਖੇ ਹੋ ਜਾਂਦੇ ਨੇ। ਸੋ ਐਸਾ ਨਹੀਂ ਕਿ ਇਹ ਮਾੜੀ ਹੈ ਸਹੀ ਖਰਚੀ ਹੋਈ ਇਹ ਸਹਾਇਕ ਹੈ, ਰੱਬ ਨੂੰ ਮਿਲਾ ਦਿੰਦੀ ਹੈ। ਇਸ ਦੀ ਗਲਤ ਵਰਤੋਂ ਹੋਵੇ ਤਾਂ ਇਹ ਪ੍ਰਮੇਸ਼ਰ ਤੋਂ ਤੋੜ ਦਿੰਦੀ ਹੈ ਪਰ ਇਕ ਮਾਇਆ ਹੋਰ ਹੈ। ਇਹ ਤਾਂ ਪੈਸੇ ਦੀ ਗੱਲ ਹੈ, ਇਸਤ੍ਰੀ ਦੀ ਗੱਲ ਹੈ। ਇਸ ਤੋਂ ਬਿਨਾਂ ਇਕ ਮਾਇਆ ਹੋਰ ਹੈ ਜਿਹੜੀ ਦਿਸਦੀ ਨਹੀਂ ਹੈ ਅੱਖਾਂ ਨਾਲ, ਉਸ ਨੂੰ ਅਗਿਆਨ ਕਹਿੰਦੇ ਨੇ। ਉਸ ਨੇ ਸਭ ਤੋਂ ਬੁਰਾ ਕੰਮ ਇਹ ਕਰਿਆ ਹੋਇਆ ਹੈ ਕਿ ਵਾਹਿਗੁਰੂ ਨਾਲ ਪਿਆਰ ਨਹੀਂ ਪੈਣ ਦਿੰਦੀ ਆਪਣੇ ਨਾਲ ਹੀ ਰੱਖਦੀ ਹੈ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥ ਪੰਨਾ - 857***

ਮਹਾਰਾਜ ਕਹਿੰਦੇ, ਆਹ ਜਿਹੜੀ ਮਾਇਆ ਹੈ, ਇਹ ਸਾਰਿਆਂ ਨਾਲੋਂ ਖਤਰਨਾਕ ਹੈ। ਵਾਹਿਗੁਰੂ ਹਾਜ਼ਰ-ਨਾਜ਼ਰ ਹੈ ਤੁਹਾਡੇ ਵਿਚ ਮੇਰੇ ਵਿਚ, ਆਪਾਂ ਰਹਿੰਦੇ ਹੀ ਵਾਹਿਗੁਰੂ ਵਿਚ ਹਾਂ।

ਗੁਰੂ ਨਾਨਕ ਪਾਤਿਸ਼ਾਹ ਲਾਹੌਰ ਰਾਵੀ ਦੇ ਕੰਢੇ ਬੈਠੇ ਨੇ। ਸੰਗਤਾਂ ਆਉਂਦੀਆਂ ਨੇ ਤੇ ਉਨ੍ਹਾਂ ਵਿਚ ਮਹਾਰਾਜ ਕੋਲ ਇਕ ਬੱਚਾ ਨੌਜਵਾਨ 21 ਸਾਲ ਦਾ ਆਉਂਦਾ ਹੈ ਤੇ ਬੜੀ ਸੇਵਾ ਕਰਦਾ ਹੈ ਤੇ ਉਸ ਦਾ ਨਾਉਂ ਮੁਲਤਾਨੀ ਮੱਲ ਹੈ। ਇਕ ਦਿਨ ਸੰਗਤ ਤੋਂ ਪਿਛੇ ਰਹਿ ਗਿਆ।

ਕਹਿੰਦਾ, "ਸੱਚੇ ਪਾਤਸ਼ਾਹ! ਮੈਨੂੰ ਮਾਇਆ-ਮਾਇਆ ਕਰੀ ਜਾਂਦੇ ਨੇ, ਤੁਸੀਂ ਵੀ ਮਾਇਆ ਕਹਿੰਦੇ ਹੋ, ਸੰਤ ਵੀ ਕਹਿੰਦੇ ਨੇ, ਦਿਖਾ ਤਾਂ ਦਿਓ ਕਿਹੋ-ਜਿਹੀ ਹੁੰਦੀ ਹੈ?"

ਮਹਾਰਾਜ ਕਹਿੰਦੇ, "ਕੀ ਕਰਨੈ ਦੇਖ ਕੇ? ਉਸ ਦੇ ਵਿਚ ਭੁੱਲ ਜਾਂਦਾ ਹੈ, ਹੋਰ ਕੀ ਹੈ।" ਮਾਇਆ ਦਾ ਲੱਛਣ ਇਹੀ ਹੈ -

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥ ਪੰਨਾ - 921***

ਮਾਇਆ ਕਰਕੇ ਜੀਵ ਨੂੰ ਆਪਣਾ ਨਹੀਂ ਪਤਾ ਰਹਿੰਦਾ ਕਿ ਮੈਂ ਕੌਣ ਹਾਂ, ਆਹ ਸਰੀਰ ਸਮਝੀ ਜਾਂਦਾ ਹੈ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦਾ। ਇਸ ਨੂੰ ਨਹੀਂ ਪਤਾ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਪੰਨਾ - 441***

ਕਿੰਨਾ ਹੀ ਸਮਝਾਈ ਜਾਉ, ਸਮਝਦਾ ਹੀ ਨਹੀਂ। ਹਰ ਰੋਜ਼ ਮਹਾਰਾਜ ਨੂੰ ਆਹੀ ਗੱਲ ਕਹਿੰਦਾ ਹੈ ਕਿ ਮਹਾਰਾਜ! ਮਾਇਆ ਤਾਂ ਦਿਖਾ ਦਿਓ।

ਮਹਾਰਾਜ ਕਹਿੰਦੇ, "ਜਾਹ! ਇਸ਼ਨਾਨ ਕਰ ਆ।"

ਰਾਵੀ ਦੇ ਕੰਢੇ ਬੈਠੇ ਸੀ। ਕੱਪੜੇ ਲਾਹ ਕੇ ਰੱਖ ਦਿੱਤੇ ਕਿ ਮਹਾਰਾਜ ਇਹ ਮੇਰੇ ਬਸਤ੍ਰ ਨੇ, ਆਹ ਕਮੰਡਲ ਹੈ। ਨਾਲ ਸਾਥੀ ਇਸ਼ਨਾਨ ਕਰਦੇ ਸੀ, ਦੋਸਤ ਸੀ, ਉਨ੍ਹਾਂ ਨੂੰ ਕਹਿੰਦਾ, "ਲੈ ਭਾਈ ਆਹ ਮੇਰੇ ਕੱਪੜੇ ਸਾਂਭਿਓ।"

ਉਹ ਕਹਿੰਦੇ, "ਫਿਕਰ ਨਾ ਕਰ।"

ਉਹ ਜਦੋਂ ਪਾਣੀ ਵਿਚ ਵੜਿਆ ਤਾਂ ਉਸੇ ਵੇਲੇ ਇਕ ਮੱਛ ਨੇ ਨਿਗਲ ਲਿਆ। ਮੱਛ ਚੱਲ ਪਿਆ ਰਾਵੀ ਦੇ ਨਾਲ ਮੁਲਤਾਨ ਜਾ ਕੇ ਨਿਕਲਿਆ। ਉਥੇ ਜਾ ਕੇ ਮੂੰਹ ਵਿਚੋਂ ਛੋਟਾ ਜਿਹਾ ਬੱਚਾ ਬਣਾ ਕੇ ਕੱਢ ਦਿੱਤਾ, ਨਿਕਾ ਜਿਹਾ। ਉਥੇ ਸੇਠ ਤੇ ਸੇਠਾਣੀ ਨਹਾਉਣ ਆਏ ਹੋਏ ਸੀ। ਉਨ੍ਹਾਂ ਨੇ ਦੇਖਿਆ ਕਿ ਆਹ ਬੱਚਾ ਕੰਢੇ ਤੇ ਪਿਆ ਰੋਂਦਾ ਹੈ। ਸਾਡੇ ਔਲਾਦ ਨਹੀਂ, ਅਸੀਂ ਕਿਉਂ ਨਾ ਇਸ ਨੂੰ ਆਪਣਾ ਪੁੱਤਰ ਬਣਾ ਲਈਏ। ਉਨ੍ਹਾਂ ਨੇ ਉਸ ਨੂੰ ਆਪਣਾ ਪੁੱਤਰ ਬਣਾ ਲਿਆ, ਪੜ੍ਹਾਇਆ-ਲਿਖਾਇਆ ਤੇ ਉਨ੍ਹਾਂ ਨੇ ਵੀ ਨਾਉਂ ਮੁਲਤਾਨੀ-ਮੱਲ ਹੀ ਰੱਖ ਦਿੱਤਾ। ਵਿਆਹ ਕਰ ਦਿੱਤਾ ਤੇ ਇਧਰ ਵੀ ਵਿਆਹ ਹੋਇਆ-ਹੋਇਆ ਸੀ ਜਿਥੇ ਮਰਿਆ ਸੀ, ਉਧਰ ਵਿਆਹ ਕਰ ਦਿੱਤਾ, ਬੱਚੇ ਹੋ ਗਏ ਤੇ ਪਿਤਾ ਨੇ ਕਿਹਾ ਕਿ ਬੇਟਾ! ਹੁਣ ਤੂੰ ਕੰਮ ਕਰਿਆ ਕਰ। ਬੜਾ-ਸੋਝੀਵਾਨ ਸੀ, ਬੜਾ ਵਪਾਰ ਚਲਾਇਆ ਤੇ ਈਮਾਨਦਾਰ ਐਨਾ ਕਿ ਲੋਕ ਅਮਾਨਤਾਂ ਰੱਖਦੇ ਸੀ।

ਇਕ ਹਰੀ ਰਾਮ ਸੰਤ ਸੀ, ਉਨ੍ਹਾਂ ਨੇ ਆ ਕੇ ਇਸ ਦੇ ਕੋਲ 100 ਮੋਹਰ ਰੱਖ ਦਿੱਤੀ। ਕਹਿੰਦੇ, "ਲੈ ਭਾਈ ਮੁਲਤਾਨੀ ਮੱਲ! ਮੈਂ ਜਾਣਾ ਹੈ ਤੀਰਥ-ਯਾਤਰਾ ਕਰਨ। ਜੇ ਤਾਂ ਮੈਂ ਜੀਉਂਦਾ ਆ ਗਿਆ, ਫੇਰ ਤਾਂ ਮੈਂ ਲੈ ਲਵਾਂਗਾ, ਜੇ ਮਰ ਗਿਆ ਤਾਂ ਤੂੰ ਇਨ੍ਹਾਂ ਨੂੰ ਪੁੰਨ-ਦਾਨ ਕਰ ਦੇਈਂ। ਆਪ ਨਾ ਰੱਖੀਂ।"

ਉਹ ਕਹਿੰਦਾ, "ਠੀਕ ਹੈ।" ਉਹ ਪੇਟੀ ਦੇ ਥੱਲੇ ਰੱਖ ਦਿੱਤੀ। 21 ਸਾਲ ਦਾ ਹੋ ਗਿਆ ਤੇ ਇਕ ਦਿਨ ਇਸ਼ਨਾਨ ਕਰਨ ਜਾਂਦਾ ਹੈ ਤੇ ਪਾਣੀ ਵਿਚ ਡੁੱਬ ਗਿਆ ਤੇ ਮੱਛ ਨੇ ਨਿਗਲ ਲਿਆ ਤੇ ਲਿਆ ਕੇ ਲਾਹੌਰ ਕੱਢ ਦਿੱਤਾ। ਜਦੋਂ ਪਾਣੀ ਤੋਂ ਬਾਹਰ ਕੱਢਿਆ ਤਾਂ ਡੌਰ-ਭੌਰ ਹੋਇਆ ਪਿਆ ਹੈ ਕਿ ਕਿੱਥੇ ਆ ਗਿਆ। ਨਾਲ ਦੇ ਕਹਿੰਦੇ, "ਕੀ ਗੱਲ ਤੈਨੂੰ ਕੁਝ ਵਹਿਮ ਹੋ ਗਿਆ। ਤੂੰ ਤਾਂ ਹੁਣੇ ਨਹਾਉਣ ਵੜਿਆ ਸੀ ਪਾਣੀ ਵਿਚ। ਮੁਲਤਾਨੀ ਮੱਲ! ਕੀ ਹੋ ਗਿਆ?"

ਉਹ ਕਹਿੰਦਾ, "ਨਾਉਂ ਤਾਂ ਮੇਰਾ ਮੁਲਤਾਨੀ ਮੱਲ ਹੈ, ਪਰ ਮੈਂ ਕਿਥੇ ਹਾਂ?"

ਕਹਿੰਦੇ, "ਲਾਹੌਰ।"

ਕਹਿੰਦਾ, "ਮੈਂ ਤਾਂ ਮੁਲਤਾਨ ਦਾ ਹਾਂ।"

ਉਹ ਕਹਿੰਦੇ, "ਆਹ ਕੱਪੜੇ ਕਿਸ ਦੇ ਨੇ?"

ਕਹਿੰਦਾ, "ਕੱਪੜੇ ਤਾਂ ਮੇਰੇ ਹੀ ਲਗਦੇ ਨੇ, ਆਹ ਜੁੱਤੀ ਵੀ ਮੇਰੀ ਹੀ ਲਗਦੀ ਹੈ, ਸਭ ਕੁਝ ਮੇਰਾ ਹੀ ਲਗਦਾ ਹੈ ਪਰ ਮੈਂ ਤਾਂ ਭਾਈ ਮੁਲਤਾਨ ਦਾ ਹਾਂ। ਰੋਣ ਲੱਗ ਗਿਆ ਆਪਣੇ ਬੱਚਿਆਂ ਨੂੰ ਯਾਦ ਕਰਕੇ ਕਿ ਮੇਰੇ ਉਥੇ ਬੱਚੇ ਨੇ। ਮਾਂ-ਬਾਪ ਆ ਗਏ, ਉਥੇ ਮਹਾਰਾਜ ਜੀ ਦੇ ਦਰਸ਼ਨ ਕਰਨ ਵਾਸਤੇ ਆਏ ਹੋਏ ਸੀ।"

ਮਾਂ ਬਾਪ ਕਹਿੰਦੇ, "ਬੇਟਾ! ਤੈਨੂੰ ਕੀ ਹੋ ਗਿਆ, ਨਹਾਉਣ ਤਾਂ ਤੂੰ ਹੁਣੇ ਗਿਆ ਹੈਂ ਅਜੇ। ਤੈਨੂੰ ਕੀ ਹੋ ਗਿਆ?"

ਕਹਿੰਦਾ, "ਮੈਂ ਨਹੀਂ ਤੁਹਾਡਾ ਪੁੱਤਰ, ਮੇਰੇ ਮਾਂ ਬਾਪ ਤਾਂ ਹੋਰ ਨੇ।" ਰੌਲਾ ਪੈ ਗਿਆ ਬਹੁਤ, ਅਖੀਰ ਉਹ

ਘਰ ਲੈ ਗਏ ਤੇ ਕਹਿੰਦੇ, ਆਹ ਤੇਰੀ ਇਸਤ੍ਰੀ ਹੈ।

ਕਹਿੰਦਾ, "ਹੈ ਤਾਂ ਮੇਰੀ ਪਰ ਮੇਰੀ ਤਾਂ ਹੋਰ ਹੈ।"

ਕਹਿੰਦੇ, "ਆਹ ਬੱਚਾ ਤੇਰਾ ਹੈ।"

ਕਹਿੰਦਾ, "ਇਹ ਬੱਚਾ ਤਾਂ ਮੇਰਾ ਹੈ ਪਰ ਮੇਰਾ ਤਾਂ ਹੋਰ ਹੈ।" ਸਮਝ ਨਹੀਂ ਆਉਂਦੀ। ਕਹਿੰਦੇ ਪਾਗਲ ਹੋ ਗਿਆ ਇਹ। ਮੰਨਦਾ ਹੀ ਨਹੀਂ, ਇਲਾਜ ਕਰਦੇ ਨੇ, ਡਾਕਟਰਾਂ ਨੂੰ ਦਿਖਾਉਂਦੇ ਨੇ ਕਿ ਇਸ ਦੇ ਦਿਮਾਗ ਨੂੰ ਕੁਝ ਹੋ ਗਿਆ।

ਕਹਿੰਦੇ, "ਤੂੰ ਪਾਣੀ ਵਿਚ ਨਹਾਉਣ ਵੜਿਆ ਸੀ ਤੇ ਨਹਾ ਕੇ ਤੂੰ ਬਾਹਰ ਨਿਕਲ ਗਿਆ ਤੇ ਐਨੀ ਛੇਤੀ ਬੇਸੁਰਤ ਹੋ ਗਿਆ?"

ਕਹਿੰਦਾ, "ਮੇਰੇ ਤਾਂ ਘਰ ਦੇ ਉਥੇ ਨੇ।"

ਓਧਰ ਉਹ ਸੰਤ ਆ ਗਿਆ ਤੇ ਆ ਕੇ ਘਰ ਵਾਲਿਆਂ ਨੂੰ ਕਹਿਣ ਲੱਗਿਆ ਕਿ 100 ਮੋਹਰ ਮੈਂ ਰੱਖੀ ਸੀ ਅਮਾਨਤ, ਉਹ ਮੈਨੂੰ ਵਾਪਸ ਦਿਓ। ਕਹਿੰਦੇ, "ਤੁਹਾਡਾ ਲੜਕਾ ਕਿਥੇ ਹੈ?"

ਕਹਿੰਦੇ, "ਉਹ ਤਾਂ ਪਾਣੀ ਵਿਚ ਡੁੱਬ ਗਿਆ।"

ਕਹਿੰਦਾ, "ਮੇਰੀਆਂ ਮੋਹਰਾਂ ਸੀ।"

ਉਹ ਕਹਿੰਦੇ, "ਸਾਨੂੰ ਨਹੀਂ ਪਤਾ।" ਬਥੇਰਾ ਜ਼ੋਰ ਲਾਇਆ। ਉਹ ਕਹਿੰਦੇ, "ਜਦੋਂ ਪਤਾ ਹੀ ਨਹੀਂ ਤਾਂ ਅਸੀਂ ਦੇਈਏ ਕਿਥੋਂ?"

ਅਖੀਰ ਚਲਦਾ-ਚਲਦਾ ਲਾਹੌਰ ਆ ਗਿਆ। ਉਥੇ ਹੱਟੀ ਤੇ ਬੈਠਾ ਦੇਖ ਲਿਆ।

ਕਹਿੰਦਾ, "ਮੁਲਤਾਨੀ ਮੱਲ।"

ਉਸ ਨੇ ਵੀ ਪਛਾਣ ਲਿਆ।

ਕਹਿੰਦਾ, "ਸੰਤ ਜੀ! ਤੁਸੀਂ ਆ ਗਏ?"

ਕਹਿੰਦੇ, "ਹਾਂ! ਆ ਗਏ। ਤੂੰ ਇਥੇ ਬੈਠਾ ਹੈਂ?"

ਕਹਿੰਦਾ, "ਮੈਨੂੰ ਪਤਾ ਨਹੀਂ ਕੀ ਹੋ ਗਿਆ? ਇਥੇ ਵੀ ਮੈਂ ਹਾਂ, ਉਥੇ ਵੀ ਮੈਂ ਸੀ।"

ਕਹਿੰਦੇ, "ਮੋਹਰਾਂ ਸੀ ਮੈਂ ਤੈਨੂੰ ਦਿੱਤੀਆਂ।"

ਕਹਿੰਦਾ, "ਪੇਟੀ ਦੇ ਥੱਲੇ ਹੈ, ਮੈਂ ਚਿੱਠੀ ਲਿਖ ਦਿੰਦਾ ਹਾਂ।" ਚਿੱਠੀ ਲਿਖ ਦਿੱਤੀ। ਮਾਂ ਬਾਪ ਨੂੰ ਜਾ ਕੇ ਦਿਖਾਈ।

ਉਹ ਕਹਿੰਦੇ, "ਇਹ ਤਾਂ ਮੁੰਡੇ ਦੇ ਹੀ ਅੱਖਰ ਨੇ।"

ਉਹ ਮੋਹਰਾਂ ਵੀ ਲੱਭ ਗਈਆਂ ਪੇਟੀ ਦੇ ਥੱਲਿਓਂ ਤੇ ਮਾਂ ਬਾਪ ਵੀ ਆ ਗਏ। ਇਧਰ ਜਦੋਂ ਮੋਹਰਾਂ ਲੱਭੀਆਂ ਨਹੀਂ ਸੀ ਓਨੇ ਚਿਰ ਵਿਚ ਉਸ ਨੇ ਦਾਅਵਾ ਕਰ ਦਿੱਤਾ। ਦਾਅਵਾ ਹੋਇਆ ਤਾਂ ਹੈਰਾਨ ਹੋਈ ਜਾਵੇ।

ਲਾਹੌਰ ਦੇ ਨਵਾਬ ਦੇ ਕੋਲ ਕੇਸ ਚਲਿਆ ਗਿਆ। ਨਵਾਬ ਸੀ ਚੰਗਾ। ਉਹ ਕਹਿੰਦਾ ਮੈਂ ਕੀ ਕਰਾਂ, ਇਹ ਕੇਸ ਮੇਰੀ ਸਮਝ ਵਿਚ ਨਹੀਂ ਆਉਂਦਾ, ਨਾਲੇ ਇਹ ਬੰਦਾ-ਮੁਲਤਾਨ ਦਾ ਹੈ ਨਾਲੇ ਲਾਹੌਰ ਦਾ ਹੈ। ਇਥੇ ਵੀ ਕਾਗਜ਼ਾਂ ਵਿਚ ਨਾਉਂ ਹੈ ਉਥੇ ਵੀ ਨਾਉਂ ਹੈ। ਇਥੇ ਵੀ 21 ਸਾਲ ਦਾ ਹੈ, ਉਥੇ ਵੀ 21

ਸਾਲ ਦਾ ਹੈ। ਇਥੇ ਵੀ ਘਰਵਾਲੀ ਦਾ ਇਹ ਨਾਉਂ, ਉਥੇ ਵੀ ਇਹੀ ਨਾਉਂ ਹੈ। ਇਥੇ ਵੀ ਮਾਂ ਬਾਪ ਦਾ ਇਹ ਨਾਉਂ ਹੈ, ਉਥੇ ਵੀ ਇਹੀ ਨਾਉਂ ਹੈ। ਮੈਂ ਫੈਸਲਾ ਕੀ ਕਰਾਂ।

ਅਖੀਰ ਉਹ ਸੰਤ ਆ ਗਏ, ਉਨ੍ਹਾਂ ਨੂੰ ਦੇਖ ਕੇ ਕਹਿੰਦਾ, "ਮੈਨੂੰ ਲੱਭਦੇ-ਫਿਰਦੇ ਹੋ?"

ਕਹਿੰਦੇ, "ਹਾਂ!"

ਕਹਿੰਦਾ, "ਪੈਸੇ ਤਾਂ ਉਥੇ ਪਏ ਨੇ।"

ਅਖੀਰ ਨਵਾਬ ਗੁਰੂ ਨਾਨਕ ਪਾਤਿਸ਼ਾਹ ਦੇ ਕੋਲ ਆ ਗਿਆ ਤੇ ਕਿਹਾ ਕਿ ਸਾਨੂੰ ਸਮਝ ਨਹੀਂ ਆਉਂਦੀ ਕਿ ਗੱਲ ਕੀ ਹੈ।

ਮਹਾਰਾਜ ਕਹਿੰਦੇ, "ਕੁਝ ਨਹੀਂ ਹੈ ਗੱਲ।" ਉਸ ਨੂੰ ਕਹਿੰਦੇ, "ਜਾਹ! ਇਸ਼ਨਾਨ ਕਰ ਆ, ਗੱਲ ਦਾ ਪਤਾ ਲੱਗ ਜਾਏਗਾ।"

ਜਦੋਂ ਇਸ਼ਨਾਨ ਕਰਿਆ, ਤਾਂ ਆ ਕੇ ਵੇਖਿਆ ਕਿ ਨਾ ਉਥੇ ਕੋਈ ਨਵਾਬ ਬੈਠਾ ਹੈ, ਨਾ ਸੰਤ ਬੈਠਾ ਹੈ, ਨਾ ਮਾਂ ਬਾਪ ਬੈਠੇ ਨੇ, ਕੋਈ ਵੀ ਨਹੀਂ, ਸਿਰਫ ਗੁਰੂ ਨਾਨਕ ਸਾਹਿਬ ਬੈਠੇ ਨੇ।

ਕਹਿੰਦੇ, "ਆ ਜਾ!" ਆ ਗਿਆ।

ਕਹਿੰਦਾ, "ਮਹਾਰਾਜ! ਕਿਥੇ ਚਲੇ ਗਏ ਮਾਂ ਬਾਪ ਸਾਰੇ ਇਥੇ ਬੈਠੇ ਸੀ।"

ਕਹਿੰਦੇ, "ਮੁਲਤਾਨੀ! ਕੁਝ ਵੀ ਨਹੀਂ ਸੀ, ਅਸੀਂ ਮਾਇਆ ਪਾਈ ਸੀ ਤੇਰੇ ਤੇ। ਇਸ ਮਾਇਆ ਨੇ ਤੈਨੂੰ ਕਿੰਨਾ ਭੁਲਾ ਦਿੱਤਾ, ਨਾ ਤੂੰ ਮਾਂ ਬਾਪ ਨੂੰ ਯਾਦ ਰੱਖਿਆ, ਨਾ ਤੈਨੂੰ ਆਪਣੇ ਆਪ ਦਾ ਪਤਾ ਰਿਹਾ। ਪ੍ਰੇਮੀਆ! ਆਹ ਮਾਇਆ ਸੰਸਾਰ ਦੇ ਉਤੇ ਰੱਬ ਨੇ ਪਾਈ ਹੋਈ ਹੈ ਤੇ ਇਹ ਮਾਇਆ ਪਾ ਕੇ ਸਾਰਿਆਂ ਨੂੰ ਭੁਲਾ ਦਿੱਤਾ, ਇਹ ਆਪਣੇ ਆਪ ਨੂੰ ਨਹੀਂ ਜਾਣਦੇ। ਆਪਣਾ ਸਰੂਪ ਕੀ ਹੈ? ਇਸ ਨੂੰ ਭੁਲੀ ਬੈਠੇ ਨੇ।"

ਸੋ ਮਹਾਰਾਜ ਕਹਿੰਦੇ –

***ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥ ਪੰਨਾ – 857***

ਸੋ ਜਦੋਂ ਭਾਈ ਲਹਿਣਾ ਜੀ ਨੇ ਮਹਾਰਾਜ ਜੀ ਦੇ ਬਚਨ ਸੁਣੇ, ਕਹਿੰਦੇ, "ਮਹਾਰਾਜ! ਫੇਰ ਇਸ ਦਾ ਰੂਪ ਕੀ ਹੋਇਆ?"

ਮਹਾਰਾਜ ਕਹਿੰਦੇ, "ਦੇਖ ਭਾਈ ਲਹਿਣਾ! ਆਹ ਸੰਸਾਰ ਕੀ ਹੈ? ਇਹ ਸੰਸਾਰ ਸਾਰਾ ਹੀ ਵਾਹਿਗੁਰੂ ਦਾ ਰੂਪ ਹੈ।"

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥ ਪੰਨਾ – 846***

ਕਹਿੰਦੇ ਹੈ ਇਥੇ ਵਾਹਿਗੁਰੂ ਹੀ, ਹੋਰ ਇਥੇ ਕੋਈ ਨਹੀਂ ਹੈ। ਲੇਕਿਨ ਮਾਇਆ ਪੈਣ ਕਰਕੇ ਇਹ ਆਪਣੇ ਆਪ ਨੂੰ ਵੀ ਭੁੱਲ ਗਿਆ ਤੇ ਰੱਬ ਜਿਹੜਾ ਹਰ ਵਕਤ ਇਸ ਦੇ ਨਾਲ ਰਹਿੰਦਾ ਹੈ, ਉਸ ਨੂੰ ਵੀ ਭੁੱਲ ਗਿਆ। ਇਸ ਨੂੰ ਪਤਾ ਨਹੀਂ ਲਗਦਾ। ਜਦੋਂ ਪੁਛੋ ਤੂੰ ਕੌਣ ਹੈਂ? ਤਾਂ ਕਹਿੰਦਾ, ਆਹ ਹਾਂ ਮੈਂ ਸਾਹਮਣੇ ਖੜ੍ਹਾ। ਇਹ ਤਾਂ ਸਾਢੇ ਤਿੰਨ ਹੱਥ ਦੀ ਤੇਰੀ ਦੇਹ ਖੜ੍ਹੀ ਹੈ, ਤੂੰ ਤਾਂ ਨਹੀਂ ਹੈਂ। ਆਹ ਗੱਲ ਅਸੀਂ ਅੱਜ ਤੱਕ ਸੁਣੀ ਨਹੀਂ ਕਿ ਮੈਂ ਨਹੀਂ ਹਾਂ, ਮੈਂ ਤਾਂ ਇਸੇ ਨੂੰ ਮੈਂ ਕਹਿੰਦਾ ਹਾਂ ਅਜੇ ਤੱਕ। ਮਹਾਰਾਜ ਕਹਿੰਦੇ ਇਹ ਜਿਹੜੀ ਮਾਇਆ ਹੈ ਇਸ ਨੂੰ ਤਰਨਾ ਬਹੁਤ ਔਖਾ ਹੈ, ਕੋਈ ਵਿਰਲਾ ਹੈ ਜਿਹੜਾ ਤਰ ਸਕਦਾ ਹੈ। ਜੇ ਤਾਂ ਪੂਰਾ ਗੁਰੂ ਮਿਲ ਜਾਵੇ ਤਾਂ ਤਰਿਆ ਜਾਂਦਾ ਹੈ, ਨਹੀਂ ਤਾਂ ਤਰ ਨਹੀਂ ਸਕਦਾ। ਇਉਂ ਪੜ੍ਹ ਲਓ –

*ਧਾਰਨਾ - ਬਿਨਾ ਗੁਰੂਆਂ ਤੋਂ ਤਰਿਆ ਨਹੀਂ ਜਾਣਾ,*
*ਮਾਇਆ ਵਾਲਾ ਸਾਗਰ ਅੱਗ ਦਾ -2, 2.*
*ਮੇਰੇ ਪਿਆਰੇ, ਮਾਇਆ ਵਾਲਾ ਸਾਗਰ ਅੱਗ ਦਾ -2, 2.*
*ਬਿਨਾ ਗੁਰੂਆਂ ਤੋਂ ਤਰਿਆ ਨਹੀਂ ਜਾਣਾ,.............. -2.*

ਅੱਗ ਦਾ ਸਮੁੰਦਰ ਹੋਵੇ, ਕੋਈ ਤਰ ਸਕਦਾ ਹੈ? ਨਾ ਜਹਾਜ਼ ਲੰਘ ਸਕਦਾ ਹੈ, ਨਾ ਕੋਈ ਬੇੜੀ ਲੰਘ ਸਕਦੀ ਹੈ। ਕੇਵਲ ਗੁਰੂ ਹੈ ਜਿਹੜਾ ਇਸ ਅੱਗ ਦੇ ਸਾਗਰ ਵਿਚੋਂ ਲੰਘਾ ਸਕਦਾ ਹੈ। ਮਹਾਰਾਜ ਫੁਰਮਾਨ ਕਰਦੇ ਨੇ ਕਿ -

*ਮਹਾ ਅਗਾਹ ਅਗਨਿ ਕਾ ਸਾਗਰੁ॥*
*ਗੁਰੁ ਬੋਹਿਥੁ ਤਾਰੇ ਰਤਨਾਗਰੁ॥* *ਪੰਨਾ - 377*

ਕੇਵਲ ਗੁਰੂ ਦਾ ਜਹਾਜ਼ ਇਸ ਦੇ ਵਿਚੋਂ ਲੰਘ ਸਕਦਾ ਹੈ, ਬਾਕੀ ਨਹੀਂ ਲੰਘ ਸਕਦੇ -

*ਦੁਤਰ ਅੰਧ ਬਿਖਮ ਇਹ ਮਾਇਆ॥* *ਪੰਨਾ - 377*

ਜੇ ਸਮੁੰਦਰ ਵਿਚ ਜਹਾਜ਼ ਚਲਦੇ ਨੇ, ਉਥੇ ਚਾਨਣਾ ਹੈ? ਤਾਰਿਆਂ ਦੀ ਸੇਧ ਹੈ, north pole (ਉਤਰੀ ਧਰੁਵ) ਦੀ ਉਥੇ ਘੜੀ ਲੱਗੀ ਹੋਈ ਹੈ ਜਿਹੜੀ ਦੱਸੀ ਜਾਂਦੀ ਹੈ ਕਿ ਹੁਣ ਤੂੰ ਕਿਧਰ ਨੂੰ ਜਾ ਰਿਹਾ ਹੈਂ, ਹੁਣ ਕਿਧਰ ਨੂੰ ਜਾ ਰਿਹਾ ਹੈਂ। ਸੋ ਇਹ ਗੁਰੂ ਕੋਲ ਹੈ ਸਾਰੀ ਚੀਜ਼ -

ਦੁਤਰ ਕਹਿੰਦੇ ਨੇ ਜਿਹੜਾ ਤਰ ਹੀ ਨਾ ਹੋਵੇ। ਅੰਧ ਭਾਵ, ਹਨ੍ਹੇਰ, ਗੁਬਾਰ, ਬਿਖਮ ਭਾਵ ਔਖੀ -

*ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ॥* *ਪੰਨਾ - 377*

ਇਨ੍ਹਾਂ ਨੇਤਰਾਂ ਦੇ ਉਤੇ ਮੋਤੀਆ-ਬਿੰਦ ਪਿਆ ਹੋਇਆ ਹੈ ਸਾਡੇ ਸਾਰਿਆਂ ਦੇ, ਸਾਧ ਸੰਗਤ ਜੀ! ਜਿੰਨੇ ਬੈਠੇ ਨੇ, ਕੋਈ ਵਿਰਲਾ ਹੋਏਗਾ ਜਿਸ ਦੇ ਨਹੀਂ ਪਿਆ। ਮੋਤੀਏ ਦੇ ਵਿਚ ਕੀ ਹੁੰਦਾ ਹੈ? ਕੁਝ ਦਿਸਦਾ ਹੀ ਨਹੀਂ। ਇਸੇ ਤਰ੍ਹਾਂ ਅੰਧਕਾਰ ਛਾ ਗਿਆ ਅੱਖਾਂ ਵਿਚ। ਵਾਹਿਗੁਰੂ ਹਾਜ਼ਰ-ਨਾਜ਼ਰ ਹੈ, ਕਿਤੇ ਗਿਆ ਨਹੀਂ। ਸਾਰਿਆਂ ਦੇ ਅੰਦਰ ਬਾਹਰ ਹੈ -

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥*
*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥*
*ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥*
*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥*
*ਪੰਨਾ - 684*

ਵਾਹਿਗੁਰੂ ਅੰਦਰ ਵੀ ਹੈ ਬਾਹਰ ਵੀ। ਮਹਾਰਾਜ ਤਾਂ ਝੂਠ ਨਹੀਂ ਬੋਲਦੇ। ਗੁਰੂ ਕਹਿੰਦਾ ਹੈ ਲੇਕਿਨ ਕੀ ਗੱਲ ਹੈ? ਮੋਤੀਆ ਹੋਇਆ ਹੋਇਆ ਹੈ। ਕਹਿੰਦੇ, ਸੁਰਮਾ ਲੈ ਲੈ ਗੁਰੂ ਤੋਂ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥* *ਪੰਨਾ - 293*

ਪਰ ਇਹ ਸੁਰਮਾ ਲੈਣ ਵਾਸਤੇ ਪਹਿਲਾਂ ਸਾਧਨ ਕਰਨੇ ਪੈਂਦੇ ਨੇ। ਪਹਿਲਾਂ ਤਾਂ ਗੁਰੂ ਧਾਰਨ ਕਰੋ। ਬਹੁਤ ਪ੍ਰੇਮੀ ਗੁਰੂ ਧਾਰਨ ਕਰਕੇ ਛੁੱਟੀ ਕਰ ਦਿੰਦੇ ਨੇ ਕਿ ਬਸ ਗੁਰੂ ਵਾਲੇ ਬਣ ਗਏ। ਫੇਰ ਕੀ ਬਣ ਗਿਆ, ਗੁਰੂ ਵਾਲੇ ਤਾਂ ਬਣ ਗਏ ਅੱਗੇ ਅੱਖਾਂ ਤਾਂ ਖੋਲ੍ਹੋ। ਅੱਖਾਂ ਕਿਵੇਂ ਖੁਲ੍ਹਣਗੀਆਂ? ਪਹਿਲਾਂ ਕਹਿੰਦੇ ਸਮਝੋ - ਤਿੰਨ ਦੋਸ਼ ਨੇ - 1. ਮਲ ਹੈ 2. ਵਿਖਸ਼ੇਪ ਹੈ 3. ਆਵਰਨ ਹੈ।

ਮਲ ਤਾਂ ਕਹਿੰਦੇ ਨੇ ਮੈਲ ਨੂੰ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ॥*** ***ਪੰਨਾ - 651***

ਬੇਅੰਤ ਮਾੜੀਆਂ ਆਦਤਾਂ ਸਾਡੇ ਮਨ ਦੇ ਵਿਚ ਪਈਆਂ ਨੇ - ਚੁਗਲੀ, ਨਿੰਦਿਆ, ਈਰਖਾ-ਬਖੀਲੀ, ਆਸ਼ਾ-ਤ੍ਰਿਸ਼ਨਾ, ਬੇਅੰਤ ਚੀਜ਼ਾਂ ਹਨ। ਉਨ੍ਹਾਂ ਦੀ ਮੈਲ ਲੱਗੀ ਪਈ ਹੈ। ਜਿਹੜੇ ਮਾੜੇ ਕਰਮ ਕਰਦੇ ਹਾਂ ਉਨ੍ਹਾਂ ਦੀ ਮੈਲ ਦੀਆਂ ਤਹਿਆਂ ਜੰਮੀ ਜਾਂਦੀਆਂ ਨੇ। ਉਸ ਮੈਲ ਨੇ ਸ਼ੀਸ਼ਾ ਧੁੰਦਲਾ ਕਰ ਦਿੱਤਾ। ਉਹ ਮੈਲ ਪਹਿਲਾਂ ਦੂਰ ਕਰ - ਸ਼ੁਭ ਕਰਮਾਂ ਨਾਲ, ਸੇਵਾ ਨਾਲ, ਬਾਣੀ ਪੜ੍ਹਨ ਨਾਲ, ਦਾਨ ਕਰਨ ਨਾਲ, ਨੇਕ ਕਰਮ ਕਰਨ ਨਾਲ ਇਹ ਤੇਰੀ ਮੈਲ ਦੂਰ ਹੋਏਗੀ -

***ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥***
***ਪੰਨਾ - 4***

ਜਦੋਂ ਤੂੰ ਨਾਮ ਪਿਆਰ ਨਾਲ ਜਪੇਂਗਾ ਉਦੋਂ ਤੇਰੀ ਮੈਲ ਦੂਰ ਹੋ ਜਾਏਗੀ। ਫੇਰ ਅਗਲਾ ਦੋਸ਼ ਕੀ ਹੈ?

ਉਹ ਹੈ ਵਿਖਸ਼ੇਪਤਾ - ਮੇਰੇ ਕੋਲ ਕਈ ਸ਼ਿਕਾਇਤ ਕਰਦੇ ਨੇ ਜੀ ਮਨ ਨਹੀਂ ਟਿਕਦਾ, ਜਦੋਂ ਬਾਣੀ ਪੜ੍ਹਦੇ ਹਾਂ ਮਨ ਛਾਲਾਂ ਹੀ ਮਾਰਦਾ ਹੈ, ਪਹਿਲਾਂ ਚੁਪ-ਚੁਪੀਤਾ ਹੁੰਦਾ ਹੈ। ਨਹੀਂ ਪ੍ਰੇਮੀਆਂ! ਜਦੋਂ ਤੂੰ ਬਾਣੀ ਪੜ੍ਹਦਾ ਹੈਂ ਤਾਂ ਤੈਨੂੰ ਪਤਾ ਲੱਗ ਜਾਂਦਾ ਹੈ ਇਸ ਦੀਆਂ ਛਾਲਾਂ ਦਾ, ਨਹੀਂ ਤਾਂ ਪਹਿਲਾਂ ਤੂੰ ਵੀ ਇਸ ਦੇ ਨਾਲ ਹੀ ਨੱਠਿਆ ਫਿਰਦਾ ਸੀ। ਗੁਟਕਾ ਹੱਥ ਵਿਚ ਹੋਵੇ, ਤੁਕ ਮੂੰਹ ਵਿਚ ਹੋਵੇ, ਫੇਰ ਪਤਾ ਲੱਗ ਜਾਂਦਾ ਹੈ ਕਿ ਮੈਂ ਜਪੁਜੀ ਸਾਹਿਬ ਤਾਂ ਸਾਰਾ ਹੀ ਪੜ੍ਹ ਲਿਆ - ਕਦੋਂ ਪੜ੍ਹ ਲਈਆਂ ਪਉੜੀਆਂ? ਉਦੋਂ ਪਤਾ ਨਹੀਂ ਲਗਦਾ ਮਨ ਨੂੰ। ਉਹ, ਤਾਂ ਨਹੀਂ ਲਗਦਾ ਕਿਉਂਕਿ ਵਿਖਸ਼ੇਪਤਾ ਹੈ, ਬਹੁਤੇ ਪਾਸੇ ਖਿੰਡਿਆ ਹੋਇਆ ਹੈ।

***ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥*** ***ਪੰਨਾ - 145***

ਜਿਵੇਂ ਖੂਹ ਵਿਚੋਂ ਪੁਰਾਣੇ ਜ਼ਮਾਨਿਆਂ ਵਿੱਚ ਪਾਣੀ ਕੱਢਦੇ ਹੁੰਦੇ ਸੀ ਲੱਜਾਂ (ਮੋਟੀ ਰੱਸੀਆਂ) ਦੇ ਨਾਲ, ਉਥੇ ਲਾਸਾਂ ਪੈ ਜਾਂਦੀਆਂ ਸੀ, ਗਰੂਵ ਪੈ ਜਾਂਦੇ ਸੀ ਉਸ ਦੇ ਵਿਚ ਤੇ ਸਿਆਣੇ ਬੰਦੇ ਨੇ ਰੱਸੀ ਨੂੰ ਉਸ ਦੇ ਵਿਚੋਂ ਨਾ ਕੱਢਣਾ, ਉਸ ਤੋਂ ਉਪਰ ਰੱਖਣਾ ਜਿਹੜਾ ਦੋਹਾਂ ਦੇ ਵਿਚਾਲੇ ਹੁੰਦਾ ਕਿ ਇਥੋਂ ਕੱਢਣਾ ਹੈ ਪਰ ਲੱਜ ਫੇਰ ਵਿਚ ਗਿਰ ਜਾਂਦੀ ਸੀ, ਡੋਲ ਦਾ ਵੀ ਪਾਣੀ ਡੁੱਲ ਜਾਂਦਾ ਸੀ। ਮਹਾਰਾਜ ਕਹਿੰਦੇ ਇਉਂ ਤੇਰੇ ਮਨ ਦੇ ਵਿਚ ਗਰੂਵ ਪਏ ਹੋਏ ਨੇ, ਧਾਰੀਆਂ ਪਈਆਂ ਹੋਈਆਂ ਨੇ। ਜਦੋਂ ਤੂੰ ਭਜਨ ਬੰਦਗੀ ਕਰਦਾ ਹੈਂ ਤਾਂ ਤੇਰਾ ਮਨ ਨਹੀਂ ਟਿਕਦਾ, ਧੜੰਮ ਕਰਕੇ ਉਸ ਦੇ ਵਿਚ ਗਿਰ ਜਾਂਦਾ ਹੈ। ਕਦੇ ਮੁਕਦਮੇ ਵੱਲ ਨੂੰ ਮਨ ਦੌੜਦਾ ਹੈ, ਜੇ ਖਾਦ ਨਹੀਂ ਮਿਲੀ ਤਾਂ ਖਾਦ ਵੱਲ ਨੂੰ ਭੱਜਦਾ ਹੈ, ਜੇ ਪਾਣੀ ਨਹੀਂ ਫਸਲ ਨੂੰ ਲੱਗਿਆ ਤਾਂ ਪਾਣੀ ਵੱਲ ਨੂੰ ਚਲਿਆ ਜਾਏਗਾ, ਜੇ ਕਿਸੇ ਬੱਚੇ ਨਾਲ ਝਗੜਾ ਹੈ ਤਾਂ ਓਧਰ ਨੂੰ ਚਲਿਆ ਜਾਏਗਾ, ਜੇ ਘਰ ਵਿਚ ਕਲੇਸ਼ ਹੈ ਤਾਂ ਓਧਰ ਨੂੰ ਚਲਿਆ ਜਾਏਗਾ।

ਫੇਰ ਕਿਵੇਂ ਮਨ ਟਿਕ ਜਾਏਗਾ? ਮਨ ਨਹੀਂ ਟਿਕਦਾ। ਸੋ ਉਸ ਨੂੰ ਟਿਕਾਉਣ ਵਾਸਤੇ ਪਹਿਲਾਂ ਨਾਮ ਦਾ ਜਾਪ ਹੁੰਦਾ ਹੈ। ਮੈਲ ਦੂਰ ਕਰਨ ਵਾਸਤੇ ਵਾਹਿਗੁਰੂ ਮੰਤਰ ਪੰਜ ਪਿਆਰਿਆਂ ਨੇ ਦੇ ਦਿੱਤਾ ਕਿ ਵਾਹਿਗੁਰੂ ਵਾਹਿਗੁਰੂ ਜਪੋ ਬੈਠ ਕੇ। ਫੇਰ ਸੁਆਸ ਦੇ ਨਾਲ ਜਪੋ, ਜੀਭ ਬੰਦ ਹੋ ਜਾਂਦੀ ਹੈ ਆਪੇ ਹੀ। ਬਹੁਤ ਜਪਣ ਨਾਲ, ਲੱਖਾਂ ਵਾਰੀ ਜਪਣ ਨਾਲ, ਕਰੋੜਾਂ ਵਾਰੀ ਜਪਣ ਨਾਲ। ਜੇ ਚਲਣਾ ਹੈ ਏਸ ਰਸਤੇ ਤੇ ਤਾਂ ਬਚਪਨ ਵਿਚ 75,000 ਵਾਰੀ ਵਾਹਿਗੁਰੁ-ਵਾਹਿਗੁਰੁ ਕਹੇ ਜੇ ਕੋਈ, ਉਸ ਦਾ ਜਵਾਨੀ ਵਿਚ ਆ ਕੇ ਨਾਮ ਚੱਲ ਪੈਂਦਾ ਹੈ। ਹੁਣ ਮੈਨੂੰ ਕਈ ਕਹਿੰਦੇ ਨੇ ਕਿ ਜੀ! ਨਾਮ ਚਲਾ ਦਿਓ - ਨਾਮ ਕਿਤੇ ਇਉਂ ਛੇਤੀ ਦੇ ਕੇ ਚਲਦਾ ਹੈ? ਇਸ ਲਈ ਤਾਂ ਮਿਹਨਤ ਕਰਨੀ ਪੈਂਦੀ ਹੈ, ਮੁਸ਼ਕਤ ਘਾਲਣੀ ਪੈਂਦੀ ਹੈ -

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*** ***ਪੰਨਾ - 8***

ਮੁਸ਼ਕੱਤਾਂ ਜਿਨ੍ਹਾਂ ਨੇ ਘਾਲੀਆਂ ਨੇ ਉਨ੍ਹਾਂ ਨੂੰ ਪਤਾ ਹੈ ਇਨ੍ਹਾਂ ਗੱਲਾਂ ਦਾ, ਨਾਮ ਇਉਂ ਨਹੀਂ ਵਸਦਾ ਕਿ ਦੋ ਘੰਟੇ ਬੈਠੇ, ਅੱਧਾ ਉਂਘ ਕੇ ਲੰਘਾ ਦਿੱਤਾ, ਅੱਧਾ ਮਨ ਨੇ ਨੱਠ ਭੱਜ ਕੇ ਲੰਘਾ ਦਿੱਤਾ, ਐਂ ਨਾਮ ਮਨ ਵਿਚ ਨਹੀਂ ਵਸਣਾ। ਨਾਮ ਦੇ ਵਸਾਉਣ ਲਈ ਪਹਿਲਾਂ ਸਾਰਾ ਸਰੀਰ ਸੁੱਚਾ ਕਰਨਾ ਪੈਂਦਾ ਹੈ, ਮਨ

ਸੁੱਚਾ ਕਰਨਾ ਪੈਂਦਾ ਹੈ, ਬੁੱਧੀ ਸੁੱਚੀ ਕਰਨੀ ਪੈਂਦੀ ਹੈ ਫੇਰ ਜਾ ਕੇ ਨਾਮ ਮਨ ਵਿਚ ਵਸਦਾ ਹੈ, ਨਹੀਂ ਤਾਂ ਵਸਿਆ ਨਹੀਂ ਕਰਦਾ। ਐਂ ਨਹੀਂ ਕਿ ਨਾਲੇ ਤਾਂ ਕਲੇਸ਼ ਵਿਚ ਪਿਆ ਹੋਇਆ ਹੈ, ਨਾਲੇ ਨਾਮ ਮਨ ਵਿਚ ਵਸਾ ਦਿਓ - ਨਾਮ ਕਿਵੇਂ ਵਸ ਜਾਏਗਾ? ਸੇਵਾ ਕਰ, ਸਿਮਰਨ ਕਰ, ਜੱਦੋ-ਜ਼ਹਿਦ ਕਰ ਜਿਵੇਂ ਪੈਸੇ ਕਮਾਉਣ ਵਿਚ ਕਰਦਾ ਹੈਂ ਇਉਂ ਨਾਮ ਨੂੰ ਮਨ ਵਿਚ ਵਸਾਉਣ ਲਈ ਕਰ ਫੇਰ ਵਸ ਜਾਏਗਾ, ਸੰਤਾਂ ਨੂੰ ਮਿਲ ਸੰਤ ਤਰੀਕਾ ਦੱਸ ਦੇਣਗੇ, ਸੰਤ ਜੁਗਤ ਦੱਸ ਦਿੰਦੇ ਨੇ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*** ***ਪੰਨਾ - 1373***

ਸੰਤਾਂ ਦੀ ਜ਼ਿੰਮੇਵਾਰੀ ਹੈ ਨਾਮ ਜਪਾਉਣਾ। ਸੋ ਇਸ ਤਰ੍ਹਾਂ ਲੰਘ ਨਹੀਂ ਸਕਦਾ। ਵਿਖਸ਼ੇਪਤਾ ਨੂੰ ਦੂਰ ਕਰਨ ਵਾਸਤੇ ਪਹਿਲਾਂ ਨਾਮ ਜਪੋ, ਰਸਨਾ ਨਾਲ ਜਪੋ, ਜਿੰਨਾ ਜਪ ਹੁੰਦਾ ਹੈ, ਜਪੋ। ਛੇਤੀ-ਛੇਤੀ ਜਪਦੇ ਹੋ, ਛੇਤੀ ਛੇਤੀ ਜਪੋ, ਬਹੁਤ ਛੇਤੀ ਜਪਦੇ ਹੋ ਤਾਂ ਬਹੁਤ ਛੇਤੀ ਜਪੋ। ਕੋਸ਼ਿਸ਼ ਕਰੋ ਕਿ 75000 ਵਾਰੀ ਵਾਹਿਗੁਰੂ ਸਵੇਰ ਤੋਂ ਸ਼ਾਮ ਤੱਕ ਕਹਿ ਲੈਣਾ ਹੈ।

ਜੇ ਜਪਦਾ ਹੈ ਮੂਲ ਮੰਤਰ ਤਾਂ 108 ਮਾਲਾ ਮੂਲ ਮੰਤਰ ਦੀਆਂ ਸਵੇਰ ਤੋਂ ਸ਼ਾਮ ਤੱਕ ਕਰਨੀਆਂ ਤਾਂ ਇਹ ਰਸਤਾ ਲਭਦਾ ਹੈ, ਨਹੀਂ ਤਾਂ ਲਭਦਾ ਨਹੀਂ ਹੈ। ਜਦੋਂ ਐਨਾ ਕਰ ਹੋ ਜਾਂਦਾ ਹੈ ਤਾਂ ਫੇਰ ਜੀਭ ਹਿਲਣ ਤੋਂ ਹਟ ਜਾਂਦੀ ਹੈ, ਸਵਾਸ ਤੇ ਆ ਜਾਂਦਾ ਹੈ, ਸਵਾਸ ਤੋਂ ਅੱਗੇ ਕੰਠ ਵਿਚ ਆ ਜਾਂਦਾ ਹੈ, ਫੇਰ ਹਿਰਦੇ ਵਿਚ ਆ ਜਾਂਦਾ ਹੈ, ਫੇਰ ਨਾਭੀ ਵਿਚ ਆ ਜਾਂਦਾ ਹੈ, ਫੇਰ ਆਗਿਆ ਚੱਕਰ ਵਿਚ, ਫੇਰ ਤ੍ਰਿਕੁਟੀ ਵਿਚ ਆ ਜਾਂਦਾ ਹੈ ਨਾਮ। ਜਦੋਂ ਆਗਿਆ-ਚੱਕਰ 'ਚ ਜਾਂਦੇ ਹਾਂ ਇਥੇ ਅਵਸਥਾ ਬਦਲਦੀ ਹੈ, ਇਥੇ ਧਿਆਨ ਆਉਂਦਾ ਹੈ -

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥*** ***ਪੰਨਾ - 864***

ਜਦੋਂ ਗੁਰੂ ਦੀ ਮੂਰਤ ਦਾ ਧਿਆਨ ਧਰਾਂਗੇ। ਚਾਰ ਕਿਸਮ ਦੀ ਮੂਰਤ ਹੈ ਗੁਰੂ ਦੀ।

1 ਇਕ ਤਾਂ ਜਿਹੋ ਜਿਹਾ ਗੁਰੂ ਦਿਸਦਾ ਹੈ ਉਹੋ ਜਿਹੀ।

2 ਇਕ ਹੋਇਆ ਕਰਦਾ ਹੈ - ਗੁਰ ਮੂਰਤ ਗੁਰ ਸਬਦ ਹੈ।

ਗੁਰੂ ਦੇ ਸ਼ਬਦ ਦਾ ਧਿਆਨ ਧਰਨਾ sound (ਧੁਨੀ) ਦਾ, ਜਿਸ ਨੂੰ ਧੁਨ ਕਹਿੰਦੇ ਨੇ।

3. ਇਕ ਹੋਇਆ ਕਰਦਾ ਹੈ ਉਸ ਨੂੰ ਜੋਤੀ ਸਰੂਪ ਜਾਣ ਕੇ ਜੋਤੀ ਦਾ ਧਿਆਨ ਧਰਨਾ।

4. ਚੌਥਾ ਹੋਇਆ ਕਰਦਾ ਹੈ, ਉਸ ਨੂੰ ਪਰੀਪੂਰਨ ਜਾਣ ਕੇ ਉਸ ਦੇ ਵਿਚ ਧਿਆਨ ਕਰਨਾ - ਅੰਹਗ੍ਰਹਿ ਧਿਆਨ ਕਹਿੰਦੇ ਨੇ ਉਸ ਨੂੰ।

ਫੇਰ ਉਸ ਤੋਂ ਬਾਅਦ ਹੈ ਵਿਖਸ਼ੇਪਤਾ, ਤੇ ਆਵਰਨ ਕਹਿੰਦੇ ਨੇ ਪਰਦਾ! ਪਰਦਾ ਜੋ ਹੈ ਉਹ ਅਗਿਆਨ ਦਾ ਹੈ, ਜੀਵ ਨੂੰ ਪਤਾ ਨਹੀਂ ਲਗਦਾ ਕਿ ਮੈਂ ਕੌਣ ਹਾਂ। ਪੂਰਾ ਗੁਰੂ ਹੀ ਇਸ ਨੂੰ ਦਸਦਾ ਹੈ, ਗੁਰੂ ਤੋਂ ਬਗੈਰ ਉਹ ਪਰਦਾ ਨਹੀਂ ਹਟਿਆ ਕਰਦਾ।

ਸੋ -

***ਦੁਤਰ ਅੰਧ ਬਿਖਮ ਇਹ ਮਾਇਆ॥***
***ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ॥*** ***ਪੰਨਾ - 377***

ਗੁਰੂ ਕੀ ਕਰਦਾ ਹੈ ਇਸ ਨੂੰ ਗਿਆਨ ਦਾ ਸੁਰਮਾ ਦਿੰਦਾ ਹੈ ਅੱਖਾਂ ਵਿਚ ਪਾਉਣ ਵਾਸਤੇ। ਜਦੋਂ ਸੁਰਮਾ ਪਾਉਂਦਾ ਹੈ -

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***

*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ ਪੰਨਾ - 293*

ਉਸ ਵੇਲੇ ਮਨ ਵਿਚ ਪ੍ਰਕਾਸ਼ ਹੋ ਜਾਂਦਾ ਹੈ। ਜਦੋਂ ਗੁਰੂ ਗਿਆਨ ਦਾ ਸੁਰਮਾ ਦਿੰਦਾ ਹੈ, ਫੇਰ ਅੱਖਾਂ ਖੁੱਲ ਜਾਂਦੀਆਂ ਹਨ-

*ਗੁਰਹਿ ਦਿਖਾਇਆ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥ ਪੰਨਾ - 407*

ਫੇਰ ਉਹ ਇਸ ਤਰ੍ਹਾਂ ਪੁਕਾਰ ਉਠਦਾ ਹੈ -

*ਧਾਰਨਾ - ਰਾਮ ਬੋਲੇ, ਰਾਮ ਬੋਲੇ, ਰਾਮ ਬੋਲਦੈ,*
*ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ -2, 4.*

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥*
*ਰਾਮ ਬਿਨਾ ਕੋ ਬੋਲੇ ਰੇ॥ ਪੰਨਾ - 988*

ਕਿਉਂਕਿ ਨੇਤਰ ਖੁਲ੍ਹ ਗਏ -

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥ ਪੰਨਾ - 1299*

ਫੇਰ ਵੈਰੀ ਹੀ ਨਹੀਂ ਕੋਈ ਰਿਹਾ ਕਿਉਂਕਿ ਰੱਬ ਹੀ ਦਿੱਸਣ ਲੱਗ ਪਿਆ ਸਾਰੇ। ਸੋ ਮਹਾਰਾਜ ਕਹਿੰਦੇ -

*ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ॥ ਪੰਨਾ - 377*

ਫੇਰ ਰਸਤਾ ਦਿਖਾ ਦਿੰਦਾ ਹੈ। ਮਾਇਆ ਕਹਿੰਦੇ ਕਿਸ ਨੂੰ ਨੇ -

*ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥ ਪੰਨਾ - 67*

ਸਵਾਲ ਹੈ ਕਿ ਫੇਰ ਮਾਇਆ ਹੋਈ ਕੀ? ਇਹ ਕੰਮ ਕੀ ਕਰਦੀ ਹੈ? ਮਹਾਰਾਜ ਕਹਿੰਦੇ ਕੰਮ ਕਰਦੀ ਹੈ -

*ਦੁਖਿ ਸੁਖਿ ਏਹੁ ਜੀਉ ਬਧੁ ਹੈ ...............॥ ਪੰਨਾ - 67*

ਇਸ ਜੀਵ ਨੂੰ ਬੰਨ੍ਹ ਕੇ ਰੱਖਦੀ ਹੈ -

*................. ਹਉਮੈ ਕਰਮ ਕਮਾਇ॥ ਪੰਨਾ - 67*

ਹਉਮੈ ਵਿਚ ਜਦੋਂ ਕਰਮ ਕਰਦਾ ਹੈ, ਫੇਰ ਕੀ ਹੁੰਦਾ ਹੈ, ਜੰਮਦਾ-ਮਰਦਾ ਰਹਿੰਦਾ ਹੈ ਕਿਉਂਕਿ ਪੁੰਨ ਕਰਦਾ ਹੈ, ਪਾਪ ਕਰਦਾ ਹੈ, ਫੇਰ ਉਸ ਦਾ ਫਲ ਭੋਗਣ ਵਾਸਤੇ ਆਉਂਦਾ ਹੈ, ਪਾਪਾਂ ਦਾ ਫਲ ਭੋਗਣ ਵਾਸਤੇ ਆਉਂਦਾ ਹੈ, ਫੇਰ ਜੰਮਦਾ-ਮਰਦਾ ਹੈ।

*ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਵਉ॥ ਪੰਨਾ - 693*

ਜਿੰਨਾ ਚਿਰ ਮਾਇਆ ਹੈ ਓਨਾਂ ਚਿਰ ਤਾਂ ਨਹੀਂ ਛੁਟ ਸਕਦਾ -

*ਮਾਇਆ ਨਾਮੁ ਗਰਭ ਜੋਨਿ ਕਾ ਤਿਹ ਤਜਿ ਦਰਸਨੁ ਪਾਵਉ॥ ਪੰਨਾ - 693*

ਪਹਿਲਾਂ ਇਹ ਛਡਣੀ ਪੈਂਦੀ ਹੈ ਜਿਸ ਨੂੰ ego ਕਹਿੰਦੇ ਨੇ, ਹਉਮੈ ਕਹਿੰਦੇ ਨੇ। ਇਹ ਵਾਹਿਗੁਰੂ ਨੇ ਖੇਡ ਕਰੀ ਹੋਈ ਹੈ ਸਾਧ ਸੰਗਤ ਜੀ! ਜੇ ਤਾਂ ਐਨੀ ਕੁ ਗੱਲ ਇਥੇ ਹੀ ਮੰਨ ਲਈਏ ਤਾਂ ਮਾਇਆ ਦਾ ਖਹਿੜਾ ਸਾਥੋਂ ਹੁਣੇ ਛੁੱਟ ਜਾਂਦਾ ਹੈ ਕਿਉਂਕਿ ਵਾਹਿਗੁਰੂ ਨੇ ਐਡੀ ਵੱਡੀ ਚੀਜ਼ ਪਾ ਦਿਤੀ ਆਪਣੀ ਖੇਡ

ਦੇ ਅੰਦਰ ਤੇ -

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥***
***ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥ ਪੰਨਾ - 999***

ਨਾਲ ਹੀ ਹਉਮੈ ਪਾ ਦਿੱਤੀ ਤੇ ਜੰਮਣਾ-ਮਰਨਾ ਉਸੇ ਨੂੰ ਹੈ ਜਿਹੜਾ ਹਉਮੈ ਦੇ ਨਾਲ ਜੁੜਿਆ ਹੋਇਆ ਹੈ।

ਕਹਿੰਦੇ ਛੋਟਿਆਂ ਛੋਟਿਆਂ ਵਿਚ ਨਹੀਂ ਜਿਹੜਾ ਬੈਕੁੰਠ ਦਾ ਮਾਲਕ ਹੈ ਵਿਸ਼ਨੂੰ ਜੀ, ਸ਼ਿਵ ਜੀ ਲੋਕ ਦਾ ਮਾਲਕ ਸ਼ਿਵ ਜੀ, ਬ੍ਰਹਮ ਲੋਕ ਦਾ ਮਾਲਕ ਬ੍ਰਹਮਾ ਜੀ ਕਹਿੰਦੇ ਉਨ੍ਹਾਂ ਦੇ ਉਤੇ ਵੀ ਮਾਇਆ ਪਾਈ ਹੋਈ ਹੈ -

***ਬ੍ਰਹਮਾ ਬਿਸਨ ਮਹਾਦੇਉ ਤ੍ਰੈ ਗੁਣ ਰੋਗੀ***
***ਵਿਚਿ ਹਉਮੈ ਕਾਰ ਕਮਾਈ॥***
***ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ***
***ਹਰਿ ਗੁਰਮੁਖਿ ਸੋਝੀ ਪਾਈ॥ ਪੰਨਾ - 735***

ਇਹ ਤਾਂ ਕੇਵਲ ਗੁਰੂ ਹੀ ਹੈ ਜਿਹੜਾ ਸੋਝੀ ਪਾ ਸਕਦਾ ਹੈ। ਮਹਾਰਾਜ ਨੂੰ ਸਿੱਧਾਂ ਨੇ ਪੁਛਿਆ ਕਿ ਮਹਾਰਾਜ! ਸਾਨੂੰ ਤਾਂ ਸੰਸਾਰ ਦਿਸਦਾ ਹੈ ਤੇ ਤੁਸੀਂ ਕਹਿੰਦੇ ਹੋ ਇਹ ਰੱਬ ਹੈ ਤੇ ਫੇਰ ਸੰਸਾਰ ਕਿਵੇਂ ਬਣ ਗਿਆ ਇਹ ਰੱਬ ਤੋਂ। ਮਹਾਰਾਜ ਜੀ ਨੂੰ ਸਵਾਲ ਕਰਿਆ -

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਪੰਨਾ - 946***

ਮਹਾਰਾਜ ਕਹਿੰਦੇ -

***ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥ ਪੰਨਾ - 946***

ਹਉਮੈ ਵਿਚ ਆਹ ਸੰਸਾਰ ਦਿਸਦਾ ਹੈ, ਜਦੋਂ ਹਉਮੈ ਹਟ ਜਾਵੇ ਫੇਰ ਇਹ ਰੱਬ ਦਿਸਣ ਲੱਗ ਜਾਂਦਾ ਹੈ।

***ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ॥ ਪੰਨਾ - 946***

ਗੁਰੂ ਦੇ ਰਾਹੀਂ ਜੇ ਗੁਰੂ ਧਾਰਿਆ ਜਾਵੇ ਪੂਰਾ ਤੇ ਗੁਰੂ ਕਿਰਪਾ ਕਰ ਦੇਵੇ ਤੇ ਫੇਰ ਗਿਆਨ ਤੱਤ ਦੀ ਸੋਝੀ ਦੇਵੇ ਤੇ ਫੇਰ ਉਸ ਦੀ ਵਿਚਾਰ ਕਰੇ। ਨਾਮ ਦੇ ਵੀ ਦਰਜੇ ਨੇ ਸਾਧ ਸੰਗਤ ਜੀ! ਨਾਮ ਇਹੀ ਨਹੀਂ ਹੈ - ਜਿਹੜਾ ਨਾਮ ਅਸੀਂ ਪਹਿਲਾਂ ਜਪਦੇ ਹਾਂ, ਅੱਗੇ ਜਾ ਕੇ ਨਾਮ ਬਦਲ ਜਾਂਦਾ ਹੈ, ਨਾਮ ਕੁਝ ਹੋਰ ਹੀ ਬਣ ਜਾਂਦਾ ਹੈ। ਉਹ ਨਾਮੀ ਹੀ ਦਿਸਣ ਲੱਗ ਪੈਂਦਾ ਹੈ ਜਿਸ ਦਾ ਅਸੀਂ ਨਾਮ ਲੈਂਦੇ ਸੀ। ਸੋ ਗਿਆਨ ਦੇ ਤੱਤ ਦੀ ਵਿਚਾਰ ਸ਼ੁਰੂ ਹੋ ਜਾਂਦੀ ਹੈ -

***ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ॥ ਪੰਨਾ - 946***

ਇਹ ਜਿਹੜਾ ਸ਼ਬਦ ਸਾਨੂੰ ਪ੍ਰਾਪਤ ਹੁੰਦਾ ਹੈ ਨਾਮ ਜਪਣ ਤੋਂ ਬਾਅਦ ਉਹ ਸ਼ਬਦ ਜਿਸ ਨੂੰ 'ਓਅੰਕਾਰ' ਦਾ ਸ਼ਬਦ ਕਹਿੰਦੇ ਨੇ, ਉਹ ਸ਼ਬਦ ਜਦੋਂ ਸਾਨੂੰ ਪ੍ਰਾਪਤ ਹੋ ਜਾਂਦਾ ਹੈ, ਸਾਡੀ ਸੁਰਤੀ ਉਥੇ ਪਹੁੰਚ ਜਾਂਦੀ ਹੈ -

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥ ਪੰਨਾ - 879***

ਫੇਰ ਇਹ ਹਉਮੈ ਜਲ ਜਾਂਦੀ ਹੈ -

***ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ॥ ਪੰਨਾ - 946***

ਫੇਰ ਤਨ ਵੀ ਨਿਰਮਲ, ਮਨ ਵੀ ਨਿਰਮਲ ਤੇ ਫੇਰ ਜਿਹੜਾ ਕੁਝ ਦਿਸਦਾ ਹੈ ਉਹ ਵੀ ਨਿਰਮਲ। ਸੋ ਏਸ ਕਰਕੇ ਮਹਾਰਾਜ ਸਾਨੂੰ ਫੁਰਮਾਨ ਕਰਦੇ ਨੇ ਕਿ ਪ੍ਰੇਮੀਓ! ਉਚੇ ਉਠੋ-

***ਧਾਰਨਾ - ਮਨ ਭੋਲਿਆ ਹਉਮੈ ਸੁਰਤਿ ਵਿਸਾਰ -2, 2.***
***ਹਉਮੈ ਸੁਰਤਿ ਵਿਸਾਰ, -2, 2.***
***ਮਨ ਭੋਲਿਆ, ................ -2.***

***ਭੋਲਿਆ ਹਉਮੈ ਸੁਰਤਿ ਵਿਸਾਰਿ॥ ਪੰਨਾ - 1168***

ਦੋ ਕਿਸਮ ਦੀ ਸੁਰਤ ਹੈ। ਇਕ ਤਾਂ ਜਿਹੜੀ ਬੇਹੋਸ਼ੀ ਦੀ ਸੁਰਤ ਹੈ ਉਸ ਦੇ ਵਿਚ ਤਾਂ ਪਤਾ ਹੀ ਨਹੀਂ ਹੈ। ਆਪਣੇ ਸਿੰਘ, ਦਲਜੀਤ ਸਿੰਘ ਦਾ ਹਾਦਸਾ ਹੋ ਗਿਆ, ਹਸਪਤਾਲ P.G.I ਲੈ ਗਏ, 2 ਦਿਨ ਸੁਰਤ ਨਹੀਂ ਆਈ, ਤੀਸਰੇ ਦਿਨ ਆਈ। ਤੀਸਰੇ ਦਿਨ ਹੋਸ਼ ਜਿਹੜੇ ਸਾਹਮਣੇ ਖੜ੍ਹੇ ਸੀ, ਬੀਬੀ ਖੜ੍ਹੀ ਸੀ ਕਮਲ। ਉਸ ਨੂੰ ਪੁਛਿਆ ਕਿ ਇਹ ਕੌਣ ਹੈ, ਉਹ ਕਹਿੰਦਾ, ਇਹ ਤਾਂ ਮੇਰੀ ਭੈਣ ਖੜ੍ਹੀ ਹੈ। ਹੁਣ ਪਤਾ ਹੀ ਨਹੀਂ ਕਿ ਮੇਰੀ ਘਰਵਾਲੀ ਹੈ ਕਿਉਂਕਿ ਸੁਰਤ ਦੇ ਵਿਚ ਫਰਕ ਪੈ ਗਿਆ। ਦੂਜੇ ਨੂੰ ਪੁਛਦੇ ਨੇ ਕਿ ਇਹ ਕੌਣ ਨੇ ਤਾਂ ਹੋਰ ਹੀ ਨਾਂ ਲੈ ਦਿੰਦੇ ਨੇ। ਇਸੇ ਤਰ੍ਹਾਂ ਸੁਰਤ ਵਿਚ ਜਦੋਂ ਨੁਕਸ ਪੈ ਜਾਵੇ ਫੇਰ ਕੁਝ ਦਾ ਕੁਝ ਦਿਸਦਾ ਹੈ। ਅਸਲੀ ਚੀਜ਼ ਨਹੀਂ ਨਜ਼ਰ ਆਉਂਦੀ। ਮਹਾਰਾਜ ਕਹਿੰਦੇ, ਤੇਰੀ ਸੁਰਤ ਵਿਚ ਨੁਕਸ ਪੈ ਗਿਆ ਹਉਮੈ ਦਾ, ਮਾਇਆ ਦਾ, ਇਸ ਨੂੰ ਭੁਲ ਜਾਹ -

***ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ॥ ਪੰਨਾ - 1168***

ਤੂੰ ਇਸ ਹਉਮੈ ਨੂੰ ਮਾਰ, ਵਿਚਾਰ ਕਰ। ਕਹਿੰਦੇ ਕਹੀ ਤਾਂ ਜਾਂਦੇ ਨੇ ਸਾਰੇ ਕਿ ਇਥੇ ਰੱਬ ਹੈ, ਰੱਬ ਹੈ -

***ਏਕੋ ਏਕ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥ ਪੰਨਾ - 930***

ਲੇਕਿਨ ਹਉਮੈ ਵਿਚ ਹੋ ਕੇ ਕਹਿੰਦੇ ਨੇ ਕਿ ਇਥੇ ਰੱਬ ਹੈ, ਆਪਣੇ ਆਪ ਨੂੰ ਫੇਰ ਵੱਖਰਾ ਜਾਣਦੇ ਨੇ -

***ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥***
***ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥***
***ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥ ਪੰਨਾ - 930***

ਸੋ ਇਹ ਔਖੀਆਂ ਗੱਲਾਂ ਨੇ ਥੋੜੀਆਂ ਜਿਹੀਆਂ ਸਾਧ ਸੰਗਤ ਜੀ! ਸੋ ਅਸਲੀ ਗੱਲ ਮਹਾਰਾਜ ਕਹਿਣ ਲੱਗੇ, "ਭਾਈ ਲਹਿਣਾ! ਇਹ ਮਾਇਆ ਹੈ ਜਿਹੜੀ ਸਾਰੇ ਸੰਸਾਰ ਨੂੰ ਭੁਲਾਉਂਦੀ ਹੈ, ਇਹ ਆਈ ਸੀ, ਸਾਥੋਂ ਇਜਾਜ਼ਤ ਮੰਗਦੀ ਹੈ ਕਿ ਸੇਵਾ ਕਰਨ ਦੀ ਇਜਾਜ਼ਤ ਦੇ ਦਿਓ ਪਰ ਅਸੀਂ ਦਿੰਦੇ ਨਹੀਂ, ਅਸੀਂ 12 ਕੋਹ ਦੂਰ ਰੱਖੀ ਹੋਈ ਹੈ, ਤੈਥੋਂ ਇਹ 6 ਕੋਹ ਦੂਰ ਰਹੇਗੀ, ਤੀਸਰੇ ਸਰੂਪ ਤੋਂ 1 ਕੋਹ ਦੂਰ ਰਹੇਗੀ, ਚੌਥੇ ਵਿਚ ਇਸ ਨੇ ਅੰਦਰ ਵੜ ਜਾਣਾ ਹੈ, ਫੇਰ ਸੋਨੇ ਦੇ ਮੰਦਰ ਬਣਨਗੇ ਫੇਰ ਬਿਖੇੜਾ ਵੀ ਪੈ ਜਾਣਾ ਹੈ।"

ਸੋ ਇਸ ਤਰ੍ਹਾਂ ਦੇ ਨਾਲ ਕਹਿੰਦੇ ਅਸਲੀ ਗੱਲ ਤਾਂ ਇਹ ਹੈ ਕਿ ਇਥੇ ਵਾਹਿਗੁਰੂ ਤੋਂ ਬਿਨਾਂ ਹੋਰ ਹੈ ਨਹੀਂ। ਇਉਂ ਪੜ੍ਹ ਲਓ -

***ਧਾਰਨਾ - ਆਪੇ ਸਾਰਿਆਂ ਰੰਗਾਂ ਦੇ ਵਿਚ ਖੇਡਦੈ,***
***ਆਪੇ ਵੇਖਣਹਾਰਾ ਹੋ ਗਿਐ -2, 2.***
***ਪਿਆਰਿਓ! ਆਪੇ ਵੇਖਣਹਾਰਾ ਹੋ ਗਿਆ -2, 2.***
***ਆਪੇ ਸਾਰਿਆਂ ਰੰਗਾਂ ਦੇ ਵਿਚ ਖੇਡਦੈਂ,.. -2.***

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥ ਪੰਨਾ - 537***

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥* *ਪੰਨਾ - 463*

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥*
*ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥* *ਪੰਨਾ - 726*

ਆਪੇ ਹੀ ਇਹ ਸੰਸਾਰ ਬਣਿਆ ਹੋਇਆ ਹੈ। ਪਹਿਲਾਂ ਕੋਈ ਚੀਜ਼ ਨਹੀਂ ਸੀ ਨਾ ਮਾਇਆ ਸੀ ਨਾ ਚੰਦ, ਨਾ ਸੂਰਜ, ਨਾ ਧਰਤੀ, ਨਾ ਪਉਣ, ਨਾ ਪਾਣੀ, ਨਾ ਕੋਈ ਦੇਵੀ ਤੇ ਨਾ ਕੋਈ ਦੇਵਤਾ ਇਕੱਲਾ ਹੀ ਨਿਰੰਕਾਰ ਸੀ ਤੇ ਨਿਰੰਕਾਰ ਨੇ ਜਦੋਂ ਸਾਕਾਰ ਰੂਪ ਧਾਰਿਆ 'ਏਕੰਕਾਰ' ੧ੴ ਦਾ ਇਸੇ ਕਰਕੇ ਮਹਾਰਾਜ ਨੇ 'ਏਕਾ' ਪਹਿਲਾਂ ਲਿਖਿਆ। 'ਏਕੰਕਾਰ' ਸਰੂਪ ਬਣਿਆ।

*ਨਿਰੰਕਾਰੁ ਆਕਾਰੁ ਹੋਇ................॥* *ਭਾਈ ਗੁਰਦਾਸ ਜੀ ਵਾਰ 26/2*

ਤੇ ਉਸ ਵੇਲੇ ਜਦੋਂ ਆਕਾਰ ਕਰਿਆ -

*............... ਏਕੰਕਾਰੁ ਅਪਾਰੁ ਸਦਾਇਆ॥* *ਭਾਈ ਗੁਰਦਾਸ ਜੀ ਵਾਰ 26/2*

ਪਾਰਾਵਾਰ ਤੋਂ ਰਹਿਤ ਜਿਸ ਦੀ ਸਮਝ ਹੀ ਨਹੀਂ ਆ ਸਕਦੀ ਉਸ ਨੇ 'ਏਕੰਕਾਰ' ਕਹਾਇਆ ਆਪਣੇ-ਆਪ ਨੂੰ। ਏਕੰਕਾਰ ਹੋ ਕੇ ਉਨ੍ਹਾਂ ਨੇ ਫੁਰਨਾ ਕਰਿਆ -

ਏਕਹੁ ਬਹੁ ਸਿਆਮਾ ਅਰਥਾਤ ਇਕ ਤੋਂ ਮੈਂ ਬਹੁਤ ਹੋ ਜਾਵਾਂ -

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥* *ਪੰਨਾ - 3*

ਸ੍ਰਿਸ਼ਟੀ ਫੈਲ ਗਈ ਸਾਰੀ। ਕਿਹਾ ਕੀ? ਸਭ ਤੋਂ ਪਹਿਲੀ ਬੋਲੀ ਨਿਰੰਕਾਰ ਨੇ ਕਿਹੜੀ ਬੋਲੀ? ਕਹਿੰਦੇ ਇਕੋ ਅੱਖਰ ਬੋਲਿਆ ਨਿਰੰਕਾਰ ਨੇ। ਉਸ ਇਕ ਅੱਖਰ ਦੇ ਨਾਲ ਸਾਰੀ ਸ੍ਰਿਸ਼ਟੀ ਬਣਦੀ ਹੀ ਜਾ ਰਹੀ ਹੈ। ਗੁਰੂ ਦਸਵੇਂ ਪਾਤਿਸ਼ਾਹ ਕਹਿੰਦੇ ਸਾਰਿਆਂ ਤੋਂ ਪਹਿਲਾ ਅੱਖਰ ਜਿਹੜਾ ਨਿਰੰਕਾਰ ਨੇ ਬੋਲਿਆ, ਨਿਰੰਕਾਰ ਤੋਂ ਏਕੰਕਾਰ ਸਾਕਾਰ ਰੂਪ ਹੋ ਗਿਆ। ਇਕ ਅੱਖਰ ਉਸ ਨੇ ਬੋਲਿਆ ਗੁਰ ਦਸਵੇਂ ਪਾਤਿਸ਼ਾਹ ਕਹਿੰਦੇ -

*ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋਹ ਰਹਾ॥*

ਉਹ ਓਅੰਕਾਰ ਜਿਹੜਾ ਕਹਿ ਦਿੱਤਾ, ਆਹ ਜਿਹੜਾ ਮੈਂ ਬੋਲਦਾ ਹਾਂ ਇਹ ਵੀ ਨਹੀਂ ਮਰਦਾ, ਉਪਰ ਹੀ ਉਪਰ ਚਲਿਆ ਜਾਏਗਾ ਇਹ, ਕਦੇ ਨਹੀਂ ਮਰਦਾ, ਸ਼ਬਦ ਨਹੀਂ ਕਦੇ ਮਾਰਿਆ ਕਰਦਾ, ਸ਼ਬਦ ਅਮਰ ਹੈ। ਸੋ ਜਿਹੜਾ ਨਿਰੰਕਾਰ ਨੇ 'ਓਅੰਕਾਰ' ਕਹਿ ਦਿੱਤਾ ਉਹ ਕਿੰਨੇ ਹੀ ਖਰਬਾਂ ਮੀਲ ਇਕ ਸਕਿੰਟ ਵਿਚ ਗਿਆ, ਇਸ ਨੂੰ ਕੋਈ ਦੱਸ ਨਹੀਂ ਸਕਦਾ ਤੇ ਨਾਲ ਦੀ ਨਾਲ ਉਸ ਤੋਂ ਆਕਾਰ ਬਣਨੇ ਸ਼ੁਰੂ ਹੋ ਗਏ।

ਕਹਿੰਦੇ ਉਹ ਧੁਨ ਜਿਹੜੀ ਹੈ ਉਹ ਸਾਰੇ ਜਗਤ ਵਿਚ ਪੂਰੀ ਹੋਈ ਹੈ -

*ਸੁਅਸਤਿ ਆਥਿ ਬਾਣੀ ਬਰਮਾਉ॥*
*ਸਤਿ ਸੁਹਾਣੁ ਸਦਾ ਮਨਿ ਚਾਉ॥* *ਪੰਨਾ - 6*

ਉਹ ਧੁਨ ਸਾਡੇ ਅੰਦਰ ਵੀ ਹੈ, ਉਸ ਧੁਨ ਨੂੰ ਅਸੀਂ ਫੜਨਾ ਹੈ ਜਦੋਂ ਉਹ ਧੁਨ ਅਸੀਂ ਫੜ ਲੈਣੀ ਹੈ ਫੇਰ ਉਸ ਧੁਨ ਨੇ ਸਾਨੂੰ (ਏਕੰਕਾਰ) ਵਿਚ ਲੈ ਜਾਣਾ ਹੈ। ਏਕੰਕਾਰ ਵਿਚ ਕਿਉਂਕਿ ਸਾਰਾ ਉਸ ਨੇ ਪੈਦਾ ਕਰਿਆ ਹੈ ਕਿਤੋਂ ਕੋਈ ਚੀਜ਼ ਨਹੀਂ ਲਿਆਏ -

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥*

ਬੇਅੰਤ ਅਕਾਰ ਬਣ ਗਏ –

***ਓਅੰਕਾਰਿ ਬ੍ਰਹਮਾ ਉਤਪਤਿ॥*** ***ਪੰਨਾ – 929***

ਬ੍ਰਹਮਾ, ਸ਼ਿਵ ਜੀ, ਵਿਸ਼ਨੂੰ ਤੇ ਬਾਕੀ 33 ਕਰੋੜ ਦੇਵਤੇ 'ਓਅੰਕਾਰ' ਕਹਿੰਦੀ ਸਾਰ ਸਾਰੇ ਹੀ ਹੋ ਗਏ।

***ਓਅੰਕਾਰੁ ਕੀਆ ਜਿਨਿ ਚਿਤਿ॥*** ***ਪੰਨਾ – 929***

ਜਿਹੜੀ ਆਹ ਸਾਨੂੰ ਸਮਝ ਆਉਂਦੀ ਹੈ, ਕੋਈ ਚੂੰਢੀ ਵੱਡੇ ਤਾਂ ਸਾਨੂੰ ਪਤਾ ਲੱਗ ਜਾਂਦਾ ਹੈ। ਇਸ ਚਿਤ ਨੂੰ ਪਤਾ ਲਗਦਾ ਹੈ। ਕੋਈ ਗਾਲ੍ਹ ਕੱਢੇ ਤਾਂ ਸਾਨੂੰ ਪਤਾ ਲੱਗ ਜਾਂਦਾ ਹੈ, ਔਖੇ ਹੁੰਦੇ ਹਾਂ ਅਸੀਂ, ਇਸ ਨੂੰ ਚਿਤ ਕਹਿੰਦੇ ਨੇ। ਇਹ ਜਿਸ ਨੂੰ consciousness ਅੰਗਰੇਜ਼ੀ ਵਿਚ ਕਹਿੰਦੇ ਨੇ ਉਹ ਓਅੰਕਾਰ ਦੇ ਸ਼ਬਦ ਤੋਂ ਹੋਈ।

***ਓਅੰਕਾਰਿ ਸੈਲ ਜੁਗ ਭਏ॥*** ***ਪੰਨਾ – 929***

ਪੱਥਰ ਬਣ ਗਏ, time and space (ਸਮਾਂ ਅਤੇ ਪੁਲਾੜ (ਖਲਾਅ) ਬਣ ਗਈ।

***ਓਅੰਕਾਰਿ ਬੇਦ ਨਿਰਮਏ॥*** ***ਪੰਨਾ – 929***

ਸਾਰਾ ਗਿਆਨ ਆ ਗਿਆ ਕਹਿਣ ਨਾਲ –

ਓਅੰਕਾਰਿ ਆਦਿ ਗੁਰੂ॥ ਗੁਰੂ ਦਸਵੇਂ ਪਾਤਿਸ਼ਾਹ ਕਹਿੰਦੇ ਸਾਰਿਆਂ ਤੋਂ ਪਹਿਲਾਂ ਜਿਹੜਾ ਸਾਕਾਰ ਰੂਪ ਹੈ, ਜਿਹੜਾ ਸਾਡੇ ਅੰਦਰ ਵਾਹਿਗੁਰੂ ਰਹਿੰਦਾ ਹੈ, ਉਹ ਕਹਿੰਦੇ ਆਦਿ ਵਿਚ ਸੀ। ਈਸਾਈ ਵੀ ਇਹੀ ਕਹਿੰਦੇ ਨੇ Before the creation of the world there was logos (ਸ਼ਬਦ ਬ੍ਰਹਮ) (ਸ੍ਰਿਸ਼ਟੀ ਦੀ ਉਤਪਤੀ ਤੋਂ ਪਹਿਲਾਂ ਸ਼ਬਦ ਬ੍ਰਹਮ ਸੀ) ਮੁਸਲਮਾਨ ਕਹਿੰਦੇ ਨੇ 'ਕੁਨ ਕਹਿਨੇ ਸੇ ਕੀਆ ਆਲਮ ਬਰਪਾ' ਸਾਰਾ ਸੰਸਾਰ 'ਕੁਨ' ਕਹਿਣ ਦੇ ਨਾਲ ਪੈਦਾ ਹੋ ਗਿਆ। ਸਾਇੰਸ ਕਹਿੰਦੀ ਹੈ ਕਿ big bang (ਵੱਡਾ ਧਮਾਕਾ) ਹੋਇਆ ਉਸ ਤੋਂ ਸਾਰਾ ਪ੍ਰਕਾਸ਼, ਸਾਰਾ ਸੰਸਾਰ ਬਣ ਗਿਆ, ਸਾਰੀ ਪ੍ਰਾਕਿਰਤੀ ਬਣ ਗਈ ਉਸ ਤੋਂ। ਸੋ ਗੁਰੂ ਦਸਵੇਂ ਪਾਤਿਸ਼ਾਹ ਫੁਰਮਾਨ ਕਰਦੇ ਹਨ –

***ਓਅੰਕਾਰ ਆਦਿ ਕਥਨੀ ਅਨਾਦਿ॥***

ਕਹਿੰਦੇ ਪਹਿਲਾਂ ਤੋਂ ਹੀ ਇਹ ਗੱਲ ਸੁਣਦੇ ਹਾਂ ਕਿ ਓਅੰਕਾਰ ਸ਼ਬਦ ਸੀ।

***ਓਅੰਕਾਰ ਉਤਪਾਤੀ ਕੀਆ ਦਿਨਸ ਸਭ ਰਾਤੀ॥***
***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*** ***ਪੰਨਾ – 537***

ਗੁਰੂ ਮਿਲ ਜਾਵੇ ਤਾਂ ਇਹ ਧੁਨ ਅੰਦਰੋਂ ਲਭ ਜਾਂਦੀ ਹੈ –

ਸੋ ਇਸ ਤਰ੍ਹਾਂ ਗੁਰੂ ਅੰਗਦ ਸਾਹਿਬ ਨੂੰ ਗੁਰੂ ਨਾਨਕ ਪਾਤਿਸ਼ਾਹ ਕਹਿਣ ਲੱਗੇ, "ਭਾਈ ਲਹਿਣਾ, ਇਹ ਜਿਹੜੀ ਤੂੰ ਲੜਕੀ ਦੇਖੀ, ਇਹ ਲੜਕੀ ਨਹੀਂ ਹੈ ਇਹ ਤਾਂ ਛਲਵੀ ਹੈ, ਮਾਇਆ ਹੈ ਤ੍ਰਿਗੁਣੀ, ਇਸ ਨੇ ਸਾਰੇ ਸੰਸਾਰ ਨੂੰ, ਦੇਵੀਆਂ ਨੂੰ, ਦੇਵਤਿਆਂ ਨੂੰ, ਵੱਡੇ-ਵੱਡੇ ਤਪੀਆਂ ਨੂੰ, ਵੱਡੇ-ਵੱਡੇ ਦਾਨੀਆਂ ਨੂੰ, ਵੱਡੇ-ਵੱਡੇ ਵਿਦਵਾਨਾਂ ਨੂੰ ਸਭ ਨੂੰ ਮੋਹ ਲਿਆ ਤੇ ਇਸ ਤੋਂ ਕੋਈ ਨਹੀਂ ਬਚ ਸਕਿਆ ਹੈ। ਜੇ ਬਚਿਆ ਹੈ ਤਾਂ ਸਿਰਫ ਉਹ ਬਚਿਆ ਹੈ ਜਿਸ ਨੂੰ ਗੁਰੂ ਦੇ ਰਾਹੀਂ ਗਿਆਨ ਹੋ ਗਿਆ ਹੈ। ਗੁਰੂ ਨੇ ਜਿਸ ਦੇ ਨੇਤਰ ਖੋਲ੍ਹ ਦਿੱਤੇ ਉਸ ਨੂੰ ਫੇਰ ਸਾਰੀਆਂ ਘਟਾਂ ਦੇ ਵਿਚ ਇਕੋ ਹੀ ਨਜ਼ਰ ਆ ਜਾਂਦਾ ਹੈ ਤੇ ਇਸ ਤਰ੍ਹਾਂ ਦੇ ਨਾਲ ਫੇਰ ਉਸ ਦੇ ਮਨ ਦਾ ਭਾਵ ਵੀ ਐਸਾ ਹੋ ਜਾਂਦਾ ਹੈ –

***ਧਾਰਨਾ – ਤੂੰਹੀ ਤੂੰਹੀ ਮੋਹਿਨਾ, ਤੂੰਹੀ ਤੂੰਹੀ ਮੋਹਿਨਾ –2, 4.***

***ਗੁਰਹਿ ਦਿਖਾਇਓ ਲੋਇਨਾ॥***

***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥***
***ਪੰਨਾ - 407***

ਜਿਧਰ ਵੀ ਦੇਖਦਾ ਹਾਂ ਪ੍ਰਮੇਸ਼ਰ ਹੀ ਨਜ਼ਰ ਆਉਂਦਾ ਹੈ। ਸੋ ਗੁਰੂ ਨਾਨਕ ਪਾਤਿਸ਼ਾਹ ਕਹਿਣ ਲੱਗੇ, "ਭਾਈ ਲਹਿਣਾ! ਇਹ ਮਾਇਆ ਦੇ ਸਾਰੇ ਰੂਪ ਤੈਨੂੰ ਦੱਸ ਦਿੱਤੇ ਤੇ ਸਭ ਤੋਂ ਖਤਰਨਾਕ ਜਿਹੜਾ ਰੂਪ ਹੈ ਉਹ ਅਵਿਦਿਆ ਦਾ ਹੈ, ਅਗਿਆਨ ਦਾ, illusion (ਧੋਖਾ, ਭਰਮ) ਭਰਮ ਦਾ।

ਪੰਜ ਭਰਮ ਪਏ ਹੋਏ ਨੇ ਆਦਮੀ ਦੇ ਮਨ ਵਿਚ। ਸੋ ਇਸ ਤਰਾਂ ਦੇ ਨਾਲ ਆਪਨੇ ਮਾਇਆ ਦਾ ਵਿਸਥਾਰ ਕਰਕੇ ਦੱਸਿਆ। ਆਪ ਸਾਰਿਆਂ ਨੇ ਸਮਝਣ ਦਾ ਯਤਨ ਕਰਿਆ, ਬਹੁਤ ਔਖਾ ਵਿਸ਼ਾ ਹੈ ਇਹ ਰੂਹਾਨੀਅਤ ਦੇ ਅੰਦਰ ਮਾਇਆ ਦਾ ਤੇ ਹਉਮਾ ਦਾ ਜੇ ਇਹ ਬੁਝ ਜਾਵੇ -

***ਹਉਮੈ ਬੂਝੈ ਤਾ ਦਰੁ ਸੂਝੈ॥*** ***ਪੰਨਾ - 466***

ਫੇਰ ਦਰ ਲਭ ਜਾਂਦਾ ਹੈ ਵਾਹਿਗੁਰੂ ਦਾ ਜੇ ਹਉਮੈ ਨੂੰ ਬੁਝ ਲਏ ਕਿ ਇਹ ਚੀਜ਼ ਕੀ ਹੈ। ਹੁਣ ਸਾਰੇ ਪ੍ਰੇਮੀ ਜਿਹੜੇ ਅਜੇ ਤੱਕ ਨਹੀਂ ਬੋਲੇ ਉਹ ਵੀ ਭਾਈ ਆਪਣੀ ਰਸਨਾ ਪਵਿੱਤਰ ਕਰ ਲਓ -

-ਅਨੰਦ ਸਾਹਿਬ-

-ਗੁਰ ਸਤੋਤਰ-

-ਅਰਦਾਸ-

ਗੁਰੂ ਨਾਨਕ ਪਾਤਸ਼ਾਹ ਸੰਸਾਰ ਮੰਚ ਤੇ ਪ੍ਰਗਟ ਹੋਏ। ਆਪ ਨੇ ਇਕ ਬਹੁਤ ਅਤਿ ਮੁਸ਼ਕਲ ਸਿਧਾਂਤ ਜਿਸ ਨੂੰ ਨਾਮ ਸਿਧਾਂਤ ਕਿਹਾ ਜਾਂਦਾ ਸੀ ਪਰ ਇਸ ਸਿਧਾਂਤ ਦੀ ਪ੍ਰਾਪਤੀ ਪੂਰਨ ਸਤਿਗੁਰੂ ਤੋਂ ਬਗੈਰ ਪ੍ਰਾਪਤ ਨਹੀਂ ਹੋਇਆ ਕਰਦੀ ਪਰ ਜਦੋਂ ਕੋਈ ਪੂਰਨ ਸਤਿਗੁਰੂ ਦੇ ਚਰਨਾਂ ਵਿਚ ਪੂਰਾ ਜਗਿਆਸੂ ਆ ਜਾਂਦਾ ਹੈ ਤਾਂ ਉਹ ਇਸ ਦਾ ਭਾਈਵਾਲ ਬਣ ਜਾਇਆ ਕਰਦਾ ਹੈ। ਆਮ ਦੁਨੀਆਂ ਨੂੰ ਨਾ ਹੀ ਤਾਂ ਨਾਮ ਦਾ ਪਤਾ ਹੈ, ਨਾ ਨਾਮ ਪ੍ਰਾਪਤੀ ਦਾ ਪਤਾ ਹੈ ਉਹ ਤਾਂ ਕੇਵਲ ਕਿਸੇ ਖਾਸ ਸ਼ਬਦ ਨੂੰ ਬਾਰ-ਬਾਰ ਰਟਣ ਵਿਚ ਹੀ ਨਾਮ ਦੀ ਪ੍ਰਾਪਤੀ ਸਮਝਦੇ ਹਨ। ਇਹ ਅੰਧਕਾਰ ਕਿਸੇ ਪੂਰਨ ਮਹਾਂਪੁਰਸ਼ ਦੀ ਅਣਹੋਂਦ ਹੋਣ ਕਰਕੇ ਮਨ ਨੂੰ ਘੇਰੀ ਰਖਦਾ ਹੈ, ਜੇ ਕੋਈ ਇਸ ਸਰੀਰ ਰੂਪੀ ਘਰ ਵਿਚ ਵਾਹਿਗੁਰੂ ਦੇ ਘਰ ਨੂੰ ਦਿਖਾਉਣ ਵਾਲਾ ਮਿਲ ਜਾਵੇ ਤਾਂ ਉਹ ਇਸ ਅੰਧਕਾਰ ਨੂੰ ਦੂਰ ਕਰ ਦਿੰਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਸਾਧੂ, ਸੰਤਾਂ, ਰਿਸ਼ੀਆਂ-ਮੁਨੀਆਂ, ਸਿੱਧਾਂ, ਸਾਧਕਾਂ, ਪੀਰਾਂ 'ਚ ਜਾ ਕੇ ਸਪਸ਼ਟ ਕੀਤਾ ਕਿ ਕਲਜੁਗ ਵਿਚ ਕੇਵਲ ਨਾਮ ਸੁਖਾਲਾ ਹੈ ਜਿਸ ਦੇ ਬਾਰੇ ਭਾਈ ਗੁਰਦਾਸ ਜੀ ਆਪਣੀ ਰਚਨਾ ਵਿਚ ਫੁਰਮਾਨ ਕਰਦੇ ਹਨ -



ਸਬਦਿ ਜਿਤੀ ਸਿਧਿ
ਮੰਡਲੀ ਕੀਤੋਸੁ ਆਪਣਾ
ਪੰਥੁ ਨਿਰਾਲਾ।
ਕਲਿਜੁਗਿ ਨਾਨਕ ਨਾਮੁ
ਸੁਖਾਲਾ॥

ਭਾਈ ਗੁਰਦਾਸ ਜੀ, ਵਾਰ 1/31

ਸ੍ਰੀ ਮਾਨ ਸੰਤ ਬਾਬਾ ਹਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ